ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26,
ਸਾਲ (Year) 57
ਅੰਕ ਨੰਬਰ (Volume No.) 240
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Sunday, 31 August, 2025) ਐਤਵਾਰ, 31 ਅਗਸਤ, 2025, 16 ਭਾਦੋਂ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ


## ਪ੍ਰਧਾਨ ਮੰਤਰੀ ਨਰਿੰਦਰ ਮੋਦੀ ਚੀਨ ਪੁੱਜੇ

ਤਿਆਨਜਿਨ, 30 ਅਗਸਤ (ਚੜ੍ਹਦੀਕਲਾ ਬਿਊਰੋ): ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੱਤ ਸਾਲਾਂ ਤੋਂ ਵੱਧ ਸਮੇਂ ਦੇ ਵਕਫ਼ੇ ਤੋਂ ਬਾਅਦ ਅੱਜ ਚੀਨ ਪੁੱਜ ਗਏ ਹਨ। ਪ੍ਰਧਾਨ ਮੰਤਰੀ ਦੀ ਇਹ ਫੇਰੀ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਵਾਸ਼ਿੰਗਟਨ ਦੀਆਂ ਟੈਰਿਫ ਨੀਤੀਆਂ ਕਾਰਨ ਭਾਰਤ-ਅਮਰੀਕਾ ਸਬੰਧਾਂ ਵਿੱਚ ਅਚਾਨਕ ਗਿਰਾਵਟ ਆ ਗਈ ਹੈ। ਮੋਦੀ ਪਹਿਲੀ ਸਤੰਬਰ ਨੂੰ ਸ਼ੰਘਾਈ ਕੋਪਰੇਸ਼ਨ ਆਰਗੇਨਾਈਜੇਸ਼ਨ (ਐਸ.ਸੀ.ਓ.) ਦੇ ਸਾਲਾਨਾ ਸੰਮੇਲਨ ਵਿੱਚ ਸ਼ਾਮਲ ਹੋਣ ਲਈ ਚੀਨ ਆਏ ਹਨ। ਹਾਲਾਂਕਿ ਉਨ੍ਹਾਂ ਦੀ ਭਲਕੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਮੁਲਾਕਾਤ ਵਧੇਰੇ (ਬਾਕੀ ਸਫਾ 2 'ਤੇ)

# ਪੰਜਾਬ ਵਿੱਚ ਇਤਿਹਾਸ ਦਾ ਸਭ ਤੋਂ ਵੱਡਾ ਹੜ੍ਹ

**ਕੇਂਦਰ ਤੋਂ ਪੰਜਾਬ ਸਰਕਾਰ ਵੱਲੋਂ ਆਰਥਿਕ ਪੈਕੇਜ ਦੀ ਮੰਗ**

**ਘੱਗਰ ਨਦੀ ਵਿੱਚ ਪਾਣੀ ਵਧਣ ਕਰਕੇ ਲੋਕਾਂ 'ਚ ਸਹਿਮ ਦਾ ਮਾਹੌਲ**

**ਪ੍ਰਸ਼ਾਸਨ ਨੇ ਮੋਹਾਲੀ, ਪਟਿਆਲਾ, ਸੰਗਰੂਰ ਅਤੇ ਮਾਨਸਾ 'ਚ ਚੌਕਸੀ ਵਧਾਈ**

**ਪੀੜਤਾਂ ਲਈ ਅਰਦਾਸ ਕਰਦੇ ਭਾਵੁਕ ਹੋਏ ਗਿਆਨੀ ਰਘਬੀਰ ਸਿੰਘ**

ਚੜ੍ਹਦੀਕਲਾ ਬਿਊਰੋ/ਬਬਲੂ ਮਹਾਜਨ/ ਸੁਖਦੇਵ ਸਿੰਘ ਖ਼ਾਲਸਾ

================





ਚੰਡੀਗੜ੍ਹ/ਅੰਮ੍ਰਿਤਸਰ/ ਅਜਨਾਲਾ, 30 ਅਗਸਤ : ਪੰਜਾਬ ਵਿੱਚ ਹੜ੍ਹਾਂ ਨਾਲ ਪ੍ਰਭਾਵਿਤ ਜ਼ਿਲ੍ਹਿਆਂ ਦੀ ਗਿਣਤੀ 8 ਹੋ ਗਈ ਹੈ। ਇਹ ਇਤਿਹਾਸ ਦਾ ਸਭ ਤੋਂ ਵੱਡਾ ਹੜ੍ਹ ਹੈ। ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ, ਤਰਨਤਾਰਨ, ਕਪੂਰਥਲਾ, ਹੁਸ਼ਿਆਰਪੁਰ, ਫਿਰੋਜ਼ਪੁਰ ਅਤੇ ਫਾਜ਼ਿਲਕਾ ਹੁਣ ਤੱਕ ਇਸ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ।

ਹੜ੍ਹ ਵਿੱਚ ਸਭ ਤੋਂ ਵੱਧ ਪ੍ਰਭਾਵਿਤ ਇਲਾਕਾ ਅੰਮ੍ਰਿਤਸਰ ਦਾ ਅਜਨਾਲਾ ਹੈ। ਇੱਥੇ ਫਸਲਾਂ ਪੂਰੀ ਤਰ੍ਹਾਂ ਤਬਾਹ ਹੋ ਗਈਆਂ ਹਨ। ਇਲਾਕੇ ਦਾ ਜਾਇਜ਼ਾ ਲੈਣ ਪਹੁੰਚੇ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਲੋਕਾਂ ਦਾ ਹਾਲ ਪੁੱਛਿਆ। ਇੱਥੇ ਉਨ੍ਹਾਂ ਸਾਰਿਆਂ ਦੀ ਭਲਾਈ ਲਈ ਅਰਦਾਸ ਕੀਤੀ। ਅਰਦਾਸ ਕਰਦੇ ਹੋਏ ਗਿਆਨੀ ਰਘਬੀਰ ਸਿੰਘ ਫੁੱਟ-ਫੁੱਟ ਕੇ ਰੋ ਪਏ।

ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਦੀਆਂ ਪਹਾੜੀਆਂ ਵਿੱਚ ਪਿਛਲੇ ਕਈ ਦਿਨਾਂ ਤੋਂ ਪੈ ਰਹੇ ਮੀਂਹ ਕਰਕੇ ਪੰਜਾਬ ਦੇ ਅੱਠ ਜ਼ਿਲ੍ਹਿਆਂ ਵਿੱਚ ਹੜ੍ਹਾਂ ਨੇ ਤਬਾਹੀ ਮਚਾਈ ਹੋਈ ਹੈ। ਇਸ ਦੇ ਨਾਲ ਹੀ ਲੰਘੇ ਦਿਨ ਤੋਂ ਘੱਗਰ ਨਦੀ ਵਿੱਚ ਪਾਣੀ ਦਾ ਪੱਧਰ ਵਧਣ ਕਰਕੇ ਮੋਹਾਲੀ, ਪਟਿਆਲਾ, ਸੰਗਰੂਰ ਅਤੇ ਮਾਨਸਾ ਵਿੱਚ ਵੀ ਲੋਕ ਸਹਿਮੇ ਹੋਏ ਹਨ। ਇਨ੍ਹਾਂ ਚਾਰੇ ਜ਼ਿਲ੍ਹਿਆਂ ਵਿੱਚ ਸਥਾਨਕ ਪ੍ਰਸ਼ਾਸਨ ਵੱਲੋਂ ਘੱਗਰ ਨਦੀ 'ਤੇ ਹਰ ਸਮੇਂ ਨਜ਼ਰ ਰੱਖੀ ਜਾ ਰਹੀ ਹੈ। ਇਸ ਦੇ ਨਾਲ ਹੀ ਵੱਖ-ਵੱਖ ਥਾਵਾਂ 'ਤੇ ਲੋੜੀਂਦੀ ਸਫਾਈ ਵੀ ਕੀਤੀ ਜਾ ਰਹੀ ਹੈ।ਪਟਿਆਲਾ ਪ੍ਰਸ਼ਾਸਨ ਵੱਲੋਂ ਘੱਗਰ ਵਿੱਚ ਪਾਣੀ ਵਧਣ ਕਰਕੇ ਲੰਘੀ ਰਾਤ ਘੱਗਰ ਨੇੜਲੇ ਕੁਝ ਪਿੰਡਾਂ ਵਿੱਚ ਚੇਤਾਵਨੀ ਜਾਰੀ ਕਰਦਿਆਂ ਲੋਕਾਂ ਨੂੰ ਚੌਕਸ ਰਹਿਣ ਦੀ ਅਪੀਲ ਕੀਤੀ ਸੀ। ਡਿਪਟੀ ਕਮਿਸ਼ਨਰ ਪਟਿਆਲਾ ਡਾ. ਪ੍ਰੀਤੀ ਯਾਦਵ ਨੇ ਦੱਸਿਆ ਹੈ ਕਿ ਘੱਗਰ, ਟਾਂਗਰੀ, ਮਾਰਕੰਡਾ ਅਤੇ ਹੋਰ ਡਰੇਨਾਂ ਵਿੱਚ ਪਾਣੀ ਦੇ ਸੁਚਾਰੂ ਵਹਾਅ ਨੂੰ ਯਕੀਨੀ ਬਣਾਉਣ ਲਈ ਪ੍ਰਸ਼ਾਸਨ ਦੀਆਂ ਟੀਮਾਂ ਅਤੇ ਮਸ਼ੀਨਰੀ ਸਾਰੀਆਂ ਮਹੱਤਵਪੂਰਨ ਥਾਂਵਾਂ 'ਤੇ ਕੰਮ ਕਰ ਰਹੀਆਂ ਹਨ।

ਨਦੀਆਂ ਦੇ ਸਾਰੇ ਕਿਨਾਰਿਆਂ 'ਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ ਅਤੇ ਕੋਈ ਖ਼ਤਰੇ ਵਾਲੀ ਸਥਿਤੀ ਨਹੀਂ ਹੈ। ਉਨ੍ਹਾਂ ਲੋਕਾਂ ਨੂੰ ਪਾਣੀ ਦੇ ਵਧਦੇ ਪੱਧਰ ਕਾਰਨ ਚੌਕਸ ਅਤੇ ਜਲ ਸਰੋਤਾਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਹੈ। ਪ੍ਰਸ਼ਾਸਨ ਨੇ ਕਿਹਾ ਕਿ ਘਬਰਾਉਣ ਦੀ ਕੋਈ ਲੋੜ ਨਹੀਂ ਹੈ ਅਤੇ ਨਾਗਰਿਕਾਂ ਨੂੰ ਸਿਰਫ਼ ਅਧਿਕਾਰਤ ਚੇਤਾਵਨੀਆਂ ਦੀ ਪਾਲਣਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਕਿਸੇ ਵੀ ਜ਼ਰੂਰੀ ਸਥਿਤੀ ਦੀ ਸੂਰਤ ਵਿੱਚ, ਲੋਕ ਜ਼ਿਲ੍ਹਾ ਕੰਟਰੋਲ ਰੂਮ ਨਾਲ 0175-2350550, 0175-2358550 'ਤੇ ਸੰਪਰਕ ਕਰ ਸਕਦੇ ਹਨ।ਸਰਹੱਦੀ ਖੇਤਰ ਵਿੱਚ ਹੜ੍ਹਾਂ ਦੀ ਮਾਰ ਨੂੰ ਲੈ ਕੇ ਕਰੀਬ ਅੱਧੀ ਦਰਜਨ ਦੇ ਕਰੀਬ ਪੰਜਾਬ ਸਰਕਾਰ ਦੇ ਕੈਬਨਿਟ



ਮੰਤਰੀਆਂ ਵੱਲੋਂ ਇਨ੍ਹਾਂ ਖੇਤਰਾਂ ਦੇ ਦੌਰੇ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਤਰਨਪ੍ਰੀਤ ਸਿੰਘ ਸੌਂਦ ਇਲਾਕੇ 'ਚ ਵਿਚਰ ਰਹੇ ਹਨ। ਉਨ੍ਹਾਂ ਨੂੰ ਲੋਕਾਂ ਨੇ ਕਿਸ਼ਤੀਆਂ 'ਤੇ ਪਿਕਨਿਕ ਮਨਾਉਣ ਦੀ ਗੱਲ ਕਹਿ ਕੇ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਜੋ ਵੀ ਮੰਤਰੀ ਆ ਰਹੇ ਹਨ ਉਹ ਲੋਕਾਂ ਦੀਆਂ ਮੁਸ਼ਕਿਲਾਂ ਨਹੀਂ ਸੁਣਦੇ, ਸਿਰਫ ਸੱਤਾ ਧਿਰ ਦੇ ਕੁਝ ਹੀ ਆਗੂਆਂ ਨੂੰ ਨਾਲ ਲੈ ਕੇ ਕਿਸ਼ਤੀ 'ਤੇ ਸਫਰ ਕਰਦੇ ਹਨ। ਉਨ੍ਹਾਂ ਨਾਲ ਇੰਨੀ ਵੱਡੀ ਗਿਣਤੀ ਵਿੱਚ ਸੁਰੱਖਿਆ ਗਾਰਡ ਤਾਇਨਾਤ ਹੁੰਦੇ ਹਨ ਤੇ ਉਹ ਅਸਲ ਵਿਚ ਹੜ੍ਹ ਪੀੜਤਾਂ ਦੀ ਗੱਲ ਨਹੀਂ ਸੁਣਦੇ। ਇਸ ਤੋਂ ਬਾਅਦ ਕੈਬਨਿਟ ਮੰਤਰੀ ਸ੍ਰੀ ਸੌਂਦ ਫਾਜ਼ਿਲਕਾ ਦੇ ਡੀਸੀ ਕੰਪਲੈਕਸ ਵਿਖੇ ਪ੍ਰੈਸ ਕਾਨਫਰੰਸ ਲਈ ਪੁੱਜੇ। ਕਿਰਤ ਮੰਤਰੀ ਨੂੰ ਜਦੋਂ ਸਰਹੱਦੀ ਖੇਤਰ ਦੇ ਹੜ੍ਹ ਪੀੜਤ ਉਸਾਰੀ ਕਿਰਤੀਆਂ ਨੂੰ ਵਿਸ਼ੇਸ਼ ਸਹਾਇਤਾ ਦੇਣ ਬਾਰੇ ਸਵਾਲ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਸਿੱਧੇ ਤੌਰ 'ਤੇ ਸਵਾਲ ਤੋਂ ਟਾਲਾ ਵੱਟਦਿਆਂ ਕਿਹਾ ਕਿ ਇਸ ਸਬੰਧੀ ਬਾਅਦ ਵਿੱਚ ਵੱਖਰੀ ਪ੍ਰੈਸ ਕਾਨਫਰੰਸ ਕਰਕੇ ਗੱਲ ਕਰਾਂਗੇ। ਜਦੋਂ ਪੱਤਰਕਾਰਾਂ ਨੇ ਦਹਾਕਿਆਂ ਤੋਂ ਹੜ੍ਹਾਂ ਅਤੇ ਜੰਗ ਦੇ ਮਾਹੌਲ ਦਾ ਸੰਤਾਪ ਹੰਢਾ ਰਹੇ ਲੋਕਾਂ ਦੇ ਪੱਕੇ ਹੱਲ ਸਬੰਧੀ ਸਵਾਲ ਕੀਤਾ ਤਾਂ ਉਨ੍ਹਾਂ ਨੇ ਕੁਦਰਤ ਦਾ ਕਹਿਰ ਕਹਿ ਕੇ ਟਾਲਾ ਵੱਟਦਿਆਂ ਅਤੇ ਆਪਣੀ ਸਰਕਾਰ ਵੱਲੋਂ ਪੱਕਾ ਪ੍ਰਬੰਧ ਕਰਨ ਤੋਂ ਅਸਮਰੱਥਾ ਜ਼ਾਹਰ ਕੀਤੀ। ਜ਼ਮੀਨੀ ਪੱਧਰ ਤੱਕ ਲੋਕਾਂ ਨੂੰ ਰਾਸ਼ਨ, ਪਸ਼ੂਆਂ ਲਈ ਚਾਰਾ ਅਤੇ ਹੋਰ ਸਹੂਲਤ ਨਾ ਦਿੱਤੇ ਜਾਣ ਦੇ ਸਵਾਲ ਤੋਂ ਬਾਅਦ ਮੰਤਰੀ ਨੇ ਪੱਤਰਕਾਰਾਂ ਤੋਂ ਜਲਦੀ ਖਹਿੜਾ ਛੁਡਾਉਣਾ ਹੀ ਮੁਨਾਸਿਬ ਸਮਝਿਆ।

ਦਰਅਸਲ, ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ, ਜੋ ਕਿ ਅੰਮ੍ਰਿਤਸਰ ਦੇ ਅਜਨਾਲਾ ਵਿੱਚ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨ ਆਏ ਸਨ, ਸਥਿਤੀ ਦੇਖ ਕੇ ਭਾਵੁਕ ਹੋ ਗਏ ਜਿਸ ਤੋਂ ਬਾਅਦ ਮੌਕੇ 'ਤੇ ਮੌਜੂਦ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਸਾਡੇ ਬਜ਼ੁਰਗ ਹੋ, ਸਾਨੂੰ ਤੁਹਾਡੇ ਤੋਂ ਸ਼ਕਤੀ ਮਿਲਦੀ ਹੈ। ਧਾਲੀਵਾਲ ਨੇ ਉਨ੍ਹਾਂ ਨੂੰ ਦਿਲਾਸਾ ਦਿੱਤਾ ਅਤੇ ਭਰੋਸਾ ਦਿੱਤਾ ਕਿ ਇਸ ਮੁਸ਼ਕਿਲ ਸਮੇਂ ਵਿੱਚ ਪੀੜਤਾਂ ਦੀ ਮਦਦ ਲਈ ਸਾਰੇ ਇਕੱਠੇ ਹੋਣਗੇ। ਗਿਆਨੀ ਰਘੂਬੀਰ ਸਿੰਘ ਦੇ ਇਸ ਭਾਵੁਕ ਪਲ ਨੇ ਉੱਥੇ ਮੌਜੂਦ ਸਾਰੇ ਲੋਕਾਂ ਨੂੰ ਡੂੰਘਾ ਪ੍ਰਭਾਵਿਤ ਕੀਤਾ।


ਸਰਕਾਰੀ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਪੰਜਾਬ ਸਰਕਾਰ ਦੇ ਮੰਤਰੀ ਬਰਿੰਦਰ ਗੋਇਲ ਨੇ ਕਿਹਾ ਕਿ ਹੁਣ ਤੱਕ ਪੰਜਾਬ ਭਰ ਵਿੱਚ 11,330 ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਭੇਜਿਆ ਗਿਆ ਹੈ। ਹੁਣ ਪਟਿਆਲਾ ਅਤੇ ਮਾਨਸਾ ਵਿੱਚ ਵੀ ਪਾਣੀ ਦਾ ਪ੍ਰਭਾਵ ਦੇਖਣ ਨੂੰ ਮਿਲ ਰਿਹਾ ਹੈ। ਘੱਗਰ ਦਰਿਆ ਦੇ ਓਵਰਫਲੋਅ ਕਾਰਨ ਕਈ ਪਿੰਡਾਂ ਦੇ ਖੇਤ ਡੁੱਬ ਗਏ ਹਨ, ਜਦੋਂ ਕਿ ਸਤਲੁਜ ਅਤੇ ਰਾਵੀ ਵਿੱਚ ਪਾਣੀ ਦਾ ਪੱਧਰ ਲਗਾਤਾਰ ਵੱਧ ਰਿਹਾ ਹੈ।

## ਟਰੰਪ ਕੋਲ ਹਰ ਦੇਸ਼ 'ਤੇ ਵਿਆਪਕ ਟੈਕਸ ਲਾਉਣ ਦਾ ਅਧਿਕਾਰ ਨਹੀਂ: ਸੰਘੀ ਅਦਾਲਤ

**ਜੇ ਇਹ ਖ਼ਤਮ ਹੋਏ ਤਾਂ ਪੂਰੇ ਦੇਸ਼ ਲਈ ਤਬਾਹੀ ਹੋਵੇਗੀ: ਟਰੰਪ**

ਚੜ੍ਹਦੀਕਲਾ ਬਿਊਰੋ

================



ਵਾਸ਼ਿੰਗਟਨ, 30 ਅਗਸਤ: ਅਮਰੀਕਾ ਦੀ ਸੰਘੀ ਅਦਾਲਤ ਨੇ ਅਦਾਲਤ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਕੋਲ ਲਗਭਗ ਹਰ ਦੇਸ਼ 'ਤੇ ਵਿਆਪਕ ਟੈਕਸ ਲਗਾਉਣ ਦਾ ਕੋਈ ਕਾਨੂੰਨੀ ਅਧਿਕਾਰ ਨਹੀਂ ਸੀ। ਹਾਲਾਂਕਿ ਅਦਾਲਤ ਨੇ ਫਿਲਹਾਲ ਉਸ ਦੇ ਅਮਰੀਕੀ ਅਰਥਚਾਰੇ ਦੁਆਲੇ ਇੱਕ ਸੁਰੱਖਿਆਵਾਦੀ ਕੰਧ ਬਣਾਉਣ ਦੇ ਯਤਨ ਨੂੰ ਬਰਕਰਾਰ ਰੱਖਿਆ ਹੈ।

ਯੂ.ਐਸ. ਕੋਰਟ ਆਫ਼ ਅਪੀਲਜ਼ ਫਾਰ ਦ ਫੈਡਰਲ ਸਰਕਟ ਨੇ ਫੈਸਲਾ ਦਿੱਤਾ ਕਿ ਟਰੰਪ ਨੂੰ ਕੌਮੀ ਐਮਰਜੈਂਸੀ ਦਾ ਐਲਾਨ ਕਰਨ ਅਤੇ ਲਗਭਗ ਹਰ ਦੇਸ਼ 'ਤੇ ਦਰਾਮਦ ਟੈਕਸ ਲਗਾਉਣ ਦੀ ਕਾਨੂੰਨੀ ਇਜਾਜ਼ਤ ਨਹੀਂ ਸੀ। ਇਹ ਫੈਸਲਾ ਨਿਊਯਾਰਕ ਦੀ ਇੱਕ ਵਿਸ਼ੇਸ਼ ਫੈਡਰਲ ਵਪਾਰ ਅਦਾਲਤ ਦੇ ਮਈ ਦੇ ਫੈਸਲੇ ਨੂੰ ਬਰਕਰਾਰ ਰੱਖਦਾ ਹੈ।

ਪਰ ਉਨ੍ਹਾਂ ਨੇ ਤੁਰੰਤ ਟੈਰਿਫਾਂ ਨੂੰ ਖ਼ਤਮ ਨਹੀਂ ਕੀਤਾ, ਜਿਸ ਨਾਲ ਟਰੰਪ ਪ੍ਰਸ਼ਾਸਨ ਨੂੰ ਸੁਪਰੀਮ ਕੋਰਟ ਵਿੱਚ ਅਪੀਲ ਕਰਨ ਦਾ ਸਮਾਂ ਮਿਲ ਗਿਆ। ਵਾਈਟ ਹਾਊਸ ਦੇ ਬੁਲਾਰੇ ਕੁਸ਼ ਦੇਸਾਈ ਨੇ ਕਿਹਾ, "ਟਰੰਪ ਨੇ ਕਾਨੂੰਨੀ ਤੌਰ 'ਤੇ ਕੰਮ ਕੀਤਾ ਸੀ ਅਤੇ ਅਸੀਂ ਇਸ ਮਾਮਲੇ 'ਤੇ ਅੰਤਿਮ ਜਿੱਤ ਦੀ ਉਡੀਕ ਕਰ ਰਹੇ ਹਾਂ।" ਇਹ ਫੈਸਲਾ ਟਰੰਪ ਦੀਆਂ ਦਹਾਕਿਆਂ ਤੋਂ ਚੱਲ ਰਹੀਆਂ ਅਮਰੀਕੀ ਵਪਾਰ ਨੀਤੀਆਂ ਨੂੰ ਆਪਣੇ ਤੌਰ 'ਤੇ ਪੂਰੀ ਤਰ੍ਹਾਂ ਬਦਲਣ ਦੀਆਂ ਇੱਛਾਵਾਂ ਨੂੰ ਗੁੰਝਲਦਾਰ ਬਣਾਉਂਦਾ ਹੈ। ਟਰੰਪ ਕੋਲ ਦਰਮਾਦ ਟੈਕਸ ਲਗਾਉਣ ਲਈ ਬਦਲਵੇਂ ਕਾਨੂੰਨ ਹਨ, ਪਰ ਉਹ ਉਸ ਦੀ ਕਾਰਵਾਈ ਦੀ ਗਤੀ ਅਤੇ ਗੰਭੀਰਤਾ ਨੂੰ ਸੀਮਤ ਕਰਨਗੇ। ਟਰੰਪ ਵੱਲੋਂ ਲਾਏ ਟੈਕਸ ਅਤੇ ਇਸ ਨੂੰ ਲਾਗੂ ਕਰਨ ਦੇ ਤਰੀਕੇ ਨੇ ਵਿਸ਼ਵ ਬਾਜ਼ਾਰਾਂ ਨੂੰ ਹਿਲਾ ਦਿੱਤਾ ਹੈ, ਅਮਰੀਕਾ ਦੇ ਵਪਾਰਕ ਭਾਈਵਾਲਾਂ (ਬਾਕੀ ਸਫਾ 2 'ਤੇ)


## ਜੰਮੂ-ਕਸ਼ਮੀਰ 'ਚ ਬੱਦਲ ਫਟਣ ਤੇ ਢਿੱਗਾਂ ਡਿੱਗਣ ਕਾਰਨ 11 ਮੌਤਾਂ

ਰਾਮਬਨ/ਜੰਮੂ, 30 ਅਗਸਤ (ਚੜ੍ਹਦੀਕਲਾ ਬਿਊਰੋ): ਜੰਮੂ ਅਤੇ ਕਸ਼ਮੀਰ ਦੇ ਰਾਮਬਨ ਜ਼ਿਲ੍ਹੇ ਦੇ ਇੱਕ ਦੂਰ-ਦੁਰਾਡੇ ਪਿੰਡ ਵਿੱਚ ਬੱਦਲ ਫਟਣ ਕਾਰਨ ਦੋ ਭਰਾਵਾਂ ਸਮੇਤ ਚਾਰ ਲੋਕਾਂ ਦੀ ਮੌਤ ਹੋ ਗਈ। ਇਸ ਦੌਰਾਨ ਦੋ ਘਰਾਂ ਅਤੇ ਇੱਕ ਸਕੂਲ ਨੂੰ ਨੁਕਸਾਨ ਪਹੁੰਚਿਆ। ਅਧਿਕਾਰੀਆਂ ਨੇ ਦੱਸਿਆ ਕਿ ਸ਼ੁੱਕਰਵਾਰ ਨੂੰ ਰਾਤ ਲਗਭਗ 11.30 ਵਜੇ ਜ਼ਿਲ੍ਹਾ ਹੈੱਡਕੁਆਰਟਰ ਤੋਂ ਲਗਭਗ 25 ਕਿਲੋਮੀਟਰ ਦੂਰ ਸਥਿਤ ਪਹਾੜੀ ਰਾਜਗੜ੍ਹ ਵਿੱਚ ਬੱਦਲ ਫਟਣ ਨਾਲ ਅਚਾਨਕ ਹੜ੍ਹ ਆ ਗਿਆ।ਰਾਮਬਨ ਦੇ ਡਿਪਟੀ ਕਮਿਸ਼ਨਰ ਮੁਹੰਮਦ ਅਲੀਅਸ ਖਾਨ ਨੇ ਖ਼ਬਰ ਏਜੰਸੀ ਨੂੰ ਦੱਸਿਆ, 'ਸਥਾਨਕ ਵਲੰਟੀਅਰਾਂ, ਪੁਲਿਸ ਅਤੇ ਐੱਸਡੀਆਰਐੱਫ ਦੀਆਂ ਬਚਾਅ ਟੀਮਾਂ ਵੱਲੋਂ ਭਾਰੀ ਖੋਜ ਤੋਂ ਬਾਅਦ ਚਾਰ ਲੋਕਾਂ ਦੀਆਂ ਲਾਸ਼ਾਂ ਮਲਬੇ ਹੇਠੋਂ ਬਰਾਮਦ ਕੀਤੀਆਂ ਗਈਆਂ।' ਇੱਕ ਹੋਰ ਲਾਪਤਾ ਵਿਅਕਤੀ ਦੀ ਲਾਸ਼ ਦੀ ਭਾਲ ਜਾਰੀ ਹੈ। ਅਧਿਕਾਰੀਆਂ ਨੇ ਮ੍ਰਿਤਕਾਂ ਦੀ ਪਛਾਣ ਅਸ਼ਵਨੀ ਸ਼ਰਮਾ (24), ਉਸ ਦੇ ਭਰਾ ਦਵਾਰਕਾ ਨਾਥ (55), ਭਤੀਜੀ ਵਿਰਤਾ ਦੇਵੀ (26) ਅਤੇ ਉਨ੍ਹਾਂ ਦੇ ਮਹਿਮਾਨ ਓਮ ਰਾਜ (38), ਜੋ ਰਾਜਗੜ੍ਹ ਦੇ (ਬਾਕੀ ਸਫਾ 2 'ਤੇ)

## ਰੱਖਿਆ ਖੇਤਰ ਵਿੱਚ ਵਿਦੇਸ਼ੀ ਸਪਲਾਈ ਤੇ ਨਿਰਭਰ ਨਹੀਂ ਕਰ ਸਕਦੇ : ਰਾਜਨਾਥ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 30 ਅਗਸਤ: ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸ਼ਨੀਵਾਰ ਨੂੰ ਕਿਹਾ ਕਿ ਭਾਰਤ ਲਈ ਰੱਖਿਆ ਖੇਤਰ ਵਿੱਚ ਆਤਮਨਿਰਭਰ ਹੋਣਾ ਬਹੁਤ ਜ਼ਰੂਰੀ ਹੈ ਅਤੇ ਇਸ ਲਈ ਦੇਸ਼ ਕਿਸੇ ਵੀ ਵਿਦੇਸ਼ੀ ਸਪਲਾਈ 'ਤੇ ਨਿਰਭਰ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਸਰਕਾਰ ਪ੍ਰਸਤਾਵਿਤ ਹਵਾਈ ਸੁਰੱਖਿਆ ਪ੍ਰਣਾਲੀ 'ਸੁਦਰਸ਼ਨ ਚੱਕਰ' ਦੇ ਤਹਿਤ ਅਗਲੇ 10 ਸਾਲਾਂ ਵਿੱਚ ਦੇਸ਼ ਭਰ ਦੇ ਸਾਰੇ ਮਹੱਤਵਪੂਰਨ ਸਥਾਨਾਂ ਨੂੰ ਪੂਰੀ ਹਵਾਈ ਸੁਰੱਖਿਆ ਪ੍ਰਦਾਨ ਕਰਨ ਦੀ ਯੋਜਨਾ ਬਣਾ ਰਹੀ ਹੈ।

ਇਕ ਰੱਖਿਆ ਸੰਮੇਲਨ ਵਿੱਚ ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਕਿਹਾ ਕਿ ਇੱਕ ਸੁਰੱਖਿਆ ਪ੍ਰਣਾਲੀ ਤਿਆਰ ਕੀਤੀ ਜਾ ਰਹੀ ਹੈ ਜੋ ਦੁਸ਼ਮਣ ਦੁਆਰਾ ਕਿਸੇ ਵੀ ਹਮਲੇ ਦਾ ਬਚਾਅ ਕਰਨ ਅਤੇ ਜਵਾਬ ਦੇਣ ਦੇ ਸਮਰੱਥ ਹੋਵੇਗੀ। ਉਨ੍ਹਾਂ ਕਿਹਾ, 'ਜਿਵੇਂ ਕਿ ਅਸੀਂ 'ਆਪ੍ਰੇਸ਼ਨ ਸਿੰਦੂਰ' ਦੌਰਾਨ ਦੇਖਿਆ ਸੀ, ਅੱਜ ਦੀਆਂ ਲੜਾਈਆਂ ਵਿੱਚ ਹਵਾਈ ਸੁਰੱਖਿਆ ਦੀ ਮਹੱਤਤਾ ਬਹੁਤ ਵੱਧ ਗਈ ਹੈ।

ਅਜਿਹੀ ਸਥਿਤੀ ਵਿੱਚ 'ਸੁਦਰਸ਼ਨ ਚੱਕਰ ਮਿਸ਼ਨ' ਇੱਕ ਵੱਡਾ ਗੇਮ ਚੇਂਜਰ ਸਾਬਤ ਹੋਵੇਗਾ।' ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਆਜ਼ਾਦੀ ਦਿਵਸ ਭਾਸ਼ਣ ਵਿੱਚ ਇਸ ਮਹੱਤਵਾਕਾਂਖੀ ਹਵਾਈ ਰੱਖਿਆ ਪ੍ਰੋਜੈਕਟ ਦਾ ਐਲਾਨ ਕੀਤਾ ਸੀ। ਇਹ ਐਲਾਨ ਪਾਕਿਸਤਾਨੀ ਫੌਜ ਦੇ ਮੁਖੀ ਫੀਲਡ ਮਾਰਸ਼ਲ ਅਸੀਮ ਮੁਨੀਰ ਵੱਲੋਂ ਦੋਵਾਂ ਦੇਸ਼ਾਂ ਵਿਚਕਾਰ ਭਵਿੱਖ ਵਿੱਚ ਕਿਸੇ ਵੀ ਫੌਜੀ ਟਕਰਾਅ ਦੀ ਸਥਿਤੀ ਵਿੱਚ ਸਰਹੱਦ 'ਤੇ ਭਾਰਤੀ ਜਾਇਦਾਦਾਂ ਨੂੰ ਨਿਸ਼ਾਨਾ ਬਣਾਉਣ ਦੇ ਸੰਕੇਤ ਦੇਣ ਤੋਂ ਕੁਝ ਦਿਨ ਬਾਅਦ ਆਇਆ ਹੈ। ਸਿੰਘ ਨੇ ਕਿਹਾ ਕਿ ਬਦਲਦੀ ਵਿਸ਼ਵ ਸਥਿਤੀ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਰੱਖਿਆ ਖੇਤਰ ਵਿੱਚ ਵਿਦੇਸ਼ੀ ਦੇਸ਼ਾਂ 'ਤੇ ਨਿਰਭਰਤਾ ਹੁਣ ਕੋਈ ਵਿਕਲਪ ਨਹੀਂ ਹੈ। ਉਨ੍ਹਾਂ ਕਿਹਾ, 'ਅੱਜ ਦੀ ਸਥਿਤੀ ਵਿੱਚ, ਸਾਡੀ ਆਰਥਿਕਤਾ ਅਤੇ ਸੁਰੱਖਿਆ ਦੋਵਾਂ ਲਈ ਸਵੈ-ਨਿਰਭਰਤਾ ਜ਼ਰੂਰੀ ਹੈ।'

## ਸੂਬਾ ਸਰਕਾਰ ਨੇ 24 ਘੰਟਿਆਂ ਦੌਰਾਨ 4711 ਹੜ੍ਹ ਪੀੜਤ ਸੁਰੱਖਿਅਤ ਥਾਵਾਂ 'ਤੇ ਪਹੁੰਚਾਏ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 30 ਅਗਸਤ :ਪੰਜਾਬ ਸਰਕਾਰ ਦੀ ਮੁਸਤੈਦੀ ਅਤੇ ਸਰਗਰਮ ਭੂਮਿਕਾ ਸਦਕਾ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚੋਂ ਪਿਛਲੇ 24 ਘੰਟਿਆਂ ਦੌਰਾਨ ਕੁੱਲ 4711 ਲੋਕਾਂ ਨੂੰ ਬਾਹਰ ਕੱਢ ਕੇ ਸੁਰੱਖਿਅਤ ਥਾਵਾਂ ਉੱਤੇ ਪਹੁੰਚਾਇਆ ਗਿਆ ਹੈ। ਇਸ ਵਿੱਚ ਫਿਰੋਜ਼ਪੁਰ ਦੇ 812 ਬਾਸ਼ਿੰਦੇ, ਗੁਰਦਾਸਪੁਰ ਦੇ 2571, ਮੋਗਾ ਦੇ 4, ਤਰਨ ਤਾਰਨ ਦੇ 60, ਬਰਨਾਲਾ ਦੇ 25 ਅਤੇ ਫਾਜ਼ਿਲਕਾ ਦੇ 1239 ਵਾਸੀ ਸ਼ਾਮਿਲ ਹਨ।

ਵੱਖ-ਵੱਖ ਜ਼ਿਲ੍ਹਿਆਂ ਤੋਂ ਮਿਲੀਆਂ ਰਿਪੋਰਟਾਂ ਅਨੁਸਾਰ 9 ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਦੇ ਹੁਣ ਤੱਕ 11330 ਲੋਕਾਂ ਨੂੰ ਹੜ੍ਹ ਦੇ ਪਾਣੀ ਤੋਂ ਬਚਾਇਆ ਗਿਆ ਹੈ। ਇਨ੍ਹਾਂ ਵਿੱਚ ਫਿਰੋਜ਼ਪੁਰ ਦੇ 2819, ਹੁਸ਼ਿਆਰਪੁਰ ਦੇ 1052, ਕਪੂਰਥਲਾ ਦੇ 240, ਗੁਰਦਾਸਪੁਰ ਦੇ 4771, ਮੋਗਾ ਦੇ 24,

**ਐਨ.ਡੀ.ਆਰ.ਐਫ., ਐਸ.ਡੀ.ਆਰ.ਐਫ., ਪੰਜਾਬ ਪੁਲਿਸ ਅਤੇ ਫੌਜ ਦੀ ਸਰਗਰਮ ਭੂਮਿਕਾ**

ਪਠਾਨਕੋਟ ਦੇ 1100, ਤਰਨ ਤਾਰਨ ਦੇ 60, ਬਰਨਾਲਾ ਦੇ 25 ਅਤੇ ਫਾਜ਼ਿਲਕਾ ਦੇ 1239 ਬਾਸ਼ਿੰਦੇ ਸ਼ਾਮਿਲ ਹਨ।

ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਬਣਾਏ ਕੁੱਲ 87 ਰਾਹਤ ਕੈਂਪਾਂ ਵਿੱਚੋਂ ਇਸ ਵੇਲੇ 77 ਪੂਰੀ ਤਰ੍ਹਾਂ ਚੱਲ ਰਹੇ ਹਨ। ਇਨ੍ਹਾਂ ਕੈਂਪਾਂ ਵਿੱਚ ਕੁੱਲ 4729 ਲੋਕਾਂ ਨੇ ਬਸੇਰਾ ਕੀਤਾ ਹੋਇਆ ਹੈ। ਪ੍ਰਸ਼ਾਸਨ ਇਨ੍ਹਾਂ ਸਾਰੇ ਲੋਕਾਂ ਦਾ ਹਰ ਤਰ੍ਹਾਂ ਦਾ ਖਿਆਲ ਰੱਖ ਰਿਹਾ ਹੈ। ਕਪੂਰਥਲਾ ਵਿੱਚ ਬਣਾਏ 4 ਰਾਹਤ ਕੈਂਪਾਂ ਵਿੱਚ 110 ਲੋਕ ਰਹਿ ਰਹੇ ਹਨ। ਇਸੇ ਤਰ੍ਹਾਂ ਫਿਰੋਜ਼ਪੁਰ ਦੇ 8 ਰਾਹਤ ਕੈਂਪਾਂ ਵਿੱਚ 3450 ਲੋਕ ਅਤੇ ਹੁਸ਼ਿਆਰਪੁਰ ਦੇ 20 ਰਾਹਤ ਕੈਂਪਾਂ ਵਿੱਚ 478 ਲੋਕ ਰਹਿ ਰਹੇ ਹਨ। ਗੁਰਦਾਸਪੁਰ ਦੇ 22 ਰਾਹਤ ਕੈਂਪਾਂ ਵਿੱਚੋਂ 12 ਚੱਲ ਰਹੇ ਹਨ ਜਿੱਥੇ 255 ਲੋਕ ਰਹਿ ਰਹੇ ਹਨ। ਪਠਾਨਕੋਟ ਦੇ 14 ਰਾਹਤ ਕੈਂਪਾਂ ਵਿੱਚ 411 ਲੋਕ ਅਤੇ ਬਰਨਾਲਾ ਦੇ 1 ਰਾਹਤ ਕੈਂਪ ਵਿੱਚ 25 ਹੜ੍ਹ ਪ੍ਰਭਾਵਿਤ ਲੋਕ ਰਹਿ ਰਹੇ ਹਨ। ਫਾਜ਼ਿਲਕਾ ਵਿੱਚ ਵੀ 11, ਮੋਗਾ 'ਚ 5 ਅਤੇ ਅੰਮ੍ਰਿਤਸਰ ਵਿੱਚ 2 ਰਾਹਤ (ਬਾਕੀ ਸਫਾ 2 'ਤੇ)






## ਪੁਤਿਨ ਦਸੰਬਰ 'ਚ ਆਉਣਗੇ ਭਾਰਤ

ਨਵੀਂ ਦਿੱਲੀ, 30 ਅਗਸਤ (ਚੜ੍ਹਦੀਕਲਾ ਬਿਊਰੋ): ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਇਸ ਸਾਲ ਦਸੰਬਰ 'ਚ ਭਾਰਤ ਆਉਣਗੇ। ਰੂਸ ਦੇ ਰਾਸ਼ਟਰਪਤੀ ਦਫਤਰ ਕ੍ਰੇਮਲਿਨ ਵੱਲੋਂ ਇਸ ਦੀ ਪੁਸ਼ਟੀ ਕੀਤੀ ਗਈ। 2022 'ਚ ਯੂਕ੍ਰੇਨ-ਰੂਸ ਦਰਮਿਆਨ ਸ਼ੁਰੂ ਹੋਏ ਜੰਗ ਤੋਂ ਬਾਅਦ ਪੁਤਿਨ ਦਾ ਇਹ ਪਹਿਲਾ ਭਾਰਤ ਦੌਰਾ ਹੋਵੇਗਾ। ਇਹ ਦੌਰਾ ਅਜਿਹੇ ਸਮੇਂ ਹੋ ਰਿਹਾ ਹੈ ਜਦੋਂ ਭਾਰਤ ਅਤੇ ਰੂਸ ਆਪਣੇ ਆਪਸੀ ਸਬੰਧਾਂ ਨੂੰ ਮਜ਼ਬੂਤ ਬਣਾ ਰਹੇ ਹਨ। ਜਦਕਿ ਅਮਰੀਕਾ ਭਾਰਤ 'ਤੇ ਰੂਸ ਤੋਂ ਤੇਲ ਖਰੀਣ ਕਾਰਨ ਆਰਥਿਕ ਦਬਾਅ ਵਧਾ ਰਿਹਾ ਹੈ।

ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਪੁਤਿਨ ਸੋਮਵਾਰ ਨੂੰ ਚੀਨ 'ਚ ਹੋਣ ਵਾਲੀ ਐਸਸੀਓ ਸੰਮੇਲਨ ਦੌਰਾਨ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕਰਨਗੇ। ਇਸ ਦੌਰਾਨ ਉਨ੍ਹਾਂ ਦੀ ਭਾਰਤ ਯਾਤਰਾ ਦੀਆਂ ਤਿਆਰੀਆਂ 'ਤੇ ਵੀ ਚਰਚਾ ਹੋਵੇਗੀ।

ਰੂਸ ਵੱਲੋਂ ਇਹ ਐਲਾਨ ਉਸ ਸਮੇਂ ਕੀਤਾ ਗਿਆ ਹੈ ਜਦੋਂ ਅਮਰੀਕੀ ਰਾਸ਼ਟਰਪਤੀ ਨੇ ਭਾਰਤ ਦੇ ਨਿਰਯਾਤ 'ਤੇ ਕੁਲ 50% ਟੈਰਿਫ ਲਗਾਏ ਹਨ। ਇਸ 'ਚ 25% ਐਕਸਟਰਾ ਟੈਰਿਫ ਰੂਸ ਤੋਂ ਤੇਲ (ਬਾਕੀ ਸਫਾ 2 'ਤੇ)

## ਸਿੱਖ ਸਾਹਿਤਕਾਰ ਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਦਲਜੀਤ ਸਿੰਘ ਬੇਦੀ ਦਾ ਦੇਹਾਂਤ

**ਪਦਮਸ਼੍ਰੀ ਡਾ. ਜਗਜੀਤ ਸਿੰਘ ਦਰਦੀ ਵੱਲੋਂ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ**

ਗੁਰਦਿਆਲ ਸਿੰਘ

================



ਅੰਮ੍ਰਿਤਸਰ 30 ਅਗਸਤ : ਪ੍ਰਸਿੱਧ ਸਾਹਿਤਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਸਕੱਤਰ ਸ੍ਰ. ਦਲਜੀਤ ਸਿੰਘ ਬੇਦੀ ਅੱਜ ਸ਼ਾਮ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਲੰਬਾ ਸਮਾਂ ਸ਼੍ਰੋਮਣੀ ਕਮੇਟੀ ਵਿੱਚ ਪਬਲੀਸਿਟੀ ਇੰਚਾਰਜ ਵਜੋਂ ਸੇਵਾ ਨਿਭਾਈ ਅਤੇ ਬਾਅਦ ਵਿੱਚ ਉਹ ਸਕੱਤਰ ਸ਼੍ਰੋਮਣੀ ਕਮੇਟੀ ਰਹੇ। ਸੇਵਾ ਮੁਕਤੀ ਤੋਂ ਬਾਅਦ ਉਹ ਹੁਣ ਬੁੱਢਾ ਦਲ 96 ਕਰੋੜੀ ਦੇ ਮੁਖੀ ਬਾਬਾ ਬਲਬੀਰ ਸਿੰਘ ਦੇ ਡੇਰੇ ਬੁਰਜ ਅਕਾਲੀ ਫੂਲਾ ਸਿੰਘ ਵਿਖੇ ਬੁੱਢਾ ਦਲ ਦੇ ਸਕੱਤਰ ਦੇ ਅਹੁਦੇ 'ਤੇ ਸੇਵਾ ਨਿਭਾਅ ਰਹੇ ਸਨ।

ਅੱਜ ਅਚਾਨਕ ਉਨ੍ਹਾਂ ਨੂੰ ਦਿਲ ਸਬੰਧੀ ਤਕਲੀਫ ਹੋ ਗਈ ਜਿਸ ਤੋਂ ਬਾਅਦ ਉਨ੍ਹਾਂ ਨੂੰ ਇੱਕ ਨਿੱਜੀ ਹਸਪਤਾਲ ਵਿੱਚ ਇਲਾਜ ਲਈ ਦਾਖਲ ਕਰਵਾਇਆ ਗਿਆ। ਜਿੱਥੇ ਸ਼ਾਮ 6.30 ਵਜੇ ਉਨ੍ਹਾਂ ਆਖਰੀ ਸਾਹ ਲਿਆ ਤੇ ਇਸ ਦੁਨੀਆਂ ਨੂੰ ਅਲਵਿਦਾ ਆਖ ਗਏ। ਸ੍ਰ. ਬੇਦੀ ਨੇ ਜਿਥੇ ਪੱਤਰਕਾਰੀ ਖੇਤਰ ਵਿੱਚ ਵੀ ਨਾਮਣਾ ਖਟਿਆ, ਉਥੇ ਉਨ੍ਹਾਂ ਬਹੁਤ ਸਾਰੀਆਂ ਧਾਰਮਿਕ ਕਿਤਾਬਾਂ ਲਿਖੀਆਂ ਅਤੇ ਸੰਪਾਦਿਤ ਵੀ ਕੀਤੀਆਂ। ਸਿੱਖ ਧਰਮ ਬਾਰੇ ਉਨ੍ਹਾਂ ਦੇ ਬਹੁਤ ਹੀ ਜਾਣਕਾਰੀ ਭਰਪੂਰ ਲੇਖ ਨਾਮੀ ਪੰਜਾਬੀ ਅਖ਼ਬਾਰਾਂ ਵਿੱਚ ਛੱਪਦੇ ਰਹੇ ਹਨ।

'ਚੜ੍ਹਦੀਕਲਾ' ਦੇ ਚੇਅਰਮੈਨ ਪਦਮਸ਼੍ਰੀ ਡਾ. ਜਗਜੀਤ ਸਿੰਘ ਦਰਦੀ ਨੇ ਸ੍ਰ. ਬੇਦੀ ਨਾਲ ਆਪਣੇ ਪਰਿਵਾਰਕ ਸਬੰਧਾਂ ਬਾਰੇ ਦੱਸਦਿਆਂ ਕਿਹਾ ਕਿ ਸ੍ਰ. ਦਲਜੀਤ ਸਿੰਘ ਬੇਦੀ ਦੇ ਪਿਤਾ ਸ੍ਰ. ਲਾਲ ਸਿੰਘ ਸਾਹਿਤਕਾਰ ਇਕ ਦਰਵੇਸ਼ ਇਨਸਾਨ ਸਨ। ਉਨ੍ਹਾਂ ਵੱਲੋਂ ਵੀ ਸਿੱਖ ਧਰਮ ਨਾਲ ਸਬੰਧਿਤ ਬਹੁਤ ਸਾਰਾ ਸਾਹਿਤ ਰਚਿਆ ਗਿਆ। ਸ੍ਰ. ਦਰਦੀ ਨੇ ਸ੍ਰ. ਲਾਲ ਸਿੰਘ ਨਾਲ ਸਬੰਧਤ ਇੱਕ ਜਾਣਕਾਰੀ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਮੈਨੂੰ ਵਿਆਹ ਤੋਂ ਬਾਅਦ ਅਸੀਸ ਦਿੱਤੀ ਸੀ ਕਿ ਹੁਣ ਤੁਸੀਂ ਬਹੁਤ ਜ਼ਿਆਦਾ ਤਰੱਕੀ ਕਰੋਗੇ। ਉਨ੍ਹਾਂ ਦੇ ਅਕਾਲ ਚਲਾਣੇ ਕਾਰਨ ਪਰਿਵਾਰਕ ਮੈਂਬਰਾਂ, ਦੋਸਤਾਂ-ਮਿੱਤਰਾਂ ਅਤੇ ਪੱਤਰਕਾਰ ਭਾਈਚਾਰੇ ਵਿੱਚ ਸੋਗ ਦੀ ਲਹਿਰ ਫੈਲ ਗਈ। ਉਨ੍ਹਾਂ ਦਾ ਅੰਤਿਮ ਸਸਕਾਰ ਗੁਰਦੁਆਰਾ ਸ਼ਹੀਦਾਂ ਦੇ ਸ਼ਮਸ਼ਾਨ ਘਾਟ ਵਿੱਚ ਕੀਤਾ ਜਾਵੇਗਾ।

**ਚੰਦ ਭਾਨ ਮਾਮਲਾ**

## ਸੁਪਰੀਮ ਕੋਰਟ ਵੱਲੋਂ ਪੰਜਾਬ ਸਰਕਾਰ ਤੇ ਪੁਲਿਸ ਨੂੰ ਨੋਟਿਸ

ਫਰੀਦਕੋਟ, 30 ਅਗਸਤ (ਚੜ੍ਹਦੀਕਲਾ ਬਿਊਰੋ): ਚੰਦ ਭਾਨ ਕਾਂਡ ਦੇ ਕਥਿਤ ਮੁੱਖ ਮੁਲਜ਼ਮਾਂ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਅਗਾਊਂ ਜ਼ਮਾਨਤ ਦੇਣ ਦਾ ਮੁੱਦਾ ਸੁਪਰੀਮ ਕੋਰਟ ਪੁੱਜ ਗਿਆ ਹੈ। ਪੀੜਤ ਧਿਰ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੁਕਮ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੰਦਿਆਂ ਮੰਗ ਕੀਤੀ ਸੀ ਕਿ ਮੁਲਜ਼ਮਾਂ ਦੀ ਜ਼ਮਾਨਤ ਖਾਰਜ ਕੀਤੀ ਜਾਵੇ ਕਿਉਂਕਿ ਜ਼ਿਲ੍ਹਾ ਪੁਲਿਸ ਨੇ ਕਥਿਤ ਤੌਰ 'ਤੇ ਮੁਲਜ਼ਮਾਂ ਦੀ ਮਦਦ ਕੀਤੀ ਹੈ ਅਤੇ ਹਾਈਕੋਰਟ ਵਿੱਚ ਅਹਿਮ ਅਤੇ ਜ਼ਰੂਰੀ ਦਸਤਾਵੇਜ਼ ਪੇਸ਼ ਨਹੀਂ ਕੀਤੇ। ਸੁਪਰੀਮ ਕੋਰਟ ਦੇ ਜਸਟਿਸ ਸੰਜੇ ਕੁਮਾਰ ਅਤੇ ਸਤੀਸ਼ ਬਤਰਾ ਨੇ ਇਸ ਮਾਮਲੇ ਵਿੱਚ ਪੰਜਾਬ ਸਰਕਾਰ ਜ਼ਿਲ੍ਹਾ ਪੁਲਿਸ ਅਤੇ ਮੁਲਜ਼ਮਾਂ ਨੂੰ 24 ਸਤੰਬਰ ਲਈ ਨੋਟਿਸ ਜਾਰੀ ਕਰਕੇ ਪੇਸ਼ ਹੋਣ ਲਈ ਕਿਹਾ ਹੈ। ਸੁਪਰੀਮ ਕੋਰਟ ਨੇ ਆਪਣੇ ਹੁਕਮ ਵਿੱਚ ਮਦਈ ਧਿਰ ਨੂੰ ਅਦੇਸ਼ ਦਿੱਤੇ ਹਨ ਕਿ ਉਹ ਪੈਨ ਡਰਾਈਵ ਵੀ ਅਦਾਲਤ (ਬਾਕੀ ਸਫਾ 2 'ਤੇ)




# ਕੇਂਦਰ ਦੀ ਲਾਪਰਵਾਹੀ ਨੇ ਪੰਜਾਬ 37 ਸਾਲਾਂ ਦੇ ਸਭ ਤੋਂ ਭਿਆਨਕ ਹੜ੍ਹਾਂ ਨੂੰ ਹੋਰ ਵੀ ਬਦਤਰ ਬਣਾ ਦਿੱਤਾ: ਬਰਿੰਦਰ ਕੁਮਾਰ ਗੋਇਲ

## ਜੇਕਰ ਬੀ.ਬੀ.ਐਮ.ਬੀ ਨੇ ਜੂਨ ਵਿੱਚ ਸਮੇਂ ਸਿਰ ਪਾਣੀ ਛੱਡਿਆ ਹੁੰਦਾ ਤਾਂ ਹਾਲਾਤ ਕਾਫ਼ੀ ਹੱਦ ਤੱਕ ਕਾਬੂ ਕੀਤੇ ਜਾ ਸਕਦੇ ਸੀ: ਜਲ ਸਰੋਤ ਮੰਤਰੀ

ਚੰਡੀਗੜ੍ਹ, 30 ਅਗਸਤ (ਚ.ਨ.ਸ.) : ਪੰਜਾਬ ਦੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਕੇਂਦਰ 'ਤੇ ਵਰ੍ਹਦਿਆਂ ਪੰਜਾਬ 'ਚ ਪਿਛਲੇ 37 ਸਾਲਾਂ ਦੇ ਸਭ ਤੋਂ ਭਿਆਨਕ ਹੜ੍ਹਾਂ ਨੂੰ ਹੋਰ ਵੀ ਬਦਤਰ ਬਣਾਉਣ ਲਈ ਭਾਰਤ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ।

ਇੱਥੇ ਪੰਜਾਬ ਭਵਨ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਜੇਕਰ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ.ਬੀ.ਐਮ.ਬੀ) ਵੱਲੋਂ ਜੂਨ ਵਿੱਚ ਸਮੇਂ ਸਿਰ ਪਾਣੀ ਛੱਡਿਆ ਗਿਆ ਹੁੰਦਾ ਤਾਂ ਤਬਾਹੀ ਨੂੰ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਸੀ। ਕੈਬਨਿਟ ਮੰਤਰੀ ਨੇ ਇਸ ਗੱਲ 'ਤੇ ਵੀ ਅਫ਼ਸੋਸ ਪ੍ਰਗਟਾਇਆ ਕਿ ਪੰਜਾਬ 'ਚ ਲੱਖਾਂ ਦੀ ਆਬਾਦੀ ਹੜ੍ਹਾਂ ਤੋਂ ਪ੍ਰਭਾਵਿਤ ਹੋਣ ਦੇ ਬਾਵਜੂਦ ਪ੍ਰਧਾਨ ਮੰਤਰੀ ਵੱਲੋਂ ਸੂਬੇ ਨੂੰ ਕੋਈ ਸਹਾਇਤਾ ਦੇਣਾ ਤਾਂ ਦੂਰ ਦੀ ਗੱਲ, ਉਨ੍ਹਾਂ ਨੇ ਹਾਲੇ ਤੱਕ ਇਸ ਗੰਭੀਰ ਸਥਿਤੀ ਬਾਰੇ ਕੋਈ ਬਿਆਨ ਵੀ ਨਹੀਂ ਦਿੱਤਾ।

ਹਰਿਆਣਾ ਦੇ ਰਵੱਈਏ 'ਤੇ ਚਿੰਤਾ ਪ੍ਰਗਟ ਕਰਦਿਆਂ ਕੈਬਨਿਟ ਮੰਤਰੀ ਨੇ ਦੋਸ਼ ਲਗਾਇਆ ਕਿ ਜਿੱਥੇ ਇੱਕ ਪਾਸੇ ਹਰਿਆਣਾ ਪੱਤਰ ਭੇਜ ਕੇ ਮਦਦ ਦੀ ਪੇਸ਼ਕਸ਼ ਕਰ ਰਿਹਾ ਹੈ, ਉੱਥੇ ਦੂਜੇ ਪਾਸੇ ਉਸ ਨੇ ਇਹ ਵੀ ਲਿਖਿਆ ਹੈ ਕਿ ਇਸ ਮਾਨਸੂਨ ਦੌਰਾਨ ਹਰਿਆਣਾ ਦੇ 7,900 ਕਿਊਸਿਕ ਪਾਣੀ ਦੇ ਹਿੱਸੇ ਨੂੰ ਘਟਾ ਕੇ 6,250 ਕਿਊਸਿਕ ਕਰ ਦਿੱਤਾ ਜਾਵੇ, ਤਾਂ ਜੋ ਉਸ ਦੀ ਨਹਿਰੀ ਪ੍ਰਣਾਲੀ ਅਤੇ ਆਬਾਦੀ ਨੂੰ ਹੜ੍ਹਾਂ ਦੀ ਮਾਰ ਤੋਂ ਸੁਰੱਖਿਅਤ ਰੱਖਿਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਕਰਕੇ ਹਰਿਆਣਾ ਨੇ ਪੰਜਾਬ ਨੂੰ ਆਪਣੀ ਕਿਸਮਤ ਦੇ ਸਹਾਰੇ ਛੱਡ ਦਿੱਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਵਾਰ-ਵਾਰ ਬੇਨਤੀਆਂ ਦੇ ਬਾਵਜੂਦ ਬੀ.ਬੀ.ਐਮ.ਬੀ. ਜੂਨ ਮਹੀਨੇ ਵਿੱਚ ਡੈਮਾਂ ਤੋਂ ਲੋੜੀਂਦਾ ਪਾਣੀ ਛੱਡਣ ਵਿੱਚ ਅਸਫਲ ਰਿਹਾ ਹੈ। ਉਨ੍ਹਾਂ ਕਿਹਾ ਕਿ ਡੈਮਾਂ ਵਿੱਚੋਂ ਲੋੜੀਂਦਾ ਪਾਣੀ ਛੱਡਣ ਨਾਲ ਪੰਜਾਬ ਵਿੱਚ ਹੜ੍ਹਾਂ ਦੇ ਪ੍ਰਭਾਵ ਨੂੰ ਘਟਾਉਣ ਵਿੱਚ ਮੱਦਦ ਮਿਲ ਸਕਦੀ ਸੀ।

ਮੰਤਰੀ ਨੇ ਅੱਗੇ ਕਿਹਾ ਇੱਕ ਨਿੱਜੀ ਕੰਪਨੀ ਲੈਵਲ 19 ਬਿਜ਼ ਪ੍ਰਾਈਵੇਟ ਲਿਮਟਿਡ, ਜਿਸ ਨੇ ਸਾਲ 2024 ਵਿੱਚ ਮਾਧੋਪੁਰ ਹੈੱਡਵਰਕਸ ਦੇ ਗੇਟਾਂ ਦੀ ਢਾਂਚਾਗਤ ਸਮਰੱਥਾ ਦਾ ਮੁਲਾਂਕਣ ਕੀਤਾ ਸੀ, ਵੱਲੋਂ ਦਿੱਤੀ ਗਈ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਉਕਤ ਗੇਟ 6.25 ਲੱਖ ਕਿਊਸਿਕ ਪਾਣੀ ਦੇ ਪ੍ਰਬੰਧਨ ਵਿੱਚ ਸਮਰੱਥ ਹਨ, ਜੋ ਪੂਰੀ ਤਰ੍ਹਾਂ ਗ਼ਲਤ ਸਾਬਿਤ ਹੋਈ। ਉਨ੍ਹਾਂ ਕਿਹਾ ਕਿ ਹਾਲਾਂਕਿ ਉਕਤ ਗੇਟ ਪ੍ਰਮਾਣਿਤ ਸਮਰੱਥਾ ਦੇ ਅੱਧ ਦੇ ਪ੍ਰਬੰਧਨ ਵਿੱਚ ਵੀ ਅਸਫਲ ਰਹੇ, ਜਿਸ ਕਾਰਨ ਇਨ੍ਹਾਂ ਦੇ ਢਹਿ ਜਾਣ ਕਰਕੇ ਹੜ੍ਹਾਂ ਦੇ ਨਾਲ-ਨਾਲ ਵਿਭਾਗ ਦੇ ਇੱਕ ਕਰਮਚਾਰੀ ਦੀ ਦੁਖਦਾਈ ਮੌਤ ਵੀ ਹੋ ਗਈ। ਸ੍ਰੀ ਗੋਇਲ ਨੇ ਕਿਹਾ ਕਿ ਇਸ ਗੰਭੀਰ ਗ਼ਲਤੀ ਕਰਕੇ ਨਾ ਸਿਰਫ਼ ਵੱਡੀ ਲਾਪਰਵਾਹੀ ਸਾਹਮਣੇ ਆਈ ਬਲਕਿ ਇਸ ਨੇ ਸਥਿਤੀ ਨੂੰ ਹੋਰ ਵੀ ਵਿਗਾੜ ਦਿੱਤਾ। ਉਨ੍ਹਾਂ ਕਿਹਾ ਕਿ ਸਬੰਧਤ ਕੰਪਨੀ ਨੂੰ ਸਖ਼ਤ ਨੋਟਿਸ ਜਾਰੀ ਕੀਤਾ ਗਿਆ ਹੈ ਅਤੇ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।



ਪੰਜਾਬ ਦੇ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਵਿੱਚ ਭਾਰੀ ਬਾਰਿਸ਼ ਅਤੇ ਸੂਬੇ ਵੱਲੋਂ ਦਰਿਆਵਾਂ ਵਿੱਚ ਛੱਡੇ ਗਏ ਰੈਗੂਲੇਟਿਡ ਪਾਣੀ ਵਿੱਚ ਖੱਡਾਂ ਅਤੇ ਨਾਲਿਆਂ ਦਾ ਪਾਣੀ ਮਿਲਣ ਕਰਕੇ ਪੰਜਾਬ ਇਤਿਹਾਸ ਦੇ ਸਭ ਤੋਂ ਗੰਭੀਰ ਹੜ੍ਹਾਂ ਦਾ ਸਾਹਮਣਾ ਕਰ ਰਿਹਾ ਹੈ, ਜੋ 1988 ਦੇ ਭਿਆਨਕ ਹੜ੍ਹਾਂ ਨਾਲੋਂ ਕਿਤੇ ਜ਼ਿਆਦਾ ਨੁਕਸਾਨਦੇਹ ਹੈ। ਉਨ੍ਹਾਂ ਦੱਸਿਆ ਕਿ ਭਾਵੇਂ ਰਣਜੀਤ ਸਾਗਰ ਡੈਮ ਤੋਂ ਰਾਵੀ ਦਰਿਆ ਵਿੱਚ ਸਿਰਫ਼ 2.15 ਲੱਖ ਕਿਊਸਿਕ ਪਾਣੀ ਛੱਡਿਆ ਗਿਆ ਸੀ ਪਰ ਨਾਲ ਲੱਗਦੇ ਰਾਜਾਂ ਦੀਆਂ ਖੱਡਾਂ ਅਤੇ ਨਾਲਿਆਂ ਤੋਂ ਵਾਧੂ ਵਹਾਅ ਨੇ ਸਥਿਤੀ ਨੂੰ ਵਧੇਰੇ ਗੰਭੀਰ ਬਣਾ ਦਿੱਤਾ। ਉਨ੍ਹਾਂ ਕਿਹਾ ਕਿ ਖੱਡਾਂ ਅਤੇ ਨਾਲਿਆਂ 'ਚੋਂ ਹੜ੍ਹਾਂ ਦਾ ਪਾਣੀ ਦਰਿਆਵਾਂ ਦੇ ਰੈਗੂਲੇਟਿਡ ਪਾਣੀ ਵਿੱਚ ਰਲਣ ਕਰਕੇ ਪਾਣੀ ਦਾ ਲਗਾਤਾਰ ਵਹਾਅ ਕਾਫ਼ੀ ਵਧ ਗਿਆ, ਜਿਸ ਨੇ ਪਿਛਲੇ ਸਾਰੇ ਰਿਕਾਰਡਾਂ ਨੂੰ ਤੋੜਦਿਆਂ ਸੂਬੇ ਦੇ ਸੱਤ ਜ਼ਿਲ੍ਹਿਆਂ ਵਿੱਚ ਵੱਡਾ ਨੁਕਸਾਨ ਕੀਤਾ ਹੈ।

ਸ੍ਰੀ ਗੋਇਲ ਨੇ ਕਿਹਾ ਕਿ 1988 ਵਿੱਚ ਰਾਵੀ ਦਰਿਆ ਵਿੱਚ 11.20 ਲੱਖ ਕਿਊਸਿਕ ਪਾਣੀ ਸੀ, ਜਦੋਂ ਕਿ ਇਸ ਸਾਲ ਇਹ 14.11 ਲੱਖ ਕਿਊਸਿਕ ਤੱਕ ਪਹੁੰਚ ਗਿਆ ਹੈ। ਇਸ ਵਿੱਚ ਰਣਜੀਤ ਸਾਗਰ ਡੈਮ ਤੋਂ ਲੱਗਭੱਗ 2.15 ਲੱਖ ਕਿਊਸਿਕ ਪਾਣੀ ਛੱਡਿਆ ਗਿਆ ਸੀ ਜਦੋਂ ਕਿ ਬਾਕੀ ਵਹਾਅ ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ ਅਤੇ ਪੰਜਾਬ ਦੀਆਂ ਖੱਡਾਂ, ਨਾਲਿਆਂ ਅਤੇ ਕੈਚਮੈਂਟ ਖੇਤਰਾਂ ਤੋਂ ਆਇਆ। ਉਨ੍ਹਾਂ ਕਿਹਾ ਕਿ ਪਾਣੀ ਦੇ ਇਸ ਵਧੇ ਹੋਏ ਵਹਾਅ ਕਰਕੇ ਰਾਵੀ 'ਚ ਆਏ ਹੜ੍ਹਾਂ ਨੇ ਸਿੱਧੇ ਤੌਰ 'ਤੇ ਤਿੰਨ ਜ਼ਿਲ੍ਹਿਆਂ ਨੂੰ ਪ੍ਰਭਾਵਿਤ ਕੀਤਾ, ਜਦੋਂ ਕਿ ਬਿਆਸ ਅਤੇ ਸਤਲੁਜ ਦਰਿਆਵਾਂ ਤੋਂ ਆਏ ਹੜ੍ਹਾਂ ਕਾਰਨ ਚਾਰ ਹੋਰ ਜ਼ਿਲ੍ਹਿਆਂ ਪਾਣੀ ਦੀ ਮਾਰ ਹੇਠ ਆ ਗਏ, ਜਿਸ ਵਿੱਚ ਖੜ੍ਹੀਆਂ ਫਸਲਾਂ, ਪਸ਼ੂਆਂ ਅਤੇ ਲੋਕਾਂ ਦੇ ਘਰਾਂ ਦਾ ਭਾਰੀ ਨੁਕਸਾਨ ਹੋਇਆ।

ਰਾਹਤ ਅਤੇ ਬਚਾਅ ਕਾਰਜਾਂ 'ਤੇ ਚਾਨਣਾ ਪਾਉਂਦਿਆਂ ਕੈਬਨਿਟ ਮੰਤਰੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸਮੇਂ ਸਿਰ ਲੋਕਾਂ ਨੂੰ ਹੜ੍ਹਾਂ ਵਾਲੇ ਇਲਾਕੇ 'ਚੋਂ ਬਾਹਰ ਕੱਢਣਾ ਅਤੇ ਕੀਮਤੀ ਜਾਨਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ 11,330 ਤੋਂ ਵੱਧ ਲੋਕਾਂ ਨੂੰ ਬਚਾ ਕੇ ਸੂਬਾ ਸਰਕਾਰ ਵੱਲੋਂ ਸਥਾਪਿਤ ਕੀਤੇ ਗਏ 87 ਰਾਹਤ ਕੈਂਪਾਂ ਵਿੱਚ ਭੇਜਿਆ ਗਿਆ, ਜਿੱਥੇ ਉਨ੍ਹਾਂ ਨੂੰ ਭੋਜਨ, ਆਸਰਾ ਅਤੇ ਡਾਕਟਰੀ ਦੇਖਭਾਲ ਪ੍ਰਦਾਨ ਕੀਤੀ ਗਈ ਹੈ। ਐਨ.ਡੀ.ਆਰ.ਐਫ., ਐਸ.ਡੀ.ਆਰ.ਐਫ. ਅਤੇ ਫੌਜ ਦੀਆਂ ਟੀਮਾਂ ਦੀ ਸਹਾਇਤਾ ਨਾਲ ਲਗਭਗ 110 ਵਿਅਕਤੀਆਂ ਨੂੰ ਹੜ੍ਹ ਪ੍ਰਭਾਵਿਤ ਇਲਾਕਿਆਂ ਤੋਂ ਹਵਾਈ ਜਹਾਜ਼ ਰਾਹੀਂ ਬਾਹਰ ਕੱਢਿਆ ਗਿਆ। ਉਨ੍ਹਾਂ ਕਿਹਾ, ਪੰਜਾਬ ਸਰਕਾਰ ਦੀ ਪ੍ਰਮੁੱਖ ਤਰਜੀਹ ਹਰ ਜਾਨ ਨੂੰ ਬਚਾਉਣਾ ਹੈ। ਸੀਨੀਅਰ ਜ਼ਿਲ੍ਹਾ ਅਧਿਕਾਰੀਆਂ ਤੋਂ ਲੈ ਕੇ ਪਟਵਾਰੀਆਂ ਅਤੇ ਵਲੰਟੀਅਰਾਂ ਤੱਕ, ਸਰਕਾਰ ਦੀ ਹਰ ਸ਼ਾਖਾ ਨੇ ਲੋਕਾਂ ਦੀਆਂ ਜਾਨਾਂ ਬਚਾਉਣ ਲਈ ਜ਼ਮੀਨੀ ਪੱਧਰ 'ਤੇ ਸਰਗਰਮ ਭੂਮਿਕਾ ਨਿਭਾਈ।

ਜਲ ਸਰੋਤ ਮੰਤਰੀ ਨੇ ਇਹ ਵੀ ਸਪੱਸ਼ਟ ਕੀਤਾ ਕਿ ਪਸ਼ੂਆਂ ਨੂੰ ਵੱਡੇ ਪੱਧਰ 'ਤੇ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ। ਫਿਰੋਜ਼ਪੁਰ ਅਤੇ ਫਾਜ਼ਿਲਕਾ ਦੇ ਪ੍ਰਭਾਵਿਤ ਇਲਾਕਿਆਂ ਵਿੱਚ ਪਸ਼ੂਆਂ ਨੂੰ ਮਾਰਕੀਟ ਕਮੇਟੀ ਸ਼ੈੱਡਾਂ ਅਤੇ ਰਾਹਤ ਆਸਰਿਆਂ ਵਿੱਚ ਰੱਖਿਆ ਗਿਆ ਹੈ, ਜਿੱਥੇ ਸਰਕਾਰ ਅਤੇ ਸਮਾਜ ਸੇਵੀ ਸੰਗਠਨਾਂ ਵੱਲੋਂ ਵੱਡੀ ਮਾਤਰਾ ਵਿੱਚ ਚਾਰਾ ਸਪਲਾਈ ਕੀਤਾ ਗਿਆ ਹੈ। ਉਨ੍ਹਾਂ ਕਿਹਾ, ਸਾਡੀ ਸਰਕਾਰ ਵੱਲੋਂ ਪਸ਼ੂਆਂ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ, ਕਿਉਂਕਿ ਮਨੁੱਖਾਂ ਦੀ ਤਰ੍ਹਾਂ ਪਸ਼ੂ ਮੱਦਦ ਦੀ ਗੁਹਾਰ ਨਹੀਂ ਲਗਾ ਸਕਦੇ। ਅਸੀਂ ਇਹ ਯਕੀਨੀ ਬਣਾਇਆ ਕਿ ਕੋਈ ਵੀ ਜਾਨਵਰ ਅਣਗੌਲਿਆਂ ਨਾ ਰਹੇ।

ਵਿਰੋਧੀ ਧਿਰ ਦੇ ਬਿਆਨਾਂ ਦਾ ਜਵਾਬ ਦਿੰਦਿਆਂ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਇਹ ਦੋਸ਼ ਲਾਉਣ ਦਾ ਸਮਾਂ ਨਹੀਂ ਹੈ, ਬਲਕਿ ਮਿਲ ਕੇ ਸੂਬੇ ਲਈ ਕੰਮ ਕਰਨ ਦਾ ਸਮਾਂ ਹੈ। ਉਨ੍ਹਾਂ ਨੇ ਸਾਰੇ ਸਿਆਸੀ, ਸਮਾਜਿਕ ਅਤੇ ਧਾਰਮਿਕ ਆਗੂਆਂ ਨੂੰ ਪਾਰਟੀ ਹਿੱਤਾਂ ਤੋਂ ਉੱਪਰ ਉੱਠਣ ਅਤੇ ਰਾਹਤ ਕਾਰਜਾਂ ਵਿੱਚ ਪੂਰਾ ਸਹਿਯੋਗ ਦੇਣ ਦੀ ਅਪੀਲ ਕੀਤੀ। ਉਨ੍ਹਾਂ ਨੇ ਸੂਬਿਆਂ ਨੂੰ ਨੁਕਸਾਨ ਦਾ ਮੁਲਾਂਕਣ ਕਰਨ ਅਤੇ ਰਾਸ਼ਟਰੀ ਆਫ਼ਤ ਪੂਲ ਤੋਂ ਮੁਆਵਜ਼ਾ ਵੰਡਣ ਸਬੰਧੀ ਅਧਿਕਾਰ ਦੇਣ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ, ਕਿਉਂਕਿ ਸੂਬਾ ਹੀ ਹੋਏ ਨੁਕਸਾਨ ਦੀਆਂ ਜ਼ਮੀਨੀ ਹਕੀਕਤਾਂ ਤੋਂ ਕੇਂਦਰ ਦੇ ਮੁਕਾਬਲੇ ਵੱਧ ਜਾਣੂ ਹੁੰਦਾ ਹੈ। ਇਸ ਮੀਟਿੰਗ ਦੌਰਾਨ ਮੁੱਖ ਇੰਜੀਨੀਅਰ (ਹੈੱਡਕੁਆਰਟਰ) ਜਿਤੇਂਦਰ ਪਾਲ ਸਿੰਘ ਅਤੇ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

# ਕੈਪਟਨ ਵੱਲੋਂ ਪੰਜਾਬ 'ਚ ਹੜ੍ਹਾਂ ਦੇ ਮੱਦੇਨਜ਼ਰ ਮੋਦੀ ਤੋਂ ਵਿਸ਼ੇਸ਼ ਰਾਹਤ ਪੈਕੇਜ ਦੀ ਮੰਗ



ਚੰਡੀਗੜ੍ਹ, 30 ਅਗਸਤ (ਅੰਮ੍ਰਿਤਪਾਲ ਸਿੰਘ) : ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਕਿਹਾ ਕਿ ਭਿਆਨਕ ਹੜ੍ਹਾਂ ਨਾਲ ਪੂਰਾ ਪੰਜਾਬ ਬੁਰੀ ਤਰ੍ਹਾ ਪ੍ਰਭਾਵਿਤ ਹੈ, ਜਿਸ ਨਾਲ ਜਾਨ-ਮਾਲ, ਖੇਤੀਬਾੜੀ ਅਤੇ ਬੁਨਿਆਦੀ ਢਾਂਚੇ ਨੂੰ ਬਹੁਤ ਨੁਕਸਾਨ ਹੋਇਆ ਹੈ। ਭਾਵੇਂ ਕਿ ਲੱਗਭੱਗ ਪੰਜਾਬ ਦਾ ਹਰ ਖੇਤਰ ਪ੍ਰਭਾਵਿਤ ਹੋਇਆ ਹੈ, ਪਰ ਸਭ ਤੋਂ ਗੰਭੀਰ ਅਸਰ ਭੋਆ ਵਿਧਾਨ ਸਭਾ ਤੋਂ ਫਾਜ਼ਿਲਕਾ ਤੱਕ, ਕਪੂਰਥਲਾ ਜ਼ਿਲ੍ਹੇ, ਤਰਨਤਾਰਨ ਅਤੇ ਅੰਮ੍ਰਿਤਸਰ ਸਮੇਤ ਹੋਇਆ ਹੈ। ਜਿੱਥੇ ਹਜ਼ਾਰਾਂ ਏਕੜ ਫਸਲਾਂ ਤਬਾਹ ਹੋ ਗਈਆਂ ਹਨ, ਪਸ਼ੂ ਮਰ ਗਏ ਹਨ, ਅਤੇ ਪੇਂਡੂ ਪਰਿਵਾਰਾਂ ਨੂੰ ਆਪਣੀਆਂ ਥਾਵਾਂ ਛੱਡਣੀਆਂ ਪਈਆਂ ਹਨ।

ਕੈਪਟਨ ਅਮਰਿੰਦਰ ਸਿੰਘ ਨੇ ਹੜ੍ਹਾਂ ਕਾਰਨ ਪੰਜਾਬ 'ਚ ਹਾਲਾਤ ਬੇਹੱਦ ਚਿੰਤਾਜਨਕ ਬਣੇ ਹੋਣ ਕਾਰਨ ਬਚਾਅ ਅਤੇ ਰਾਹਤ ਕਾਰਜਾਂ ਲਈ ਫੌਜ, ਐਨ.ਡੀ.ਆਰ.ਐਫ. ਅਤੇ ਸੂਬਾ ਪ੍ਰਸ਼ਾਸਨ ਦੀਆਂ ਟੀਮਾਂ ਦੀ ਅਣਥੱਕ ਮਿਹਨਤ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਸਾਰੇ ਪੰਜਾਬੀਆਂ ਨੂੰ ਇਸ ਮੁਸ਼ਕਲ ਸਮੇਂ ਵਿੱਚ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਇੱਕਜੁੱਟ ਹੋਣ ਦੀ ਅਪੀਲ ਕੀਤੀ।

ਕੈਪਟਨ ਅਮਰਿੰਦਰ ਸਿੰਘ ਨੇ ਮਾਨਯੋਗ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਤੁਰੰਤ ਪੰਜਾਬ ਲਈ ਵਿਸ਼ੇਸ਼ ਰਾਹਤ ਪੈਕੇਜ ਦਾ ਐਲਾਨ ਕਰਨ ਅਤੇ ਚੱਲ ਰਹੇ ਬਚਾਅ ਅਤੇ ਮੁੜ ਵਸੇਬੇ ਦੇ ਕੰਮਾਂ ਵਿੱਚ ਸਹਾਇਤਾ ਲਈ ਕੇਂਦਰੀ ਫੌਜਾਂ ਭੇਜਣ ਦੀ ਅਪੀਲ ਕੀਤੀ।

ਕੈਪਟਨ ਅਮਰਿੰਦਰ ਨੇ ਕਿਹਾ, 'ਸਮੇਂ ਸਿਰ ਮੱਦਦ ਬਹੁਤ ਜ਼ਰੂਰੀ ਹੈ ਤਾਂ ਜੋ ਪ੍ਰਭਾਵਿਤ ਪਰਿਵਾਰ ਅਤੇ ਕਿਸਾਨ ਦੁੱਖ ਨਾ ਝੱਲਣ। ਪੰਜਾਬ ਦੀ ਅਰਥਵਿਵਸਥਾ, ਜੋ ਪਹਿਲਾਂ ਹੀ ਮੁਸ਼ਕਿਲ ਵਿੱਚ ਹੈ, ਕੇਂਦਰ ਦੀ ਤੁਰੰਤ ਮਦਦ ਤੋਂ ਬਿਨਾਂ ਇਸ ਤਬਾਹੀ ਦਾ ਸਾਹਮਣਾ ਨਹੀਂ ਕਰ ਸਕਦੀ।'

ਉਨ੍ਹਾਂ ਨੇ ਇਸ ਦੁੱਖ ਦੀ ਘੜੀ ਵਿੱਚ ਪੰਜਾਬ ਦੇ ਲੋਕਾਂ ਨਾਲ ਖੜ੍ਹੇ ਹੋਣ ਦੀ ਆਪਣੀ ਵਚਨਬੱਧਤਾ ਦੁਹਰਾਈ ਅਤੇ ਸਾਰੀਆਂ ਸਮਾਜਿਕ ਸੰਸਥਾਵਾਂ ਅਤੇ ਨਾਗਰਿਕਾਂ ਨੂੰ ਰਾਹਤ ਕਾਰਜਾਂ ਵਿੱਚ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ।

# ਆਬਕਾਰੀ ਅਤੇ ਕਰ ਵਿਭਾਗ ਦੇ ਕਰਮਚਾਰੀਆਂ ਵੱਲੋਂ ਹੜ੍ਹ ਪੀੜਤਾਂ ਲਈ ਮੁੱਖ ਮੰਤਰੀ ਰਾਹਤ ਫੰਡ ਵਿੱਚ ਇੱਕ ਦਿਨ ਦੀ ਤਨਖ਼ਾਹ ਦੇਣ ਦਾ ਫੈਸਲਾ

## ਵਿੱਤ ਮੰਤਰੀ ਚੀਮਾ ਨੇ ਵਿਭਾਗ ਦੇ ਉਪਰਾਲੇ ਦੀ ਕੀਤੀ ਸ਼ਲਾਘਾ

ਚੰਡੀਗੜ੍ਹ, 30 ਅਗਸਤ (ਚ.ਨ.ਸ.) : ਪੰਜਾਬ ਵਿੱਚ ਆਏ ਹੜ੍ਹਾਂ ਦੇ ਪੀੜਤਾਂ ਨਾਲ ਇੱਕਜੁੱਟਤਾ ਦਾ ਪ੍ਰਗਟਾਵਾ ਕਰਦੇ ਹੋਏ ਸੂਬੇ ਦੇ ਆਬਕਾਰੀ ਅਤੇ ਕਰ ਵਿਭਾਗ ਦੇ ਕਰਮਚਾਰੀਆਂ ਨੇ ਸਰਬਸੰਮਤੀ ਨਾਲ ਆਪਣੀ ਇੱਕ ਦਿਨ ਦੀ ਤਨਖਾਹ ਮੁੱਖ ਮੰਤਰੀ ਰਾਹਤ ਫੰਡ ਵਿੱਚ ਦੇਣ ਦਾ ਫੈਸਲਾ ਕੀਤਾ ਹੈ। ਸਵੈ-ਇੱਛਤ ਯੋਗਦਾਨ ਦਾ ਉਦੇਸ਼ ਰਾਜ ਭਰ ਵਿੱਚ ਰਾਹਤ ਅਤੇ ਪੁਨਰਵਾਸ ਯਤਨਾਂ ਲਈ ਵਿੱਤੀ ਸਹਾਇਤਾ ਅਤੇ ਯੋਗਦਾਨ ਪ੍ਰਦਾਨ ਕਰਨਾ ਹੈ।

ਇੱਥੇ ਜਾਰੀ ਪ੍ਰੈੱਸ ਬਿਆਨ ਵਿੱਚ ਇਹ ਖੁਲਾਸਾ ਕਰਦਿਆਂ ਆਬਕਾਰੀ ਅਤੇ ਕਰ ਵਿਭਾਗ ਦੇ ਸਰਕਾਰੀ ਬੁਲਾਰੇ ਨੇ ਕਿਹਾ ਕਿ ਇਹ ਫੈਸਲਾ ਵਿਭਾਗ ਦੇ ਸਾਰੇ ਪੱਧਰਾਂ ਦੇ ਕਰਮਚਾਰੀਆਂ ਦੁਆਰਾ ਵਿਨਾਸ਼ਕਾਰੀ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਦੀ ਮੱਦਦ ਕਰਨ ਲਈ ਸਾਂਝੀ ਵਚਨਬੱਧਤਾ ਤਹਿਤ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਫੰਡ ਸਿੱਧਾ ਮੁੱਖ ਮੰਤਰੀ ਰਾਹਤ ਫੰਡ ਵਿੱਚ ਜਮ੍ਹਾਂ ਕੀਤੇ ਜਾਣਗੇ, ਜਿਸਦੀ ਵਰਤੋਂ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਭੋਜਨ, ਡਾਕਟਰੀ ਸਹਾਇਤਾ ਅਤੇ ਹੋਰ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਲਈ ਕੀਤੀ ਜਾ ਰਹੀ ਹੈ।

ਬੁਲਾਰੇ ਨੇ ਅੱਗੇ ਕਿਹਾ ਕਿ ਸਾਡੇ ਸਾਥੀਆਂ ਨੇ ਸੰਕਟ ਦੇ ਇਸ ਸਮੇਂ ਵਿੱਚ ਆਪਣੇ ਸਾਥੀ ਨਾਗਰਿਕਾਂ ਦੀ ਮੱਦਦ ਕਰਨ ਲਈ ਇੱਕ ਮਜ਼ਬੂਤ ਫਰਜ਼ ਦੀ ਭਾਵਨਾ ਮਹਿਸੂਸ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਯੋਗਦਾਨ ਪੰਜਾਬ ਸਰਕਾਰ ਦੇ ਚੱਲ ਰਹੇ ਯਤਨਾਂ ਦਾ ਸਮਰਥਨ ਕਰਨ ਅਤੇ ਪੰਜਾਬ ਦੇ ਲੋਕਾਂ ਨੂੰ ਇਹ ਦੱਸਣ ਲਈ ਇੱਕ ਛੋਟਾ ਪਰ ਦਿਲੋਂ ਕੀਤਾ ਗਿਆ ਉਪਰਾਲਾ ਹੈ, ਕਿ ਅਸੀਂ ਉਨ੍ਹਾਂ ਦੇ ਨਾਲ ਖੜ੍ਹੇ ਹਾਂ।

ਆਬਕਾਰੀ ਅਤੇ ਕਰ ਵਿਭਾਗ ਦੀ ਪਹਿਲਕਦਮੀ ਦੀ ਸ਼ਲਾਘਾ ਕਰਦੇ ਹੋਏ, ਪੰਜਾਬ ਦੇ ਵਿੱਤ, ਯੋਜਨਾਬੰਦੀ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਹ ਪਹਿਲਕਦਮੀ ਹੋਰ ਸਰਕਾਰੀ ਵਿਭਾਗਾਂ ਅਤੇ ਸੰਗਠਨਾਂ ਨੂੰ ਅੱਗੇ ਆਉਣ ਅਤੇ ਰਾਹਤ ਫੰਡ ਵਿੱਚ ਯੋਗਦਾਨ ਪਾਉਣ ਲਈ ਉਤਸ਼ਾਹਿਤ ਕਰੇਗੀ। ਵਿੱਤ ਮੰਤਰੀ ਚੀਮਾ, ਜਿਨ੍ਹਾਂ ਵੱਲੋਂ ਪਹਿਲਾਂ ਹੀ ਆਪਣੇ ਕੈਬਨਿਟ ਸਾਥੀਆਂ ਨਾਲ ਮਿਲ ਕੇ ਇੱਕ ਮਹੀਨੇ ਦੀ ਤਨਖਾਹ ਦਾ ਯੋਗਦਾਨ ਪਾਇਆ ਗਿਆ ਹੈ, ਨੇ ਸੂਬੇ ਅਤੇ ਇਸਦੇ ਲੋਕਾਂ ਨੂੰ ਆਫ਼ਤ ਤੋਂ ਉਭਾਰਨ ਅਤੇ ਮੁੜ ਨਿਰਮਾਣ ਲਈ ਸਮੂਹਿਕ ਯਤਨਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

### ਪੰਜਾਬ ਦੇ ਆਈ.ਏ.ਐਸ. ਅਤੇ ਪੀ.ਸੀ.ਐਸ. ਅਧਿਕਾਰੀ ਹੜ੍ਹ ਰਾਹਤ ਕਾਰਜਾਂ ਲਈ ਇੱਕ ਦਿਨ ਦੀ ਤਨਖਾਹ ਦੇਣਗੇ

ਚੰਡੀਗੜ੍ਹ, 30 ਅਗਸਤ (ਚ.ਨ.ਸ.) : ਪੰਜਾਬ ਦੇ ਆਈਏਐਸ ਆਫ਼ਿਸਰਜ਼ ਐਸੋਸੀਏਸ਼ਨ ਅਤੇ ਪੰਜਾਬ ਸਿਵਲ ਸਰਵਿਸ ਆਫ਼ਿਸਰਜ਼ ਐਸੋਸੀਏਸ਼ਨ ਨੇ ਸੂਬੇ 'ਚ ਆਏ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਨਾਲ ਇੱਕਜੁੱਟਤਾ ਦਿਖਾਈ ਹੈ।

ਦੋਵੇਂ ਐਸੋਸੀਏਸ਼ਨਾਂ ਵੱਲੋਂ ਹੜ੍ਹਾਂ ਸਬੰਧੀ ਚੱਲ ਰਹੇ ਰਾਹਤ ਅਤੇ ਮੁੜ ਵਸੇਬਾ ਯਤਨਾਂ ਵਿੱਚ ਸਹਾਇਤਾ ਵੱਜੋਂ ਮੁੱਖ ਮੰਤਰੀ ਰਾਹਤ ਫੰਡ ਵਿੱਚ ਆਪਣੀ ਇੱਕ ਦਿਨ ਦੀ ਤਨਖਾਹ ਦੇਣ ਦਾ ਫੈਸਲਾ ਲਿਆ ਗਿਆ ਹੈ।

ਪੰਜਾਬ ਦੇ ਲੋਕਾਂ ਦੀ ਭਲਾਈ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਦੋਵੇਂ ਐਸੋਸੀਏਸ਼ਨਾਂ ਨੇ ਕਿਹਾ ਕਿ ਅਸੀਂ ਪੰਜਾਬ ਦੇ ਮੁੱਖ ਮੰਤਰੀ ਦੀ ਅਗਵਾਈ ਹੇਠ ਸਮਰਪਣ ਅਤੇ ਇਮਾਨਦਾਰੀ ਨਾਲ ਪੰਜਾਬ ਦੇ ਲੋਕਾਂ ਦੀ ਸੇਵਾ ਵਿੱਚ ਸਦਾ ਹਾਜ਼ਰ ਰਹਾਂਗੇ।

ਬਿਹਾਰ ਐਸ.ਆਈ.ਆਰ.

# ਵੋਟਰ ਸੂਚੀ 'ਚੋਂ ਨਾਂ ਕਟਵਾਉਣ ਲਈ ਦੋ ਲੱਖ ਲੋਕਾਂ ਨੇ ਦਿੱਤੀਆਂ ਅਰਜ਼ੀਆਂ



ਨਵੀਂ ਦਿੱਲੀ, 30 ਅਗਸਤ (ਚ.ਨ.ਸ.) : ਚੋਣ ਕਮਿਸ਼ਨ ਨੇ ਅੱਜ ਇੱਥੇ ਦੱਸਿਆ ਕਿ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੋਧ ਤਹਿਤ ਵੋਟਰ ਸੂਚੀ ਵਿੱਚੋਂ ਨਾਮ ਕਟਵਾਉਣ ਲਈ ਵਿਅਕਤੀਆਂ ਤੋਂ 1.98 ਲੱਖ ਅਰਜ਼ੀਆਂ ਪ੍ਰਾਪਤ ਹੋਈਆਂ ਹਨ। ਇਸੇ ਤਰ੍ਹਾਂ ਵੋਟਰ ਸੂਚੀ ਵਿੱਚ ਨਾਮ ਦਰਜ ਕਰਵਾਉਣ ਲਈ ਕਰੀਬ 30,000 ਲੋਕਾਂ ਨੇ ਅਰਜ਼ੀਆਂ ਦਿੱਤੀਆਂ ਹਨ।

ਖਰੜਾ ਵੋਟਰ ਸੂਚੀਆਂ 1 ਅਗਸਤ ਨੂੰ ਪ੍ਰਕਾਸ਼ਿਤ ਕੀਤੀਆਂ ਗਈਆਂ ਸਨ ਅਤੇ ਵਿਅਕਤੀਆਂ ਅਤੇ ਸਿਆਸੀ ਪਾਰਟੀਆਂ ਵੱਲੋਂ 1 ਸਤੰਬਰ ਤੱਕ 'ਦਾਅਵੇ ਅਤੇ ਇਤਰਾਜ਼' ਦਰਜ ਕਰਵਾਏ ਜਾ ਸਕਦੇ ਹਨ। ਚੋਣ ਕਾਨੂੰਨਾਂ ਤਹਿਤ ਲੋਕਾਂ ਅਤੇ ਪਾਰਟੀਆਂ ਨੂੰ ਖਰੜਾ ਸੂਚੀ ਵਿੱਚ ਉਨ੍ਹਾਂ ਨਾਵਾਂ ਨੂੰ ਸ਼ਾਮਲ ਕਰਨ ਨੂੰ ਚੁਣੌਤੀ ਦੇਣ ਦਾ ਅਧਿਕਾਰ ਹੈ, ਜੋ ਉਹ ਸੋਚਦੇ ਹਨ ਕਿ ਅਯੋਗ ਹਨ। ਇਸੇ ਤਰ੍ਹਾਂ ਉਹ ਲੋਕ ਵੀ ਸ਼ਾਮਲ ਕਰਨ ਦੀ ਮੰਗ ਕਰ ਸਕਦੇ ਹਨ, ਜੋ ਸੋਚਦੇ ਹਨ ਕਿ ਉਹ ਯੋਗ ਹਨ ਪਰ ਬਾਹਰ ਰਹਿ ਗਏ ਹਨ। ਬਿਹਾਰ ਲਈ ਅੰਤਿਮ ਵੋਟਰ ਸੂਚੀ, ਜਿਸ ਵਿੱਚ ਨਵੰਬਰ ਵਿੱਚ ਚੋਣਾਂ ਹੋਣ ਦੀ ਸੰਭਾਵਨਾ ਹੈ, 30 ਸਤੰਬਰ ਨੂੰ ਪ੍ਰਕਾਸ਼ਿਤ ਕੀਤੀ ਜਾਵੇਗੀ। ਚੋਣ ਕਮਿਸ਼ਨ ਮੁਤਾਬਕ ਸੂਬੇ ਦੇ 7.24 ਕਰੋੜ ਵੋਟਰਾਂ ਵਿੱਚੋਂ 99.11 ਫ਼ੀਸਦੀ ਨੇ ਹੁਣ ਤੱਕ ਤਸਦੀਕ ਲਈ ਆਪਣੇ ਦਸਤਾਵੇਜ਼ ਜਮ੍ਹਾਂ ਕਰਵਾ ਦਿੱਤੇ ਹਨ।

# ਪਹਿਲੇ ਸਫ਼ੇ ਦੀ ਬਾਕੀ

### ਪ੍ਰਧਾਨ ਮੰਤਰੀ ਨਰਿੰਦਰ ਮੋਦੀ

ਮਹੱਤਵ ਰੱਖਦੀ ਹੈ ਤੇ ਇਸ ਮੀਟਿੰਗ 'ਤੇ ਦੁਨੀਆਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਜਾਪਾਨ ਦਾ ਦੌਰਾ ਕੀਤਾ ਸੀ। ਮੋਦੀ ਵੱਲੋਂ ਇਸ ਮੌਕੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਕਈ ਹੋਰ ਆਗੂਆਂ ਨਾਲ ਦੁਵੱਲੀ ਗੱਲਬਾਤ ਕਰਨ ਦੀ ਵੀ ਉਮੀਦ ਹੈ। ਇਸ ਮੌਕੇ ਭਾਰਤੀ ਪ੍ਰਧਾਨ ਮੰਤਰੀ ਤੇ ਚੀਨੀ ਰਾਸ਼ਟਰਪਤੀ ਵੱਲੋਂ ਭਾਰਤ-ਚੀਨ ਆਰਥਿਕ ਸਬੰਧਾਂ ਬਾਰੇ ਗੱਲਬਾਤ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਚੀਨ ਦੀ ਫੇਰੀ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਸੀ ਕਿ ਵਿਸ਼ਵ ਆਰਥਿਕ ਵਿਵਸਥਾ ਵਿੱਚ ਸਥਿਰਤਾ ਲਿਆਉਣ ਲਈ ਭਾਰਤ ਅਤੇ ਚੀਨ ਲਈ ਇਕੱਠੇ ਮਿਲ ਕੇ ਕੰਮ ਕਰਨਾ ਅਹਿਮ ਹੈ। ਜਾਣਕਾਰੀ ਅਨੁਸਾਰ ਮੋਦੀ ਉਸ ਵੇਲੇ ਚੀਨ ਦਾ ਦੌਰਾ ਕਰ ਰਹੇ ਹਨ, ਜਦ ਦੁਨੀਆਂ ਦੇ ਕਈ ਦੇਸ਼ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਟੈਕਸ ਨੀਤੀਆਂ ਨਾਲ ਜੂਝ ਰਹੇ ਹਨ। ਟਰੰਪ ਨੇ ਭਾਰਤ 'ਤੇ 50 ਫੀਸਦੀ ਤੇ ਚੀਨ 'ਤੇ 30 ਫੀਸਦੀ ਟੈਕਸ ਲਾਇਆ ਹੈ। ਇਹ ਵੀ ਦੱਸਣਾ ਬਣਦਾ ਹੈ ਕਿ ਚੀਨ ਵਿਚ ਪਹਿਲੀ ਸਤੰਬਰ ਨੂੰ ਹੋਣ ਵਾਲੇ ਸੰਮੇਲਨ ਵਿਚ ਵੀਹ ਤੋਂ ਜ਼ਿਆਦਾ ਦੇਸ਼ਾਂ ਦੇ ਆਗੂ ਹਿੱਸਾ ਲੈਣਗੇ।

### ਸੂਬਾ ਸਰਕਾਰ ਨੇ 24 ਘੰਟਿਆਂ ਦੌਰਾਨ

ਕੈਂਪ ਸਥਾਪਿਤ ਕੀਤੇ ਗਏ ਹਨ। ਇੱਕ ਬੁਲਾਰੇ ਨੇ ਦੱਸਿਆ ਕਿ ਕਪੂਰਥਲਾ ਵਿੱਚ ਪ੍ਰਸ਼ਾਸ਼ਨ ਵੱਲੋਂ 15, 27, 28 ਅਤੇ 29 ਅਗਸਤ ਨੂੰ ਰਾਹਤ ਸਮੱਗਰੀ ਦੀ ਵੰਡ ਕੀਤੀ ਗਈ ਹੈ ਅਤੇ ਲੋੜ ਮੁਤਾਬਿਕ ਇਹ ਅੱਗੋਂ ਵੀ ਜਾਰੀ ਰਹੇਗੀ। ਇਸੇ ਤਰ੍ਹਾਂ ਫਿਰੋਜ਼ਪੁਰ, ਗੁਰਦਾਸਪੁਰ, ਮੋਗਾ, ਪਠਾਨਕੋਟ, ਫਾਜ਼ਿਲਕਾ ਅਤੇ ਬਰਨਾਲਾ ਵਿੱਚ ਵੀ ਹੜ੍ਹ ਪੀੜਤਾਂ ਨੂੰ ਲਗਾਤਾਰ ਰਾਹਤ ਸਮੱਗਰੀ ਦੀ ਵੰਡ ਕੀਤੀ ਜਾ ਰਹੀ ਹੈ।

ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਸਥਾਨਕ ਲੋਕਾਂ ਦੇ ਸਹਿਯੋਗ ਨਾਲ ਐਨਡੀਆਰਐੱਫ, ਐਸਡੀਆਰਐੱਫ, ਪੰਜਾਬ ਪੁਲਿਸ ਅਤੇ ਫੌਜ ਵੱਲੋਂ ਸਰਗਰਮ ਭੂਮਿਕਾ ਨਿਭਾਈ ਜਾ ਰਹੀ ਹੈ। ਗੁਰਦਾਸਪੁਰ ਵਿੱਚ ਐਨਡੀਆਰਐੱਫ ਦੀਆਂ 7 ਟੀਮਾਂ, ਫਾਜ਼ਿਲਕਾ ਤੇ ਫਿਰੋਜ਼ਪੁਰ ਵਿੱਚ 1-1 ਟੀਮ ਅਤੇ ਪਠਾਨਕੋਟ ਵਿੱਚ 2 ਟੀਮਾਂ ਸਰਗਰਮ ਹਨ। ਇਸੇ ਤਰ੍ਹਾਂ ਕਪੂਰਥਲਾ ਵਿੱਚ ਐਸਡੀਆਰਐੱਫ ਦੀਆਂ 2 ਟੀਮਾਂ ਸਰਗਰਮ ਹਨ। ਕਪੂਰਥਲਾ, ਗੁਰਦਾਸਪੁਰ, ਫਿਰੋਜ਼ਪੁਰ ਅਤੇ ਪਠਾਨਕੋਟ ਵਿੱਚ ਆਰਮੀ, ਬੀਐਸਐੱਫ ਅਤੇ ਏਅਰਫੋਰਸ ਨੇ ਵੀ ਮੋਰਚਾ ਸਾਂਭਿਆ ਹੋਇਆ ਹੈ। ਸਾਰੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਸਿਵਿਲ ਪ੍ਰਸ਼ਾਸਨ ਦੇ ਨਾਲ ਨਾਲ ਪੁਲਿਸ ਲੋਕਾਂ ਦੀ ਪੱਬਾਂ ਭਾਰ ਮੱਦਦ ਕਰ ਰਹੀ ਹੈ।

ਹੜ੍ਹਾਂ ਕਾਰਨ ਪੰਜਾਬ ਵਿੱਚ ਹੁਣ ਤੱਕ ਕੁੱਲ 1018 ਪਿੰਡ ਪ੍ਰਭਾਵਿਤ ਹੋਏ ਹਨ। ਇਨ੍ਹਾਂ ਵਿੱਚ ਪਠਾਨਕੋਟ ਦੇ 81, ਫਾਜ਼ਿਲਕਾ ਦੇ 52, ਤਰਨ ਤਾਰਨ ਦੇ 45, ਸ੍ਰੀ ਮੁਕਤਸਰ ਸਾਹਿਬ ਦੇ 64, ਸੰਗਰੂਰ ਦੇ 22, ਫਿਰੋਜ਼ਪੁਰ ਦੇ 101, ਕਪੂਰਥਲਾ ਦੇ 107, ਗੁਰਦਾਸਪੁਰ ਦੇ 323, ਹੁਸ਼ਿਆਰਪੁਰ ਦੇ 85 ਅਤੇ ਮੋਗਾ ਦੇ 35 ਪਿੰਡ ਸ਼ਾਮਲ ਹਨ।

ਹੜ੍ਹਾਂ ਕਾਰਨ ਪੰਜਾਬ ਨੂੰ ਭਾਰੀ ਮਾਲੀ ਨੁਕਸਾਨ ਵੀ ਝੱਲਣਾ ਪਿਆ ਹੈ। ਫਸਲਾਂ ਨੂੰ ਮਾਰ ਪਈ ਹੈ ਅਤੇ ਪਸ਼ੂ ਧਨ ਦਾ ਵੀ ਨੁਕਸਾਨ ਹੋਇਆ ਹੈ। ਜ਼ਿਲ੍ਹਾ ਹੈੱਡਕੁਆਟਰਾਂ ਤੋਂ ਪ੍ਰਾਪਤ ਹੋਈਆਂ ਰਿਪੋਰਟਾਂ ਮੁਤਾਬਿਕ ਫਾਜ਼ਿਲਕਾ ਜ਼ਿਲ੍ਹੇ ਵਿੱਚ 16632 ਹੈਕਟੇਅਰ (41099 ਏਕੜ) ਭੂਮੀ ਹੜ੍ਹਾਂ ਦੀ ਮਾਰ ਹੇਠ ਆਈ ਹੈ। ਇਸ ਤੋਂ ਇਲਾਵਾ ਫਿਰੋਜ਼ਪੁਰ ਵਿੱਚ 10806 ਹੈਕਟੇਅਰ ਵਿੱਚ ਫਸਲ ਨੂੰ ਨੁਕਸਾਨ ਪੁੱਜਾ ਹੈ। ਕਪੂਰਥਲਾ ਵਿੱਚ 11620, ਪਠਾਨਕੋਟ ਵਿੱਚ 7000, ਤਰਨ ਤਾਰਨ ਵਿੱਚ 9928 ਅਤੇ ਹੁਸ਼ਿਆਰਪੁਰ ਵਿੱਚ 5287 ਹੈਕਟੇਅਰ ਵਿੱਚ ਫਸਲ ਨੂੰ ਨੁਕਸਾਨ ਹੋਇਆ ਹੈ।

### ਟਰੰਪ ਕੋਲ ਹਰ ਦੇਸ਼ 'ਤੇ ਵਿਆਪਕ ਟੈਕਸ

ਅਤੇ ਸਹਿਯੋਗੀਆਂ ਨੂੰ ਦੂਰ ਕਰ ਦਿੱਤਾ ਹੈ ਅਤੇ ਉੱਚੀਆਂ ਕੀਮਤਾਂ ਅਤੇ ਹੌਲੀ ਆਰਥਿਕ ਵਿਕਾਸ ਦਾ ਡਰ ਪੈਦਾ ਕੀਤਾ ਹੈ।

ਪਰ ਉਸ ਨੇ ਯੂਰਪੀਅਨ ਯੂਨੀਅਨ, ਜਾਪਾਨ ਅਤੇ ਹੋਰ ਦੇਸ਼ਾਂ 'ਤੇ ਇੱਕਪਾਸੜ ਵਪਾਰਕ ਸੌਦੇ ਸਵੀਕਾਰ ਕਰਨ ਲਈ ਦਬਾਅ ਪਾਉਣ ਅਤੇ ਸੰਘੀ ਖਜ਼ਾਨੇ ਵਿੱਚ ਅਰਬਾਂ ਡਾਲਰ ਲਿਆਉਣ ਲਈ ਵੀ ਇਨ੍ਹਾਂ ਟੈਕਸਾਂ ਦੀ ਵਰਤੋਂ ਕੀਤੀ ਹੈ ਤਾਂ ਜੋ ਉਸ ਨੇ 4 ਜੁਲਾਈ ਨੂੰ ਕਾਨੂੰਨ ਵਿੱਚ ਦਸਤਖਤ ਕੀਤੇ ਵੱਡੇ ਟੈਕਸ ਕਟੌਤੀਆਂ ਦਾ ਭੁਗਤਾਨ ਕਰਨ ਵਿੱਚ ਮੱਦਦ ਮਿਲ ਸਕੇ।

ਹਾਲੈਂਡ ਐਂਡ ਨਾਈਟ ਲਾਅ ਫਰਮ ਦੇ ਸੀਨੀਅਰ ਵਕੀਲ ਅਤੇ ਸਾਬਕਾ ਜਸਟਿਸ ਡਿਪਾਰਟਮੈਂਟ ਦੇ ਟਰਾਇਲ ਵਕੀਲ ਐਸ਼ਲੇ ਏਕਰਸ ਨੇ ਅਪੀਲਜ਼ ਅਦਾਲਤ ਦੇ ਫੈਸਲੇ ਤੋਂ ਪਹਿਲਾਂ ਕਿਹਾ, 'ਜਦੋਂ ਕਿ ਮੌਜੂਦਾ ਵਪਾਰਕ ਸੌਦੇ ਆਪਣੇ ਆਪ ਨਹੀਂ ਟੁੱਟਣਗੇ, ਪ੍ਰਸ਼ਾਸਨ ਆਪਣੀ ਗੱਲਬਾਤ ਦੀ ਰਣਨੀਤੀ ਦਾ ਇੱਕ ਥੰਮ੍ਹ ਗੁਆ ਸਕਦਾ ਹੈ, ਜੋ ਵਿਦੇਸ਼ੀ ਸਰਕਾਰਾਂ ਨੂੰ ਭਵਿੱਖ ਦੀਆਂ ਮੰਗਾਂ ਦਾ ਵਿਰੋਧ ਕਰਨ, ਪਿਛਲੀਆਂ ਵਚਨਬੱਧਤਾਵਾਂ ਨੂੰ ਲਾਗੂ ਕਰਨ ਵਿੱਚ ਦੇਰੀ ਕਰਨ, ਜਾਂ ਇੱਥੋਂ ਤੱਕ ਕਿ ਸ਼ਰਤਾਂ 'ਤੇ ਮੁੜ ਗੱਲਬਾਤ ਕਰਨ ਲਈ ਉਤਸ਼ਾਹਿਤ ਕਰ ਸਕਦਾ ਹੈ।'

ਸਰਕਾਰ ਨੇ ਦਲੀਲ ਦਿੱਤੀ ਹੈ ਕਿ ਜੇਕਰ ਟੈਰਿਫਾਂ ਨੂੰ ਖ਼ਤਮ ਕਰ ਦਿੱਤਾ ਜਾਂਦਾ ਹੈ ਤਾਂ ਉਸ ਨੂੰ ਇਕੱਠੇ ਕੀਤੇ ਗਏ ਕੁਝ ਆਯਾਤ ਟੈਕਸਾਂ ਨੂੰ ਵਾਪਸ ਕਰਨਾ ਪੈ ਸਕਦਾ ਹੈ, ਜਿਸ ਨਾਲ ਯੂ.ਐਸ. ਖਜ਼ਾਨੇ ਨੂੰ ਵਿੱਤੀ ਨੁਕਸਾਨ ਹੋਵੇਗਾ।

ਟਰੰਪ ਨੇ ਟਰੁਥ ਸੋਸ਼ਲ 'ਤੇ ਇੱਕ ਪਿਛਲੀ ਪੋਸਟ ਵਿੱਚ ਕਿਹਾ, 'ਇਹ 1929 ਵਾਂਗ ਦੁਬਾਰਾ ਹੋਵੇਗਾ, ਇੱਕ ਮਹਾਨ ਮੰਦੀ!' ਜੁਲਾਈ ਤੱਕ ਟੈਰਿਫਾਂ ਤੋਂ ਕੁੱਲ ਮਾਲੀਆ 159 ਬਿਲੀਅਨ ਡਾਲਰ ਸੀ, ਜੋ ਪਿਛਲੇ ਸਾਲ ਇਸੇ ਸਮੇਂ ਦੇ ਮੁਕਾਬਲੇ ਦੁੱਗਣੇ ਤੋਂ ਵੀ ਵੱਧ ਸੀ।

ਦਰਅਸਲ, ਜਸਟਿਸ ਡਿਪਾਰਟਮੈਂਟ ਨੇ ਇਸ ਮਹੀਨੇ ਇੱਕ ਕਾਨੂੰਨੀ ਫਾਈਲਿੰਗ ਵਿੱਚ ਚੇਤਾਵਨੀ ਦਿੱਤੀ ਸੀ ਕਿ ਟੈਕਸਾਂ ਨੂੰ ਰੱਦ ਕਰਨ ਦਾ ਮਤਲਬ ਸੰਯੁਕਤ ਰਾਜ ਅਮਰੀਕਾ ਲਈ 'ਵਿੱਤੀ ਤਬਾਹੀ' ਹੋ ਸਕਦਾ ਹੈ।

ਇਹ ਫੈਸਲਾ ਦੋ ਤਰ੍ਹਾਂ ਦੇ ਦਰਾਮਦ ਟੈਕਸਾਂ ਨਾਲ ਸਬੰਧਤ ਹੈ, ਜਿਨ੍ਹਾਂ ਨੂੰ ਟਰੰਪ ਨੇ 1977 ਦੇ ਅੰਤਰਰਾਸ਼ਟਰੀ ਐਮਰਜੈਂਸੀ ਆਰਥਿਕ ਸ਼ਕਤੀਆਂ ਐਕਟ (IEEPA) ਤਹਿਤ ਕੌਮੀ ਐਮਰਜੈਂਸੀ ਦਾ ਐਲਾਨ ਕਰਕੇ ਜਾਇਜ਼ ਠਹਿਰਾਇਆ। 2 ਅਪ੍ਰੈਲ ਨੂੰ ਉਸ ਨੇ ਜੋ ਵਿਆਪਕ ਟੈਰਿਫ ਐਲਾਨੇ, ਜਿਸ ਨੂੰ ਉਹ(ਟਰੰਪ) 'ਲਿਬਰੇਸ਼ਨ ਡੇ' ਕਹਿੰਦਾ ਹੈ। ਇਸ ਵਿਚ ਟਰੰਪ ਨੇ ਉਨ੍ਹਾਂ ਦੇਸ਼ਾਂ 'ਤੇ 50 ਪ੍ਰਤੀਸ਼ਤ ਤੱਕ ਦੇ 'ਪਰਸਪਰ' ਟੈਕਸ ਲਗਾਏ ਜਿਨ੍ਹਾਂ ਨਾਲ ਸੰਯੁਕਤ ਰਾਜ ਦਾ ਵਪਾਰ ਘਾਟਾ ਹੈ ਅਤੇ ਬਾਕੀ ਸਾਰਿਆਂ 'ਤੇ 10 ਪ੍ਰਤੀਸ਼ਤ ਦਾ 'ਬੇਸਲਾਈਨ' ਟੈਕਸ।

ਮੁਦੱਈਆਂ ਨੇ ਦਲੀਲ ਦਿੱਤੀ ਕਿ ਐਮਰਜੈਂਸੀ ਸ਼ਕਤੀ ਕਾਨੂੰਨ ਟੈਰਿਫਾਂ ਦੀ ਵਰਤੋਂ ਨੂੰ ਅਧਿਕਾਰਤ ਨਹੀਂ ਕਰਦਾ। ਉਨ੍ਹਾਂ ਨੇ ਇਹ ਵੀ ਨੋਟ ਕੀਤਾ ਕਿ ਵਪਾਰ ਘਾਟਾ ਸ਼ਾਇਦ ਹੀ 'ਅਸਾਧਾਰਨ ਅਤੇ ਵਿਸ਼ੇਸ਼' ਖ਼ਤਰੇ ਦੀ ਪਰਿਭਾਸ਼ਾ ਨੂੰ ਪੂਰਾ ਕਰਦਾ ਹੈ ਜੋ ਕਾਨੂੰਨ ਤਹਿਤ ਐਮਰਜੈਂਸੀ ਦਾ ਐਲਾਨ ਕਰਨ ਨੂੰ ਜਾਇਜ਼ ਠਹਿਰਾਏ। ਸੰਯੁਕਤ ਰਾਜ ਅਮਰੀਕਾ, ਆਖ਼ਰਕਾਰ, 49 ਲਗਾਤਾਰ ਸਾਲਾਂ ਤੋਂ ਵਪਾਰ ਘਾਟਾ - ਜਿਸ ਵਿੱਚ ਇਹ ਵਿਦੇਸ਼ੀ ਦੇਸ਼ਾਂ ਤੋਂ ਵੇਚਣ ਨਾਲੋਂ ਵੱਧ ਖਰੀਦਦਾ ਹੈ - ਚੰਗੇ ਅਤੇ ਮਾੜੇ ਸਮੇਂ ਦੋਵਾਂ ਵਿੱਚ ਚੱਲ ਰਿਹਾ ਹੈ।

ਟਰੰਪ ਪ੍ਰਸ਼ਾਸਨ ਨੇ ਦਲੀਲ ਦਿੱਤੀ ਕਿ ਅਦਾਲਤਾਂ ਨੇ ਰਾਸ਼ਟਰਪਤੀ ਰਿਚਰਡ ਨਿਕਸਨ ਦੇ 1971 ਦੇ ਆਰਥਿਕ ਸੰਕਟ ਵਿੱਚ ਟੈਕਸਾਂ ਦੀ ਐਮਰਜੈਂਸੀ ਵਰਤੋਂ ਨੂੰ ਮਨਜ਼ੂਰੀ ਦਿੱਤੀ ਸੀ ਜੋ ਅਮਰੀਕੀ ਡਾਲਰ ਨੂੰ ਸੋਨੇ ਦੀ ਕੀਮਤ ਨਾਲ ਜੋੜਨ ਵਾਲੀ ਨੀਤੀ ਨੂੰ ਖ਼ਤਮ ਕਰਨ ਦੇ ਉਸ ਦੇ ਫੈਸਲੇ ਤੋਂ ਬਾਅਦ ਪੈਦਾ ਹੋਏ ਵਿਗਾੜ ਤੋਂ ਪੈਦਾ ਹੋਇਆ ਸੀ।

ਮਈ ਵਿੱਚ, ਨਿਊਯਾਰਕ ਦੀ ਯੂ.ਐਸ. ਕੋਰਟ ਆਫ਼ ਇੰਟਰਨੈਸ਼ਨਲ ਟਰੇਡ ਨੇ ਦਲੀਲ ਨੂੰ ਰੱਦ ਕਰ ਦਿੱਤਾ, ਇਹ ਫੈਸਲਾ ਸੁਣਾਇਆ ਕਿ ਐਮਰਜੈਂਸੀ ਸ਼ਕਤੀਆਂ ਕਾਨੂੰਨ ਤਹਿਤ, ਟਰੰਪ ਦੇ ਲਿਬਰੇਸ਼ਨ ਡੇ ਟੈਕਸ 'ਰਾਸ਼ਟਰਪਤੀ ਨੂੰ ਦਿੱਤੇ ਗਏ ਕਿਸੇ ਵੀ ਅਧਿਕਾਰ ਤੋਂ ਵੱਧ' ਹਨ। ਆਪਣੇ ਫੈਸਲੇ 'ਤੇ ਪਹੁੰਚਦਿਆਂ ਵਪਾਰ ਅਦਾਲਤ ਨੇ ਦੋ ਚੁਣੌਤੀਆਂ - ਪੰਜ ਕਾਰੋਬਾਰਾਂ ਦੁਆਰਾ ਇੱਕ ਅਤੇ 12 ਅਮਰੀਕੀ ਰਾਜਾਂ ਦੁਆਰਾ ਇੱਕ - ਨੂੰ ਇੱਕ ਸਿੰਗਲ ਕੇਸ ਵਿੱਚ ਮਿਲਾ ਦਿੱਤਾ।

### ਜੰਮੂ-ਕਸ਼ਮੀਰ 'ਚ ਬੱਦਲ ਫਟਣ ਤੇ ਢਿੱਗਾਂ

ਬਾਂਸਰਾ ਦਾ ਰਹਿਣ ਵਾਲਾ ਸੀ, ਵਜੋਂ ਕੀਤੀ ਹੈ। ਬਚਾਅ ਕਰਮੀ ਸ਼ਰਮਾ ਦੀ ਭਰਜਾਈ ਬਿਦਿਆ ਦੇਵੀ (55) ਦੀ ਭਾਲ ਕਰ ਰਹੇ ਹਨ।

ਇੱਕ ਸਥਾਨਕ ਵਿਅਕਤੀ ਅਜੈ ਕੁਮਾਰ ਨੇ ਕਿਹਾ, 'ਬੱਦਲ ਪਿੰਡ ਦੇ ਪਹਾੜੀ ਇਲਾਕੇ ਵਿੱਚ ਪ੍ਰਾਇਮਰੀ ਸਕੂਲ ਦੇ ਨੇੜੇ ਫਟਿਆ ਅਤੇ ਡਰੂਬਲਾ-ਗੁਡਗ੍ਰਾਮ ਪਿੰਡ ਵਿੱਚੋਂ ਇੱਕ ਤੇਜ਼ ਵਹਿੰਦੀ ਨਦੀ ਬਣਾਈ, ਜਿਸ ਨਾਲ ਸਕੂਲ ਦੀ ਇਮਾਰਤ ਤੋਂ ਇਲਾਵਾ ਦੋ ਰਿਹਾਇਸ਼ੀ ਘਰ ਅਤੇ ਇੱਕ ਗਊਸ਼ਾਲਾ ਵੀ ਰੁੜ੍ਹ ਗਏ।' ਕੇਂਦਰੀ ਮੰਤਰੀ ਜਿਤੇਂਦਰ ਸਿੰਘ, ਜੰਮੂ ਅਤੇ ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਅਤੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਘਟਨਾ 'ਤੇ ਦੁੱਖ ਪ੍ਰਗਟ ਕੀਤਾ ਹੈ ਅਤੇ ਪ੍ਰਭਾਵਿਤ ਪਰਿਵਾਰਾਂ ਨੂੰ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ ਹੈ।

ਰਿਆਸੀ ਵਿੱਚ ਢਿੱਗਾਂ ਡਿੱਗਣ ਕਾਰਨ ਇੱਕੋ ਪਰਿਵਾਰ ਦੇ ਸੱਤ ਜੀਆਂ ਦੀ ਮੌਤ ਉੱਧਰ ਰਿਆਸੀ ਜ਼ਿਲ੍ਹੇ ਦੇ ਇੱਕ ਦੂਰ-ਦੁਰਾਡੇ ਪਿੰਡ ਵਿੱਚ ਜ਼ਮੀਨ ਖਿਸਕਣ ਕਾਰਨ ਇੱਕ ਘਰ ਦੀ ਲਪੇਟ ਵਿੱਚ ਆਉਣ ਨਾਲ ਇੱਕੋ ਪਰਿਵਾਰ ਦੇ ਸੱਤ ਮੈਂਬਰਾਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ ਜ਼ਮੀਨ ਖਿਸਕਣ ਦੀ ਘਟਨਾ ਮਾਹੋਰ ਦੇ ਬਦਦਰ ਪਿੰਡ ਵਿੱਚ ਭਾਰੀ ਬਾਰਿਸ਼ ਕਾਰਨ ਹੋਈ ਸੀ ਅਤੇ ਸਾਰੀਆਂ ਸੱਤ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ।

ਮ੍ਰਿਤਕਾਂ ਦੀ ਪਛਾਣ ਨਜ਼ੀਰ ਅਹਿਮਦ (38), ਉਸਦੀ ਪਤਨੀ ਵਜ਼ੀਰਾ ਬੇਗਮ (35) ਅਤੇ ਉਨ੍ਹਾਂ ਦੇ ਪੁੱਤਰਾਂ ਬਿਲਾਲ ਅਹਿਮਦ (13), ਮੁਹੰਮਦ ਮੁਸਤਫਾ (11), ਮੁਹੰਮਦ ਆਦਿਲ (8), ਮੁਹੰਮਦ ਮੁਬਾਰਕ (6) ਅਤੇ ਮੁਹੰਮਦ ਵਸੀਮ (5) ਵਜੋਂ ਹੋਈ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਨਜ਼ੀਰ ਅਤੇ ਉਸਦਾ ਪਰਿਵਾਰ ਸੁੱਤਾ ਹੋਇਆ ਸੀ ਜਦੋਂ ਪਹਾੜੀ ਢਲਾਨ 'ਤੇ ਸਥਿਤ ਉਨ੍ਹਾਂ ਦਾ ਘਰ ਢਿੱਗਾਂ ਢਿੱਗਣ ਕਾਰਨ ਡਿੱਗ ਗਿਆ, ਜਿਸ ਨਾਲ ਉਹ ਜ਼ਿੰਦਾ ਦਫ਼ਨ ਹੋ ਗਏ। ਸਥਾਨਕ ਲੋਕਾਂ ਨੇ ਪੁਲਿਸ ਦੀ ਮੱਦਦ ਨਾਲ ਲਾਸ਼ਾਂ ਬਾਹਰ ਕੱਢੀਆਂ।

ਰਾਤ ਭਰ ਜੰਮੂ ਅਤੇ ਕਸ਼ਮੀਰ ਦੇ ਕਈ ਹਿੱਸਿਆਂ ਵਿੱਚ ਦਰਮਿਆਨੀ ਤੋਂ ਭਾਰੀ ਬਾਰਿਸ਼ ਹੋਈ।

### ਪੁਤਿਨ ਦਸੰਬਰ 'ਚ ਆਉਣਗੇ ਭਾਰਤ

ਖਰੀਦਣ ਕਾਰਨ ਲਗਾਇਆ ਗਿਆ ਹੈ। ਅਮਰੀਕਾ ਦਾ ਕਹਿਣਾ ਹੈ ਕਿ ਇਸ ਨਾਲ ਰੂਸ ਨੂੰ ਯੂਕਰੇਨ ਨਾਲ ਜੰਗ ਜਾਰੀ ਰੱਖਣ ਵਿੱਚ ਮੱਦਦ ਮਿਲ ਰਹੀ ਹੈ।

ਜ਼ਿਕਰਯੋਗ ਹੈ ਕਿ ਪੁਤਿਨ ਹਾਲ ਹੀ 'ਚ ਭਾਰਤੀ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨੂੰ ਵੀ ਮਿਲੇ ਸਨ।

ਇਸ ਤੋਂ ਪਹਿਲਾਂ ਪੁਤਿਨ ਨੇ ਆਖਰੀ ਵਾਰ 06 ਦਸੰਬਰ 2021 ਨੂੰ ਭਾਰਤ ਦੀ ਯਾਤਰਾ ਕੀਤੀ ਸੀ ਅਤੇ ਉਦੋਂ ਉਹ ਸਿਰਫ 4 ਘੰਟੇ ਲਈ ਭਾਰਤ ਆਏ। ਇਸ ਦੌਰਾਨ ਭਾਰਤ ਅਤੇ ਰੂਸ ਦੇ ਵਿਚਕਾਰ 28 ਸਮਝੌਤਿਆਂ 'ਤੇ ਦਸਤਖਤ ਹੋਏ ਸਨ।

ਪ੍ਰਧਾਨ ਮੰਤਰੀ ਮੋਦੀ ਨੇ ਸਾਲ 2024 ਵਿੱਚ ਦੋ ਵਾਰ ਰੂਸ ਦੀ ਯਾਤਰਾ ਕੀਤੀ ਸੀ। ਉਹ ਬ੍ਰਿਕਸ ਸੰਮੇਲਨ ਲਈ 22 ਅਕਤੂਬਰ ਨੂੰ ਰੂਸ ਗਏ ਹਨ। ਪਹਿਲਾਂ ਜੁਲਾਈ ਵਿੱਚ ਵੀ ਮੋਦੀ ਨੇ ਦੋ ਦਿਨ ਦਾ ਰੂਸ ਦੌਰਾ ਕੀਤਾ। ਰੂਸ ਵੱਲੋਂ ਪਿਛਲੇ ਸਾਲ 9 ਜੁਲਾਈ ਨੂੰ ਮਾਸਕੋ 'ਚ ਪੀਐਮ ਮੋਦੀ ਨੂੰ ਦੇਸ਼ ਦਾ ਸਰਵਉੱਚ ਸਨਮਾਨ 'ਆਰਡਰ ਆਫ ਸੇਂਟ ਐਂਡਰਯੂ ਦ ਐਪੋਸਟਲ' ਦਿੱਤਾ ਗਿਆ ਸੀ।

### ਸੁਪਰੀਮ ਕੋਰਟ ਵੱਲੋਂ ਪੰਜਾਬ ਸਰਕਾਰ ਤੇ

ਵਿੱਚ ਪੇਸ਼ ਕੀਤੀ ਜਾਵੇ, ਜਿਸ ਵਿੱਚ ਘਟਨਾ ਦੀ ਸਮੁੱਚੀ ਵੀਡੀਓ ਬਣੀ ਹੋਈ ਹੈ। ਦੱਸਣਯੋਗ ਹੈ ਕਿ ਚਾਰ ਮਹੀਨੇ ਪਹਿਲਾਂ ਫ਼ਰੀਦਕੋਟ ਦੇ ਪਿੰਡ ਚੰਦ ਭਾਨ ਵਿੱਚ ਪਿੰਡ ਦੇ ਕੁਝ ਰਸੂਖਵਾਨਾਂ ਅਤੇ ਦਲਿਤਾਂ ਦਰਮਿਆਨ ਇੱਕ ਮੁੱਦੇ ਨੂੰ ਲੈ ਕੇ ਟਕਰਾਅ ਹੋ ਗਿਆ ਸੀ। ਉਸ ਤੋਂ ਬਾਅਦ ਪੁਲੀਸ ਵੱਲੋਂ ਕਥਿਤ ਤੌਰ 'ਤੇ 40 ਦਲਿਤਾਂ ਦੀ ਕੁੱਟਮਾਰ ਕੀਤੀ ਗਈ ਸੀ ਅਤੇ ਉਨ੍ਹਾਂ ਉੱਪਰ ਹੀ ਪਰਚਾ ਦਰਜ ਕਰ ਦਿੱਤਾ ਸੀ ਪਰੰਤੂ ਵਿਵਾਦ ਵਧਣ ਤੋਂ ਬਾਅਦ ਪੁਲੀਸ ਨੇ ਸਾਰੇ ਦਲਿਤਾਂ ਨੂੰ ਬਿਨਾਂ ਸ਼ਰਤ ਰਿਹਾਅ ਕਰ ਦਿੱਤਾ ਪ੍ਰੰਤੂ ਉਨ੍ਹਾਂ ਉੱਪਰ ਹਮਲਾ ਕਰਨ ਵਾਲਿਆਂ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਤੇ ਬਾਅਦ ਵਿੱਚ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਦਲਿਤਾਂ ਉੱਪਰ ਹਮਲਾ ਕਰਨ ਵਾਲੇ ਵਿਅਕਤੀਆਂ ਨੂੰ ਅਗਾਊਂ ਜ਼ਮਾਨਤ ਦੇ ਦਿੱਤੀ ਸੀ! ਜਿਸ ਨੂੰ ਪੀੜਿਤ ਦਲਿਤ ਪਰਿਵਾਰਾਂ ਤੇ ਚੰਦ ਭਾਨ ਜਬਰ ਵਿਰੋਧੀ ਐਕਸ਼ਨ ਕਮੇਟੀ ਨੇ ਸੁਪਰੀਮ ਕੋਰਟ ਵਿੱਚ ਹੁਣ ਚੁਣੌਤੀ ਦਿੱਤੀ ਹੈ।

'ਯੁੱਧ ਨਸ਼ਿਆਂ ਵਿਰੁੱਧ'

# 182ਵੇਂ ਦਿਨ, ਪੁਲਿਸ ਨੇ 360 ਥਾਵਾਂ 'ਤੇ ਕੀਤੀ ਛਾਪੇਮਾਰੀ; 65 ਨਸ਼ਾ ਤਸਕਰ ਕਾਬੂ

ਚੰਡੀਗੜ੍ਹ, 30 ਅਗਸਤ (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਵਿੱਢੀ ਨਸ਼ਾ ਵਿਰੁੱਧ ਜੰਗ 'ਯੁੱਧ ਨਸ਼ਿਆਂ ਵਿਰੁੱਧ' ਨੂੰ ਲਗਾਤਾਰ 182ਵੇਂ ਦਿਨ ਵੀ ਜਾਰੀ ਰੱਖਦਿਆਂ, ਪੰਜਾਬ ਪੁਲਿਸ ਨੇ ਅੱਜ 360 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੌਰਾਨ ਸੂਬੇ ਭਰ ਵਿੱਚ 53 ਐਫਆਈਆਰਜ਼ ਦਰਜ ਕਰਕੇ 65 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਨਾਲ, 182 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 27,663 ਹੋ ਗਈ ਹੈ।

ਇਸ ਛਾਪੇਮਾਰੀ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 1.2 ਹੈਰੋਇਨ, 650 ਗ੍ਰਾਮ ਅਫੀਮ, 150 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 600 ਰੁਪਏ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਇਹ ਆਪਰੇਸ਼ਨ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਗਿਆ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ।

ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਜਾਣਕਾਰੀ ਦਿੱਤੀ ਕਿ 74 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1100 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 120 ਤੋਂ ਵੱਧ ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚ ਛਾਪੇਮਾਰੀ ਕੀਤੀ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 406 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ ਹੈ।

ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ 'ਡੀ-ਅਡਿਕਸ਼ਨ' ਹਿੱਸੇ ਵਜੋਂ ਅੱਜ 53 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# 'ਅਪ੍ਰੇਸ਼ਨ ਸਿੰਦੂਰ' ਦੌਰਾਨ ਪਾਕਿਸਤਾਨ 'ਤੇ 50 ਤੋਂ ਘੱਟ ਹਥਿਆਰ ਦਾਗ਼ੇ

## ਚਾਰ ਦਿਨ ਦੀ ਜੰਗ ਤੋਂ ਬਾਅਦ ਪਾਕਿਸਤਾਨ ਸੀਜ਼ਫ਼ਾਇਰ ਲਈ ਕਹਿਣ ਲੱਗਾ: ਭਾਰਤੀ ਏਅਰ ਚੀਫ ਮਾਰਸ਼ਲ

ਨਵੀਂ ਦਿੱਲੀ, 30 ਅਗਸਤ (ਚ.ਨ.ਸ.) : ਏਅਰ ਮਾਰਸ਼ਲ ਤਿਵਾੜੀ 'ਅਪਰੇਸ਼ਨ ਸਿੰਦੂਰ' ਦੇ ਤਿੰਨ ਮਹੀਨੇ ਬਾਅਦ ਭਾਰਤੀ ਹਵਾਈ ਫੌਜ ਦੇ ਉਪ ਮੁਖੀ ਨੇ ਨਵਾਂ ਖੁਲਾਸਾ ਕੀਤਾ ਹੈ। ਏਅਰ ਮਾਰਸ਼ਲ ਐਨ ਤਿਵਾੜੀ ਨੇ ਕਿਹਾ ਕਿ ਪਾਕਿਸਤਾਨ 'ਤੇ ਭਾਰਤੀ ਫੌਜ ਨੇ 50 ਤੋਂ ਵੀ ਘੱਟ ਹਥਿਆਰ ਦਾਗੇ ਤੇ ਉਹ ਸੀਜ਼ਫਾਇਰ ਲਈ ਗੱਲਬਾਤ ਕਰਨ ਬਾਰੇ ਕਹਿਣ ਲੱਗਿਆ। ਉਨ੍ਹਾਂ ਕਿਹਾ ਕਿ ਭਾਰਤੀ ਫੌਜ ਦੀ ਸੂਚੀ ਵਿਚ ਹੋਰ ਵੀ ਕਈ ਵੱਡੇ ਨਿਸ਼ਾਨੇ ਸਨ ਤੇ ਭਾਰਤ ਨੇ ਨੌਂ ਸਥਾਨਾਂ 'ਤੇ ਨਿਸ਼ਾਨਾ ਬਣਾਇਆ। ਉਨ੍ਹਾਂ ਕਿਹਾ ਕਿ ਜੰਗ ਸ਼ੁਰੂ ਕਰਨੀ ਬਹੁਤ ਸੌਖੀ ਹੈ, ਪਰ ਇਸ ਨੂੰ ਖਤਮ ਕਰਨਾ ਓਨਾ ਹੀ ਔਖਾ ਹੈ। ਇਸ ਬਹੁਤ ਮਹੱਤਵਪੂਰਨ ਸੀ ਤਾਂ ਕਿ ਭਾਰਤੀ ਫੌਜਾਂ ਚੌਕਸ ਰਹਿਣ ਤੇ ਕਿਸੇ ਵੀ ਹੰਗਾਮੀ ਹਾਲਤ ਲਈ ਤਿਆਰ ਰਹਿਣ। ਉਨ੍ਹਾਂ ਕਿਹਾ ਕਿ ਚਾਰ ਦਿਨਾਂ ਦੀ ਜੰਗ ਤੋਂ ਬਾਅਦ ਗੁਆਂਢੀ ਦੇਸ਼ ਨੂੰ ਸਮਝ ਆ ਗਈ ਕਿ ਜੰਗ ਅੱਗੇ ਵਧਾਉਣਾ ਉਸ ਲਈ ਠੀਕ ਨਹੀਂ ਹੈ।





ਚੜ੍ਹਦੀਕਲਾ
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

# ਸ੍ਰੀ ਗੁਰੂ ਨਾਨਕ ਦੇਵ ਜੀ ਦਾ 538ਵਾਂ ਵਿਆਹ ਪੁਰਬ ਸ਼੍ਰੋਮਣੀ ਕਮੇਟੀ ਨੇ ਸ਼ਰਧਾ ਨਾਲ ਮਨਾਇਆ

- ਗੁਰਦੁਆਰਾ ਡੇਹਰਾ ਸਾਹਿਬ ਤੋਂ ਨਗਰ ਕੀਰਤਨ ਅਕਾਸ਼ ਗੁੰਜਾਊ ਜੈਕਾਰਿਆਂ ਤੇ ਖ਼ਾਲਸਾਈ ਜਾਹੋ-ਜਲਾਲ ਨਾਲ ਸਜਾਇਆ
- ਮਹਾਨ ਨਗਰ ਕੀਰਤਨ 'ਚ ਲੱਖਾਂ ਸੰਗਤਾਂ ਹੋਈਆਂ ਨਤਮਸਤਕ



ਬਟਾਲਾ, 30 ਅਗਸਤ (ਬਲਵਿੰਦਰ ਸਿੰਘ ਪੰਜਗਰਾਈਂ/ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਜਗਤ ਗੁਰੂ ਪਹਿਲੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ 538 ਵਾਂ ਵਿਆਹ ਪੁਰਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਵਿਸ਼ੇਸ਼ ਸਹਿਯੋਗ ਨਾਲ ਇਤਿਹਾਸਕ ਗੁਰਦੁਆਰਾ ਸ੍ਰੀ ਕੰਧ ਸਾਹਿਬ, ਗੁਰਦੁਆਰਾ ਡੇਹਰਾ ਸਾਹਿਬ ਤੇ ਗੁਰਦੁਆਰਾ ਸਤਿਕਰਤਾਰੀਆਂ ਸਾਹਿਬ ਵਿਖੇ ਬਹੁਤ ਸ਼ਰਧਾ ਸਤਿਕਾਰ ਨਾਲ ਮਨਾਇਆ ਗਿਆ। ਵਿਆਹ ਪੁਰਬ ਦੀ ਖੁਸ਼ੀ ਵਿੱਚ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਪੰਜ ਪਿਆਰੇ ਸਾਹਿਬਾਨ ਨੇ ਅਰਦਾਸ ਬੇਨਤੀ ਕੀਤੀ। ਇਸ ਦੌਰਾਨ ਸਟੇਜ ਸਕੱਤਰ ਦੀ ਸੇਵਾ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਿਭਾਈ।ਇਸ ਮੌਕੇ ਤੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਬਾਬਾ ਸੇਵਾ ਸਿੰਘ ਕਾਰ ਸੇਵਾ ਖਡੂਰ ਸਾਹਿਬ ਵਾਲੇ, ਵਿਆਹ ਪੁਰਬ ਦੇ ਮੁੱਖ ਪ੍ਰਬੰਧਕ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਥੇਦਾਰ ਸੁਰਜੀਤ ਸਿੰਘ ਤੁਗਲਵਾਲ ਅੰਤ੍ਰਿੰਗ ਮੈਂਬਰ ਸ਼੍ਰੋਮਣੀ ਕਮੇਟੀ, ਜਥੇਦਾਰ ਗੁਰਨਾਮ ਸਿੰਘ ਜੱਸਲ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,ਬੀਬੀ ਜਸਬੀਰ ਕੌਰ ਜਫਰਵਾਲ ਮੈਂਬਰ ਸ਼੍ਰੋਮਣੀ ਕਮੇਟੀ, ਬੀਬੀ ਜੋਗਿੰਦਰ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਨਰੇਸ਼ ਮਹਾਜਨ ਹਲਕਾ ਇੰਚਾਰਜ ਬਟਾਲਾ, ਬਾਬਾ ਸੁਖਵਿੰਦਰ ਸਿੰਘ ਮਲਕਪੁਰ ਵਾਲੇ, ਬਾਬਾ ਸਰਵਨ ਸਿੰਘ ਮਲਕਪੁਰ ਵਾਲੇ, ਸੁਖਜਿੰਦਰ ਸਿੰਘ ਸੋਨੂੰ ਲੰਗਾਹ ਹਲਕਾ ਇੰਚਾਰਜ ਡੇਰਾ ਬਾਬਾ ਨਾਨਕ, ਰਮਨਦੀਪ ਸਿੰਘ ਸੰਧੂ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਜਸਪ੍ਰੀਤ ਸਿੰਘ ਰਾਣਾ ਜ਼ਿਲ੍ਹਾ ਪ੍ਰਧਾਨ ਯੂਥ ਅਕਾਲੀ ਦਲ, ਪਰਮਵੀਰ ਸਿੰਘ ਲਾਡੀ ਮੈਂਬਰ ਕੋਰ ਕਮੇਟੀ ਯੂਥ ਅਕਾਲੀ ਦਲ, ਕੰਵਲਪ੍ਰੀਤ ਸਿੰਘ ਕਾਕੀ ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ ਸ਼੍ਰੋਮਣੀ ਅਕਾਲੀ ਦਲ, ਹਰਦੇਵ ਸਿੰਘ ਬਾਜੇਚੱਕ ਸਾਬਕਾ ਜਿਲਾ ਪ੍ਰਧਾਨ ਯੂਥ ਅਕਾਲੀ ਦਲ, ਸੁਖਬੀਰ ਸਿੰਘ ਵਾਹਲਾ ਸਾਬਕਾ ਚੇਅਰਮੈਨ ਸ਼ੂਗਰਫੈੱਡ ਪੰਜਾਬ, ਬੀਬੀ ਸ਼ਰਨਜੀਤ ਕੌਰ ਜਿੰਦੜ ਜ਼ਿਲ੍ਹਾ ਪ੍ਰਧਾਨ ਇਸਤਰੀ ਅਕਾਲੀ ਦਲ, ਸਤਬੀਰ ਸਿੰਘ ਧਾਮੀ ਓ ਐਸ ਡੀ ਪ੍ਰਧਾਨ ਸ਼੍ਰੋਮਣੀ ਕਮੇਟੀ, ਪ੍ਰਤਾਪ ਸਿੰਘ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰਤਿੰਦਰ ਪਾਲ ਸਿੰਘ ਭਾਟੀਆ ਐਡੀਸ਼ਨਲ ਮੈਨੇਜਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ, ਜਤਿੰਦਰ ਸਿੰਘ ਚੀਮਾ ਮੈਨੇਜਰ ਗੁਰਦੁਆਰਾ ਸ੍ਰੀ ਕੰਧ ਸਾਹਿਬ, ਮਨਜੀਤ ਸਿੰਘ ਜ਼ਫਰਵਾਲ ਮੈਨੇਜਰ ਗੁਰਦੁਆਰਾ ਡੇਹਰਾ ਸਾਹਿਬ ਸਤਿਕਰਤਾਰੀਆਂ ਸਾਹਿਬ, ਸਤਨਾਮ ਸਿੰਘ ਰਿਆੜ ਮੈਨੇਜਰ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ, ਦਵਿੰਦਰ ਸਿੰਘ ਲਾਲੀ ਬਾਜਵਾ ਮੈਨੇਜਰ ਗੁਰਦੁਆਰਾ ਓਠੀਆਂ ਸਾਹਿਬ ਵਿਸ਼ੇਸ਼ ਤੌਰ ਤੇ ਪਹੁੰਚ ਕੇ ਨਤਮਸਤਕ ਹੋਏ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਸੰਬੋਧਨ ਹੁੰਦਿਆਂ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਸਾਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਿੱਤੇ ਸਿਧਾਂਤ ਕਿਰਤ ਕਰੋ ਨਾਮ ਜਪੋ ਵੰਡ ਛਕੋ ਤੇ ਚੱਲਣਾ ਚਾਹੀਦਾ ਹੈ। ਐਡਵੋਕੇਟ ਧਾਮੀ, ਜਥੇਦਾਰ ਗੋਰਾ, ਜਥੇਦਾਰ ਜੱਸਲ, ਜਥੇਦਾਰ ਤੁਗਲਵਾਲ ਨੇ ਪੰਜਾ ਪਿਆਰਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਉਪਰੰਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਅਸਥਾਨ ਇਤਿਹਾਸਕ ਗੁਰਦੁਆਰਾ ਡੇਹਰਾ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਅਤੇ ਪੰਜਾ ਪਿਆਰਿਆਂ ਦੀ ਅਗਵਾਈ ਵਿੱਚ ਮਹਾਨ ਨਗਰ ਕੀਰਤਨ ਅਕਾਸ਼ ਗੁੰਜਾਊ ਜੈਕਾਰਿਆਂ,ਫੁੱਲਾ ਦੀ ਵਰਖਾ ਕਰਕੇ ਖਾਲਸਾ ਜਾਹੋ ਜਲਾਲ ਨਾਲ ਸਜਾਇਆ ਗਿਆ। ਨਗਰ ਕੀਰਤਨ ਦੀ ਆਰੰਭਤਾ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਆਪਣੇ ਸੀਸ ਤੇ ਰੱਖ ਕੇ ਸੁੰਦਰ ਫੁੱਲਾਂ ਵਾਲੀ ਪਾਲਕੀ ਸਾਹਿਬ ਵਿੱਚ ਸੁਸ਼ੋਭਿਤ ਕੀਤਾ। ਨਗਰ ਕੀਰਤਨ ਵਿੱਚ ਵੱਖ-ਵੱਖ ਗਤਕੇ ਵਾਲਿਆਂ ਵੱਲੋਂ ਗੱਤਕੇ ਦੇ ਜੌਹਰ ਦਿਖਾਏ ਜਾ ਰਹੇ ਸਨ।

ਵਿਆਹ ਪੁਰਬ ਮੌਕੇ ਗੁਰਦੁਆਰਾ ਸਾਹਿਬ ਵਿਖੇ ਤੇ ਮਹਾਨ ਨਗਰ ਕੀਰਤਨ ਵਿੱਚ ਦੇਸ਼ ਵਿਦੇਸ਼ ਤੋਂ ਲੱਖਾਂ ਸੰਗਤਾਂ ਪਰਿਵਾਰਾਂ ਸਮੇਤ ਨਤਮਸਤਕ ਹੋਏ। ਇਲਾਕੇ ਦੀਆਂ ਸੰਗਤਾਂ ਵੱਲੋਂ ਵੱਖ-ਵੱਖ ਸਥਾਨਾਂ ਤੇ ਲੰਗਰ, ਮਠਿਆਈਆਂ, ਚਾਹ ਪਕੌੜਿਆਂ,ਫਲ ਫਰੂਟ ਤੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਗਈਆਂ ਹਨ। ਇਸ ਮੌਕੇ ਤੇ ਅਮਨਸ਼ੇਰ ਸਿੰਘ ਕਲਸੀ ਵਿਧਾਇਕ ਬਟਾਲਾ, ਦਲਵਿੰਦਰਜੀਤ ਸਿੰਘ ਡਿਪਟੀ ਕਮਿਸ਼ਨਰ ਗੁਰਦਾਸਪੁਰ, ਸੁਹੇਲ ਕਾਸਿਮ ਮੀਰ ਐਸ ਐਸ ਪੀ ਬਟਾਲਾ, ਬਿਕਰਮਜੀਤ ਸਿੰਘ ਪਾਂਥੇ ਐਸ ਡੀ ਐਮ, ਹਰਜਿੰਦਰ ਸਿੰਘ ਬੇਦੀ ਵਧੀਕ ਡਿਪਟੀ ਕਮਿਸ਼ਨਰ, ਕੈਪ. ਬਲਬੀਰ ਸਿੰਘ ਬਾਠ ਸਾਬਕਾ ਮੰਤਰੀ ਪੰਜਾਬ, ਸੁਖਜਿੰਦਰ ਸਿੰਘ ਸੋਨੂੰ ਲੰਗਾਹ, ਰਮਨਦੀਪ ਸਿੰਘ ਸੰਧੂ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਜਸਪ੍ਰੀਤ ਸਿੰਘ ਰਾਣਾ ਜ਼ਿਲ੍ਹਾ ਪ੍ਰਧਾਨ ਯੂਥ ਅਕਾਲੀ ਦਲ, ਪਰਮਵੀਰ ਸਿੰਘ ਲਾਡੀ, ਸੁਖਬੀਰ ਸਿੰਘ ਵਾਹਲਾ ਸਾਬਕਾ ਚੇਅਰਮੈਨ ਸ਼ੂਗਰਫੈੱਡ ਪੰਜਾਬ, ਪਲਵਿੰਦਰ ਸਿੰਘ ਲੰਬੜਦਾਰ ਪੰਜਾਬ ਪ੍ਰਧਾਨ ਰਵੀਦਾਸੀਆਂ ਸਿੱਖ ਵੈਲਫੇਅਰ ਸੋਸਾਇਟੀ, ਜਥੇਦਾਰ ਗੁਰਵਿੰਦਰ ਸਿੰਘ ਸ਼ਾਮਪੁਰ, ਗੁਰਤਿੰਦਰ ਪਾਲ ਸਿੰਘ ਭਾਟੀਆ ਐਡੀਸ਼ਨਲ ਮੈਨੇਜਰ ਸ੍ਰੀ ਦਰਬਾਰ ਸਾਹਿਬ, ਦਵਿੰਦਰ ਸਿੰਘ ਲਾਲੀ ਬਾਜਵਾ ਮੈਨੇਜਰ ਗੁਰਦੁਆਰਾ ਓਠੀਆਂ ਸਾਹਿਬ, ਰੁਪਿੰਦਰ ਸਿੰਘ ਸ਼ਾਮਪੁਰਾ, ਬਲਵਿੰਦਰ ਸਿੰਘ ਲਾਡੀ ਸਾਬਕਾ ਵਿਧਾਇਕ, ਐਡਵੋਕੇਟ ਅਮਨਦੀਪ ਸਿੰਘ ਜੈਂਤੀਪੁਰ, ਹਰਜਿੰਦਰ ਸਿੰਘ ਕਲਸੀ ਡੀ ਪੀ ਆਰ ਓ, ਡਾ. ਲਖਬੀਰ ਸਿੰਘ ਭਾਗੋਵਾਲੀਆ, ਬਲਦੇਵ ਸਿੰਘ ਸ਼ਾਹਪੁਰ ਐਸ ਸੀ ਮੰਡੀਕਰਨ ਬੋਰਡ, ਗੁਰਪਿੰਦਰ ਸਿੰਘ ਸਾਹ ਭਾਗੋਵਾਲ, ਸੁਰਿੰਦਰ ਸਿੰਘ ਸੋਢੀ, ਹਰਪਾਲ ਸਿੰਘ ਖਾਨਫੱਤਾ, ਸਰਬਜੀਤ ਸਿੰਘ ਕਲਸੀ, ਡਾ. ਕਮਲਜੀਤ ਸਿੰਘ ਕੇ ਜੇ, ਡਾਕਟਰ ਹਰਪਾਲ ਸਿੰਘ, ਡਾ. ਹਰਭਜਨ ਸਿੰਘ, ਡਾ. ਗੁਰਮੁੱਖ ਸਿੰਘ, ਰਜੀਵ ਵਿੱਗ, ਦੀਪਕ ਪਥਰੀਆਂ, ਪੁਨੀਤ ਬਾਂਸਲ, ਕਪਿਲ ਗੁਪਤਾ, ਪਵਨ ਵਿਜ, ਮਲਕੀਤ ਸਿੰਘ ਹੈਪੀ ਮੈਨੇਜਰ ਗੁਰਦੁਆਰਾ ਸ੍ਰੀ ਅੱਚਲ ਸਾਹਿਬ, ਤਰਲੋਕ ਸਿੰਘ ਬਾਠ, ਡਾਕਟਰ ਮਨਪ੍ਰੀਤ ਸਿੰਘ ਸਿੰਘ ਸ੍ਰੀ ਹਰਗੋਬਿੰਦਪੁਰ, ਜਗਦੀਸ਼ ਸਿੰਘ ਬੁੱਟਰ ਪ੍ਰਬੰਧਕ ਵਿਆਹ ਪੁਰਬ, ਹਰਜੀਤ ਸਿੰਘ ਸਿੰਘ ਸੁਲਤਾਨਵਿੰਡ, ਨਰਿੰਦਰ ਸਿੰਘ ਸੇਖਵਾਂ, ਲਖਵਿੰਦਰ ਸਿੰਘ ਘੁੰਮਣ, ਗੁਰਜੀਤ ਸਿੰਘ ਬਿਜਲੀ ਵਾਲ ਐਡਵੋਕੇਟ ਰਜਿੰਦਰ ਸਿੰਘ ਪਦਮ ਪ੍ਰਧਾਨ, ਮਾਸਟਰ ਜੋਗਿੰਦਰ ਸਿੰਘ ਅੱਚਲੀ ਗੇਟ, ਕਲਵੰਤ ਸਿੰਘ ਐਮ ਸੀ, ਨਰਿੰਦਰ ਸਿੰਘ ਸੇਖਵਾਂ, ਬਲਦੇਵ ਸਿੰਘ ਸੇਖਵਾਂ, ਸ਼ਮਸ਼ੇਰ ਸਿੰਘ ਚੀਮਾ, ਗੁਰਮੀਤ ਸਿੰਘ ਪੰਨੂੰ, ਜਥੇਦਾਰ ਅਮਰਜੀਤ ਸਿੰਘ ਸੇਖਵਾਂ, ਮਲਕੀਤ ਸਿੰਘ ਮੱਧਰਾ, ਸੋਨੂੰ ਔਲਖ, ਸਤਨਾਮ ਸਿੰਘ ਰਿਆੜ ਮੈਨੇਜਰ ਦਰਬਾਰ ਸਾਹਿਬ, ਮੇਜਰ ਸਿੰਘ ਅਰਜਨ ਮਾਂਗਾ, ਦਰਸ਼ਨ ਸਿੰਘ ਪੁਰੀਆਂ, ਗਿਆਨੀ ਹਰਬੰਸ ਸਿੰਘ ਹੰਸਪਾਲ, ਅਮਰਜੀਤ ਸਿੰਘ ਵੀ ਕੇ, ਚੇਤਨ ਸਿੰਘ ਜੰਡੂ, ਗੁਰਖੇਲ ਸਿੰਘ ਘੁੰਮਣ, ਮਨਜੀਤ ਸਿੰਘ ਹੈਪੀ, ਸਵਿੰਦਰ ਸਿੰਘ ਢਡਿਆਲਾ, ਹਰਭਜਨ ਸਿੰਘ ਸੁਪਰਵਾਈਜ਼ਰ, ਨਿਰਮਲ ਸਿੰਘ ਸੁਪਰਵਾਈਜ਼ਰ ਫਲਾਇੰਗ ਵਿਭਾਗ, ਸਰਬਜੀਤ ਸਿੰਘ ਗੱਜੂਗਾਜੀ ਗੁਰਦੁਆਰਾ ਇੰਸਪੈਕਟਰ ਅਰਸ਼ਪ੍ਰੀਤ ਸਿੰਘ ਸਾਹਿਬ ਭਾਟੀਆ, ਬਲਦੇਵ ਸਿੰਘ ਐਸ ਸੀ ਮੰਡੀਕਰਨ ਬੋਰਡ ਪੰਜਾਬ, ਨਵਪ੍ਰੀਤ ਸਿੰਘ ਪ੍ਰਿੰਸ, ਸੱਚ ਪ੍ਰੀਤ ਸਿੰਘ, ਸਿਮਰਤਪਾਲ ਸਿੰਘ ਭਾਟੀਆ, ਸਾਹਿਬ ਸਿੰਘ ਸ਼ਾਮਚੁਰਾਸੀ, ਦਮਨਪ੍ਰੀਤ ਸਿੰਘ ਰਾਜਾ, ਸਤਨਾਮ ਸਿੰਘ ਪੱਡਾ, ਪਾਲ ਸਿੰਘ ਹਰਦੋਝੰਡੇ, ਗਿਆਨੀ ਭੁਪਿੰਦਰ ਸਿੰਘ ਕਾਲੜਾ, ਰਣਜੀਤ ਸਿੰਘ ਸਾਗਰਪੁਰ, ਡਾ. ਗੁਰਮੁੱਖ ਸਿੰਘ ਬਟਾਲਾ, ਪ੍ਰੇਮ ਸਿੰਘ ਰੰਧਾਵਾ ਸਰਕਲ ਪ੍ਰਧਾਨ, ਗੁਰਪ੍ਰੀਤ ਸਿੰਘ ਕੋਠਾ, ਸਤਿੰਦਰ ਸਿੰਘ ਗਿੱਲ ਮੰਝ, ਬਲਕਾਰ ਸਿੰਘ ਪੰਜਗਰਾਈਂ, ਕਿਰਪਾਲ ਸਿੰਘ ਦੋਲਤਪੁਰ, ਸੰਤੋਖ ਸਿੰਘ ਭੰਬੋਈ, ਗੁਰਵਿੰਦਰ ਸਿੰਘ ਤਲਵੰਡੀ, ਗੁਰਮੁੱਖ ਸਿੰਘ ਬਸਰਾਵਾਂ, ਕੁਲਦੀਪ ਸਿੰਘ ਸੰਗਰਾਵਾਂ, ਅਮਨਦੀਪ ਸਿੰਘ ਕਾਦੀਆਂ, ਕਸ਼ਮੀਰ ਸਿੰਘ ਕੋਟਲਾ ਮੂਸਾ, ਬਲਰਾਜ ਸਿੰਘ ਕੋਟਲਾ ਮੂਸਾ, ਸੁਖਵਿੰਦਰ ਸਿੰਘ ਬੱਲ ਟਰੈਕਟਰ ਵਾਲੇ, ਸਤਨਾਮ ਸਿੰਘ ਪੱਡਾ, ਬਲਰਾਜ ਸਿੰਘ ਕੋਟਲਾ ਮੂਸਾ, ਗੁਰਜੋਤ ਸਿੰਘ ਪਦਮ ਆਦਿ ਲੱਖਾ ਸੰਗਤਾਂ ਨਤਮਸਤਕ ਹੋਈਆਂ।

ਸ੍ਰੀ ਗੁਰੂ ਨਾਨਕ ਦੇਵ ਜੀ ਤੇ ਮਾਤਾ ਸੁਲੱਖਣੀ ਜੀ ਦੇ 537ਵੇਂ ਵਿਆਹ ਪੁਰਬ ਸਲਾਨਾ ਜੋੜ ਮੇਲੇ ਨੂੰ ਸਮਰਪਿਤ ਗੁਰਦੁਆਰਾ ਡੇਹਰਾ ਸਾਹਿਬ ਬਟਾਲਾ ਤੋਂ ਸਜਾਏ ਮਹਾਨ ਨਗਰ ਕੀਰਤਨ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਕਮੇਟੀ ਤੇ ਹੋਰ ਸੰਗਤਾਂ।

# ਰਾਹਤ ਸਮੱਗਰੀ ਤੋਂ ਲੈ ਕੇ ਸਿਹਤ ਸੇਵਾਵਾਂ ਤੱਕ-ਹਰ ਪਲ ਹੜ੍ਹ ਪੀੜਤਾਂ ਨਾਲ ਖੜ੍ਹੀ ਹੈ ਮਾਨ ਸਰਕਾਰ : ਅਮਨ ਅਰੋੜਾ

## ਸੁਨਾਮ ਤੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ 11 ਟਰੱਕ ਭੇਜੇ



ਚੰਡੀਗੜ੍ਹ/ਸੁਨਾਮ, 30 ਅਗਸਤ (ਰਾਓਵਰਿੰਦਰ ਸਿੰਘ ਮਠਾੜੂ/ਮੋਹਣ ਸ਼ਰਮਾ): ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਪੰਜਾਬ ਸਰਕਾਰ, ਆਮ ਲੋਕਾਂ ਅਤੇ ਵੱਖ ਵੱਖ ਸੰਸਥਾਵਾਂ ਵੱਲੋਂ ਰਾਹਤ ਸਮੱਗਰੀ ਭੇਜਣੀ ਲਗਾਤਾਰ ਜਾਰੀ ਹੈ। ਹੜ੍ਹ ਪ੍ਰਭਾਵਿਤ ਇਲਾਕੇ ਦੇ ਲੋਕਾਂ ਦੀ ਹਰ ਪ੍ਰਕਾਰ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਸਿਹਤ ਸੇਵਾਵਾਂ ਵੱਲ ਵੀ ਵਿਸ਼ੇਸ਼ ਤਵੱਜੋਂ ਦਿੱਤੀ ਜਾ ਰਹੀ ਹੈ। ਲੋਕਾਂ ਦੇ ਸਹਿਯੋਗ ਨਾਲ ਸੂਬਾ ਸਰਕਾਰ ਦੀ ਸਾਰੀ ਮਸ਼ੀਨਰੀ ਹੜ੍ਹ ਪੀੜਤਾਂ ਦੀ ਮਦਦ ਲਈ ਦਿਨ ਰਾਤ ਇੱਕ ਕਰ ਰਹੀ ਹੈ। ਪੰਜਾਬ ਦੇ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਸ਼ਨੀਵਾਰ ਨੂੰ ਸੁਨਾਮ ਤੋਂ ਰਾਹਤ ਸਮੱਗਰੀ ਦੇ 11 ਟਰੱਕ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਰਵਾਨਾ ਕੀਤੇ। ਇਨ੍ਹਾਂ ਟਰੱਕਾਂ ਵਿੱਚ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੀ ਸਹਾਇਤਾ ਲਈ ਰਾਸ਼ਨ ਕਿੱਟਾਂ, ਖਾਣ-ਪੀਣ ਦੀਆਂ ਵਸਤਾਂ ਅਤੇ ਜਾਨਵਰਾਂ ਲਈ ਚਾਰੇ ਸਮੇਤ ਜ਼ਰੂਰੀ ਸਮਾਨ ਸੀ। ਓਧਰ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਫਾਜ਼ਿਲਕਾ ਜ਼ਿਲ੍ਹੇ ਦੇ ਦੌਰੇ ਦੇ ਦੂਜੇ ਦਿਨ ਜ਼ਿਲ੍ਹਾ ਪ੍ਰਸ਼ਾਸਨ ਨਾਲ ਹੜ੍ਹ ਰਾਹਤ ਪ੍ਰਬੰਧਾਂ ਦੀ ਸਮੀਖਿਆ ਕੀਤੀ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਜ਼ਿਲ੍ਹੇ ਵਿੱਚ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਰਾਸ਼ਨ ਵੰਡਣ ਦਾ ਪਹਿਲਾ ਗੇੜ ਪੂਰਾ ਕਰ ਲਿਆ ਗਿਆ ਹੈ ਅਤੇ ਹੁਣ ਦੂਜੇ ਗੇੜ ਵਿੱਚ ਮੁੜ ਤੋਂ ਪ੍ਰਭਾਵਿਤ ਪਰਿਵਾਰਾਂ ਤੱਕ ਰਾਸ਼ਨ ਕਿੱਟਾਂ ਭੇਜੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਪਹਿਲੇ ਰਾਊਂਡ ਵਿੱਚ 3835 ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ ਗਈਆਂ ਹਨ ਅਤੇ ਕੈਟਲ ਫੀਡ ਤਕਸੀਮ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਰਾਹਤ ਕੈਂਪਾਂ ਵਿੱਚ ਆਏ ਲੋਕਾਂ ਦੀ ਹਰ ਪ੍ਰਕਾਰ ਨਾਲ ਮਦਦ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਪੱਤਣ ਪੋਸਟ, ਕਾਵਾਂ ਵਾਲੀ ਪੱਤਣ ਤੇ ਅੱਤੂ ਵਾਲਾ ਪੁੱਲ ਵਿਖੇ 24 ਘੰਟੇ ਲਈ ਮੈਡੀਕਲ ਟੀਮਾਂ ਤੈਨਾਤ ਕੀਤੀਆਂ ਗਈਆਂ ਹਨ।

ਸਿਹਤ ਵਿਭਾਗ ਵੱਲੋਂ ਹੁਣ ਤੱਕ 1500 ਮਰੀਜ਼ਾਂ ਨੂੰ ਚੈੱਕ ਕਰਕੇ ਲੋੜੀਂਦੀਆਂ ਦਵਾਈਆਂ ਮੁਫਤ ਦਿੱਤੀਆਂ ਗਈਆਂ ਹਨ ਜਦਕਿ ਪਸ਼ੂ ਪਾਲਣ ਵਿਭਾਗ ਦੀਆਂ 14 ਟੀਮਾਂ ਵੀ ਜ਼ਿਲ੍ਹੇ ਵਿੱਚ ਕਾਰਜਸ਼ੀਲ ਹਨ। ਇਸ ਮੌਕੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਵੀ ਵਰਦੇ ਮੀਂਹ ਵਿੱਚ ਫਾਜ਼ਿਲਕਾ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ। ਭੁੱਲਰ ਨੇ ਪਿੰਡ ਕੋਟ ਬੁੱਢਾ, ਭੋਜੋਕੇ, ਝੁੱਗੀਆਂ ਪੀਰ ਬਖ਼ਸ਼, ਰਾਦਲਕੇ, ਰਾਮ ਸਿੰਘ ਵਾਲਾ, ਸਭਰਾ ਅਤੇ ਰਸੂਲਪੁਰ ਸਮੇਤ ਧੁੱਸੀ ਬੰਨ੍ਹ ਨਾਲ ਲੱਗਦੇ ਕਈ ਪਿੰਡਾਂ ਵਿੱਚ ਸੁੱਕਾ ਰਾਸ਼ਨ, ਪੀਣ ਵਾਲਾ ਪਾਣੀ, ਖਾਣ-ਪੀਣ ਦੀਆਂ ਲੋੜੀਂਦੀਆਂ ਵਸਤੂਆਂ ਅਤੇ ਪਸ਼ੂਆਂ ਲਈ ਚਾਰਾ, ਫੀਡ ਤੇ ਚੋਕਰ ਵੰਡਿਆ। ਉਨ੍ਹਾਂ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਕੋਈ ਵੀ ਪਰਿਵਾਰ ਰਾਸ਼ਨ ਤੋਂ ਬਿਨਾਂ ਨਹੀਂ ਰਹੇਗਾ। ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਅਤੇ ਡਾ. ਬਲਬੀਰ ਸਿੰਘ ਵੱਲੋਂ ਭੋਆ ਦੇ ਬਮਿਆਲ ਖੇਤਰ ਅਤੇ ਨਰੋਟ ਜੈਮਲ ਸਿੰਘ ਦੇ ਹੜ੍ਹ ਪ੍ਰਭਾਵਿਤ ਵੱਖ ਵੱਖ ਪਿੰਡਾਂ ਦਾ ਦੌਰਾ ਕੀਤਾ ਗਿਆ ਅਤੇ ਰਾਵੀ ਦਾ ਵੀ ਜਾਇਜ਼ਾ ਲਿਆ ਗਿਆ। ਇਨ੍ਹਾਂ ਵਿੱਚ ਨਰੋਟ ਜੈਮਲ ਸਿੰਘ, ਜੈਦਪੁਰ, ਬਮਿਆਲ, ਭਗਵਾਲ, ਕੋਹਲੀਆਂ ਅੱਡਾ ਆਦਿ ਸ਼ਾਮਿਲ ਸਨ। ਇਸ ਮੌਕੇ ਸਰਨਾ ਤੋਂ ਵੱਖ ਵੱਖ ਖੇਤਰਾਂ ਲਈ ਰਾਸ਼ਨ ਦੀਆਂ ਭਰੀਆਂ ਗੱਡੀਆਂ ਵੀ ਰਵਾਨਾ ਕੀਤੀਆਂ ਗਈਆਂ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਕਰੀਬ 27 ਮੈਡੀਕਲ ਕੈਂਪ ਹਰ ਰੋਜ਼ ਲਗਾਏ ਜਾ ਰਹੇ ਹਨ ਅਤੇ ਕਰੀਬ 500-600 ਲੋਕ ਰੋਜ਼ ਇਨ੍ਹਾਂ ਮੈਡੀਕਲ ਕੈਂਪਾਂ ਤੋਂ ਲਾਭ ਪ੍ਰਾਪਤ ਕਰ ਰਹੇ ਹਨ।

# 328 ਪਾਵਨ ਸਰੂਪਾਂ ਬਾਬਤ ਤੁਰੰਤ ਕਾਰਵਾਈ ਲਈ ਹਾਈਕੋਰਟ ਵੱਲੋਂ ਡੀ.ਜੀ.ਪੀ. ਪੰਜਾਬ ਨੂੰ ਹੁਕਮ

## ਜੇਕਰ ਹਾਈਕੋਰਟ ਦੇ ਹੁਕਮ ਤੁਰੰਤ ਨਾ ਲਾਗੂ ਹੋਏ ਤਾਂ 7 ਸਤੰਬਰ ਦੇ ਇਕੱਠ 'ਚ ਧੌਣ 'ਤੇ ਗੋਡਾ ਦੇ ਕੇ ਲਾਗੂ ਕਰਵਾਵਾਂਗੇ : ਭਾਈ ਬਲਦੇਵ ਸਿੰਘ ਸਿਰਸਾ



ਚੰਡੀਗੜ੍ਹ, 30 ਅਗਸਤ (ਚ.ਨ.ਸ.): ਜਿਕਰਯੋਗ ਹੈ ਕਿ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਨੁਮਾਇੰਦਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਿੱਚੋਂ 328 ਪਾਵਨ ਸਰੂਪ ਚੋਰੀ ਹੋਏ,2 ਲੱਖ 4 ਹਜਾਰ 536 ਅੰਗ ਲਾਪਤਾ ਹੋਏ,9 ਲੱਖ 92 ਹਜਾਰ 886 ਅੰਗ ਅਣਅਧਿਕਾਰਤ ਛਪੇ,61 ਪਾਵਨ ਸਰੂਪ ਅਣਅਧਿਕਾਰਤ ਤਿਆਰ ਕੀਤੇ ਗਏ,125 ਪਾਵਨ ਸਰੂਪਾਂ ਦੀ ਬੇਅਦਬੀ ਹੋਈ,ਸੈਂਕੜੇ ਪਾਵਨ ਸਰੂਪ ਅੱਗ ਦੀ ਭੇਟ ਚੜ੍ਹੇ,10 ਲੱਖ ਫਰਮੇ ਪ੍ਰਾਈਵੇਟ ਠੇਕੇਦਾਰਾਂ ਤੋਂ ਫੜ੍ਹੇ ਗਏ,9 ਲੱਖ 82 ਹਜਾਰ 786 ਰੁਪਏ ਪਬਲਿਕ ਫੰਡ ਚ ਹੇਰਾਫੇਰੀ ਹੋਈ, ਕੋਹਲੀ ਨਾਮ ਦੇ ਬੰਦੇ ਨੂੰ ਦਿੱਤੇ ਕਰੋੜਾਂ ਰੁਪਏ ਦਿੱਤੇ ਗੁਰੂ ਕੀ ਗੋਲਕ ਵਿੱਚੋਂ ਜੋ ਦਿੱਤੇ ਸਨ ਦੀ 75 ਫੀਸਦੀ ਵਸੂਲੀ ਲਈ ਲਿਖਿਆ ਗਿਆ ਇਹ ਅਪਰਾਧ ਕ੍ਰਾਈਮ ਦੀ ਪੜਤਾਲ ਸ੍ਰੀ ਅਕਾਲ ਤਖ਼ਤ ਜੀ ਦੀ ਸਕੱਤਰੇਤ ਵੱਲੋਂ ਗਿ ਹਰਪ੍ਰੀਤ ਸਿੰਘ ਨੇ ਈਸ਼ਰ ਸਿੰਘ ਐਡਵੋਕੇਟ ਕਮਿਸ਼ਨ ਕਾਇਮ ਕਰਕੇ ਕਰਵਾਈ ਜਿਸ ਨੂੰ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਜਨਤਕ ਕਰਕੇ ਫੌਜਦਾਰੀ ਮੁਕੱਦਮੇ ਦਰਜ ਕਰਵਾਉਣ ਲਈ ਮੰਨਿਆ ਪਰ ਬਾਅਦ ਵਿੱਚ ਸ਼੍ਰੋਮਣੀ ਕਮੇਟੀ ਕਾਬਜ ਇਹ ਲੋਕ ਮੁੱਕਰ ਜਾਣ ਤੇ ਭਾਈ ਬਲਦੇਵ ਸਿੰਘ ਵਡਾਲਾ ਦੀ ਅਗਵਾਈ ਵਿੱਚ ਸਿੱਖ ਸਦਭਾਵਨਾਦਲ ਵੱਲੋਂ ਪਿਛਲੇ ਪੰਜ ਸਾਲ ਤੋਂ ਨਿਰੰਤਰ ਪੰਥਕ ਦਿੱਤਾ ਜਾ ਰਿਹਾ ਹੈ ਜਿਸ ਦੌਰਾਨ ਭਾਈ ਗੁਰਵਤਨ ਸਿੰਘ ਮੁਕੇਰੀਆਂ ਦੀ ਅਗਵਾਈ ਚ ਵੀਹ ਬੰਦਿਆਂ ਵੱਲੋਂ ਪਿਛਲੇ ਦਿਨੀ ਇੱਕ ਪੀ ਆਈ ਐਲ ਐਡਵੋਕੇਟ ਅਰੁਣ ਸ਼ਰਮਾ ਐਡਵੋਕੇਟ ਕਮਲਦੀਪ ਕੌਰ ਵੱਲੋਂ ਮਾਨਯੋਗ ਹਾਈਕੋਰਟ ਪੰਜਾਬ ਹਰਿਆਣਾ ਚੰਡੀਗੜ੍ਹ ਵਿੱਚ ਦਾਇਰ ਕੀਤੀ ਗਈ ਸੀ।

ਐਡਵੋਕੇਟ ਅਰੁਣ ਸ਼ਰਮਾ ਐਡਵੋਕੇਟ ਕਮਲਦੀਪ ਕੌਰ ਵਲੋਂ ਦਿੱਤੇ ਗਏ ਲੀਗਲ ਨੋਟਿਸ ਤੇ ਮਾਨਯੋਗ ਅਦਾਲਤ ਵੱਲੋਂ ਸੁਣਵਾਈ ਕਰਦਿਆਂ ਅੱਜ ਡੀਜੀਪੀ ਪੰਜਾਬ ਨੂੰ ਦੋਸ਼ੀਆ ਖਿਲਾਫ ਤੁਰੰਤ ਕਾਰਵਾਈ ਲਈ ਆਰਡਰ ਕੀਤੇ ਗਏ।ਈਸ਼ਰ ਸਿੰਘ ਐਡਵੋਕੇਟ ਕਮਿਸ਼ਨ ਦੀ ਪੜਤਾਲ ਅਤੇ ਲੀਗਲ ਨੋਟਿਸ ਅਨੁਸਾਰ ਪਾਏ ਗਏ ਦੋਸ਼ੀ ਡਾ ਰੂਪ ਸਿੰਘ ਮੁੱਖ ਸਕੱਤਰ, ਮਨਜੀਤ ਸਿੰਘ ਧਰਮ ਪ੍ਰਚਾਰ ਸਕੱਤਰ, ਗੁਰਬਚਨ ਸਿੰਘ ਮੀਤ ਸਕੱਤਰ, ਸਤਿੰਦਰ ਸਿੰਘ ਮੀਤ ਸਕੱਤਰ ਵਿਤੀ, ਨਿਸ਼ਾਨ ਸਿੰਘ ਮੀਤ ਸਕੱਤਰ, ਪਰਮਦੀਪ ਸਿੰਘ ਇੰਚਾਰਜ, ਗੁਰਮੁੱਖ ਸਿੰਘ ਸੁਪਰਵਾਈਜ਼ਰ ਪਬਲੀਕੇਸ਼ਨ ਵਿਭਾਗ, ਜੁਝਾਰ ਸਿੰਘ ਸਹਾਇਕ ਅਕਾਊਂਟੈਂਟ, ਬਾਜ ਸਿੰਘ ਕਲਰਕ, ਦਲਬੀਰ ਸਿੰਘ ਹੈਲਪਰ, ਕੰਵਲਜੀਤ ਸਿੰਘ ਸਹਾਇਕ, ਕੁਲਵੰਤ ਸਿੰਘ ਜਿਲਦਸਾਜ, ਜਸਪ੍ਰੀਤ ਸਿੰਘ ਜਿਲਦਸਾਜ, ਹਰਚਰਨ ਸਿੰਘ ਫਾਰਮਰ ਮੁਖ ਸਕੱਤਰ, ਸਤਿੰਦਰ ਸਿੰਘ ਕੋਹਲੀ ਸੀ ਏ, ਅਮਰਜੀਤ ਸਿੰਘ ਸੇਵਾਦਾਰ ਅੰਗੀਠਾ ਸਾਹਿਬ ਗੋਇੰਦਵਾਲ ਸਾਹਿਬ, ਇਹ ਜਾਣਕਾਰੀ ਐਡਵੋਕੇਟ ਅਰੁਣ ਸ਼ਰਮਾ ਅਤੇ ਐਡਵੋਕੇਟ ਕਮਲਦੀਪ ਕੌਰ ਵਲੋਂ ਸਾਂਝੀ ਕੀਤੀ ਗਈ।ਮੌਕੇ ਤੇ ਹਾਜ਼ਰ ਹੋਏ ਨੁਮਾਇੰਦਿਆ ਵਿੱਚ ਭਾਈ ਬਲਦੇਵ ਸਿੰਘ ਵਡਾਲਾ ਭਾਈ ਬਲਦੇਵ ਸਿੰਘ ਸਿਰਸਾ ਭਾਈ ਗੁਰਮੀਤ ਸਿੰਘ ਬੂਹੀ ਭਾਈ ਲਾਭ ਸਿੰਘ ਬਰਾੜ ਭਾਈ ਹਰਦੀਪ ਸਿੰਘ ਚੰਡੀਗੜ੍ਹ ਹਾਜ਼ਰ ਸਨ।

# ਜਿਊਲਰ ਹਮਲੇ ਦਾ ਮੁੱਖ ਸ਼ੂਟਰ ਗ੍ਰਿਫ਼ਤਾਰ

## ਕਾਬੂ ਸ਼ੂਟਰ ਗੈਂਗਸਟਰ ਲਖਬੀਰ ਲੰਡਾ ਦੇ ਇਸ਼ਾਰਿਆਂ 'ਤੇ ਵਾਰਦਾਤਾਂ ਨੂੰ ਦਿੰਦਾ ਸੀ ਅੰਜ਼ਾਮ : ਡੀਜੀਪੀ



ਚੰਡੀਗੜ੍ਹ, 30 ਅਗਸਤ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਸੰਗਠਿਤ ਅਪਰਾਧ ਵਿਰੁੱਧ ਵੱਡੀ ਸਫਲਤਾ ਹਾਸਲ ਕਰਦਿਆਂ, ਪੰਜਾਬ ਪੁਲਿਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਨੇ ਜਿਊਲਰ ਹਮਲੇ ਵਿੱਚ ਸ਼ਾਮਲ ਮੁੱਖ ਸ਼ੂਟਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਜਗਰੋਸ਼ਨ ਸਿੰਘ ਵਾਸੀ ਨੌਸ਼ਹਿਰਾ ਪੰਨੂਆਂ, ਤਰਨਤਾਰਨ ਵਜੋਂ ਹੋਈ ਹੈ। ਮੁਲਜ਼ਮ ਦਾ ਕੋਈ ਅਪਰਾਧਿਕ ਪਿਛੋਕੜ ਨਹੀਂ ਹੈ। ਜਾਣਕਾਰੀ ਅਨੁਸਾਰ, 14 ਅਗਸਤ, 2025 ਨੂੰ ਸ਼ਾਮ 6 ਵਜੇ ਦੇ ਕਰੀਬ ਜ਼ਿਲ੍ਹਾ ਫਿਰੋਜ਼ਪੁਰ ਦੇ ਜ਼ੀਰਾ ਵਿੱਚ ਕੁਝ ਅਣਪਛਾਤੇ ਵਿਅਕਤੀਆਂ ਨੇ ਇੱਕ ਜਿਊਲਰੀ ਸ਼ਾਪ ਦੇ ਮਾਲਕ 'ਤੇ ਗੋਲੀਬਾਰੀ ਕੀਤੀ ਸੀ ਅਤੇ ਇਸ ਹਮਲੇ ਦੌਰਾਨ ਦੁਕਾਨ ਮਾਲਕ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ ਸੀ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਸ਼ੂਟਰਾਂ ਨੇ ਵਿਦੇਸ਼ ਅਧਾਰਤ ਗੈਂਗਸਟਰ ਲਖਬੀਰ ਸਿੰਘ ਉਰਫ਼ ਲੰਡਾ ਦੇ ਇਸ਼ਾਰਿਆਂ 'ਤੇ ਇਸ ਵਾਰਦਾਤ ਨੂੰ ਅੰਜ਼ਾਮ ਦਿੱਤਾ ਸੀ।ਇਸ ਆਪਰੇਸ਼ਨ ਬਾਰੇ ਵੇਰਵੇ ਸਾਂਝੇ ਕਰਦਿਆਂ, ਏਜੀਟੀਐਫ ਦੇ ਐਡੀਸ਼ਨਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਏਡੀਜੀਪੀ) ਪ੍ਰਮੋਦ ਬਾਨ ਨੇ ਦੱਸਿਆ ਕਿ ਭਰੋਸੇਯੋਗ ਜਾਣਕਾਰੀ 'ਤੇ ਕਾਰਵਾਈ ਕਰਦਿਆਂ, ਡੀਐਸਪੀ ਏਜੀਟੀਐਫ ਰਾਜਨ ਪਰਮਿੰਦਰ ਦੀ ਅਗਵਾਈ ਵਿੱਚ ਏਜੀਟੀਐਫ ਦੀਆਂ ਪੁਲਿਸ ਟੀਮਾਂ ਨੇ ਜ਼ੀਰਾ ਦੇ ਪਿੰਡ ਮਨਸੂਰ ਦੇਵਾ ਵਿੱਚ ਝਟਰਾ ਰੋਡ 'ਤੇ ਨਹਿਰ ਦੇ ਪੁਲ ਤੋਂ ਦੋਸ਼ੀ ਜਗਰੋਸ਼ਨ ਨੂੰ ਗ੍ਰਿਫ਼ਤਾਰ ਕਰ ਲਿਆ। ਏਡੀਜੀਪੀ ਨੇ ਦੱਸਿਆ ਕਿ ਜਗਰੋਸ਼ਨ ਜਿਊਲਰ ਹਮਲੇ ਸਬੰਧੀ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਤੀਜਾ ਦੋਸ਼ੀ ਹੈ ਅਤੇ ਉਹ ਇਸ ਹਮਲੇ ਵਿੱਚ ਮੁੱਖ ਸ਼ੂਟਰ ਸੀ।ਇਸ ਸਬੰਧੀ, ਐਫਆਈਆਰ ਨੰਬਰ 87 ਮਿਤੀ 15.08.2025 ਨੂੰ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀਆਂ ਧਾਰਾਵਾਂ 109 ਅਤੇ 309 (6) ਅਤੇ ਅਸਲਾ ਐਕਟ ਦੀਆਂ ਧਾਰਾਵਾਂ 25 ਅਤੇ 27 ਤਹਿਤ ਥਾਣਾ ਜ਼ੀਰਾ ਵਿਖੇ ਪਹਿਲਾਂ ਹੀ ਦਰਜ ਕੀਤੀ ਜਾ ਚੁੱਕੀ ਹੈ।

# ਹੜ੍ਹ ਤੇ ਸੋਕੇ ਦਾ ਨੁਕਸਾਨ ਪੰਜਾਬ ਦੇ ਹਿੱਸੇ ਆਇਆ, ਇਸ ਦੋਹਰੀ ਨੀਤੀ ਦੇ ਅੰਤ ਦਾ ਸਮਾਂ ਆ ਚੁੱਕੈ : ਗਿ. ਹਰਪ੍ਰੀਤ ਸਿੰਘ



ਅੰਮ੍ਰਿਤਸਰ, 30 ਅਗਸਤ (ਅੰਮ੍ਰਿਤਪਾਲ ਸਿੰਘ): ਪੁਨਰ ਸੁਰਜੀਤ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋ ਅੱਜ ਹੜ੍ਹ ਨਾਲ ਪ੍ਰਭਾਵਿਤ ਇਲਾਕਿਆਂ ਜ਼ਿਲਾ ਫਿਰੋਜ਼ਪੁਰ ਅਤੇ ਹਰੀਕੇ ਪੱਤਣ ਦਾ ਦੌਰਾ ਕੀਤਾ ਗਿਆ । ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਾਣੀਆਂ ਦੀ ਵੰਡ ਤੇ ਧੋਖੇ ਅਤੇ ਠੱਗੀ ਦੀ ਨੀਤੀ ਨੂੰ ਜੜ੍ਹੋਂ ਪੁੱਟਣ ਦਾ ਸਮਾਂ ਆ ਗਿਆ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਵੱਖ ਵੱਖ ਸਮੇਂ ਕੇਂਦਰ ਦੀਆਂ ਸਰਕਾਰਾਂ ਨੇ ਪਾਣੀਆਂ ਦੇ ਮਸਲੇ ਤੇ ਪੰਜਾਬ ਨਾਲ ਧੋਖਾ ਕੀਤਾ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਜਦੋਂ ਸਮੁੱਚੇ ਪੰਜਾਬੀਆਂ ਨੂੰ ਇੱਕਠੇ ਹੋ ਕੇ ਦੂਜੇ ਸੂਬਿਆਂ ਨੂੰ ਦਿੱਤੇ ਜਾਣ ਵਾਲੇ ਪਾਣੀ ਦੀ ਕੀਮਤ ਵਸੂਲਣ ਲਈ ਆਵਾਜ ਬੁਲੰਦ ਕਰਨੀ ਚਾਹੀਦੀ ਹੈ। ਪੰਜਾਬ ਇੱਕ ਰਿਪੇਰੀਅਨ ਸੂਬਾ ਹੈ,ਜਿਸ ਕਰਕੇ ਹੜ੍ਹ ਦਾ ਸਭ ਤੋਂ ਵੱਧ ਨੁਕਸਾਨ ਹੁਣ ਤੱਕ ਪੰਜਾਬ ਨੂੰ ਝੱਲਣਾ ਪਿਆ। ਦੂਜੇ ਸੂਬੇ ਆਪਣੇ ਕੁਦਰਤੀ ਵਸੀਲਿਆਂ ਤੋਂ ਆਪਣੇ ਸੂਬਿਆਂ ਦੀ ਆਮਦਨ ਵਿੱਚ ਵਾਧਾ ਕਰਦੇ ਹਨ, ਇਸ ਕਰਕੇ ਪੰਜਾਬ ਨੂੰ ਵੀ ਹੱਕ ਹੈ ਕਿ ਓਹ ਹਰਿਆਣਾ ਰਾਜਸਥਾਨ ਦਿੱਲੀ ਨੂੰ ਦਿੱਤੇ ਜਾਣ ਵਾਲੇ ਪਾਣੀ ਤੇ ਬਣਦੀ ਕੀਮਤ ਵਸੂਲ ਕਰੇ। ਪਾਣੀ ਦੀ ਵਸੂਲੀ ਕੀਮਤ ਨਾਲ ਸੂਬੇ ਦਾ ਬਜਟ ਵਧੇਗਾ ਅਤੇ ਇਸ ਪੈਸੇ ਨੂੰ ਡੈਮ ਪੱਕੇ ਕਰਨ, ਬੰਨ ਪੱਕੇ ਕਰਨ ਅਤੇ ਨਹਿਰੀ ਸੰਚਾਈ ਹੇਠ ਰਕਬਾ ਵਧਾਇਆ ਜਾ ਸਕਦਾ ਹੈ। ਇਸ ਤਰੀਕੇ ਨਾਲ ਜਿੱਥੇ ਇੱਕ ਪਾਸੇ ਹੜ੍ਹ ਤੋ ਹੋਣ ਵਾਲੇ ਕੁਦਰਤੀ ਨੁਕਸਾਨ ਤੋ ਬਚਿਆ ਜਾ ਸਕਦਾ ਹੈ,ਉਥੇ ਦੀ ਸੂਬੇ ਦੀ ਆਮਦਨ ਵਧੇਗੀ ਅਤੇ ਜ਼ਮੀਨ ਹੇਠਲਾ ਪਾਣੀ ਪ੍ਰਦੂਸ਼ਿਤ ਹੋਣ ਤੋਂ ਅਤੇ ਡਾਰਕ ਜ਼ੋਨ ਵਿੱਚ ਜਾਣ ਤੋਂ ਬਚੇਗਾ। ਗਿਆਨੀ ਹਰਪ੍ਰੀਤ ਸਿੰਘ ਨੇ ਸਾਲ 2023 ਵਿੱਚ ਹਿਮਾਚਲ ਪ੍ਰਦੇਸ਼ ਅਤੇ ਦਿੱਲੀ ਸਰਕਾਰ ਵਿਚਾਲੇ ਹੋਏ ਐਗਰੀਮੈਂਟ ਦਾ ਹਵਾਲਾ ਦਿੰਦੇ ਕਿਹਾ ਕਿ ਜੇਕਰ ਦਿੱਲੀ ਸਰਕਾਰ, ਹਿਮਾਚਲ ਪ੍ਰਦੇਸ਼ ਤੋਂ ਮੁੱਲ ਪਾਣੀ ਖਰੀਦ ਸਕਦੀ ਹੈ ਤਾਂ ਪੰਜਾਬ ਦਾ ਪਾਣੀ ਮੁਫ਼ਤ ਹੀ ਕਿਉਂ ਲੁੱਟਿਆ ਜਾ ਰਿਹਾ ਹੈ।

ਗਿਆਨੀ ਹਰਪ੍ਰੀਤ ਸਿੰਘ ਵੱਲੋ ਅੱਜ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਦੇ ਹੋਏ, ਇਹਨਾਂ ਇਲਾਕਿਆਂ ਵਿੱਚ ਜਿੱਥੇ ਰਾਸ਼ਨ ਸਮੱਗਰੀ ਨੂੰ ਭੇਜਿਆ ਉੱਥੇ ਹੀ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਵੱਲੋ ਚਲਾਏ ਜਾ ਰਹੇ ਰਾਹਤ ਕੈਂਪਾਂ ਦਾ ਵੀ ਦੌਰਾ ਕੀਤਾ। ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨੂੰ ਮੁੜ ਹਦਾਇਤ ਕੀਤੀ ਕਿ ਓਹ ਹਰ ਤਰਾਂ ਦੀ ਮੱਦਦ ਲਈ ਤਿਆਰ ਰਹਿਣ। ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਪੂਰੀ ਤਰਾਂ ਫੇਲ੍ਹ ਹੋ ਚੁੱਕੀ ਹੈ,ਪੰਜਾਬੀ ਆਪਣੀ ਫਿਤਰਤ ਅਨੁਸਾਰ ਪੀੜਤ ਪਰਿਵਾਰਾਂ ਦੀ ਮਦਦ ਲਈ ਅੱਗੇ ਆਏ ਹਨ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਪੰਜਾਬ ਪ੍ਰਤੀ ਸ਼ੁਰੂ ਤੋਂ ਜਾਰੀ ਬੇਗਾਨਗੀ ਵਾਲੀ ਨਜ਼ਰ ਦੂਰ ਨਹੀਂ ਕੀਤੀ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਹ ਨਹੀਂ ਹੋ ਸਕਦਾ ਕਿ ਕੇਂਦਰ ਸਰਕਾਰ ਕੋਲ ਪੰਜਾਬ ਦੇ ਤਾਜਾ ਹਾਲਤਾਂ ਦੀ ਕੋਈ ਰਿਪੋਰਟ ਹੀ ਨਾ ਹੋਵੇ, ਪਰ ਕੇਂਦਰ ਸਰਕਾਰ ਵਲੋਂ ਔਖੀ ਘੜੀ ਵਿੱਚ ਵੱਟੀ ਚੁੱਪ ਪੰਜਾਬੀਆਂ ਨੂੰ ਦਰਦ ਜ਼ਰੂਰ ਦੇ ਰਹੀ ਹੈ। ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਦੌਰੇ ਮੌਕੇ ਗਿਆਨੀ ਹਰਪ੍ਰੀਤ ਸਿੰਘ ਦੇ ਨਾਲ ਬਰਜਿੰਦਰ ਸਿੰਘ ਬਰਾੜ, ਅਜੇਪਾਲ ਸਿੰਘ ਬਰਾੜ,ਦਵਿੰਦਰ ਸਿੰਘ ਸੇਖੋਂ, ਕੁਲਬੀਰ ਸਿੰਘ ਮੱਤਾ, ਅਮਨਿੰਦਰ ਸਿੰਘ ਬਨੀ ਬਰਾੜ, ਗਗਨਦੀਪ ਸਿੰਘ ਸੰਧੂ ਅਤੇ ਮਨਪ੍ਰੀਤ ਸਿੰਘ ਭੋਲੂਵਾਲਾ ਹਾਜ਼ਰ ਸਨ।

# ਭਿਆਨਕ ਹੜ੍ਹਾਂ 'ਚ ਫਸੇ ਪੰਜਾਬੀਆਂ ਦੀ ਸੇਵਾ ਕਰਨੀ ਸਾਡਾ ਮੁੱਢਲਾ ਫਰਜ਼ : ਕਾਲਕਾ, ਕਾਹਲੋਂ



ਨਵੀਂ ਦਿੱਲੀ , 30 ਅਗਸਤ (ਅੰਮ੍ਰਿਤਪਾਲ ਸਿੰਘ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਭਿਆਨਕ ਹੜ੍ਹਾਂ ਵਿਚ ਫਸੇ ਪੰਜਾਬੀਆਂ ਦੀ ਮਦਦ ਕਰਨਾ ਸਾਡਾ ਮੁੱਢਲਾ ਫਰਜ਼ ਹੈ ਤੇ ਇਸ ਮਾਮਲੇ ਵਿਚ ਦਿੱਲੀ ਗੁਰਦੁਆਰਾ ਕਮੇਟੀ ਕਦੇ ਵੀ ਪਿੱਛੇ ਨਹੀਂ ਹਟੇਗੀ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਰਮੀਤ ਸਿੰਘ ਕਾਲਕਾ ਤੇ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਜਿਵੇਂ ਹੀ ਸਾਡੇ ਕੋਲ ਸੂਚਨਾ ਪਹੁੰਚੀ ਕਿ ਪੰਜਾਬ ਨੂੰ ਭਿਆਨਕ ਹੜ੍ਹਾਂ ਨੇ ਘੇਰ ਲਿਆ ਹੈ ਤਾਂ ਅਸੀਂ ਤੁਰੰਤ ਪੰਜਾਬ ਵਿਚ ਆਪਣੇ ਧਰਮ ਪ੍ਰਚਾਰ ਕਮੇਟੀ ਦੇ ਪ੍ਰਧਾਨ ਭਾਈ ਮਨਜੀਤ ਸਿੰਘ ਭੋਮਾ ਦੀ ਡਿਊਟੀ ਹਾਲਾਤਾਂ ਦੇ ਜਾਇਜ਼ੇ ਵਾਸਤੇ ਲਗਾਈ। ਉਹਨਾਂ ਦੱਸਿਆ ਕਿ ਰਿਪੋਰਟ ਮਿਲਦੇ ਸਾਰੇ ਹੀ ਅਸੀਂ ਰਾਸ਼ਨ ਤੇ ਜ਼ਰੂਰੀ ਸਮਾਨ ਵਾਲੀਆਂ ਟੀਮਾਂ ਪੰਜਾਬ ਲਈ ਰਵਾਨਾ ਕੀਤੀਆਂ। ਉਹਨਾਂ ਦੱਸਿਆ ਕਿ ਸਾਡੇ ਵੱਲੋਂ ਇਸ ਵੇਲੇ ਗੁਰਦਾਸਪੁਰ ਦੇ ਪਿੰਡ ਡੇਰਾ ਪਠਾਣਾ ਵਿਚ ਮੁੱਖ ਸੜਕ 'ਤੇ ਮੁੱਖ ਕੈਂਪ ਲਗਾਇਆ ਹੋਇਆ ਹੈ ਜਿਸ ਰਾਹੀਂ ਅਸੀਂ ਨੇੜਲੇ ਪਿੰਡਾਂ ਰੱਤਾ ਹਵੇਲੀਆਂ, ਤਲਵੰਡੀ ਰਸੀਕੇ, ਜੋੜਾ ਬਹਿਲੋਰਪੁਰ ਘੁੰਮਣ, ਟਾਹਲੀ ਸਾਹਿਬ ਅਬਦਾਲ, ਮੂਲੋਵਾਲੀ ਆਦਿ ਵਿਚ ਹੜ੍ਹਾਂ ਵਿਚ ਘਿਰੇ ਲੋਕਾਂ ਵਾਸਤੇ ਪੀਣ ਵਾਲਾ ਪਾਣੀ, ਸੁੱਕਾ ਦੁੱਧ, ਰਾਸ਼ਨ ਤੇ ਹੋਰ ਲੋੜੀਂਦਾ ਸਮਾਨ ਉਪਲਬਧ ਕਰਵਾ ਰਹੇ ਹਾਂ।

ਉਹਨਾਂ ਦੱਸਿਆ ਕਿ ਰਮਦਾਸ ਇਲਾਕੇ ਨੂੰ ਵੀ ਹੜ੍ਹਾਂ ਦੀ ਵੱਡੀ ਮਾਰ ਪਈ ਹੈ ਤੇ ਸਾਡੀਆਂ ਟੀਮਾਂ ਜਲਦੀ ਹੀ ਇਸ ਇਲਾਕੇ ਵਿਚ ਵੀ ਸੇਵਾ ਵਾਸਤੇ ਪਹੁੰਚ ਜਾਣਗੀਆਂ। ਉਹਨਾਂ ਦੱਸਿਆ ਕਿ ਸਾਡੀਆਂ ਟੀਮਾਂ ਵਿਚ ਪੰਜਾਬ ਵਿਚ ਤਾਇਨਾਤ ਸਾਡੇ ਮੁਲਾਜ਼ਮਾਂ ਤੋਂ ਇਲਾਵਾ ਦਿੱਲੀ ਤੋਂ ਵੀ ਸੰਗਤ ਪੰਜਾਬੀਆਂ ਦੀ ਸੇਵਾ ਵਾਸਤੇ ਪਹੁੰਚੀ ਹੈ। ਉਹਨਾਂ ਕਿਹਾ ਕਿ ਪੰਜਾਬ ਸਾਡਾ ਪੇਕਾ ਘਰ ਹੈ ਤੇ ਪੰਜਾਬੀਆਂ ਦੀ ਸੇਵਾ ਕਰਨਾ ਦਾ ਸਾਡਾ ਮੁੱਢਲਾ ਫਰਜ਼ ਹੈ। ਉਹਨਾਂ ਕਿਹਾ ਕਿ ਦੇਸ਼ ਤੇ ਦੁਨੀਆਂ ਵਿਚ ਜਿਥੇ ਕਿਤੇ ਵੀ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਪੰਜਾਬੀ ਮੋਹਰੀ ਹੋ ਕੇ ਸੇਵਾ ਦੀ ਜ਼ਿੰਮੇਵਾਰੀ ਸੰਭਾਲਦੇ ਹਨ ਤੇ ਹੁਣ ਜਦੋਂ ਪੰਜਾਬੀਆਂ ਨੂੰ ਭਿਆਨਕ ਹੜ੍ਹਾਂ ਦੀ ਮਾਰ ਪਈਹੈ ਤਾਂ ਅਸੀਂ ਵੀ ਸੇਵਾ ਕਰਨ ਤੋਂ ਪਿੱਛੇ ਨਹੀਂ ਰਹਾਂਗੇ। ਉਹਨਾਂ ਦੱਸਿਆ ਕਿ ਅਸੀਂ 2023 ਵਿਚ ਵੀ ਹੜ੍ਹਾਂ ਦੌਰਾਨ ਸਮਾਣਾ ਇਲਾਕੇ ਵਿਚ ਸਹਾਇਤਾ ਤੇ ਸੇਵਾ ਕੈਂਪ ਲਗਾਏ ਸਨ ਤੇ ਇਸ ਵਾਰ ਸਾਡੇ ਵੱਲੋਂ ਕਿਸੇ ਕਿਸਮ ਦੀ ਕੋਈ ਘਾਟ ਨਹੀਂ ਰਹੇਗੀ। ਉਹਨਾਂ ਦੱਸਿਆ ਕਿ ਹੜ੍ਹਾਂ ਦਾ ਪਾਣੀ ਉਤਰਣ ਮਗਰੋਂ ਪ੍ਰਭਾਵਤ ਇਲਾਕਿਆਂ ਵਿਚ ਬਿਮਾਰੀਆਂ ਫੈਲਣ ਦਾ ਵੀ ਖਦਸ਼ਾ ਹੈ ਜਿਸ ਵਾਸਤੇ ਅਸੀਂ ਮੈਡੀਕਲ ਟੀਮਾਂ ਵੀ ਤਾਇਨਾਤ ਕਰਾਂਗੇ ਤੇ ਦਵਾਈਆਂ ਵੀ ਉਪਲਬਧ ਕਰਾਵਾਂਗੇ। ਉਹਨਾਂ ਕਿਹਾ ਕਿ ਹੜ੍ਹਾਂ ਨਾਲ ਨਜਿੱਠਣ ਵਿਚ ਸੂਬਾ ਸਰਕਾਰ ਬੁਰੀ ਤਰ੍ਹਾਂ ਨਾਕਾਮ ਸਾਬਤ ਹੋਈ ਹੈ। ਉਹਨਾਂ ਕਿਹਾ ਕਿ ਸਰਕਾਰ ਨੇ ਨਾ ਕੋਈ ਰਿਹਰਸਲ ਕੀਤੀ ਤੇ ਨਾ ਕੋਈ ਅਗਾਊਂ ਪ੍ਰਬੰਧ ਕੀਤੇ। ਉਹਨਾਂ ਕਿਹਾ ਕਿ ਮਾਧੋਪੁਰ ਡੈਮ ਦੀ ਡੇਢ ਸਾਲ ਤੋਂ ਰਿਪੋਰਟ ਤਿਆਰ ਸੀ ਕਿ ਰਿਪੇਅਰ ਦੀ ਜ਼ਰੂਰਤ ਹੈ ਪਰ ਉਸਦੀ ਕੋਈ ਪਰਵਾਹ ਨਹੀਂ ਕੀਤੀ ਗਈ।ਉਹਨਾਂ ਕਿਹਾ ਕਿ ਕੇਵਲ ਮੀਡੀਆ ਵਿਚ ਇਸ਼ਤਿਹਾਰ ਦੇ ਕੇ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੀ ਹੈ।

ਕਾਲਕਾ ਤੇ ਕਾਹਲੋਂ ਨੇ ਇਹ ਵੀ ਦੱਸਿਆ ਕਿ ਹੜ੍ਹਾਂ ਵਿਚ ਮਦਦ ਤੋਂ ਇਲਾਵਾ ਅਸੀਂ ਪੰਜਾਬ ਵਿਚ ਸਕਿੱਲ ਡਵੈਲਪਮੈਂਟ ਸੈਂਟਰ ਖੋਲ੍ਹ ਰਹੇ ਹਾਂ ਤਾਂ ਜੋ ਨੌਜਵਾਨਾਂ ਨੂੰ ਹੁਨਰ ਸਿੱਖਲਾਈ ਦਿੱਤੀ ਜਾ ਸਕੇ। ਸਾਡਾ ਭਾਰਤ ਸਰਕਾਰ ਨਾਲ ਸਮਝੌਤਾ ਹੋਇਆ ਹੈ ਜਿਸ ਤਹਿਤ ਇਹ ਕੈਂਪ ਲਗਾਏ ਜਾਣਗੇ। ਉਹਨਾਂ ਕਿਹਾ ਕਿ ਅਸੀਂ ਪੰਜਾਬੀਆਂ ਦੀ ਸੇਵਾ ਵਾਸਤੇ ਹਰ ਵੇਲੇ ਹਾਜ਼ਰ ਹਾਂ ਤੇ ਕਦੇ ਵੀ ਇਸ ਤੋਂ ਪਿੱਛੇ ਨਹੀਂ ਹਟਾਂਗੇ।

# ਵੜਿੰਗ ਨੇ ਡੈਮਾਂ 'ਤੇ ਹੈੱਡਵਰਕਸ ਦੇ ਮਾੜੇ ਪ੍ਰਬੰਧਾਂ ਦੀ ਜਾਂਚ ਕੀਤੇ ਜਾਣ ਦੀ ਮੰਗ ਕੀਤੀ



ਚੰਡੀਗੜ੍ਹ, 30 ਅਗਸਤ (ਅੰਮ੍ਰਿਤਪਾਲ ਸਿੰਘ): ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਡੈਮਾਂ ਅਤੇ ਵਾਟਰ ਹੈੱਡਵਰਕਸ ਦੇ ਮਾੜੇ ਪ੍ਰਬੰਧਾਂ ਅਤੇ ਉਨ੍ਹਾਂ ਦੀ ਸੰਭਾਲ ਲਈ ਜਿੰਮੇਵਾਰ ਲੋਕਾਂ ਦੀ ਅਪਰਾਧਿਕ ਲਾਪਰਵਾਹੀ ਦੀ ਜਾਂਚ ਕੀਤੇ ਜਾਣ ਦੀ ਮੰਗ ਕੀਤੀ ਹੈ। ਇਸ ਲੜੀ ਹੇਠ, ਭਾਰੀ ਬਾਰਿਸ਼ ਦੀ ਭਵਿੱਖਬਾਣੀ ਦੇ ਬਾਵਜੂਦ, ਪਾਣੀ ਨੂੰ ਡੈਮਾਂ ਵਿੱਚ ਇਕੱਠਾ ਹੋਣ ਦੇਣ ਅਤੇ ਪੜਾਅਵਾਰ ਸਮੇਂ ਸਿਰ ਨਾ ਛੱਡਣ ਦੀਆਂ ਖ਼ਬਰਾਂ 'ਤੇ ਪ੍ਰਤੀਕਿਰਿਆ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਇਹ ਇੱਕ ਅਣਕਿਆਸੀ ਕੁਦਰਤੀ ਆਫ਼ਤ ਨਾਲੋਂ "ਅਪਰਾਧਿਕ ਲਾਪਰਵਾਹੀ" ਜ਼ਿਆਦਾ ਹੈ। ਵੜਿੰਗ ਨੇ ਪਿਛਲੇ ਤਿੰਨ ਦਿਨਾਂ ਦੌਰਾਨ ਸੂਬੇ ਦੇ ਵੱਖ-ਵੱਖ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨ ਤੋਂ ਬਾਅਦ ਕਿਹਾ ਕਿ ਤਬਾਹੀ ਨੂੰ ਮਹਿਸੂਸ ਕੀਤਾ ਜਾਣਾ ਚਾਹੀਦਾ ਹੈ। ਇਸ ਦੌਰਾਨ ਹਜ਼ਾਰਾਂ ਲੋਕ ਬੇਘਰ ਹੋ ਗਏ ਹਨ ਅਤੇ ਬਹੁਤ ਸਾਰੇ ਲੋਕਾਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ ਹਨ। ਜਦੋਂ ਕਿ ਫਸਲਾਂ ਅਤੇ ਪਸ਼ੂਆਂ ਦੇ ਨੁਕਸਾਨ ਦਾ ਅਜੇ ਮੁਲਾਂਕਣ ਅਤੇ ਅਨੁਮਾਨ ਨਹੀਂ ਲਗਾਇਆ ਗਿਆ ਹੈ।

ਉਨ੍ਹਾਂ ਖੁਲਾਸਾ ਕੀਤਾ ਕਿ ਇਸ ਦੌਰਾਨ ਲੋਕਾਂ ਵੱਲੋਂ ਪੁੱਛਿਆ ਜਾਣ ਵਾਲਾ ਇੱਕ ਆਮ ਸਵਾਲ ਸੀ ਕਿ ਕਿਉਂ ਅਧਿਕਾਰੀਆਂ ਨੇ ਡੈਮਾਂ ਵਿੱਚ ਪਾਣੀ ਨੂੰ ਆਖਰੀ ਸਮੇਂ ਤੱਕ ਓਵਰਫਲੋ ਹੋਣ ਦਿੱਤਾ, ਫਿਰ ਭਾਵੇਂ ਕੋਈ ਵੀ ਜ਼ਿੰਮੇਵਾਰ ਹੋਵੇ। ਇਸੇ ਤਰ੍ਹਾਂ ਪਾਣੀ ਨੂੰ ਹੌਲੀ-ਹੌਲੀ ਪਹਿਲਾਂ ਕਿਉਂ ਨਹੀਂ ਛੱਡਿਆ ਗਿਆ, ਤਾਂ ਜੋ ਬਾਅਦ ਵਿੱਚ ਡੈਮ ਵਾਧੂ ਪਾਣੀ ਨੂੰ ਰੋਕ ਸਕਣ? ਇਸ ਸਭ ਦੇ ਅਧਾਰ ਤੇ ਉਨ੍ਹਾਂ ਪੁੱਛਿਆ ਕਿ ਜੇਕਰ ਇਹ ਸਮੇਂ ਸਿਰ ਕੀਤਾ ਜਾਂਦਾ, ਤਾਂ ਨੁਕਸਾਨ ਨੂੰ ਘਟਾਇਆ ਜਾ ਸਕਦਾ ਸੀ। ਇਸੇ ਤਰ੍ਹਾਂ, ਉਨ੍ਹਾਂ ਨੇ 'ਮਾਧੋਪੁਰ ਹੈੱਡਵਰਕਸ' ਦੇ ਦੋ ਫਲੱਡ ਗੇਟਾਂ ਦੇ ਟੁੱਟਣ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਇਸ ਲਈ ਹੋਇਆ ਹੈ, ਕਿਉਂਕਿ ਇਨ੍ਹਾਂ ਦੀ ਸਹੀ ਢੰਗ ਨਾਲ ਦੇਖਭਾਲ ਨਹੀਂ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਕਿਉਂਕਿ ਹੈੱਡਵਰਕਸ ਤੋਂ ਵਾਧੂ ਪਾਣੀ ਵੀ ਸਮੇਂ ਸਿਰ ਨਹੀਂ ਛੱਡਿਆ ਗਿਆ ਸੀ, ਇਸ ਨਾਲ ਭਾਰੀ ਦਬਾਅ ਪਿਆ ਅਤੇ ਆਖਿਰ ਵਿੱਚ ਗੇਟ ਟੁੱਟ ਗਏ। ਸੂਬਾ ਕਾਂਗਰਸ ਪ੍ਰਧਾਨ ਨੇ ਇਸ ਆਫ਼ਤ ਲਈ ਜ਼ਿੰਮੇਵਾਰੀ ਤੈਅ ਕਰਨ ਅਤੇ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਅਸੀਂ ਜ਼ਿੰਮੇਵਾਰ ਅਹੁਦਿਆਂ 'ਤੇ ਬੈਠੇ ਲੋਕਾਂ ਤੋਂ ਸਮੇਂ ਸਿਰ ਕਾਰਵਾਈ ਨਾ ਕਰਨ ਦੀ ਉਮੀਦ ਨਹੀਂ ਕਰਦੇ ਤੇ ਉਹ ਵੀ ਅਜਿਹੇ ਨਾਜ਼ੁਕ ਸਮੇਂ 'ਤੇ ਅਤੇ ਸਵਾਲ ਕੀਤਾ ਕਿ ਇਨ੍ਹਾਂ ਦਾ ਅਸਲ ਵਿਚ ਕੀ ਮਕਸਦ ਹੈ? ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਅਤੇ ਖਾਸ ਕਰਕੇ ਉਹ ਜਿਹੜੇ ਹੜ੍ਹ ਦੀ ਆਫ਼ਤ ਨਾਲ ਤਬਾਹ ਹੋਏ ਹਨ, ਇਸ ਲਈ ਜਵਾਬ ਮੰਗ ਰਹੇ ਹਨ ਅਤੇ ਚਾਹੁੰਦੇ ਹਨ ਕਿ ਇਸਦੇ ਜ਼ਿੰਮੇਵਾਰਾਂ ਨੂੰ ਸਜ਼ਾ ਦਿੱਤੀ ਜਾਵੇ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਇਹ ਆਮ ਵਾਂਗ ਨਹੀਂ ਹੋਣਾ ਚਾਹੀਦਾ ਹੈ ਅਤੇ ਅਜਿਹੇ ਲੋਕਾਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ, ਜਿਨ੍ਹਾਂ ਨੇ ਇੰਨੇ ਵੱਡੇ ਨੁਕਸਾਨ ਅਤੇ ਤਬਾਹੀ ਨੂੰ ਰੋਕਣ ਲਈ ਸਮੇਂ ਸਿਰ ਕਾਰਵਾਈ ਨਹੀਂ ਕੀਤੀ।

# ਕਿਸਾਨਾਂ ਦੇ ਕਰਜ਼ਿਆਂ 'ਤੇ ਇੱਕ ਸਾਲ ਲਈ ਵਿਆਜ਼ ਮੁਆਫ ਕੀਤਾ ਜਾਵੇ : ਸੁਖਬੀਰ ਸਿੰਘ ਬਾਦਲ

ਫਾ ਜ਼ਿ ਲ ਕਾ / ਜ ਲਾ ਲਾ ਬਾ ਦ / ਫਿਰੋਜ਼ਪੁਰ, 30 ਅਗਸਤ (ਚ.ਨ.ਸ.): ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਖਿਆ ਕਿ ਕਿਸਾਨਾਂ ਵੱਲੋਂ ਲਏ ਕਰਜ਼ਿਆਂ 'ਤੇ ਵਿਆਜ਼ ਇਕ ਸਾਲ ਵਾਸਤੇ ਮੁਆਫ ਕੀਤਾ ਜਾਵੇ ਕਿਉਂਕਿ ਕਿਸਾਨਾਂ ਨੂੰ ਮੌਜੂਦਾ ਹੜ੍ਹਾਂ ਦੇ ਕਾਰਨ ਬਹੁਤ ਵੱਡਾ ਨੁਕਸਾਨ ਹੋਇਆ ਹੈ। ਅਕਾਲੀ ਦਲ ਦੇ ਪ੍ਰਧਾਨ, ਜਿਹਨਾਂ ਨੇ ਫਾਜ਼ਿਲਕਾ ਜਲਾਲਾਬਾਦ ਤੇ ਫਿਰੋਜ਼ਪੁਰ ਦੇ ਹੜ੍ਹ ਮਾਰੇ ਪਿੰਡਾਂ ਦਾ ਦੌਰਾ ਕੀਤਾ ਜਿਸ ਦੌਰਾਨ ਉਹਨਾਂ ਰਾਸ਼ਨ ਦੇ ਨਾਲ-ਨਾਲ ਦੁਧਾਰੂ ਪਸ਼ੂਆਂ ਵਾਸਤੇ ਚਾਰਾ ਵੀ ਵੰਡਿਆ, ਨੇ ਕਿਸਾਨਾਂ ਨੇ ਉਹਨਾਂ ਨੂੰ ਦੱਸਿਆ ਹੈ ਕਿ ਉਹ ਆਪਣਾ ਕਰਜ਼ਾ ਮੋੜ ਨਹੀਂ ਸਕ ਰਹੇ ਜਿਸ ਕਾਰਨ ਉਹ ਸਰਕਾਰ ਨੂੰ ਬੇਨਤੀ ਕਰ ਰਹੇ ਹਨ ਕਿ ਕਿਸਾਨੀ ਕਰਜ਼ਿਆਂ 'ਤੇ ਘੱਟੋ ਘੱਟ ਵਿਆਜ਼ ਮੁਆਫ ਕੀਤਾ ਜਾਵੇ। ਉਹਨਾਂ ਕਿਹਾ ਕਿ ਕੁਝ ਕਿਸਾਨਾਂ ਨੇ ਉਹਨਾਂ ਨੂੰ ਦੱਸਿਆ ਹੈ ਕਿ ਉਹਨਾਂ ਨੂੰ ਫਸਲਾਂ ਦੇ ਨੁਕਸਾਨ ਦਾ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ ਕਿਉਂਕਿ ਜ਼ਮੀਨਾਂ ਉਹਨਾਂ ਦੇ ਨਾਮ ਨਹੀਂ ਸਨ ਅਤੇ ਉਹਨਾਂ ਸਰਕਾਰ ਨੂੰ ਅਪੀਲ ਕੀਤੀ ਕਿ ਮੁਆਵਜ਼ਾ ਉਹਨਾਂ ਕਿਸਾਨਾਂ ਨੂੰ ਦਿੱਤਾ ਜਾਵੇ ਜੋ ਦਰਿਆ ਦੇ ਕੰਢੇ 'ਤੇ ਹੁਣ ਤੱਕ ਜ਼ਮੀਨਾਂ ਵਾਹ ਰਹੇ ਹਨ। ਉਹਨਾਂ ਨੇ ਇਹ ਵੀ ਦੱਸਿਆ ਕਿ ਕਿਵੇਂ ਮਾਧੋਪੁਰ ਬੰਨ ਦੀ ਮਜ਼ਬੂਤੀ ਵਾਸਤੇ ਇੰਜੀਨੀਅਰਜ਼ ਵੱਲੋਂ ਵਾਰ-ਵਾਰ ਬੇਨਤੀ ਕਰਨ 'ਤੇ ਵੀ ਸਰਕਾਰ ਨੇ ਸਮੇਂ ਸਿਰ ਕਦਮ ਨਹੀਂ ਚੁੱਕੇ ਜਿਸ ਕਾਰਨ ਐਤਵੀਂ ਗੇਟ ਹੀ ਟੁੱਟ ਗਏ। ਬਾਦਲ ਨੇ ਇਹ ਵੀ ਪੁੱਛਿਆ ਕਿ ਹੁਣ ਆਪ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਉਹਨਾਂ ਡਿਪਟੀ ਮਨੀਸ਼ ਸਿਸੋਦੀਆ ਕਿਥੇ ਹਨ? ਉਹਨਾਂ ਕਿਹਾ ਕਿ ਸੂਬੇ ਭਰ ਵਿਚ ਅਰਵਿੰਦ ਕੇਜਰੀਵਾਲ ਦੇ ਪੋਸਟਰ ਲਗਾ ਕੇ "ਇਕ ਮੌਕਾ" ਦੇਣ ਦੀ ਗੱਲ ਕੀਤੀ ਗਈ ਸੀ ਤੇ ਲੋਕਾਂ ਨੇ ਉਹਨਾਂ ਨੂੰ ਸੇਵਾ ਦਾ ਮੌਕਾ ਬਖਸ਼ਿਆ ਵੀ ਪਰ ਉਹ ਆਪਣਾ ਫਰਜ਼ ਨਿਭਾਉਣ ਵਿਚ ਨਾਕਾਮ ਰਹੇ। ਬਾਦਲ ਦਾ ਪਿੰਡਾਂ ਵਿਚ ਪੰਚਾਂ-ਸਰਪੰਚਾਂ ਨੇ ਨਿੱਘਾ ਸਵਾਗਤ ਕੀਤਾ ਤੇ ਲੋਕਾਂ ਨੇ ਉਹਨਾਂ ਨੂੰ ਦੱਸਿਆ ਕਿ ਆਪ ਸਰਕਾਰ ਜਾਂ ਇਹਨਾਂ ਦੇ ਮੰਤਰੀਆਂ ਨੇ ਉਹਨਾਂ ਵਾਸਤੇ ਹੁਣ ਤੱਕ ਕੱਖ ਵੀ ਨਹੀਂ ਕੀਤਾ। ਉਹਨਾਂ ਨੂੰ ਲੋਕਾਂ ਨੇ ਹੰਝੂਆਂ ਭਰੀਆਂ ਅੱਖਾਂ ਨਾਲ ਦੱਸਿਆ ਕਿ ਉਹ ਰਾਸ਼ਨ ਤੇ ਚਾਰਾ ਲੈ ਕੇ ਆਉਣ ਵਾਲੇ ਪਹਿਲੇ ਆਗੂ ਹਨ। ਇਸ ਮੌਕੇ ਜਗਸੀਰ ਸਿੰਘ ਬੱਬੂ, ਸਤਿੰਦਰਜੀਤ ਸਿੰਘ ਮੰਟਾ, ਅਸ਼ੋਕ ਅਨੇਜਾ, ਦਰਸ਼ਨ ਮੋਠਾਂਵਾਲਾ ਮੈਂਬਰ ਸ਼੍ਰੋਮਣੀ ਕਮੇਟੀ, ਗੁਰਪਾਲ ਸਿੰਘ ਗਰੇਵਾਲ, ਜੋਗਿੰਦਰ ਸਿੰਘ ਜਿੰਦੂ ਅਤੇ ਰੋਹਿਤ ਮੋਂਟੂ ਵੋਹਰਾ ਹਾਜ਼ਰ ਸਨ।

## ਸੰਪਾਦਕੀ

# ਵਿਗੜਦਾ ਮੌਸਮ

ਮੌਸਮ ਦੀ ਆਪਣੀ ਰਫ਼ਤਾਰ ਹੁੰਦੀ ਹੈ ਅਤੇ ਆਮ ਹਾਲਾਤ ਵਿੱਚ ਇਹ ਵਾਤਾਵਰਣ ਚੱਕਰ ਨੂੰ ਬਣਾਈ ਰੱਖਣ ਦਾ ਇੱਕ ਮਹੱਤਵਪੂਰਨ ਹਿੱਸਾ ਹੁੰਦਾ ਹੈ। ਪਰ ਪਿਛਲੇ ਕੁਝ ਸਮੇਂ ਤੋਂ ਇਸਦਾ ਸੁਭਾਅ ਤੇਜ਼ੀ ਨਾਲ ਬਦਲ ਰਿਹਾ ਹੈ ਅਤੇ ਖਾਸ ਕਰਕੇ ਬਾਰਿਸ਼ ਕਾਰਨ ਹੋਣ ਵਾਲੀ ਤਬਾਹੀ ਦੀ ਤਸਵੀਰ ਵਿਗੜਦੀ ਜਾ ਰਹੀ ਹੈ। ਹਾਲਾਂਕਿ ਦੇਸ਼ ਦੇ ਜ਼ਿਆਦਾਤਰ ਹਿੱਸੇ ਹਰ ਸਾਲ ਪੂਰੇ ਮਾਨਸੂਨ ਸੀਜ਼ਨ ਦੌਰਾਨ ਬਾਰਿਸ਼ ਤੋਂ ਪ੍ਰਭਾਵਿਤ ਤਾਂ ਹੁੰਦੇ ਹਨ, ਪਰ ਕਈ ਵਾਰ ਅਜਿਹਾ ਲੱਗਦਾ ਹੈ ਕਿ ਬਾਰਿਸ਼ ਹੁਣ ਬੇਲਗਾਮ ਹੁੰਦੀ ਜਾ ਰਹੀ ਹੈ ਅਤੇ ਤਬਾਹੀ ਦੀ ਇੱਕ ਲੜੀ ਹੋ ਰਹੀ ਹੈ। ਹਾਲ ਹੀ ਵਿੱਚ, ਉੱਤਰਾਖੰਡ ਦੇ ਧਾਰਲੀ ਅਤੇ ਹਰਸ਼ੀਲ, ਫਿਰ ਜੰਮੂ-ਕਸ਼ਮੀਰ ਦੇ ਕਿਸ਼ਤਵਾੜ ਵਿੱਚ ਬੱਦਲ ਫਟਣ ਅਤੇ ਭਾਰੀ ਜਾਨ-ਮਾਲ ਦੇ ਨੁਕਸਾਨ ਦੀਆਂ ਘਟਨਾਵਾਂ ਨੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਵੀ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ। ਪੰਜਾਬ ਵਿੱਚ ਹੜ੍ਹਾਂ ਦੇ ਕਾਰਨ ਲੋਕਾਂ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਹੁਣ ਕਸ਼ਮੀਰ ਦੇ ਕਠੂਆ ਵਿੱਚ ਵੀ ਬੱਦਲ ਫੱਟਣ ਅਤੇ ਜ਼ਮੀਨ ਖਿਸਕਣ ਦੀ ਘਟਨਾ ਵਿੱਚ ਸੱਤ ਲੋਕਾਂ ਦੀ ਜਾਨ ਚਲੀ ਗਈ ਹੈ। ਦੂਜੇ ਪਾਸੇ, ਮੁੰਬਈ ਵਿੱਚ ਤਿੰਨ ਦਿਨਾਂ ਤੋਂ ਲਗਾਤਾਰ ਬਾਰਿਸ਼ ਤੋਂ ਬਾਅਦ, ਸਥਿਤੀ ਇਸ ਤਰ੍ਹਾਂ ਬਣ ਗਈ ਹੈ ਜਿਵੇਂ ਸ਼ਹਿਰ ਵਿੱਚ ਹੜ੍ਹ ਆ ਗਿਆ ਹੋਵੇ। ਉੱਥੇ ਕਈ ਇਲਾਕਿਆਂ ਵਿੱਚ ਪਾਣੀ ਭਰਨ ਕਾਰਨ ਜਨਜੀਵਨ 'ਚ ਪੂਰੀ ਤਰ੍ਹਾਂ ਵਿਘਨ ਪਿਆ ਹੈ, ਕਈ ਜ਼ਿਲ੍ਹਿਆਂ ਵਿੱਚ ਚੇਤਾਵਨੀਆਂ ਜਾਰੀ ਕੀਤੀਆਂ ਗਈਆਂ ਹਨ। ਇਸ ਦੇ ਨਾਲ ਹੀ, ਮਰਾਠਵਾੜਾ ਖੇਤਰ ਵਿੱਚ ਬੱਦਲ ਫਟਣ ਦੀ ਘਟਨਾ ਵਿੱਚ ਨੰਦੇੜ ਤੋਂ ਪੰਜ ਲੋਕਾਂ ਦੇ ਲਾਪਤਾ ਹੋਣ ਦੀਆਂ ਖ਼ਬਰਾਂ ਆਈਆਂ ਹਨ। ਇਸੇ ਤਰ੍ਹਾਂ, ਜਿਸ ਤਰ੍ਹਾਂ ਹਿਮਾਚਲ ਪ੍ਰਦੇਸ਼ ਦੇ ਮੰਡੀ ਸਮੇਤ ਕਈ ਇਲਾਕਿਆਂ ਵਿੱਚ ਬੱਦਲ ਫਟਣ ਦੀਆਂ ਘਟਨਾਵਾਂ ਵਾਰ-ਵਾਰ ਸਾਹਮਣੇ ਆ ਰਹੀਆਂ ਹਨ, ਉਸ ਨਾਲ ਪੂਰੀ ਸਥਾਨਕ ਆਬਾਦੀ ਨੂੰ ਕਿਸੇ ਤਰ੍ਹਾਂ ਆਪਣੇ ਆਪ ਨੂੰ ਬਚਾਉਣ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਸਮਝਣਾ ਮੁਸ਼ਕਲ ਹੁੰਦਾ ਜਾ ਰਿਹਾ ਹੈ ਕਿ ਮਾਨਸੂਨ, ਜਿਸ ਨੂੰ ਦੇਸ਼ ਦੀ ਖੇਤੀਬਾੜੀ ਅਤੇ ਖੇਤੀ ਲਈ ਘੱਟ ਜਾਂ ਵੱਧ ਬਾਰਿਸ਼ ਨਾਲ ਜ਼ਰੂਰੀ ਸਮਝਿਆ ਜਾਂਦਾ ਸੀ, ਹੁਣ ਕਈ ਰਾਜਾਂ ਵਿੱਚ ਵਿਆਪਕ ਤਬਾਹੀ ਕਿਉਂ ਮਚਾ ਰਿਹਾ ਹੈ। ਕਈ ਇਲਾਕਿਆਂ ਵਿੱਚ ਮੀਂਹ ਦੇ ਸਮਾਨਾਂਤਰ ਬੱਦਲ ਫਟਣ ਦੀਆਂ ਘਟਨਾਵਾਂ ਵਿੱਚ ਇੰਨਾ ਤੇਜ਼ੀ ਨਾਲ ਵਾਧਾ ਕਿਉਂ ਦੇਖਿਆ ਜਾ ਰਿਹਾ ਹੈ? ਕਈ ਸ਼ਹਿਰਾਂ ਵਿੱਚ, ਸਿਰਫ਼ ਇੱਕ ਜਾਂ ਦੋ ਘੰਟਿਆਂ ਦੀ ਬਾਰਿਸ਼ ਵਿੱਚ ਸਭ ਕੁਝ ਰੁਕ ਜਾਂਦਾ ਹੈ ਅਤੇ ਹਰ ਪਾਸੇ ਹੜ੍ਹ ਦਿਖਾਈ ਦਿੰਦੇ ਹਨ। ਇਹ ਯਕੀਨੀ ਤੌਰ 'ਤੇ ਗੈਰ-ਯੋਜਨਾਬੱਧ ਸ਼ਹਿਰੀ ਵਿਕਾਸ ਦਾ ਨਤੀਜਾ ਹੈ, ਜਿੱਥੇ ਬਹੁਤ ਵਧੀਆ ਸੜਕਾਂ ਬਣਾਈਆਂ ਜਾਂਦੀਆਂ ਹਨ, ਪਰ ਪਾਣੀ ਦੀ ਨਿਕਾਸੀ ਲਈ ਢੁਕਵੇਂ ਅਤੇ ਢੁਕਵੇਂ ਪ੍ਰਬੰਧ ਨਹੀਂ ਕੀਤੇ ਜਾਂਦੇ। ਨਤੀਜੇ ਵਜੋਂ, ਦਿੱਲੀ ਵਰਗੇ ਮਹਾਂਨਗਰ ਦਾ ਇੱਕ ਵੱਡਾ ਹਿੱਸਾ ਪਾਣੀ ਵਿੱਚ ਡੁੱਬ ਜਾਂਦਾ ਹੈ, ਟ੍ਰੈਫਿਕ ਜਾਮ ਹੋ ਜਾਂਦਾ ਹੈ ਅਤੇ ਭਾਰੀ ਬਾਰਿਸ਼ ਦੇ ਥੋੜ੍ਹੇ ਸਮੇਂ ਬਾਅਦ ਦਰੱਖਤ ਡਿੱਗਣ ਕਾਰਨ ਜਾਨ-ਮਾਲ ਦੇ ਨੁਕਸਾਨ ਦੀਆਂ ਕਈ ਘਟਨਾਵਾਂ ਹੁੰਦੀਆਂ ਹਨ। ਹਾਲਾਂਕਿ, ਦੁਨੀਆ ਭਰ ਵਿੱਚ ਮੌਸਮ ਦੇ ਵਿਗੜਦੇ ਸੁਭਾਅ ਬਾਰੇ ਚਿੰਤਾ ਪ੍ਰਗਟ ਕੀਤੀ ਜਾ ਰਹੀ ਹੈ ਅਤੇ ਇਸਨੂੰ ਗਲੋਬਲ ਵਾਰਮਿੰਗ ਦਾ ਨਤੀਜਾ ਮੰਨਿਆ ਜਾ ਰਿਹਾ ਹੈ। ਇਸ ਮੁੱਦੇ 'ਤੇ ਵਿਗਿਆਨਕ ਅਧਿਐਨ ਬੇਲਗਾਮ ਬਾਰਿਸ਼ ਦੇ ਮੂਲ ਕਾਰਨਾਂ ਅਤੇ ਇਸ ਨਾਲ ਹੋਣ ਵਾਲੀ ਤਬਾਹੀ ਦਾ ਪਤਾ ਲਗਾਉਣ ਦੇ ਯੋਗ ਹੋਣਗੇ ਅਤੇ ਫਿਰ ਇਸ ਨਾਲ ਨਜਿੱਠਣ ਲਈ ਹੱਲ ਵੀ ਉਸੇ ਅਨੁਸਾਰ ਲੱਭੇ ਜਾਣਗੇ। ਕੁਦਰਤੀ ਆਫ਼ਤਾਂ ਨੂੰ ਰੋਕਿਆ ਨਹੀਂ ਜਾ ਸਕਦਾ, ਪਰ ਜੇਕਰ ਇਨ੍ਹਾਂ ਤੋਂ ਬਚਾਅ ਲਈ ਢੁੱਕਵੇਂ ਪ੍ਰਬੰਧ ਕੀਤੇ ਜਾਣ ਤਾਂ ਆਫ਼ਤ ਕਾਰਨ ਹੋਣ ਵਾਲੇ ਜਾਨ-ਮਾਲ ਦੇ ਨੁਕਸਾਨ ਨੂੰ ਜ਼ਰੂਰ ਘਟਾਇਆ ਜਾ ਸਕਦਾ ਹੈ। ਵਿਡੰਬਨਾ ਇਹ ਹੈ ਕਿ ਪਹਾੜੀ ਇਲਾਕਿਆਂ ਵਿੱਚ ਲੋਕ ਦਰਿਆਵਾਂ ਦੇ ਕੰਢਿਆਂ 'ਤੇ ਵਸਦੇ ਹਨ, ਸੈਰ-ਸਪਾਟੇ ਲਈ ਵੱਡੇ-ਵੱਡੇ ਹੋਟਲ ਬਣਾਏ ਜਾਂਦੇ ਹਨ, ਪਰ ਇਹ ਧਿਆਨ ਰੱਖਣਾ ਜ਼ਰੂਰੀ ਨਹੀਂ ਸਮਝਿਆ ਜਾਂਦਾ ਕਿ ਜੇਕਰ ਮੌਸਮ ਕਾਰਨ ਦਰਿਆ ਦਾ ਵਹਾਅ ਕਦੇ ਬਦਲ ਜਾਂਦਾ ਹੈ ਤਾਂ ਇਸ ਤੋਂ ਕਿਵੇਂ ਬਚਿਆ ਜਾ ਸਕੇਗਾ। ਕੁਦਰਤ ਅਤੇ ਮੌਸਮ ਦੇ ਚੱਕਰ ਬਾਰੇ ਗੰਭੀਰ ਸਮਝ ਵਿਕਸਤ ਕਰਨ ਅਤੇ ਇਸਦੇ ਅਨੁਕੂਲ ਜੀਵਨ ਸ਼ੈਲੀ ਵਿਕਸਤ ਕਰਨ ਦੀ ਲੋੜ ਹੈ।

-ਜਗਜੀਤ ਸਿੰਘ ਦਰਦੀ

### ਬਦਲ ਰਹੀ ਦੁਨੀਆਂ ਦੀ ਰਾਜਨੀਤੀ

# ਅਮਰੀਕਾ ਵਿਰੁੱਧ New World Order ਨਵੀਂ ਵਿਸ਼ਵ ਵਿਵਸਥਾ: ਭਾਰਤ, ਚੀਨ ਅਤੇ ਰੂਸ ਦੀ ਭੂਮਿਕਾ ਅਤੇ ਆਉਣ ਵਾਲੇ ਦਿਨਾਂ ਦੀ ਦੁਨੀਆਂ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

**ਇਹ ਦੋਵੇਂ ਘਟਨਾਵਾਂ ਅਮਰੀਕਾ ਵਿਰੁੱਧ ਨਵੇਂ ਵਿਸ਼ਵ ਵਿਵਸਥਾ ਦੀ ਤਿਆਰੀ ਨੂੰ ਤੇਜ਼ ਕਰ ਰਹੀਆਂ ਹਨ। ਭਾਰਤ, ਚੀਨ ਅਤੇ ਰੂਸ ਵਰਗੇ ਦੇਸ਼ ਬ੍ਰਿਕਸ (BRICS) ਅਤੇ SCO ਵਰਗੇ ਮੰਚਾਂ ਰਾਹੀਂ ਇੱਕ ਮਲਟੀਪੋਲਰ ਵਿਸ਼ਵ ਵਿਵਸਥਾ ਬਣਾਉਣ ਵੱਲ ਵਧ ਰਹੇ ਹਨ, ਜਿੱਥੇ ਅਮਰੀਕਾ ਦੀ ਇਕੱਲੀ ਅਗਵਾਈ ਨੂੰ ਚੁਣੌਤੀ ਦਿੱਤੀ ਜਾ ਰਹੀ ਹੈ। ਟਰੰਪ ਦੇ ਟੈਰਿਫ ਵਾਰ ਨੇ ਭਾਰਤ ਨੂੰ ਚੀਨ ਵੱਲ ਧੱਕਿਆ ਹੈ, ਜਿਸ ਨਾਲ ਰੂਸ ਵੀ ਇਸ ਤ੍ਰਿਕੋਣ ਵਿੱਚ ਸ਼ਾਮਲ ਹੋ ਰਿਹਾ ਹੈ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਵੀ SCO ਸੰਮੇਲਨ ਵਿੱਚ ਹਿੱਸਾ ਲੈ ਰਹੇ ਹਨ, ਜਿੱਥੇ ਊਰਜਾ ਸਹਿਯੋਗ ਅਤੇ ਅਮਰੀਕੀ ਪਾਬੰਦੀਆਂ ਵਿਰੁੱਧ ਰਣਨੀਤੀ ਬਣੇਗੀ।**

**ਹੁਣ ਨਵੀਂ ਵਿਸ਼ਵ ਵਿਵਸਥਾ ਦੀ ਤਿਆਰੀ ਅਤੇ ਇਸ ਦੇ ਕਾਰਨਾਂ ਵਿੱਚ ਨਵੀਂ ਵਿਸ਼ਵ ਵਿਵਸਥਾ ਅਮਰੀਕਾ ਵਿਰੁੱਧ ਕਿਉਂ ਤਿਆਰ ਹੋ ਰਹੀ ਹੈ ? ਇਸ ਦੇ ਕਈ ਕਾਰਨ ਹਨ। ਪਹਿਲਾਂ, ਅਮਰੀਕਾ ਦੀਆਂ ਆਰਥਿਕ ਨੀਤੀਆਂ। ਟਰੰਪ ਨੇ 2025 ਵਿੱਚ ਭਾਰਤ ਤੇ ਚੀਨ ਨੂੰ ਟੈਰਿਫ ਲਗਾ ਕੇ ਆਪਣੇ ਵਪਾਰ ਘਾਟੇ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ, ਪਰ ਇਸ ਨੇ ਇਨ੍ਹਾਂ ਦੇਸ਼ਾਂ ਨੂੰ ਇੱਕਠੇ ਕਰ ਦਿੱਤਾ। ਭਾਰਤ ਨੇ ਚੀਨ ਨਾਲ ਸਰਹੱਦੀ ਵਿਵਾਦ ਨੂੰ ਪਿੱਛੇ ਛੱਡ ਕੇ ਵਪਾਰ ਵਧਾਉਣਾ ਸ਼ੁਰੂ ਕੀਤਾ, ਜਿਸ ਨਾਲ ਰੂਸ ਤੋਂ ਤੇਲ ਅਤੇ ਹਥਿਆਰਾਂ ਦੀ ਸਪਲਾਈ ਵੀ ਵਧੀ।**

ਇਸ ਸਮੇਂ ਦੁਨੀਆਂ ਦੀ ਰਾਜਨੀਤੀ ਵਿੱਚ ਤੇਜ਼ੀ ਨਾਲ ਬਦਲਾਅ ਆ ਰਹੇ ਹਨ। ਕੱਲ੍ਹ 30 ਅਗਸਤ 2025 ਤੋਂ ਜਦੋਂ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਚੀਨ ਦੇ ਦੌਰੇ 'ਤੇ ਹਨ ਅਤੇ ਅਮਰੀਕਾ ਵਿੱਚ ਇੱਕ ਸਿੱਖ ਨੌਜਵਾਨ ਨੂੰ ਪੁਲਿਸ ਵੱਲੋਂ ਗੋਲੀਆਂ ਨਾਲ ਮਾਰ ਦਿੱਤਾ ਗਿਆ ਹੈ, ਇਹ ਘਟਨਾਵਾਂ ਇੱਕ ਵੱਡੇ ਬਦਲਾਅ ਦੀ ਨਿਸ਼ਾਨੀ ਹਨ।

ਇਹ ਬਦਲਾਅ ਹੈ ਅਮਰੀਕਾ ਵਿਰੁੱਧ ਇੱਕ ਨਵੀਂ ਵਿਸ਼ਵ ਵਿਵਸਥਾ (New World Order) ਦੀ ਤਿਆਰੀ, ਜਿਸ ਵਿੱਚ ਭਾਰਤ, ਚੀਨ ਅਤੇ ਰੂਸ ਵਰਗੇ ਦੇਸ਼ ਮੁੱਖ ਭੂਮਿਕਾ ਨਿਭਾ ਰਹੇ ਹਨ। ਇਸ ਨਵੀਂ ਵਿਵਸਥਾ ਦੀ ਤਿਆਰੀ, ਵਰਤਮਾਨ ਘਟਨਾਵਾਂ ਅਤੇ ਆਉਣ ਵਾਲੇ ਦਿਨਾਂ ਵਿੱਚ ਪੂਰੀ ਦੁਨੀਆਂ ਦੀ ਸਥਿਤੀ ਤੇ ਭਾਰਤੀ ਰਾਜਨੀਤੀ ਬਾਰੇ ਵਿਸਥਾਰ ਨਾਲ ਚਰਚਾ ਕਰਦਿਆਂ ਵਰਤਮਾਨ ਘਟਨਾਵਾਂ ਅਤੇ ਨਵੀਂ ਵਿਵਸਥਾ ਦੀ ਸ਼ੁਰੂਆਤ ਕੀਤੀ ਗਈ ਹੈ।

ਸਭ ਤੋਂ ਪਹਿਲਾਂ ਗੱਲ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਚੀਨ ਦੌਰੇ ਬਾਰੇ। ਮੋਦੀ ਜੀ 31 ਅਗਸਤ ਤੋਂ 1 ਸਤੰਬਰ ਤੱਕ ਚੀਨ ਦੇ ਤਿਆਨਜਿਨ ਵਿੱਚ ਸ਼ੰਘਾਈ ਕੋਆਪਰੇਸ਼ਨ ਆਰਗੇਨਾਈਜ਼ੇਸ਼ਨ (SCO) ਸੰਮੇਲਨ ਵਿੱਚ ਹਿੱਸਾ ਲੈਣ ਲਈ ਗਏ ਹਨ। ਇਹ ਉਨ੍ਹਾਂ ਦਾ ਚੀਨ ਵਿੱਚ ਸੱਤ ਸਾਲਾਂ ਬਾਅਦ ਪਹਿਲਾ ਦੌਰਾ ਹੈ, ਜੋ 2020 ਵਿੱਚ ਸਰਹੱਦੀ ਝੜਪਾਂ ਤੋਂ ਬਾਅਦ ਬਹੁਤ ਅਹਿਮ ਮੰਨਿਆ ਜਾ ਰਿਹਾ ਹੈ। ਇਸ ਦੌਰੇ ਦੌਰਾਨ ਮੋਦੀ ਜੀ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਮੁਲਾਕਾਤ ਕਰਨ ਵਾਲੇ ਹਨ, ਜਿਸ ਵਿੱਚ ਵਪਾਰ, ਸੁਰੱਖਿਆ ਅਤੇ ਆਰਥਿਕ ਸਹਿਯੋਗ ਵਰਗੇ ਮੁੱਦੇ ਚਰਚਾ ਵਿੱਚ ਹੋਣਗੇ। ਇਹ ਮੁਲਾਕਾਤ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਵੇਂ ਵਪਾਰ ਨੀਤੀਆਂ ਦੇ ਪ੍ਰਸੰਗ ਵਿੱਚ ਵੀ ਅਹਿਮ ਹੈ, ਜਿਨ੍ਹਾਂ ਨੇ ਭਾਰਤ ਅਤੇ ਚੀਨ ਨੂੰ 25% ਤੋਂ 50% ਤੱਕ ਟੈਰਿਫ ਲਗਾ ਕੇ ਇੱਕਠੇ ਕਰਨ ਵਿੱਚ ਮਦਦ ਕੀਤੀ ਹੈ।

ਦੂਜੇ ਪਾਸੇ, ਅਮਰੀਕਾ ਵਿੱਚ ਇੱਕ ਪੰਜਾਬੀ ਸਿੱਖ ਨੌਜਵਾਨ ਗੁਰਪ੍ਰੀਤ ਸਿੰਘ ਨੂੰ ਲਾਸ ਏਂਜਲਸ ਪੁਲਿਸ ਵੱਲੋਂ ਗੋਲੀਆਂ ਨਾਲ ਮਾਰ ਦਿੱਤਾ ਗਿਆ ਹੈ। ਗੁਰਪ੍ਰੀਤ, ਜੋ 35 ਸਾਲਾਂ ਦਾ ਸੀ ਅਤੇ ਗਤਕਾ (ਸਿੱਖ ਮਾਰਸ਼ਲ ਆਰਟ) ਦੀ ਪ੍ਰੈਕਟਿਸ ਕਰ ਰਿਹਾ ਸੀ, ਨੂੰ ਪੁਲਿਸ ਨੇ ਗਲਤਫਹਿਮੀ ਵਿੱਚ ਮਾਰ ਦਿੱਤਾ। ਇਸ ਘਟਨਾ ਦਾ ਵੀਡੀਓ ਵੀ ਜਾਰੀ ਕੀਤਾ ਗਿਆ ਹੈ, ਜਿਸ ਨੇ ਅਮਰੀਕਾ ਵਿੱਚ ਭਾਰਤੀ ਅਤੇ ਖਾਸ ਕਰ ਪੰਜਾਬੀ ਭਾਈਚਾਰੇ ਵਿੱਚ ਰੋਸ ਪੈਦਾ ਕੀਤਾ ਹੈ। ਇਸ ਨਾਲ ਅਮਰੀਕਾ ਵਿੱਚ ਭਾਰਤੀਆਂ 'ਤੇ ਵੀਜ਼ਾ ਪਾਬੰਦੀਆਂ ਵਧਣ ਦੀ ਚਰਚਾ ਚੱਲ ਰਹੀ ਹੈ, ਖਾਸ ਕਰ ਟਰੰਪ ਪ੍ਰਸ਼ਾਸਨ ਵੱਲੋਂ ਪਹਿਲਾਂ ਹੀ ਇਮੀਗ੍ਰੇਸ਼ਨ ਨੀਤੀਆਂ ਨੂੰ ਸਖਤ ਕੀਤੇ ਜਾਣ ਨਾਲ ਇਹ ਘਟਨਾ ਨਾ ਸਿਰਫ ਨਸਲੀ ਵਿਤਕਰੇ ਨੂੰ ਉਜਾਗਰ ਕਰਦੀ ਹੈ ਬਲਕਿ ਅਮਰੀਕਾ ਵਿਰੁੱਧ ਵੱਧ ਰਹੇ ਅਸੰਤੋਸ਼ ਨੂੰ ਵੀ ਵਧਾਉਂਦੀ ਹੈ।

ਇਹ ਦੋਵੇਂ ਘਟਨਾਵਾਂ ਅਮਰੀਕਾ ਵਿਰੁੱਧ ਨਵੇਂ ਵਿਸ਼ਵ ਵਿਵਸਥਾ ਦੀ ਤਿਆਰੀ ਨੂੰ ਤੇਜ਼ ਕਰ ਰਹੀਆਂ ਹਨ। ਭਾਰਤ, ਚੀਨ ਅਤੇ ਰੂਸ ਵਰਗੇ ਦੇਸ਼ ਬ੍ਰਿਕਸ (BRICS) ਅਤੇ SCO ਵਰਗੇ ਮੰਚਾਂ ਰਾਹੀਂ ਇੱਕ ਮਲਟੀਪੋਲਰ ਵਿਸ਼ਵ ਵਿਵਸਥਾ ਬਣਾਉਣ ਵੱਲ ਵਧ ਰਹੇ ਹਨ, ਜਿੱਥੇ ਅਮਰੀਕਾ ਦੀ ਇਕੱਲੀ ਅਗਵਾਈ ਨੂੰ ਚੁਣੌਤੀ ਦਿੱਤੀ ਜਾ ਰਹੀ ਹੈ। ਟਰੰਪ ਦੇ ਟੈਰਿਫ ਵਾਰ ਨੇ ਭਾਰਤ ਨੂੰ ਚੀਨ ਵੱਲ ਧੱਕਿਆ ਹੈ, ਜਿਸ ਨਾਲ ਰੂਸ ਵੀ ਇਸ ਤ੍ਰਿਕੋਣ ਵਿੱਚ ਸ਼ਾਮਲ ਹੋ ਰਿਹਾ ਹੈ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਵੀ SCO ਸੰਮੇਲਨ ਵਿੱਚ ਹਿੱਸਾ ਲੈ ਰਹੇ ਹਨ, ਜਿੱਥੇ ਊਰਜਾ ਸਹਿਯੋਗ ਅਤੇ ਅਮਰੀਕੀ ਪਾਬੰਦੀਆਂ ਵਿਰੁੱਧ ਰਣਨੀਤੀ ਬਣੇਗੀ।

ਹੁਣ ਨਵੀਂ ਵਿਸ਼ਵ ਵਿਵਸਥਾ ਦੀ ਤਿਆਰੀ ਅਤੇ ਇਸ ਦੇ ਕਾਰਨਾਂ ਵਿੱਚ ਨਵੀਂ ਵਿਸ਼ਵ ਵਿਵਸਥਾ ਅਮਰੀਕਾ ਵਿਰੁੱਧ ਕਿਉਂ ਤਿਆਰ ਹੋ ਰਹੀ ਹੈ ?

ਇਸ ਦੇ ਕਈ ਕਾਰਨ ਹਨ। ਪਹਿਲਾਂ, ਅਮਰੀਕਾ ਦੀਆਂ ਆਰਥਿਕ ਨੀਤੀਆਂ। ਟਰੰਪ ਨੇ 2025 ਵਿੱਚ ਭਾਰਤ ਤੇ ਚੀਨ ਨੂੰ ਟੈਰਿਫ ਲਗਾ ਕੇ ਆਪਣੇ ਵਪਾਰ ਘਾਟੇ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ, ਪਰ ਇਸ ਨੇ ਇਨ੍ਹਾਂ ਦੇਸ਼ਾਂ ਨੂੰ ਇੱਕਠੇ ਕਰ ਦਿੱਤਾ। ਭਾਰਤ ਨੇ ਚੀਨ ਨਾਲ ਸਰਹੱਦੀ ਵਿਵਾਦ ਨੂੰ ਪਿੱਛੇ ਛੱਡ ਕੇ ਵਪਾਰ ਵਧਾਉਣਾ ਸ਼ੁਰੂ ਕੀਤਾ, ਜਿਸ ਨਾਲ ਰੂਸ ਤੋਂ ਤੇਲ ਅਤੇ ਹਥਿਆਰਾਂ ਦੀ ਸਪਲਾਈ ਵੀ ਵਧੀ।

ਦੂਜਾ, ਸੁਰੱਖਿਆ ਅਤੇ ਰਾਜਨੀਤਿਕ ਕਾਰਨ: ਰੂਸ-ਯੂਕਰੇਨ ਜੰਗ ਅਤੇ ਇਜ਼ਰਾਈਲ-ਹਮਾਸ ਵਿਵਾਦ ਵਿੱਚ ਅਮਰੀਕਾ ਦੀ ਭੂਮਿਕਾ ਨੇ ਵਿਕਾਸਸ਼ੀਲ ਦੇਸ਼ਾਂ ਵਿੱਚ ਅਸੰਤੋਸ਼ ਪੈਦਾ ਕੀਤਾ ਹੈ। ਭਾਰਤ ਨੇ ਅਮਰੀਕਾ ਨਾਲ ਕੁਆਡ (Quad) ਵਿੱਚ ਸਹਿਯੋਗ ਕੀਤਾ ਸੀ, ਪਰ ਟੈਰਿਫ ਵਾਰ ਨੇ ਇਸ ਨੂੰ ਬਦਲ ਦਿੱਤਾ। ਹੁਣ ਭਾਰਤ ਚੀਨ ਅਤੇ ਰੂਸ ਨਾਲ ਮਿਲ ਕੇ ਏਸ਼ੀਆ ਵਿੱਚ ਨਵੀਂ ਸੁਰੱਖਿਆ ਵਿਵਸਥਾ ਬਣਾ ਰਿਹਾ ਹੈ। SCO ਇਸ ਦਾ ਮੁੱਖ ਮੰਚ ਹੈ, ਜਿੱਥੇ ਇਰਾਨ, ਪਾਕਿਸਤਾਨ ਅਤੇ ਬੇਲਾਰੂਸ ਵਰਗੇ ਦੇਸ਼ ਵੀ ਸ਼ਾਮਲ ਹਨ।

ਤੀਜਾ, ਤਕਨਾਲੋਜੀ ਅਤੇ ਵਪਾਰ ਵਿੱਚ ਨਵੇਂ ਗਠਜੋੜ: ਚੀਨ ਦੀ ਬੈਲਟ ਐਂਡ ਰੋਡ ਇਨੀਸ਼ੀਏਟਿਵ (BRI) ਵਿੱਚ ਭਾਰਤ ਨਹੀਂ ਸੀ ਸ਼ਾਮਲ, ਪਰ ਹੁਣ ਨਵੇਂ ਵਿਕਲਪਾਂ ਨੂੰ ਵੇਖ ਰਿਹਾ ਹੈ। ਰੂਸ ਨਾਲ ਊਰਜਾ ਸੌਦੇ ਅਤੇ ਚੀਨ ਨਾਲ ਡਿਜੀਟਲ ਵਪਾਰ ਨੇ ਅਮਰੀਕੀ ਨੀਤੀਆਂ ਨੂੰ ਚੁਣੌਤੀ ਦਿੱਤੀ ਹੈ। ਇਹ ਨਵਾਂ ਵਿਵਸਥਾ ਡਾਲਰ-ਆਧਾਰਿਤ ਅਰਥਵਿਵਸਥਾ ਨੂੰ ਵੀ ਬਦਲ ਸਕਦਾ ਹੈ, ਜਿਵੇਂ ਕਿ ਬ੍ਰਿਕਸ ਵਿੱਚ ਨਵੀਂ ਮੁਦਰਾ ਦੀ ਚਰਚਾ ਹੋ ਰਹੀ ਹੈ।

**ਹੁਣ ਆਉਣ ਵਾਲੇ ਦਿਨਾਂ ਵਿੱਚ ਪੂਰੀ ਦੁਨੀਆਂ ਦੀ ਸਥਿਤੀ ਵਿੱਚ:** ਆਉਣ ਵਾਲੇ ਦਿਨਾਂ ਵਿੱਚ ਦੁਨੀਆਂ ਮਲਟੀਪੋਲਰ ਹੋ ਜਾਵੇਗੀ, ਜਿੱਥੇ ਅਮਰੀਕਾ ਦੀ ਅਗਵਾਈ ਘੱਟੇਗੀ। ਯੂਰਪ ਅਤੇ ਅਮਰੀਕਾ ਵਿੱਚ ਆਰਥਿਕ ਮੰਦੀ ਵਧੇਗੀ, ਜਦਕਿ ਏਸ਼ੀਆ ਅਤੇ ਅਫਰੀਕਾ ਵਿੱਚ ਚੀਨ-ਭਾਰਤ-ਰੂਸ ਗਠਜੋੜ ਮਜ਼ਬੂਤ ਹੋਵੇਗਾ। ਵਪਾਰ ਜੰਗਾਂ ਵਧਣ ਨਾਲ ਗਲੋਬਲ ਸਪਲਾਈ ਚੇਨ ਬਦਲੇਗੀ ਅਤੇ ਨਵੇਂ ਵਪਾਰ ਰਸਤੇ ਜਿਵੇਂ ਇੰਡੀਆ-ਮਿਡਲ ਈਸਟ-ਯੂਰਪ ਕੋਰੀਡੋਰ (IMEC) ਨੂੰ ਚੀਨੀ BRI ਨਾਲ ਜੋੜਿਆ ਜਾ ਸਕਦਾ ਹੈ।

ਭਵਿੱਖੀ ਸੁਰੱਖਿਆ ਵਿੱਚ, ਯੂਕਰੇਨ ਜੰਗ ਖਤਮ ਹੋ ਸਕਦੀ ਹੈ ਪਰ ਤਾਈਵਾਨ ਅਤੇ ਦੱਖਣੀ ਚੀਨ ਸਾਗਰ ਵਿੱਚ ਤਣਾਅ ਵਧੇਗਾ। ਭਾਰਤ ਚੀਨ ਨਾਲ ਸਹਿਯੋਗ ਕਰਕੇ ਪਾਕਿਸਤਾਨ ਨੂੰ ਕੰਟਰੋਲ ਕਰੇਗਾ ਅਤੇ ਰੂਸ ਨਾਲ ਮਿਲ ਕੇ ਅਫਗਾਨਿਸਤਾਨ ਵਿੱਚ ਸਥਿਰਤਾ ਲਿਆਏਗਾ। ਵਾਤਾਵਰਣ ਅਤੇ ਜਲਵਾਯੂ ਬਦਲਾਅ ਵਿੱਚ ਵੀ ਇਹ ਗਠਜੋੜ ਅਹਿਮ ਭੂਮਿਕਾ ਨਿਭਾਏਗਾ, ਜਿਵੇਂ ਕਿ ਪੈਰਿਸ ਐਗਰੀਮੈਂਟ ਵਿੱਚ ਨਵੇਂ ਟੀਚੇ। ਪਰ ਇਸ ਨਾਲ ਅਮਰੀਕਾ ਨਾਲ ਸੰਘਰਸ਼ ਵੱਧ ਸਕਦਾ ਹੈ, ਜਿਵੇਂ ਕਿ ਸਾਈਬਰ ਅਟੈਕ ਜਾਂ ਪਾਬੰਦੀਆਂ। ਸਮੁੱਚੇ ਤੌਰ 'ਤੇ ਦੁਨੀਆਂ ਵਧੇਰੇ ਵੰਡੀ ਹੋਈ ਪਰ ਵਧੇਰੇ ਸੰਤੁਲਿਤ ਹੋਵੇਗੀ।

ਅੱਜ ਭਾਰਤੀ ਰਾਜਨੀਤੀ ਦੇ ਭਵਿੱਖ ਬਾਰੇ ਸੰਭਾਵਨਾਵਾਂ ਅਤੇ ਭਾਰਤ ਵਿੱਚ ਇਹ ਬਦਲਾਅ ਰਾਜਨੀਤੀ ਨੂੰ ਵੀ ਪ੍ਰਭਾਵਿਤ ਕਰੇਗਾ। ਮੋਦੀ ਸਰਕਾਰ ਨੂੰ ਅਮਰੀਕਾ ਵਿਰੁੱਧ ਸਟੈਂਡ ਲੈਣ ਨਾਲ ਵਿਰੋਧੀ ਧਿਰਾਂ ਜਿਵੇਂ ਕਾਂਗਰਸ ਅਤੇ ਆਪ ਵੱਲੋਂ ਚੁਣੌਤੀ ਮਿਲੇਗੀ, ਪਰ ਰਾਸ਼ਟਰਵਾਦੀ ਨੀਤੀਆਂ ਨਾਲ ਬੀਜੇਪੀ ਮਜ਼ਬੂਤ ਰਹੇਗੀ। ਆਰਥਿਕ ਤੌਰ 'ਤੇ ਚੀਨ ਨਾਲ ਸਹਿਯੋਗ ਨਾਲ ਨਿਰਯਾਤ ਵਧੇਗਾ, ਪਰ ਵੀਜ਼ਾ ਪਾਬੰਦੀਆਂ ਨਾਲ ਪ੍ਰਵਾਸੀ ਭਾਰਤੀਆਂ ਨੂੰ ਮੁਸ਼ਕਲਾਂ ਆਉਣਗੀਆਂ। ਪੰਜਾਬ ਵਿੱਚ ਗੁਰਪ੍ਰੀਤ ਸਿੰਘ ਵਰਗੀਆਂ ਘਟਨਾਵਾਂ ਨਾਲ ਖਾਲਿਸਤਾਨੀ ਅੰਦੋਲਨ ਨੂੰ ਹਵਾ ਮਿਲ ਸਕਦੀ ਹੈ, ਜਿਸ ਨਾਲ ਕੇਂਦਰੀ ਸਰਕਾਰ ਨੂੰ ਨਵੀਂ ਰਣਨੀਤੀ ਬਣਾਉਣੀ ਪਵੇਗੀ।

ਵਿਦੇਸ਼ ਨੀਤੀ ਵਿੱਚ ਭਾਰਤ ਨਿਰਪੱਖ ਰਹੇਗਾ, ਪਰ ਚੀਨ-ਰੂਸ ਨਾਲ ਨੇੜਤਾ ਵਧੇਗੀ। ਅੰਦਰੂਨੀ ਰਾਜਨੀਤੀ ਵਿੱਚ ਆਰਥਿਕ ਵਿਕਾਸ ਅਤੇ ਨੌਕਰੀਆਂ ਮੁੱਖ ਮੁੱਦੇ ਰਹਿਣਗੇ, ਜਿੱਥੇ ਅਮਰੀਕੀ ਟੈਰਿਫ ਨੇ ਨੁਕਸਾਨ ਕੀਤਾ ਹੈ ਪਰ ਨਵੇਂ ਗਠਜੋੜ ਨੇ ਮੌਕੇ ਵੀ ਪੈਦਾ ਕੀਤੇ ਹਨ। 2029 ਦੀਆਂ ਚੋਣਾਂ ਵਿੱਚ ਇਹ ਸਭ ਅਹਿਮ ਰਹੇਗਾ, ਜਿੱਥੇ ਬੀਜੇਪੀ ਨੂੰ ਰਾਸ਼ਟਰੀ ਸੁਰੱਖਿਆ ਤੇ ਵਿਕਾਸ ਨੂੰ ਜੋੜ ਕੇ ਲੜਨਾ ਪਵੇਗਾ।

ਇਸ ਦੇ ਨਤੀਜਿਆਂ ਵਜੋਂ ਅਮਰੀਕਾ ਵਿਰੁੱਧ ਨਵੀਂ ਵਿਸ਼ਵ ਵਿਵਸਥਾ ਨਾ ਸਿਰਫ ਤਿਆਰ ਹੋ ਰਹੀ ਹੈ ਬਲਕਿ ਆਉਣ ਵਾਲੇ ਦਿਨਾਂ ਵਿੱਚ ਦੁਨੀਆਂ ਨੂੰ ਬਦਲ ਦੇਵੇਗਾ। ਭਾਰਤ ਇਸ ਵਿੱਚ ਮੁੱਖ ਖਿਡਾਰੀ ਵਜੋਂ ਉੱਭਰੇਗਾ, ਪਰ ਚੁਣੌਤੀਆਂ ਵੀ ਵਧਣਗੀਆਂ। ਇਹ ਸਮਾਂ ਵੱਡੇ ਬਦਲਾਵਾਂ ਦਾ ਹੈ, ਜਿੱਥੇ ਸੰਤੁਲਨ ਅਤੇ ਰਣਨੀਤੀ ਅਹਿਮ ਹੋਵੇਗੀ।

# 'ਸਾਡੇ ਦੁੱਖ ਜੇ ਪੁੱਛਣੇ ਈ ਤੇ ਪੁੱਛ ਦਰਿਆਵਾਂ ਕੋਲੋਂ'



ਡਾ. ਕੁਲਵੰਤ ਕੌਰ
ਮੋ: 98156-20515

ਰਾਤ ਦੇ ਡੇਢ ਵੱਜੇ ਹਨ, ਅੰਮ੍ਰਿਤ ਵੇਲਾ ਢੁੱਕਣ ਵਾਲਾ ਹੈ ਪਰ ਮੇਰੇ ਮਨ-ਮਸਤਕ ਵਿਚ, ਇਸ ਵੇਲੇ ਕਿਸੇ ਇਬਾਦਤ, ਸਿਮਰਨ, ਪਾਠ ਤੇ ਧਿਆਨ ਦੀ ਬਜਾਇ, ਆਪਣੇ ਪਿਆਰੇ ਪੰਜਾਬੀਆਂ ਦੇ ਹੜ੍ਹਾਂ ਵਿਚ ਘਿਰਿਆਂ ਦੇ, ਓਹ ਖੌਫ਼ਨਾਕ, ਹੌਲਨਾਕ ਅਤੇ ਅਫ਼ਸੋਸਨਾਕ ਮੰਜ਼ਿਰ ਘੁੰਮ ਰਹੇ ਹਨ, ਜਿਹੜੇ ਮੈਂ ਰਾਤ ਗਿਆਰਾਂ ਵਜੇ ਤੱਕ ਲਗਾਤਾਰ ਬੈਠੀ, ਟੀ.ਵੀ. ਸਕਰੀਨ 'ਤੇ ਦੇਖਦੀ ਰਹੀ ਹਾਂ। ਜਿਵੇਂ ਹੜ੍ਹ-ਪੀੜਤਾਂ ਦੀ ਨੀਂਦ-ਭੁੱਖ ਉਡਾਰੀ ਮਾਰ ਚੁੱਕੀ ਹੈ, ਤਿਵੇਂ ਇਹਨਾਂ ਸਤਰਾਂ ਦੀ ਲੇਖਕਾ ਵੀ ਪੰਜਾਬੀਆਂ ਦੀ ਬਰਬਾਦੀ ਕਾਰਨ, ਡਾਹਢੀ ਪਰੇਸ਼ਾਨੀ ਦੇ ਆਲਮ 'ਚੋਂ ਗੁਜ਼ਰ ਰਹੀ ਹੈ। ਪੰਜਾਬ ਦੀ ਸ਼ਾਹ ਰਗ ਤੇ ਪੰਜਾਬ ਦੀ ਜਿੰਦ ਜਾਨ ਇਹਦੇ ਕਲਕਲ ਵਗਦੇ ਦਰਿਆ- ਸਤਲੁਜ, ਬਿਆਸ ਤੇ ਰਾਵੀ, ਅਜਿਹੀਆਂ ਅਣਹੋਣੀਆਂ ਤੇ ਅਣਕਿਆਸੀਆਂ ਬਰਪਾਉਣ ਲੱਗ ਜਾਣਗੇ, ਐਨੇ ਬੇਰਹਿਮ, ਕਹਿਰਵਾਨ ਤੇ ਬੇਲਿਹਾਜ਼ ਹੋ ਜਾਣਗੇ ਅਜਿਹਾ ਇਹਨਾਂ ਦੇ ਚਿੱਤ ਚੇਤਿਆਂ ਵਿਚ ਵੀ ਨਹੀਂ ਸੀ ਪਰੰਤੂ ਹਿਮਾਚਲ ਤੋਂ ਆ ਰਹੇ ਬੇਹਿਸਾਬੇ (ਮੀਂਹ ਦੇ) ਪਾਣੀ ਕਾਰਨ ਪੂਰੇ ਪੰਜਾਬ ਦਾ ਵੱਡਾ ਹਿੱਸਾ ਜਲ ਮਗਨ ਹੋਣ ਕਿਨਾਰੇ ਹੈ, ਫ਼ਸਲਾਂ ਡੁੱਬ ਗਈਆਂ ਹਨ, ਮਵੈਸ਼ੀ ਢਹਿੰਦੇ ਘਰਾਂ 'ਚ ਤੜਪੇ ਪਏ ਹਨ, ਸਭ ਕੁਝ ਬਰਬਾਦ ਹੋ ਰਿਹਾ ਹੈ ਤੇ ਵਾਸ਼ਿੰਦੇ ਸੁਰੱਖਿਅਤ ਥਾਵਾਂ (ਕੇਂਦਰਾਂ) ਵੱਲ ਜਾਣ ਲਈ ਬੇਬਸ। ਕਿਤੇ ਬੇੜੀਆਂ, ਮੋਟਰ ਕਿਸ਼ਤੀਆਂ, ਕਿਤੇ ਟਰੈਕਟਰ, ਕਿਤੇ ਹੈਲੀਕਾਪਟਰ ਤੇ ਕਿਤੇ ਮਨੁੱਖੀ ਕੜੀ, ਇਸ ਘੜੀ ਲੋਕਾਂ ਦੀ ਠਾਹਰ ਬਣੀ ਹੋਈ ਹੈ। ਅਜੀਬੋ ਗ਼ਰੀਬ ਦ੍ਰਿਸ਼ ਚਾਰ ਚੁਫ਼ੇਰੇ ਤਨ ਮਨ ਦਾ ਚੈਨ ਲੁੱਟ ਰਹੇ ਹਨ। ਜੀਵਨ ਦਾਤਾ ਪਾਣੀ (ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ) ਹੀ ਅੱਜ ਜੀਵਨ-ਲੇਵਾ ਬਣ ਰਿਹਾ ਹੈ - ਮਿਹਰ ਕਰ ਸਾਈਆਂ!!!

ਪੰਜਾਬ, ਇਸ ਵਕਤ ਬਹੁਤ ਬੁਰੀ ਤਰ੍ਹਾਂ ਹੜ੍ਹਾਂ ਦੀ ਲਪੇਟ ਵਿਚ ਹੈ- ਜੇ ਕਹਾਂ ਕਿ ਅੱਧਾ ਪੰਜਾਬ ਹੀ ਪਾਣੀ 'ਚ ਸਮਾਇਆ ਪਿਆ ਹੈ ਤਾਂ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ- ਘਰ, ਵਾੜੇ, ਹਵੇਲੀਆਂ, ਡੇਰੇ, ਢਾਣੀਆਂ, ਖੇਤ, ਪੈਲੀਆਂ, ਸੜਕਾਂ, ਫਿਰਨੀਆਂ, ਸ਼ਾਹ ਰਾਹ, ਕੌਮੀ ਮਾਰਗ ਸਭ ਦੱਬ ਲਏ ਹਨ ਇਸ ਪਾਣੀ ਨੇ। ਗਵਾਂਢੀ ਸੂਬੇ ਵਲੋਂ ਆਇਆ ਬੇਹਿਸਾਬਾ ਪਾਣੀ, ਨਿਰਸੰਦੇਹ ਕੁਦਰਤ ਦੀ ਮਾਰ ਹੀ ਨਹੀਂ ਹੈ, ਸਗੋਂ ਇਸ ਵਿਚ ਮਨੁੱਖੀ ਕੁਤਾਹੀਆਂ ਅਣਗਹਿਲੀਆਂ ਤੇ ਵਧੀਕੀਆਂ ਵੀ ਸ਼ਾਮਲ ਹਨ। ਜਿਹੜੀ ਸੱਟ ਪੰਜਾਬ ਦੇ ਮਾਰੀ ਹੈ, ਓਸਦਾ ਇਲਾਜ ਦਿਨਾਂ, ਮਹੀਨਿਆਂ ਤੇ ਸਾਲਾਂ ਵਿਚ ਵੀ ਹੋਣ ਵਾਲਾ ਨਹੀਂ ਰਿਹਾ। ਪਾਣੀ ਦਾ ਅਜਿਹਾ ਰੌਦਰ ਰੂਪ, ਪਹਿਲੇ ਹੜ੍ਹਾਂ ਮੌਕੇ ਬਹੁਤ ਘੱਟ ਦੇਖਿਆ ਗਿਆ ਸੀ ਪਰ ਇਸ ਵਾਰ ਤਾਂ ਕੁਦਰਤ ਦੀ ਇਹ ਕਰੋਪੀ ਜਿਵੇਂ ਪੰਜਾਬ 'ਤੇ ਨਾਜ਼ਲ ਹੋ ਰਹੀ ਹੈ, ਓਹ ਪਹਿਲਾਂ ਤੋਂ ਹੀ ਦੁਸ਼ਵਾਰੀਆਂ, ਮੁਸੀਬਤਾਂ, ਪੱਖਪਾਤ, ਵਧੀਕੀਆਂ ਅਤੇ ਅਣ-ਦੇਖੀਆਂ ਹੰਢਾ ਰਹੇ ਪੰਜਾਬ ਲਈ ਸਿਰੇ ਦਾ ਕਹਿਰ ਸਾਬਤ ਹੋ ਰਹੀ ਹੈ। ਇਸ ਦਾ ਸਿੱਧਾ ਅਸਰ ਇੱਥੋਂ ਦੇ ਮਿਹਨਤਕਸ਼ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਗ਼ਰੀਬ-ਗੁਰਬਿਆਂ 'ਤੇ ਪੈ ਰਿਹਾ ਹੈ। ਕਰਜ਼ਿਆਂ ਹੇਠ ਦੱਬੇ ਕਿਸਾਨਾਂ ਲਈ ਆਹ ਦੁੱਖ ਬਹੁਤ ਵੱਡਾ ਹੈ, ਜਿਹੜਾ ਪਹਿਲਾਂ ਹੀ ਖੁਦਕੁਸ਼ੀਆਂ ਦੀ ਫ਼ਸਲ ਬੀਜਣ ਲਈ ਮਜਬੂਰ ਸੀ। ਸਰਕਾਰੇ ਦਰਬਾਰੇ ਖੇਤੀ ਸੈਕਟਰ ਦੀ ਅਣਗੌਲਣਾ, ਖੇਤੀ ਦੀ ਸਰਬ ਪ੍ਰਵਾਣਿਤ ਨੀਤੀ ਦੀ ਅਣਹੋਂਦ, ਕਿਸਾਨ-ਸਮੱਸਿਆਵਾਂ, ਲੋੜਾਂ ਤੇ ਚੁਣੌਤੀਆਂ ਪ੍ਰਤਿ ਆਨਾਕਾਨੀ ਤੇ ਡਾ. ਸਵਾਮੀਨਾਥਨ ਰਿਪੋਰਟ ਤੋਂ ਕਿਨਾਰਾਕਸ਼ੀ ਅਜਿਹੇ ਭੱਖਦੇ ਮਸਲੇ ਹਨ, ਜਿਨ੍ਹਾਂ ਪ੍ਰਤੀ ਕੋਈ ਵੀ ਸਰਕਾਰ ਸੰਜੀਦਾ ਨਹੀਂ। ਬਾਹਰਲੇ ਮਾਡਲਾਂ ਦੀ ਤਰਜ਼ 'ਤੇ ਕਿਸਾਨ-ਵਿਰੋਧੀ ਨੀਤੀਆਂ ਦੀ ਪਾਲਣਾ ਕਰਕੇ ਲੱਖਾਂ ਕਿਸਾਨਾਂ ਨੂੰ ਖ਼ੁਦਕੁਸ਼ੀਆਂ ਲਈ ਉਕਸਾਉਣਾ ਅੱਜ ਵੀ ਬਾਦਸਤੂਰ ਜਾਰੀ ਹੈ ਤੇ ਅਜੋਕੇ ਹੜ੍ਹ ਇਹ ਬਲਦੀ 'ਤੇ ਹੋਰ ਤੇਲ ਪਾਉਣਗੇ- ਲੱਖਾਂ ਏਕੜਾਂ ਵਿਚ ਫੈਲਿਆ ਪਾਣੀ ਤੇ ਪਾਣੀ ਥੱਲੇ ਦਫ਼ਨ ਪੁੱਤਾਂ ਜਿਹੀ ਫ਼ਸਲ-ਜੀਰੀ, ਸਬਜ਼ੀਆਂ, ਚਾਰੇ, ਦਾਲਾਂ!! ਹਾਏ ਖ਼ੁਦਾਇਆ! ਕੀ ਬਣੂੰ ਸਾਡੇ ਕਿਸਾਨਾਂ ਤੇ ਮਜ਼ਦੂਰਾਂ ਦਾ, ਜਿਨ੍ਹਾਂ ਦਾ ਸਾਰਾ ਦਾਰੋਮਦਾਰ ਹੀ ਖੇਤੀ ਹੈ, ਖੇਤੀ ਸੀ? ਇਨ੍ਹਾਂ ਪੈਲੀਆਂ ਨੂੰ ਵੱਤਰ ਆਏ 'ਤੇ ਵੀ ਵਾਹੀਯੋਗ ਤੇ ਫ਼ਸਲਯੋਗ ਬਣਾਉਣਾ ਆਸਾਨ ਨਹੀਂ ਰਿਹਾ-ਜੰਮੀ ਜਲ੍ਹਬ, ਰੇਤਾ, ਕਾਈਂ, ਫਾਲਤੂ ਮਾਦਾ ਤੇ ਹੋਰ ਪਤਾ ਨਹੀਂ ਕੀ ਕੀ ਰੁੜ੍ਹ ਕੇ ਆਇਆ ਹੈ ਇਨ੍ਹਾਂ ਖੇਤਾਂ ਵਿਚ!!

ਬੰਨ੍ਹੇ ਹਜ਼ਾਰਾਂ ਡੰਗਰ ਮਰ ਚੁੱਕੇ ਹਨ। ਤੜਪਦੀਆਂ ਪੰਜ ਕਲਿਆਣੀਆਂ ਦੀ ਕਿਸੇ ਨੇ ਸਾਰ ਨਹੀਂ ਲਈ। ਕਿਸ਼ਤੀਆਂ ਤੇ ਹੈਲੀਕਾਪਟਰ ਬੰਦਿਆਂ ਨੂੰ ਤਾਂ ਲੈ ਤੁਰੇ ਪਰ ਬੇਜ਼ੁਬਾਨਾਂ ਦੀ ਸਾਰ ਕੌਣ ਲੈਂਦਾ। ਘਰਾਂ ਦਾ ਸਾਰਾ ਲੋੜੀਂਦਾ ਸਮਾਨ, ਖਾਧ ਪਦਾਰਥ, ਕਣਕਾਂ ਦੇ ਡਰੰਮ, ਪੇਟੀਆਂ ਤੇ ਅਲਮਾਰੀਆਂ ਦੇ ਕੱਪੜੇ, ਫਰਨੀਚਰ ਤੇ ਹੋਰ ਕੀ-ਕੀ ਨਹੀਂ ਸੀ ਇਕ ਆਮ ਤੇ ਖ਼ਾਸ ਘਰ ਵਿਚ ਫ਼ਸਲੀ ਇਵਜ਼ਾਨਾ ਤਾਂ ਮਿਲ ਜਾਊ ਮਾੜਾ ਮੋਟਾ ਪਰ ਜੋ ਨੁਕਸਾਨ ਘਰਾਂ, ਮਕਾਨਾਂ, ਵਾੜਿਆਂ, ਢਾਰਿਆਂ, ਹਵੇਲੀਆਂ, ਦੁਕਾਨਾਂ, ਸੜਕਾਂ, ਪੁਲਾਂ, ਇਮਾਰਤਾਂ, ਕਾਰੋਬਾਰਾਂ ਅਤੇ ਹੋਰ ਹਰ ਚੀਜ਼-ਵਸਤੂ ਤੇ ਬੰਦਿਆਂ ਦਾ ਹੋਇਆ ਹੈ, ਓਸਦੀ ਭਰਪਾਈ ਕੀ ਸੰਭਵ ਹੈ? ਹਰਗਿਜ਼ ਵੀ ਨਹੀਂ। ਇਹ ਹੜ੍ਹ ਲਗਭਗ ਹਰ ਸਾਲ ਆਉਂਦੇ ਹਨ ਤੇ ਸਾਨੂੰ ਡੋਬਦੇ ਹਨ-ਕਦੇ ਉੱਤਰੀ ਭਾਰਤ 'ਚ ਤੇ ਕਦੇ ਦੱਖਣੀ ਭਾਰਤ ਵੱਲ। ਇਕ ਅੰਦਾਜ਼ੇ ਮੁਤਾਬਕ ਹਰ ਸਾਲ ਮਨੁੱਖੀ ਨਾਲਾਇਕੀ, ਲਾਲਚ, ਅਚੇਤ ਸੁਚੇਤ ਗ਼ਲਤੀਆਂ ਕੁਦਰਤ ਦੀ ਕਰੋਪੀ ਕਰਕੇ ਦੇਸ਼ ਦੇ ਕੁਲ ਧਰਾਤਲੀ ਹਿੱਸੇ ਦਾ ਅੱਠਵਾਂ ਹਿੱਸਾ ਹੜ੍ਹਾਂ ਦੀ ਮਾਰ ਝੇਲਦਾ ਹੈ। ਲਿਹਾਜ਼ਾ, ਦੇਰ ਸਵੇਰ, ਕਿਸੇ ਨਾ ਕਿਸੇ ਇਲਾਕੇ ਵਿਚ ਹੜ੍ਹ ਆਪਣੀ ਮਾਰ ਕਰਦਾ ਹੀ ਕਰਦਾ ਹੈ। ਪਹਿਲੇ ਵੇਲਿਆਂ ਵਿਚ ਇਸ ਦਾ ਇਹ ਰੌਦਰ ਰੂਪ ਨਹੀਂ ਸੀ ਹੁੰਦਾ ਪਰ ਹੁਣ ਤਾਂ ਗੋਲੀ ਹੋਇਆ ਸਭ ਹੱਦਾਂ ਬੰਨ੍ਹੇ ਟੱਪਦਾ ਤੁਰਿਆ ਆਉਂਦਾ ਹੈ।

ਹੜ੍ਹਾਂ ਦੀ ਸਮੱਸਿਆ, ਅੱਜ ਅਜੋਕੜੀ ਨਹੀਂ ਹੈ। ਇਸ ਦਾ ਵਰਨਣ ਤਾਂ ਰਿਗਵੇਦ, ਬਾਈਬਲ ਤੇ ਕੁਰਾਨ ਆਦਿ ਵਿਚ ਵੀ ਮਿਲਦਾ ਹੈ। ਸਾਡੇ ਸਪਤ ਸਿੰਧੂ ਅਰਥਾਤ ਸੱਤ ਦਰਿਆਵਾਂ ਦੀ ਧਰਤ ਵੀ ਇਸ ਤੋਂ ਅਛੂਤੀ ਨਹੀਂ ਰਹੀ। ਅਰਬਾਂ ਏਕੜ ਫੁੱਟ ਧਰਤੀ 'ਤੇ ਵੱਗਣ ਉਪਰੰਤ ਸਾਗਰਾਂ ਦਾ ਰੁਖ਼ ਕਰਦਾ ਹੈ ਭਾਵੇਂ ਹੁਣ ਕੁਝ ਕੁ ਪਾਣੀ ਨੂੰ ਰੋਕ ਕੇ, ਖੜ੍ਹਾ ਕਰਕੇ ਜਾਂ ਮੋੜ ਕੇ ਮੁੜ ਵਰਤਣ ਦੇ ਯਤਨ ਵੀ ਦ੍ਰਿਸ਼ਟੀਗੋਚਰ ਹਨ। ਪੰਜਾਬ ਵਿਚ ਜ਼ਬਰਦਸਤ ਹੜ੍ਹਾਂ ਤੇ ਜਲ-ਸੰਕਟ ਦਾ ਇਤਿਹਾਸ ਉਦੋਂ ਸ਼ੁਰੂ ਹੋਇਆ, ਜਦੋਂ ਇੱਥੋਂ ਦੇ ਵਾਸੀਆਂ ਨੇ ਇਸਦੇ ਕੁਦਰਤੀ ਟੋਭਿਆਂ, ਢਾਬਾਂ ਤੇ ਛੰਭਾਂ ਨੂੰ ਖ਼ਤਮ ਕਰਨਾ ਸ਼ੁਰੂ ਕਰ ਦਿੱਤਾ ਅਤੇ ਜਲ-ਵਹਿਣਾ ਤੇ ਜਲ-ਕੁੰਡਾਂ 'ਤੇ ਕਬਜ਼ੇ ਕਰਨੇ ਸ਼ੁਰੂ ਕਰ ਦਿੱਤੇ। ਸੰਤੁਲਿਤ ਵਿਕਾਸ, ਉਚਿਤ ਨਿਕਾਸੀ ਤੇ ਲੋੜੀਂਦੇ ਜਲ-ਪ੍ਰਬੰਧ ਦੀਆਂ ਢੁੱਕਵੀਆਂ ਯੋਜਨਾਵਾਂ ਤੇ ਸੁਹਿਰਦ ਅਮਲਾਂ ਦੀ ਅਣਹੋਂਦ ਕਾਰਨ, ਬੇਤਹਾਸ਼ਾ ਹੜ੍ਹ ਵੀ ਆ ਦਬੋਚਦੇ ਹਨ ਤੇ ਸੋਕਾ ਵੀ ਪਿੱਛਾ ਨਹੀਂ ਛੱਡਦਾ। ਇਸ ਵਿਸ਼ੇ 'ਤੇ ਗੰਭੀਰ ਚਿੰਤਨ ਕਰਨ ਵਾਲੇ ਮਾਹਿਰਾਂ ਦਾ ਮੰਨਣਾ ਹੈ ਕਿ ਪੌਣੀ ਕੁ ਸਦੀ ਤੋਂ ਹੜ੍ਹਾਂ ਦੀ ਤੀਬਰਤਾ ਤੇ ਪ੍ਰਕੋਪ ਬਹੁਤ ਵੱਧ ਗਿਆ ਹੈ, ਵਕਫ਼ਾ ਭਾਵੇਂ ਘਟਿਆ ਹੋਵੇ। ਇਹ ਉਹੀ ਸਮਾਂ ਸੀ ਜਦੋਂ ਵਿਕਾਸ ਦੇ ਨਾਂ 'ਤੇ ਵਿਨਾਸ਼ ਜ਼ੋਰਾਂ 'ਤੇ ਸੀ, ਭਾਵ ਜੰਗਲਾਂ ਦੀ ਅੰਧਾਧੁੰਦ ਕਟਾਈ, ਹੋਟਲਾਂ ਦੀ ਉਸਾਰੀ, ਪਹਾੜੀ ਸੜਕਾਂ ਦਾ ਨਿਰਮਾਣ ਅਤੇ ਹੋਰ ਬਹੁਤ ਸਾਰੇ ਢੰਗ ਤਰੀਕਿਆਂ ਨਾਲ ਕੁਦਰਤ ਨਾਲ ਆਢਾ ਲੈਣ ਦੇ ਜਤਨ ਤੇਜ਼ ਕਰ ਦਿੱਤੇ ਗਏ ਸਨ। ਮਨੁੱਖੀ ਆਪਹੁਦਰੇਪਨ ਕਾਰਨ, ਪਹਾੜ ਵੀ ਗੰਜੇ ਹੁੰਦੇ ਗਏ ਤੇ ਪਹਾੜੀ ਮਲਬਿਆਂ ਨਾਲ ਜਲ-ਭੰਡਾਰ ਵੀ ਸੁੰਗੜਨ ਲੱਗੇ ਕਿਉਂਕਿ ਰੁੱਖ ਬੂਟੇ ਤੇ ਜੰਗਲ ਪਾਣੀਆਂ ਦੀ ਗਤੀ ਤਾਂ ਘਟਾਉਂਦੇ ਹੀ ਹਨ ਬਲਕਿ ਆਪਣੀਆਂ ਜੜ੍ਹਾਂ ਰਾਹੀਂ ਪਾਣੀ ਸੋਖ ਕੇ ਭਵਿੱਖ ਲਈ ਵੀ ਸਹਾਈ ਹੁੰਦੇ ਹਨ। ਅਜਿਹੇ ਵਿਚ ਬੜੀ ਸੰਤੁਲਤ ਪਹੁੰਚ ਅਪਣਾ ਕੇ ਦੂਰ ਅੰਦੇਸ਼ ਯੋਜਨਾਵਾਂ ਅਤੇ ਵਾਤਾਵਰਣਕ ਚੁਣੌਤੀਆਂ ਨੂੰ ਸਾਹਮਣੇ ਰੱਖ ਕੇ ਵਿਚਰਨਾ ਹੁੰਦਾ ਹੈ ਜੋ ਕਿ ਸਾਡੇ ਦੇਸ਼ ਵਿਚ ਦਿਖਾਈ ਨਹੀਂ ਦਿੰਦਾ ਕਿਉਂਕਿ ਇੱਥੇ ਹਰ ਚੀਜ਼ ਵੋਟਾਂ ਦੇ ਨਜ਼ਰੀਏ ਤੋਂ ਹੀ ਵਿਚਾਰੀ ਜਾਂਦੀ ਹੈ। ਹਰ ਥਾਂ ਸਿਆਸਤ ਭਾਰੂ ਹੈ।

ਸਾਰੇ ਦੇਸ਼ ਦਾ ਢਿੱਡ ਭਰਨ ਵਾਲਾ ਪੰਜਾਬ, ਅੱਜ ਕਰੋੜਾਂ ਬਸ਼ਿੰਦਿਆਂ ਦੀ ਦੁਰਦਸ਼ਾ ਕਾਰਨ ਪਰੇਸ਼ਾਨ ਹੈ। ਸਦਾ ਦੂਜਿਆਂ ਦੀ ਭੱਜ ਭੱਜ ਕੇ ਮੱਦਦ ਕਰਨ ਵਾਲੇ ਪੰਜਾਬੀਆਂ ਨੂੰ ਡੁੱਬਦਿਆਂ ਤੱਕ-ਤੱਕ ਕੇ ਕੋਈ ਬਾਂਹ ਫੜਣ ਨਹੀਂ ਆਇਆ। ਦੇਸ਼ ਦੇ ਪ੍ਰਧਾਨ ਮੰਤਰੀ, ਮੰਤਰੀ ਮੰਡਲ ਤੇ ਹੋਰ ਸਰਦਿਆਂ ਪੁੱਜਦਿਆਂ ਨੂੰ ਖ਼ਵਰੇ ਅਜੇ ਪਤਾ ਨਹੀਂ ਲੱਗਾ ਕਿ ਪੰਜਾਬ ਦੀ ਅੱਧੀ ਆਬਾਦੀ ਇਸ ਵੇਲੇ ਕਿਹੋ ਜਿਹੇ ਤ੍ਰਾਸਦਿਕ ਹਾਲਾਤ ਵਿਚੋਂ ਗੁਜ਼ਰ ਰਹੀ ਹੈ, ਜਿੱਥੇ ਸਕੂਲਾਂ, ਫੈਕਟਰੀਆਂ 'ਚ, ਘਰਾਂ, ਵਾੜਿਆਂ, ਬਸਤੀਆਂ, ਢਾਣੀਆਂ ਅਤੇ ਦੂਰ ਦਰਾਜਲੇ ਪਿੰਡਾਂ 'ਚ ਬੇਬਸ ਲੋਕ ਹੀ ਨਹੀਂ, ਡੰਗਰ ਪਸ਼ੂ ਵੀ ਹੁਬੜੇ ਪਏ ਹਨ, ਭੁੱਖਣ ਭਾਣੇ ਹਨ। ਫ਼ੌਜ, ਏਅਰ ਫੋਰਸ, ਹੋਰ ਬਚਾਊ ਦਲ, ਸਪੈਸ਼ਲ ATOR ਗੱਡੀਆਂ ਤੇ ਸਮਾਜ ਸੇਵੀ, ਨਿਰਸੰਦੇਹ ਸਰਕਾਰੀ ਅਮਲੇ ਦੇ ਨਾਲ ਸਾਥ ਦੇ ਰਹੇ ਹਨ ਪਰ ਦੁਖਾਂਤ ਹੀ ਐਡਾ ਵੱਡਾ ਆਣ ਪਿਆ ਹੈ ਕਿ ਇਹ ਸਭ ਜਤਨ ਊਣੇ, ਅਧੂਰੇ, ਨਾਕਾਫ਼ੀ ਅਤੇ ਘੱਟ ਹਨ- ਟਾਪੂ ਬਣ ਗਏ ਪਿੰਡਾਂ, ਢਾਣੀਆਂ, ਡੇਰਿਆਂ ਤੇ ਘਰਾਂ 'ਚੋਂ ਕੋਈ ਬੰਦੇ ਤਾਂ ਕੱਢ ਲਊ ਪਰ ਹੋਰ ਹਰ ਸ਼ੈਅ? ਲੱਖਾਂ ਏਕੜ ਮਰ ਗਈ ਫ਼ਸਲ ਦਾ ਮੁਆਵਜ਼ਾ ਕਿਥੋਂ ਮਿਲਣੈ? ਸਰਕਾਰ ਦੇ ਹੱਥ ਤਾਂ ਪਹਿਲਾਂ ਹੀ ਤੰਗ ਹਨ, ਉਪਰੋਂ ਐਡੀ ਵੱਡੀ ਮਾਰ!!

ਦੇਸ਼ਾਂ, ਪ੍ਰਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਨੂੰ ਇਸ ਵੇਲੇ ਦਿਲ ਖੋਲ੍ਹ ਕੇ, ਪੰਜਾਬ ਦੀ ਮੱਦਦ 'ਤੇ ਆਉਣਾ ਚਾਹੀਦਾ ਹੈ। ਇਕ-ਇਕ ਦੇਸ਼ 'ਚ ਵੱਸਦੇ ਰੱਸਦੇ ਪੰਜਾਬੀ ਇਕ-ਇਕ ਜ਼ਿਲ੍ਹਾ ਸੰਭਾਲ ਲੈਣ। ਜਾਨ, ਮਾਲ ਦੀ ਰਾਖੀ ਲਈ ਵਚਨਬੱਧ ਪੰਜਾਬ ਸਰਕਾਰ ਨਾਲ ਹਰ ਸ਼ਹਿਰ ਦੇ ਅਮੀਰ ਲੋਕ, ਵਾਪਾਰੀ, ਕਾਰੋਬਾਰੀ ਅੱਗੇ ਆਉਣ ਕਿਉਂਕਿ ਕਿਸਾਨ ਹੈ ਤਾਂ ਜੀਵਨ ਹੈ।

ਉਨ੍ਹਾਂ ਦੀ ਉਪਜ ਨਾਲ ਹੀ ਸਭ ਕੁਝ ਚੱਲ ਰਿਹਾ ਹੈ। ਕਣਕ, ਚੌਲ ਤੇ ਦਾਲਾਂ ਦੇ ਸਿਰ 'ਤੇ ਵਪਾਰ ਚੱਲ ਰਹੇ ਹਨ। ਇਸ ਵੇਲੇ ਜਿਥੇ ਹਰ ਪੰਜਾਬੀ ਨੂੰ ਮੱਦਦ ਵਜੋਂ ਅੱਗੇ ਆਉਣਾ ਚਾਹੀਦਾ ਹੈ ਉੱਥੇ ਸਰਕਾਰਾਂ ਵੀ ਇਸ ਤ੍ਰਾਸਦੀ ਤੋਂ ਸਬਕ ਸਿੱਖ ਕੇ ਅਗਾਂਹ ਤੋਂ ਡਰੇਨਾਂ, ਨਹਿਰਾਂ, ਖਾਲਿਆਂ ਤੇ ਦਰਿਆਈ ਬੰਨ੍ਹਾਂ 'ਤੇ ਠੋਸ ਉਪਰਾਲੇ ਕਰਨ। ਕੁਦਰਤ ਦੀ ਮਾਰ ਦੇ ਨਾਲ-ਨਾਲ ਇਹ ਇਨਸਾਨੀ ਮਾਰ ਵੀ ਹੈ। ਇਸ ਸਮੇਂ ਸੰਸਾਰ ਦੇ 13 ਫੀਸਦੀ ਹੜ੍ਹ ਪ੍ਰਭਾਵਿਤ ਖੇਤਰਾਂ ਲਈ ਵਿਸ਼ਵ ਪੱਧਰ 'ਤੇ ਵੀ ਠੋਸ ਉਪਰਾਲਿਆਂ ਦੀ ਲੋੜ ਹੈ।

ਆਰਟੀਕਲ ਦੀ ਸਮਾਪਤੀ 'ਤੇ ਸਾਰੇ ਪ੍ਰਭਾਵਿਤ ਪਰਿਵਾਰਾਂ ਨਾਲ ਦਿਲੀ ਹਮਦਰਦੀ ਪ੍ਰਗਟਾਉਂਦਿਆਂ, ਲਹਿੰਦੇ ਪੰਜਾਬ ਦੇ ਇਕ ਸ਼ਾਇਰ ਦੀਆਂ ਚੰਦ ਸਤਰਾਂ ਸਾਂਝੀਆਂ ਕਰਨੀਆਂ ਅਨੁਚਿਤ ਨਹੀਂ ਹੋਣਗੀਆਂ ਜੋ ਸਾਡੇ ਅੰਦਰਲੇ ਦੀ ਹੀ ਆਕਾਸੀ ਕਰਦੀਆਂ ਹਨ :-

"ਜਿਨ੍ਹਾਂ ਰੋਂਦੇ ਬੱਦਲ ਵੇਖੇ,
ਹੱਥੀਂ ਚੰਨ ਖਿਡਾ ਕੇ।
ਜਿਨ੍ਹਾਂ ਭਿੱਜਿਆਂ ਸੂਰਜ ਤੱਕਿਆ,
ਪੀੜਾਂ ਨਾਲ ਨਹਾ ਕੇ।
ਜਿਨ੍ਹਾਂ ਪਿੱਟਦੀ ਧਰਤੀ ਵੇਖੀ,
ਗਲ਼ ਵਿਚ ਬਾਹਵਾਂ ਪਾ ਕੇ।
ਵਿਹਲ ਮਿਲੇ ਤਾਂ ਇਕ ਦਿਨ ਬਹਿ ਕੇ,
ਝੜਕ ਹਵਾਵਾਂ ਕੋਲੋਂ।
ਸਾਡੇ ਦੁੱਖ ਜੇ ਪੁੱਛਣੇ ਈ
ਤੇ ਪੁੱਛ ਦਰਿਆਵਾਂ ਕੋਲੋਂ।"

ਬਘੇਲ ਸਿੰਘ ਧਾਲੀਵਾਲ
99142-58142



# ਪੰਜਾਬ 'ਤੇ ਕੁਦਰਤੀ ਅਤੇ ਗੈਰ-ਕੁਦਰਤੀ ਆਫਤਾਂ ਦਾ ਕਹਿਰ

ਪਿਛਲੇ ਲੰਮੇ ਸਮੇਂ ਤੋਂ ਪੰਜਾਬ ਦੀ ਕਿਸਾਨੀ ਕੁਦਰਤੀ ਅਤੇ ਗੈਰ ਕੁਦਰਤੀ ਆਫਤਾਂ ਦਾ ਸ਼ਿਕਾਰ ਹੁੰਦੀ ਰਹੀ ਹੈ। ਵਕਤ ਦੀਆਂ ਅਜਿਹੀਆਂ ਮਾਰਾਂ ਨੇ ਪੰਜਾਬ ਦੀ ਕਿਸਾਨੀ ਦਾ ਅਸਲੋਂ ਹੀ ਲੱਕ ਤੋੜ ਕੇ ਰੱਖਿਆ ਹੈ। ਭਾਵੇਂ ਪੰਜਾਬੀਆਂ ਨੇ ਆਪਣੀ ਮਿਹਨਤ ਦੇ ਬਲਬੂਤੇ ਹਮੇਸ਼ਾ ਹੀ ਅਜਿਹੀਆਂ ਮਾਰਾਂ 'ਚੋਂ ਬੁਲੰਦ ਹੌਸਲੇ ਨਾਲ ਉਭਰਨ ਦਾ ਯਤਨ ਕੀਤਾ ਹੈ, ਪਰ ਹਕੂਮਤਾਂ ਦੀ ਬੇਰੁਖੀ ਹਮੇਸ਼ਾ ਹੀ ਉਹਨਾਂ ਦੀ ਤਰੱਕੀ ਦੇ ਰਾਹ ਦਾ ਰੋੜਾ ਬਣਦੀ ਰਹੀ ਹੈ। ਪੰਜਾਬੀ ਕਿਰਤੀਆਂ, ਕਿਸਾਨਾਂ ਦੀ ਹੱਡ ਭੰਨਵੀਂ ਮਿਹਨਤ ਵਿੱਚ ਐਨਾ ਕੁ ਬਲ, ਉੱਦਮ ਅਤੇ ਤਜ਼ਰਬਾ ਹੈ ਕਿ ਉਹ ਜਿਹੜੀ ਵੀ ਚੀਜ਼ ਨੂੰ ਹੱਥ ਲਾਉਣ ਸੋਨਾ ਬਣਾ ਦੇਣ, ਪਰ ਜਦੋਂ ਉਸ ਸੋਨੇ ਰੂਪੀ ਫਸਲਾਂ ਦਾ ਮੁੱਲ ਕਿਸਾਨਾਂ ਦੀ ਬਜਾਏ ਵਪਾਰੀ ਤਹਿ ਕਰੇਗਾ, ਫਿਰ ਸੋਨੇ ਵਰਗੀਆਂ ਫਸਲਾਂ ਮਿੱਟੀ ਦੇ ਮੁੱਲ ਹੀ ਜਾਣਗੀਆਂ, ਭਾਵ ਫਸਲਾਂ ਦੇ ਦਿੱਤੇ ਜਾਣ ਵਾਲੇ ਭਾਅ ਕਿਸਾਨਾਂ ਦੇ ਖਰਚੇ ਵੀ ਪੂਰੇ ਨਹੀਂ ਕਰਦੇ। ਜੇਕਰ ਪੰਜਾਬ ਦੀ ਭੂਗੋਲਿਕ ਬਣਤਰ ਨੂੰ ਦੇਖਿਆ ਜਾਵੇ ਤਾਂ ਸਪੱਸ਼ਟ ਸਮਝ ਆ ਜਾਂਦੀ ਹੈ ਕਿ ਪੰਜਾਬ ਅੱਧੀ ਦੁਨੀਆਂ ਨਾਲ ਸੜਕੀ ਰਸਤੇ ਹੀ ਵਪਾਰ ਦਾ ਅਦਾਨ ਪ੍ਰਦਾਨ ਕਰ ਸਕਦਾ ਹੈ। ਜੇਕਰ ਹਕੂਮਤਾਂ ਦੀ ਨਜ਼ਰ ਸਵੱਲੀ ਹੋਵੇ, ਤਾਂ ਵਾਹਗਾ ਬਾਰਡਰ ਖੋਲ੍ਹਣ ਨਾਲ ਪੰਜਾਬ ਦੀਆਂ ਫਸਲਾਂ ਪਾਕਿਸਤਾਨ, ਅਫਗਾਨਿਸਤਾਨ ਦੇ ਰਸਤਿਓਂ ਸਾਰੇ ਅਰਬ ਦੇਸ਼ਾਂ ਤੱਕ ਵੇਚੀਆਂ ਜਾ ਸਕਦੀਆਂ ਹਨ, ਜਿਸ ਨਾਲ ਕਿਸਾਨ ਹੀ ਨਹੀਂ ਪੰਜਾਬ ਦਾ ਹਰ ਵਰਗ ਖੁਸ਼ਹਾਲ ਹੋਵੇਗਾ। ਪੰਜਾਬ ਦੀ ਖੁਸ਼ਹਾਲੀ ਦੇਸ਼ ਦੀ ਅਰਥ ਵਿਵਸਥਾ ਨੂੰ ਖੜ੍ਹਾ ਕਰਨ ਦੇ ਸਮਰੱਥ ਹੋ ਸਕਦੀ ਹੈ। ਇਹ ਕਹਿਣ ਦੀਆਂ ਗੱਲਾਂ ਨਹੀਂ ਪੰਜਾਬ ਨੇ ਪਹਿਲਾਂ ਵੀ ਅਜਿਹਾ ਕਰਕੇ ਦਿਖਾਇਆ ਹੈ। ਜਦੋਂ ਭਾਰਤ ਦੀ ਬਹੁ ਗਿਣਤੀ ਵਸੋਂ ਰੋਟੀ ਨੂੰ ਤਰਸਦੀ ਸੀ, ਉਦੋਂ ਪੰਜਾਬੀ ਕਿਸਾਨਾਂ ਨੇ ਦੇਸ਼ ਦੇ ਅੰਨ ਭੰਡਾਰ ਨੱਕੋ ਨੱਕ ਭਰ ਦਿੱਤੇ ਸਨ, ਉਸ ਦੇ ਇਵਜ਼ਾਨੇ ਵਿੱਚ ਭਾਵੇਂ ਉਹਨਾਂ ਦੇ ਆਪਣੇ ਹਿੱਸੇ ਸਿਵਾਏ ਕਰਜ਼ੇ ਦੀ ਪੰਡ ਅਤੇ ਅਣ-ਕਿਆਸੀਆਂ ਆਫਤਾਂ ਦੀ ਮਾਰ ਤੋਂ, ਹੋਰ ਕੁੱਝ ਵੀ ਹੱਥ ਪੱਲੇ ਨਹੀਂ ਆਇਆ, ਫਿਰ ਵੀ ਕਿਸਾਨਾਂ ਨੇ ਦੇਸ਼ ਦੇ ਅੰਨ ਭੰਡਾਰਾਂ 'ਚ ਅਨਾਜ ਦੀ ਕਮੀ ਨਹੀਂ ਆਉਣ ਦਿੱਤੀ। ਪਰ ਸਰਮਾਏਦਾਰੀ ਸਿਸਟਮ ਦੀ ਬੇਈਮਾਨੀ ਸੋਚ ਨੇ ਕਦੇ ਵੀ ਕਿਸਾਨ ਨੂੰ ਖੁਸ਼ਹਾਲ ਜੀਵਨ ਜਿਊਣ ਦੇ ਸਮਰੱਥ ਨਹੀਂ ਹੋਣ ਦਿੱਤਾ। ਇਸ ਵਾਰ ਤਾਂ ਪੰਜਾਬ ਅੰਦਰ ਵੀ ਬਹੁਤ ਅਗੇਤੀਆਂ ਬਾਰਸ਼ਾਂ ਸ਼ੁਰੂ ਹੋਣ ਕਰਕੇ ਹੜ੍ਹਾਂ ਦਾ ਪਹਿਲਾਂ ਹੀ ਖਦਸ਼ਾ ਬਣਿਆ ਹੋਇਆ ਸੀ। ਇਹ ਵੀ ਸੱਚ ਹੈ ਕਿ ਪੰਜਾਬ ਦੇ ਲੋਕ ਕੁਦਰਤੀ ਕਰੋਪੀਆਂ 'ਚੋਂ ਉੱਭਰਦੇ ਰਹੇ ਹਨ, ਪਰ ਗੈਰ ਕੁਦਰਤੀ ਸਿਰਜੇ ਜਾਂਦੇ ਬਿਰਤਾਂਤਾਂ ਤੋਂ ਕਿਸਾਨੀ ਦਾ ਬਚਣਾ ਸੰਭਵ ਨਹੀਂ ਹੈ। ਕਿਉਂਕਿ ਅਸਲ ਮਾਰ ਪੰਜਾਬ ਨੂੰ ਬਰਸਾਤਾਂ ਨਾਲ ਨਹੀਂ ਬਲਕਿ ਡੈਮਾਂ, ਦਰਿਆਵਾਂ 'ਚੋ ਛੱਡੇ ਜਾਂਦੇ ਪਾਣੀ ਕਾਰਨ ਪੈਂਦੀ ਹੈ। ਇਹ ਬਿਰਤਾਂਤ ਕਿੰਨੀ ਸਪੱਸ਼ਟਤਾ ਨਾਲ ਇਸ ਵਿਤਕਰੇ ਨੂੰ ਦਰਸਾਉਂਦਾ ਹੈ ਕਿ ਜਦੋਂ ਪੰਜਾਬ ਨੂੰ ਪਾਣੀਆਂ ਦੀ ਲੋੜ ਹੁੰਦੀ ਹੈ, ਤਾਂ ਪੰਜਾਬ ਦੇ ਆਪਣੇ ਪਾਣੀਆਂ ਵਿੱਚੋਂ ਵੀ ਉਹਨੂੰ ਹਿੱਸਾ ਨਹੀਂ ਮਿਲਦਾ, ਪਰ ਜਦੋਂ ਪਹਾੜਾਂ ਵਿੱਚ ਬਾਰਸ਼ਾਂ ਨਾਲ ਡੈਮਾਂ, ਦਰਿਆਵਾਂ ਵਿੱਚ ਪਾਣੀ ਵੱਧ ਜਾਂਦਾ ਹੈ, ਤਾਂ ਸਾਰੇ ਫਲੱਡ ਗੇਟ ਪੰਜਾਬ ਵੱਲ ਖੋਲ੍ਹ ਦਿੱਤੇ ਜਾਂਦੇ ਹਨ। ਕੀ ਇਹ ਧੱਕੇਸ਼ਾਹੀ ਨਹੀਂ? ਕੀ ਇਹ ਪੰਜਾਬ ਨੂੰ ਜਾਣ ਬੁੱਝ ਕੇ ਬਰਬਾਦ ਕਰਨ ਵਾਲੀ ਸਾਜਿਸ਼ ਨਹੀਂ ਹੈ ? ਕੀ ਖਤਰਿਆਂ ਮੌਕੇ ਉਹਨਾਂ ਸੂਬਿਆਂ ਨੂੰ ਪਾਣੀ ਨਹੀਂ ਛੱਡਿਆ ਜਾਣਾ ਚਾਹੀਦਾ, ਜਿਹੜੇ ਇਸਦਾ ਲੋੜ ਵੇਲੇ ਲਾਭ ਉਠਾਉਂਦੇ ਹਨ ? ਇਹ ਕਿੱਥੋਂ ਦਾ ਨਿਆਂ ਹੈ ਕਿ ਪਾਣੀ ਦੀ ਪਿਆਸ ਵੇਲੇ ਪੰਜਾਬ ਨੂੰ ਤ੍ਰਿਹਾਇਆ ਮਾਰਿਆ ਜਾਵੇ ਅਤੇ ਖਤਰਿਆਂ ਵੇਲੇ ਡੁੱਬ ਮਰਨ ਲਈ ਮਜਬੂਰ ਕਰ ਦਿੱਤਾ ਜਾਵੇ। ਹਰ ਪਾਸਿਉਂ ਪੰਜਾਬ ਨੂੰ ਮਾਰਿਆ ਜਾ ਰਿਹਾ ਹੈ। ਇੱਕ ਪਾਸੇ ਦਰਿਆਵਾਂ ਡੈਮਾਂ ਦਾ ਪਾਣੀ ਪੰਜਾਬ ਦੇ ਲੋਕਾਂ ਦੇ ਜਾਨ ਮਾਲ ਨੂੰ ਹੜ੍ਹ ਕੇ ਲਿਜਾ ਰਿਹਾ ਹੈ, ਇੱਥੋਂ ਦੀ ਜੁਆਨੀ ਨੂੰ ਨਸ਼ਿਆਂ ਦੇ ਹੜ੍ਹਾਂ ਵਿੱਚ ਰੋੜ੍ਹਿਆ ਜਾ ਰਿਹਾ ਹੈ, ਬੋਲੀ ਮਾਰੀ ਜਾ ਰਹੀ ਹੈ। ਇੱਥੋਂ ਦਾ ਸੱਭਿਆਚਾਰ ਰੋਲਿਆ ਜਾ ਰਿਹਾ ਹੈ। ਇੱਥੋਂ ਦੀ ਮਿਹਨਤ ਨੂੰ ਮਾਰਿਆ ਜਾ ਰਿਹਾ ਹੈ। ਜ਼ਮੀਨਾਂ ਖੋਹ ਲਏ ਜਾਣ ਦਾ ਖਤਰਾ ਹਰ ਪਲ ਪੰਜਾਬ ਦੇ ਸਿਰ 'ਤੇ ਮੰਡਰਾ ਰਿਹਾ ਸਾਫ ਦੇਖਿਆ ਜਾ ਸਕਦਾ ਹੈ। ਇੱਥੋਂ ਦੀ ਨਾਬਰੀ ਜਿਸਨੇ ਸਿਕੰਦਰ, ਮੰਗੋਲਾਂ ਤੋਂ ਲੈ ਕੇ ਅਫਗਾਨੀ, ਈਰਾਨੀ ਧਾੜਵੀਆਂ ਨਾਲ ਟੱਕਰ ਲੈ ਕੇ ਭਾਰਤ ਦੀ ਹੋਂਦ ਨੂੰ ਬਚਾਇਆ, ਫਿਰੰਗੀਆਂ ਨੂੰ ਭਜਾਇਆ, ਅੱਜ ਉਹ ਹੀ ਭਾਰਤ ਦੇ ਸ਼ਾਸ਼ਕ ਪੰਜਾਬ ਦੀ ਨਾਬਰੀ ਨੂੰ ਖਤਮ ਕਰਨ ਲਈ ਪੰਜਾਬ ਦੀ ਹੋਂਦ ਨੂੰ ਮਿਟਾਉਣ ਦੇ ਯਤਨਾਂ ਵਿੱਚ ਲੱਗੇ ਹੋਏ ਹਨ। ਪੰਜਾਬ ਦੀਆਂ ਉਪਜਾਊ ਜ਼ਮੀਨਾਂ ਧੱਕੇ ਨਾਲ ਖੋਹ ਕੇ ਵਿਛਾਏ ਜਾ ਰਹੇ ਸੜਕਾਂ ਦੇ ਜਾਲ ਪੰਜਾਬ ਦੀ ਬਰਬਾਦੀ ਦੇ ਮੀਲ ਪੱਥਰ ਹਨ। ਇਹ ਵੱਡੀਆਂ ਸੜਕਾਂ ਦਾ ਜਾਲ ਆਮ ਲੋਕਾਂ ਲਈ ਨਹੀਂ ਬਲਕਿ ਕੁੱਝ ਵੱਡੇ ਘਰਾਣਿਆਂ ਦੇ ਵਪਾਰ ਨੂੰ ਮੱਧ ਏਸ਼ੀਆ ਤੱਕ ਵਧਾਉਣ ਲਈ ਪਾਇਆ ਜਾ ਰਿਹਾ ਹੈ।

ਪੰਜਾਬ ਨੂੰ ਦਰਿਆਵਾਂ, ਡੈਮਾਂ ਦੇ ਵਾਧੂ ਪਾਣੀਆਂ ਵਿੱਚ ਡੁੱਬ ਮਰਨ ਲਈ ਇਹ ਸੜਕਾਂ ਸ਼ਕਤੀਸ਼ਾਲੀ ਬੰਨ ਦਾ ਕੰਮ ਕਰਨਗੀਆਂ, ਕਿਉਂਕਿ ਉਪਰੋਕਤ ਸੜਕਾਂ ਬਨਾਉਣ ਵਾਲੇ ਇੰਜਨੀਅਰਾਂ ਵੱਲੋਂ ਵੀਹ ਵੀਹ ਫੁੱਟ ਉੱਚੀਆਂ, ਸੌ ਸੌ ਫੁੱਟ ਚੌੜੀਆਂ ਸੜਕਾਂ ਦੇ ਹੇਠਾਂ ਹੜ੍ਹਾਂ ਦੇ ਪਾਣੀਆਂ ਦੀ ਨਿਕਾਸੀ ਲਈ ਕਿਧਰੇ ਵੀ ਪਾਣੀਆਂ ਦੇ ਵਹਿਣ ਅਨੁਸਾਰ ਪੁਲ ਨਹੀਂ ਬਣਾਏ ਗਏ, ਬਲਕਿ ਪੰਜਾਬ ਨੂੰ ਡੋਬਣ ਦੇ ਪੁਖਤਾ ਇੰਤਜ਼ਾਮ ਕਰ ਦਿੱਤੇ ਹੋਏ ਹਨ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਪੰਜਾਬ ਅੰਦਰ 40 ਤੋਂ ਵੱਧ ਕਿਸਾਨਾਂ ਮਜ਼ਦੂਰਾਂ ਦੀਆਂ ਜਥੇਬੰਦੀਆਂ ਵਿੱਚੋ ਕਿਸੇ ਇੱਕ ਨੇ ਵੀ ਕਿਸਾਨਾਂ ਨੂੰ ਜ਼ਮੀਨਾਂ ਨਾ ਦੇਣ ਲਈ ਸੁਚੇਤ ਨਹੀਂ ਕੀਤਾ ਅਤੇ ਨਾ ਹੀ ਇਹਨਾਂ ਕਾਰਪੋਰੇਟੀ ਸੜਕਾਂ ਨੂੰ ਰੋਕਣ ਲਈ ਕੋਈ ਅਵਾਜ਼ ਬੁਲੰਦ ਹੀ ਕੀਤੀ। ਨਤੀਜਾ ਇਹ ਹੋਇਆ ਕਿ ਪੰਜਾਬ ਨੂੰ ਮਨ ਮਰਜ਼ੀ ਨਾਲ ਮੌਤ ਦੇ ਕੁੰਡਾਂ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ। ਪਹਿਲਾਂ ਪੰਜਾਬ ਨੂੰ ਕਾਬੂ ਕਰਨ ਲਈ ਪਾਣੀਆਂ ਤੋਂ ਸਸਤੇ ਮੁੱਲ 'ਚ ਤਿਆਰ ਹੁੰਦੀ ਬਿਜਲੀ ਖੋਹ ਕੇ ਕੋਲੇ ਨਾਲ ਚੱਲਣ ਵਾਲੇ ਥਰਮਲ ਲਾਉਣ ਲਈ ਮਜਬੂਰ ਕੀਤਾ ਗਿਆ, ਤਾਂ ਕਿ ਜਦੋਂ ਲੋੜ ਪਵੇ ਪੰਜਾਬ ਦੀ ਬਿਜਲੀ ਗੁੱਲ ਕਰ ਦਿੱਤੀ ਜਾਵੇ ਅਤੇ ਹੁਣ ਆਹ ਸੜਕੀ ਜਾਲ ਦੇ ਅੰਦਰ ਮੌਤ ਦੇ ਕੁੰਡ ਬਣਾਏ ਗਏ ਹਨ, ਤਾਂ ਕਿ ਲੋੜ ਪੈਣ 'ਤੇ ਪੰਜਾਬ ਨੂੰ ਪਾਣੀਆਂ ਵਿੱਚ ਹੀ ਡੋਬ ਕੇ ਖਤਮ ਕਰ ਦਿੱਤਾ ਜਾਵੇ। ਇਹ ਵੀ ਸੱਚ ਹੈ ਕਿ ਪੰਜਾਬ ਦੀ ਬਰਬਾਦੀ ਦੇ ਪੱਕੇ ਪਰਚਿਆਂ 'ਤੇ ਦਸਤਖਤ ਕਰਨ ਵਾਲਿਆਂ ਵਿੱਚ 1950 ਤੋਂ ਲੈ ਕੇ ਮੌਜੂਦਾ ਸਮੇਂ ਤੱਕ ਦੀਆਂ ਸਾਰੀਆਂ ਸੂਬਾ ਸਰਕਾਰਾਂ ਸ਼ਾਮਲ ਹਨ, ਜਿਨ੍ਹਾਂ ਨੇ ਆਪਣੀ ਚੌਧਰ ਅਤੇ ਨਿੱਜੀ ਲੋਭ ਲਾਲਸਾ ਖਾਤਰ ਪੰਜਾਬ ਦੇ ਹਿੱਤਾਂ ਨੂੰ ਕੌਡੀਆਂ ਦੇ ਭਾਅ ਲੁਟਾਇਆ ਹੈ। ਸੋ ਪੰਜਾਬ ਨੂੰ ਬਚਾਉਣ ਲਈ ਜਿੱਥੇ ਕਿਸਾਨ ਮਜ਼ਦੂਰ ਏਕਤਾ ਪਹਿਲੀ ਮੁੱਖ ਲੋੜ ਹੈ, ਉਥੇ ਕਿਸਾਨ, ਮਜ਼ਦੂਰ ਜਥੇਬੰਦੀਆਂ ਦੇ ਨੇਤਾਵਾਂ ਵਿੱਚ ਇਮਾਨਦਾਰੀ ਤੋਂ ਬਗੈਰ ਵੀ ਏਕਤਾ ਕੋਈ ਮਾਅਨੇ ਨਹੀਂ ਰੱਖਦੀ। ਪੰਜਾਬ ਨੂੰ ਆਤਮ ਨਿਰਭਰਤਾ ਲਈ ਪੁਰਾਤਨ ਖੇਤੀ ਮਾਡਲ ਨੂੰ ਅਪਨਾਉਣਾ ਵੀ ਬੇਹੱਦ ਲਾਜ਼ਮੀ ਹੋਵੇਗਾ, ਪੁਰਾਤਨ ਫਸਲਾਂ ਜਿਨ੍ਹਾਂ ਵਿੱਚ ਦਾਲਾਂ, ਸਬਜ਼ੀਆਂ ਸਮੇਤ ਸਮੁੱਚੀਆਂ ਉਹ ਫਸਲਾਂ ਸ਼ਾਮਲ ਹਨ, ਜਿਹੜੀਆਂ ਹਰੀ ਕ੍ਰਾਂਤੀ ਦੇ ਦੌਰ ਤੋਂ ਪਹਿਲੀਆਂ ਉਗਾਈਆਂ ਜਾਂਦੀਆਂ ਰਹੀਆਂ ਹਨ। ਇਹ ਪੁਰਾਣੀਆਂ ਫਸਲਾਂ, ਕਿਸਾਨਾਂ ਨੂੰ ਘਰੇਲੂ ਲੋੜਾਂ ਦੀ ਪੂਰਤੀ ਲਈ ਬਜ਼ਾਰ ਦੀ ਨਿਰਭਰਤਾ ਤੋਂ ਵੀ ਲਾਂਭੇ ਰੱਖਦੀਆਂ ਰਹੀਆਂ ਹਨ, ਉਥੇ ਪੰਜਾਬ ਨੂੰ ਬਿਮਾਰੀਆਂ ਤੋਂ ਬਚਾ ਕੇ ਵੀ ਰੱਖਦੀਆਂ ਰਹੀਆਂ ਹਨ। ਇਹ ਚਿੱਟੇ ਦਿਨ ਵਰਗਾ ਸੱਚ ਹੈ ਕਿ ਹਰੀ ਕਰਾਂਤੀ ਤੋਂ ਪਹਿਲਾਂ ਪੰਜਾਬ ਭਿਆਨਕ ਬਿਮਾਰੀਆਂ ਤੋਂ ਬਿਲਕੁਲ ਮੁਕਤ ਸੀ। ਸੋ ਪੁਰਾਣੇ ਖੇਤੀ ਮਾਡਲ ਨੂੰ ਅਪਨਾਉਣ ਨਾਲ ਜਿੱਥੇ ਧਰਤੀ ਦੀ ਉਪਜਾਊ ਸ਼ਕਤੀ ਨੂੰ ਵੀ ਮੁੜ ਤੋਂ ਜਿਉਂਦਾ ਕੀਤਾ ਜਾ ਸਕਦਾ ਹੈ, ਓਥੇ ਦੇ ਮਹਿੰਗਾਈ ਦੇ ਦੌਰ ਵਿੱਚ ਉਪਰੋਕਤ ਸਸਤਾ ਖੇਤੀ ਮਾਡਲ ਚੋਖੇ ਮੁਨਾਫੇ ਦਾ ਜ਼ਰੀਆ ਵੀ ਬਣ ਸਕਦਾ ਹੈ। ਇਹਨਾਂ ਅਤਿ ਜ਼ਰੂਰੀ ਨੁਕਤਿਆਂ ਤੋਂ ਬਗੈਰ ਪੰਜਾਬ ਦੀ ਰਾਖੀ ਸੰਭਵ ਨਹੀਂ ਹਵੇਗੀ।



# ਕੁਦਰਤ ਨਾਲ ਖਿਲਵਾੜ ਦੀਆਂ ਭਿਆਨਕ ਚੁਣੌਤੀਆਂ

ਮੁਖ਼ਤਾਰ ਗਿੱਲ

ਅਸੀਂ ਹਵਾ, ਮਿੱਟੀ, ਜੰਗਲ ਤੇ ਪਾਣੀ, ਭਾਵ, ਪ੍ਰਕਿਰਤੀ ਦੇ ਹਰ ਸਾਧਨ ਨੂੰ ਨਜ਼ਰਅੰਦਾਜ਼ ਕੀਤਾ ਅਤੇ ਅੱਜ ਇਹ ਸਾਰੀਆਂ ਕੁਦਰਤੀ ਦਾਤਾਂ ਸਾਡੇ ਖ਼ਿਲਾਫ਼ ਹੋ ਗਈਆਂ ਹਨ। ਇਸ ਵਰਤਾਰੇ ਲਈਂ ਅਸੀਂ ਸਭ ਜ਼ਿੰਮੇਵਾਰ ਹਾਂ। ਮਨੁੱਖੀ ਸਭਿਅਤਾ ਦਾ ਵਿਕਾਸ ਹਿਮਾਲਿਆ ਅਤੇ ਉਸ ਦੀਆਂ ਨਦੀਆਂ-ਘਾਟੀਆਂ ਤੋਂ ਮੰਨਿਆ ਜਾਂਦਾ ਪਰ ਅੱਜ ਵਿਕਾਸ ਦੇ ਤਰੀਕੇ ਅਤੇ ਜਲਦਬਾਜ਼ੀ ਨਾਲ ਸਮੁੱਚੇ ਹਿਮਾਲਿਆ ਦੇ ਖੋਖਲੇ (ਕਰੈਕ) ਹੋਣ ਦਾ ਸਿਲਸਿਲਾ ਜਾਰੀ ਹੈ। ਉਤਰਾਖੰਡ ਦੇ ਜ਼ਿਲ੍ਹੇ ਉਤਰਕਾਂਸ਼ੀ ਵਿੱਚ ਢਾਈ ਘੰਟੇ ਅੰਦਰ ਤਿੰਨ ਥਾਵਾਂ 'ਤੇ ਬੱਦਲ ਫਟਣ ਨਾਲ ਆਈ 'ਜਲ ਪਰਲੋ' ਨੇ ਭਾਰੀ ਤਬਾਹੀ ਮਚਾਈ। ਗੰਗੋਤਰੀ ਧਾਮ ਦੇ ਮੁੱਖ ਪੜਾਅ ਧਰਾਲੀ ਕਸਬੇ ਦਾ ਬਾਜ਼ਾਰ ਖੀਰ ਗੰਗਾ ਨਦੀ ਵਿੱਚ ਆਏ ਹੜ੍ਹ 'ਚ ਤਬਾਹ ਹੋ ਗਿਆ। ਘਰ, ਦੁਕਾਨਾਂ ਅਤੇ ਖੀਰ ਗੰਗਾ ਨਦੀ ਕਿਨਾਰੇ ਅਨਿਯਮਤ ਉਸਾਰੇ ਹੋਟਲ, ਰੇਸਤਰਾਂ ਅਤੇ ਗੈਸਟ ਹਾਊਸ ਕਾਗਜ਼ ਵਾਂਗ ਹੜ੍ਹ ਵਿਚ ਰੁੜ੍ਹ ਗਏ। ਵਿਗਿਆਨੀਆਂ ਨੇ ਬਿਨਾਂ ਯੋਜਨਾ ਬਣੇ ਘਰਾਂ, ਹੋਟਲਾਂ, ਰੇਸਤਰਾਂ, ਗੈਸਟ ਹਾਊਸਾਂ ਨੂੰ ਆਫ਼ਤ ਦਾ ਕਾਰਨ ਦੱਸਿਆ ਹੈ।

ਮੌਨਸੂਨ ਦੇ ਇਸ ਸੀਜ਼ਨ 'ਚ ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਮੀਂਹ ਪੈਣ, ਬੱਦਲ ਫਟਣ, ਢਿੱਗਾਂ ਡਿੱਗਣ ਅਤੇ ਗਲੇਸ਼ੀਅਰਾਂ ਪਿਘਲਣ ਕਾਰਨ ਨਦੀਆਂ ਵਿੱਚ ਆਏ ਹੜ੍ਹ ਦੀ ਵਜ੍ਹਾ ਕਰ ਕੇ ਚੰਬਾ-ਪਠਾਨਕੋਟ ਮਾਰਗ ਧਸ ਗਿਆ। ਸੜਕਾਂ ਬੰਦ ਹੋ ਗਈਆਂ। ਪੰਜਾਬ ਵਿੱਚ ਸਤਲੁਜ ਤੇ ਬਿਆਸ ਦਰਿਆਵਾਂ ਵਿੱਚ ਜ਼ਿਆਦਾ ਪਾਣੀ ਆਉਣ ਕਰ ਕੇ ਦੋਹਾਂ ਦਰਿਆਵਾਂ ਦੇ ਆਸ-ਪਾਸ ਦੇ ਪਿੰਡਾਂ ਵਿਚ ਡਰ ਤੇ ਸਹਿਮ ਹੈ ਅਤੇ ਕਿਸਾਨਾਂ ਦੀਆਂ ਫ਼ਸਲਾਂ ਡੁੱਬ ਗਈਆਂ ਹਨ। ਕਪੂਰਥਲਾ ਜ਼ਿਲ੍ਹੇ ਦੇ 12 ਪਿੰਡ ਹੜ੍ਹ ਤੋਂ ਪ੍ਰਭਾਵਿਤ ਹੋਏ ਹਨ।

ਕਸਬਾ ਧਰਾਲੀ ਤੇ ਪਿੰਡ ਹਰਸਿਲ ਵਿੱਚ ਹੜ੍ਹ ਦੇ ਰੂਪ ਵਿਚ ਜੋ ਦ੍ਰਿਸ਼ ਦੇਖਣ ਨੂੰ ਮਿਲੇ ਹਨ, ਉਹ ਭਿਆਨਕ ਚਿੰਤਾ ਦਾ ਵਿਸ਼ਾ ਹਨ। ਧਰਾਲੀ ਉੱਜੜ ਗਿਆ, ਜੀਵਨ ਸੁੰਨਾ ਹੋ ਗਿਆ। ਮੌਸਮ ਅਤੇ ਕੁਦਰਤੀ ਆਫ਼ਤਾਂ ਦੀ ਜਾਣਕਾਰੀ ਦੇਣ ਵਾਲੇ ਉਪ ਗ੍ਰਹਿ ਭਾਵੇਂ ਕਿੰਨੇ ਵੀ ਆਧੁਨਿਕ ਤਕਨੀਕ ਨਾਲ ਜੁੜੇ ਹੋਣ, ਇਹ ਅਨਿਯਮਤ ਹੋ ਚੁੱਕੇ ਮੌਸਮ ਕਾਰਨ ਬੱਦਲ ਫਟਣ, ਢਿੱਗਾਂ ਡਿੱਗਣ, ਚਟਾਨਾਂ ਖਿਸਕਣ ਅਤੇ ਭਾਰੀ ਮੀਂਹ ਦੀ ਸਟੀਕ ਜਾਣਕਾਰੀ ਨਹੀਂ ਦੇ ਸਕਦੇ। 2013 ਵਿੱਚ ਕੇਦਾਰਨਾਥ ਤ੍ਰਾਸਦੀ ਅਤੇ 2014 ਵਿਚ ਜੰਮੂ ਕਸ਼ਮੀਰ ਦੀਆਂ ਨਦੀਆਂ ਵਿੱਚ ਹੜ੍ਹ ਆਉਣ ਦੇ ਸੰਕੇਤ ਵੀ ਉਪ ਗ੍ਰਹਿ ਤੋਂ ਨਹੀਂ ਸਨ ਮਿਲ ਸਕੇ। ਇਸੇ ਤਰ੍ਹਾਂ 2021 ਵਿਚ ਧੌਲੀਗੰਗਾ ਨਦੀ ਵਿਚ ਅਚਾਨਕ ਆਏ ਹੜ੍ਹ ਵਿੱਚ ਤਪਵਨ ਪਣ ਬਿਜਲੀ ਪ੍ਰਾਜੈਕਟ 'ਚ ਕੰਮ ਕਰ ਰਹੇ ਕੁਝ ਮਜ਼ਦੂਰਾਂ ਦ ਮਿੌਤ ਹੋ ਗਈ ਸੀ। ਹਿਮਾਚਲ 'ਚ ਢਿੱਗਾਂ ਡਿੱਗਣ, ਬੱਦਲ ਫਟਣ ਅਤੇ ਭਾਰੀ ਮੀਂਹ ਨਾਲ ਤਬਾਹੀ ਦੇਖਣ ਨੂੰ ਮਿਲ ਰਹੀ ਹੈ।

ਮੌਸਮ ਵਿਗਿਆਨੀਆਂ ਦਾ ਕਹਿਣਾ ਹੈ ਕਿ ਇਸ ਵਾਰ ਮੌਨਸੂਨ ਵਿੱਚ ਲੰਮੀ ਰੁਕਾਵਟ ਕਰ ਕੇ ਦੇਸ਼ ਦੇ ਕੁਝ ਹਿੱਸਿਆਂ ਵਿੱਚ ਪਏ ਘੱਟ ਮੀਂਹਾਂ ਕਰ ਕੇ ਸੋਕੇ ਵਰਗੇ ਹਾਲਾਤ ਪੈਦਾ ਹੋ ਗਏ ਹਨ; ਜਦਕਿ ਉਤਰਾਖੰਡ ਤੇ ਹਿਮਾਚਲ ਪ੍ਰਦੇਸ਼ ਵਿਚ ਜ਼ਿਆਦਾ ਮੀਂਹ ਪੈਣ ਕਰ ਕੇ ਤਬਾਹੀ ਮਚ ਗਈ ਹੈ। ਮੌਨਸੂਨ ਵਿੱਚ ਰੁਕਾਵਟ ਆਉਣ ਕਰ ਕੇ ਬੱਦਲ ਪਹਾੜਾਂ ਉੱਤੇ ਇਕੱਠੇ ਹੋ ਜਾਂਦੇ ਹਨ; ਫਿਰ ਇਹੋ ਮੋਹਲੇਧਾਰ ਮੀਂਹਾਂ ਅਤੇ ਤ੍ਰਾਸਦੀ ਦਾ ਕਾਰਨ ਬਣਦੇ ਹਨ। ਉਂਝ, ਤਬਾਹੀ ਲਈ ਮੌਨਸੂਨ ਨੂੰ ਜ਼ਿੰਮੇਵਾਰ ਠਹਿਰਾ ਕੇ ਜਵਾਬਦੇਹੀ ਤੋਂ ਨਹੀਂ ਬਚਿਆ ਜਾ ਸਕਦਾ। ਕੇਦਾਰਨਾਥ ਵਿੱਚ ਬਿਨਾਂ ਮੌਨਸੂਨ ਦੀ ਰੁਕਾਵਟ ਦੇ ਹੀ ਤਬਾਹੀ ਹੋ ਗਈ ਸੀ।

ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਅਸੀਂ ਅੱਜ ਵੀ ਪ੍ਰਕਿਰਤੀ ਦੇ ਨਿਯਮਾਂ ਨੂੰ ਨਹੀਂ ਸਮਝ ਸਕੇ ਅਤੇ ਨਾ ਹੀ ਉਸ ਦੇ ਵਿਹਾਰ ਨੂੰ ਲੈ ਕੇ ਕੋਈ ਵਿਗਿਆਨਕ ਸਮਝ ਵਿਕਸਤ ਕਰ ਸਕੇ ਹਾਂ। ਹਾਲਾਤ ਮੁਤਾਬਿਕ ਦੇਖੀਏ ਤਾਂ ਜਿੱਥੇ-ਜਿੱਥੇ ਅਸੀਂ ਪ੍ਰਕਿਰਤੀ ਨਾਲ ਜ਼ਿਆਦਾ ਛੇੜਛਾੜ ਕੀਤੀ, ਜਿਵੇਂ ਹਿਮਾਲਿਆ ਦੇ ਖੇਤਰ ਵਿੱਚ, ਉੱਥੇ ਉੱਥੇ ਵਿਨਾਸ਼ਕਾਰੀ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਜਲਵਾਯੂ ਪਰਿਵਰਤਨ ਤੇ ਆਲਮੀ ਤਪਸ਼ (ਗਲੋਬਲ ਵਾਰਮਿੰਗ) ਹੁਣ ਕੰਟਰੋਲ ਤੋਂ ਬਾਹਰ ਹੋ ਚੁੱਕੇ ਹਨ। ਗਲੇਸ਼ੀਅਰ ਪਿਘਲਣ ਨਾਲ ਨਦੀਆਂ ਵਿੱਚ ਉਛਾਲ, ਹੜ੍ਹ ਦਾ ਰੂਪ ਧਾਰਨ ਕਰ ਲੈਂਦਾ ਹੈ ਅਤੇ ਤਬਾਹੀ ਦਾ ਸਬੱਬ ਬਣਦਾ ਹੈ। ਹਿਮਾਲਿਆ ਦੇ ਖੇਤਰਾਂ, ਉਤਰਾਖੰਡ, ਹਿਮਾਚਲ ਵਿਚ ਅਸਾਂ ਸੈਰ ਸਪਾਟੇ ਨੂੰ ਉਤਸ਼ਾਹਤ ਕਰਨ ਅਤੇ ਸੈਲਾਨੀਆਂ ਨੂੰ ਸਹੂਲਤਾਂ ਮੁਹੱਈਆ ਕਰਨ ਲਈ ਨਦੀਆਂ ਦਾ ਕੁਦਰਤੀ ਲਾਂਘਾ ਰੋਕਿਆ ਹੈ। ਹਿਮਾਚਲੀ ਨਦੀਆਂ ਅਤੇ ਉਤਰਾਖੰਡ ਦੀ ਖੀਰ ਗੰਗਾ ਆਦਿ ਨਦੀਆਂ ਕਿਨਾਰੇ ਅਨਿਯਮਤ ਹੋਟਲ, ਰੇਸਤਰਾਂ, ਗੈਸਟ ਹਾਊਸ, ਹੋਮ ਸਟੇਅ ਉਸਾਰੇ ਗਏ ਜਿਹੜੇ ਨਦੀਆਂ ਦੇ ਬੇਤਹਾਸ਼ਾ ਪਾਣੀਆਂ ਦੇ ਪਰਵਾਹ ਨੂੰ ਰੋਕਣ ਕਰ ਕੇ ਤਾਸ਼ ਦੇ ਪੱਤਿਆਂ ਵਾਂਗ ਢੇਰ ਹੋ ਗਏ।


> ਇਸੇ ਤਰ੍ਹਾਂ ਸਮੁੱਚੇ ਹਿਮਾਲਿਆ ਖੇਤਰ ਵਿਚ ਬੀਤੇ ਇਕ ਦਹਾਕੇ ਤੋਂ ਸੈਲਾਨੀਆਂ ਲਈ ਸਹੂਲਤਾਂ ਮੁਹੱਈਆ ਕਰਨ ਲਈ ਪਣ ਬਿਜਲੀ ਪ੍ਰਾਜੈਕਟ, ਰੇਲ ਤੇ ਸੜਕ ਨਿਰਮਾਣ ਦੇ ਕਾਰਜਾਂ ਵਿਚ ਕੁਦਰਤ ਨਾਲ ਛੇੜਛਾੜ ਹੋ ਰਹੀ ਹੈ। ਇਨ੍ਹਾਂ ਪ੍ਰਾਜੈਕਟਾਂ ਲਈ ਹਿਮਾਲਿਆ ਖੇਤਰ ਵਿੱਚੋਂ ਰੇਲ ਲੰਘਾਉਣ ਅਤੇ ਹੋਰ ਕਈ ਹਿਮਾਲਿਆਈ ਛੋਟੀ ਨਦੀਆਂ ਨੂੰ ਵੱਡੀਆਂ ਨਦੀਆਂ ਵਿੱਚ ਮਿਲਾਉਣ ਲਈ ਸੁਰੰਗਾਂ ਬਣਾਈਆਂ ਜਾ ਰਹੀਆਂ ਹਨ। ਬਿਜਲੀ ਪ੍ਰਾਜੈਕਟਾਂ ਲਈ ਵੀ ਜੋ ਪਲਾਂਟ ਲੱਗ ਰਹੇ ਹਨ, ਉਨ੍ਹਾਂ ਲਈ ਹਿਮਾਲਿਆ ਨੂੰ ਖੋਖਲਾ ਕੀਤਾ ਜਾ ਰਿਹਾ ਹੈ।

ਇਸੇ ਤਰ੍ਹਾਂ ਸਮੁੱਚੇ ਹਿਮਾਲਿਆ ਖੇਤਰ ਵਿਚ ਬੀਤੇ ਇਕ ਦਹਾਕੇ ਤੋਂ ਸੈਲਾਨੀਆਂ ਲਈ ਸਹੂਲਤਾਂ ਮੁਹੱਈਆ ਕਰਨ ਲਈ ਪਣ ਬਿਜਲੀ ਪ੍ਰਾਜੈਕਟ, ਰੇਲ ਤੇ ਸੜਕ ਨਿਰਮਾਣ ਦੇ ਕਾਰਜਾਂ ਵਿਚ ਕੁਦਰਤ ਨਾਲ ਛੇੜਛਾੜ ਹੋ ਰਹੀ ਹੈ। ਇਨ੍ਹਾਂ ਪ੍ਰਾਜੈਕਟਾਂ ਲਈ ਹਿਮਾਲਿਆ ਖੇਤਰ ਵਿੱਚੋਂ ਰੇਲ ਲੰਘਾਉਣ ਅਤੇ ਹੋਰ ਕਈ ਹਿਮਾਲਿਆਈ ਛੋਟੀ ਨਦੀਆਂ ਨੂੰ ਵੱਡੀਆਂ ਨਦੀਆਂ ਵਿੱਚ ਮਿਲਾਉਣ ਲਈ ਸੁਰੰਗਾਂ ਬਣਾਈਆਂ ਜਾ ਰਹੀਆਂ ਹਨ। ਬਿਜਲੀ ਪ੍ਰਾਜੈਕਟਾਂ ਲਈ ਵੀ ਜੋ ਪਲਾਂਟ ਲੱਗ ਰਹੇ ਹਨ, ਉਨ੍ਹਾਂ ਲਈ ਹਿਮਾਲਿਆ ਨੂੰ ਖੋਖਲਾ ਕੀਤਾ ਜਾ ਰਿਹਾ ਹੈ। ਜੰਗਲ ਸਾਫ ਕਰ ਦਿੱਤੇ ਗਏ ਹਨ। ਰੁੱਖ ਪਹਾੜਾਂ ਦੀ ਮਿੱਟੀ ਦਾ ਖੋਰਾ ਰੋਕਦੇ ਸਨ।

ਇਹ ਆਧੁਨਿਕ ਉਦਯੋਗਿਕ ਅਤੇ ਟੈਕਨਾਲੋਜੀ ਦੇ ਵਿਕਾਸ ਕਾਰਨ ਕੁਦਰਤ ਵਿੱਚ ਆ ਰਹੇ ਅਸੰਤੁਲਨ ਦਾ ਹੀ ਨਤੀਜਾ ਹੈ ਕਿ ਪਹਾੜ ਟੁੱਟ (ਕਰੈਕ) ਰਹੇ ਹਨ, ਗਲੇਸ਼ੀਅਰ ਪਿਘਲ ਰਹੇ ਹਨ। ਆਫ਼ਤ ਪ੍ਰਭਾਵਿਤ ਧਰਾਲੀ ਤੇ ਹਰਸਿਲ ਖੇਤਰ ਵਿੱਚੋਂ ਵਗਣ ਵਾਲੀ ਭਾਗੀਰਥੀ ਨਦੀ ਉਪਰ ਬਣੀ 1300 ਮੀਟਰ ਲੰਮੀ ਅਤੇ 80 ਮੀਟਰ ਚੌੜੀ ਝੀਲ 'ਚੋਂ ਪਾਣੀ ਦੀ ਨਿਕਾਸੀ ਹੋ ਰਹੀ ਹੈ। ਪਹਾੜਾਂ ਵਿੱਚ ਭਾਰੀ ਮੀਂਹ ਕਾਰਨ ਇਹ ਝੀਲ ਹੋਂਦ ਵਿਚ ਆ ਗਈ ਹੈ। ਹਿਮਾਲਿਆ ਵਿੱਚ ਝੀਲ, ਤਲਾਬ ਅਤੇ ਗਲੇਸ਼ੀਅਰ ਬਣਨਾ ਹੈਰਾਨੀਜਨਕ ਪਰ ਸੁਭਾਵਿਕ ਪ੍ਰਕਿਰਿਆ ਹੈ। ਇਹ ਝੀਲ ਹੁਣ ਧਰਾਲੀ ਤੇ ਹਰਸਿਲ ਲਈ ਸੰਕਟ ਬਣ ਗਈ ਹੈ। ਇਸ ਆਫ਼ਤ ਨੇ ਸਾਫ਼ ਕਰ ਦਿੱਤਾ ਕਿ ਉਤਰਾਖੰਡ ਦੇ ਉੱਚੇ ਹਿਮਾਲਿਆਈ ਖੇਤਰ ਵਿਚ ਝੀਲਾਂ ਦੇ ਖ਼ਤਰੇ ਵਧ ਰਹੇ ਹਨ। ਉਤਰਾਖੰਡ ਵਿੱਚ ਅਜਿਹੀਆਂ 1266 ਝੀਲਾਂ ਹਨ। ਲਿਹਾਜਾ ਇਸ ਨੂੰ ਤੋੜਨਾ ਜ਼ਰੂਰੀ ਹੋ ਗਿਆ ਹੈ। ਜੇ ਇਹ ਕੁਦਰਤੀ ਕਹਿਰ ਨਾਲ ਟੁੱਟਦੀ ਹਨ ਤਾਂ ਖ਼ਤਰਾ ਹੋਰ ਜ਼ਿਆਦਾ ਪੈਦਾ ਹੋ ਜਾਵੇਗਾ।

ਹੁਣ ਸਮਾਂ ਆ ਗਿਆ ਹੈ ਜਦੋਂ ਹਿਮਾਚਲ ਪ੍ਰਦੇਸ਼ ਜਾਂ ਉਤਰਾਖੰਡ ਵਰਗੇ ਪਹਾੜੀ ਰਾਜ ਹੀ ਨਹੀਂ, ਸਗੋਂ ਸਾਰੇ ਮੁਲਕ ਨੂੰ ਆਪਣੇ ਢਾਂਚਾਗਤ ਵਿਕਾਸ ਦੀਆਂ ਨੀਤੀਆਂ ਬਾਰੇ ਨਵੇਂ ਸਿਰੇ ਤੋਂ ਵਿਚਾਰ ਕਰਨਾ ਚਾਹੀਦਾ ਹੈ; ਸੈਟਲਮੈਂਟ ਮੈਪਿੰਗ, ਭਾਵ, ਨਕਸ਼ਿਆਂ ਦਾ ਅਧਿਅਨ ਕਰਨਾ ਹੋਵੇਗਾ। ਪਿਛਲੇ 200 ਸਾਲਾਂ ਵਿੱਚ ਸਾਡੇ ਰਹਿਣ-ਸਹਿਣ ਸਥਾਨ ਅਤੇ ਆਬਾਦੀ ਵਿੱਚ ਬਹੁਤ

ਬਾਕੀ ਸਫ਼ਾ 7 'ਤੇ



# ਭਾਖੜਾ ਡੈਮ

ਕੁਲਦੀਪ ਚੰਦ ਦੋਭੇਟਾ

ਭਾਰਤ ਦਾ ਗੌਰਵ ਮੰਨੇ ਜਾਂਦੇ ਅਤੇ ਉੱਤਰੀ ਭਾਰਤ ਦੇ ਵਿਕਾਸ ਦੀ ਰੀੜ੍ਹ ਦੀ ਹੱਡੀ ਭਾਖੜਾ ਬੰਨ੍ਹ ਦੇਸ਼ ਦਾ ਦੂਜਾ ਵੱਡਾ ਡੈਮ ਹੈ ਜੋ ਸਿੰਚਾਈ ਲਈ ਪਾਣੀ, ਉਦਯੋਗਾਂ, ਟਿਊਬਵੈੱਲਾਂ ਨੂੰ ਚਲਾਉਣ ਅਤੇ ਘਰਾਂ ਨੂੰ ਰੁਸ਼ਨਾਉਣ ਲਈ ਬਿਜਲੀ ਪ੍ਰਦਾਨ ਕਰਦਾ ਹੈ। ਇਹ ਇੱਕ ਸੈਰ ਸਪਾਟਾ ਸਥਾਨ ਵੀ ਬਣਦਾ ਜਾ ਰਿਹਾ ਹੈ ਜਿੱਥੇ ਹਰ ਸਾਲ ਲਗਭਗ ਪੰਜ ਲੱਖ ਸੈਲਾਨੀ ਇਸ ਨੂੰ ਵੇਖਣ ਲਈ ਪਹੁੰਚਦੇ ਹਨ। ਪਿਛਲੇ ਕਈ ਸਾਲਾਂ ਤੋਂ ਸੁਰੱਖਿਆ ਕਾਰਨਾਂ ਕਰਕੇ ਡੈਮ ਦੇ ਅੰਦਰ ਜਾਣ ਦੀ ਮਨਾਹੀ ਹੈ ਅਤੇ ਇੱਥੇ ਜਾਣ ਲਈ ਸਵੇਰੇ 8 ਵਜੇ ਤੋਂ ਲੈਕੇ ਦੁਪਹਿਰ 3 ਵਜੇ ਤੱਕ ਹੀ ਲੋਕ ਸੰਪਰਕ ਵਿਭਾਗ ਤੋਂ ਪਾਸ ਬਣਦੇ ਹਨ। ਭਾਖੜਾ ਡੈਮ ਸਤਲੁਜ ਦਰਿਆ ਦੇ ਪਾਰ ਇੱਕ ਕੰਕਰੀਟ ਗਰੈਵਿਟੀ ਡੈਮ ਹੈ। ਇਹ ਡੈਮ ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ ਜ਼ਿਲ੍ਹੇ ਦੇ ਭਾਖੜਾ ਪਿੰਡ ਵਿੱਚ ਸਥਿਤ ਹੈ ਜੋ ਕਿ ਨੰਗਲ ਟਾਊਨਸ਼ਿਪ ਤੋਂ ਲਗਭਗ 13 ਕਿਲੋਮੀਟਰ ਦੀ ਦੂਰੀ 'ਤੇ ਹੈ। ਭਾਰਤ ਵਿੱਚ ਟੀਹਰੀ ਡੈਮ ਤੋਂ ਬਾਅਦ 740 ਫੁੱਟ ਉੱਚਾਈ 'ਤੇ ਏਸ਼ੀਆ ਦਾ ਦੂਜਾ ਸਭ ਤੋਂ ਉੱਚਾ ਡੈਮ ਹੈ। ਪਾਣੀ ਦੀ ਭੰਡਾਰਨ ਸਮਰੱਥਾ ਦੇ ਮਾਮਲੇ ਵਿੱਚ ਇਹ ਭਾਰਤ ਵਿੱਚ ਦੂਜਾ ਸਭ ਤੋਂ ਵੱਡਾ ਭੰਡਾਰ ਹੈ। ਇਸ ਡੈਮ ਦੇ ਕਨਿਾਰਿਆਂ 'ਤੇ ਬਿਜਲੀ ਪੈਦਾ ਕਰਨ ਲਈ ਦੋ ਬਿਜਲੀਘਰ ਬਣੇ ਹੋਏ ਹਨ। ਇਨ੍ਹਾਂ ਦੀ ਸਮਰੱਥਾ 5-5 ਯੂਨਿਟ ਦੀ ਹੈ। ਭਾਖੜਾ ਦੇ ਸੱਜੇ ਬੈਂਕ ਪਾਵਰ ਹਾਊਸ ਦੀ ਸਥਾਪਿਤ ਸਮਰੱਥਾ 785 ਮੈਗਾਵਾਟ ਅਤੇ ਖੱਬੇ ਬੈਂਕ ਪਾਵਰ ਹਾਊਸ ਦੀ ਸਮਰੱਥਾ 594 ਮੈਗਾਵਾਟ ਹੈ। ਇੱਥੇ 20 ਪੈਸੇ ਪ੍ਰਤੀ ਯੂਨਿਟ ਦੀ ਲਾਗਤ ਨਾਲ ਬਿਜਲੀ ਦਾ ਉਤਪਾਦਨ ਕੀਤਾ ਜਾਂਦਾ ਹੈ। ਇਹ ਗਰੈਵਿਟੀ ਕਮ ਕੰਕਰੀਟ ਡੈਮ ਹੈ ਜਿਸ ਵਿੱਚ 8212 ਕਿਊਜ਼ਿਕ ਦੀ ਡਿਜ਼ਾਈਨ ਕੀਤੀ ਸਪਿਲਵੇਅ ਸਮਰੱਥਾ ਵਾਲੇ ਚਾਰ ਸਪਿਲਵੇ ਰੇਡੀਅਲ ਗੇਟ ਹਨ। ਭਾਖੜਾ ਤੋਂ ਲਗਭਗ 13 ਕਿਲੋਮੀਟਰ ਦੂਰੀ 'ਤੇ ਨੰਗਲ ਡੈਮ ਵੀ ਹੈ ਜਿਸ ਦੀ ਉਚਾਈ ਲਗਭਗ 95 ਫੁੱਟ ਹੈ। ਇਸ ਕਰਕੇ ਦੋਵੇਂ ਡੈਮਾਂ ਨੂੰ ਭਾਖੜਾ-ਨੰਗਲ ਡੈਮ ਕਿਹਾ ਜਾਂਦਾ ਹੈ। ਨੰਗਲ ਡੈਮ ਵਿੱਚ ਸੰਭਾਲੇ ਪਾਣੀ ਵਿੱਚੋਂ ਦੋ ਨਹਿਰਾਂ ਨਿਕਲਦੀਆਂ ਹਨ ਜੋ ਅੱਗੇ ਜਾ ਕੇ ਵੱਖ ਵੱਖ ਖੇਤਰਾਂ ਵਿੱਚ ਪਾਣੀ ਦੀ ਪੂਰਤੀ ਕਰਦੀਆਂ ਹਨ। ਭਾਖੜਾ ਡੈਮ ਤੋਂ ਪੈਦਾ ਹੋ ਰਹੀ ਬਿਜਲੀ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ, ਦਿੱਲੀ ਅਤੇ ਰਾਜਸਥਾਨ ਨੂੰ ਜਾਂਦੀ ਹੈ। ਇਸ ਪ੍ਰੋਜੈਕਟ ਨੂੰ ਬਣਾਉਣ ਦਾ ਖ਼ਿਆਲ ਬੇਸ਼ੱਕ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਹੀ ਆਇਆ ਸੀ ਪਰ ਇਸ ਪ੍ਰੋਜੈਕਟ ਤਹਿਤ ਨਿਰਮਾਣ ਆਜ਼ਾਦੀ ਮਿਲਣ ਮਗਰੋਂ ਹੀ ਸ਼ੁਰੂ ਹੋਇਆ। ਮੌਜੂਦਾ ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ ਜ਼ਿਲ੍ਹੇ ਵਿੱਚ ਸਥਿਤ ਭਾਖੜਾ ਡੈਮ ਪ੍ਰੋਜੈਕਟ ਨੂੰ ਬਣਾਉਣ ਦਾ ਵਿਚਾਰ ਸਭ ਤੋਂ ਪਹਿਲਾਂ ਸਰ ਲੂਈ ਡੈਨੇ ਨੇ 8 ਨਵੰਬਰ 1908 ਨੂੰ ਦਿੱਤਾ ਸੀ ਅਤੇ ਇਸ ਸਬੰਧੀ ਵਿਸਥਾਰ ਰਿਪੋਰਟ ਮਾਰਚ 1919 ਵਿੱਚ ਪੇਸ਼ ਕੀਤੀ ਗਈ। ਸਾਲ 1920 ਤੋਂ ਲੈ ਕੇ 1938 ਤੱਕ ਇਸ ਸਬੰਧੀ ਵੱਖ ਵੱਖ ਤਰ੍ਹਾਂ ਦੇ ਸਰਵੇਖਣ ਹੋਏ ਅਤੇ 1939 ਤੋਂ 1942 ਤੱਕ ਇਸ ਪ੍ਰੋਜੈਕਟ ਸਬੰਧੀ ਰਿਪੋਰਟਾਂ ਤਿਆਰ ਕੀਤੀਆਂ ਗਈਆਂ। ਸ਼ੁਰੂ ਵਿੱਚ ਇਸ ਪ੍ਰੋਜੈਕਟ ਦਾ ਉਦੇਸ਼ ਸਿਰਫ਼ ਸਿੰਚਾਈ ਲਈ ਪਾਣੀ ਇਕੱਠਾ ਕਰਨਾ ਸੀ ਅਤੇ ਇਸ ਪ੍ਰੋਜੈਕਟ ਵਿੱਚ ਭਾਖੜਾ ਬੰਨ੍ਹ, ਅਪਰ ਸਰਹਿੰਦ ਨਹਿਰ, ਹੇਠਲੀ ਸਰਹਿੰਦ ਨਹਿਰ ਅਤੇ ਪੱਛਮੀ ਯਮੁਨਾ ਨਹਿਰ ਦਾ ਵਿਸਥਾਰ ਸ਼ਾਮਿਲ ਸਨ। ਉਸ ਵੇਲੇ ਪ੍ਰਸਤਾਵਿਤ ਭਾਖੜਾ ਬੰਨ੍ਹ ਦੀ ਉਚਾਈ 395 ਫੁੱਟ ਹੋਣੀ ਸੀ ਅਤੇ ਵੱਧ ਤੋਂ ਵੱਧ 2.58 ਮਿਲੀਅਨ ਏਕੜ ਫੁੱਟ ਪਾਣੀ ਭੰਡਾਰਨ ਦੀ ਵਿਵਸਥਾ ਹੋਣੀ ਸੀ। ਇਸ ਪ੍ਰੋਜੈਕਟ ਨੂੰ ਬਣਾਉਣ ਵਿੱਚ ਡਾਕਟਰ ਭੀਮ ਰਾਓ ਅੰਬੇਡਕਰ ਦੀ ਵੀ ਮੁੱਖ ਭੂਮਿਕਾ ਰਹੀ ਹੈ। ਡਾਕਟਰ ਅੰਬੇਡਕਰ ਦਾਮੋਦਰ ਵੈਲੀ ਪ੍ਰੋਜੈਕਟ, ਭਾਖੜਾ-ਨੰਗਲ ਡੈਮ ਪ੍ਰੋਜੈਕਟ, ਸੋਨ ਰਿਵਰ ਵੈਲੀ ਪ੍ਰੋਜੈਕਟ ਅਤੇ ਹੀਰਾਕੁੰਡ ਡੈਮ ਪ੍ਰੋਜੈਕਟ ਦੇ ਨਿਰਮਾਤਾ ਸਨ। ਭਾਰਤ ਵਿੱਚ ਸਿੰਚਾਈ ਦੇ ਵਿਕਾਸ ਲਈ ਡਾਕਟਰ ਅੰਬੇਡਕਰ ਦਾ ਦ੍ਰਿਸ਼ਟੀਕੋਣ ਅਤੇ ਹਮਾਇਤ ਉਨ੍ਹਾਂ ਦੇ ਵਿਸ਼ਵਾਸ 'ਤੇ ਅਧਾਰਤ ਸੀ ਕਿ ਪਾਣੀ ਤੱਕ ਪਹੁੰਚ ਇੱਕ ਬੁਨਿਆਦੀ ਅਧਿਕਾਰ ਹੈ ਜੋ ਸਾਰੇ ਨਾਗਰਿਕਾਂ ਲਈ ਉਪਲਬਧ ਹੋਣਾ ਚਾਹੀਦਾ ਹੈ। ਡਾਕਟਰ ਅੰਬੇਡਕਰ ਨੇ ਇਹ ਯਕੀਨੀ ਬਣਾਉਣ ਵਿੱਚ ਮੁੱਖ ਭੂਮਿਕਾ ਨਿਭਾਈ ਕਿ ਪਾਣੀ ਅਤੇ ਬਿਜਲੀ ਦੇ ਸਰੋਤਾਂ ਨੂੰ ਉਨ੍ਹਾਂ ਦੀ ਪੂਰੀ ਸਮਰੱਥਾ ਨਾਲ ਵਿਕਸਤ ਕੀਤਾ ਜਾਵੇ। 1942 ਤੋਂ 1946 ਤੱਕ ਸਿੰਚਾਈ ਅਤੇ ਬਿਜਲੀ ਵਿਭਾਗ ਦੇ ਇੰਚਾਰਜ ਮੈਂਬਰ ਹੁੰਦਿਆਂ ਡਾ. ਅੰਬੇਡਕਰ ਨੇ ਭਾਖੜਾ ਡੈਮ ਪ੍ਰੋਜੈਕਟ ਨੂੰ ਯਕੀਨੀ ਬਣਾਉਣ ਲਈ ਮਹੱਤਵਪੂਰਨ ਯਤਨ ਕੀਤੇ ਸਨ। ਬਾਬਾ ਸਾਹਿਬ ਵਜੋਂ ਜਾਣੇ ਜਾਂਦੇ ਇਸ ਆਗੂ ਨੇ 1942-46 ਦੌਰਾਨ ਦੇਸ਼ ਦੇ ਜਲ ਸਰੋਤਾਂ ਦੀ ਵਰਤੋਂ ਹਰ ਕਿਸੇ ਦੇ ਬਿਹਤਰੀਨ ਲਾਭ ਲਈ ਕਰਦਿਆਂ ਨਵੀਂ ਜਲ ਅਤੇ ਬਿਜਲੀ ਨੀਤੀ ਤਿਆਰ ਕੀਤੀ ਅਤੇ ਅਮਰੀਕਾ ਦੀ ਟੇਨੇਸੀ ਵੈਲੀ ਯੋਜਨਾ ਇਸ ਦੀ ਨਕਲ ਕਰਨ ਲਈ ਆਦਰਸ਼ ਮਾਡਲ ਸੀ। ਡਾਕਟਰ ਅੰਬੇਡਕਰ ਨੇ ਭਾਰਤ ਵਿੱਚ ਬਹੁ-ਉਦੇਸ਼ੀ ਦਰਿਆ ਘਾਟੀ ਪ੍ਰੋਜੈਕਟਾਂ ਅਤੇ ਵੱਡੇ ਡੈਮ ਤਕਨਾਲੋਜੀਆਂ ਨੂੰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਭਾਖੜਾ-ਨੰਗਲ ਡੈਮ ਭਾਰਤ ਦਾ ਸਭ ਤੋਂ ਵੱਡਾ ਬਹੁਉਦੇਸ਼ੀ ਦਰਿਆ ਘਾਟੀ ਪ੍ਰੋਜੈਕਟ ਹੈ। ਸਾਲ 2016 ਵਿੱਚ ਭਾਰਤ ਸਰਕਾਰ ਨੇ ਐਲਾਨ ਕੀਤਾ ਕਿ 14 ਅਪਰੈਲ ਨੂੰ ਡਾਕਟਰ ਅੰਬੇਡਕਰ ਦਾ ਜਨਮ ਦਿਨ ਦੇਸ਼ ਵਿੱਚ 'ਜਲ ਦਿਵਸ' ਵਜੋਂ ਮਨਾਇਆ ਜਾਵੇਗਾ ਤਾਂ ਜੋ ਲੋਕਾਂ ਨੂੰ ਜਲ ਸਰੋਤਾਂ ਦੇ ਵਿਕਾਸ ਵਿੱਚ ਉਨ੍ਹਾਂ ਦੇ ਯੋਗਦਾਨ ਬਾਰੇ ਹੋਰ ਜਾਣੂ ਕਰਵਾਇਆ ਜਾ ਸਕੇ।

ਗੌਰਤਲਬ ਹੈ ਕਿ 1944 ਵਿੱਚ ਅਮਰੀਕਾ ਦੇ ਬਿਓਰੋ ਫਾਰ ਰੈਕਲੇਮੇਸ਼ਨ ਦੇ ਚੀਫ਼ ਇੰਜੀਨੀਅਰ ਡਾਕਟਰ ਜੇ.ਐਲ. ਸੈਵੇਜ ਨੇ 1600 ਫੁੱਟ ਉਚਾਈ ਤੱਕ ਪਾਣੀ ਭੰਡਾਰਣ ਦੀ ਸਮਰੱਥਾ ਵਾਲਾ ਡੈਮ ਬਣਾਉਣ ਦਾ ਸੁਝਾਅ ਦਿੱਤਾ ਸੀ। ਯੂ.ਐੱਸ.ਏ. ਦੀ ਅੰਤਰਰਾਸ਼ਟਰੀ ਡੈਨਵਰ ਨਾਂ ਦੀ ਕੰਪਨੀ ਨੇ ਇਹ ਉਚਾਈ 1580 ਫੁੱਟ ਰੱਖਣ ਦੀ ਤਜਵੀਜ਼ ਰੱਖੀ ਜਿਸ ਦਾ ਮੁੱਖ ਕਾਰਨ ਇਹ ਸੀ ਕਿ ਉਚਾਈ ਵਧਾਉਣ ਨਾਲ ਰਾਜਾ ਬਿਲਾਸਪੁਰ ਦੇ ਮਹਿਲ ਅਤੇ ਕੁਝ ਮੰਦਿਰ ਡੈਮ ਦੀ ਝੀਲ ਵਿੱਚ ਡੁਬਦੇ ਸਨ ਅਤੇ ਬਿਲਾਸਪੁਰ ਦੇ ਰਾਜੇ ਨੇ ਇਸ ਸਬੰਧੀ ਇਤਰਾਜ਼ ਕੀਤਾ ਸੀ। ਆਜ਼ਾਦੀ ਤੋਂ ਬਾਅਦ ਦੇਸ਼

ਬਾਕੀ ਸਫ਼ਾ 6 'ਤੇ



# ਪੰਜਾਬ 'ਚ ਹੜ੍ਹ

## ਕੁਦਰਤੀ ਆਫ਼ਤ ਜਾਂ ਸਿਆਸੀ ਅਣਗਹਿਲੀ

ਅਮਰਿੰਦਰ ਸਿੰਘ ਮਾਨ



ਪੰਜਾਬ ਅੱਜ ਕੱਲ੍ਹ ਹੜ੍ਹਾਂ ਦੀ ਮਾਰ ਝੱਲ ਰਿਹਾ ਹੈ। ਪਹਾੜੀ ਅਤੇ ਮੈਦਾਨੀ ਇਲਾਕਿਆਂ ਵਿੱਚ ਲਗਾਤਾਰ ਪੈ ਰਹੇ ਭਾਰੀ ਮੀਂਹ ਅਤੇ ਕੁਦਰਤ ਦੇ ਬਦਲੇ ਹੋਏ ਰੰਗਾਂ ਨੇ ਪੰਜਾਬ ਦੀ ਰੰਗਤ ਨੂੰ ਫਿੱਕਾ ਪਾ ਦਿੱਤਾ ਹੈ। ਖੇਤਾਂ ਵਿੱਚ ਪਾਣੀ ਖੜ੍ਹਾ ਹੈ, ਘਰ ਡੁੱਬ ਗਏ ਹਨ ਅਤੇ ਜ਼ਿੰਦਗੀ ਠਹਿਰ ਗਈ ਹੈ। ਇਸ ਹੜ੍ਹ ਨੇ ਸਾਨੂੰ ਇੱਕ ਵਾਰ ਫਿਰ ਤੋਂ ਕੁਦਰਤ ਦੀ ਤਾਕਤ ਦਾ ਅਹਿਸਾਸ ਕਰਵਾਇਆ ਹੈ। ਪਾਣੀ ਦੇ ਵਹਾਅ ਅੱਗੇ ਲਗਾਈਆਂ ਮਨੁੱਖੀ ਰੋਕਾਂ, ਡੈਮਾਂ ਦੇ ਪਾਣੀ ਨੂੰ ਬੇਤਰਤੀਬੇ ਢੰਗ ਨਾਲ ਡੱਕਣਾ, ਸਮੇਂ ਸਿਰ ਸਹੀ ਤਰੀਕੇ ਪਾਣੀ ਅੱਗੇ ਨਾ ਭੇਜਣਾ ਅਤੇ ਹੋਰ ਕਈ ਕਾਰਨਾਂ ਕਰ ਕੇ ਅੱਜ ਚੜ੍ਹਦਾ ਅਤੇ ਲਹਿੰਦਾ ਪੰਜਾਬ ਡੁੱਬ ਰਿਹਾ ਹੈ।

ਹੜ੍ਹਾਂ ਦਾ ਕਾਰਨ ਸਿਰਫ਼ ਕੁਦਰਤੀ ਨਹੀਂ ਸਗੋਂ ਇਹ ਕਈ ਕਾਰਨਾਂ ਦਾ ਸੁਮੇਲ ਹੈ। ਇਸ ਵਿੱਚ ਕੁਦਰਤੀ ਅਤੇ ਮਨੁੱਖੀ, ਦੋਵੇਂ ਕਾਰਨ ਸ਼ਾਮਲ ਹਨ। ਪਿਛਲੇ ਕੁਝ ਸਾਲਾਂ ਵਿੱਚ ਜਲਵਾਯੂ ਪਰਿਵਰਤਨ ਕਾਰਨ ਮੌਸਮ ਦਾ ਮਿਜ਼ਾਜ ਬਦਲ ਗਿਆ ਹੈ। ਇਸ ਵਾਰ ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਵਰਗੇ ਪਹਾੜੀ ਇਲਾਕਿਆਂ ਵਿੱਚ ਰਿਕਾਰਡ ਤੋੜ ਮੀਂਹ ਪਿਆ। ਇਨ੍ਹਾਂ ਪਹਾੜੀ ਖੇਤਰਾਂ ਵਿੱਚ ਪਏ ਮੀਂਹ ਦਾ ਪਾਣੀ ਸਤਲੁਜ, ਬਿਆਸ ਅਤੇ ਘੱਗਰ ਵਰਗੇ ਦਰਿਆਵਾਂ ਵਿੱਚ ਵਹਿ ਕੇ ਪੰਜਾਬ ਦੇ ਮੈਦਾਨੀ ਇਲਾਕਿਆਂ ਵਿੱਚ ਆਇਆ। ਪਹਾੜਾਂ ਦਾ ਪਾਣੀ ਹੇਠਾਂ ਵੱਲ ਆਉਂਦਾ ਗਿਆ ਅਤੇ ਪੰਜਾਬ ਦੇ ਦਰਿਆਵਾਂ ਦਾ ਪਾਣੀ ਖ਼ਤਰੇ ਦੇ ਨਿਸ਼ਾਨ ਵੱਲ ਵਧਦਾ ਗਿਆ। ਇਸ ਤੋਂ ਇਲਾਵਾ, ਪੰਜਾਬ ਵਿੱਚ ਵੀ ਕਈ ਥਾਵਾਂ 'ਤੇ ਬਹੁਤ ਜ਼ਿਆਦਾ ਮੀਂਹ ਪਿਆ, ਜਿਸ ਨੇ ਸਥਿਤੀ ਹੋਰ ਗੰਭੀਰ ਬਣਾ ਦਿੱਤੀ। ਦਰਿਆਵਾਂ ਅਤੇ ਨਦੀਆਂ ਦਾ ਪਾਣੀ ਸਹੀ ਤਰੀਕੇ ਨਾਲ ਅੱਗੇ ਨਹੀਂ ਵਧ ਰਿਹਾ, ਜਿਸ ਕਾਰਨ ਇਹ ਆਲੇ-ਦੁਆਲੇ ਦੇ ਖੇਤਰਾਂ ਵਿੱਚ ਮਾਰ ਕਰ ਰਿਹਾ ਹੈ। ਇਸ ਦਾ ਮੁੱਖ ਕਾਰਨ ਨਦੀਆਂ ਦੇ ਰਸਤਿਆਂ 'ਤੇ ਕਬਜ਼ੇ, ਨਾਜਾਇਜ਼ ਉਸਾਰੀਆਂ ਅਤੇ ਦਰਿਆਵਾਂ ਦੀ ਸਮੇਂ 'ਤੇ ਸਫ਼ਾਈ ਨਾ ਹੋਣਾ ਹੈ। ਨਦੀਆਂ ਦੇ ਬੈੱਡ ਵਿੱਚ ਸਿਲਟ ਅਤੇ ਮਿੱਟੀ ਜੰਮਣ ਨਾਲ ਉਨ੍ਹਾਂ ਦੀ ਪਾਣੀ ਲੈ ਜਾਣ ਦੀ ਸਮਰੱਥਾ ਘਟ ਗਈ ਹੈ। ਪੰਜਾਬ ਦੇ ਕਈ ਸ਼ਹਿਰਾਂ ਅਤੇ ਪਿੰਡਾਂ ਦਾ ਡਰੇਨੇਜ਼ ਸਿਸਟਮ ਪੁਰਾਣਾ ਅਤੇ ਮਾੜਾ ਹੈ। ਭਾਰੀ ਮੀਂਹ ਦੇ ਪਾਣੀ ਨੂੰ ਬਾਹਰ ਕੱਢਣ ਲਈ ਢੁਕਵਾਂ ਪ੍ਰਬੰਧ ਨਹੀਂ।

ਹੜ੍ਹਾਂ ਨੇ ਪੰਜਾਬ ਦੇ ਜਨ-ਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਸ ਤਬਾਹੀ ਦਾ ਅੰਦਾਜ਼ਾ ਲਾਉਣਾ ਮੁਸ਼ਕਿਲ ਹੈ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਹੜ੍ਹਾਂ ਨੇ ਪੱਕੀਆਂ ਅਤੇ ਖੜ੍ਹੀਆਂ ਫਸਲਾਂ ਬਰਬਾਦ ਕਰ ਦਿੱਤੀਆਂ ਹਨ। ਝੋਨੇ, ਮੱਕੀ, ਨਰਮੇ ਅਤੇ ਸਬਜ਼ੀਆਂ ਦੀਆਂ ਫ਼ਸਲਾਂ ਪਾਣੀ ਵਿੱਚ ਡੁੱਬ ਗਈਆਂ ਹਨ। ਕਿਸਾਨਾਂ ਦੀ ਮਿਹਨਤ ਪਾਣੀ ਵਿੱਚ ਵਹਿ ਗਈ ਹੈ। ਕਈ ਇਲਾਕਿਆਂ ਵਿੱਚ ਘਰਾਂ ਵਿੱਚ ਪਾਣੀ ਭਰ ਗਿਆ ਅਤੇ ਲੋਕਾਂ ਨੂੰ ਘਰ ਛੱਡਣੇ ਪਏ। ਹੜ੍ਹਾਂ ਦੇ ਪਾਣੀ ਵਿੱਚ ਕਈ ਲੋਕ ਅਤੇ ਪਸ਼ੂ ਵੀ ਵਹਿ ਗਏ। ਸੜਕਾਂ, ਪੁਲ ਅਤੇ ਹੋਰ ਬੁਨਿਆਦੀ ਢਾਂਚੇ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ। ਬਿਜਲੀ ਅਤੇ ਪੀਣ ਵਾਲੇ ਪਾਣੀ ਦੀ ਸਪਲਾਈ ਵੀ ਪ੍ਰਭਾਵਿਤ ਹੋਈ ਹੈ। ਹੜ੍ਹਾਂ ਤੋਂ ਬਾਅਦ ਪਾਣੀ ਨਾਲ ਫੈਲਣ ਵਾਲੀਆਂ ਬਿਮਾਰੀਆਂ ਜਿਵੇਂ ਹੈਜ਼ਾ, ਡੇਂਗੂ, ਟਾਈਫਾਈਡ ਅਤੇ ਮਲੇਰੀਆ ਦੇ ਫੈਲਣ ਦਾ ਖ਼ਤਰਾ ਵਧ ਗਿਆ ਹੈ।

ਜਦੋਂ ਵੀ ਪੰਜਾਬ ਵਿੱਚ ਹੜ੍ਹਾਂ ਦੀ ਸਥਿਤੀ ਬਣਦੀ ਹੈ ਤਾਂ ਲੋਕਾਂ ਦੇ ਮਨ ਵਿੱਚ 1988 ਦੇ ਭਿਆਨਕ ਹੜ੍ਹਾਂ ਦੀ ਯਾਦ ਆ ਜਾਂਦੀ ਹੈ। ਸਤੰਬਰ-ਅਕਤੂਬਰ 1988 ਵਿੱਚ ਪੰਜਾਬ ਵਿੱਚ ਭਾਰੀ ਮੀਂਹ ਪਏ, ਜਿਸ ਨਾਲ ਭਾਖੜਾ ਡੈਮ ਦਾ ਪਾਣੀ ਖ਼ਤਰੇ ਦੇ ਨਿਸ਼ਾਨ ਤੋਂ ਉੱਪਰ ਚਲਾ ਗਿਆ। ਡੈਮ ਵਿੱਚੋਂ ਪਾਣੀ ਛੱਡਣ ਕਾਰਨ ਸਤਲੁਜ ਦਰਿਆ ਵਿੱਚ ਹੜ੍ਹ ਆ ਗਿਆ, ਜਿਸ ਨੇ ਕਈ ਪਿੰਡਾਂ ਅਤੇ ਸ਼ਹਿਰਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਉਸ ਸਮੇਂ ਹਜ਼ਾਰਾਂ ਲੋਕ ਬੇਘਰ ਹੋਏ ਅਤੇ ਵੱਡੀ ਗਿਣਤੀ ਵਿੱਚ ਜਾਨੀ ਤੇ ਮਾਲੀ ਨੁਕਸਾਨ ਹੋਇਆ। 1988 ਦੇ ਹੜ੍ਹ ਨੂੰ ਪੰਜਾਬ ਦੇ ਇਤਿਹਾਸ ਦੇ ਸਭ ਤੋਂ ਵੱਡੇ ਹੜ੍ਹਾਂ ਵਿੱਚੋਂ ਮੰਨਿਆ ਜਾਂਦਾ ਹੈ। ਵਰਤਮਾਨ ਹਾਲਾਤ ਵੀ ਉਸ ਸਮੇਂ ਦੇ ਹਾਲਾਤ ਨਾਲ ਕਾਫ਼ੀ ਮਿਲਦੇ-ਜੁਲਦੇ ਹਨ। ਪੰਜਾਬ ਦੀ ਜਲਗਾਹ ਪ੍ਰਣਾਲੀ ਪੁਰਾਣੇ ਸਮੇਂ ਤੋਂ ਹੀ ਇਸ ਦੇ ਵਹਾਅ ਨੂੰ ਸੰਭਾਲਣ ਲਈ ਕਾਫ਼ੀ ਮਜ਼ਬੂਤ ਸੀ। ਦਰਿਆਵਾਂ ਵਿੱਚ ਸਮੇਂ-ਸਮੇਂ 'ਤੇ ਕੁਦਰਤੀ ਤੌਰ 'ਤੇ ਸਫ਼ਾਈ ਹੁੰਦੀ ਰਹਿੰਦੀ ਸੀ ਪਰ ਆਧੁਨਿਕ ਵਿਕਾਸ ਦੇ ਨਾਮ 'ਤੇ ਨਦੀਆਂ ਦੇ ਕੁਦਰਤੀ ਵਹਾਅ ਨਾਲ ਛੇੜਛਾੜ ਕੀਤੀ ਗਈ। ਦਰਿਆਵਾਂ ਦੇ ਕਿਨਾਰਿਆਂ 'ਤੇ ਨਾਜਾਇਜ਼ ਕਬਜ਼ੇ ਹੋਏ ਅਤੇ ਸ਼ਹਿਰੀਕਰਨ ਨੇ ਡਰੇਨੇਜ਼ ਸਿਸਟਮ ਨੂੰ ਕਮਜ਼ੋਰ ਕਰ ਦਿੱਤਾ। ਅੱਜ ਪੰਜਾਬ ਦੇ ਹੜ੍ਹ ਸਪੱਸ਼ਟ ਸੰਕੇਤ ਹਨ ਕਿ ਅਸੀਂ ਆਪਣੇ ਕੁਦਰਤੀ ਸਰੋਤਾਂ ਨੂੰ ਸੰਭਾਲਣ ਵਿੱਚ ਅਸਫਲ ਰਹੇ ਹਾਂ। ਬਹੁਤ ਸਾਰੇ ਖੇਤਰਾਂ ਵਿੱਚ ਹੜ੍ਹਾਂ ਕਾਰਨ ਆਮ ਜੀਵਨ ਠੱਪ ਹੋ ਗਿਆ ਹੈ। ਸਭ ਤੋਂ ਜ਼ਿਆਦਾ ਪ੍ਰਭਾਵਿਤ ਜ਼ਿਲ੍ਹੇ ਗੁਰਦਾਸਪੁਰ, ਪਠਾਨਕੋਟ, ਹੁਸ਼ਿਆਰਪੁਰ, ਤਰਨ ਤਾਰਨ, ਫ਼ਿਰੋਜ਼ਪੁਰ, ਲੁਧਿਆਣਾ ਅਤੇ ਸੰਗਰੂਰ ਦੇ ਪਿੰਡਾਂ ਕਸਬਿਆਂ ਵਿੱਚ ਹਜ਼ਾਰਾਂ ਲੋਕ ਪ੍ਰੇਸ਼ਾਨ ਹਨ। ਲੋਕ ਆਪ ਰਾਹਤ ਕਾਰਜ ਕਰ ਰਹੇ ਹਨ, ਪਰ ਨੁਕਸਾਨ ਬਹੁਤ ਵੱਡਾ ਹੈ।

ਭਵਿੱਖ ਵਿੱਚ ਅਜਿਹੇ ਹਾਲਾਤ ਤੋਂ ਬਚਣ ਲਈ ਸਾਨੂੰ ਕਈ ਕਦਮ ਚੁੱਕਣੇ ਪੈਣਗੇ। ਸਭ ਤੋਂ ਪਹਿਲਾਂ ਜਲ ਪ੍ਰਬੰਧਨ ਪ੍ਰਣਾਲੀ ਸੁਧਾਰਨ ਦੀ ਜ਼ਰੂਰਤ ਹੈ। ਇਸ ਵਿੱਚ ਦਰਿਆਵਾਂ ਦੀ ਸਮੇਂ-ਸਮੇਂ 'ਤੇ ਸਫ਼ਾਈ, ਨਾਜਾਇਜ਼ ਉਸਾਰੀਆਂ ਨੂੰ ਹਟਾਉਣਾ ਅਤੇ ਡਰੇਨੇਜ਼ ਸਿਸਟਮ ਨੂੰ ਆਧੁਨਿਕ ਬਣਾਉਣਾ ਸ਼ਾਮਿਲ ਹੈ। ਜਲਵਾਯੂ ਪਰਿਵਰਤਨ ਦੀ ਚੁਣੌਤੀ ਦਾ ਸਾਹਮਣਾ ਕਰਨ ਲਈ ਹੜ੍ਹਾਂ ਤੋਂ ਬਚਾਅ ਲਈ ਨਵੀਆਂ ਤਕਨੀਕਾਂ ਅਪਣਾਉਣੀਆਂ ਪੈਣਗੀਆਂ। ਸਰਕਾਰ ਅਤੇ ਲੋਕਾਂ ਨੂੰ ਮਿਲ ਕੇ ਕੰਮ ਕਰਨਾ ਪਵੇਗਾ ਤਾਂ ਜੋ ਕੁਦਰਤੀ ਆਫ਼ਤਾਂ ਦਾ ਬਿਹਤਰ ਢੰਗ ਨਾਲ ਸਾਹਮਣਾ ਕੀਤਾ ਜਾ ਸਕੇ।

ਹੜ੍ਹਾਂ ਦੀ ਆਫ਼ਤ ਨੇ ਚੜ੍ਹਦੇ ਅਤੇ ਲਹਿੰਦੇ ਪੰਜਾਬ, ਦੋਵਾਂ ਨੂੰ ਪ੍ਰਭਾਵਿਤ ਕੀਤਾ ਹੈ। ਭਾਰਤੀ ਪੰਜਾਬ ਵਿੱਚ ਸਤਲੁਜ, ਬਿਆਸ ਅਤੇ ਘੱਗਰ ਦੇ ਨਾਲ ਲੱਗਦੇ ਇਲਾਕਿਆਂ ਵਿੱਚ ਹੜ੍ਹਾਂ ਨੇ ਭਾਰੀ ਤਬਾਹੀ ਮਚਾਈ ਹੈ। ਹੁਣ ਇਧਰੋਂ ਛੱਡਿਆ ਗਿਆ ਪਾਣੀ ਲਹਿੰਦੇ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਤਬਾਹੀ ਮਚਾ ਰਿਹਾ ਹੈ। ਕਰਤਾਰਪੁਰ ਸਾਹਿਬ ਵਿੱਚ ਵੀ ਹੜ੍ਹ ਦਾ ਪਾਣੀ ਭਰ ਚੁੱਕਾ ਹੈ। ਰਾਵੀ, ਚਨਾਬ ਤੇ ਸਤਲੁਜ ਵਰਗੇ ਦਰਿਆਵਾਂ ਵਿੱਚ ਪਾਣੀ ਦਾ

ਬਾਕੀ ਸਫ਼ਾ 6 'ਤੇ

# ਕਿਰਤੀਆਂ ਦਾ ਕਵੀ - ਗੁਰਪਿਆਰ ਹਰੀ ਨੌਂ



ਗੁਰਪਿਆਰ ਹਰੀ ਨੌਂ ਉਹ ਕਵੀ ਹੈ ਜੋ ਆਪਣੇ ਕਾਵਿ ਸੰਗ੍ਰਹਿ "ਖ਼ਲਾਅ ਹੁਣ ਵੀ ਹੈ" ਆਉਣ ਤੋਂ ਪਹਿਲਾਂ ਹੀ ਕਵਿਤਾ ਵਿਚ ਜ਼ਿਕਰਯੋਗ ਸਥਾਨ ਬਣਾ ਚੁੱਕਿਆ ਸੀ। ਕਵੀ ਜ਼ਿੰਦਗੀ ਦੇ ਸੰਘਰਸ਼ ਵਿੱਚੋਂ ਖਹਿ ਕੇ ਨਿਕਲਿਆ ਹੈ। ਇਸੇ ਲਈ ਉਹ ਆਪਣੀ ਕਵਿਤਾ ਰਾਹੀਂ ਗਰੀਬ ਨਾਲ ਖੜ੍ਹਦਾ ਲੱਗਦਾ ਹੈ। ਉਸ ਦੀ ਕਵਿਤਾ ਕਿਰਤੀਆਂ ਲਈ ਹੈ। ਅਸਲ ਵਿਚ ਉਹ ਕਿਰਤੀਆਂ ਦਾ ਹੀ ਕਵੀ ਹੈ। ਗੁਰਪਿਆਰ ਦੇ ਅੰਦਰ ਇਕ ਟੀਸ ਹੈ ਕਿ ਸਭ ਬਰਾਬਰ ਕਿਉਂ ਨਹੀਂ ਹਨ। ਇਹੀ ਟੀਸ ਉਸ ਤੋਂ ਲੋਕ ਪੱਖੀ ਕਵਿਤਾ ਲਿਖਵਾਉਂਦੀ ਹੈ। ਉਹ ਮੁਹੱਬਤ ਦੀ ਕਵਿਤਾ ਵੀ ਲਿਖਦਾ ਪਰ ਉਸ ਦੇ ਜ਼ਿਹਨ ਵਿਚ ਕਿਰਤੀ ਹੀ ਹੁੰਦਾ। ਅਸਲ ਵਿਚ ਮੁਹੱਬਤ ਹੀ ਸਮਾਜ ਵਿਚੋਂ ਨਫ਼ਰਤ ਖਤਮ ਕਰ ਸਕਦੀ ਹੈ। ਗੁਰਪਿਆਰ ਦੀ ਕਵਿਤਾ ਸਵਾਲ ਕਰਦੀ ਹੈ। ਉਸ ਦੀ ਕਵਿਤਾ ਸੱਚ ਤੇ ਖੜ੍ਹੀ ਹੈ। ਉਹ ਨਿਡਰ ਹੋ ਜਦੋਂ ਕਵਿਤਾ ਲਿਖਦਾ ਹੈ ਤਾਂ ਲੱਗਦਾ ਹੈ ਕਿ ਉਹ ਆਪਣੇ ਫਰਜ਼ ਤੋਂ ਚੰਗੀ ਤਰਾਂ ਜਾਣੂ ਹੈ। ਕਵੀ ਮਾਨਵਤਾ ਦੀ ਗੱਲ ਕਰਦਾ ਹੈ, ਇਹੋ ਗੱਲ ਉਸ ਦੀ ਕਵਿਤਾ ਤੇ ਉਸ ਨੂੰ ਵਿਸ਼ੇਸ਼ ਬਣਾ ਦਿੰਦੀ ਹੈ।

**ਲੜੀ ਨੰਬਰ-10**

**ਨਵਦੀਪ ਸਿੰਘ ਮੁੰਡੀ**
**98880-90038**

## ਵਿਛੜ ਗਈ ਮਾਂ ਲਈ



ਬਚਪਨ ਵਿੱਚ
ਛੋਟ ਦਾ ਨਰਮਾ
ਵੇਚਣ ਵੇਲੇ
ਹੋਰਨਾਂ ਜਵਾਕਾਂ ਵਾਂਗ
ਰੂੰਗੇ ਦੀਆਂ ਰਿਉੜੀਆਂ
ਦੀ ਥਾਂ ਗੱਚਕ ਲੈਣ ਦੀ
ਜਿਦ ਕਰਨ ਤੇ
ਤੇਰੀ
ਮੇਰੇ ਮੂੰਹ 'ਤੇ
ਮਾਰੀ ਹੋਈ ਚਪੇੜ,

ਮੈਨੂੰ ਸਮਝਾ ਗਈ
ਕਿ ਰਿਉੜੀਆਂ ਤੋਂ ਗਚਕ
ਤੱਕ ਦਾ ਸਫਰ
ਬੜਾ ਲੰਮਾ ਏ!

ਤੇ ਜਦ ਖੇਤਾਂ ਚੋਂ
ਮਜ਼ਦੂਰੀ ਕਰ
ਮੁੜਦੇ ਸਮੇਂ
ਇਕ ਛਟੀਆ ਦੀ
ਪੰਡ ਦੇ ਭਾਰ
ਨਾਲ ਲਿਫਦੇ
ਬਾਲੜੇ ਮੁੰਡੇ ਤੋਂ
ਤੇਰਾ ਛਟੀਆ ਪੰਡ ਫੜ੍ਹ
ਉਸ ਨੂੰ ਸਾਹ ਦਿਵਾਉਣਾ,
ਮੈਨੂੰ ਇਹ ਸਿਖਾ ਗਿਆ ਸੀ
ਕਿ ਜੇ ਆਪ ਸੌਖੇ ਹੋਈਏ ਤਾਂ
ਕਿਸੇ ਹੋਰ ਦਾ ਭਾਰ ਵੰਡਾਉਣਾ
ਹੀ ਮਨੁੱਖਤਾ ਹੈ|

ਤੇ ਉਹ
ਇਕ ਦਿਨ ਆਥਣੇ
ਤੇਰੇ ਰੋਟੀਆਂ ਪਕਾਉਦੇ ਸਮੇਂ
,ਤੇਰਾ
ਮੇਰੇ ਤੋਂ ਪਹਿਲਾਂ
ਮੰਗਤੇ ਮੁੰਡੇ ਨੂੰ ਰੋਟੀ ਦੇਣਾ,
ਮੈਨੂੰ ਦੋ ਲੋੜਵੰਦਾਂ ਚੋਂ
ਵਧੇਰੇ ਲੋੜਵੰਦ ਦੀ
ਚੋਣ ਕਰਨਾ ਸਿਖਾ ਗਿਆ|

ਮਾਂ.........
ਜੇ ਤੂੰ ਮੇਰੀ ਅਧਿਆਪਕ ਨਾ
ਹੁੰਦੀ ਤਾਂ
ਮੈਂ ਜ਼ਿੰਦਗੀ ਦੀ ਪੜ੍ਹਾਈ 'ਚ
ਅਨਪੜ੍ਹ
ਹੀ ਰਹਿ ਜਾਣਾ ਸੀ|

ਉਡੀਕ ਰਿਹਾ ਹੈ
ਲੰਮੀ ਛੁੱਟੀ ਦੀ ਮਨਜ਼ੂਰੀ
ਯੋਗੀ ਹੋਣ ਲਈ।
ਦਫ਼ਤਰੀ ਫਾਇਲਾਂ 'ਚ
ਉਲਝੀ ਹੀਰ
ਉਡੀਕ ਰਹੀ ਹੈ
ਵਿਦੇਸ਼ ਗਈ ਸ਼ੈਹਤੀ ਨੂੰ
ਆਪਣਾ ਦੁੱਖੜਾ ਸੁਣਾਉਂਣ ਲਈ।
ਗੋਰਖ ਨਾਥ
ਦੁਨੀਆਂ ਦੇ ਗੋਰਖ ਧੰਦੇ ਵਿੱਚ
ਲੀਨ ਹੈ।
ਤੇ ਮੁਹੱਬਤ
ਵਿਲਕ ਰਹੀ ਹੈ
ਅਮਰ ਹੋਣ ਲਈ।



## ਤੂੰ, ਸੋਚ ਕੇ ਵੇਖੀ!

ਸਮਿਆਂ ਦੀ
ਪ੍ਰਵਾਹ ਤਾਂ,
ਅਸੀਂ ਉਦੋਂ ਵੀ
ਨਹੀਂ ਕੀਤੀ ਸੀ,
ਜਦ....
ਨੰਗੇ ਪੈਰੀਂ ਦੌੜਨ ਦਾ ਨਿਸ਼ਚਾ ਕਰ!
ਪਹਿਲਾਂ ਪੈਰ
ਭੱਖੜੇ ਦੀ ਹਿੱਕ ਵਿਚ
ਉਤਾਰ ਦਿੱਤਾ ਸੀ !
ਤੇ ਪੈਰਾਂ ਨੇ ਦੌੜਨ ਲਈ
ਸਿਰ ਵੱਲ
ਕੰਧ ਕਰ ਲਈ ਸੀ!
ਤੇ .....
ਦੂਜੀ ਪੁਲਾਂਘ
ਇਸ ਤਰ੍ਹਾਂ ਪੁੱਟੀ ਕਿ,
ਸਭ ਭੱਖੜੇ ਤੇ ਕੰਡੇ
ਮੀਲਾਂ ਪਿਛਾਂਹ
ਰਹਿ ਗਏ ਸਨ!
ਉਦੋਂ ਤੋਂ ਲੈ ਕੇ
ਹੁਣ ਤੱਕ
ਪੈਰਾਂ ਦੇ ਸਿਰ 'ਤੇ ਹੀ
ਅਗਾਂਹ ਵਧ ਰਹੇ ਹਾਂ!

ਉਹ ਗੱਲ ਵੱਖਰੀ
ਕਿ .....
ਮਿਥਿਹਾਸ ਦੇ ਪੰਡਿਤਾਂ ਨੇ ,
ਇਹਨਾਂ ਨੂੰ ਸ਼ੂਦਰ ਕਿਹਾ ਸੀ।
.ਪੈਰਾਂ ਦੀ
ਚਮੜੀ ਦੀ ਪਹਿਲੀ ਤਹਿ
ਫਟੀ,
ਮੈਂ, ਨਹੀਂ ਰੁਕਿਆ

ਪੈਰਾਂ ਦੀ
ਚਮੜੀ ਦੀ ਦੂਜੀ ਤਹਿ
ਫਟੀ,
ਮੈਂ, ਫਿਰ ਵੀ ਨਹੀਂ
ਰੁਕਿਆ

ਪੈਰਾਂ ਦੀ
ਚਮੜੀ ਦੀ ਤੀਜੀ ਤਹਿ ਫਟੀ,
ਜੇਠ ਦੀ ਤਿੱਖੀ ਧੁੱਪ ਵਿਚ,
ਧਰਤੀ ਲਾਲ ਲਾਲ ਹੋ ਗਈ,
ਮੈਂ, ਤਾਂ ਵੀ ਨਹੀਂ ਰੁਕਿਆ

ਮੈਨੂੰ ਆਪਣੀ ਧਰਤ ਚਾਹੀਦੀ ਸੀ।
ਜ਼ਰਾ ਸੋਚ,
ਐ! ਮੁੰਸਫ,
ਜੇ, ਮੈਂ
ਅਸਮਾਨ ਵੱਲ ਨੂੰ
ਤੁਰ ਪਿਆ?
ਤਾਂ-----------
ਇਹੀ ਪੈਰ ,
ਕਿਸ-ਕਿਸ ਦੇ
ਸਿਰ 'ਤੇ
ਰੱਖ ਕੇ ਜਾਵਾਂਗਾ?

ਤੂੰ, ਸੋਚ ਕੇ ਵੇਖੀ!






# ਮਨ ਕੇ ਹਾਰੇ ਹਾਰ ਹੈ, ਮਨ ਕੇ ਜੀਤੇ ਜੀਤ

> ਚੁਣੌਤੀਆਂ ਨੂੰ ਸਵੀਕਾਰਨ ਵਾਲੇ ਜਾਣਦੇ ਹਨ ਕਿ ਕੜਾਕੇ ਦੀ ਠੰਢ ਤੋਂ ਬਾਅਦ ਬਸੰਤ ਰੁੱਤ ਜ਼ਰੂਰ ਆਵੇਗੀ। ਕੀ ਹੋਇਆ ਕਿ ਹਾਲਾਤ ਸਾਜ਼ਗਾਰ ਨਹੀਂ ਪਰ ਮਨ ਤਾਂ ਸਥਿਰ ਹੈ, ਚੜ੍ਹਦੀਕਲਾ ਹੈ, ਜਿੱਤਣ ਦੀ ਆਸ ਹੈ। ਸੂਰਜ ਅਵੱਸ਼ ਚੜ੍ਹੇਗਾ। ਰੌਸ਼ਨੀ ਦੀ ਕਿਰਨ ਨਜ਼ਰ ਆ ਰਹੀ ਹੈ। ਪ੍ਰਕਾਸ਼ ਦੂਰ ਨਹੀਂ। ਦੁੱਖ ਸੁੱਖ ਰਾਤ ਦਿਨ ਵਾਂਗ ਹਨ। ਹਰ ਰਾਤ ਤੋਂ ਬਾਅਦ ਸਵੇਰਾ ਹੋਣਾ ਹੀ ਹੈ।

ਜੀਵਨ ਜਾਚ
ਪ੍ਰੋ. (ਡਾ.) ਹਰਜਿੰਦਰ ਵਾਲੀਆ
+91 98723 14380



ਇਹ ਜ਼ਿੰਦਗੀ ਦੀ ਖੇਡ ਮਨ ਦੀ ਖੇਡ ਹੈ। ਸਾਡੇ ਵਿਚਾਰਾਂ ਦੀ ਖੇਡ ਹੈ। ਜੋ ਅਸੀਂ ਹਾਂ ਆਪਣੀ ਸੋਚ ਕਰਕੇ ਹਾਂ, ਆਪਣੇ ਵਿਚਾਰਾਂ ਕਰਕੇ ਹਾਂ। ਸਵਾਮੀ ਵਿਵੇਕਾਨੰਦ ਨੇ ਕਿਹਾ ਸੀ 'ਸਾਨੂੰ ਸਾਡੀ ਸੋਚ ਨੇ ਬਣਾਇਆ ਹੈ, ਇਸ ਗੱਲ ਦਾ ਖਿਆਲ ਰੱਖਣਾ ਚਾਹੀਦਾ ਹੈ ਕਿ ਅਸੀਂ ਕੀ ਸੋਚਦੇ ਹਾਂ? ਸ਼ਬਦ ਗੌਣ ਜਾਣ ਵਾਲਾ ਹੈ, ਵਿਚਾਰ ਰਹਿੰਦੇ ਹਨ, ਉਹ ਦੂਰ ਤੱਕ ਯਾਤਰਾ ਕਰਦੇ ਹਨ।' 'ਮਨ ਕੇ ਹਾਰੇ ਹਾਰ ਹੈ, ਮਨ ਕੇ ਜੀਤੇ ਜੀਤ'। ਜੋ ਮਾਨਸਿਕ ਤੌਰ ਤੇ ਜਿੱਤ ਲਈ ਤਿਆਰ ਨਹੀਂ ਉਹ ਕਦੇ ਸਫ਼ਲ ਨਹੀਂ ਹੋ ਸਕਦਾ। ਸਫ਼ਲਤਾ ਅਤੇ ਅਸਫ਼ਲਤਾ ਵਿੱਚ, ਹਾਰ ਅਤੇ ਜਿੱਤ ਵਿਚ ਸਾਡਾ ਦ੍ਰਿਸ਼ਟੀਕੋਣ, ਸਾਡੀ ਸੋਚ ਅਤੇ ਸਾਡੇ ਮਨ ਦੇ ਭਾਵਾਂ ਦਾ ਹੀ ਵੱਡਾ ਅਸਰ ਹੁੰਦਾ ਹੈ। ਮਨੁੱਖ ਉਹੀ ਕੁਝ ਹੁੰਦਾ ਹੈ ਜੋ ਉਹ ਸੋਚਦਾ ਹੈ। ਸਫ਼ਲ ਹੋਣ ਲਈ ਸਫ਼ਲਤਾ ਬਾਰੇ ਇੱਛਾ ਰੱਖਣਾ ਅਸਫ਼ਲਤਾ ਦੇ ਡਰ ਨਾਲੋਂ ਜ਼ਿਆਦਾ ਜ਼ਰੂਰੀ ਹੈ। ਹਾਰ ਕਦੇ ਹਾਰ ਨਹੀਂ ਹੁੰਦੀ, ਹਾਰ ਉਦੋਂ ਹੀ ਹੁੰਦੀ ਹੈ ਜਦੋਂ ਤੁਸੀਂ ਉਸਨੂੰ ਸਵੀਕਾਰ ਕਰ ਲੈਂਦੇ ਹੋ। ਅਸਫ਼ਲਤਾ ਕਦੇ ਵੀ ਘਾਤਕ ਨਹੀਂ ਹੁੰਦੀ ਸਗੋਂ ਢਹਿੰਦੀ ਕਲਾ ਅਤੇ ਨਿਰਾਸ਼ਾਵਾਦੀ ਦ੍ਰਿਸ਼ਟੀਕੋਣ ਹਮੇਸ਼ਾ ਘਾਤਕ ਹੁੰਦਾ ਹੈ। ਨਿਰਾਸ਼ਾਵਾਦੀ ਅਤੇ ਨਕਾਰਾਤਮਕ ਸੋਚ ਰੱਖਣ ਵਾਲੇ ਜ਼ਿੰਦਗੀ ਜਿਉਂਦੇ ਨਹੀਂ ਜ਼ਿੰਦਗੀ ਕੱਟਦੇ ਹਨ। ਆਸ਼ਾਵਾਦੀ ਅਤੇ ਸਕਾਰਾਤਮਕ ਸੋਚ ਰੱਖਣ ਵਾਲੇ ਲੋਕ ਜ਼ਿੰਦਗੀ ਨੂੰ ਸਿਰਫ਼ ਜਿਉਂਦੇ ਹੀ ਨਹੀਂ ਸਗੋਂ ਮਾਣਦੇ ਵੀ ਹਨ। ਮੇਰਾ ਦਾਗਿਸਤਾਨ ਵਿਚ ਰਸੂਲ ਹਮਜ਼ਾਤੋਵ ਲਿਖਦਾ ਹੈ:

'ਕੁਝ ਲੋਕ ਐਸੇ ਵੀ ਹੁੰਦੇ ਹਨ, ਜਿਹੜੇ ਬੀਤੇ ਬਾਰੇ ਸੋਗੀ ਤੇ ਅਫਸੋਸੀਆਂ ਯਾਦਾਂ ਰੱਖਦੇ ਹਨ। ਅਜਿਹੇ ਲੋਕਾਂ ਦੇ ਵਰਤਮਾਨ ਅਤੇ ਭਵਿੱਖ ਬਾਰੇ ਵੀ ਇਸੇ ਤਰ੍ਹਾਂ ਦੇ ਗਮਗੀਨ ਖਿਆਲ ਹੁੰਦੇ ਹਨ। ਕੁਝ ਲੋਕ ਹੁੰਦੇ ਹਨ ਜਿਹੜੇ ਬੀਤੇ ਬਾਰੇ ਰੌਸ਼ਨ, ਸੁਹਿਲੀਆਂ ਯਾਦਾਂ ਰੱਖਦੇ ਹਨ। ਉਹਨਾਂ ਦੇ ਚਿੰਤਨ ਵਿਚ ਵਰਤਮਾਨ ਅਤੇ ਭਵਿੱਖ ਵੀ ਰੌਸ਼ਨ ਹੈ। ਤੀਜੀ ਤਰ੍ਹਾਂ ਦੇ ਲੋਕ ਉਹ ਹੁੰਦੇ ਹਨ ਜਿਹਨਾਂ ਦੀਆਂ ਯਾਦਾਂ ਵਿੱਚ ਖੁਸ਼ੀ ਹੁੰਦੀ ਹੈ, ਉਦਾਸੀ ਵੀ, ਧੁੱਪ ਵੀ ਹੁੰਦੀ ਹੈ ਛਾਂ ਵੀ। ਵਰਤਮਾਨ ਤੇ ਭਵਿੱਖ ਬਾਰੇ ਉਹਨਾਂ ਦੇ ਵਿਚਾਰਾਂ ਵਿੱਚ ਵੰਨ ਸੁਵੰਨੇ ਭਾਵ, ਖਿਆਲ, ਸੰਗੀਤ ਤੇ ਰੰਗ ਭਰੇ ਹੁੰਦੇ ਹਨ।

ਚੁਣੌਤੀਆਂ ਨੂੰ ਸਵੀਕਾਰਨ ਵਾਲੇ ਜਾਣਦੇ ਹਨ ਕਿ ਕੜਾਕੇ ਦੀ ਠੰਡ ਤੋਂ ਬਾਅਦ ਬਸੰਤ ਰੁੱਤ ਜ਼ਰੂਰ ਆਵੇਗੀ। ਕੀ ਹੋਇਆ ਕਿ ਹਾਲਾਤ ਸਾਜ਼ਗਰ ਨਹੀਂ ਪਰ ਮਨ ਤਾਂ ਸਥਿਰ ਹੈ, ਚੜ੍ਹਦੀ ਕਲਾ ਹੈ, ਜਿੱਤਣ ਦੀ ਆਸ ਹੈ। ਸੂਰਜ ਆਵੱਸ਼ ਚੜ੍ਹੇਗਾ। ਰੌਸ਼ਨੀ ਦੀ ਕਿਰਨ ਨਜ਼ਰ ਆ ਰਹੀ ਹੈ। ਪ੍ਰਕਾਸ਼ ਦੂਰ ਨਹੀਂ। ਦੁੱਖ ਸੁੱਖ ਰਾਤ ਦਿਨ ਵਾਂਗ ਹਨ। ਹਰ ਰਾਤ ਤੋਂ ਬਾਅਦ ਸਵੇਰਾ ਹੋਣਾ ਹੀ ਹੈ। ਅਜਿਹੀ ਸੋਚ ਵਾਲੇ ਲੋਕ ਸਫ਼ਲਤਾ ਦੇ ਰਾਹੀ ਬਣਦੇ ਹਨ। ਅਜਿਹੇ ਲੋਕ ਅਸੰਭਵ ਨੂੰ ਸੰਭਵ ਬਣਾਉਣ ਵਿਚ ਕਾਮਯਾਬ ਹੁੰਦੇ ਹਨ।

ਕੁਲਵਿੰਦਰ ਕੌਰ ਵੀ ਅਜਿਹੇ ਲੋਕਾਂ ਵਿਚੋਂ ਇਕ ਹੈ। ਪਟਿਆਲਾ ਨੇੜੇ ਇਕ ਪਿੰਡ ਦੀ ਰਹਿਣ ਵਾਲੀ ਕੁਲਵਿੰਦਰ ਨੇ ਸੱਤਵੀਂ ਵਿਚ ਪੜ੍ਹਦੀ ਨੇ ਆਪਣੇ ਦੋਵੇਂ ਹੱਥ ਗਵਾ ਲਏ। ਬੱਚਿਆਂ ਨੇ ਖੇਡ ਖੇਡ ਵਿੱਚ ਟੋਕੇ ਵਾਲੀ ਮਸ਼ੀਨ ਨਾਲ ਛੇੜਛਾੜ ਕਰ ਲਈ ਅਤੇ ਕੁਲਵਿੰਦਰ ਦੇ ਦੋਵੇਂ ਹੱਥ ਕੱਟੇ ਗਏ। ਬੱਚੀ ਦੇ ਨਾਲ ਨਾਲ ਮਾਪਿਆਂ 'ਤੇ ਵੀ ਵੱਡੀ ਮੁਸੀਬਤ ਆ ਗਈ।

ਦੁਨੀਆਂਦਾਰਾਂ ਨੇ ਤਾਂ ਲੜਕੀ ਨੂੰ ਜਾਨੋਂ ਮਾਰਨ ਦੀਆਂ ਸਲਾਹਾਂ ਵੀ ਦਿੱਤੀਆਂ ਪਰ ਮਾਪਿਆਂ ਨੇ ਹੌਸਲੇ ਨਾਲ ਇਸ ਸੰਕਟ ਦਾ ਮੁਕਾਬਲਾ ਕਰਨ ਦਾ ਫੈਸਲਾ ਕੀਤਾ। ਸਕੂਲ ਦੇ ਅਧਿਆਪਕਾਂ ਦੀ ਅਗਵਾਈ ਅਤੇ ਮਾਪਿਆਂ ਦੇ ਪਿਆਰ ਸਦਕਾ ਕੁਲਵਿੰਦਰ ਨੇ ਨਾ ਸਿਰਫ਼ ਮੁੜ ਪੜ੍ਹਨਾ ਸ਼ੁਰੂ ਕੀਤਾ ਬਲਕਿ ਆਪਣੇ ਮਨ ਵਿਚ ਵੱਡੇ ਸੁਪਨੇ ਸਿਰਜ ਕੇ ਉਹਨਾਂ ਨੂੰ ਪੂਰਾ ਕਰਨ ਲਈ ਮਿਹਨਤ ਸ਼ੁਰੂ ਕੀਤੀ। ਬਿਨਾਂ ਹੱਥਾਂ ਤੋਂ ਲਿਖਣ ਦਾ ਅਭਿਆਸ ਸ਼ੁਰੂ ਕੀਤਾ। ਸਕੂਲ ਅਤੇ ਕਾਲਜ ਦੀ ਪੜ੍ਹਾਈ ਤੋਂ ਬਾਅਦ ਪੰਜਾਬੀ ਯੂਨੀਵਰਸਿਟੀ ਵਿੱਚ ਰਹਿ ਕੇ ਕਾਨੂੰਨ ਦੀ ਪੜ੍ਹਾਈ ਕੀਤੀ। ਐਲ.ਐਲ.ਐਮ. ਕਰਨ ਤੋਂ ਬਾਅਦ ਯੂ.ਜੀ.ਸੀ. ਨੈਟ ਪਾਸ ਕੀਤਾ। ਫਿਰ ਜੱਜ ਬਣਨ ਲਈ ਮੁਕਾਬਲੇ ਦੀ ਪ੍ਰੀਖਿਆ ਵਿਚ ਬੈਠੀ ਅਤੇ ਮਾਰਚ 2014 ਵਿਚ ਜੁਡੀਸ਼ੀਅਲ ਸੇਵਾ ਲਈ ਚੁਣੀ ਗਈ। ਕੁਲਵਿੰਦਰ ਦੀ ਇਹ ਉਦਹਾਰਣ ਸਪੱਸ਼ਟ ਕਰਦੀ ਹੈ ਕਿ ਜੋ ਕੋਈ ਦ੍ਰਿੜ੍ਹ ਇਰਾਦੇ ਨਾਲ ਆਪਣੇ ਲਕਸ਼ ਨੂੰ ਪਾਉਣ ਹਿੱਤ ਲਗਾਤਾਰ ਮਿਹਨਤ ਕਰੇ ਤਾਂ ਮੰਜ਼ਿਲ ਉਸਦੇ ਪੈਰਾਂ ਵਿੱਚ ਆ ਹੀ ਜਾਂਦੀ ਹੈ। ਇਹ ਸੰਭਵ ਤਾਂ ਹੀ ਹੋ ਸਕਿਆ ਜੇ ਇਸ ਬੱਚੀ ਨੇ ਆਪਣੇ ਮਨ ਵਿਚ ਕੁਝ ਕਰਨ ਦਾ ਇਰਾਦਾ ਧਾਰਿਆ ਸੀ। ਸੁਚੇਤ ਜਾਂ ਅਚੇਤ ਉਸਨੂੰ ਮਨ ਦੀ ਸ਼ਕਤੀ ਦਾ ਗਿਆਨ ਸੀ, ਅਹਿਸਾਸ ਸੀ। ਦੂਜੇ ਪਾਸੇ ਸਾਡੇ ਸਮਾਜ ਵਿੱਚ ਅਨੇਕਾਂ ਲੋਕ ਅਜਿਹੀਆਂ ਪ੍ਰਸਥਿਤੀਆਂ ਦਾ ਮੁਕਾਬਲਾ ਕਰਨ ਦੀ ਬਜਾਏ ਢਹਿੰਦੀ ਕਲਾ ਵਿਚ ਚਲੇ ਜਾਂਦੇ ਹਨ।

ਮਨੁੱਖ ਦੀ ਸਫ਼ਲਤਾ ਅਤੇ ਅਸਫ਼ਲਤਾ ਲਈ ਉਸਦਾ ਮਨ ਜ਼ਿੰਮੇਵਾਰ ਹੁੰਦਾ ਹੈ।ਸ੍ਰੀ ਕ੍ਰਿਸ਼ਨ ਭਗਵਤ ਗੀਤਾ ਵਿਚ ਕਹਿੰਦੇ ਹਨ:

ਆਦਮੀ ਜੋ ਚਾਹੇ ਬਣ ਸਕਦਾ ਹੈ ਜੇ ਉਹ ਵਿਸ਼ਵਾਸ ਨਾਲ ਇੱਛਤ ਵਸਤੂ'ਤੇ ਲਗਾਤਾਰ ਚਿੰਤਨ ਕਰੇ।'' ਡਾ. ਜ਼ੋਸੀਫ ਮਰਫੀ 'ਅਵਚੇਤਨ ਮਨ ਦੀ ਸ਼ਕਤੀ' ਬਾਰੇ ਸਮਝਾਉਂਦੇ ਹੋਏ ਲਿਖਦੇ ਹਨ "ਤੁਹਾਡਾ ਅਵਚੇਤਨ ਮਨ ਤੁਹਾਡੇ ਵਿਚਾਰਾਂ ਉਤੇ ਪ੍ਰਤੀਕਿਰਿਆ ਕਰਦਾ ਹੈ ਅਤੇ ਉਹਨਾਂ ਦੇ ਅਨੁਰੂਪ ਅਨੁਭਵਾਂ, ਕਾਰਜਾਂ, ਘਟਨਾਵਾਂ ਅਤੇ ਹਾਲਾਤਾਂ ਨੂੰ ਉਤਪੰਨ ਕਰ ਦਿੰਦਾ ਹੈ। ਯਾਦ ਰੱਖੋ, ਤੁਹਾਨੂੰ ਸਫ਼ਲਤਾ ਉਸ ਚੀਜ਼ ਦੇ ਕਾਰਨ ਨਹੀਂ ਮਿਲਦੀ ਹੈ, ਜਿਸ ਵਿੱਚ ਤੁਸੀਂ ਵਿਸ਼ਵਾਸ ਕਰਦੇ ਹੋ। ਸਫ਼ਲਤਾ ਤਾਂ ਮਨ ਦੇ ਵਿਸ਼ਵਾਸ ਕਾਰਨ ਮਿਲਦੀ ਹੈ।'' ਤੁਹਾਡਾ ਮਨ ਤੁਹਾਡੇ ਸਰੀਰ ਦਾ ਨਿਰਮਾਤਾ ਹੈ। ਤੁਹਾਡੇ ਵਿਚਾਰ ਹੀ ਪ੍ਰਸਥਿਤੀਆਂ ਨੂੰ ਜਨਮ ਦਿੰਦੇ ਹਨ। ਤੁਸੀਂ ਲੋਕਾਂ ਨੂੰ ਅਕਸਰ ਕਹਿੰਦੇ ਹੋਏ ਸੁਣ ਸਕਦੇ ਹੋ:

ਮੇਰੀ ਐਡੀ ਕਿਸਮਤ ਕਿੱਥੋਂ?
ਇਹ ਤਾਂ ਬਈ ਭਾਗਾਂ ਦਾ ਧਨੀ ਹੈ।
ਮੇਰੀ ਕਿਸਮਤ ਵਿੱਚ ਤਾਂ ਦੁੱਖ ਹੀ ਲਿਖੇ ਹਨ
ਰੱਬ ਨੇ ਮੈਨੂੰ ਰੋਗੀ ਕਿਉਂ ਬਣਾ ਦਿੱਤਾ?
ਖੁਸ਼ੀ ਤਾਂ ਰੱਬ ਨੇ ਸਾਨੂੰ ਬਖਸ਼ੀ ਨਹੀਂ।
ਮੈਂ ਇੰਨੀ ਮਿਹਨਤ ਕਰਦਾ ਹਾਂ ਪਰ ਬਰਕਤ ਨਹੀਂ ਪੈਂਦੀ,
ਅਸੀਂ ਇਕੱਠੇ ਪੜ੍ਹੇ ਪਰ ਉਹ ਕਿੱਥੇ ਪਹੁੰਚ ਗਿਆ। ਮੈਂ ਇੱਥੇ ਦਾ ਇੱਥੇ।
ਉਸਦੀ ਸ਼ੋਹਰਤ ਬੁਲੰਦੀਆਂ 'ਤੇ ਹੈ, ਕੀ ਮੈਂ ਬੇਨਾਮ ਹੀ ਤੁਰ ਜਾਵਾਂਗਾ?
ਇਕੋ ਘਰ ਵਿੱਚ ਪੈਦਾ ਹੋ ਕੇ ਮੈਂ ਫਰਸ਼ 'ਤੇ ਹਾਂ ਤੇ ਉਹ ਅਰਸ਼ 'ਤੇ। ਕਿਸਮਤ ਨੇ ਵੱਡਾ ਮਜ਼ਾਕ ਕੀਤਾ ਹੈ ਮੇਰੇ ਨਾਲ।

ਅਜਿਹੇ ਨਹੋਰੇ ਅਤੇ ਗਿਲੇ ਸ਼ਿਕਵੇ ਭਰੇ ਬੋਲ ਅਕਸਰ ਸੁਣਨ ਨੂੰ ਮਿਲ ਜਾਂਦੇ ਹਨ। ਜੇ ਤੁਹਾਡੇ ਮਨ ਵਿੱਚ ਅਜਿਹੇ ਖਿਆਲ ਹੋਣਗੇ ਅਤੇ ਤੁਹਾਡੇ ਬੁੱਲ੍ਹਾਂ 'ਤੇ ਅਜਿਹੇ ਬੋਲ ਹੋਣਗੇ ਤਾਂ ਸੁਭਾਵਿਕ ਤੌਰ 'ਤੇ ਤੁਹਾਡੇ ਜੀਵਨ ਵਿੱਚ ਅਜਿਹਾ ਕੁਝ ਵਾਪਰੇਗਾ। ਯਾਦ ਰੱਖੋ ਹੌਲੀ-ਹੌਲੀ ਤੁਸੀਂ ਆਪਣੇ ਅੰਦਰਲੇ ਦੀ ਬਾਹਰਲੀ ਤਸਵੀਰ ਵਿੱਚ ਤਬਦੀਲ ਹੁੰਦੇ ਜਾਂਦੇ ਹੋ। ਤੁਸੀਂ ਆਪਣੇ ਵਿਚਾਰਾਂ ਨੂੰ ਬਦਲ ਲਓ, ਤੁਹਾਡੀ ਤਕਦੀਰ ਆਪਣੇ ਆਪ ਬਦਲ ਜਾਵੇਗੀ। ਮਨੁੱਖ ਜਿਹੜੀਆਂ ਗੱਲਾਂ ਦਾ ਚਿੰਤਨ ਕਰਦਾ ਹੈ, ਜੋ ਗੱਲਾਂ ਨੂੰ ਵਾਰ-ਵਾਰ ਮਨ ਵਿੱਚ ਦੁਹਰਾਉਂਦਾ ਹੈ, ਜਿਹਨਾਂ ਖਿਆਲਾਂ ਨੂੰ ਇੱਛਾ ਬਣਾ ਲੈਂਦਾ ਹੈ, ਜਿਹਨਾਂ ਇੱਛਾਵਾਂ ਨੂੰ ਸੁਪਨੇ ਬਣਾ ਲੈਂਦਾ ਹੈ। ਜਿਹਨਾਂ ਸੁਪਨਿਆਂ ਨੂੰ ਹਕੀਕਤ ਵਿੱਚ ਬਦਲਣ ਲਈ ਸੰਕਲਪ ਧਾਰ ਲੈਂਦਾ ਹੈ। ਉਸ ਸੰਕਲਪ ਜਾਂ ਮਾਨਸਿਕ ਸ਼ਕਤੀ ਨਾਲ ਹੀ ਸਫ਼ਲਤਾ ਪ੍ਰਾਪਤ ਹੁੰਦੀ ਹੈ। ਮਨ ਸਰੀਰ ਨੂੰ ਜੋ ਕਾਰਜ ਕਰਨ ਦਾ ਆਦੇਸ਼ ਦਿੰਦਾ ਹੈ, ਸਰੀਰ ਉਸਦੀ ਅਵਹੇਲਨਾ ਨਹੀਂ ਕਰ ਸਕਦਾ। ਅਜਿਹੀ ਮਾਨਸਿਕ ਸ਼ਕਤੀ ਵੱਡੀ ਤੋਂ ਵੱਡੀ ਬਿਮਾਰੀ ਨੂੰ ਦੂਰ ਕਰ ਸਕਦੀ ਹੈ। ਕੈਂਸਰ ਦੇ ਮਰੀਜ਼ ਠੀਕ ਹੋਏ ਹਨ। ਮਨ ਦੀ ਸ਼ਕਤੀ ਨਾਲ ਸਰਵਪ੍ਰੀਤ ਘੁੰਮਣ ਵਰਗੀ ਕੁੜੀ ਇਕ ਲੱਤ ਨਾਲ ਨੱਚ ਕੇ ਦੁਨੀਆ ਨੂੰ ਸੋਚਣ ਲਈ ਮਜ਼ਬੂਰ ਕਰ ਦਿੰਦੀ ਹੈ। ਇਹੀ ਮਾਨਸਿਕ ਸ਼ਕਤੀ ਹੈ ਜੋ ਤੁਹਾਨੂੰ ਦੌਲਤ, ਸ਼ੋਹਰਤ ਅਤੇ ਸੱਤਾ ਦੀ ਪ੍ਰਾਪਤੀ ਦਾ ਰਾਹ ਦਰਸਾਉਂਦੀ ਹੈ। ਇਹ ਸੰਕਲਪ ਦੀ ਸ਼ਕਤੀ ਹੀ ਸਿਰ ਤਲੀ 'ਤੇ ਰੱਖ ਕੇ ਸ਼ਹੀਦ ਬਾਬਾ ਦੀਪ ਸਿੰਘ ਨੂੰ ਆਪਣਾ ਬਚਨ ਪੂਰਾ ਕਰਨ ਦਾ ਬਲ ਬਖਸ਼ਦੀ ਹੈ। ਇਹੀ ਮਨ ਦੀ ਸ਼ਕਤੀ ਮਿਹਨਤ ਦਾ ਸਬਕ ਦਿੰਦੀ ਹੈ। ਇਹੀ ਮਨ ਦੀ ਤਾਕਤ ਗਰੀਬੀ ਦਾ ਖਾਤਮਾ ਕਰਕੇ ਦੌਲਤਮੰਦ ਬਣਾਉਣ ਦੀ ਸਮਰੱਥਾ ਰੱਖਦੀ ਹੈ। ਇਸੇ ਮਨ ਦੀ ਸ਼ਕਤੀ ਨਾਲ ਲੋਕ ਸਫ਼ਲਤਾ ਮਿਲਣ ਤੱਕ ਦ੍ਰਿੜ੍ਹ ਇਰਾਦੇ ਅਤੇ ਸਵੈ-ਪ੍ਰੇਰਨਾ ਨਾਲ ਮੰਜ਼ਿਲ ਪ੍ਰਾਪਤੀ ਵਿਚ ਜੁਟੇ ਰਹਿੰਦੇ ਹਨ। ਇਸ ਮਾਨਸਿਕ ਸੋਚ ਕਾਰਨ ਹੀ ਇਕ ਨਿਰਾਸ਼ਾਵਾਦੀ ਨੂੰ ਹਰ ਮੌਕੇ ਵਿੱਚ ਮੁਸ਼ਕਿਲ ਨਜਰ ਆਉਂਦੀ ਹੈ ਅਤੇ ਇਕ ਆਸ਼ਾਵਾਦੀ ਨੂੰ ਹਰ ਮੁਸ਼ਕਿਲ ਵਿਚ ਮੌਕਾ ਨਜ਼ਰ ਆਉਂਦਾ ਹੈ।

ਖਿਆਲਾਂ ਅਤੇ ਵਿਚਾਰਾਂ ਨੇ ਹੀ ਅਸਲ ਵਿੱਚ ਸਾਡੀ ਜ਼ਿੰਦਗੀ ਦਾ ਰਸਤਾ ਤਹਿ ਕਰਨਾ ਹੁੰਦਾ ਹੈ। ਹੁਣ ਜੇ ਤੁਹਾਨੂੰ ਇਹ ਪਤਾ ਲੱਗ ਗਿਆ ਤਾਂ ਦੇਰੀ ਕਿਸ ਗੱਲ ਵਿੱਚ ਹੈ। ਉਠੋ ਅਤੇ ਆਪਣੀ ਚਾਹਤ ਮੁਤਾਬਿਕ ਜ਼ਿੰਦਗੀ ਦਾ ਸੰਕਲਪ, ਜ਼ਿੰਦਗੀ ਦੀ ਮੰਜ਼ਿਲ, ਜ਼ਿੰਦਗੀ ਦਾ ਉਦੇਸ਼ ਤਹਿ ਕਰੋ। ਸਵੇਰੇ ਬਿਸਤਰੇ ਤੋਂ ਉਠਦਿਆਂ ਸਭ ਤੋਂ ਪਹਿਲਾਂ ਕੰਮ ਜੋ ਕਰਨਾ ਚਾਹੀਦਾ ਹੈ, ਉਹ ਆਪਣੀ ਰੀਝਾਂ ਨੂੰ ਯਾਦ ਕਰਨਾ, ਆਪਣੀ ਮੰਜ਼ਿਲ ਦੀ ਤਸਵੀਰ ਦੇਖਣਾ ਅਤੇ ਮੰਜ਼ਿਲ ਵੱਲ ਵੱਧਣ ਹਿੱਤ ਦਿਨ ਵਿਚ ਕਰਨ ਵਾਲੇ ਕੰਮਾਂ ਦੀ ਸੂਚੀ ਤਿਆਰ ਕਰਨਾ ਆਦਿ। ਇਸ ਤਰ੍ਹਾਂ ਰਾਤੀ ਸੌਣ ਲੱਗਿਆਂ ਸਵੈ-ਪੜਚੋਲ ਕਰਨਾ ਕਿ ਅੱਜ ਦਿਨ ਵੇਲੇ ਮੈਂ ਮੰਜ਼ਿਲ ਵੱਲ ਕਿੰਨੇ ਕਦਮ ਵਧਾਏ। ਦਿਨ ਵੇਲੇ ਕੋਈ ਗਲਤ ਅਤੇ ਨਕਾਰਾਤਮਕ ਵਿਚਾਰ ਤਾਂ ਨਹੀਂ ਆਏ ਮਨ ਮਸਤਿਕ ਵਿੱਚ। ਜਿਵੇਂ ਤੁਸੀਂ ਆਪਣੇ ਕੱਪੜਿਆਂ ਦੀ ਚੋਣ ਕਰਦੇ ਹੋ, ਉਸੇ ਤਰ੍ਹਾਂ ਤੁਸੀਂ ਆਪਣੇ ਵਿਚਾਰਾਂ ਦੀ ਚੋਣ ਕਰੋ। ਨਕਾਰਾਤਮਕ ਵਿਚਾਰਾਂ ਤੋਂ ਬਚਣਾ ਜ਼ਰੂਰੀ ਹੈ। ਹਮੇਸ਼ਾ ਚੰਗੇ ਵਿਚਾਰਾਂ ਨੂੰ ਆਪਣੇ ਮਨ ਵਿੱਚ ਥਾਂ ਦਿਓ। ਤੁਸੀਂ ਜਿਸ ਤਰ੍ਹਾਂ ਦੇ ਆਦਮੀ ਜਾਂ ਇਸਤਰੀ ਬਣਨਾ ਚਾਹੁੰਦੇ ਹੋ, ਆਪਣੇ ਮਨ ਵਿਚ ਉਹੋ ਜਿਹੀ ਤਸਵੀਰ ਬਣਾ ਕੇ ਰੱਖੋ। ਜਦੋਂ ਕਦੇ ਵੀ ਮਨ ਦੀ ਅਵਸਥਾ ਚੰਗੀ ਹੋਵੇ, ਉਸ ਸਮੇਂ ਉਸ ਤਸਵੀਰ ਨੂੰ ਵੇਖੋ ਅਤੇ ਉਸ ਆਪਣੇ ਆਦਰਸ਼ ਵਰਗਾ ਹੋਣ ਦਾ ਅਹਿਸਾਸ ਕਰੋ।

ਉਸ ਸ਼ੇਅਰ ਨੂੰ ਯਾਦ ਰੱਖੋ:
ਤਸਵੀਰ ਏ ਯਾਰ ਦਿਲ ਮੇਂ ਹੈ,
ਨਜ਼ਰ ਝੁਕਾਏ ਔਰ ਦੇਖ ਲਿਆ।

ਤਸਵੀਰ ਤੁਹਾਡੀ ਇੱਛਤ ਚੀਜ਼ ਦੀ ਹੋਣੀ ਚਾਹੀਦੀ ਹੈ। ਤੁਹਾਡੇ ਸੁਪਨੇ ਦੀ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ ਤੁਹਾਡੇ ਉਸ ਮਨ ਇੱਛਤ ਚੀਜ਼ ਨੂੰ ਪਾਉਣ ਦੀ ਇੱਛਾ ਪ੍ਰਬੱਲ ਇੱਛਾ ਵਿੱਚ ਤਬਦੀਲ ਹੋ ਜਾਵੇਗੀ। ਤੁਹਾਨੂੰ ਉਸਨੂੰ ਪਾਉਣ ਲਈ ਕੰਮ ਕਰਨ, ਮਿਹਨਤ ਕਰਨ ਦੀ ਹਿੰਮਤ ਅਤੇ ਬਲ ਮਿਲੇਗਾ। ਇਉਂ ਲਗਾਤਾਰ ਮਿਹਨਤ ਫਲ ਲਿਆਵੇਗੀ ਅਤੇ ਕੁਦਰਤ ਤੁਹਾਨੂੰ ਸਫ਼ਲਤਾ ਬਖਸ਼ੇਗੀ। ਬਚਪਨ ਵਿੱਚ ਸੁਣਿਆ ਗੀਤ ਯਾਦ ਰੱਖੋ:

ਨੰਨੇ ਮੁੰਨੇ ਬੱਚੇ ਤੇਰੀ ਮੁੱਠੀ ਮੇਂ ਕਿਆ ਹੈ ?
ਮੁੱਠੀ ਮੇਂ ਹੈ ਤਕਦੀਰ ਹਮਾਰੀ।

ਤੇ ਸੱਚਮੁੱਚ ਤੁਹਾਡੀ ਤਕਦੀਰ ਤੁਹਾਡੀ ਮੁੱਠੀ ਵਿਚ ਹੈ। ਸਵਾਮੀ ਵਿਵੇਕਾਨੰਦ ਨੇ ਕਿਹਾ ਹੈ ਕਿ "ਇਕ ਵਿਚਾਰ ਨੂੰ ਜੀਵਨ ਬਣਾ ਲਵੋ, ਉਸ ਵਿਚਾਰ ਬਾਰੇ ਸੋਚ, ਉਸਦੇ ਸੁਪਨੇ ਲਵੋ, ਉਸ ਵਿਚਾਰ ਨੂੰ ਜੀਓ, ਆਪਣੇ ਮਸਤਿਕ, ਮਾਸਪੇਸ਼ੀਆਂ, ਨਸਾਂ, ਸਰੀਰ ਦੇ ਹਰ ਹਿੱਸੇ ਨੂੰ ਉਸ ਵਿੱਚ ਡੁੱਬ ਜਾਣ ਦੇਵੋ ਅਤੇ ਬਾਕੀ ਸਾਰੇ ਵਿਚਾਰ ਇਕ ਪਾਸੇ ਰੱਖ ਦਿਓ। ਇਹੀ ਸਫ਼ਲਤਾ ਹੋਣ ਦਾ ਤਰੀਕਾ ਹੈ।'' ਸੋ ਸਪੱਸ਼ਟ ਹੈ ਕਿ ਵਿਚਾਰ ਹੀ ਸਾਡੀ ਜ਼ਿੰਦਗੀ ਨੂੰ ਬਣਾਉਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਇਸੇ ਆਸ਼ੇ ਦਾ ਜ਼ਿਕਰ ਮਿਲਦਾ ਹੈ:

ਜੈਸੀ ਦ੍ਰਿਸ਼ਟ ਕਰੇ ਤੈਸਾ ਹੋਇ।

ਚੁਣੌਤੀਆਂ ਨੂੰ ਸਵੀਕਾਰਨ ਵਾਲੇ ਜਾਣਦੇ ਹਨ ਕਿ ਕੜਾਕੇ ਦੀ ਠੰਢ ਤੋਂ ਬਾਅਦ ਬਸੰਤ ਰੁੱਤ ਜ਼ਰੂਰ ਆਵੇਗੀ। ਕੀ ਹੋਇਆ ਕਿ ਹਾਲਾਤ ਸਾਜ਼ਗਾਰ ਨਹੀਂ ਪਰ ਮਨ ਤਾਂ ਸਥਿਰ ਹੈ, ਚੜ੍ਹਦੀਕਲਾ ਹੈ, ਜਿੱਤਣ ਦੀ ਆਸ ਹੈ। ਸੂਰਜ ਅਵੱਸ਼ ਚੜ੍ਹੇਗਾ। ਰੌਸ਼ਨੀ ਦੀ ਕਿਰਨ ਨਜ਼ਰ ਆ ਰਹੀ ਹੈ। ਪ੍ਰਕਾਸ਼ ਦੂਰ ਨਹੀਂ। ਦੁੱਖ ਸੁੱਖ ਰਾਤ ਦਿਨ ਵਾਂਗ ਹਨ। ਹਰ ਰਾਤ ਤੋਂ ਬਾਅਦ ਸਵੇਰਾ ਹੋਣਾ ਹੀ ਹੈ।

# ਦੇਸ਼ ਦਾ ਗੌਰਵ ਭਾਖੜਾ ਡੈਮ

ਸਫ਼ਾ 5 ਦੀ ਬਾਕੀ

ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰਲਾਲ ਨਹਿਰੂ ਦੇ ਇਸ ਮਾਮਲੇ ਵਿੱਚ ਨਿੱਜੀ ਤੌਰ 'ਤੇ ਦਖ਼ਲ ਦੇਣ ਤੋਂ ਬਾਅਦ ਬਿਲਾਸਪੁਰ ਦੇ ਰਾਜੇ ਨੇ ਆਪਣੇ ਇਤਰਾਜ਼ ਵਾਪਸ ਲੈ ਲਏ ਅਤੇ ਡੈਮ ਦੇ ਪਾਣੀ ਦਾ ਵੱਧ ਤੋਂ ਵੱਧ ਪੱਧਰ 1680 ਫੁੱਟ ਤੱਕ ਰੱਖਿਆ ਗਿਆ। 1948 ਤੋਂ 1951 ਦੌਰਾਨ ਇਸ ਪ੍ਰੋਜੈਕਟ ਨੂੰ ਪਾਸ ਕੀਤਾ ਗਿਆ। ਪੰਜਾਬ ਦੇ ਲੋਕ ਨਿਰਮਾਣ ਵਿਭਾਗ ਦੀ ਸਿੰਚਾਈ ਸ਼ਾਖਾ ਅਤੇ ਅੰਤਰਰਾਸ਼ਟਰੀ ਕੰਪਨੀ ਆਈਐਨਸੀ ਯੂਐੱਸਏ ਦਰਮਿਆਨ 14 ਨਵੰਬਰ 1948 ਨੂੰ ਹੋਏ ਸਮਝੌਤੇ ਅਨੁਸਾਰ ਇਸ ਪ੍ਰੋਜੈਕਟ ਸਬੰਧੀ ਦਸਤਾਵੇਜ਼ ਅਤੇ ਡਿਜ਼ਾਈਨ ਸਮੇਤ ਦਿਸ਼ਾ ਨਿਰਦੇਸ਼ ਕੰਪਨੀ ਨੂੰ ਸੌਂਪੇ ਗਏ। ਅਪਰੈਲ 1952 ਵਿੱਚ ਐਮ ਹਾਰਵੇ ਸਲੋਕਮ ਅਮਰੀਕਾ ਤੋਂ ਆਪਣੇ ਤਕਨੀਕੀ ਮਾਹਿਰਾਂ ਅਤੇ ਇੰਜੀਨੀਅਰਾਂ ਦੀ ਟੀਮ ਨਾਲ ਆਇਆ ਅਤੇ ਇਸ ਪ੍ਰੋਜੈਕਟ ਦਾ ਕੰਮ ਸ਼ੁਰੂ ਕਰਵਾਇਆ। ਇਸ ਪ੍ਰੋਜੈਕਟ ਦੇ ਨਿਰੀਖਣ ਅਤੇ ਪ੍ਰਗਤੀ ਸਬੰਧੀ ਭਾਖੜਾ ਨਿਯੰਤਰਣ ਬੋਰਡ ਬਣਾਇਆ ਗਿਆ ਜਿਸ ਵਿੱਚ ਕੇਂਦਰ ਸਰਕਾਰ, ਪੰਜਾਬ ਸਰਕਾਰ, ਰਾਜਸਥਾਨ ਅਤੇ ਪੈਪਸੂ ਦੇ ਪ੍ਰਤੀਨਿਧੀ ਸ਼ਾਮਿਲ ਸਨ। ਇਸ ਵਿੱਚ ਪੰਜਾਬ ਦੇ ਰਾਜਪਾਲ ਨੂੰ ਕਮੇਟੀ ਦਾ ਚੇਅਰਮੈਨ, ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਦੇ ਸਕੱਤਰ ਨੂੰ ਉਪ-ਚੇਅਰਮੈਨ, ਕੇਂਦਰੀ ਜਲ ਤੇ ਊਰਜਾ ਆਯੋਗ ਦੇ ਚੇਅਰਮੈਨ ਨੂੰ ਮੈਂਬਰ, ਵੱਖ ਵੱਖ ਰਾਜ ਸਰਕਾਰਾਂ ਦੇ ਸਿੰਚਾਈ ਵਿਭਾਗ ਦੇ ਸਕੱਤਰਾਂ ਅਤੇ ਊਰਜਾ ਵਿਭਾਗ ਦੇ ਇੰਚਾਰਜਾਂ ਨੂੰ ਵਿੱਤੀ ਮੈਂਬਰ, ਭਾਖੜਾ ਡੈਮ ਦੇ ਨਿਰਮਾਣ ਵਿੱਚ ਲੱਗੇ ਸਾਰੇ ਮੁੱਖ ਇੰਜੀਨੀਅਰਾਂ ਨੂੰ ਮੈਂਬਰ ਅਤੇ ਵਿੱਤ ਮੰਤਰਾਲੇ ਦੇ ਸੰਯੁਕਤ ਸਕੱਤਰ ਨੂੰ ਮੈਂਬਰ ਬਣਾਇਆ ਗਿਆ। ਸਾਲ 1952 ਵਿੱਚ ਡਾਕਟਰ ਏ.ਐੱਨ. ਖੋਸਲਾ ਦੀ ਚੇਅਰਮੈਨਸ਼ਿਪ ਅਧੀਨ ਬੋਰਡ ਆਫ ਕਾਂਸਿਉਲੇਟਸ ਦੀ ਸਥਾਪਨਾ ਵੀ ਕੀਤੀ ਗਈ। 18 ਨਵੰਬਰ 1955 ਨੂੰ ਤਤਕਾਲੀ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਨੇ ਕੰਕਰੀਟ ਦੀ ਪਹਿਲੀ ਟੋਕਰੀ ਪਾ ਕੇ ਇਸ ਪ੍ਰੋਜੈਕਟ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕੀਤੀ। ਇਸ ਪ੍ਰੋਜੈਕਟ ਦੇ ਨਿਰਮਾਣ ਵਿੱਚ ਮੁੱਖ ਤੌਰ 'ਤੇ ਭਾਖੜਾ ਬੰਨ੍ਹ ਅਤੇ ਊਰਜਾ ਸੰਚਾਲਣ ਯੰਤਰ, ਨੰਗਲ ਬੰਨ੍ਹ, ਨੰਗਲ ਹਾਈਡਲ ਚੈਨਲ, ਗੰਗੂਵਾਲ ਅਤੇ ਕੋਟਲਾ ਪਾਵਰ ਹਾਊਸਿਜ਼, ਰੋਪੜ ਹੈੱਡਵਰਕਸ ਦਾ ਪੁਨਰ-ਨਿਰਮਾਣ, ਸਰਹਿੰਦ ਨਹਿਰ ਦਾ ਪੁਨਰ-ਨਿਰਮਾਣ, ਭਾਖੜਾ ਨਹਿਰ, ਬਿਸਤ-ਦੋਆਬ ਨਹਿਰ, ਬਿਜਲੀ ਦੀ ਪੈਦਾਵਾਰ ਅਤੇ ਵਿਤਰਣ ਪ੍ਰਣਾਲੀ, ਭਾਖੜਾ-ਨੰਗਲ ਖੇਤਰ ਦੀ ਮਾਰਕੀਟ ਅਤੇ ਸੰਚਾਰ ਦਾ ਵਿਕਾਸ ਆਦਿ ਯੂਨਿਟ ਸ਼ਾਮਲ ਸਨ। ਭਾਖੜਾ ਬੰਨ੍ਹ ਦੀ ਉਚਾਈ ਦਿੱਲੀ ਵਿੱਚ ਸਥਿਤ ਕੁਤਬ ਮੀਨਾਰ ਦੀ ਉਚਾਈ ਤੋਂ ਤਿੱਗਣੀ ਹੈ। ਇਸ ਡੈਮ ਦੀ ਉਸਾਰੀ ਲਈ ਵੱਖ-ਵੱਖ ਤਰ੍ਹਾਂ ਦੀ ਮਸ਼ੀਨਰੀ ਤੋਂ ਇਲਾਵਾ ਲਗਭਗ 13000 ਕਾਮੇ, 300 ਇੰਜੀਨੀਅਰ, 30 ਅਮਰੀਕੀ ਮਾਹਿਰ ਲਗਾਏ ਗਏ ਜਨ੍ਹਿਾਂ ਨੇ ਦਿਨ-ਰਾਤ ਕੰਮ ਕੀਤਾ। ਭਾਖੜਾ ਬੰਨ੍ਹ ਦੇ ਨਿਰਮਾਣ ਵਿੱਚ ਵਰਤੀ ਗਈ ਸੀਮੇਂਟ, ਕੰਕਰੀਟ ਦੀ ਮਾਤਰਾ ਧਰਤੀ ਦੇ ਭੂ-ਮੱਧ ਰੇਖਾ 'ਤੇ 2.44 ਮੀਟਰ ਚੌੜੀ ਸੜਕ ਬਣਾਉਣ ਵਿੱਚ ਸਮਰੱਥ ਸੀ। ਇਸ ਦੇ ਨਿਰਮਾਣ ਵਿੱਚ ਕੁੱਲ ਇੱਕ ਲੱਖ ਟਨ ਸਰੀਏ ਦਾ ਇਸਤੇਮਾਲ ਕੀਤਾ ਗਿਆ। ਇੰਜੀਨੀਅਰਾਂ ਦੀ ਤਕਨੀਕ ਦਾ ਹੀ ਕਮਾਲ ਹੈ ਕਿ ਭਾਖੜਾ ਬੰਨ੍ਹ ਵਿੱਚ ਲਚਕ ਰੱਖੀ ਗਈ ਹੈ ਜਿਸ ਨਾਲ ਪਾਣੀ ਦਾ ਪੱਧਰ 1680 ਫੁੱਟ ਪਹੁੰਚਣ 'ਤੇ ਬੰਨ੍ਹ ਦੋ ਇੰਚ ਤੱਕ ਝੁਕਣ ਦੀ ਸਮਰੱਥਾ ਰੱਖਦਾ ਹੈ ਅਤੇ ਪਾਣੀ ਦਾ ਪੱਧਰ ਘਟਣ ਮਗਰੋਂ ਡੈਮ ਆਪਣੀ ਪਹਿਲਾਂ ਵਾਲੀ ਸਥਿਤੀ ਵਿੱਚ ਆ ਜਾਂਦਾ ਹੈ। ਤਤਕਾਲੀ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਨੇ ਇਸ ਪ੍ਰੋਜੈਕਟ ਦੇ ਨਿਰਮਾਣ ਦੌਰਾਨ 10 ਵਾਰ ਦੌਰਾ ਕੀਤਾ। ਵਰਣਨਯੋਗ ਹੈ ਕਿ ਉਨ੍ਹਾਂ ਨੇ ਇਸ ਪਰਿਯੋਜਨਾ ਦੇ ਸਥਾਨ 'ਤੇ ਹੀ ਪੰਚਸ਼ੀਲ ਸਮਝੌਤੇ 'ਤੇ ਚੀਨ ਦੇ ਪ੍ਰਧਾਨ ਮੰਤਰੀ ਚਾਓ ਇਨ ਲਾਈ ਨਾਲ ਗੱਲਬਾਤ ਕੀਤੀ ਸੀ। ਦੇਸ਼ ਦੇ ਮਹਿਮਾਨਾਂ ਤੋਂ ਇਲਾਵਾ ਬਹੁਤ ਸਾਰੇ ਵਿਦੇਸ਼ੀ ਮਹਿਮਾਨ ਜਿਵੇਂ ਮਿਸਰ ਦੇ ਰਾਸ਼ਟਰਪਤੀ ਕਰਨਲ ਨਾਸਰ, ਯੂਗੋਸਲਾਵੀਆ ਦੇ ਰਾਸ਼ਟਰਪਤੀ ਜੋਸਫ਼ ਟੀਟੋ, ਚੀਨ ਦੇ ਪ੍ਰਧਾਨ ਮੰਤਰੀ ਚਾਓ ਇਨ ਲਾਈ, ਉੱਤਰੀ ਵੀਅਤਨਾਮ ਦੇ ਰਾਸ਼ਟਰਪਤੀ ਹੋ ਚੀ ਮਿੰਨ੍ਹ, ਇੰਗਲੈਂਡ ਦੇ ਪ੍ਰਧਾਨ ਮੰਤਰੀ ਕਲੀਮੈਂਟ ਐਂਟਲੀ, ਸੋਵੀਅਤ ਰੂਸ ਦੇ ਪ੍ਰਧਾਨ ਮੰਤਰੀ ਖੁਰਸ਼ਚੇਵ, ਸੋਵੀਅਤ ਰੂਸ ਦੇ ਪ੍ਰਿੰਸ ਫਿਲਿਪ ਡਿਊਕ ਆਫ ਐਡਨਬਰਾ, ਦਲਾਈਲਾਮਾ, ਪੰਚਨਲਾਮਾ, ਇਰਾਨ ਦੇ ਬਾਦਸ਼ਾਹ ਰਜ਼ਾ ਸ਼ਾਹ ਪਹਿਲਵੀ ਆਦਿ ਇਸ ਸਥਾਨ ਦਾ ਦੌਰਾ ਕਰ ਚੁੱਕੇ ਹਨ। ਭਾਖੜਾ ਬੰਨ੍ਹ ਦੇ ਪਿੱਛੇ ਬਣੀ ਝੀਲ ਦਾ ਨਾਮ ਗੋਬਿੰਦ ਸਾਗਰ ਝੀਲ ਰੱਖਿਆ ਗਿਆ ਹੈ। ਸਤਲੁਜ ਦਰਿਆ ਦੀ ਲੰਬਾਈ ਲਗਭਗ 1536 ਕਿਲੋਮੀਟਰ ਹੈ ਅਤੇ ਇਸ ਦਾ ਲਗਭਗ 75369 ਵਰਗ ਕਿਲੋਮੀਟਰ ਖੇਤਰ ਹੈ। ਸਤਲੁਜ ਦਰਿਆ ਦੀਆਂ ਅੱਠ ਵੱਡੀਆਂ ਸਹਾਇਕ ਨਦੀਆਂ ਹਨ। ਸਭ ਤੋਂ ਵੱਡੀ ਸਹਾਇਕ ਨਦੀ ਬਿਆਸ ਦਰਿਆ ਹੈ ਜੋ 464 ਕਿਲੋਮੀਟਰ ਲੰਮਾ ਹੈ ਅਤੇ 9920 ਕਿਲੋਮੀਟਰ ਦੇ ਜਲ ਗ੍ਰਹਿਣ ਖੇਤਰ ਦੇ ਨਾਲ ਹੈ। ਸਤਲੁਜ ਦਰਿਆ ਮਾਨਸਰੋਵਰ ਨੇੜੇ ਭਾਰਤ ਵਿੱਚ ਦਾਖਲ ਹੁੰਦਾ ਹੈ ਅਤੇ ਉੱਤਰ ਪੱਛਮ ਵੱਲ ਵਗਦਾ ਹੈ। ਇਹ ਗੋਬਿੰਦ ਸਾਗਰ ਝੀਲ ਤੱਕ ਵਹਿੰਦਾ ਹੈ ਜਿਸ ਉੱਤੇ ਭਾਖੜਾ ਡੈਮ ਬਣਿਆ ਹੋਇਆ ਹੈ। ਭਾਖੜਾ ਡੈਮ ਪਿੱਛੇ ਝੀਲ 96.56 ਕਿਲੋਮੀਟਰ ਲੰਬੀ ਅਤੇ 168.35 ਵਰਗ ਕਿਲੋਮੀਟਰ ਖੇਤਰ ਵਿੱਚ ਫੈਲੀ ਹੋਈ ਹੈ। ਬੰਨ੍ਹ ਤੱਕ ਸਤਲੁਜ ਦਰਿਆ ਦਾ ਕੁੱਲ ਕੈਚਮੈਂਟ ਏਰੀਆ 56980 ਵਰਗ ਕਿਲੋਮੀਟਰ ਹੈ ਜਿਸ ਵਿੱਚ 37050 ਵਰਗ ਕਿਲੋਮੀਟਰ ਖੇਤਰ ਤਿੱਬਤ ਅਤੇ ਬਾਕੀ 19930 ਵਰਗ ਕਿਲੋਮੀਟਰ ਭਾਰਤ ਵਿੱਚ ਹੈ। ਗਰਮੀਆਂ ਦੇ ਮੌਸਮ ਵਿੱਚ ਮਾਨ ਸਰੋਵਰ ਝੀਲ ਅਤੇ ਰਸਤੇ ਦੀ ਬਰਫ਼ ਦਾ ਪਿਘਲਿਆ ਹੋਇਆ ਪਾਣੀ ਅਤੇ ਬਾਰਿਸ਼ ਦੀ ਰੁੱਤ ਵਿੱਚ ਕੈਚਮੈਂਟ ਏਰੀਆ ਤੋਂ ਆਉਣ ਵਾਲਾ ਵਰਖਾ ਦਾ ਪਾਣੀ ਬੰਨ੍ਹ ਵਿੱਚ ਇਕੱਠਾ ਕੀਤਾ ਜਾਂਦਾ ਹੈ। ਇਸ ਬੰਨ੍ਹ ਵਿੱਚ 50 ਤੋਂ 60 ਫ਼ੀਸਦੀ ਪਾਣੀ ਬਰਫ਼ ਦੇ ਪਿਘਲਣ ਕਾਰਨ ਅਤੇ ਬਾਕੀ ਮੀਂਹ ਤੋਂ ਆਉਂਦਾ ਹੈ। ਝੀਲ ਵਿੱਚ 1680 ਫੁੱਟ ਤੱਕ 93400 ਲੱਖ ਘਣਮੀਟਰ ਪਾਣੀ ਇਕੱਠਾ ਕੀਤਾ ਜਾਂਦਾ ਹੈ। ਝੀਲ ਵਿੱਚ ਬਰਸਾਤ ਦੇ ਦਿਨਾਂ ਵਿੱਚ ਜਮ੍ਹਾਂ ਕੀਤੇ ਜਾਣ ਵਾਲੇ ਪਾਣੀ ਦੀ ਬਦੌਲਤ ਪੰਜਾਬ, ਹਰਿਆਣਾ ਅਤੇ ਹੋਰ ਸੂਬਿਆਂ ਦੇ ਇਲਾਕਿਆਂ ਨੂੰ ਹੜ੍ਹ ਤੋਂ ਰਾਹਤ ਮਿਲਦੀ ਹੈ। ਇਸ ਝੀਲ ਤੋਂ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੀ 65 ਲੱਖ ਹੈਕਟੇਅਰ ਭੂਮੀ ਦੀ ਸਿੰਚਾਈ ਹੁੰਦੀ ਹੈ। ਇਸ ਤੋਂ ਪੰਜਾਬ, ਹਰਿਆਣਾ, ਪੱਛਮੀ ਰਾਜਸਥਾਨ, ਚੰਡੀਗੜ੍ਹ ਅਤੇ ਦਿੱਲੀ ਦੇ ਮੁੱਖ ਸ਼ਹਿਰਾਂ ਦੇ ਲਈ ਪੀਣ ਦੇ ਪਾਣੀ ਦੀ ਪੂਰਤੀ ਵੀ ਕੀਤੀ ਜਾਂਦੀ ਹੈ। ਭਾਖੜਾ ਡੈਮ ਤੋਂ ਬਾਅਦ ਨੰਗਲ ਡੈਮ ਬਣਾਇਆ ਗਿਆ ਜਿਸ ਵਿੱਚ ਭਾਖੜਾ ਡੈਮ ਤੋਂ ਆਉਣ ਵਾਲੇ ਪਾਣੀ ਨੂੰ ਰੋਕ ਕੇ ਅੱਗੇ ਵੱਖ ਵੱਖ ਨਹਿਰਾਂ ਵਿੱਚ ਛੱਡਿਆ ਜਾਂਦਾ ਹੈ। ਭਾਖੜਾ ਬੰਨ੍ਹ ਕਾਰਨ ਦੇਸ਼ ਵਿੱਚ ਹਰੀ ਕ੍ਰਾਂਤੀ ਦਾ ਸੁਪਨਾ ਸਾਕਾਰ ਹੋ ਸਕਿਆ। ਲਗਭਗ 283.90 ਕਰੋੜ ਰੁਪਏ ਦੀ ਲਾਗਤ ਨਾਲ 1962 ਵਿੱਚ ਬਣ ਕੇ ਤਿਆਰ ਹੋਇਆ ਇਹ ਬੰਨ੍ਹ ਉਸ ਵੇਲੇ ਏਸ਼ੀਆ ਵਿੱਚ ਸਭ ਤੋਂ ਉੱਚਾ ਅਤੇ ਵਿਸ਼ਵ ਵਿੱਚ ਦੂਜੇ ਨੰਬਰ 'ਤੇ ਸੀ। ਭਾਖੜਾ ਡੈਮ ਦੇ ਦੋਵੇਂ ਪਾਸੇ ਪਾਵਰ ਪਲਾਂਟ ਬਣਾਏ ਗਏ ਹਨ ਜਿੱਥੇ ਟਰਬਾਈਨਾਂ ਰਾਹੀਂ ਬਿਜਲੀ ਪੈਦਾ ਕਰ ਕੇ ਦੇਸ਼ ਦੇ ਵੱਖ-ਵੱਖ ਭਾਗਾਂ ਨੂੰ ਸਪਲਾਈ ਕੀਤੀ ਜਾਂਦੀ ਹੈ। ਪਿਛਲੇ ਕਈ ਸਾਲਾਂ ਤੋਂ ਭਾਖੜਾ ਬਿਆਸ ਪ੍ਰਬੰਧਕੀ ਬੋਰਡ ਦਾ ਬਿਜਲੀ ਉਦਪਾਦਨ ਕੇਂਦਰੀ ਬਿਜਲੀ ਅਥਾਰਟੀ ਦੁਆਰਾ ਨਿਰਧਾਰਤ ਟੀਚਿਆਂ ਤੋਂ ਲਗਾਤਾਰ ਵਧ ਰਿਹਾ ਹੈ। 22 ਅਕਤੂਬਰ 1963 ਨੂੰ ਸ੍ਰੀ ਜਵਾਹਰਲਾਲ ਨਹਿਰੂ ਨੇ ਇਹ ਡੈਮ ਰਾਸ਼ਟਰ ਨੂੰ ਸਮਰਪਿਤ ਕਰਦਿਆਂ ਕਿਹਾ ਸੀ ਕਿ ਭਾਖੜਾ ਨੰਗਲ ਪ੍ਰੋਜੈਕਟ ਕੁਝ ਹੈਰਾਨੀਜਨਕ ਹੈ, ਕੁਝ ਚਮਤਕਾਰੀ ਹੈ, ਕੁਝ ਅਜਿਹਾ ਹੈ ਜਿਸ ਨੂੰ ਵੇਖ ਕੇ ਤੁਹਾਡੇ ਦਿਲ ਵਿੱਚ ਤੂਫ਼ਾਨ ਉੱਠਦਾ ਹੈ। ਸਾਲ 2013 ਵਿੱਚ ਗੋਲਡਨ ਜੁਬਲੀ ਮੌਕੇ ਹੋਏ ਸਮਾਗਮ ਵਿੱਚ ਕੇਂਦਰ ਅਤੇ ਵੱਖ-ਵੱਖ ਹਿੱਸੇਦਾਰ ਸੂਬਿਆਂ ਦੇ ਆਗੂਆਂ ਨੇ ਇਸ ਡੈਮ ਅਤੇ ਇਲਾਕੇ ਦੇ ਵਿਕਾਸ ਲਈ ਐਲਾਨ ਕੀਤੇ ਸਨ, ਪਰ ਇਲਾਕੇ 'ਚ ਆ ਰਿਹਾ ਨਿਘਾਰ ਉਨ੍ਹਾਂ ਐਲਾਨਾਂ ਦੀ ਪੋਲ ਖੋਲ੍ਹਦਾ ਹੈ। ਸਰਕਾਰਾਂ ਦੀ ਲਾਪਰਵਾਹੀ ਅਤੇ ਕੁਝ ਅਧਿਕਾਰੀਆਂ ਦੇ ਭ੍ਰਿਸ਼ਟਾਚਾਰ ਕਾਰਨ ਇਸ ਡੈਮ ਦੀ ਤਰੱਕੀ ਲਈ ਕੋਈ ਠੋਸ ਯੋਜਨਾ ਲਾਗੂ ਨਹੀਂ ਹੋਈ ਅਤੇ ਇਸ ਡੈਮ ਸਦਕਾ ਵਸਿਆ ਨੰਗਲ ਸ਼ਹਿਰ ਉੱਜੜ ਰਿਹਾ ਹੈ, ਡੈਮ 'ਤੇ ਜਾਣ ਵਾਲੇ ਰਸਤਿਆਂ ਦੀ ਹਾਲਤ ਖਸਤਾ ਹੋ ਰਹੀ ਹੈ। ਕੇਂਦਰ ਸਰਕਾਰ ਅਧੀਨ ਚੱਲ ਰਹੇ ਇਸ ਅਦਾਰੇ ਨੂੰ ਹੋਰ ਵਿਕਸਿਤ ਕਰਨ ਲਈ ਠੋਸ ਯੋਜਨਾ ਬਣਾਕੇ ਅਮਲੀ ਜਾਮਾ ਪਹਨਿਾਉਣ ਦੀ ਜ਼ਰੂਰਤ ਹੈ।

ਸੰਪਰਕ: 94175-63054

# ਪੰਜਾਬ 'ਚ ਹੜ੍ਹ.....

ਸਫ਼ਾ 5 ਦੀ ਬਾਕੀ

ਪੱਧਰ ਵਧ ਗਿਆ ਹੈ। ਪਿਛਲੇ ਸਾਲਾਂ ਵਿੱਚ ਵੀ ਇੱਕੋ ਹੜ੍ਹਾਂ ਕਾਰਨ ਭਾਰੀ ਨੁਕਸਾਨ ਹੋਇਆ ਸੀ। ਇਸ ਸਾਲ ਵੀ ਭਾਰੀ ਮੀਂਹ ਅਤੇ ਦਰਿਆਵਾਂ ਵਿੱਚ ਵਧੇ ਪਾਣੀ ਕਾਰਨ ਕਈ ਇਲਾਕਿਆਂ ਵਿੱਚ ਖੇਤ ਅਤੇ ਘਰ ਡੁੱਬ ਗਏ ਹਨ। ਲਹਿੰਦੇ ਪੰਜਾਬ ਵਿੱਚ ਵੀ ਸਥਿਤੀ ਚਿੰਤਾਜਨਕ ਹੈ। ਇਹ ਦਰਸਾਉਂਦਾ ਹੈ ਕਿ ਕੁਦਰਤੀ ਆਫ਼ਤਾਂ ਦੀ ਕੋਈ ਸਰਹੱਦ ਨਹੀਂ ਹੁੰਦੀ ਅਤੇ ਇਹ ਪੂਰੇ ਖੇਤਰ ਨੂੰ ਪ੍ਰਭਾਵਿਤ ਕਰਦੀਆਂ ਹਨ।

ਇਸ ਔਖੀ ਘੜੀ ਵਿੱਚ ਪੰਜਾਬੀਅਤ ਦੀ ਭਾਵਨਾ ਸਾਹਮਣੇ ਆਈ ਹੈ। ਗੁਰਦੁਆਰਿਆਂ, ਸਮਾਜਿਕ ਸੰਸਥਾਵਾਂ ਅਤੇ ਆਮ ਲੋਕਾਂ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਹੱਥ ਵਧਾਇਆ ਹੈ। ਲੰਗਰ ਲਾਏ ਜਾ ਰਹੇ ਹਨ, ਸੁੱਕਾ ਰਾਸ਼ਨ ਅਤੇ ਕੱਪੜੇ ਵੰਡੇ ਜਾ ਰਹੇ ਹਨ। ਇਹ ਸਹਿਯੋਗ ਅਤੇ ਇੱਕਜੁੱਟਤਾ ਦੀ ਭਾਵਨਾ ਸਾਡਾ ਸਭ ਤੋਂ ਵੱਡਾ ਗੁਣ ਹੈ। ਵੇਲੇ-ਕੁਵੇਲੇ ਹੀ ਸਹੀ, ਹੁਣ ਸਰਕਾਰ ਵੀ ਰਾਹਤ ਕੈਂਪ ਲਾ ਰਹੀ ਹੈ ਅਤੇ ਐੱਨਡੀਆਰਐੱਫ ਦੀਆਂ ਟੀਮਾਂ ਲੋਕਾਂ ਨੂੰ ਬਚਾਉਣ ਦਾ ਕੰਮ ਕਰ ਰਹੀਆਂ ਹਨ।

ਇਹ ਹੜ੍ਹ ਸਾਨੂੰ ਸਭ ਨੂੰ ਸੋਚਣ ਲਈ ਮਜਬੂਰ ਕਰਦੇ ਹਨ। ਕੀ ਅਸੀਂ ਸਿਰਫ਼ ਰਾਹਤ ਕੈਂਪਾਂ ਤੱਕ ਹੀ ਸੀਮਤ ਰਹਾਂਗੇ ਜਾਂ ਫਿਰ ਇਸ ਸਮੱਸਿਆ ਦੀ ਜੜ੍ਹ ਤੱਕ ਜਾ ਕੇ ਇਸ ਦਾ ਸਥਾਈ ਹੱਲ ਲੱਭਾਂਗੇ? ਕੀ ਕਾਰਨ ਹਨ ਕਿ ਸਾਡੇ ਲਈ ਇਹ ਪਾਣੀ ਕਦੇ ਹੜ੍ਹਾਂ ਦੇ ਰੂਪ ਵਿੱਚ ਤਬਾਹੀ ਦਾ ਕਾਰਨ ਬਣਦਾ ਹੈ ਅਤੇ ਕਦੇ ਸੋਕੇ ਦੇ ਰੂਪ ਵਿੱਚ ਖੇਤਾਂ ਦੀ ਪਿਆਸ ਬੁਝਾਉਣ ਤੋਂ ਅਸਮਰੱਥ ਹੋ ਜਾਂਦਾ ਹੈ। ਇਹ ਸਥਿਤੀ ਗੁੰਝਲਦਾਰ ਸਮੱਸਿਆ ਹੈ ਜਿਸ ਦੇ ਕਈ ਕਾਰਨ ਹਨ। ਇਸ ਦਾ ਸਭ ਤੋਂ ਵੱਡਾ ਕਾਰਨ ਪੰਜਾਬ ਦੇ ਦਰਿਆਵਾਂ ਉੱਪਰ ਪੰਜਾਬ ਦਾ ਪੂਰਾ ਅਧਿਕਾਰ ਨਾ ਹੋਣਾ ਹੈ।

ਭਾਖੜਾ ਬਿਆਸ ਪ੍ਰਬੰਧਨ ਬੋਰਡ ਦੋ ਮੁੱਖ ਦਰਿਆਵਾਂ- ਸਤਲੁਜ ਤੇ ਬਿਆਸ ਦੇ ਪਾਣੀ ਦਾ ਪ੍ਰਬੰਧਨ ਕਰਦਾ ਹੈ। ਇਹ ਬੋਰਡ ਨਾ ਸਿਰਫ਼ ਪੰਜਾਬ ਲਈ, ਬਲਕਿ ਹਰਿਆਣਾ, ਰਾਜਸਥਾਨ ਤੇ ਦਿੱਲੀ ਵਰਗੇ ਸੂਬਿਆਂ ਲਈ ਵੀ ਪਾਣੀ ਦੀ ਵੰਡ ਅਤੇ ਬਿਜਲੀ ਉਤਪਾਦਨ ਕੰਟਰੋਲ ਕਰਦਾ ਹੈ। ਅਜਿਹੀ ਸਥਿਤੀ ਵਿੱਚ, ਜਦੋਂ ਭਾਰੀ ਬਾਰਿਸ਼ ਕਾਰਨ ਡੈਮਾਂ ਵਿੱਚ ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਤੋਂ ਉੱਪਰ ਚਲਾ ਜਾਂਦਾ ਹੈ ਤਾਂ ਬੇਕਾਬੂ ਹੋਏ ਪਾਣੀ ਨੂੰ ਇੱਕਦਮ ਛੱਡ ਦਿੱਤਾ ਜਾਂਦਾ ਹੈ। ਇਸ ਨਾਲ ਹੇਠਲੇ ਇਲਾਕਿਆਂ ਵਿੱਚ ਹੜ੍ਹਾਂ ਦਾ ਕਹਿਰ ਟੁੱਟਦਾ ਹੈ, ਜਿਸ ਦਾ ਸਭ ਤੋਂ ਵੱਧ ਨੁਕਸਾਨ ਪੰਜਾਬ ਦੇ ਪਿੰਡਾਂ ਅਤੇ ਖੇਤਾਂ ਨੂੰ ਹੁੰਦਾ ਹੈ। ਕਈ ਵਾਰ ਤਾਂ ਇਹ ਲੱਗਦਾ ਹੈ ਕਿ ਪੰਜਾਬ ਨੂੰ ਜੀਵਨ ਦੇਣ ਵਾਲੇ ਇਹੀ ਦਰਿਆ 'ਵਾਟਰ ਬੰਬ' ਬਣ ਗਏ ਹਨ, ਜੋ ਸਮੇਂ-ਸਮੇਂ ਤਬਾਹੀ ਮਚਾਉਂਦੇ ਹਨ।

ਇਸ ਵਕਤ ਹੜ੍ਹ ਅਤੇ ਸੋਕੇ ਵਰਗੀਆਂ ਆਫ਼ਤਾਂ ਸਿਰਫ਼ ਕੁਦਰਤੀ ਨਹੀਂ, ਬਲਕਿ ਇਨ੍ਹਾਂ ਪਿੱਛੇ ਮਨੁੱਖੀ ਕਾਰਕ ਵੀ ਸਿੱਧੇ-ਅਸਿੱਧੇ ਰੂਪ ਵਿੱਚ ਜ਼ਿੰਮੇਵਾਰ ਹਨ। ਪੰਜਾਬ ਨੂੰ ਬਚਾਉਣ ਲਈ ਸੰਤੁਲਿਤ ਪਹੁੰਚ ਦੀ ਲੋੜ ਹੈ। ਇਸ ਵਿੱਚ ਡੈਮਾਂ ਦਾ ਸੁਚੱਜਾ ਪ੍ਰਬੰਧਨ, ਦਰਿਆਵਾਂ ਅਤੇ ਨਹਿਰਾਂ ਦੀ ਸਮੇਂ-ਸਮੇਂ 'ਤੇ ਸਫ਼ਾਈ ਅਤੇ ਪਾਣੀ ਦੀ ਵੰਡ ਲਈ ਨਿਆਂਪੂਰਨ ਨੀਤੀ ਬਣਾਉਣਾ ਸ਼ਾਮਿਲ ਹੈ। ਸਰਕਾਰਾਂ ਨੂੰ ਲੰਮੇ ਸਮੇਂ ਦੇ ਹੱਲ ਲੱਭਣੇ ਪੈਣਗੇ, ਜਿਸ ਵਿੱਚ ਦਰਿਆਵਾਂ ਦਾ ਵਿਗਿਆਨਕ ਪ੍ਰਬੰਧਨ, ਸ਼ਹਿਰੀ ਯੋਜਨਾਬੰਦੀ ਅਤੇ ਆਫ਼ਤ ਪ੍ਰਬੰਧਨ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਸ਼ਾਮਿਲ ਹੈ। ਜਦੋਂ ਤੱਕ ਸਾਰੇ ਸਬੰਧਿਤ ਪੱਖ ਮਿਲ ਕੇ ਕੰਮ ਨਹੀਂ ਕਰਦੇ, ਉਦੋਂ ਤੱਕ ਪੰਜਾਬ ਨੂੰ ਹੜ੍ਹਾਂ ਅਤੇ ਸੋਕੇ ਦੀ ਦੋਹਰੀ ਮਾਰ ਤੋਂ ਬਚਾਉਣਾ ਮੁਸ਼ਕਿਲ ਹੈ।

ਸੰਪਰਕ: 99154-26454






# ਕੁਲਵੰਤ ਕੌਰ ਨਾਰੰਗ ਦਾ ਕਾਵਿ-ਸੰਗ੍ਰਹਿ 'ਉਡੀਕ ਅਟਕ ਗਈ ਹੈ' ਸਮਾਜਿਕਤਾ ਦੀ ਪੀੜ

ਪੁਸਤਕ ਸਮੀਖਿਆ
ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072



ਕੁਲਵੰਤ ਕੌਰ ਨਾਰੰਗ ਲਗਪਗ ਅੱਧੀ ਸਦੀ ਤੋਂ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਰਹੀ ਹੈ। ਉਸਦੇ ਹੁਣ ਤੱਕ ਚਾਰ ਕਾਵਿ-ਸੰਗ੍ਰਹਿ ਜਿਨ੍ਹਾਂ ਵਿੱਚ 'ਦਰਦ', 'ਪਰਛਾਵੇਂ', 'ਅਣਗਾਹੇ ਰਾਹ' ਅਤੇ 'ਮੇਰੀ ਉਡੀਕ ਰੱਖੀਂ' ਅਤੇ ਇੱਕ 'ਉਡੀਕ ਦੇ ਪਲ' ਕਹਾਣੀ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਪੜਚੋਲ ਅਧੀਨ 'ਉਡੀਕ ਅਟਕ ਗਈ ਹੈ' ਉਸਦਾ ਪੰਜਵਾਂ ਕਾਵਿ-ਸੰਗ੍ਰਹਿ ਤੇ ਛੇਵੀਂ ਪੁਸਤਕ ਹੈ। ਕਵਿਤਰੀ ਦਾ 'ਪਰਛਾਵੇਂ' ਕਾਵਿ-ਸੰਗ੍ਰਹਿ ਨੂੰ ਪੰਜਾਬੀ ਅਕਾਦਮੀ ਦਿੱਲੀ ਨੇ ਪੁਰਸਕਾਰ ਵੀ ਦਿੱਤਾ ਹੋਇਆ ਹੈ। 'ਉਡੀਕ ਅਟਕ ਗਈ ਹੈ' ਕਾਵਿ-ਸੰਗ੍ਰਹਿ ਵਿੱਚ ਉਸ ਦੀਆਂ 70 ਕਵਿਤਾਵਾਂ ਹਨ। ਕਵਿਤਰੀ ਵਿਚਾਰ ਪ੍ਰਧਾਨ ਖੁਲ੍ਹੀਆਂ ਕਵਿਤਾਵਾਂ ਅਤੇ ਸਰੋਦੀ ਦੋਵੇਂ ਤਰ੍ਹਾਂ ਦੀਆਂ ਕਵਿਤਾਵਾਂ ਲਿਖਦੀ ਹੈ। ਇਸ ਕਾਵਿ-ਸੰਗ੍ਰਹਿ ਦੇ ਨਾਮ ਵਾਲੀ ਕਵਿਤਾ 'ਉਡੀਕ ਅਟਕ ਗਈ ਹੈ' ਬਹੁਤ ਹੀ ਸੰਵੇਦਨਸ਼ੀਲ ਤੇ ਭਾਵਨਾਤਮਿਕ ਹੈ। ਜ਼ਮਾਨਾ ਬਦਲ ਗਿਆ ਹੈ, ਮਾਵਾਂ ਬੱਚਿਆਂ ਨੂੰ ਗਲਵਕੜੀ ਪਾਉਣ ਲਈ ਤਰਸ ਗਈਆਂ ਹਨ। ਬੱਚੇ ਪਰਵਾਸ ਨੂੰ ਉਡਾਰੀ ਮਾਰ ਰਹੇ ਹਨ, ਮਾਵਾਂ ਉਡੀਕਦੀਆਂ ਰਹਿ ਜਾਂਦੀਆਂ ਹਨ। ਪੁੱਤਰ ਪਰਵਾਸ ਵਿੱਚ ਜਾ ਕੇ ਵੱਡੇ ਬਣ ਜਾਂਦੇ ਹਨ, ਉਨ੍ਹਾਂ ਕੋਲ ਘਰ ਪਰਤਣ ਦਾ ਸਮਾਂ ਹੀ ਨਹੀਂ। ਜੇਕਰ ਸਮੁੱਚੇ ਤੌਰ 'ਤੇ ਵੇਖਿਆ ਜਾਵੇ ਤਾਂ ਇਹ ਕਾਵਿ-ਸੰਗ੍ਰਹਿ ਬਹੁਤ ਹੀ ਹਿਰਦੇਵੇਦਿਕ ਭਾਵਨਾਵਾਂ ਦੀ ਤਰਜਮਾਨੀ ਕਰਦਾ ਹੈ। ਸਮਾਜਿਕ ਤਾਣੇ-ਬਾਣੇ ਦੀ ਹੱਰ ਪੱਖੋਂ ਗਿਰਾਵਟ ਦਾ ਦਸਤਾਵੇਜ਼ ਹੈ। ਉਸਦੇ ਇਸ ਕਾਵਿ-ਸੰਗ੍ਰਹਿ ਦੀਆਂ ਸਾਰੀਆਂ ਕਵਿਤਾਵਾਂ ਸਮਾਜਿਕ ਸਰੋਕਾਰਾਂ ਦੀ ਪਤ੍ਰੀਰਨਿਧਤਾ ਕਰਦੀਆਂ ਹਨ। ਲੋਕ ਹਿੱਤਾਂ 'ਤੇ ਪਹਿਰਾ ਦੇਣ ਵਾਲੀਆਂ ਹਨ। ਕੁਲਵੰਤ ਕੌਰ ਨਾਰੰਗ ਸੰਵੇਦਨਸ਼ੀਲ ਕਵਿਤਰੀ ਹੈ। ਇਸਤਰੀਆਂ ਨਾਲ ਸਮਾਜ ਵਿੱਚ ਹੋ ਰਹੀਆਂ ਅਣਗਿਣਤ ਜ਼ਿਆਦਤੀਆਂ ਬਾਰੇ ਉਸਦੀਆਂ ਬਹੁਤੀਆਂ ਕਵਿਤਾਵਾਂ ਵਿੱਚ ਜ਼ਿਕਰ ਕੀਤਾ ਗਿਆ ਹੈ। ਲੜਕੀਆਂ ਨੂੰ ਮਾਵਾਂ ਅਤੇ ਪਰਿਵਾਰ ਦੇ ਹੋਰ ਮੈਂਬਰ ਵਿਆਹ ਦੇ ਸਮੇਂ ਅਸੀਸਾਂ ਦੇ ਰੂਪ ਵਿੱਚ ਅਜਿਹੀਆਂ ਹਦਾਇਤਾਂ ਦਿੰਦੇ ਹਨ, ਜਿਹੜੀਆਂ ਉਸ ਲੜਕੀ ਲਈ ਫੰਦਾ ਬਣ ਜਾਂਦੀਆਂ ਹਨ। ਬਹੁ ਗਿਣਤੀ ਸਹੁਰੇ ਘਰਾਂ ਵਿੱਚ ਲੜਕੀਆਂ ਦੀਆਂ ਭਾਵਨਾਵਾਂ ਅਤੇ ਮੁੱਢਲੀਆਂ ਜ਼ਰੂਰਤਾਂ ਦੀ ਅਣਵੇਖੀ ਹੁੰਦੀ ਹੈ। ਕਵਿਤਰੀ ਦੀਆਂ ਕਵਿਤਾਵਾਂ ਕਹਿ ਰਹੀਆਂ ਹਨ ਕਿ ਲੜਕੀਆਂ ਨੂੰ ਆਤਮ ਨਿਰਭਰ ਬਣਾਉਣ ਤੋਂ ਬਿਨਾ ਉਨ੍ਹਾਂ ਦੀ ਜ਼ਿੰਦਗੀ ਸੁਹਾਵਣੀ ਨਹੀਂ ਹੋ ਸਕਦੀ। ਘਰ ਦੀ ਚਾਰਦੀਵਾਰੀ ਉਨ੍ਹਾਂ ਲਈ ਕੈਦਖ਼ਾਨਾ ਬਣ ਜਾਂਦੀ ਹੈ। ਮਰਦ ਪਤੀ ਦੇ ਰੂਪ ਵਿੱਚ ਔਰਤ ਦਾ ਸਰੀਰਕ ਤੇ ਮਾਨਸਿਕ ਸ਼ੋਸ਼ਣ/ਕਤਲ ਕਰਦੇ ਹਨ। ਮਰਦ ਔਰਤਾਂ ਨਾਲ ਬਲਾਤਕਾਰ ਅਤੇ ਭਰੂਣ ਹੱਤਿਆ ਵਰਗੀਆਂ ਕਰੂਰ ਹਰਕਤਾਂ ਕਰਨ ਲੱਗੇ ਕਦੀਂ ਵੀ ਇਹ ਨਹੀਂ ਸੋਚਦੇ ਕਿ ਉਹ ਵੀ ਇੱਕ ਔਰਤ ਆਪਣੀ ਮਾਂ ਦੀ ਕੁੱਖੋਂ ਜੰਮੇ ਹਨ, ਔਰਤਾਂ ਹੀ ਉਸਦੀਆਂ ਪੁਤਰੀਆਂ, ਭੈਣਾਂ, ਪਤਨੀਆਂ ਅਤੇ ਦੋਸਤ ਹੁੰਦੀਆਂ ਹਨ। ਉਹ ਕੁੱਖ ਵੀ ਉਸਦੀ ਮਾਂ ਵਰਗੀ ਹੁੰਦੀ ਹੈ। ਮਰਦਾਂ ਦੀ ਭੇੜੀਆ ਦੀ ਤਰ੍ਹਾਂ ਹਵਸ ਨੈਤਿਕਤਾ ਦਾ ਘਾਣ ਕਰ ਦਿੰਦੀ ਹੈ। ਔਰਤ ਦੀ ਆਪਣੀ ਕੋਈ ਪਛਾਣ ਨਹੀਂ, ਉਹ ਤਾਂ ਸਿਰਫ਼ ਧੀ, ਪਤਨੀ, ਮਾਂ ਅਤੇ ਪ੍ਰੇਮਿਕਾ ਦੇ ਲੇਬਲ ਨਾਲ ਜਾਣੀ ਜਾਂਦੀ ਹੈ। ਜੇ ਉਹ ਆਤਮ ਨਿਰਭਰ ਹੋਵੇਗੀ ਤਾਂ ਹੀ ਉਸਦੀ ਆਪਣੀ ਪਛਾਣ ਬਣ ਸਕੇਗੀ। ਔਰਤਾਂ ਘਰਾਂ ਵਿੱਚ ਆਪਣੇ ਖਾਵੰਦਾਂ ਨੂੰ ਉਡੀਕਦੀਆਂ ਹੋਈਆਂ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੀਆਂ ਹਨ। ਮਰਦ ਔਰਤਾਂ ਨੂੰ ਸਿਰਫ਼ ਭੋਗਣ ਦੀ ਵਸਤੂ ਹੀ ਸਮਝਦੇ ਹਨ। ਕਵਿਤਾਵਾਂ ਦੇ ਵਿਸ਼ੇ ਵਿਸ਼ਾਲ ਹਨ, ਕਿਉਂਕਿ ਉਸਦਾ ਜ਼ਿੰਦਗੀ ਦਾ ਤਜ਼ਰਬਾ ਵਿਸ਼ਾਲ ਹੈ। ਇਹ ਸਾਰੀਆਂ ਕਵਿਤਾਵਾਂ ਉਸਦੇ ਇਸ ਤਜ਼ਰਬੇ ਦੀ ਗਵਾਹੀ ਭਰਦੀਆਂ ਹਨ। ਸਮਾਜਿਕ ਤਾਣੇ-ਬਾਣੇ ਵਿੱਚ ਜੋ ਕੁਝ ਵਾਪਰਦਾ ਕੁਲਵੰਤ ਕੌਰ ਨਾਰੰਗ ਵੇਖਦੀ ਹੈ, ਉਸਨੂੰ ਆਪਣੀਆਂ ਕਵਿਤਾਵਾਂ ਦਾ ਵਿਸ਼ਾ ਬਣਾ ਲੈਂਦੀ ਹੈ। ਕਵਿਤਰੀ ਦੀਆਂ ਕਵਿਤਾਵਾਂ ਦੇ ਮੁੱਖ ਵਿਸ਼ੇ ਸਮਾਜਿਕਤਾ, ਭਰੂਣ ਹੱਤਿਆ, ਬਲਾਤਕਾਰ, ਗ਼ਰੀਬੀ, ਮਨੁੱਖ ਦੀ ਖ਼ੁਦਗਰਜ਼ੀ, ਰਾਜਨੀਤਕ, ਆਰਥਿਕ, ਸਭਿਅਚਾਰਕ, ਔਰਤਾਂ ਦੀਆਂ ਸਮੱਸਿਆਵਾਂ, ਮਨੁੱਖੀ ਹੱਕਾਂ, ਦਾਜ-ਦਹੇਜ, ਭ੍ਰਿਸ਼ਟਾਚਾਰ, ਰਿਸ਼ਤਿਆਂ ਵਿੱਚ ਖਟਾਸ, ਪਰਵਾਸ, ਅਨਿਆਂ, ਧੋਖੇ ਅਤੇ ਮਨੁੱਖਤਾ ਦੀਆਂ ਮਾਨਸਿਕ ਉਲਝਣਾਂ ਹਨ। 'ਕਤਲ' ਕਵਿਤਾ ਵਿੱਚ ਬਲਾਤਕਾਰ ਵਰਗੀਆਂ ਗੰਭੀਰ ਮਨੁੱਖੀ ਕਰਤੂਤਾਂ ਦਾ ਜ਼ਿਕਰ ਕਰਦੀ ਕਵਿਤਰੀ ਲਿਖਦੀ ਹੈ:

ਰਾਤ ਸੀ ਨ ਹਨੇਰਾ ਹੀ ਸੀ, ਨ ਆਪਣਾ ਸੀ ਉਹ ਕਿਹੜਾ ਸੀ।
ਜੋ ਆ ਕੇ ਸ਼ਮ੍ਹਾ ਬੁਝਾ ਗਿਆ, ਹੱਸਦੀ ਕੋਮਲ ਕਲੀ ਨੂੰ।
ਹਵਸ ਦੇ ਹੇਠ ਕੁਚਲ ਗਿਆ, ਅਰਮਾਨ ਕੁਆਰੇ ਜਲਾ ਗਿਆ।
ਇਨਸਾਨੀਅਤ ਦਾ ਕਤਲ ਕਰ ਗਿਆ।

'ਬਰਾਬਰ' ਕਵਿਤਾ ਵਿੱਚ ਕਵਿਤਰੀ ਭਰੂਣ ਹੱਤਿਆ ਅਤੇ ਗ਼ਰੀਬ ਅਮੀਰ ਦੇ ਪਾੜੇ ਬਾਰੇ ਲਿਖਦੀ ਹੈ:

ਜੇ ਧੀਆਂ ਨ ਸਲਾਮਤ ਰਹੀਆਂ, ਦੁਨੀਆਂ ਕੀਕਣ ਪਸਰੇਗੀ।
ਅੰਨ ਦੀ ਵੰਡ ਜੇ ਨ ਕੀਤੀ, ਗ਼ਰੀਬ ਦੀ ਕੀਕਣ ਗੁਜ਼ਰੇਗੀ।

ਸਮਾਜ ਵਿੱਚ ਇਸਤਰੀਆਂ ਨਾਲ ਹੋ ਰਹੇ ਦੁਰਵਿਵਹਾਰ ਦਾ ਇੱਕ ਕਾਰਨ ਗ਼ਰੀਬੀ ਵੀ ਹੈ। ਗ਼ਰੀਬ ਔਰਤਾਂ ਦਾ ਸਰਦੇ ਪੁਜਦੇ ਲੋਕ ਸ਼ੋਸ਼ਣ ਕਰ ਰਹੇ ਹਨ। ਇਸ ਕਾਵਿ-ਸੰਗ੍ਰਹਿ ਵਿੱਚ ਮਾਂ ਦੇ ਸਿਰਲੇਖ ਵਾਲੀਆਂ ਕਈ ਕਵਿਤਾਵਾਂ ਹਨ, ਜਿਨ੍ਹਾਂ ਵਿੱਚ ਉਹ ਸਮਾਜ ਨੂੰ ਇਸਤਰੀਆਂ ਖਾਸ ਤੌਰ 'ਤੇ ਮਾਂ ਦੀ ਅਹਿਮੀਅਤ ਨੂੰ ਸਮਝਣ ਦੀ ਤਾਕੀਦ ਕਰਦੀ ਹੋਈ ਕਵਿਤਰੀ 'ਮਾਂ' ਸਿਰਲੇਖ ਵਾਲੀ ਕਵਿਤਾ ਵਿੱਚ ਇਹ ਦੱਸਣਾ ਚਾਹੁੰਦੀ ਹੈ ਕਿ ਜੇਕਰ ਇਨਸਾਨ ਮਾਂ ਦੀ ਕਦਰ ਕਰਨੀ ਸਿਖ ਜਾਵੇ ਤੇ ਉਸ ਦੀਆਂ ਸਿੱਖਿਆਵਾਂ 'ਤੇ ਅਮਲ ਕਰਨ ਲੱਗ ਜਾਵੇ ਤਾਂ ਸਮਾਜਿਕ ਬੁਰਾਈਆਂ ਖ਼ਤਮ ਕੀਤੀਆਂ ਜਾ ਸਕਦੀਆਂ ਹਨ। ਔਰਤਾਂ ਘਰਾਂ ਵਿੱਚ ਸੁਰੱਖਿਅਤ ਨਹੀਂ ਬਾਹਰ ਤਾਂ ਸੁਰੱਖਿਅਤ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਲੜਕਿਆਂ ਨੂੰ ਖ਼ਾਸ ਤੌਰ 'ਤੇ ਮਾਂ ਦੇ ਦੱਸੇ ਰਾਹ 'ਤੇ ਚਲਦਿਆਂ ਇਸਤਰੀਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਨਫ਼ਰਤ, ਵੰਡੀਆਂ ਅਤੇ ਰਿਸ਼ਤਿਆਂ ਵਿੱਚ ਖਟਾਸ ਦੇ ਕਾਰਨਾਂ ਕਰਕੇ ਔਰਤ ਦੀ ਕਦਰ ਨਹੀਂ ਕੀਤੀ ਜਾਂਦੀ। ਕਦੀ ਪਤੀ ਤੇ ਕਦੀ ਪੁੱਤਰ ਦਾ ਰੋਹਬ ਸਹਿਣਾ ਪੈਂਦਾ ਹੈ। ਔਰਤ ਤਾਂ ਹੱਕ-ਸੱਚ ਦੀ ਆਵਾਜ਼ ਹੈ। ਪਿਆਰ ਤੇ ਮੁਹੱਬਤ ਅਜਿਹਾ ਹਥਿਆਰ ਹੈ, ਜਿਹੜਾ ਇਨਸਾਨੀਅਤ ਦੀ ਪ੍ਰਵਿਰਤੀ ਪੈਦਾ ਕਰਕੇ ਸੁਹਾਵਣਾ ਵਾਤਵਰਨ ਬਣਾ ਸਕਦਾ ਹੈ। ਪਿਆਰ ਤੋਂ ਬਿਨਾ ਜ਼ਿੰਦਗੀ ਸਰਾਪੀ ਜਾਂਦੀ ਹੈ। ਪਰ ਨਾਰੀ ਹੁਣ ਅਬਲਾ ਨਹੀਂ, ਉਹ ਵੀ ਪਾਇਲਟ ਤੇ ਇੰਜਿਨੀਅਰ ਬਣਨਾ ਲੋਚਦੀ ਹੈ। ' ਸਬਲਾ ਨਾਰੀ' ਦੇ ਸਿਰਲੇਖ ਵਾਲੀ ਕਵਿਤਾ ਵਿੱਚ ਕਵਿਤਰੀ ਕਹਿੰਦੀ ਹੈ ਕਿ ਹੁਣ ਔਰਤ ਅਬਲਾ ਨਹੀਂ, ਸਗੋਂ ਸਬਲਾ ਨਾਰੀ ਹੈ, ਭਾਵ ਬਹਾਦਰ ਹੈ। ਹੁਣ ਔਰਤ ਸਮਾਜ ਵਿੱਚ ਬਰਾਬਰਤਾ ਨਾਲ ਵਿਚਰੇਗੀ। ਉਸਨੇ ਝੁਕਣਾ, ਸ਼ਰਮਾਣਾ ਅਤੇ ਡਰਨਾ ਸਭ ਛੱਡ ਦਿੱਤਾ ਹੈ। ਉਹ ਆਤਮ ਨਿਰਭਰ ਬਣੇਗੀ। ਹੁਣ ਔਰਤ ਨੂੰ ਕਮਜ਼ੋਰ ਨਾ ਸਮਝਿਆ ਜਾਵੇ। ਕਵਿਤਰੀ ਸਮਾਜਿਕ ਰਿਸ਼ਤਿਆਂ ਵਿੱਚ ਆ ਰਹੀ ਗਿਰਾਵਟ ਤੋਂ ਅਤਿਅੰਤ ਚਿੰਤਾਤੁਰ ਲੱਗਦੀ ਹੈ, ਕਿਉਂਕਿ ਇਸ ਕਾਵਿ-ਸੰਗ੍ਰਹਿ ਵਿੱਚ ਉਸਨੇ ਲਗਪਗ 20 ਕਵਿਤਾਵਾਂ, ਜਿਨ੍ਹਾਂ ਵਿੱਚ 'ਰਿਸ਼ਤੇ', 'ਸਾਬਤ ਸਬੂਤਾ', 'ਅਸੀਸ ਦੇ ਮਾਇਨੇ', 'ਉਡੀਕ ਅਟਕ ਗਈ ਹੈ', 'ਰੂਹਾਂ ਦੇ ਸੱਚ', 'ਤੇਰੀ ਜਵਾਨੀ', 'ਹੁਸੀਨ ਪਲ', 'ਮੇਰੇ ਖੰਭ ਨੇ', 'ਮਾਂ','ਸਮਾਂ', 'ਪਰਵਾਜ਼','ਇਕੱਲਤਾ', 'ਕੱਲ੍ਹ' ਆਦਿ ਇਨਸਾਨੀ ਰਿਸ਼ਤਿਆਂ ਵਿੱਚ ਆਈ ਗਿਰਾਵਟ ਸੰਬੰਧੀ ਸ਼ਾਮਲ ਹਨ। ਕਵਿਤਰੀ ਅਨੁਸਾਰ ਰਿਸ਼ਤੇ ਹੀ ਹਨ, ਜਿਹੜੇ ਇਨਸਾਨ ਦੀ ਕਦਰ ਨੂੰ ਬਰਕਰਾਰ ਰੱਖ ਸਕਦੇ ਹਨ। ਡਿਜਟਲ ਮੀਡੀਆ ਦੇ ਆਉਣ ਨਾਲ ਖਤੋ ਖ਼ਤਾਬਤ ਬੰਦ ਹੋ ਗਈ, ਮਿਲਣੋ ਗਿਲਣੋ ਹੀ ਰਹਿ ਗਏ, ਫ਼ੋਨ ਹੀ ਗੱਲ ਕਰਨ ਲਈ ਰਹਿ ਗਏ, ਰਿਸ਼ਤੇ ਬਰਕਰਾਰ ਅਤੇ ਮਜ਼ਬੂਤ ਕਿਵੇਂ ਹੋਣਗੇ? ਲੋਕ ਇਕੱਲਤਾ ਭਾਲਦੇ ਹਨ, ਇਸ ਅਣਹੋਂਦ ਕਰਕੇ ਨਫ਼ਰਤ ਭਾਰੂ ਹੋ ਗਈ ਹੈ, ਸਵੈਮਾਨ ਦੀ ਥਾਂ ਹੰਕਾਰ ਵੱਧ ਰਹੇ ਹਨ। 'ਰਿਸ਼ਤੇ' ਕਵਿਤਾ ਵਿੱਚ ਕਵਿਤਰੀ ਦੀ ਰੂਹ ਦੀ ਹੂਕ ਸੁਣਾਈ ਦਿੰਦੀ ਹੈ:

ਇਹਨਾਂ. ਰਿਸ਼ਤਿਆਂ, ਬੜਾ ਰੁਆਇਆ ਏ।
ਇਹਨਾਂ ਰਿਸ਼ਤਿਆਂ, ਬੜਾ ਸਤਾਇਆ ਏ।
ਇਹ ਰਿਸ਼ਤੇ ਬੜੇ ਸੋਹਲ ਨੇ, ਇਹ ਰਿਸ਼ਤੇ ਬੜੇ ਹੀ ਕੋਮਲ ਨੇ।
ਰਿਸ਼ਤੇ ਮੈਂ ਸਭ ਹੰਢਾਏ ਨੇ, ਬੱਸ ਦੁੱਖ ਹੀ ਝੋਲੀ ਪਾਏ ਨੇ।
ਕਿਤੇ ਸੁਗੰਧੀਆਂ ਰਿਸ਼ਤੇ ਵੰਡਦੇ ਨੇ, ਕਿਤੇ ਚੀਰ ਕਾਲਜਾ ਧਰਦੇ ਨੇ।
ਫਿਰ ਵੀ ਇਹ ਰਿਸ਼ਤੇ ਪਿਆਰੇ ਨੇ, ਮੈਂ ਲਹੂ ਦੇ ਨਾਲ ਸ਼ਿੰਗਾਰੇ ਨੇ।
ਰਿਸ਼ਤਿਆਂ ਦੇ ਨਾਂਅ 'ਤੇ ਬੜਾ ਕੁਝ ਸਿਰਜਿਆ, ਬਹੁਤ ਕੁਝ ਚਾਹਿਆ,
ਥੋੜ੍ਹਾ ਕੁਝ ਪਾਇਆ, ਅਜੇ ਤੀਕ ਝੋਲੀ ਦੁੱਖਾਂ ਨਾਲ ਭਰੀ ਹੈ।

'ਕੌਣ' ਸਿਰਲੇਖ ਵਾਲੀ ਕਵਿਤਾ ਵਿੱਚ ਕਵਿਤਰੀ ਲਿਖਦੀ ਹੈ ਕਿ ਇਨਸਾਨ ਆਪਣੇ ਅੰਦਰ ਝਾਤੀ ਨਹੀਂ ਮਾਰਦਾ, ਸਗੋਂ ਲੋਕਾਂ ਦੇ ਘਰ ਝੀਤਾਂ ਰਾਹੀਂ ਵੇਖਣ ਤੋਂ ਸੰਕੋਚ ਨਹੀਂ ਕਰਦਾ। ਆਪਣੀਆਂ ਗ਼ਲਤੀਆਂ ਨੂੰ ਅਣਡਿਠ ਕਰਕੇ ਲੋਕਾਂ ਦੀਆਂ ਗ਼ਲਤੀਆਂ ਲੱਭੀਆਂ ਜਾ ਰਹੀਆਂ ਹਨ। ਪਹਿਲਾਂ ਸਾਨੂੰ ਆਪਣੇ ਆਪ ਨੂੰ ਸੁਧਾਰਨਾ ਚਾਹੀਦਾ ਹੈ, ਸੰਸਾਰ ਖੁਦ ਹੀ ਸੁਧਰ ਜਾਵੇਗਾ ਕਿਉਂਕਿ ਅਸੀਂ ਸਮਾਜ ਦਾ ਹੀ ਹਿੱਸਾ ਹਾਂ। ਇਸ ਕਵਿਤਾ ਵਿੱਚ ਸ਼ਾਇਰਾ ਲਿਖਦੀ ਹੈ:

ਹਰ ਕੋਈ ਲਾਠੀ ਲੈ ਕੇ ਤੁਰਦਾ, ਮਨ ਵਿੱਚ ਇਹ ਲਾਠੀ ਫ਼ੇਰੇ ਕੌਣ?
ਆਪਣਾ ਘਰ ਹੀ ਸਾਂਭ ਕੇ ਰੱਖੀਏ, ਸਮਾਜ ਸੁਧਾਰਣ ਦੀ ਫਿਰ ਵਗੇਗੀ ਪੌਣ।
ਸੁਧਾਰਾਂ ਦੀ ਫਿਰ ਵਗੇਗੀ ਪੌਣ....... . . . .।

ਇਨਸਾਨ ਇੱਕ ਦੂਜੇ ਦੇ ਖ਼ੂਨ ਦਾ ਪਿਆਸਾ ਹੋਇਆ ਪਿਆ ਹੈ। 'ਨਾ ਜਾਣੇ' ਕਵਿਤਾ ਵਿੱਚ ਸ਼ਾਇਰਾ ਲਿਖਦੀ ਹੈ ਕਿ ਜਿੱਧਰ ਵੀ ਵੇਖੋ ਬਦਅਮਨੀ ਫ਼ੈਲੀ ਪਈ ਹੈ। ਭ੍ਰਿਸ਼ਟਾਚਾਰ, ਜ਼ਾਤ- ਪਾਤ ਅਤੇ ਬੇਇਤਵਾਰੀ ਵੱਧ ਗਈ ਹੈ। ਹਰ ਪਾਸੇ ਪੀੜਾਂ ਹੀ ਪੀੜਾਂ ਹਨ। ਰਾਜਨੀਤਕ ਲੋਕ ਵਾਅਦੇ ਪੂਰੇ ਨਹੀਂ ਕਰਦੇ, ਇਨਸਾਫ਼ ਮਿਲ ਨਹੀਂ ਰਿਹਾ, ਗ਼ਰੀਬਾਂ ਦੀਆਂ ਝੁਗੀਆਂ ਬਰਸਾਤਾਂ ਵਿੱਚ ਢਹਿ ਢੇਰੀ ਹੋ ਜਾਂਦੀਆਂ ਹਨ, ਸਮਾਜ ਬੇਖ਼ਬਰ ਹੈ। ਇਸ ਕਾਵਿ-ਸੰਗ੍ਰਹਿ ਵਿੱਚ ਲਗਪਗ ਇੱਕ ਦਰਜਨ ਕਵਿਤਾਵਾਂ ਪਿਆਰ ਮੁਹੱਬਤ ਦੀ ਬਾਤ ਪਾਉਂਦੀਆਂ ਹਨ, ਪ੍ਰੰਤੂ ਉਨ੍ਹਾਂ ਵਿੱਚੋਂ ਵੀ ਸਮਾਜਿਕਤਾ ਦੀ ਖ਼ੁਸ਼ਬੋ ਆਉਂਦੀ ਹੈ। ਇੱਕ ਸਿਰਲੇਖ ਦੀਆਂ ਹੀ ਕਈ ਕਵਿਤਾਵਾਂ ਹਨ, ਇੰਝ ਨਹੀਂ ਹੋਣਾ ਚਾਹੀਦਾ।

104 ਪੰਨਿਆਂ, 275 ਰੁਪਏ ਕੀਮਤ ਵਾਲਾ ਇਹ ਕਾਵਿ-ਸੰਗ੍ਰਹਿ ਆਰਸੀ ਪਬਲਿਸ਼ਰਜ਼ ਦਿੱਲੀ ਨੇ ਪ੍ਰਕਾਸ਼ਤ ਕੀਤਾ ਹੈ। ਸੰਪਰਕ ਪ੍ਰਕਾਸ਼ਕ :9811225357

# ਕੁਦਰਤ ਨਾਲ ਖਿਲਵਾੜ ਦੀਆਂ ਭਿਆਨਕ ਚੁਣੌਤੀਆਂ

ਸਫ਼ਾ 5 ਦੀ ਬਾਕੀ

ਜ਼ਿਆਦਾ ਤਬਦੀਲੀ ਆਈ ਹੈ। ਜਦੋਂ ਇਹ ਬਸਤੀਆਂ ਹਿਮਾਲਿਆ, ਉਤਰਾਖੰਡ ਜਾਂ ਹਿਮਾਲਿਆਈ ਖੇਤਰਾਂ ਵਿੱਚ ਵੱਸੀਆਂ ਸਨ ਤਾਂ ਇਨ੍ਹਾਂ ਕੁਦਰਤੀ ਆਫ਼ਤਾਂ ਦੀ ਕਲਪਨਾ ਵੀ ਨਹੀਂ ਸੀ ਕੀਤੀ ਗਈ, ਪਰ ਅੱਜ ਜਦੋਂ ਹਾਲਾਤ ਪੂਰੀ ਤਰ੍ਹਾਂ ਬਦਲ ਚੁੱਕੇ ਹਨ ਤਾਂ ਸਾਨੂੰ ਆਪਣੀਆਂ ਨੀਤੀਆਂ, ਬਦਲਦੇ ਜਲਵਾਯੂ ਤੇ ਹਾਲਾਤ ਮੁਤਾਬਿਕ ਢਾਲਣੀਆਂ ਪੈਣਗੀਆਂ। ਪਹਾੜੀ ਖੇਤਰਾਂ 'ਚ ਕੁਦਰਤ ਨਾਲ ਸੰਤੁਲਨ ਬਣਾ ਕੇ ਵਿਕਾਸ ਕਾਰਜ ਕਰਨੇ ਚਾਹੀਦੇ ਹਨ। ਕੁਦਰਤ ਸਾਨੂੰ ਕੁਝ ਨਾ ਕੁਝ ਦਿੰਦੀ ਹੀ ਹੈ, ਸਾਡੇ ਕੋਲੋਂ ਲੈਂਦੀ ਨਹੀਂ। ਜੇ ਰਾਜ ਸਰਕਾਰ ਕੋਈ ਸੰਤੁਲਿਤ ਨੀਤੀ ਬਣਾ ਵੀ ਲੈਂਦੀ ਹੈ ਤਾਂ ਕਥਿਤ ਵਿਕਾਸ ਦੀ ਚਕਾਚੌਂਧ ਵਿੱਚ ਉਸ ਉੱਤੇ ਅਮਲ ਕਰਨ ਦੀ ਘਾਟ ਕਰ ਕੇ ਹਿਮਾਲਿਆ ਖੇਤਰਾਂ ਵਿਚ ਅੰਧਾਧੁੰਦ ਵਿਕਾਸ ਕਾਰਜ ਚੱਲ ਰਹੇ ਹਨ ਜਿਹੜੇ ਕੁਦਰਤੀ ਆਫਤਾਂ ਨੂੰ ਸੱਦਾ ਦਿੰਦੇ ਹਨ। ਸੰਪਰਕ: 98140-82217



# ਕਿਤੇ ਬੋਲ ਵੇ ਚੰਦਰਿਆ ਕਾਵਾਂ...

ਹਰਪ੍ਰੀਤ ਸਿੰਘ ਸਵੈਚ
98782-24000

ਕੋਈ ਸਮਾਂ ਸੀ ਜਦੋਂ ਬਨੇਰਿਆਂ 'ਤੇ ਬੋਲਦੇ ਕਾਵਾਂ ਨੂੰ ਸੁਣ ਕੇ ਘਰ ਦੇ ਜੀਆਂ ਨੂੰ ਚਾਅ ਚੜ੍ਹ ਜਾਂਦਾ ਤੇ ਮਹਿਮਾਨ ਆਉਣ ਦਾ ਸੂਚਕ ਸਮਝ ਕੇ ਕਾਵਾਂ ਨੂੰ ਦੇਸੀ ਘਿਓ ਦੀਆਂ ਚੂਰੀਆਂ ਖੁਆਈਆਂ ਜਾਂਦੀਆਂ, ਪਰ ਅਜੋਕੇ ਮਸ਼ੀਨੀ ਯੁੱਗ ਵਿਚ ਘਰਾਂ ਦੇ ਬਨੇਰੇ ਹੀ ਨਹੀਂ ਰਹੇ ਤਾਂ ਕਾਵਾਂ ਵਿਚਾਰਿਆਂ ਨੇ ਕਿੱਥੋਂ ਬੋਲਣਾ। ਅਜੋਕੀ ਪੀੜ੍ਹੀ ਲਈ ਕਾਂ ਇਕ ਕਾਲੇ ਕਲੂਟੇ ਪੰਛੀ ਤੋਂ ਵਧ ਕੇ ਕੁਝ ਨਹੀਂ, ਜਦੋਂ ਕਿ ਪੁਰਾਤਨ ਸਮਿਆਂ ਵਿਚ ਕਾਂ ਪੰਜਾਬੀ ਜਨ ਜੀਵਨ ਦੇ ਲਗਭਗ ਹਰ ਪਹਿਲੂ ਵਿਚ ਛਾਇਆ ਹੋਇਆ ਸੀ। ਪੰਜਾਬੀ ਲੋਕ ਗੀਤਾਂ, ਲੋਕ ਕਹਾਣੀਆਂ ਅਤੇ ਲੋਕ ਅਖਾਣਾਂ ਵਿਚ ਕਾਵਾਂ ਨੂੰ ਸੰਬੋਧਨ ਕਰਦਿਆਂ ਅਨੇਕਾਂ ਮਨੋਭਾਵਾਂ ਦਾ ਪ੍ਰਗਟਾਵਾ ਕੀਤਾ ਗਿਆ ਮਿਲਦਾ ਹੈ। ਕਾਂ ਨੂੰ ਕਾਸਿਦ ਦੇ ਰੂਪ ਵਿਚ ਵੇਖਦੇ ਹੋਏ ਜਿੱਥੇ ਸੁਆਣੀਆਂ ਵੱਲੋਂ ਇਕ ਪਾਸੇ ਕਾਵਾਂ ਦੇ ਤਰਲੇ ਕੱਢੇ ਜਾਂਦੇ ਹਨ ਤਾਂ ਦੂਜੇ ਪਾਸੇ ਕਾਂ ਨੂੰ ਉਲਾਂਭੇ ਵੀ ਦਿੱਤੇ ਜਾਂਦੇ ਹਨ। ਕਾਵਾਂ 'ਤੇ ਰਚੇ ਗਏ ਬਹੁਤ ਸਾਰੇ ਲੋਕ ਗੀਤਾਂ ਵਿਚ ਪੰਜਾਬ ਦੀਆਂ ਧੀਆਂ, ਸੁਹਾਗਣਾਂ ਅਤੇ ਪਿਆਰੇ ਦੇ ਇਸ਼ਕ 'ਚ ਲੀਨ ਕੁਆਰੀਆਂ ਦੇ ਜਜ਼ਬਾਤਾਂ ਨੂੰ ਬਾਖੂਬੀ ਬਿਆਨ ਕੀਤਾ ਗਿਆ ਹੈ। ਪ੍ਰਦੇਸ ਗਏ ਸੱਜਣਾਂ ਦਾ ਕੋਈ ਸੁਨੇਹਾ ਦੇਣ ਵਾਸਤੇ ਕਾਂ ਦੇ ਹਾੜ੍ਹੇ ਇੰਜ ਕੱਢੇ ਗਏ ਹਨ:

ਆ ਕਾਵਾਂ ਤੈਨੂੰ ਚੂਰੀਆਂ ਪਾਵਾਂ,
ਕਦੀ ਸਾਡੇ ਵੀ ਬੈਠ ਬਨੇਰੇ
ਦੇ ਪੈਗਾਮ ਕੋਈ ਸੱਜਣਾਂ ਵਾਲਾ,
ਵੇ ਮੈਂ ਸ਼ਗਨ ਮਨਾਵਾਂ ਤੇਰੇ

ਪੰਜਾਬੀ ਲੋਕ ਗੀਤਾਂ ਵਿਚ ਇਕ ਚਾਲਾਕ ਪੰਛੀ ਹੋਣ ਦੇ ਬਾਵਜੂਦ ਕਾਂ ਨੂੰ ਬਹੁਤ ਵਡਿਆਇਆ ਗਿਆ ਹੈ। ਪਿਆਰੇ ਦੇ ਇੰਤਜ਼ਾਰ ਵਿਚ ਔਸੀਆਂ ਪਾਉਂਦੀ ਮੁਟਿਆਰ ਜਿੱਥੇ ਕਾਂ ਨੂੰ ਦੇਸੀ ਘਿਓ ਦੀਆਂ ਚੂਰੀਆਂ ਪਾਉਂਦੀ ਹੈ ਉੱਥੇ ਹੀ ਪਿਆਰੇ ਦਾ ਸੁਨੇਹਾ ਦੇਣ 'ਤੇ ਕਾਂ ਦੀ ਚੁੰਝ ਸੋਨੇ ਨਾਲ ਮੜ੍ਹਾਉਣ ਦਾ ਲਾਲਚ ਵੀ ਦਿੰਦੀ ਹੈ:

ਚੁੰਝ ਵੇ ਤੇਰੀ ਕਾਲਿਆ ਕਾਵਾਂ ਸੋਨੇ ਨਾਲ ਮੜ੍ਹਾਵਾਂ
ਜਾਹ ਆਖੀਂ ਮੇਰੇ ਮਾਹੀਏ ਨੂੰ ਮੈਂ ਨਿੱਤ ਔਸੀਆਂ ਪਾਵਾਂ

ਅਜੋਕੇ ਮਸ਼ੀਨੀਕਰਨ ਦੇ ਯੁੱਗ ਵਿਚ ਮਨੁੱਖੀ ਤਰਜੀਹਾਂ ਪੂਰੀ ਤਰ੍ਹਾਂ ਬਦਲ ਚੁੱਕੀਆਂ ਹਨ ਤੇ ਮਨੁੱਖ ਕੁਦਰਤ ਨਾਲੋਂ ਟੁੱਟ ਗਿਆ ਹੈ। ਸੰਚਾਰ ਸਾਧਨਾਂ ਦੇ ਵਿਕਸਤ ਹੋਣ ਨਾਲ ਅਜੋਕੇ ਯੁੱਗ ਵਿਚ ਕਾਵਾਂ ਦੀ ਕੋਈ ਬਹੁਤ ਕਦਰ ਨਹੀਂ ਰਹੀ। ਭੱਜਦੌੜ ਦੀ ਅਜੋਕੀ ਦੁਨੀਆਂ ਵਿਚ ਕੋਈ ਕਿਸੇ ਦੀ ਉਡੀਕ ਨਹੀਂ ਕਰਦਾ। ਪੁਰਾਤਨ ਸਮਿਆਂ ਵਿਚ ਪਿਆਰਿਆਂ ਦੀ ਉਡੀਕ ਦਾ ਰਸ ਮਾਣਿਆ ਜਾਂਦਾ ਸੀ, ਪਰ ਅਜੋਕਾ ਮਨੁੱਖ ਉਡੀਕ ਕਰਨ ਵਿਚ ਆਪਣੀ ਤੌਹੀਨ ਸਮਝਣ ਲੱਗਾ ਹੈ। ਅਜਿਹੇ ਹਾਲਾਤ ਵਿਚ ਕਾਂ ਨੂੰ ਦੇਸੀ ਘਿਓ ਦੀਆਂ ਚੂਰੀਆਂ ਕਿੱਥੋਂ ਨਸੀਬ ਹੋਣਗੀਆਂ।

ਭਾਵੇਂ ਕੋਇਲ ਵਾਂਗ ਕਾਂ ਦੀ ਆਵਾਜ਼ ਕੋਈ ਬਹੁਤੀ ਦਿਲਟੁੰਬਵੀਂ ਨਹੀਂ ਹੈ, ਪਰ ਇਸ ਦੇ ਬਾਵਜੂਦ ਪੰਜਾਬੀ ਜਨਜੀਵਨ ਵਿਚ ਕਾਂ ਨੂੰ ਕੋਇਲ ਨਾਲੋਂ ਵੱਧ ਤਰਜੀਹ ਦਿੱਤੀ ਗਈ ਜਾਪਦੀ ਹੈ। ਕਿਸੇ ਦੀ ਉਡੀਕ ਹੋਵੇ ਤਾਂ ਕੋਇਲ ਦੀ ਮਿੱਠੀ ਆਵਾਜ਼ ਵੀ ਦਿਲ ਨੂੰ ਚੈਨ ਨਹੀਂ ਪਾਉਂਦੀ ਤੇ ਉਡੀਕ ਰਹਿੰਦੀ ਹੈ ਕਿ ਕਦੋਂ ਕਾਂ ਬਨੇਰੇ ਉੱਤੇ ਬੋਲੇ ਤੇ ਉਡੀਕ ਮੁੱਕੇ:

ਲਿਖ ਚਿੱਠੀਆਂ ਕਿੱਧਰ ਨੂੰ ਪਾਵਾਂ
ਕੋਇਲਾਂ ਕੂਕਦੀਆਂ, ਕਿਤੇ ਬੋਲ ਵੇ ਚੰਦਰਿਆ ਕਾਵਾਂ

ਅੱਜ ਵਾਂਗ ਪੁਰਾਤਨ ਸਮਿਆਂ ਵਿਚ ਸੰਚਾਰ ਸਾਧਨਾਂ ਦੀ ਘਾਟ ਕਾਰਨ ਸਹੁਰੇ ਘਰ ਵਸਦੀਆਂ ਧੀਆਂ ਕਾਵਾਂ ਚਿੜੀਆਂ ਨਾਲ ਹੀ ਆਪਣਾ ਦਿਲ ਫਰੋਲਦੀਆਂ ਸਨ। ਸਹੁਰੇ ਘਰ ਦੇ ਵਿਹੜੇ ਵਿਚ ਬੈਠੀ ਧੀ ਆਪਣੇ ਮਾਪਿਆਂ ਜਾਂ ਭਰਾ ਦੀ ਉਡੀਕ ਵਿਚ ਕਾਂ ਨਾਲ ਆਪਣੇ ਦੁੱਖ ਸੁੱਖ ਕਰਦੀ ਹੋਈ ਕਾਂ ਨੂੰ ਤਰ੍ਹਾਂ ਤਰ੍ਹਾਂ ਦੇ ਵਾਸਤੇ ਪਾਉਂਦੀ ਹੈ ਤੇ ਉਸਦੇ ਪੇਕਿਆਂ ਤਕ ਆਪਣਾ ਸੁਨੇਹਾ ਪਹੁੰਚਾਉਣ ਲਈ ਆਖਦੀ ਹੈ:

ਉੱਡਦਾ ਵੇ ਜਾਵੀਂ ਕਾਵਾਂ
ਬਹਿੰਦਾ ਜਾਵੀਂ ਵੇ
ਦੱਸੀਂ ਵੇ ਕਾਵਾਂ ਦੱਸੀਂ ਵੀਰ ਮੇਰੇ ਨੂੰ
ਆਊਗਾ ਅੜਿਆ ਨੀਲਾ ਘੋੜਾ ਪੀੜ ਕੇ

ਬਹੁਤਾ ਤੇ ਫਜ਼ੂਲ ਬੋਲਣ ਵਾਲੇ ਨੂੰ ਅਕਸਰ 'ਕਾਂ ਖਾ ਕੇ ਆਇਆ ਏਂ' ਦਾ ਤਾਅਨਾ ਦਿੱਤਾ ਜਾਂਦਾ ਹੈ। ਵਿਆਹ ਮੌਕੇ ਆਉਂਦੇ ਨਾਨਕਾ ਮੇਲ ਦੌਰਾਨ ਨਾਨਕੀਆਂ ਦਾਦਕੀਆਂ ਨੂੰ ਕਾਵਾਂ ਦੇ ਨਾਮ 'ਤੇ ਸਿੱਠਣੀਆਂ ਵੀ ਦੇ ਦਿੱਤੀਆਂ ਜਾਂਦੀਆਂ ਹਨ, ਜਿਸ ਦਾ ਕੋਈ ਗੁੱਸਾ ਗਿਲਾ ਵੀ ਨਹੀਂ ਕਰਦਾ:

ਕਿੱਥੇ ਗਈਆਂ ਲਾੜਿਆ ਤੇਰੀਆਂ ਦਾਦਕੀਆਂ
ਖਾਧੇ ਸੀ ਮਾਂਹ, ਜੰਮੇਂ ਸੀ ਕਾਂ
ਕਾਂ ਕਾਂ ਕਰਦੀਆਂ ਵੇ ਤੇਰੀਆਂ ਦਾਦਕੀਆਂ

ਪੰਜਾਬੀ ਲੋਕ ਗੀਤਾਂ ਦੀ ਲਗਭਗ ਹਰ ਵੰਨਗੀ ਵਿਚ ਕਾਵਾਂ ਰਾਹੀਂ ਮਨੋਭਾਵਾਂ ਨੂੰ ਬਿਆਨ ਕੀਤਾ ਗਿਆ ਹੈ। ਵਿਆਹ ਤੋਂ ਬਾਅਦ ਧੀਆਂ ਦੀ ਯਾਦ ਵਿਚ ਮਾਵਾਂ ਦੀਆਂ ਭਾਵਨਾਵਾਂ ਨੂੰ ਟੱਪਿਆਂ ਦੇ ਰੂਪ ਵਿਚ ਇੰਜ ਪੇਸ਼ ਕੀਤਾ ਗਿਆ ਹੈ:

ਕਾਲੇ ਖੰਭ ਨੇ ਕਾਵਾਂ ਦੇ
ਧੀਆਂ ਪ੍ਰਦੇਸ ਗਈਆਂ
ਧੰਨ ਜਿਗਰੇ ਮਾਵਾਂ ਦੇ

ਛੋਟੇ ਬੱਚਿਆਂ ਨੂੰ ਕਾਵਾਂ ਦਾ ਡਰਾਵਾ ਦਿੱਤਾ ਜਾਂਦਾ ਹੈ ਕਿਉਂਕਿ ਕਾਂ ਛੋਟੇ ਬਾਲਾਂ ਦੇ ਹੱਥੋਂ ਰੋਟੀ ਦੀਆਂ ਬੁਰਕੀਆਂ ਖੋਹ ਕੇ ਲੈ ਜਾਂਦਾ ਹੈ। ਮਾਂਵਾਂ ਵੱਲੋਂ ਛੋਟੇ ਬਾਲਾਂ ਨੂੰ ਸੁਲਾਉਣ ਲਈ ਸੁਣਾਈਆਂ ਜਾਂਦੀਆਂ ਲੋਰੀਆਂ ਵਿਚ ਵੀ ਕਾਵਾਂ ਦੀ ਬਾਖੂਬੀ ਪੇਸ਼ਕਾਰੀ ਹੋਈ ਹੈ। ਮਾਂ ਆਪਣੇ ਬੱਚੇ ਨੂੰ ਛੇਤੀ ਰੋਟੀ ਖਾਣ ਲਈ ਕਾਂ ਦਾ ਡਰਾਵਾ ਦਿੰਦੀ ਹੋਈ ਕਹਿੰਦੀ ਹੈ:

ਕਾਕੇ ਲਈ ਹੈ ਚੂਰੀ ਕੁੱਟੀ
ਨਾਲੇ ਰੱਖੀ ਦਹੀਂ ਦੀ ਫੁੱਟੀ
ਕਾਂ ਮਾਰੀ ਝੁੱਟੀ
ਫੁੱਟੀ ਗਈ ਲੁੱਟੀ

ਲੋਕ ਅਖਾਣਾਂ ਵਿਚ ਵੀ ਕਾਂ ਦੇ ਜੀਵਨ ਨੂੰ ਸਾਹਮਣੇ ਰੱਖਦਿਆਂ ਅਨੇਕਾਂ ਨਸੀਹਤਾਂ ਦਿੱਤੀਆਂ ਗਈਆਂ ਮਿਲਦੀਆਂ ਹਨ। ਕਾਵਾਂ ਵਿਚ ਆਪਸੀ ਏਕਾ ਲਾਜਵਾਬ ਹੁੰਦਾ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ 'ਕਾਂ ਕਾਵਾਂ ਦੇ ਭਰਾ ਭਰਾਵਾਂ ਦੇ।' ਲੋਕ ਅਖਾਣਾਂ ਵਿਚ ਕਾਵਾਂ ਨੂੰ ਪਰਿਵਾਰ ਜੋੜ ਕੇ ਰੱਖਣ ਵਾਲੇ ਜੀਵਾਂ ਦੇ ਤੌਰ 'ਤੇ ਪੇਸ਼ ਕੀਤਾ ਗਿਆ ਹੈ:

ਕਾਂ ਕੰਬੋਅ ਕਰਾੜ ਕਬੀਲਾ ਪਾਲਦੇ
ਜੱਟ ਮਹਾਂ ਸੰਸਾਰ ਕਬੀਲਾ ਗਾਲਦੇ

ਇਸ ਅਖਾਣ ਵਿਚ ਪੇਸ਼ ਹੋਈਆਂ ਬਾਕੀ ਜਾਤਾਂ ਬਾਰੇ ਤਾਂ ਪੱਕੇ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ, ਪਰ ਕਾਵਾਂ 'ਤੇ ਅੱਜ ਵੀ ਇਹ ਕਹਾਵਤ ਪੂਰੀ ਤਰ੍ਹਾਂ ਢੁਕਦੀ ਹੈ। ਅਜੋਕੇ ਮਸ਼ੀਨੀਕਰਨ ਦੇ ਯੁੱਗ ਵਿਚ ਮਨੁੱਖੀ ਤਰਜੀਹਾਂ ਪੂਰੀ ਤਰ੍ਹਾਂ ਬਦਲ ਚੁੱਕੀਆਂ ਹਨ ਤੇ ਮਨੁੱਖ ਕੁਦਰਤ ਨਾਲੋਂ ਟੁੱਟ ਗਿਆ ਹੈ। ਸੰਚਾਰ ਸਾਧਨਾਂ ਦੇ ਵਿਕਸਤ ਹੋਣ ਨਾਲ ਅਜੋਕੇ ਯੁੱਗ ਵਿਚ ਕਾਵਾਂ ਦੀ ਕੋਈ ਬਹੁਤ ਕਦਰ ਨਹੀਂ ਰਹੀ। ਭੱਜਦੌੜ ਦੀ ਅਜੋਕੀ ਦੁਨੀਆਂ ਵਿਚ ਕੋਈ ਕਿਸੇ ਦੀ ਉਡੀਕ ਨਹੀਂ ਕਰਦਾ। ਪੁਰਾਤਨ ਸਮਿਆਂ ਵਿਚ ਪਿਆਰਿਆਂ ਦੀ ਉਡੀਕ ਦਾ ਰਸ ਮਾਣਿਆ ਜਾਂਦਾ ਸੀ, ਪਰ ਅਜੋਕਾ ਮਨੁੱਖ ਉਡੀਕ ਕਰਨ ਵਿਚ ਆਪਣੀ ਤੌਹੀਨ ਸਮਝਣ ਲੱਗਾ ਹੈ। ਅਜਿਹੇ ਹਾਲਾਤ ਵਿਚ ਕਾਂ ਨੂੰ ਦੇਸੀ ਘਿਓ ਦੀਆਂ ਚੂਰੀਆਂ ਕਿੱਥੋਂ ਨਸੀਬ ਹੋਣਗੀਆਂ।

# ਸਾਰੀ ਵਸੋਂ ਆਜ਼ਾਦੀ ਦਾ ਨਿੱਘ ਮਾਣੇ

ਡਾ. ਰਣਜੀਤ ਸਿੰਘ



ਇਸ ਵਿਚ ਕੋਈ ਸ਼ੱਕ ਨਹੀਂ ਕਿ ਦੇਸ਼ ਵਿਕਾਸ ਕਰ ਰਿਹਾ ਹੈ, ਪਰ ਇਹ ਵੀ ਸੱਚ ਹੈ ਕਿ ਇਸ ਦਾ ਬਹੁਤਾ ਲਾਭ ਵਸੋਂ ਦੇ ਉਤਲੇ ਤਬਕੇ ਨੂੰ ਹੋ ਰਿਹਾ ਹੈ। ਦੇਸ਼ ਦੀ ਅੱਜ ਵੀ ਇੱਕ ਤਿਹਾਈ ਵਸੋਂ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਨਹੀਂ ਹੋ ਰਹੀਆਂ। ਸਮਾਂ ਬੀਤਣ ਨਾਲ ਨਾਗਰਿਕਾਂ ਅਤੇ ਆਗੂਆਂ ਅੰਦਰ ਦੇਸ਼ ਪ੍ਰਤੀ ਆਪਣੇ ਫ਼ਰਜ਼ਾਂ ਦੀ ਪੂਰਤੀ ਲਈ ਸੰਜੀਦਗੀ ਆਉਣੀ ਚਾਹੀਦੀ ਸੀ, ਪਰ ਹੋ ਇਸ ਦੇ ਉਲਟ ਰਿਹਾ ਹੈ। ਬਹੁਤੇ ਆਗੂ, ਅਧਿਕਾਰੀ ਅਤੇ ਅਮੀਰ ਲੋਕ ਸਿਰਫ਼ ਆਪਣੇ ਬਾਰੇ ਸੋਚਦੇ ਹਨ। ਸਰਕਾਰ ਨੂੰ ਸਹੀ ਰਾਹ ਉਤੇ ਰੱਖਣ ਲਈ ਵਿਰੋਧੀ ਧਿਰ ਦਾ ਫ਼ਰਜ਼ ਬਣਦਾ ਹੈ, ਪਰ ਵਿਰੋਧੀ ਧਿਰਾਂ ਕੋਲ ਵੀ ਵਿਕਾਸ ਦਾ ਕੋਈ ਏਜੰਡਾ ਨਹੀਂ। ਸੰਸਦ ਵਿੱਚ ਇੱਕ ਦੂਜੇ ਉਤੇ ਚਿੱਕੜ ਸੁੱਟਿਆ ਜਾਂਦਾ ਹੈ। ਨਾਅਰੇਬਾਜ਼ੀ ਹੁੰਦੀ ਹੈ ਤੇ ਵਿਰੋਧੀ ਧਿਰ ਬਾਹਰ ਆ ਜਾਂਦੀ ਹੈ। ਸਰਕਾਰ ਬਿਨਾਂ ਕਿਸੇ ਵਿਚਾਰ-ਵਟਾਂਦਰੇ ਦੇ ਬਿਲ ਪਾਸ ਕਰਵਾ ਲੈਂਦੀ ਹੈ। ਸੰਸਦ ਕੋਈ ਜੰਗ ਦਾ ਮੈਦਾਨ ਨਹੀਂ ਸਗੋਂ ਦੇਸ਼ ਦੇ ਵਰਤਮਾਨ ਅਤੇ ਭਵਿੱਖ ਨੂੰ ਵਧੀਆ ਬਣਾਉਣ ਲਈ ਉਸਾਰੂ ਵਿਚਾਰ-ਵਟਾਂਦਰੇ ਦਾ ਕੇਂਦਰ ਹੈ। ਇਸ ਵਾਰ ਤਾਂ ਦੇਸ਼ ਦਾ ਸਾਲਾਨਾ ਬਜਟ ਵੀ ਬਿਨਾਂ ਕਿਸੇ ਵਿਚਾਰ-ਵਟਾਂਦਰੇ ਤੋਂ ਪਾਸ ਹੋ ਗਿਆ। ਕਦੇ ਸਮਾਂ ਸੀ ਜਦੋਂ ਉਸਾਰੀ ਬਹਿਸ ਹੁੰਦੀ ਸੀ ਅਤੇ ਵਿਰੋਧੀਆਂ ਦੇ ਚੰਗੇ ਸੁਝਾਵਾਂ ਨੂੰ ਅਪਣਾ ਲਿਆ ਜਾਂਦਾ ਸੀ। ਅਸਲ ਵਿਚ ਇਹ ਹਉਮੈ ਦੀ ਲੜਾਈ ਨਹੀਂ ਹੋਣੀ ਚਾਹੀਦੀ ਹੈ ਸਗੋਂ ਵਿਰੋਧੀਆਂ ਦੇ ਚੰਗੇ ਸੁਝਾਵਾਂ ਦਾ ਸਰਕਾਰ ਵੱਲੋਂ ਸਵਾਗਤ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ ਵਿਰੋਧੀ ਧਿਰ ਨੂੰ ਚਾਹੀਦਾ ਹੈ ਕਿ ਸਰਕਾਰੀ ਲੋਕ ਪੱਖੀ ਫੈਸਲਿਆਂ ਦੀ ਹਮਾਇਤ ਕੀਤੀ ਜਾਵੇ। ਸੰਸਦ ਵਿੱਚ ਸਾਰੇ ਦੇਸ਼ ਦੇ ਲੋਕਾਂ ਵੱਲੋਂ ਚੁਣੇ ਗਏ ਮੈਂਬਰ ਹਨ। ਇਨ੍ਹਾਂ ਨੂੰ ਲੋਕ ਮੁੱਦਿਆਂ ਜਿਵੇਂ ਗਰੀਬੀ, ਬੇਰੁਜ਼ਗਾਰੀ, ਸਿਹਤ ਅਤੇ ਵਿਦਿਅਕ ਸਹੂਲਤਾਂ ਨੂੰ ਸਾਰੇ ਦੇਸ਼ ਵਾਸੀਆਂ ਤੱਕ ਪਹੁੰਚਾਉਣ ਦੇ ਢੰਗ ਤਰੀਕਿਆਂ ਬਾਰੇ ਉਸਾਰੂ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ।

ਦੇਸ਼ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਅਦਾਰਿਆਂ ਦੀ ਲੋੜ ਹੈ ਤਾਂ ਜੋ ਦੋਵਾਂ ਵਿੱਚ ਸਿਹਤਮੰਦ ਮੁਕਾਬਲਾ ਹੋ ਸਕੇ। ਸਰਕਾਰੀ ਕਰਮਚਾਰੀਆਂ ਨੂੰ ਸਹੂਲਤਾਂ ਦੇਣ ਦੇ ਨਾਲੋ-ਨਾਲ ਜ਼ਿੰਮੇਵਾਰੀ ਵੀ ਦੇਣੀ ਚਾਹੀਦੀ ਹੈ। ਘਾਟੇ ਵਿੱਚ ਜਾ ਰਹੇ ਅਦਾਰਿਆਂ ਵਿੱਚ ਸਬੰਧਿਤ ਅਧਿਕਾਰੀਆਂ ਦੀ ਜ਼ਿੰਮੇਵਾਰੀ ਮਿੱਥੀ ਜਾਵੇ। ਇਨ੍ਹਾਂ ਨੂੰ ਵੇਚਣਾ ਸਮੱਸਿਆ ਦਾ ਹੱਲ ਨਹੀਂ। ਦੇਸ਼ ਨੂੰ ਆਜ਼ਾਦ ਹੋਇਆਂ ਸਾਢੇ ਸੱਤ ਦਹਾਕੇ ਹੋ ਗਏ ਹਨ। ਬਿਨਾਂ ਸ਼ੱਕ, 75 ਸਾਲਾਂ ਵਿੱਚ ਦੇਸ਼ ਨੇ ਹਰ ਖੇਤਰ ਵਿੱਚ ਤਰੱਕੀ ਕੀਤੀ ਹੈ, ਪਰ ਇਹ ਵੀ ਸੱਚ ਹੈ ਕਿ ਦੇਸ਼ ਦੀ ਘੱਟੋ-ਘੱਟ 50 ਕਰੋੜ ਵਸੋਂ ਅਜਿਹੀ ਹੈ ਜਿਸ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਨਹੀਂ ਹੋ ਰਹੀ। ਇਸ ਵਸੋਂ ਨੂੰ ਸੰਤੁਲਿਤ ਭੋਜਨ ਤਾਂ ਦੂਰ, ਢਿੱਡ ਭਰਵੀਂ ਰੋਟੀ ਵੀ ਨਹੀਂ ਮਿਲਦੀ। ਆਪਣਾ ਘਰ ਨਹੀਂ। ਵਿਦਿਆ ਅਤੇ ਸਿਹਤ ਸਹੂਲਤਾਂ ਤੋਂ ਵਾਂਝੇ ਹਨ। ਅਮੀਰ ਗਰੀਬ ਪਾੜਾ ਵੀ ਵਧਿਆ ਹੈ। ਹੁਣ ਭਾਰਤ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਗਿਆ ਹੈ। ਸੰਸਾਰ ਦੇ ਭੁੱਖੇ ਤੇ ਗਰੀਬ ਲੋਕਾਂ ਦੀ ਅੱਧੀ ਵਸੋਂ ਭਾਰਤ ਵਿੱਚ ਰਹਿੰਦੀ ਹੈ। ਰਾਜਨੀਤੀ ਦੇਸ਼ ਸੇਵਾ ਦੀ ਥਾਂ ਵਪਾਰ ਬਣ ਰਹੀ ਹੈ। ਦੇਸ਼ ਲੋਕਰਾਜ ਦੀ ਥਾਂ ਵੋਟ ਰਾਜ ਬਣ ਰਿਹਾ ਹੈ। ਅਸਲ ਵਿੱਚ ਦੇਸ਼ ਨੂੰ ਕੁਝ ਕੁ ਪੂੰਜੀਪਤੀ ਚਲਾਉਂਦੇ ਹਨ। ਵੋਟਾਂ ਲੈਣ ਲਈ ਲੋਕਾਂ ਨੂੰ ਮੁਫ਼ਤ ਦੀਆਂ ਰਿਉੜੀਆਂ ਵੰਡੀਆਂ ਜਾਂਦੀਆਂ ਹਨ ਜਿਸ ਦਾ ਆਰਥਿਕਤਾ ਉਤੇ ਬੁਰਾ ਪ੍ਰਭਾਵ ਪੈਂਦਾ ਹੈ। ਕੇਂਦਰੀ ਸਰਕਾਰ ਤੇ ਰਾਜ ਸਰਕਾਰਾਂ ਕਰਜ਼ੇ ਹੇਠ ਡੁੱਬੀਆਂ ਹੋਈਆਂ ਹਨ। ਲੀਡਰਾਂ ਤੇ ਅਫ਼ਸਰਸ਼ਾਹੀ ਨੇ ਆਪਣੇ ਖਰਚੇ ਇੰਨੇ ਵਧਾ ਲਏ ਹਨ ਕਿ ਸਰਕਾਰ ਕੋਲ ਵਿਕਾਸ ਲਈ ਕੋਈ ਪੈਸਾ ਬਚਦਾ ਹੀ ਨਹੀਂ। ਸਰਕਾਰੀ ਖਰਚਿਆਂ ਵਿੱਚ ਕਟੌਤੀ ਕਰਨ ਲਈ ਸਰਕਾਰੀ ਨੌਕਰੀਆਂ ਖਤਮ ਕੀਤੀਆਂ ਜਾ ਰਹੀਆਂ ਹਨ। ਸਿੱਟੇ ਵਜੋਂ ਬੇਰੁਜ਼ਗਾਰੀ ਵਧ ਰਹੀ ਹੈ।

ਦੇਸ਼ ਵਿਚ ਲੋਕਰਾਜ ਹੈ ਤੇ ਲੋਕਰਾਜ ਦੀ ਸਫਲਤਾ ਲਈ ਮਜ਼ਬੂਤ ਵਿਰੋਧੀ ਧਿਰ ਦੀ ਲੋੜ ਹੁੰਦੀ ਹੈ, ਪਰ ਸਰਕਾਰ ਵੱਲੋਂ ਵਿਰੋਧੀ ਪਾਰਟੀਆਂ ਨੂੰ ਕਮਜ਼ੋਰ ਨਹੀਂ ਸਗੋਂ ਖਤਮ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ ਤਾਂ ਜੋ ਦੇਸ਼ ਵਿੱਚ ਇੱਕੋ-ਇੱਕ ਰਾਜਨੀਤਕ ਪਾਰਟੀ ਦੀ ਸਰਦਾਰੀ ਬਣੀ ਰਹੇ। ਪ੍ਰਧਾਨ ਮੰਤਰੀ ਚਾਹੁੰਦੇ ਹਨ ਕਿ ਦੇਸ਼ ਦੀਆਂ ਸੜਕਾਂ ਅਮਰੀਕੀ ਸੜਕਾਂ ਤੋਂ ਵੀ ਵਧੀਆ ਹੋਣ। ਦੇਸ਼ ਦੇ ਹਵਾਈ ਅੱਡੇ, ਬੰਦਰਗਾਹਾਂ, ਰੇਲਵੇ ਸਟੇਸ਼ਨ, ਸਕੂਲ ਤੇ ਹਸਪਤਾਲ ਏ ਕਲਾਸ ਹੋਣੇ ਚਾਹੀਦੇ ਹਨ। ਉਹ ਇਹ ਵੀ ਜਾਣਦੇ ਹਨ ਕਿ ਸਰਕਾਰ ਕੋਲ ਇੰਨੇ ਵਸੀਲੇ ਨਹੀਂ ਹਨ ਕਿ ਅਜਿਹਾ ਕੀਤਾ ਜਾ ਸਕੇ। ਇਸ ਕਰ ਕੇ ਫੈਸਲਾ ਕੀਤਾ ਗਿਆ ਹੈ ਕਿ ਇਹ ਸਾਰਾ ਕੁਝ ਪ੍ਰਾਈਵੇਟ ਕੰਪਨੀਆਂ ਦੇ ਹਵਾਲੇ ਕੀਤਾ ਜਾਵੇ। ਸਰਕਾਰ ਦਾ ਕੰਮ ਤਾਂ ਰਾਜ ਕਰਨਾ ਹੈ, ਉਸ ਦਾ ਕੰਮ ਹਵਾਈ ਜਹਾਜ਼ ਜਾਂ ਰੇਲ ਗੱਡੀਆਂ ਚਲਾਉਣਾ ਨਹੀਂ। ਸੜਕਾਂ ਵੀ ਕੰਪਨੀਆਂ ਹੀ ਬਣਾਉਣ ਤੇ ਇਸ ਦੀ ਸਾਂਭ-ਸੰਭਾਲ ਕਰਨ। ਲੋਕਾਂ ਨੂੰ ਇਨ੍ਹਾਂ ਸੜਕਾਂ ਉਤੇ ਸਫ਼ਰ ਕਰਨ ਲਈ ਫੀਸ ਦੇਣੀ ਪਵੇਗੀ ਤਾਂ ਜੋ ਕੰਪਨੀਆਂ ਆਪਣਾ ਖਰਚਾ ਪੂਰਾ ਕਰ ਲੈਣ। ਦੇਸ਼ ਵਿੱਚ ਆਲੀਸ਼ਾਨ ਹਸਪਤਾਲ, ਸਕੂਲ ਤੇ ਯੂਨੀਵਰਸਿਟੀਆਂ ਬਣ ਰਹੀਆਂ ਹਨ ਜਿਨ੍ਹਾਂ ਅੰਦਰ ਜਾਣ ਦਾ ਦੇਸ਼ ਦੀ ਅੱਧੀ ਵਸੋਂ ਹੌਸਲਾ ਨਹੀਂ ਕਰ ਸਕਦੀ। ਇੰਝ ਦੇਸ਼ ਦੋ ਹਿੱਸਿਆਂ ਵਿੱਚ ਵੰਡਿਆ ਜਾ ਰਿਹਾ ਹੈ। ਅਮੀਰਾਂ ਦਾ ਭਾਰਤ ਤੇ ਗਰੀਬਾਂ ਦਾ ਭਾਰਤ। ਨਿੱਜੀਕਰਨ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਵੱਲੋਂ ਵਸੀਲਿਆਂ ਦੀ ਘਾਟ ਦਾ ਬਹਾਨਾ ਬਣਾਇਆ ਜਾਂਦਾ ਹੈ। ਭਾਰਤ ਵਰਗੇ ਵੱਡੇ ਦੇਸ਼ ਵਿੱਚ ਵਸੀਲਿਆਂ ਦੀ ਘਾਟ ਦਾ ਮੁੱਖ ਕਾਰਨ ਪ੍ਰਬੰਧਕ ਪ੍ਰਣਾਲੀ ਦੀਆਂ ਘਾਟਾਂ ਹਨ। ਜੇ ਸੁਚੱਜੇ ਢੰਗ ਨਾਲ ਵਸੀਲਿਆਂ ਦਾ ਪ੍ਰਬੰਧ ਕੀਤਾ ਜਾਵੇ ਤਾਂ ਦੇਸ਼ ਵਿੱਚ ਇਨ੍ਹਾਂ ਦੀ ਘਾਟ ਨੂੰ ਕਿਸੇ ਹੱਦ ਤੱਕ ਪੂਰਾ ਕੀਤਾ ਜਾ ਸਕਦਾ ਹੈ। ਜਦੋਂ ਤੱਕ ਦੇਸ਼ ਵਿੱਚੋਂ ਗਰੀਬੀ ਅਤੇ ਅਨਪੜ੍ਹਤਾ ਦੂਰ ਨਹੀਂ ਹੁੰਦੀ ਉਦੋਂ ਤੱਕ ਆਜ਼ਾਦੀ ਦਾ ਨਿੱਘ ਸਾਰੇ ਨਾਗਰਿਕਾਂ ਨੂੰ ਨਹੀਂ ਪਹੁੰਚ ਸਕਦਾ। ਅਸੀ ਤਾਂ ਆਪਣੇ ਦੇਸ਼ ਦੇ ਗਰੀਬਾਂ ਦੀ ਗਰੀਬੀ ਪਿਛਲੇ 75 ਸਾਲਾਂ ਵਿੱਚ ਵੀ ਦੂਰ ਨਹੀਂ ਕਰ ਸਕੇ। ਅੱਜ ਵੀ ਸਰਕਾਰ ਵੱਲੋਂ 80 ਕਰੋੜ ਵਸੋਂ ਨੂੰ ਮੁਫ਼ਤ ਅਨਾਜ ਦੇਣਾ ਪੈ ਰਿਹਾ ਹੈ।

ਸਾਨੂੰ ਆਪਣੇ ਦੇਸ਼ ਲਈ ਅਜਿਹਾ ਵਿਕਾਸ ਮਾਡਲ ਤਿਆਰ ਕਰਨਾ ਚਾਹੀਦਾ ਹੈ ਜਿਸ ਦਾ ਆਧਾਰ ਦੇਸ਼ ਦੇ ਵਸੀਲੇ ਹੋਣ। ਦੇਸ਼ ਦਾ ਸੰਤੁਲਿਤ ਅਤੇ ਸਰਬਪੱਖੀ ਵਿਕਾਸ ਦੇਸ਼ ਦਾ ਆਪਣਾ ਵਿਕਾਸ ਮਾਡਲ ਵਿਕਸਤ ਕਰ ਕੇ ਹੀ ਹੋ ਸਕਦਾ ਹੈ। ਜੇ ਆਪਣੇ ਵਸੀਲਿਆਂ ਨੂੰ ਆਧਾਰ ਬਣਾ ਕੇ ਯੋਜਨਾਵਾਂ ਉਲੀਕੀਆਂ ਜਾਣ ਤਾਂ ਸਰਬਪੱਖੀ ਵਿਕਾਸ ਵੱਲ ਕਦਮ ਪੁੱਟੇ ਜਾ ਸਕਦੇ ਹਨ। ਦੇਸ਼ ਦੀ ਸਾਰੀ ਵਸੋਂ ਨੂੰ ਰੁਜ਼ਗਾਰ ਮਿਲ ਸਕਦਾ ਹੈ। ਇੰਝ ਅਸੀਂ ਆਪਣੇ ਮਨੁੱਖੀ ਵਸੀਲਿਆਂ ਦਾ ਪੂਰਾ ਲਾਹਾ ਪ੍ਰਾਪਤ ਕਰ ਸਕਦੇ ਹਾਂ। ਘਰੇਲੂ ਉਤਪਾਦ ਆਪਸੀ ਸਾਂਝ, ਆਰਥਿਕ ਸੁਤੰਤਰਾ ਅਤੇ ਬਰਾਬਰੀ ਦਾ ਪ੍ਰਤੀਕ ਹੈ। ਘਰੇਗੀ ਸਨਅਤ ਨੂੰ ਵਿਕਸਤ ਕਰ ਕੇ ਹੀ ਰੁਜ਼ਗਾਰ ਦੇ ਵਸੀਲੇ ਵਧਾਏ ਜਾ ਸਕਦੇ ਹਨ ਅਤੇ ਦੇਸ਼ ਦੀ ਸਾਰੀ ਵਸੋਂ ਨੂੰ ਰੁਜ਼ਗਾਰ ਮਿਲ ਸਕਦਾ ਹੈ। ਇੰਝ ਅਸੀਂ ਆਪਣੇ ਮਨੁੱਖੀ ਵਸੀਲਿਆਂ ਦਾ ਪੂਰਾ ਲਾਹਾ ਪ੍ਰਾਪਤ ਕਰ ਸਕਦੇ ਹਾਂ।

ਸਾਨੂੰ ਆਪਣੇ ਦੇਸ਼ ਲਈ ਅਜਿਹਾ ਵਿਕਾਸ ਮਾਡਲ ਤਿਆਰ ਕਰਨਾ ਚਾਹੀਦਾ ਹੈ ਜਿਸ ਦਾ ਆਧਾਰ ਦੇਸ਼ ਦੇ ਵਸੀਲੇ ਹੋਣ। ਦੇਸ਼ ਦਾ ਸੰਤੁਲਿਤ ਅਤੇ ਸਰਬਪੱਖੀ ਵਿਕਾਸ ਦੇਸ਼ ਦਾ ਆਪਣਾ ਵਿਕਾਸ ਮਾਡਲ ਵਿਕਸਤ ਕਰ ਕੇ ਹੀ ਹੋ ਸਕਦਾ ਹੈ। ਜੇ ਆਪਣੇ ਵਸੀਲਿਆਂ ਨੂੰ ਆਧਾਰ ਬਣਾ ਕੇ ਯੋਜਨਾਵਾਂ ਉਲੀਕੀਆਂ ਜਾਣ ਤਾਂ ਸਰਬਪੱਖੀ ਵਿਕਾਸ ਵੱਲ ਕਦਮ ਪੁੱਟੇ ਜਾ ਸਕਦੇ ਹਨ। ਦੇਸ਼ ਦੀ ਸਾਰੀ ਵਸੋਂ ਨੂੰ ਰੁਜ਼ਗਾਰ ਮਿਲ ਸਕਦਾ ਹੈ। ਇੰਝ ਅਸੀਂ ਆਪਣੇ ਮਨੁੱਖੀ ਵਸੀਲਿਆਂ ਦਾ ਪੂਰਾ ਲਾਹਾ ਪ੍ਰਾਪਤ ਕਰ ਸਕਦੇ ਹਾਂ। ਘਰੇਲੂ ਉਤਪਾਦ ਆਪਸੀ ਸਾਂਝ, ਆਰਥਿਕ ਸੁਤੰਤਰਾ ਅਤੇ ਬਰਾਬਰੀ ਦਾ ਪ੍ਰਤੀਕ ਹੈ। ਘਰੇਗੀ ਸਨਅਤ ਨੂੰ ਵਿਕਸਤ ਕਰ ਕੇ ਹੀ ਰੁਜ਼ਗਾਰ ਦੇ ਵਸੀਲੇ ਵਧਾਏ ਜਾ ਸਕਦੇ ਹਨ ਅਤੇ ਦੇਸ਼ ਦੀ ਸਾਰੀ ਵਸੋਂ ਨੂੰ ਰੁਜ਼ਗਾਰ ਮਿਲ ਸਕਦਾ ਹੈ। ਇੰਝ ਅਸੀਂ ਆਪਣੇ ਮਨੁੱਖੀ ਵਸੀਲਿਆਂ ਦਾ ਪੂਰਾ ਲਾਹਾ ਪ੍ਰਾਪਤ ਕਰ ਸਕਦੇ ਹਾਂ। ਆਤਮ-ਨਿਰਭਰ ਹੋਣ ਦਾ ਇਹੋ ਹੀ ਰਾਹ ਹੈ। ਭਾਰਤ ਪਿੰਡਾਂ ਵਿੱਚ ਵਸਦਾ ਹੈ। ਇਸ ਕਰ ਕੇ ਪਿੰਡਾਂ ਦੇ ਲੋਕਾਂ ਨੂੰ ਹੁਨਰੀ ਬਣਾ ਕੇ ਆਪਣੇ ਪੈਰਾਂ ਉੱਤੇ ਖੜ੍ਹਾ ਹੋਣ ਲਈ ਉਤਸ਼ਾਹਿਤ ਕੀਤਾ ਜਾਵੇ। ਇੰਝ ਅਸੀਂ ਆਪਣੀਆਂ ਤਿਆਰ ਕੀਤੀਆਂ ਵਸਤਾਂ ਦੀ ਆਪ ਹੀ ਵਰਤੋਂ ਸ਼ੁਰੂ ਕਰ ਦੇਵਾਂਗੇ। ਹੁਣ ਵਾਲਾ ਮਾਡਲ ਪਿੰਡਾਂ ਨੂੰ ਵਿਕਸਤ ਕਰਨ ਦੀ ਥਾਂ ਉਨ੍ਹਾਂ ਨੂੰ ਖਾ ਰਿਹਾ ਹੈ। ਇਸੇ ਕਰ ਕੇ ਵਾਹੀ ਹੇਠ ਧਰਤੀ ਘਟ ਰਹੀ ਹੈ ਜਦੋਂ ਕਿ ਕਿਸਾਨਾਂ ਦੀ ਗਿਣਤੀ ਵਧ ਰਹੀ ਹੈ। ਉਹ ਗਰੀਬੀ ਭੋਗ ਰਹੇ ਹਨ, ਪਰ ਹੋਰ ਕੋਈ ਰਾਹ ਨਾ ਹੋਣ ਕਰ ਕੇ ਮਜਬੂਰ ਹੋ ਕੇ ਖੁਦਕੁਸ਼ੀ ਕਰ ਰਹੇ ਹਨ। ਜੇ ਪਿੰਡਾਂ ਦੇ ਨੇੜੇ ਬੰਜਰ ਧਰਤੀਆਂ ਵਿੱਚ ਸਨਅਤੀ ਵਿਕਾਸ ਕੀਤਾ ਜਾਵੇ ਤਾਂ ਪਿੰਡਾਂ ਦੇ ਲੋਕਾਂ ਨੂੰ ਰੁਜ਼ਗਾਰ ਮਿਲ ਸਕੇਗਾ, ਪਰ ਸਨਅਤਾਂ ਦੀ ਚੋਣ ਕਰਦੇ ਸਮੇਂ ਇਹ ਧਿਆਨ ਰੱਖਿਆ ਜਾਵੇ ਕਿ ਉਹ ਵਾਤਾਵਰਨ ਪੱਖੀ ਹੋਣ। ਅਜਿਹੇ ਮਾਲ ਦਾ ਉਤਪਾਦਨ ਹੋਵੇ ਕਿ ਮਰਦ ਔਰਤਾਂ ਆਪਣੇ ਘਰਾਂ ਵਿੱਚ ਬੈਠ ਹੀ ਉਸ ਵਿੱਚ ਯੋਗਦਾਨ ਪਾ ਸਕਣ।

ਸੰਪਰਕ: 94170-87328

# ਮੌਸਮ- ਏ -ਬਾਰਿਸ਼ ਹੈ ਜ਼ਿੰਦਗੀ ਦਾ ਸੰਘਰਸ਼



ਆਪਣੀ ਧਰਤੀ ਆਪਣਾ ਅੰਬਰ



ਪ੍ਰੋ. ਡਾ ਕ੍ਰਿਸ਼ਨ ਕੁਮਾਰ ਰੱਤੂ
9478730156

## ਜੁਗਨੂੰ ਵਾਂਗ ਚਮਕੋ, ਲੜੋ ਅਤੇ ਜੀਓ !

ਬਾਰਿਸ਼ ਦੇ ਇਸ ਮੌਸਮ ਵਿੱਚ ਇਸ ਵਾਰ ਜਿੰਦਗੀ ਠਹਿਰ ਗਈ ਹੈ । ਬਾਰਿਸ਼ ਜੋ ਜਿੰਦਗੀ ਦੀ ਖੂਬਸੂਰਤੀ ਤੇ ਜ਼ਿੰਦਗੀ ਦੀ ਤਾਜ਼ਗੀ ਦਾ ਲਹਮਾ ਹੁੰਦਾ ਹੈ। ਇਸ ਵਾਰ ਪਾਣੀ ਦੇ ਵਿਦਰੋਹ ਨੇ ਤਬਾਹੀ ਦੇ ਇਸ ਆਲਮ ਨੇ ਇਸਦੇ ਅਰਥ ਹੀ ਬਦਲ ਦਿੱਤੇ ਹਨ ਪਰੰਤੂ ਹੋਣੀਆ ਕਦੀ ਵੀ ਆਦਮੀ ਨੂੰ ਜਿਉਣ ਤੋਂ ਰੋਕ ਨਹੀਂ ਸਕੀਆਂ । ਆਦਮੀ ਹਮੇਸ਼ਾ ਜਿਉਂਦਾ ਹੈ ਤੇ ਸਮੇਂ ਦੇ ਸ਼ਿਲਾਲੇਖ ਤੇ ਉਸਦਾ ਜੀਉਣਾ ਹੀ ਇਤਿਹਾਸ ਦੀ ਵਿਰਾਸਤ ਤੇ ਭਵਿੱਖ ਹੈ ।

ਜਦੋਂ ਵੀ ਬਾਰਿਸ਼ ਦਾ ਮੌਸਮ ਆਉਂਦਾ ਹੈ ਤਾਂ ਧਰਤੀ ਖਿੜ ਖਿੜਾ ਉੱਠਦੀ ਹੈ, ਕੁਦਰਤ ਮੁਸਕਰਾਉਂਦੀ ਹੈ , ਪਰ ਕਈ ਵਾਰ ਇਹ ਬਾਰਿਸ਼ ਪਾਣੀ ਦੇ ਵਿਦਰੋਹ ਵਾਂਗ ਬਣ ਜਾਂਦੀ ਹੈ। ਕਾਲੇ ਬੱਦਲ ਗਰਜਦੇ ਹਨ, ਨਦੀਆਂ ਉੱਛਾਲ ਮਾਰਦੀਆਂ ਹਨ ਅਤੇ ਫ਼ਿਰ ਤਬਾਹੀ ਦਾ ਆਲਮ ਛਾ ਜਾਂਦਾ ਹੈ। ਸੱਧਰਾਂ ਨਾਲ ਬਣਾਏ ਘਰ ਡੁੱਬ ਜਾਂਦੇ ਹਨ, ਖੇਤ ਉਜੜ ਜਾਂਦੇ ਹਨ ਅਤੇ ਜਿੰਦਗੀ ਵੱਲੋਂ ਇਹ ਮੰਜ਼ਰ ਲੜਾਈ ਦਾ ਮੈਦਾਨ ਬਣ ਜਾਂਦਾ ਹੈ ਪਰ ਇਸ ਸਭ ਵਿੱਚ ਵੀ ਜਿੰਦਗੀ ਰੁੱਕਦੀ ਨਹੀਂ। ਉਹ ਹਰ ਹਾਲਾਤ ਵਿੱਚ ਜਿਉਣਾ ਚਾਹੁੰਦੀ ਹੈ, ਲੜਦੀ ਹੈ ਅਤੇ ਅੰਤ ਵਿੱਚ ਜਿੱਤ ਜਾਂਦੀ ਹੈ।

ਸੱਚ ਤਾਂ ਇਹ ਹੀ ਹੈ ਕਿ ਜਿੰਦਗੀ ਜ਼ਿੰਦਾਬਾਦ ਹੈ! ਹੁਣ ਇਸ ਨੂੰ ਹੋਰ ਵਿਸਥਾਰ ਨਾਲ ਵੇਖੀਏ ਤਾਂ ਉਰਦੂ ਦੇ ਮਸ਼ਹੂਰ ਸ਼ਾਇਰ ਬਸ਼ੀਰ ਬਦਰ ਵਰਗੇ ਕਲਮਕਾਰ ਨੇ ਬਾਰਿਸ਼ ਅਤੇ ਜਿੰਦਗੀ ਦੇ ਸੰਘਰਸ਼ ਨੂੰ ਦਾਰਸ਼ਨਿਕ ਨਜ਼ਰੀਏ ਨਾਲ ਬਿਆਨ ਕੀਤਾ ਹੈ। ਬਸ਼ੀਰ ਬਦਰ ਦੀ ਸ਼ਾਇਰੀ ਵਿੱਚ ਬਾਰਿਸ਼ ਅਕਸਰ ਹੰਝੂਆਂ, ਉਦਾਸੀ ਅਤੇ ਜ਼ਿੰਦਗੀ ਦੀ ਲੜਾਈ ਨਾਲ ਜੁੜੀ ਹੋਈ ਮਿਲਦੀ ਹੈ। ਉਨ੍ਹਾਂ ਦਾ ਇੱਕ ਸ਼ੇਅਰ ਬਾਰਿਸ਼ ਨੂੰ ਜਿੰਦਗੀ ਦੇ ਜਜ਼ਬਾਤ ਨਾਲ ਜੋੜਦਾ ਹੈ-

ਇਨ ਆਂਖੋਂ ਸੇ ਦਿਨ ਰਾਤ ਬਰਸਾਤ ਹੋਗੀ
ਅਗਰ ਜ਼ਿੰਦਗੀ ਸੂਫ਼-ਏ-ਜਜ਼ਬਾਤ ਹੋਗੀ।
ਮੁਸਾਫ਼ਿਰ ਹੋ ਤੁਮ ਭੀ, ਮੁਸਾਫ਼ਿਰ ਹੈਂ ਹਮ ਭੀ
ਕਿਸੀ ਮੋੜ ਪਰ ਫਿਰ ਮੁਲਾਕਾਤ ਹੋਗੀ।

ਅਰਥਾਤ, ਇਨ੍ਹਾਂ ਅੱਖਾਂ ਤੋਂ ਦਿਨ ਰਾਤ ਬਾਰਿਸ਼ ਹੋਵੇਗੀ, ਜੇ ਜਿੰਦਗੀ ਜਜ਼ਬਾਤਾਂ ਦੀ ਸਤਹ ਹੋਵੇਗੀ। ਮੁਸਾਫਿਰ ਹੋ ਤੁਸੀਂ ਵੀ, ਮੁਸਾਫਿਰ ਹਾਂ ਅਸੀਂ ਵੀ, ਕਿਸੇ ਮੋੜ ਤੇ ਫਿਰ ਮੁਲਾਕਾਤ ਹੋਵੇਗੀ।

ਬਾਰਿਸ਼ ਦੇ ਇਸ ਮੌਸਮ ਵਿੱਚ ਇਸ ਸੰਘਰਸ਼ ਨੂੰ ਸਮਝਣ ਲਈ ਬਾਰਿਸ਼ ਵਿੱਚ ਜੁਗਨੂੰਆਂ ਦੀ ਮਿਸਾਲ ਸਭ ਤੋਂ ਵਧੀਆ ਹੈ। ਜੁਗਨੂੰ ਜੋਂ ਰਾਤ ਦੇ ਅੰਧੇਰੇ ਵਿੱਚ ਚਮਕਦੇ ਹਨ, ਉਨ੍ਹਾਂ ਦੀ ਰੌਸ਼ਨੀ ਜਿੰਦਗੀ ਦੀ ਉਮੀਦ ਵਾਂਗ ਹੁੰਦੀ ਹੈ ਪਰ ਬਾਰਿਸ਼ ਆਉਂਦੀ ਹੈ ਤਾਂ ਪਾਣੀ ਉਨ੍ਹਾਂ ਨੂੰ ਭਿੱਜਾ ਦਿੰਦਾ ਹੈ, ਉਨ੍ਹਾਂ ਦੀ ਚਮਕ ਨੂੰ ਬੁਝਾਉਣ ਦੀ ਕੋਸ਼ਿਸ਼ ਕਰਦਾ ਹੈ। ਫਿਰ ਵੀ ਜੁਗਨੂੰ ਲੜਦੇ ਹਨ, ਆਪਣੀ ਰੌਸ਼ਨੀ ਨੂੰ ਬਚਾਉਂਦੇ ਹਨ ਅਤੇ ਬੱਦਲਾਂ ਵਿੱਚ ਵੀ ਚਮਕਦੇ ਰਹਿੰਦੇ ਹਨ। ਇਹ ਹੀ ਤਾਂ ਜਿੰਦਗੀ ਦਾ ਸੰਦੇਸ਼ ਹੈ – ਤੂਫ਼ਾਨ ਵਿੱਚ ਵੀ ਚਮਕੋ, ਲੜੋ ਅਤੇ ਜੀਓ।



ਸਾਡੀ ਉਰਦੂ ਸ਼ਾਇਰੀ ਵਿੱਚ ਇਸ ਸੰਘਰਸ਼ ਨੂੰ ਬਹੁਤ ਸੰਵੇਦਨਸ਼ੀਲ ਢੰਗ ਨਾਲ ਬਿਆਨ ਕੀਤਾ ਗਿਆ ਹੈ। ਮਿਰਜ਼ਾ ਗ਼ਾਲਿਬ ਵਰਗੇ ਮਹਾਨ ਸ਼ਾਇਰਾਂ ਨੇ ਬਾਰਿਸ਼ ਨੂੰ ਪਿਆਰ, ਉਦਾਸੀ ਅਤੇ ਜਿੰਦਗੀ ਦੇ ਸੰਘਰਸ਼ ਨਾਲ ਜੋੜਿਆ ਹੈ। ਇੱਕ ਮਸ਼ਹੂਰ ਸ਼ੇਅਰ ਹੈ—

ਆਈ ਬਾਰਿਸ਼ ਯਾਦ ਆਯਾ ਜ਼ਮਾਨਾ
ਵੋ ਗਿਰਤੀ ਬਾਰਿਸ਼ ਮੇਰਾ ਤੇਰੇ ਪੀਛੇ ਜਾਨਾ।

(ਬਾਰਿਸ਼ ਆਈ ਤਾਂ ਯਾਦ ਆਇਆ ਉਹ ਜ਼ਮਾਨਾ, ਬਾਰਿਸ਼ ਵਿੱਚ ਮੇਰਾ ਤੇਰੇ ਪਿੱਛੇ ਜਾਣਾ।)

ਉਹਨਾਂ ਦਾ ਇਹ ਸ਼ੇਅਰ ਬਾਰਿਸ਼ ਨੂੰ ਮਾਨਵੀ ਯਾਦਾਂ ਨਾਲ ਜੋੜਦਾ ਹੈ, ਜਿੱਥੇ ਤਬਾਹੀ ਵਿੱਚ ਵੀ ਪਿਆਰ ਦੀ ਚਮਕ ਬਾਕੀ ਰਹਿੰਦੀ ਹੈ। ਇੱਕ ਹੋਰ ਸ਼ੇਅਰ ਦੇਖੋ -

ਬਾਰਿਸ਼ ਕੀ ਬੂੰਦੋਂ ਮੇਂ ਝਲਕਤੀ ਹੈ ਤਸਵੀਰ ਉਨਕੀ ਔਰ ਹਮ ਉਨਸੇ ਮਿਲਨੇ ਕੀ ਚਾਹਤ ਮੇਂ ਭੀਗ ਜਾਤੇ ਹੈਂ।

(ਬਾਰਿਸ਼ ਦੀਆਂ ਬੂੰਦਾਂ ਵਿੱਚ ਝਲਕਦੀ ਹੈ ਉਨ੍ਹਾਂ ਦੀ ਤਸਵੀਰ, ਅਤੇ ਅਸੀਂ ਉਨ੍ਹਾਂ ਨੂੰ ਮਿਲਣ ਦੀ ਚਾਹਤ ਵਿੱਚ ਭਿੱਜ ਜਾਂਦੇ ਹਾਂ।)

ਇਹ ਬਾਰਿਸ਼ ਵਿੱਚ ਜਿੰਦਗੀ ਦੇ ਸੰਘਰਸ਼ ਨੂੰ ਦਰਸਾਉਂਦਾ ਹੈ – ਭਿੱਜਣਾ ਪੈਂਦਾ ਹੈ, ਪਰ ਉਮੀਦ ਨਹੀਂ ਛੱਡੀ ਜਾਂਦੀ। ਜਿੰਦਗੀ ਦੇ ਸੰਘਰਸ਼ ਬਾਰੇ ਇਹ ਸ਼ਬਦ ਦੇਖੋ–

ਜ਼ਿੰਦਗੀ ਹੈ ਅਪਨੇ ਕਬਜ਼ੇ ਮੇਂ, ਨਾ ਅਪਨੇ ਬਸ ਮੇਂ ਮੌਤ ਇਨਸਾਨ ਮਜਬੂਰ ਹੈ ਔਰ ਕਿਸ ਕਦਰ ਮਜਬੂਰ ਹੈ।

ਜਿੰਦਗੀ ਆਪਣੇ ਕਬਜ਼ੇ ਵਿੱਚ ਹੈ, ਨਾ ਆਪਣੇ ਵੱਸ ਵਿੱਚ ਮੌਤ, ਇਨਸਾਨ ਮਜਬੂਰ ਹੈ ਅਤੇ ਕਿੰਨਾ ਮਜਬੂਰ ਹੈ।

ਇਹ ਜਿੰਦਗੀ ਦੀ ਅਨਿਸ਼ਚਿਤਤਾ ਨੂੰ ਦੱਸਦਾ ਹੈ, ਪਰ ਫ਼ਿਰ ਵੀ ਲੜਨਾ ਪੈਂਦਾ ਹੈ। ਅਲਾਮਾ ਇਕਬਾਲ ਦਾ ਇੱਕ ਸ਼ੇਅਰ ਜਿੰਦਗੀ ਦੀ ਲਚਕੀਲੇਪਣ ਨੂੰ ਬਿਆਨ ਕਰਦਾ ਹੈ:

ਸਿਤਾਰੋਂ ਸੇ ਆਗੇ ਜਹਾਂ ਔਰ ਭੀ ਹੈਂ
ਅਭੀ ਇਸ਼ਕ ਕੇ ਇਮਤਿਹਾਂ ਔਰ ਭੀ ਹੈਂ।

(ਤਾਰਿਆਂ ਤੋਂ ਅੱਗੇ ਜਹਾਨ ਵੀ ਹਨ, ਅਜੇ ਪਿਆਰ ਦੇ ਇਮਤਿਹਾਨ ਵੀ ਹਨ।)

ਇਹ ਕਹਿੰਦਾ ਹੈ ਕਿ ਸੰਘਰਸ਼ ਖਤਮ ਨਹੀਂ ਹੁੰਦੇ, ਪਰ ਉਹ ਜਿੰਦਗੀ ਨੂੰ ਅਰਥ ਪ੍ਰਦਾਨ ਕਰਦੇ ਹਨ ਕਿ ਜਿੰਦਗੀ ਵਿੱਚ ਬਾਰਿਸ਼ ਵਾਂਗ ਹੰਝੂ ਆਉਂਦੇ ਹਨ, ਪਰ ਮੁਲਾਕਾਤਾਂ ਅਤੇ ਉਮੀਦਾਂ ਨਾਲ ਹੀ ਜਿੰਦਗੀ ਚੱਲਦੀ ਰਹਿੰਦੀ ਹੈ। ਇੱਕ ਹੋਰ ਸ਼ੇਅਰ ਜਿੰਦਗੀ ਦੇ ਸੰਘਰਸ਼ ਨੂੰ ਦਰਸਾਉਂਦਾ ਹੈ, ਇਹ ਸ਼ਬਦ ਕੀ ਕਹਿੰਦੇ ਹਨ।

ਹਾਰ ਕਰ ਬੈਠ ਗਯਾ ਹੂੰ ਮਗਰ ਜ਼ਿੰਦਾ ਹੂੰ, ਜ਼ਖ਼ਮ ਖਾਏ ਹੈਂ ਕਈ ਫਿਰ ਭੀ ਤਬੱਸੁਮ ਮੇਂ ਹੂੰ।

ਹਾਰ ਕੇ ਬੈਠ ਗਿਆ ਹਾਂ ਪਰ ਜਿੰਦਾ ਹਾਂ, ਜ਼ਖਮ ਖਾਏ ਹਨ ਕਈ ਫਿਰ ਵੀ ਮੁਸਕਰਾਹਟ ਵਿੱਚ ਹਾਂ।

ਇਹ ਜਿੰਦਗੀ ਦੀ ਲਚਕੀਲੇਪਣ ਨੂੰ ਦੱਸਦਾ ਹੈ – ਹਾਰ ਮੰਨ ਲੈਣ ਨਾਲ ਵੀ ਜਿੰਦਗੀ ਖਤਮ ਨਹੀਂ ਹੁੰਦੀ, ਬਲਕਿ ਮੁਸਕਰਾਹਟ ਨਾਲ ਅੱਗੇ ਵਧੀ ਜਾਂਦੀ ਹੈ। ਇਹ ਰੰਗ ਹੀ ਬਸ਼ੀਰ ਬਦਰ ਦੀ ਸ਼ਾਇਰੀ ਵਿੱਚ ਦਾਰਸ਼ਨਿਕ ਪਹਿਲੂ ਇਹ ਹੈ ਕਿ ਜਿੰਦਗੀ ਤੂਫ਼ਾਨਾਂ ਵਿੱਚ ਵੀ ਆਪਣੀ ਚਮਕ ਬਰਕਰਾਰ ਰੱਖਦੀ ਹੈ, ਜਿਵੇਂ ਜੁਗਨੂੰ ਬਾਰਿਸ਼ ਵਿੱਚ ਚਮਕਦਾ ਹੈ। ਉਨ੍ਹਾਂ ਦਾ ਇੱਕ ਹੋਰ ਸ਼ੇਅਰ ਬਾਰਿਸ਼ ਤੇ ਸਟੀਕ ਬੈਠਦਾ ਹੈ।

ਯੇ ਜ਼ਰਦ ਪੱਤੋਂ ਕੀ ਬਾਰਿਸ਼ ਮਿਰਾ ਜ਼ਵਾਲ ਨਹੀਂ, ਮਿਰੇ ਬਦਨ ਕੀ ਖ਼ੁਸ਼ਕੀ ਕਾ ਇਲਾਜ਼ ਹੈ।

ਇਹ ਪੀਲੇ ਪੱਤਿਆਂ ਦੀ ਬਾਰਿਸ਼ ਮੇਰਾ ਜ਼ਵਾਲ ਨਹੀਂ, ਮੇਰੇ ਬਦਨ ਦੀ ਖੁਸ਼ਕੀ ਦਾ ਇਲਾਜ ਹੈ।

ਇਹ ਬਾਰਿਸ਼ ਨੂੰ ਨਵੀਂ ਜਿੰਦਗੀ ਦੇ ਰੂਪ ਵਿੱਚ ਵੇਖਦਾ ਹੈ, ਜਿੱਥੇ ਤਬਾਹੀ ਨਹੀਂ ਬਲਕਿ ਇਲਾਜ ਹੈ।

ਗੁਰਬਾਣੀ ਵਿੱਚ ਵੀ ਇਸ ਸੰਘਰਸ਼ ਅਤੇ ਲਚਕੀਲੇਪਣ ਨੂੰ ਬਹੁਤ ਡੂੰਘਾਈ ਨਾਲ ਦੱਸਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਫਰਮਾਇਆ ਗਿਆ ਹੈ:

ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥

ਦੁੱਖ ਦਵਾਈ ਹੈ, ਸੁਖ ਰੋਗ ਬਣ ਜਾਂਦਾ ਹੈ ਜੇ ਉਹ ਸੁਖ ਵਿੱਚ ਪ੍ਰਭੂ ਨੂੰ ਨਾ ਭੁੱਲੀਏ।

ਇਹ ਗੁਰਬਾਣੀ ਦਾ ਹਵਾਲਾ ਦੱਸਦਾ ਹੈ ਕਿ ਦੁੱਖ ਹੀ ਜਿੰਦਗੀ ਨੂੰ ਮਜ਼ਬੂਤ ਬਣਾਉਂਦਾ ਹੈ, ਜਦਕਿ ਸੁਖ ਵਿੱਚ ਅਸੀਂ ਅਕਸਰ ਰੱਬ ਨੂੰ ਭੁੱਲ ਜਾਂਦੇ ਹਾਂ। ਇੱਕ ਹੋਰ ਸ਼ਬਦ ਵੇਖੋ –

ਸਚੁ ਹੁ ਸਭਿ ਸਾਹਿ ਸਚੁ ਨੀਬਾਣੁ ॥

(ਸੱਚ ਸਭ ਤੋਂ ਉੱਚਾ ਹੈ, ਪਰ ਸੱਚੀ ਜਿੰਦਗੀ ਉਸ ਤੋਂ ਵੀ ਉੱਚੀ ਹੈ।)

ਇਹ ਜਿੰਦਗੀ ਵਿੱਚ ਸੱਚ ਅਤੇ ਧੀਰਜ ਨੂੰ ਮਹੱਤਵ ਦਿੰਦਾ ਹੈ, ਜੋ ਬਾਰਿਸ਼ ਵਰਗੇ ਤੂਫ਼ਾਨਾਂ ਵਿੱਚ ਵੀ ਬਚਾਉਂਦਾ ਹੈ। ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ:

ਜਿਸ ਨੋ ਬਖਸਿਸਿ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥

(ਜਿਸ ਨੂੰ ਰੱਬ ਬਖਸ਼ਦਾ ਹੈ, ਉਹ ਪਾਤਸ਼ਾਹੀ ਪਾਤਸ਼ਾਹ ਹੈ।)

ਇਹ ਕਹਿੰਦਾ ਹੈ ਕਿ ਅਦ੍ਰਿਸ਼ਟ ਵਿੱਚ ਵੀ ਰੱਬ ਦੀ ਮਿਹਰ ਨਾਲ ਜਿੰਦਗੀ ਜਿੱਤ ਜਾਂਦੀ ਹੈ।

ਬਾਰਿਸ਼ ਦੇ ਇਸ ਥੀਮ ਨੂੰ ਦਾਰਸ਼ਨਿਕ ਪੱਖ ਤੋਂ ਵੇਖੀਏ ਤਾਂ ਦੁਨੀਆਂ ਦੇ ਮਹਾਨ ਦਾਰਸ਼ਨਿਕਾਂ ਨੇ ਵੀ ਜਿੰਦਗੀ ਦੇ ਸੰਘਰਸ਼ ਅਤੇ ਲਚਕੀਲੇਪਣ ਬਾਰੇ ਡੂੰਘੇ ਵਿਚਾਰ ਪ੍ਰਗਟ ਕੀਤੇ ਹਨ। ਪ੍ਰਾਚੀਨ ਯੂਨਾਨੀ ਦਾਰਸ਼ਨਿਕ ਐਪੀਕਟੀਟਸ (Epictetus), ਜੋ ਸਟੋਇਕ ਫਲਸਫੇ ਦੇ ਪ੍ਰਮੁੱਖ ਵਿਚਾਰਕ ਸਨ, ਕਹਿੰਦੇ ਹਨ ਕਿ ਅਸੀਂ ਬਾਹਰੀ ਹਾਲਾਤਾਂ ਨੂੰ ਨਹੀਂ ਬਦਲ ਸਕਦੇ, ਪਰ ਉਨ੍ਹਾਂ ਨੂੰ ਕਿਵੇਂ ਵੇਖਦੇ ਹਾਂ ਅਤੇ ਜਵਾਬ ਦਿੰਦੇ ਹਾਂ, ਉਹ ਸਾਡੇ ਵੱਸ ਵਿੱਚ ਹੈ। ਉਨ੍ਹਾਂ ਦੇ ਵਿਚਾਰ ਅਨੁਸਾਰ, ਬਾਰਿਸ਼ ਵਰਗੀ ਤਬਾਹੀ ਵਿੱਚ ਵੀ ਜਿੰਦਗੀ ਨੂੰ ਸਵੀਕਾਰ ਕਰਨਾ ਅਤੇ ਅੰਦਰੂਨੀ ਤਾਕਤ ਨਾਲ ਲੜਨਾ ਸਿਖਾਉਂਦਾ ਹੈ। ਉਨ੍ਹਾਂ ਦਾ ਇੱਕ ਵਿਚਾਰ: "ਅਸੀਂ ਅਕਸਰ ਅਸਲ ਨੁਕਸਾਨ ਨਾਲੋਂ ਵੱਧ ਡਰ ਵਿੱਚ ਪੀੜਤ ਹੁੰਦੇ ਹਾਂ।" ਇਹ ਜਿੰਦਗੀ ਦੇ ਤੂਫ਼ਾਨਾਂ ਵਿੱਚ ਡਰ ਨੂੰ ਕਾਬੂ ਕਰਨ ਬਾਰੇ ਹੈ।

ਹੋਰ ਇੱਕ ਦਾਰਸ਼ਨਿਕ ਸੈਨੇਕਾ (Seneca) ਕਹਿੰਦੇ ਹਨ ਕਿ ਮੁਸੀਬਤਾਂ ਜਿੰਦਗੀ ਨੂੰ ਮਜ਼ਬੂਤ ਬਣਾਉਂਦੀਆਂ ਹਨ, ਜਿਵੇਂ ਅੱਗ ਸੋਨੇ ਨੂੰ ਸ਼ੁੱਧ ਕਰਦੀ ਹੈ। ਉਨ੍ਹਾਂ ਦੇ ਵਿਚਾਰ ਵਿੱਚ, ਬਾਰਿਸ਼ ਵਰਗੀ ਤਬਾਹੀ ਇੱਕ ਮੌਕਾ ਹੈ ਵਿਕਾਸ ਲਈ, ਨਾ ਕਿ ਨਿਰਾਸ਼ਾ ਲਈ। ਉਨ੍ਹਾਂ ਦਾ ਕਥਨ: "ਮੁਸੀਬਤਾਂ ਨੂੰ ਡਰ ਨਾਲ ਨਹੀਂ, ਬਲਕਿ ਉਨ੍ਹਾਂ ਤੋਂ ਸਿੱਖ ਕੇ ਸਾਹਮਣਾ ਕਰੋ।" ਇਹ ਜੁਗਨੂੰਆਂ ਵਾਂਗ ਬਾਰਿਸ਼ ਵਿੱਚ ਚਮਕਣ ਵਾਲੇ ਸੰਦੇਸ਼ ਨਾਲ ਮੇਲ ਖਾਂਦਾ ਹੈ।

ਉਧਰ ਅਰਸਤੂ (Aristotle) ਨੇ ਜਿੰਦਗੀ ਨੂੰ ਅਰਥਪੂਰਨ ਬਣਾਉਣ ਬਾਰੇ ਗੱਲ ਕੀਤੀ ਹੈ, ਜਿੱਥੇ ਖੁਸ਼ੀ ਅਤੇ ਲਚਕੀਲੇਪਣ ਲਈ ਅਰਥਪੂਰਨ ਜੀਵਨ ਜ਼ਰੂਰੀ ਹੈ। ਉਨ੍ਹਾਂ ਅਨੁਸਾਰ, ਮੁਸੀਬਤਾਂ ਵਿੱਚ ਵੀ ਚੰਗੇ ਗੁਣਾਂ ਨਾਲ ਜੀਣਾ ਜਿੰਦਗੀ ਨੂੰ ਮਜ਼ਬੂਤ ਬਣਾਉਂਦਾ ਹੈ। ਆਧੁਨਿਕ ਦਾਰਸ਼ਨਿਕ ਵਿਕਟਰ ਫ੍ਰੈਂਕਲ , ਜੋ ਨਾਜ਼ੀ ਕੈਂਪਾਂ ਵਿੱਚੋਂ ਬਚ ਕੇ ਨਿਕਲੇ, ਕਹਿੰਦੇ ਹਨ ਕਿ ਜਿੰਦਗੀ ਵਿੱਚ ਅਰਥ ਲੱਭਣ ਨਾਲ ਕੋਈ ਵੀ ਮੁਸੀਬਤ ਸਹਿੰਦੀ ਜਾਂਦੀ ਹੈ। ਉਨ੍ਹਾਂ ਦਾ ਵਿਚਾਰ: "ਜਦੋਂ ਅਸੀਂ ਹਾਲਾਤ ਬਦਲ ਨਹੀਂ ਸਕਦੇ, ਤਾਂ ਆਪਣੇ ਨਜ਼ਰੀਏ ਨੂੰ ਬਦਲੋ।" ਇਹ ਸਾਰੇ ਵਿਚਾਰ ਜਿੰਦਗੀ ਨੂੰ ਬਾਰਿਸ਼ ਵਿੱਚ ਜੁਗਨੂੰਆਂ ਵਾਂਗ ਜੀਉਣ ਦੀ ਪ੍ਰੇਰਨਾ ਦਿੰਦੇ ਹਨ।

ਇਸ ਸਮੇਂ ਸਾਡੇ ਆਸ ਪਾਸ ਦੀ ਤਬਾਹੀ ਹੀ ਤਬਾਹੀ ਹੈ ਤੇ ਇਸ ਮੰਜਰ ਤੇ ਕੀ ਕਹੀਏ। ਇਹ ਹੀ ਦੁੱਖ ਹੈ ਆਦਮੀ ਦਾ ਸੰਤਾਪ ਹੀ ਸੰਘਰਸ਼ ਹੈ, ਬਾਰਿਸ਼ ਦੀ ਤਬਾਹੀ ਵਿੱਚ ਵੀ ਜਿੰਦਗੀ ਫੁੱਲ ਵਾਂਗ ਖਿੜਦੀ ਹੈ।

ਇਸ ਮੌਸਮ- ਏ- ਬਾਰਿਸ਼ ਵਿੱਚ ਵੀ ਜੁਗਨੂੰ ਵਾਂਗ ਚਮਕੋ, ਲੜੋ ਅਤੇ ਜੀਓ। ਜਿੰਦਗੀ ਹਰ ਹਾਲਾਤ ਵਿੱਚ ਜਿਉਣਾ ਚਾਹੁੰਦੀ ਹੈ। ਤਦ ਹੀ ਤਾਂ ਜਿੰਦਗੀ ਜਿੰਦਾਬਾਦ ਹੈ ! ਦੋਸਤੋ!



ਪਰਮਜੀਤ ਕੌਰ ਸਰਹਿੰਦ

# ਲੋਕ-ਕਾਵਿ ਵਿੱਚ ਪਸ਼ੂ-ਪੰਛੀ

ਲੋਕ-ਕਾਵਿ ਵਿੱਚ ਕੇਵਲ ਮਨੁੱਖੀ ਜੀਵਨ ਦਾ ਹੀ ਬਿਰਤਾਂਤ ਨਹੀਂ ਮਿਲਦਾ ਬਲਕਿ ਇਸ ਵਿੱਚ ਕੁਦਰਤ ਦੇ ਤਮਾਮ ਸਰੋਤਾਂ ਸਮੇਤ ਪਸ਼ੂ-ਪੰਛੀਆਂ ਦਾ ਜ਼ਿਕਰ ਵੀ ਬਾਕਮਾਲ ਸ਼ੈਲੀ ਵਿੱਚ ਮਿਲਦਾ ਹੈ। ਭਾਵਨਾਵਾਂ ਮਨੁੱਖ ਦੇ ਅੰਦਰੋਂ ਉਛਾਲੇ ਮਾਰਦੀਆਂ ਹਨ, ਸ਼ਬਦ ਉਨ੍ਹਾਂ ਨੂੰ ਕਿਸੇ ਸਾਹਿਤਕ ਵਿਧਾ ਵਿੱਚ ਰੂਪਮਾਨ ਕਰਦੇ ਹਨ। ਲੰਮੇ ਸਮੇਂ ਤੋਂ ਵਿਚਾਰਾਂ ਨੂੰ ਪ੍ਰਗਟਾਉਣ ਲਈ ਭਾਸ਼ਾ ਸਾਰਥਿਕ ਮਾਧਿਅਮ ਹੈ, ਪਰ ਇੱਕ ਅਜਿਹਾ ਦੌਰ ਵੀ ਰਿਹਾ ਜਦੋਂ ਉੱਛਲਦੇ-ਖੌਲਦੇ ਜਜ਼ਬਾਤ ਨੂੰ ਪ੍ਰਗਟ ਕਰਨ ਲਈ ਇੱਕ ਮਾਤਰ ਸਾਧਨ ਮੌਖਿਕ ਰੂਪ ਵਿੱਚ ਲੋਕ-ਕਾਵਿ ਹੀ ਰਿਹਾ।

ਇਹ ਕਾਵਿ ਬਹੁਤਾ ਕਰਕੇ ਨਾਰੀ ਮਨ ਵੱਲੋਂ ਸਿਰਜਿਆ ਗਿਆ ਮੰਨਿਆ ਜਾਂਦਾ ਹੈ। ਮਰਦ ਪ੍ਰਧਾਨ ਸਮਾਜ ਵਿੱਚ ਮਰਦ ਨੂੰ ਉਹ ਔਕੜਾਂ ਦਰਪੇਸ਼ ਨਹੀਂ ਸਨ ਜੋ ਔਰਤ ਨੂੰ ਸਨ। ਔਰਤ ਨੇ ਆਪਣਾ ਰੋਹ-ਵਿਦਰੋਹ, ਖੁਸ਼ੀ-ਗ਼ਮੀ, ਵੈਰਾਗ ਤੇ ਸਬਰ-ਸਬੂਰੀ ਨੂੰ ਵੀ ਲੋਕ-ਕਾਵਿ ਵਿੱਚ ਵਿਅਕਤ ਕੀਤਾ। ਅੱਜ ਦੀ ਔਰਤ ਕੋਲ ਕਲਮ ਹੈ, ਮੰਚ ਹੈ, ਉਹ ਲਿਖ ਜਾਂ ਬੋਲ ਕੇ ਆਪਣੇ ਮਨਅੰਤਰ ਦੇ ਸਭ ਗੁੱਭ-ਗਵਾਹਟ ਬਾਹਰ ਕੱਢ ਸਕਦੀ ਹੈ। ਅਨਪੜ੍ਹ ਜਾਂ ਘੱਟ ਪੜ੍ਹੀ ਹੋਣ ਦੇ ਬਾਵਜੂਦ ਮੱਧਕਾਲੀ ਜਾਂ ਉਸ ਦੇ ਆਸ-ਪਾਸ ਦੇ ਸਮੇਂ ਵਿੱਚ ਔਰਤ ਨੇ ਆਪਣੀ ਸੂਝ ਦਾ ਸਿੱਕਾ ਮਨਵਾਇਆ। ਸੂਈ ਤੋਂ ਲੈ ਕੇ ਪਹਾੜ ਤੱਕ ਦਾ ਜ਼ਿਕਰ ਲੋਕ-ਕਾਵਿ ਵਿੱਚ ਮਿਲਦਾ ਹੈ। ਮਿਸਾਲ ਵਜੋਂ :

ਸੂਈ ਵੇ ਸੂਈ ਜ਼ਾਲਮਾਂ/ਸੂਈ ਨੇ ਕੱਢਿਆ ਕੰਡਾ
ਤੇਰੀ ਮਾਂ ਨੇ ਚੁੱਕ ਲਿਆ ਡੰਡਾ/ ਜ਼ਾਲਮਾਂ ਸੂਈ ਵੇ....।

ਲੋਕ-ਕਾਵਿ ਵਿੱਚ ਨਿੱਕੇ ਤੋਂ ਵੱਡੇ ਜੀਵ-ਜੰਤੂਆਂ ਤੇ ਪਸ਼ੂ-ਪੰਛੀਆਂ ਦਾਵਿਵਰਣਖੂਬਸੂਰਤ ਅਲੰਕਾਰਾਂ ਨਾਲ ਮਿਲਦਾ ਹੈ। ਕਿਧਰੇ ਆਮ ਵਰਤਾਰੇ ਵਿੱਚ। ਗੱਲ ਕੀੜੀ ਤੋਂ ਸ਼ੁਰੂ ਕਰਨੀ ਚਾਹੀਦੀ ਹੈ। ਲੋਕ-ਕਾਵਿ ਦੀ ਸਿੱਠਣੀ ਵਿਧਾ ਹੈ:

ਮਿੱਠੀ ਮਿੱਠੀ ਸ਼ੱਕਰ ਵਿੱਚੋਂ/ ਨਿੱਕਲ ਆਈ ਕੀੜੀ
ਕਿਆ ਬੀਬੀ ਤੂੰ ਵਿਆਹ ਰਚਾਇਆ
ਖੋਲ੍ਹ ਮੱਥੇ ਦੀ ਤਿਊੜੀ...।

ਸਿੱਠਣੀ ਵਿੱਚ ਹੀ ਭਰਿੰਡ ਸ਼ਾਮਲ ਹੈ:

ਮੈਂ ਦੱਸਾਂ ਭਰਿੰਡੇ ਨੀਂ/ ਨਹਿਰ ਕਿਨਾਰੇ ਉੱਡਿਆ ਕਰ
ਨਣਦ ਮੇਰੀ ਦੇ ਲੜਿਆ ਕਰ
ਲੜ-ਲੜ ਛਾਲਾ ਪਾਇਆ ਕਰ
ਘੜੀ-ਘੜੀ ਤੜਪਾਇਆ ਕਰ।

ਇਹ ਮਹਾਨ ਕਾਵਿ ਸਿਰਜਣਹਾਰੀਆਂ ਦੀ ਸੂਝ ਕਿੰਨੀ ਕਮਾਲ ਸੀ ਜਿਨ੍ਹਾਂ ਮੱਛੀ ਤੇ ਡੱਡੂ ਨੂੰ ਵੀ ਬਣਦੀ ਥਾਂ ਦਿੱਤੀ। ਗਿੱਧੇ ਦਾ ਸਿੱਠਣੀਆਂ ਵਰਗਾ ਗੀਤ ਹੈ ਜਿਸ ਨੂੰ ਦੋ ਧਿਰਾਂ ਗਾਉਂਦੀਆਂ ਪਹਿਲੀਆਂ ਕਹਿੰਦੀਆਂ:

ਮਾਮਾਗਿਆ ਤੀਰਥਾਂ ਨੂੰ ਮਾਮੀ ਵੀ ਨਾਲ
ਹਰ ਗੰਗੇ ਨਰਾਇਣ ਗੰਗੇ...
ਮੱਛਲੀ ਨੇ ਫੜਲਿਆ ਮੁੱਛਦਾ ਵਾਲ਼
ਹਰਗੰਗੇ ਨਰਾਇਣ ਗੰਗੇ...।

ਨਾਨਕੀਆਂ ਵਾਰੀ ਦਾ ਵੱਟਾ ਲੈਂਦੀਆਂ:

ਕਿੱਧਰ ਗਈਆਂ ਵੇ ਦੋਹਤਿਆ, ਤੇਰੀਆਂ ਦਾਦਕੀਆਂ
ਉਨ੍ਹਾਂ ਖਾਧੇ ਸੀਲੱਡੂ, ਜੰਮੇ ਸੀ ਡੱਡੂ ਛੱਪੜਾਂ 'ਤੇ ਗਈਆਂ
ਵੇਬੀਬਾ ਤੇਰੀਆਂ ਦਾਦਕੀਆਂ।

ਲੋਕਧਾਰਾ ਅਰੁਕ ਵਹਿਣ ਵਾਲੀ ਅਜਿਹੀ ਧਾਰਾ ਹੈ ਜਿਸ ਦਾ ਕੋਈ ਅੰਤ ਪਾਰਾਵਾਰ ਨਹੀਂ ਹੈ। ਵਣਜਾਰਾ ਬੇਦੀ ਅਨੁਸਾਰ "ਮੌਖਿਕ ਸਾਹਿਤ ਲੋਕਾਂ ਦੇ ਦਿਲਾਂ ਵਿੱਚ ਰਹਿੰਦਾ ਤੇ ਹੋਠਾਂ ਉੱਪਰ ਖੇਡਦਾ ਹੈ। ਇਹ ਮੂਹੋਂ ਮੂੰਹ ਅੱਗੇ ਤੁਰਦਾ ਯੁੱਗਾਂ ਦੇ ਪੈਂਡੇ ਤੈਅ ਕਰ ਲੈਂਦਾ ਹੈ। ਇਹ ਅਕਾਲ ਹੈ ਕਿਸੇਕਾਲ ਵਿੱਚ ਨਹੀਂ ਬੱਝਿਆ ਹੋਇਆ। ਇਹ ਅਕਰਤਾਹੈ ਛਾਂਗਦਾ ਹੈ ਅਤੇ ਅਖ਼ੀਰ ਵਿੱਚ ਇਹ ਰਚਨਾ ਜਾਤੀ ਸਮੂਹ ਦਾ ਅਨੁਭਵ ਆਪਣੇ ਵਿੱਚ ਰਚਾ ਕੇ ਇੱਕ ਸਾਂਝੀ ਕਿਰਤ ਬਣਜਾਂਦੀ ਹੈ।"

ਪੁਰਾਤਨ ਲੋਕ-ਕਾਵਿ ਸਾਡਾ ਅਨਮੋਲ ਖ਼ਜ਼ਾਨਾ ਹੈ ਕਿਉਂਕਿ ਇਸ ਵਿੱਚ ਹੁਣ ਸਾਂਝਾ ਮੌਖਿਕ ਕਾਵਿ ਜੁੜਨ ਦੀ ਸੰਭਾਵਨਾ ਨਹੀਂ ਹੈ। ਹੁਣ ਕਾਵਿ ਲਿਖਤੀ ਹੈ ਇਸ ਦਾ ਕਾਲਵੀ ਦਰਜ ਹੈ ਤੇ ਕਰਤਾਵੀ।ਲੋਕ-ਕਾਵਿ ਨੂੰ ਲਿਖਤੀ ਰੂਪ ਵਿੱਚ ਸਾਂਭਣਾ ਬਹੁਤ ਜ਼ਰੂਰੀ ਹੈ। ਇਸ ਨੂੰ ਪੜ੍ਹ-ਸੁਣ ਕੇ ਹੈਰਾਨੀ ਹੁੰਦੀ ਹੈ ਕਿ ਕਿਵੇਂ ਸਹਿਜ ਸੁਭਾਅ ਕੁਦਰਤ ਨੂੰ ਜਾਂ ਕੁਦਰਤ ਦੀ ਹਰ ਕਿਰਤ ਨੂੰ ਇਸ ਵਿੱਚ ਸਮੋਇਆ ਹੋਇਆ ਹੈ। ਪਸ਼ੂ-ਪੰਛੀ ਤੇ ਮਨੁੱਖ ਇਕੱਠੇ ਇਸ ਬੋਲੀ ਵਿੱਚ ਹਾਜ਼ਰੀ ਲਗਵਾਉਂਦੇ ਹਨ:

ਸੁਣ ਨੀਂਧੰਨ ਕੁਰੇ ਮੀਂਹ ਨਹੀਂ ਪੈਂਦਾ
ਸੁੱਕੀਆਂ ਵਗਣ ਜ਼ਮੀਨਾਂ
ਤੂੜੀ ਖਾ-ਖਾ ਬਲਦ ਹਾਰ ਗਏ
ਗੱਭਰੂ ਗਿੱਝ ਗਏ 'ਫੀਮਾਂ
ਤੇਰੀਬੈਠਕ ਨੇ ਪੱਟਿਆ ਕਬੂਤਰ ਚੀਨਾ।

ਲੰਮੇ ਗੌਣ ਦੇ ਕੁਝ ਅੰਸ਼ ਹਨ :

ਡਿੱਗਦੀ ਤਾਂ ਡਿੱਗਦੀਜ਼ਾਲਮ/ ਕੂਏ ਪਰਡਿੱਗ ਪਈ ਵੇ
ਹੱਡੀਆਂ ਦੀ ਹੋ ਗਈ ਜ਼ਾਲਮ ਢੇਰੀ ਵੇ,
ਚਿਣ-ਚਿਣਹੱਡੀਆਂ ਜ਼ਾਲਮ
ਮਹਿਲ ਬਣਾਵਾਂ ਵੇ/ਵਿੱਚ-ਵਿੱਚ ਰੱਖਦੀ ਜ਼ਾਲਮ ਮੋਰੀ ਵੇ
ਆਉਂਦਾ ਵੀ ਦੇਖਾਂ ਜ਼ਾਲਮ
ਜਾਂਦਾ ਵੀ ਦੇਖਾਂ ਸੂਰਤ ਨਾ ਦਿਖਦੀ
ਜ਼ਾਲਮ ਤੇਰੀ ਵੇ/ ਪਹਿਲਾਂ ਤਾਂ ਲੰਘਗਿਆ ਜ਼ਾਲਮ
ਤਿਲੀਅਰ ਤੋਤਾ ਵੇ/ ਪਿੱਛੇ ਤਾਂ ਲੰਘਗਈ ਜ਼ਾਲਮ ਮੈਨਾ ਵੇ...

ਬਹੁਤ ਡੂੰਘੇ ਅਰਥਾਂ ਵਾਲਾ ਹੈ ਇਹਗੌਣ ਜੋ ਤੋਤਾ-ਮੈਨਾ ਬਿੰਬ ਵਰਤ ਕੇ ਸਿਰਜਿਆਹੈ., ਇਹ ਕਮਾਲ ਦੀ ਸੂਝ ਦਾ ਪ੍ਰਤੀਕ ਹੈ।

ਮਸ਼ਹੂਰ ਸੁਹਾਗ ਹੈ:

ਸਾਡਾ ਚਿੜੀਆਂ ਦਾ ਚੰਬਾ ਵੇ
ਬਾਬਲ ਅਸਾਂ ਉੱਡ ਜਾਣਾ...।

'ਮੋਰ' ਅਲੰਕਾਰ ਬਹੁਤ ਥਾਈਂ ਮਿਲਦਾ ਹੈ। ਇਸ ਦੀ ਜੜਤ-ਘੜਤ ਕਾਬਲੇ ਤਾਰੀਫ਼ ਹੈ:

ਲਿਆ ਦਿਓਰਾ ਤੇਰਾ ਕੁੜਤਾ ਧੋ ਦਿਆਂ
ਪਾ ਕੇ ਕਲਮੀ ਸ਼ੋਰਾ/ ਵਿੱਚ ਭਰਜਾਈਆਂ ਦੇ
ਬੋਲ ਕਲਹਿਰੀਆ ਮੋਰਾ ...।

ਲੋਕਗੀਤਾਂ ਵਿੱਚ ਕਾਂ ਤੇਕੋਇਲ ਦਾ ਜੋੜ ਵੇਖਣ ਵਾਲਾ ਹੈ:

ਪੁੱਤ ਮੇਰੇ ਸਹੁਰੇ ਦਾ/ ਲੱਗੀ ਲਾਮ ਤੇ ਲੁਆ ਲਿਆਲਾਵਾਂ
ਜਾਂਦਾ ਹੋਇਆ ਦੱਸ ਨਾ ਗਿਆ/ ਚਿੱਠੀਆਂ ਕਿੱਧਰ ਨੂੰ ਪਾਵਾਂ
ਕੋਇਲਾਂ ਕੂਕਦੀਆਂ/ ਕਿਤੇ ਬੋਲ ਵੇ ਚੰਦਰਿਆ ਕਾਵਾਂ...।

ਇਸ ਕਾਵਿ ਦੀ ਵਡਿਆਈ ਹੈ ਕਿ ਅੰਮ੍ਰਿਤ ਵੇਲੇ ਬੋਲਣ ਵਾਲੇ ਪਪੀਹੇ ਨੂੰ ਵੀ ਮਾਣ ਦਿੱਤਾ ਹੈ। ਇਹ ਉਨ੍ਹਾਂ ਗੁੰਮਨਾਮ ਤੇ ਬਿਨਾਂ ਕਲਮ, ਬਿਨਾਂ ਅੱਖਰਾਂ ਦੇ ਗਿਆਨ ਵਾਲੀਆਂ 'ਗਿਆਨਣਾਂ' ਦੇਗਿਆਨ ਦੀ ਕਾਢ ਹੈ। ਮੁੰਡੇ ਦੇ ਵਿਆਹ ਮੌਕੇ ਗਿੱਧੇ ਵਿੱਚ ਛੱਜ ਤੋੜਦੀਆਂ ਨਾਨਕੀਆਂ ਪਪੀਹੇ ਨੂੰ 'ਬੰਬੀਹਾ' ਕਹਿ ਕੇ ਭਾਈਚਾਰਕ ਸਾਂਝ ਦੀ ਗੱਲ ਕਰਦੀਆਂ ਗਾਉਂਦੀਆਂ:

ਬੋਲਬੰਬੀਹਾ/ਪਿੰਡ ਦੇ ਲੰਬੜਦਾਰ ਦਾ ਬੰਬੀਹਾ ਬੋਲ...

ਇਸ ਵਿੱਚ ਪਰਿਵਾਰ ਦੇ ਸਾਰੇ ਮਰਦਾਂ ਦੇ ਨਾਂ ਗਿਣੇ ਜਾਂਦੇ। ਕਈ ਖੇਤਰਾਂ ਵਿੱਚ ਬੰਬੀਹੇ ਦੀ ਥਾਂ 'ਬੰਬਈਆ' ਬੋਲ ਵੀ ਗਾਇਆ ਜਾਂਦਾ ਹੈ। ਜਿਵੇਂ:

ਬੋਲ ਬੰਬਈਆ/ਸਾਡੇ ਦਾਦੇਦਾ ਬੰਬਈਆ ਬੋਲ...।

ਘੋੜੇ ਦੀ ਵੀ ਵੱਖਰੀ ਸ਼ਾਨ ਦਾ ਵਰਨਣ, ਸੁੰਦਰ ਦ੍ਰਿਸ਼ ਪੇਸ਼ ਕਰਦਾ ਹੈ:

ਵੇ ਵੀਰ, ਦਾਦਾ ਤੇਰਾ/ਸਰਦਾਰ ਸੁਣੀਂਦਾ ਭਾਰੀ
ਵੇ ਹੇਠ ਕੋਤਲ ਘੋੜਾ/ਖੇਡਣ ਜਾਂਦਾ ਸ਼ਿਕਾਰੀ...।

ਡਾਚੀ ਤੇ ਬੋਤੇ ਦਾ ਆਪਣਾ ਵੱਖਰਾ ਸਥਾਨ ਹੈ:

ਡਾਚੀ ਵਾਲਿਆ ਮੋੜ ਮੁਹਾਰ ਵੇ
ਘੋੜੀ ਵਾਲਿਆ ਲੈ ਚੱਲ ਨਾਲ ਵੇ...।

ਕਿਤੇ ਬੱਕਰੀਆਂ ਵਾਲੇ ਤੁਰੀ ਜਾਂਦੀ ਮੁਟਿਆਰ ਨੂੰ ਕਹਿੰਦੇ ਹਨ:

'ਵਾਜਾਂ ਮਾਰਦੇ ਬੱਕਰੀਆਂ ਵਾਲੇ
ਬੱਲੀਏ ਰੁਮਾਲ ਭੁੱਲ ਗਈ...।

ਸਾਡੇ ਪੇਂਡੂ ਸਮਾਜ ਵਿੱਚ ਪਸ਼ੂਆਂ ਦਾ ਅਹਿਮ ਸਥਾਨ ਰਿਹਾ ਹੈ। ਕਿਸਾਨੀ ਕਿੱਤਾ ਤਾਂ ਇਨ੍ਹਾਂ 'ਤੇ ਹੀ ਨਿਰਭਰ ਸੀ ਤੇ ਕਿਤੇ ਅੱਜ ਵੀ ਹੈ। ਇਸ ਨੂੰ ਪਸ਼ੂ ਧਨ ਕਿਹਾ ਜਾਂਦਾ ਹੈ। ਇਸ ਗੱਲ ਦੀ ਪੁਸ਼ਟੀ ਬੋਲੀਆਂ ਵਿੱਚ ਕੀਤੀ ਗਈ ਹੈ ਜੋ ਭੈਣ-ਭਰਾ ਦੀ ਆਪਸੀ ਗੱਲਬਾਤ ਰਾਹੀਂ ਹੁੰਦੀ ਹੈ :

ਵੀਰਾ ਵੇ ਮੁਰੱਬੇ ਵਾਲਿਆ/ਭੈਣਾਂ ਚੱਲੀਆਂ ਸੰਦੂਕੋਂ ਖਾਲ਼ੀ

ਭਰਾ ਬੇਵਸੀ ਜ਼ਾਹਿਰ ਕਰਦਾ ਹੈ:

ਮੇਰੇ ਬਲਦ ਹਾਰ ਗਏ ਭੈਣੇ/ਮਾਮਲਾ ਨਾ ਅਜੇ ਤਾਰਿਆ...।

ਲੋਕ-ਕਾਵਿ ਵਿੱਚ ਸਮਾਜਿਕ, ਰਾਜਨੀਤਕ ਤੇ ਧਾਰਮਿਕ ਪੱਖਾਂ ਤੋਂ ਵਗੈਰ ਆਰਥਿਕ ਪੱਖ ਨੂੰ ਵੀ ਉਜਾਗਰ ਕੀਤਾ ਗਿਆ ਹੈ। ਰਿਸ਼ਤਿਆਂ ਦੇ ਕੱਚ-ਸੱਚ ਨੂੰਵੀ ਬੇਝਿਜਕ ਬਿਆਨ ਕੀਤਾ ਗਿਆ ਹੈ:

ਵੀਰਾ ਮੱਝੀਆਂ ਦੇਸੰਗਲ ਫੜਾਵੇ
ਭਾਬੋ ਪਾਵੇ ਮੱਥੇ ਤਿਊੜੀਆਂ...।

ਕਿਸੇ ਅੱਖੜ ਜਾਂ ਦਲੇਰ ਭਰਜਾਈ ਨਾਲ ਜੋੜ ਕੇ ਨਿਮਾਣੇ ਜਿਹੇ ਕੱਟੇ ਨੂੰ ਵੀ ਇਸ ਬਹੁ ਰੰਗੇ ਕਾਵਿ ਵਿੱਚ ਮਾਣ ਦਿੱਤਾ ਗਿਆ ਹੈ। ਪੇਸ਼ਕਾਰੀ ਲਾਜਵਾਬ ਹੈ:

ਨੀਂ ਮੈਂ ਕੱਟੇ ਦੇ ਭੁਲੇਖੇ, ਛੜਾਜੇਠ ਕੁੱਟਤਾ
ਉੱਤੋਂ ਮੱਲ੍ਹਮ ਦੇ ਭੁਲੇਖੇ, ਨੀਂ ਮੈਂ ਲੂਣ ਭੁੱਕਤਾ...।

ਜ਼ਹਿਰੀਲੇ ਜੀਵ-ਜੰਤੂ ਵੀ ਇਸ ਕਾਵਿ ਵਿੱਚ ਮੇਲ੍ਹਦੇ ਫਿਰਦੇ ਹਨ। ਉਮਰ ਦੇ ਢਲਦੇ ਪਹਿਰ ਕੋਈ ਔਰਤ ਕਿਵੇਂ ਜਵਾਨੀ ਨੂੰ ਯਾਦ ਕਰਦਿਆਂ ਝੁਰਦੀ ਹੈ, ਉਹ ਭਾਵਨਾਵਾਂ ਵੀ ਵਿਅਕਤ ਕੀਤੀਆਂ ਗਈਆਂ ਹਨ ਜਿਨ੍ਹਾਂ ਵਿੱਚ ਸੱਪਣੀ ਵੀ ਚੇਤੇ ਰੱਖੀ ਗਈ ਹੈ:

ਜਦੋਂ ਜਵਾਨੀ ਦਾ ਜ਼ੋਰ ਸੀਵੇ ਜ਼ਾਲਮਾ
ਸੱਪਣੀਵਰਗੀ ਤੋਰ ਸੀਵੇ ਜ਼ਾਲਮਾ...।

ਨਾਗ ਨੂੰ ਵੀ ਅਣਗੌਲਿਆਂ ਨਹੀਂ ਕੀਤਾ ਗਿਆ:

ਮਾਂ ਮੇਰੀ ਨੇ ਕੁੜਤੀ ਦਿੱਤੀ/ ਕੁੜਤੀ ਨੂੰ ਲਾਈ ਜੇਬ
ਜੇਬ ਵਿੱਚ ਡੱਬੀ/ ਡੱਬੀਵਿੱਚ ਨਾਗ
ਨਾਗ ਤੋਂ ਮੈਂ ਬਚਗਈ/ ਕਿਸਗੱਭਰੂ ਦੇਭਾਗ...।

ਅਸ਼ਕੇ ਇਨ੍ਹਾਂ ਬੋਲਾਂ ਨੂੰ ਸਿਰਜਣ ਵਾਲੀਆਂ ਤੇ ਮੁੜ ਇਨ੍ਹਾਂ ਅਚੰਭਿਤ ਕਰਨ ਵਾਲੇ ਬੋਲਾਂ ਨੂੰ ਸੀਨਾ ਬਸੀਨਾ ਅੱਗੇ ਤੋਰਨ ਵਾਲਿਆਂ ਦੇ। ਲੁਕੇ-ਛਿਪੇ ਨਿੱਕੇ ਜਿਹੇ ਜ਼ਹਿਰੀ 'ਖੰਜਖਜੂਰੇ' ਨੂੰ ਵੀ ਅੱਲੜ੍ਹ ਜਿਹੀ ਕੁੜੀ ਦੇ ਲੜਾ ਦਿੱਤਾ ਹੈ ਜੋ ਮਾਂ ਨੂੰ ਦੁਹਾਈ ਪਾਉਂਦੀ ਹੈ:

ਟੁੱਟੀ ਮੰਜੀ ਵਾਣ ਪੁਰਾਣਾ/ ਪਹਿਲਾ ਈ ਪੈਰ ਧਰਿਆ ਨੀਂ ਮਾਂ
ਮੇਰੇ ਖੰਜਖਜੂਰਾ ਲੜਿਆ ਨੀਂ ਮਾਂ...।

ਲੋਕ-ਕਾਵਿ ਕਿਸੇਅਥਾਹ ਸਮੁੰਦਰ ਦੇ ਨਿਆਈਂ ਹੈ। ਇਸਵਿੱਚ ਬੇਅੰਤ ਕਾਵਿ ਰੂਪੀ ਮੋਤੀ ਛੁਪੇ ਪਏ ਹਨ ਜੋ ਇਸ ਵਿੱਚ ਜ਼ਿਹਨੀ ਟੁੱਭੀਆਂ ਮਾਰਿਆਂ ਹੀ[illegible] ਲੱਭੇ ਜਾ ਸਕਦੇ ਹਨ। ਸੋਚਣਵਾਲੀ ਗੱਲ ਕਿ ਪਸ਼ੂ-ਪੰਛੀਆਂ ਨੂੰ ਆਧਾਰ ਬਣਾ ਕੇ ਐਨਾ ਖ਼ੂਬਸੂਰਤ ਤੇ ਭਾਵਪੂਰਤ ਕਾਵਿ ਸਿਰਜਿਆ ਹੈ ਤਾਂ ਮਨੁੱਖੀ ਜੀਵਨ ਨੂੰ ਲੈ ਕੇ ਕੀ ਮਾਅਰਕੇ ਮਾਰੇ ਗਏ ਹੋਣਗੇ? ਇਹ ਤਾਂ ਇਸ ਨੂੰ ਪੜ੍ਹਿਆਂ-ਸੁਣਿਆਂ ਹੀ ਜਾਣਿਆ ਜਾ ਸਕਦਾ ਹੈ।

ਸੰਪਰਕ: 98728-98599



# ਟਰੱਕ ਵਰਗੀ ਤਾਕਤ, ਕਿਸ਼ਤੀ ਵਰਗੀ ਰਫ਼ਤਾਰ!

## ਹੜ੍ਹਾਂ ਵਿੱਚ ਜਾਨਾਂ ਬਚਾਉਣ ਵਾਲਾ ਫੌਜ ਦਾ ATOR N1200 ਕਿਵੇਂ ਬਣ ਰਿਹਾ ਹੈ ਹੀਰੋ...

ਫੌਜ ਦਾ ATOR N1200: ਟਰੱਕ ਵਰਗੀ ਤਾਕਤ, ਕਿਸ਼ਤੀ ਵਰਗੀ ਰਫ਼ਤਾਰ, ਹੜ੍ਹਾਂ ਵਿੱਚ ਜਾਨਾਂ ਬਚਾਉਣ ਵਾਲਾ ਭਾਰਤੀ ਫੌਜ ਦਾ ATOR N1200 ਪੰਜਾਬ ਦੇ ਹੜ੍ਹਾਂ ਵਿੱਚ ਲੋਕਾਂ ਲਈ ਜਾਨ ਬਚਾਉਣ ਵਾਲਾ ਸਾਬਤ ਹੋ ਰਿਹਾ ਹੈ।

**ATOR N1200 ਕੀ ਹੈ:** ਜਦੋਂ ਹੜ੍ਹ ਦਾ ਪਾਣੀ ਪੰਜਾਬ ਦੇ ਅੰਮ੍ਰਿਤਸਰ ਦੇ ਪਿੰਡਾਂ ਅਤੇ ਗਲੀਆਂ ਵਿੱਚ ਭਰ ਗਿਆ, ਤਾਂ ਲੋਕ ਆਪਣੇ ਘਰਾਂ ਵਿੱਚ ਕੈਦ ਹੋ ਗਏ। ਕਿਸ਼ਤੀਆਂ ਵੀ ਹਰ ਜਗ੍ਹਾ ਨਹੀਂ ਪਹੁੰਚ ਸਕੀਆਂ ਅਤੇ ਆਮ ਵਾਹਨ ਪਾਣੀ ਵਿੱਚ ਡੁੱਬ ਰਹੇ ਸਨ। ਅਜਿਹੀ ਸਥਿਤੀ ਵਿੱਚ, ਭਾਰਤੀ ਫੌਜ ਆਪਣੀ ਸਭ ਤੋਂ ਸ਼ਕਤੀਸ਼ਾਲੀ ਮਸ਼ੀਨ ATOR N1200 ਲੈ ਕੇ ਆਈ। ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓ ਵਿੱਚ, ਇਹ ਵਿਸ਼ਾਲ ਵਾਹਨ ਪਾਣੀ ਵਿੱਚੋਂ ਲੰਘਦਾ ਅਤੇ ਫਸੇ ਪਿੰਡ ਵਾਸੀਆਂ ਨੂੰ ਸੁਰੱਖਿਅਤ ਬਾਹਰ ਕੱਢਦਾ ਦਿਖਾਈ ਦੇ ਰਿਹਾ ਹੈ।

ਇਹ ਦ੍ਰਿਸ਼ ਸਿਰਫ਼ ਇੱਕ ਬਚਾਅ ਕਾਰਜ ਨਹੀਂ ਸੀ, ਸਗੋਂ ਤਕਨਾਲੋਜੀ ਅਤੇ ਮਨੁੱਖੀ ਸੰਵੇਦਨਸ਼ੀਲਤਾ ਦਾ ਇੱਕ ਵੱਡਾ ਸੁਮੇਲ ਸੀ। ਜਦੋਂ ਪਿੰਡ ਵਾਸੀ ਆਪਣੇ ਵਿਚਕਾਰ ਇਸ "ਉਭੀ ਜਾਨਵਰ" ਨੂੰ ਦੇਖ ਰਹੇ ਸਨ। ਉਨ੍ਹਾਂ ਦੀਆਂ ਅੱਖਾਂ ਵਿੱਚ ਰਾਹਤ ਅਤੇ ਵਿਸ਼ਵਾਸ ਦੀ ਚਮਕ ਸਾਫ਼ ਦਿਖਾਈ ਦੇ ਰਹੀ ਸੀ।

ਜ਼ਮੀਨ ਅਤੇ ਪਾਣੀ ਦੋਵਾਂ 'ਤੇ ਬਰਾਬਰ ਮੁਹਾਰਤ

ਇਸਦੀ ਪੂਰੀ ਤਰ੍ਹਾਂ ਉਭਰੀ ਸਮਰੱਥਾ ਇਸਨੂੰ ਹੋਰ ਵਾਹਨਾਂ ਤੋਂ ਵੱਖਰਾ ਬਣਾਉਂਦੀ ਹੈ। ਇਸਦੇ ਵੱਡੇ ਘੱਟ-ਦਬਾਅ ਵਾਲੇ ਟਾਇਰ ਇੱਕ ਫਲੋਟੇਸ਼ਨ ਡਿਵਾਈਸ ਵਾਂਗ ਕੰਮ ਕਰਦੇ ਹਨ। ਟਾਇਰਾਂ 'ਤੇ ਚੌੜੀਆਂ ਪਸਲੀਆਂ ਪਾਣੀ ਵਿੱਚੋਂ ਲੰਘਦੀਆਂ ਹਨ। ਇਸ ਨਾਲ ਇਹ ਕਿਸ਼ਤੀ ਵਾਂਗ ਅੱਗੇ ਵਧਦਾ ਹੈ। ਇੰਨਾ ਹੀ ਨਹੀਂ, ਇਹ ਇੱਕ ਮੀਟਰ ਉੱਚੀ ਬਰਫ਼ ਨੂੰ ਤੋੜ ਕੇ ਰਸਤਾ ਵੀ ਬਣਾ ਸਕਦਾ ਹੈ।

ਮਜ਼ਬੂਤ ਅਤੇ ਟਿਕਾਊ ਡਿਜ਼ਾਈਨ

ATOR N1200 ਉੱਚ-ਸ਼ਕਤੀ ਵਾਲੇ ਸਟੀਲ ਫਰੇਮ ਤੋਂ ਬਣਿਆ ਹੈ। ਇਸ 'ਤੇ ਜ਼ਿੰਕ ਕੋਟਿੰਗ ਕੀਤੀ ਗਈ ਹੈ। ਇਹ ਇਸਦੀ ਉਮਰ 30 ਸਾਲਾਂ ਤੱਕ ਵਧਾ ਸਕਦਾ ਹੈ। ਬਾਡੀ ਪੈਨਲਾਂ 'ਤੇ ਇੱਕ ਵਿਸ਼ੇਸ਼ ਭ੍ਰਿਸ਼ਟਾਚਾਰ ਵਿਰੋਧੀ ਪਰਤ ਹੈ ਅਤੇ ਜੇਕਰ ਲੋੜ ਹੋਵੇ, ਤਾਂ ਇਸਨੂੰ ਕੇਵਲਰ ਜਾਂ ਕੰਪੋਜ਼ਿਟ ਆਰਮਰ ਨਾਲ ਲੈਸ ਕੀਤਾ ਜਾ ਸਕਦਾ ਹੈ। ਯਾਨੀ, ਨਾ ਸਿਰਫ਼ ਰਾਹਤ ਕਾਰਜਾਂ ਵਿੱਚ, ਇਹ ਜੰਗ ਵਰਗੀਆਂ ਸਥਿਤੀਆਂ ਵਿੱਚ ਵੀ ਸੈਨਿਕਾਂ ਦਾ ਸਾਥੀ ਬਣ ਸਕਦਾ ਹੈ।



ਭਾਰ ਚੁੱਕਣ ਵਿੱਚ ਵੀ ਸਭ ਤੋਂ ਅੱਗੇ

ਇਸਦੇ ਸੰਖੇਪ ਆਕਾਰ ਦੇ ਬਾਵਜੂਦ, ਇਹ ਵਾਹਨ ਭਾਰੀ ਭਾਰ ਚੁੱਕਣ ਦੇ ਸਮਰੱਥ ਹੈ। ਇਹ 1200 ਕਿਲੋਗ੍ਰਾਮ ਤੱਕ ਦਾ ਪੇਲੋਡ ਚੁੱਕ ਸਕਦਾ ਹੈ ਅਤੇ ਇਸ ਵਿੱਚ ਕੁੱਲ 9 ਲੋਕ (8 ਯਾਤਰੀ ਅਤੇ 1 ਡਰਾਈਵਰ) ਬੈਠ ਸਕਦੇ ਹਨ। ਇੰਨਾ ਹੀ ਨਹੀਂ, ਇਹ 2350 ਕਿਲੋਗ੍ਰਾਮ ਤੱਕ ਦਾ ਸਾਮਾਨ ਵੀ ਖਿੱਚ ਸਕਦਾ ਹੈ। ਯਾਨੀ ਕਿ ਸੈਨਿਕਾਂ ਨੂੰ ਮੁਸ਼ਕਲ ਖੇਤਰਾਂ ਵਿੱਚ ਲਿਜਾਣ ਦੇ ਨਾਲ-ਨਾਲ, ਇਹ ਜ਼ਰੂਰੀ ਸਾਮਾਨ ਅਤੇ ਹਥਿਆਰ ਵੀ ਲਿਜਾ ਸਕਦਾ ਹੈ।

### ਇੰਜਣ ਅਤੇ ਗਤੀ

ATOR N1200 ਵਿੱਚ 1.5-ਲੀਟਰ ਡੀਜ਼ਲ ਇੰਜਣ ਹੈ, ਜੋ 55 bhp ਪਾਵਰ ਅਤੇ 190 Nm ਟਾਰਕ ਪੈਦਾ ਕਰਦਾ ਹੈ। ਇਹ ਜ਼ਮੀਨ 'ਤੇ ਲਗਭਗ 40 ਕਿਲੋਮੀਟਰ ਪ੍ਰਤੀ ਘੰਟਾ ਅਤੇ ਪਾਣੀ ਵਿੱਚ 6 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲ ਸਕਦਾ ਹੈ। ਇਸ ਵਿੱਚ 232 ਲੀਟਰ ਦਾ ਬਾਲਣ ਟੈਂਕ ਹੈ। ਇਸ ਕਾਰਨ, ਇਹ ਲਗਭਗ 61 ਘੰਟੇ ਨਿਰੰਤਰ ਕੰਮ ਕਰਨ ਦੇ ਸਮਰੱਥ ਹੈ।

### ਹਰ ਮੌਸਮ ਵਿੱਚ ਸਫਲ

ਇਹ ਵਾਹਨ -40 ਡਿਗਰੀ ਤੋਂ +45 ਡਿਗਰੀ ਤੱਕ ਦੇ ਤਾਪਮਾਨ ਵਿੱਚ ਕੰਮ ਕਰ ਸਕਦਾ ਹੈ। ਭਾਰੀ ਮੀਂਹ, ਬਰਫੀਲੇ ਤੂਫਾਨ, ਮਾਰੂਥਲ ਦੀ ਗਰਮੀ ਜਾਂ ਸੰਘਣੀ ਧੁੰਦ, ATOR N1200 ਹਰ ਸਥਿਤੀ ਵਿੱਚ ਭਰੋਸੇਯੋਗ ਸਾਬਤ ਹੁੰਦਾ ਹੈ। ਇਸੇ ਲਈ ਇਸਨੂੰ ਸਿੱਕਮ ਦੇ ਬਰਫੀਲੇ ਇਲਾਕਿਆਂ ਤੋਂ ਲੈ ਕੇ ਪੰਜਾਬ ਦੇ ਹੜ੍ਹਾਂ ਤੱਕ ਲਾਂਚ ਕੀਤਾ ਗਿਆ ਹੈ।

### 'ਮੇਕ ਇਨ ਇੰਡੀਆ' ਦਾ ਇੱਕ ਮਜ਼ਬੂਤ ਪ੍ਰਤੀਕ

ATOR N1200 ਦਾ ਨਿਰਮਾਣ ਦੇਸ਼ ਦੀ ਕੰਪਨੀ JSW Gecko Motors ਦੁਆਰਾ ਕੀਤਾ ਗਿਆ ਹੈ। ਰੱਖਿਆ ਮੰਤਰਾਲੇ ਨੇ 250 ਕਰੋੜ ਰੁਪਏ ਦੇ ਇਕਰਾਰਨਾਮੇ ਵਿੱਚ 96 ਵਾਹਨ ਆਰਡਰ ਕੀਤੇ ਹਨ। ਇਸ ਵਾਹਨ ਨੇ ਪਹਿਲਾਂ 2024 ਦੀ ਗਣਤੰਤਰ ਦਿਵਸ ਪਰੇਡ ਵਿੱਚ ਲੋਕਾਂ ਦਾ ਧਿਆਨ ਖਿੱਚਿਆ ਸੀ ਅਤੇ ਹੁਣ ਇਹ ਸਿੱਧੇ ਤੌਰ 'ਤੇ ਅੰਮ੍ਰਿਤਸਰ ਵਿੱਚ ਰਾਹਤ ਕਾਰਜਾਂ ਦਾ ਹੀਰੋ ਬਣ ਗਿਆ ਹੈ।

### ਉਮੀਦ ਦੀ ਇੱਕ ਨਵੀਂ ਕਿਰਨ

ਜਦੋਂ ਇਹ "ਸੈਨਾ ਜਾਨਵਰ" ਪਾਣੀ ਵਿੱਚੋਂ ਲੰਘਦਾ ਹੋਇਆ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਪਹੁੰਚਿਆ, ਤਾਂ ਲੋਕਾਂ ਨੇ ਸੁੱਖ ਦਾ ਸਾਹ ਲਿਆ। ਪਿੰਡ ਵਾਸੀਆਂ ਨੇ ਕਿਹਾ, "ਅਸੀਂ ਸੋਚਿਆ ਸੀ ਕਿ ਅਸੀਂ ਫਸ ਜਾਵਾਂਗੇ, ਪਰ ਇਹ ਫੌਜੀ ਵਾਹਨ ਸਾਡੀ ਜਾਨ ਬਚਾਉਣ ਲਈ ਆਇਆ ਹੈ।" ATOR N1200 ਸਿਰਫ਼ ਇੱਕ ਮਸ਼ੀਨ ਨਹੀਂ ਹੈ, ਸਗੋਂ ਵਿਸ਼ਵਾਸ, ਤਾਕਤ ਅਤੇ ਆਧੁਨਿਕ ਭਾਰਤੀ ਇੰਜੀਨੀਅਰਿੰਗ ਦੀ ਇੱਕ ਜਿਉਂਦੀ ਜਾਗਦੀ ਉਦਾਹਰਣ ਬਣ ਗਈ ਹੈ।

# ਸਿਰਲੇਖਵਾਰ ਇਸ਼ਤਿਹਾਰ /Classified Advertisement


(U/o 5 Rule 20 CPC)
(Succession Case)
**In The Court of Ms. Harpreet Kaur-I**
**Civil Judge (Senior Division), Jalandhar**
CNR No. PBJL02-002279-2025
Next Date : 19-09-2025
SUCC/3/2025
Dayal Kaur
Versus
General Public
Petition for grant of a succession Certificate Under Seciton 372 of Indian Succession Act
Notice to: General Public:- General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 19-09-2025 at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 27-08-2025
**Sd/- Civil Judge (Senior Division), Jalandhar**

(U/o 5 Rule 20 CPC)
**In the Court of Ms. Shaweta**
**Civil Judge (Junior Division), Ludhiana**
CNR No. PBLD02-003575-2025
Next Date : 19-09-2025
Kuldip Singh
Versus
Balbir Singh
Notice to: 1. Balbir Singh S/o Avtar Singh 2. Gurmit Singh S/o Avtar Singh Both R/o Village Kubbe Tehsil Samrala, District Ludhiana
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 19-09-2025 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 27-08-2025
**Sd/- Civil Judge (Junior Division), Ludhiana**

(U/o 5 Rule 20 CPC)
**In the Court of Sh. Arun Gupta**
**Additional Civil Judge (Senior Division), Jalalabad**
CNR No. PBFZB0-000684-2025
Next Date : 19-09-2025
Parveen Kaur
Versus
General Public
Notice to: General Public:- General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 19-09-2025 at 10:00 A.M.
For details logon to https://highcourtchd.gov.in/?mod=district_notice&district=fazilkacourt
Dated this day of 06-08-2025
**Sd/- Additional Civil Judge (Senior Division), Jalalabad**

(U/o 5 Rule 20 CPC)
**In the Court of Sh. Harish Kumar**
**Additional Civil Judge (Senior Division), Bathinda**
CNR No. PBBT02-001295-2023
Next Date : 17-09-2025
CS/316/2023
Union Bank of India
Versus
M/s Manish and Co.
Suit for Recovery of Rs. 12,12,701.71 i.e Rs 1131097.55/- against OCC Limt From Account No. 179913100001732 and Rs 81604.16 against FIRL Limt from account no. 179930100010068 being the principal, interest, and other incidental charges, upto the date filling the suit and plus pendente-lite and future interest @11.05% p.a from the date of filing of the suit, till the realisation of the decretal amount in full and costs of the suit
Notice to: 1. M/s Manish and co. Through its prop. Mrs Neena Jain wife of Sh. Ajay Kumar Jain, R/o 2238, Madhuban Street, Amrik Singh Road, Bathinda 9815425282 2. Neena Jain Spouse:- Ajay Kumar Jain 2238, Madhuban Street, Amrik Singh Road, Bathinda, MNo 9815425782
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 17-09-2025 at 10:00 A.M.
For details logon to https://highcourtchd.gov.in/?mod=district_notice&district=Bathinda
**Sd/- Additional Civil Judge (Senior Division), Bathinda**

(U/o 5 Rule 20 CPC)
**In the Court of Ms. Sanjeeta**
**Additional District and Sessions Judge, Sangrur**
CNR No. PBSG01-001358-2024
Next Date : 20-09-2025
Surjit Kaur
Versus
Nirmal Dass
Claim Petition u/s 166 MV Act for compensation on account of death Nachhattar Singh s/o Naranjan Singh
Notice to: Sandeep Singh Son:- Jot Ram resident of Model Town, Tapa Mandi, Tehsil and District Barnala.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 20-09-2025 at 10:00 A.M.
For details logon to https://highcourtchd.gov.in/?mod=district_notice&district=Sangrur
Dated this day of 07-08-2025
**Sd/- Additional District and Sessions Judge, Sangrur**

(U/o 5 Rule 20 CPC)
**In the Court of Ms. Monika Chouhan**
**Additional Civil Judge (Senior Division), Khadoor Sahib**
**Next Date, Purpose of case, Orders and Judgments as well as other case information is available on http://districts.ecourts.gov.in**
CNR No. PBTTB0-000337-2019
Next Date : 12-09-2025
UCO Bank
Versus
Lakhbir Singh
Notice to: Balwinder Singh Father:- Gian Singh R/o Village and Post Office Jamarai Teh Khadur Sahib Distt. Tarn Taran
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 12-09-2025 at 10:00 A.M.
For details logon to https://highcourtchd.gov.in/?trs=district_notice&district=Tarn Taran
Dated this day of 20-08-2025
**Sd/- Additional Civil Judge (Senior Division), Khadoor Sahib**

(U/o 5 Rule 20 CPC)
**In The Court of Ms. Mehakpreet Kaur**
**Civil Judge (Junior Division), Baba Bakala, Amritsar**
CNR No. PBASB0-000329-2025
Next Date : 15-09-2025
Avtar Singh son of late Gurdev Singh aged about 21 years resident of Village Wadala Kalan, Tehsil Baba Bakala Sahib, District Amritsar
Versus
General Public
Suit for declaration to the effect that the plaintiff is the adopted son of deceased shri Gurdev Singh son of Bachan Singh and Smt. Gurjit Kaur Widow fo Gurdev Singh (defendant no. 6) on the basis of unregistered adoption deed dated 1.6.2010 and is also their legal heirs and have got every legal rights to their movable and immovable properties.
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 15-09-2025 at 10:00 A.M.
For details logon to https://highcourtchd.gov.in/?trs=district_notice&district=Amritsar
Dated, this day of 27-08-2025
**Sd/- Civil Judge (Junior Division), Baba Bakala,**

(U/o 5 Rule 20 CPC)
**In The Court of Sh. Ram Pal**
**Civil Judge (Junior Division)-5, Jalandhar**
CNR No. PBJL02-002544-2024
Next Date : 17-09-2025
CS/1367/2024
Kala Rani Rattu
Versus
General Public
Suit for grant of decree of declaration
Notice to: General Public:- General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 17-09-2025 at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 04-08-2025
**Sd/- Civil Judge (Junior Division)-5, Jalandhar**

(U/o 5 Rule 20 CPC)
**In the Court of Sh. Puneet Verma**
**Civil Judge (Junior Division), Sunam**
CNR No. PBSGA0-001273-2024
Next Date : 17-09-2025
Darbara Singh
Versus
Gurjit Singh
Notice to: Gurjit Singh S/o Ramjas Singh r/o Vill. Hambalwas Jakhepal Teh Sunam District Sangrur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 17-09-2025 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 06-08-2025
**Sd/- Civil Judge (Junior Division), Sunam**

(U/o 5 Rule 20 CPC)
**In the Court of Sh. Suresh Kumar**
**Civil Judge (Junior Division), Bholath**
CNR No. PBKPC0-000231-2024
Next Date : 17-09-2025
State Bank of India
Versus
Jasvir Singh (Beldar)
Notice to: Jasvir Singh (Beldar) Father:- Sarban Singh PED Office, Bholath Kartarpur Road, Tehsil Bholath, District Kapurthala Second Address- Village Jalal Nangal, P.O. Tahli, Tehsil Dasuya, District Hoshiarpur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 17-09-2025 at 10:00 A.M.
For details logon to https://highcourtchd.gov.in/?trs=district_notice&district=Kapurthala
Dated this day of 30-07-2025
**Sd/- Civil Judge (Junior Division), Bholath**

(U/o 5 Rule 20 CPC)
**In the Court of Sh. Pankaj Verma**
**Additional Civil Judge (Senior Division), Tarn Taran**
**Next Date, Purpose of case, Orders and Judgments as well as other case information is available on http://districts.ecourts.gov.in**
CNR No. PBTT02-000410-2025
Next Date : 17-09-2025
Monka Kaur
Versus
General Public
Notice to: General Public Tarn Taran
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 17-09-2025 at 10:00 A.M.
For details logon to https://highcourtchd.gov.in/?trs=district_notice&district=Tarn Taran
Dated this day of 29-07-2025
**Sd/- Additional Civil Judge (Senior Division), Tarn Taran**

(U/o 5 Rule 20 CPC)
**In the Court of Sh. Manpreet Sohi**
**Civil Judge (Junior Division), Dasuya**
CNR No. PBHOA0-000214-2025
Next Date : 17-09-2025
Jagir Kaur W/o Tarlok Singh R/o Village Budho Barkat (Navin Abadi Gallowal) Tehsil Dasuya Distt. Hoshiarpur.
..........Plaintiff
Versus
Tania W/o Arjun Singh D/o Rattan Singh R/o H.No. 352 Ravidass Nagar Maqsooda Jalandhar-1 PO Grain market Tehsil and Distt. Jalandhar and others
........Defendants
Suit for declaration
Notice to: 1) Tania W/o Arjun Singh D/o Rattan Singh R/o H.No. 352 Ravidass Nagar Maqsooda Jalandhar-1 Post Office Grain Market Teh and Distt. Hoshiarpur 2) Arjun Singh S/o Tarlok Singh R/o Village Budho Barkat Navi Abadi Gallowal Tehsil Dasuya Distt. Hoshiarpur.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 17-09-2025 at 10:00 A.M.
For details logon to https://highcourtchd.gov.in/?mod=district_notice&district=Hoshiarpur
Dated this day of 14-08-2025
**Sd/- Civil Judge (Junior Division), Dasuya**

(U/o 5 Rule 20 CPC)
**In The Court of Dr. Gagan Deep Kaur**
**Additional District and Sessions Judge, SBS Nagar**
CNR No. PBSB01-001327-2024
Next Date : 18-09-2025
Gurdev Lal @ Gurdev Chand
Versus
Surjeet Singh
Application U/s 5 Limitation Act for condoning the delay in filing the present appeal against Judgment Dated 17.02.2024 passed by the court of Sh. Sukhwinder Singh, ACJ(SD), Balachaur.
Notice to: Parminder Singh Father:- Sukhdev Singh Son of Meehan Singh resident of Ward no. 10 Balachaur, Tehsil Balachaur, Distt. SBS Nagar
In above titled case the defendant(s)/respondent(s) should appear in person or through counsel on 18-09-2025 at 10:00 A.M.
For details logon to https://highcourtchd.gov.in/?mod=district_notice&district=sbsnagar
Dated, this day of 11-08-2025
**Sd/- Additional District and Sessions Judge, SBS Nagar**

(U/o 5 Rule 20 CPC)
**In the Court of Ms. Ranjeet Kaur**
**Additional Principal Judge Family Court, Dasuya**
CNR No. PBHOF2-000002-2025
Next Date : 17-09-2025
Nitin Talwar
Versus
General Public
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 17-09-2025 at 10:00 A.M.
For details logon to https://highcourtchd.gov.in/?mod=district_notice&district=Hoshiarpur
Dated this day of 25-07-2025
**Sd/- Additional Principal Judge Family Court, Dasuya**

## ਬੇਦਖਲੀ ਸੂਚਨਾ

ਅਸੀਂ, (1) ਪ੍ਰਦੀਪ ਕੁਮਾਰ ਪੁੱਤਰ ਸ੍ਰੀ ਗੋਪੀ ਚੰਦ (2) ਸੀਮਾ ਰਾਣੀ ਪਤਨੀ ਸ੍ਰੀ ਪ੍ਰਦੀਪ ਕੁਮਾਰ ਵਾਸੀਆਨ ਮਕਾਨ ਨੰਬਰ 18/577, ਗਲੀ ਨੰਬਰ 2, ਗਾਂਧੀ ਮਾਰਕਾ ਪਟਿਆਲਾ ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਅੰਜਲੀ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਆਪਣੀ ਉਪਰੋਕਤ ਲੜਕੀ ਨੂੰ ਆਪਣੀ ਹਰ ਕਿਸਮ ਦੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਅਗਰ ਕੋਈ ਵੀ ਵਿਅਕਤੀ ਸਾਡੀ ਉਪਰੋਕਤ ਲੜਕੀ ਅਤੇ ਜਵਾਈ ਨਾਲ ਕਿਸੇ ਕਿਸਮ ਦਾ ਕੋਈ ਵੀ ਲੈਣ-ਦੇਣ ਕਰਦਾ ਹੈ ਤਾਂ ਉਸਦਾ ਜ਼ਿੰਮੇਵਾਰ ਉਹ ਖੁਦ ਹੀ ਹੋਵੇਗਾ। ਇਸ ਨਾਲ ਸਾਡਾ ਜਾਂ ਸਾਡੇ ਪਰਿਵਾਰ ਦਾ ਇਸ ਨਾਲ ਕੋਈ ਲੈਣ-ਦੇਣ ਨਹੀਂ ਹੋਵੇਗਾ।

## Change of Name

I, Deepak S/o Ghan Sham Village Jangliana, Tehsil Garhshankar Distt. Hoshiarpur have changed my name to Deepak Singh.concerned Note.



**BEFORE SH. RAJIV TEWARI, ASSISTANT ESTATE OFFICER-III, EXERCISING THE POWERS OF THE ESTATE OFFICER, U.T., CHANDIGARH.**

Subject: Transfer of 100% share of SCF Site No. 10, Sector 22-D, Chandigarh on the basis of registered WILL executed on 15-9-2025 by Smt. Amarjit Kaur who has beneficiary of Sale Deed dt. 16-04-1962.

It is notified for the information of general public and all concerned that as per record of this office property known as 100% share in respect of SCF No. 10, Sector 22-D, Chandigarh stands in the name of Kailash Chander.

It has been reported by Sh. Jatinder Singh Harika, Smt. Sukhminder Kaur and Smt. Inderpreet Kaur Sandhu that Sh. Kailash Chander had executed Sale Deed to extent of 100% share of said SCF in favour of Smt. Amarjit Kaur W/o Sh. Preminder Singh Harika on 16.04.1962 duly registered at Sr. No. 4, Book No. 1 Vol. No. 94, Page No.-, dated 16.04.1962 before the Sub-Registrar, UT, Chandigarh. But before getting the said property transferred Smt. Amarjit Kaur expired on 11-01-2020. Now Sh. Jatinder Singh Harika, 50% share, Smt. Sukhminder Kaur, 25% share and Smt. Inderpreet Kaur Sandhu, 25% share have applied for the transfer of 100% share of above said property in their favour on the basis of Registered WILL dated 15.09.2015 of Smt. Amarjit Kaur who was the beneficiary of Sale Deed dated 16.04.1962. If anybody has any objection upon the mutation of the said property in favour of above named applicants they may furnish in writing in the office of the undersigned within 30 days from the date of publication of this notice in the shape of an affidavit duly attested by the Executive Magistrate/Notary Public, undertaking the genuineness of their objection being so raised to the Estate Office, Sector 17, Chandigarh, falling which above said property will be mutated accordingly and no further claim whatsoever shall be entertained at any later stage.

**Sd/-Sh. Rajiv Tewari, Assistant Estate Officer-III, Exercising the powers of the Estate Officer, U.T., Chandigarh**


# ਵਿਧਾਇਕ ਕੁਲਵੰਤ ਸਿੰਘ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਸ਼ੋਕ ਸੰਦੇਸ਼ ਪੜ੍ਹ ਕੇ ਸਾਂਝਾ ਕੀਤਾ

## ਜਸਵਿੰਦਰ ਭੱਲਾ ਨਮਿੱਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ






ਚੰਡੀਗੜ੍ਹ, 30 ਅਗਸਤ (ਅੰਮਿਤਪਾਲ ਸਿੰਘ/ ਹਰਦੀਪ ਸਿੰਘ ਵਿਰਕ) ਉੱਘੇ ਕਾਮੇਡੀਅਨ ਅਤੇ ਫ਼ਿਲਮ ਕਲਾਕਾਰ ਜਸਵਿੰਦਰ ਭੱਲਾ ਜੋ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ, ਨਮਿੱਤ ਭੋਗ ਤੇ ਅੰਤਿਮ ਅਰਦਾਸ ਸਥਾਨਕ ਗੁਰਦੁਆਰਾ ਸਾਹਿਬ ਗੁਰੂ ਤੇਗ਼ ਬਹਾਦਰ ਸਾਹਿਬ ਸੈਕਟਰ 34 ਵਿਖੇ ਹੋਈ। ਇਸ ਮੌਕੇ ਸਿਆਸੀ, ਸਮਾਜਿਕ, ਅਕਾਦਮਿਕ, ਸੱਭਿਆਚਾਰਕ ਤੇ ਫਿਲਮ ਜਗਤ ਸਮੇਤ ਵੱਖ-ਵੱਖ ਖੇਤਰਾਂ ਤੋਂ ਪੁੱਜੀਆਂ ਉੱਘੀਆਂ ਸ਼ਖ਼ਸੀਅਤਾਂ ਨੇ ਜਸਵਿੰਦਰ ਭੱਲਾ ਨੂੰ ਸ਼ਰਧਾਂਜਲੀ ਭੇਟ ਕੀਤੀ। ਜੋਗਿੰਦਰ ਸਿੰਘ ਰਿਆੜ ਦੇ ਜੱਥੇ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ।ਸ਼ਰਧਾਂਜਲੀ ਸਮਾਗਮ ਦੀ ਕਾਰਵਾਈ ਚਲਾਉਂਦਿਆਂ ਬਾਲ ਮੁਕੰਦ ਸ਼ਰਮਾ ਨੇ ਪਿਛਲੇ ਚਾਰ ਦਹਾਕਿਆਂ ਤੋਂ ਜਸਵਿੰਦਰ ਭੱਲਾ ਨਾਲ ਬਿਤਾਏ ਪਲਾਂ ਅਤੇ ਉਹਨਾਂ ਦੇ ਕਲਾ ਜੀਵਨ ਉੱਤੇ ਝਾਤੀ ਮਾਰਦਿਆਂ ਆਪਣੇ ਵਿਛੜੇ ਸਾਥੀ ਨੂੰ ਯਾਦ ਕੀਤਾ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਭੇਜਿਆ ਸੰਦੇਸ਼ ਪੱਤਰ ਪੜ੍ਹਿਆ। ਪੰਜਾਬ ਸਰਕਾਰ ਵੱਲੋਂ ਸ਼ਰਧਾਂਜਲੀ ਭੇਟ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਸ਼ੋਕ ਸੰਦੇਸ਼ ਪੜ੍ਹ ਕੇ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਜਸਵਿੰਦਰ ਭੱਲਾ ਦੇ ਤੁਰ ਜਾਣ ਨਾਲ ਨਾ ਸਿਰਫ ਪੰਜਾਬੀ ਫ਼ਿਲਮਾਂ, ਕਲਾ, ਸਾਹਿਤ ਤੇ ਸੱਭਿਆਚਾਰ ਨੂੰ ਘਾਟਾ ਪਿਆ ਸਗੋਂ ਖੇਤੀਬਾੜੀ ਵਿਗਿਆਨ ਖੇਤਰ ਨੂੰ ਵੀ ਵੱਡਾ ਘਾਟਾ ਪਿਆ। ਉੱਘੇ ਕਵੀ ਤੇ ਸਾਹਿਤਕਾਰ ਪ੍ਰੋ ਗੁਰਭਜਨ ਸਿੰਘ ਗਿੱਲ ਨੇ ਸ਼ਰਧਾਂਜਲੀ ਭੇਟ ਕਰਦਿਆਂ 49 ਵਰ੍ਹਿਆਂ ਦੀ ਨਿੱਜੀ ਸਾਂਝ ਦਾ ਜ਼ਿਕਰ ਕੀਤਾ। ਫਿਲਮ ਕਲਾਕਾਰ ਤੇ ਕਾਮੇਡੀਅਨ ਗੁਰਪ੍ਰੀਤ ਘੁੱਗੀ ਨੇ ਆਪਣੇ ਖੇਤਰ ਦੇ ਸੀਨੀਅਰ ਕਲਾਕਾਰ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ ਚਾਂਸਲਰ ਡਾ ਸਤਿਬੀਰ ਸਿੰਘ ਗੋਸਲ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਡਾਇਰੈਕਟਰ ਬਿਜਨਿਸ ਸਕੂਲ ਡਾ ਰਮਨਦੀਪ ਸਿੰਘ ਨੇ ਯੂਨੀਵਰਸਿਟੀ ਜੀਵਨ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਜਸਵਿੰਦਰ ਭੱਲਾ ਦੇ ਸਾਥੀ ਰਹੇ ਮਨਮੋਹਨ ਗਰੇਵਾਲ ਨੇ ਸਾਲਟ ਲੇਕ ਸਿਟੀ ਦੇ ਗਵਰਨਰ ਦਾ ਭੇਜਿਆ ਸ਼ੋਕ ਸੰਦੇਸ਼ ਪੜ੍ਹਿਆ। ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਕਾਂਗਰਸੀ ਆਗੂ ਰਾਹੁਲ ਗਾਂਧੀ ਦਾ ਸ਼ੋਕ ਸੰਦੇਸ਼ ਪੜ੍ਹਿਆ। ਪਰਿਵਾਰ ਵੱਲੋਂ ਜਸਵਿੰਦਰ ਭੱਲਾ ਦੇ ਬੇਟੇ ਪੁਖਰਾਜ ਭੱਲਾ ਨੇ ਸਮੂਹ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਿਛਲੇ ਦਿਨਾਂ ਵਿੱਚੋਂ ਸਮੁੱਚੀ ਲੋਕਾਈ ਵੱਲੋਂ ਜੋ ਪਿਆਰ ਤੇ ਸਤਿਕਾਰ ਮਿਲਿਆ, ਉਸ ਲਈ ਪਰਿਵਾਰ ਸਦਾ ਰਿਣੀ ਰਹੇਗਾ। ਜਸਵਿੰਦਰ ਭੱਲਾ ਦੀ ਬੇਟੀ ਅਸ਼ਪ੍ਰੀਤ ਭੱਲਾ ਨੇ ਬੋਲਦਿਆਂ ਭਾਵੁਕ ਹੁੰਦਿਆਂ ਕਿਹਾ ਕਿ ਉਹ ਆਪਣੇ ਆਪ ਨੂੰ ਖ਼ੁਸ਼ਨਸੀਬ ਸਮਝਦੀ ਹੈ ਜੋ ਉਨ੍ਹਾਂ ਦੀ ਬੇਟੀ ਹੈ। ਇਸ ਮੌਕੇ ਪਰਿਵਾਰਕ ਮੈਂਬਰਾਂ ਵਿੱਚ ਮਾਤਾ ਸਤਵੰਤ ਕੌਰ, ਪਤਨੀ ਪਰਮਦੀਪ ਕੌਰ, ਦਾਮਾਦ ਵਿਕਰਮ ਸਿੰਘ, ਭੈਣ ਕੁਲਜੀਤ ਕੌਰ ਤੇ ਭਣੋਈਏ ਰਾਜਪਾਲ ਸਿੰਘ ਤੇ ਨੂੰਹ ਦਿਸ਼ਦੀਪ ਸੰਧੂ ਅਤੇ ਕਲਾ ਜਗਤ ਤੋਂ ਸਾਬਕਾ ਲੋਕ ਸਭਾ ਮੈਂਬਰ ਤੇ ਗਾਇਕ ਮੁਹੰਮਦ ਸਦੀਕ, ਬਾਬੂ ਸਿੰਘ ਮਾਨ, ਗੁੱਗੂ ਗਿੱਲ, ਪੰਮੀ ਬਾਈ, ਗਿੱਪੀ ਗਰੇਵਾਲ, ਨੀਲੂ ਸ਼ਰਮਾ, ਬੀਨੂੰ ਢਿੱਲੋਂ, ਬੀ ਐਨ ਸ਼ਰਮਾ, ਸ਼ਮਸ਼ੇਰ ਸੰਧੂ, ਹਰਦੀਪ ਗਿੱਲ, ਡਾ ਨਿਰਮਲ ਜੌੜਾ, ਗੁਰਪ੍ਰੀਤ ਭੰਗੂ, ਸੀਮਾ ਕੌਸ਼ਲ, ਹਰਬੀ ਸੰਘਾ, ਸਰਦਾਰ ਸੋਹੀ, ਦੀਪਕ ਰਾਜਾ, ਪ੍ਰਕਾਸ਼ ਗਾਧੂ, ਦਰਸ਼ਨ ਔਲਖ, ਸੁਰਿੰਦਰ ਫਰਿਸ਼ਤਾ, ਸੰਤਾ-ਬੰਤਾ ਨੇ ਹਾਜ਼ਰੀ ਭਰੀ। ਇਸ ਤੋਂ ਇਲਾਵਾ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆ, ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ, ਵਿਧਾਇਕ ਗੁਰਦੇਵ ਸਿੰਘ ਦੇਵ ਮਾਨ, ਪ੍ਰੋ ਜਸਵੰਤ ਸਿੰਘ ਗੱਜਣਮਾਜਰਾ, ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੀਪੀ ਤੇ ਲਖਬੀਰ ਸਿੰਘ ਲੱਖਾ, ਪੰਜਾਬ ਜੈਨਕੋ ਦੇ ਚੇਅਰਮੈਨ ਨਵਜੋਤ ਸਿੰਘ ਜਰਗ, ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਡਾ ਅਮਰਪਾਲ ਸਿੰਘ, ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਡਾਇਰੈਕਟਰ ਵਿਮਲ ਸੇਤੀਆ, ਆਈ ਏ ਅਧਿਕਾਰੀ ਅਮਿਤ ਤਲਵਾੜ, ਕਮਲ ਗਰਗ, ਡੀਜੀਪੀ ਏ ਐਸ ਰਾਏ, ਗੁਰਪ੍ਰੀਤ ਸਿੰਘ ਤੂਰ, ਯੁਰੇਂਦਰ ਸਿੰਘ, ਜਗਦੀਸ਼ ਸਿੰਘ ਗਰੇਵਾਲ, ਡਾ ਅਜੀਤ ਪਾਲ ਸਿੰਘ ਚਹਿਲ, ਨਵਦੀਪ ਸਿੰਘ ਗਿੱਲ, ਤੇਜ ਪ੍ਰਤਾਪ ਸਿੰਘ ਸੰਧੂ ਹਾਜ਼ਰ ਸਨ।


## ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼

ਡਰਾਅ ਸਮਾਂ : ਸ਼ਾਮ 06:00 ਵਜੇ ਤੋਂ — ਪੰਜਾਬ ਸਟੇਟ ਡੀਅਰ 50 ਜੈਕਲ ਸ਼ਨੀਵਾਰ ਹਫ਼ਤਾਵਾਰੀ ਲਾਟਰੀ ਦਾ ਨਤੀਜਾ — ਡਰਾਅ ਮਿਤੀ : 30.09.2025

ਮੁੱਲ ਰੁਪਏ 50/- ਪ੍ਰਤੀ ਟਿਕਟ

ਪਹਿਲੇ ਇਨਾਮ ਦੀ ਰਾਸ਼ੀ (1) ਰੁ. 25 ਲੱਖ (ਲੜੀਆਂ ਨਾਲ 5 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 1 ਲੱਖ + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 25 ਹਜ਼ਾਰ, ਕੁੱਲ ਇਨਾਮੀ ਰਾਸ਼ੀ ਰੁ. 26.25 ਲੱਖ)
C 40661

ਦੂਜੇ ਇਨਾਮ ਦੀ ਰਾਸ਼ੀ (50) ਰੁਪਏ 9,000/- (5 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 1000/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 100/-, ਕੁੱਲ ਇਨਾਮੀ ਰਾਸ਼ੀ ਰੁ. 10,100/- ਹਰੇਕ)
10438 42292 45396 57534 59337 59562 68338 69705 73867 77801

ਤੀਜੇ ਇਨਾਮ ਦੀ ਰਾਸ਼ੀ (250) ਰੁਪਏ 5,000/- (ਆਖਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 500/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 100/-, ਕੁੱਲ ਇਨਾਮੀ ਰਾਸ਼ੀ ਰੁ. 5,600/- ਹਰੇਕ)
2413 4355 7637 7795 8528

ਚੌਥੇ ਇਨਾਮ ਦੀ ਰਾਸ਼ੀ (500) ਰੁਪਏ 2,000/- (ਆਖਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 200/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 50/-, ਕੁੱਲ ਇਨਾਮੀ ਰਾਸ਼ੀ ਰੁ. 2,250/- ਹਰੇਕ)
0056 0902 0974 1567 2479 2790 5079 5263 9282 9563

ਪੰਜਵੇਂ ਇਨਾਮ ਦੀ ਰਾਸ਼ੀ (500) ਰੁਪਏ 1000/- (ਆਖਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 100/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 50/-, ਕੁੱਲ ਇਨਾਮੀ ਰਾਸ਼ੀ ਰੁ. 1,150/- ਹਰੇਕ)
0917 1248 1961 4337 4461 5154 6111 6622 8626 8802

ਛੇਵੇਂ ਇਨਾਮ ਦੀ ਰਾਸ਼ੀ (500) ਰੁਪਏ 500/- (ਆਖਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 50/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 20/-, ਕੁੱਲ ਇਨਾਮੀ ਰਾਸ਼ੀ ਰੁ. 570/- ਹਰੇਕ)
2343 4826 5662 6014 6248 7193 7621 8972 9450 9518

ਸੱਤਵੇਂ ਇਨਾਮ ਦੀ ਰਾਸ਼ੀ (40,000) ਰੁਪਏ 100/- (ਆਖਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 20/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 5/-, ਕੁੱਲ ਇਨਾਮੀ ਰਾਸ਼ੀ ਰੁ. 125/- ਹਰੇਕ)

| | | | | | | | | | |
|---|---|---|---|---|---|---|---|---|---|
| 0000 | 0023 | 0048 | 0055 | 0059 | 0074 | 0078 | 0087 | 0093 | 0106 |
| 0107 | 0118 | 0128 | 0138 | 0143 | 0162 | 0172 | 0190 | 0197 | 0201 |
| 0218 | 0221 | 0249 | 0252 | 0253 | 0265 | 0271 | 0274 | 0276 | 0290 |
| 0291 | 0297 | 0307 | 0333 | 0342 | 0348 | 0350 | 0362 | 0367 | 0379 |
| 0391 | 0402 | 0419 | 0430 | 0436 | 0459 | 0460 | 0477 | 0491 | 0524 |
| 0536 | 0539 | 0542 | 0553 | 0559 | 0560 | 0588 | 0619 | 0620 | 0622 |
| 0640 | 0650 | 0658 | 0666 | 0671 | 0697 | 0723 | 0795 | 0817 | 0844 |
| 0845 | 0847 | 0849 | 0886 | 0922 | 0926 | 0930 | 0932 | 0946 | 0954 |
| 0957 | 0958 | 0970 | 0982 | 0994 | 1016 | 1027 | 1036 | 1084 | 1085 |
| 1089 | 1149 | 1155 | 1166 | 1171 | 1176 | 1183 | 1187 | 1188 | 1200 |
| 1214 | 1218 | 1222 | 1225 | 1238 | 1252 | 1283 | 1288 | 1292 | 1360 |
| 1372 | 1386 | 1411 | 1414 | 1425 | 1438 | 1439 | 1446 | 1455 | 1458 |
| 1463 | 1471 | 1478 | 1517 | 1523 | 1544 | 1555 | 1560 | 1563 | 1573 |
| 1578 | 1589 | 1600 | 1607 | 1612 | 1624 | 1633 | 1639 | 1680 | 1686 |
| 1689 | 1695 | 1743 | 1752 | 1759 | 1769 | 1786 | 1787 | 1797 | 1807 |
| 1808 | 1843 | 1873 | 1881 | 1905 | 1920 | 1929 | 1936 | 1981 | 1993 |
| 1995 | 1999 | 2002 | 2007 | 2008 | 2023 | 2059 | 2072 | 2081 | 2085 |
| 2087 | 2120 | 2121 | 2140 | 2167 | 2183 | 2196 | 2199 | 2208 | 2213 |
| 2242 | 2248 | 2263 | 2325 | 2329 | 2362 | 2365 | 2374 | 2378 | 2387 |
| 2390 | 2394 | 2430 | 2433 | 2471 | 2515 | 2538 | 2545 | 2549 | 2554 |
| 2586 | 2597 | 2599 | 2601 | 2614 | 2628 | 2634 | 2684 | 2687 | 2699 |
| 2707 | 2722 | 2749 | 2753 | 2762 | 2773 | 2779 | 2789 | 2792 | 2817 |
| 2819 | 2850 | 2852 | 2856 | 2859 | 2897 | 2907 | 2911 | 2912 | 2913 |
| 2918 | 2957 | 2964 | 2965 | 2987 | 2989 | 3002 | 3004 | 3012 | 3059 |
| 3074 | 3078 | 3089 | 3100 | 3106 | 3113 | 3127 | 3137 | 3152 | 3153 |
| 3159 | 3171 | 3201 | 3217 | 3221 | 3229 | 3268 | 3277 | 3300 | 3305 |
| 3322 | 3346 | 3352 | 3372 | 3385 | 3404 | 3421 | 3431 | 3433 | 3446 |
| 3467 | 3474 | 3475 | 3483 | 3542 | 3544 | 3549 | 3572 | 3614 | 3617 |
| 3630 | 3633 | 3661 | 3671 | 3676 | 3712 | 3728 | 3735 | 3736 | 3762 |
| 3768 | 3780 | 3785 | 3824 | 3828 | 3835 | 3844 | 3847 | 3863 | 3870 |
| 3878 | 3891 | 3892 | 3906 | 3935 | 3943 | 3951 | 3970 | 3973 | 3976 |
| 3999 | 4006 | 4014 | 4015 | 4017 | 4024 | 4036 | 4052 | 4063 | 4077 |
| 4082 | 4097 | 4104 | 4113 | 4138 | 4184 | 4192 | 4194 | 4201 | 4216 |
| 4221 | 4245 | 4256 | 4258 | 4267 | 4271 | 4282 | 4318 | 4325 | 4326 |
| 4328 | 4342 | 4364 | 4373 | 4383 | 4395 | 4408 | 4412 | 4426 | 4428 |
| 4439 | 4445 | 4447 | 4472 | 4475 | 4479 | 4503 | 4508 | 4511 | 4516 |
| 4522 | 4526 | 4536 | 4543 | 4550 | 4555 | 4563 | 4584 | 4586 | 4593 |
| 4602 | 4646 | 4660 | 4667 | 4679 | 4692 | 4705 | 4715 | 4716 | 4725 |
| 4744 | 4747 | 4772 | 4783 | 4784 | 4800 | 4801 | 4803 | 4812 | 4819 |
| 4849 | 4856 | 4861 | 4864 | 4901 | 4903 | 4909 | 4911 | 4915 | 4924 |
| 4945 | 4947 | 4960 | 4961 | 4968 | 4979 | 4980 | 4996 | 5000 | 5013 |
| 5022 | 5023 | 5028 | 5063 | 5070 | 5089 | 5101 | 5109 | 5111 | 5121 |
| 5184 | 5208 | 5241 | 5273 | 5277 | 5284 | 5297 | 5301 | 5305 | 5338 |
| 5356 | 5366 | 5375 | 5398 | 5399 | 5408 | 5428 | 5432 | 5433 | 5437 |
| 5459 | 5460 | 5482 | 5489 | 5519 | 5522 | 5532 | 5533 | 5534 | 5544 |
| 5555 | 5575 | 5579 | 5580 | 5587 | 5598 | 5611 | 5614 | 5650 | 5661 |
| 5670 | 5681 | 5684 | 5692 | 5693 | 5722 | 5734 | 5745 | 5748 | 5757 |
| 5771 | 5773 | 5785 | 5797 | 5802 | 5804 | 5808 | 5819 | 5827 | 5841 |
| 5851 | 5858 | 5880 | 5883 | 5886 | 5910 | 5927 | 5948 | 5957 | 5958 |
| 5971 | 5997 | 5999 | 6003 | 6044 | 6060 | 6066 | 6068 | 6074 | 6108 |
| 6112 | 6113 | 6130 | 6131 | 6160 | 6161 | 6171 | 6205 | 6218 | 6222 |
| 6229 | 6232 | 6253 | 6270 | 6287 | 6294 | 6309 | 6316 | 6323 | 6329 |
| 6363 | 6364 | 6367 | 6368 | 6394 | 6395 | 6402 | 6405 | 6409 | 6429 |
| 6438 | 6441 | 6481 | 6486 | 6496 | 6500 | 6517 | 6554 | 6563 | 6569 |
| 6571 | 6573 | 6584 | 6600 | 6639 | 6661 | 6671 | 6681 | 6703 | 6712 |
| 6752 | 6764 | 6765 | 6767 | 6781 | 6792 | 6835 | 6847 | 6853 | 6875 |
| 6876 | 6909 | 6915 | 6947 | 6953 | 6972 | 6975 | 6979 | 6997 | 7000 |
| 7004 | 7006 | 7007 | 7008 | 7020 | 7055 | 7069 | 7071 | 7092 | 7094 |
| 7100 | 7109 | 7124 | 7154 | 7166 | 7175 | 7196 | 7200 | 7203 | 7207 |
| 7239 | 7277 | 7293 | 7295 | 7324 | 7327 | 7332 | 7334 | 7337 | 7345 |
| 7348 | 7377 | 7396 | 7397 | 7399 | 7431 | 7449 | 7465 | 7470 | 7472 |
| 7499 | 7503 | 7508 | 7516 | 7518 | 7530 | 7532 | 7561 | 7565 | 7568 |
| 7571 | 7574 | 7625 | 7685 | 7713 | 7716 | 7725 | 7727 | 7743 | 7772 |
| 7774 | 7777 | 7779 | 7792 | 7793 | 7797 | 7800 | 7834 | 7838 | 7846 |
| 7854 | 7860 | 7867 | 7872 | 7873 | 7875 | 7882 | 7906 | 7911 | 7917 |
| 7921 | 7926 | 7929 | 7932 | 7935 | 7957 | 7961 | 7974 | 7999 | 8021 |
| 8037 | 8081 | 8083 | 8093 | 8150 | 8152 | 8161 | 8167 | 8181 | 8187 |
| 8197 | 8218 | 8224 | 8249 | 8250 | 8275 | 8279 | 8291 | 8309 | 8328 |
| 8353 | 8356 | 8363 | 8406 | 8439 | 8443 | 8469 | 8481 | 8500 | 8505 |
| 8517 | 8520 | 8529 | 8541 | 8547 | 8552 | 8563 | 8564 | 8565 | 8574 |
| 8583 | 8617 | 8627 | 8662 | 8671 | 8677 | 8720 | 8725 | 8729 | 8737 |
| 8773 | 8780 | 8784 | 8794 | 8799 | 8821 | 8876 | 8898 | 8905 | 8913 |
| 8943 | 8954 | 8974 | 8975 | 8983 | 8991 | 9010 | 9012 | 9035 | 9036 |
| 9037 | 9087 | 9090 | 9093 | 9106 | 9125 | 9145 | 9150 | 9160 | 9178 |
| 9187 | 9192 | 9197 | 9205 | 9211 | 9220 | 9225 | 9236 | 9240 | 9243 |
| 9253 | 9257 | 9262 | 9322 | 9394 | 9399 | 9409 | 9422 | 9433 | 9457 |
| 9469 | 9476 | 9487 | 9507 | 9513 | 9519 | 9524 | 9548 | 9628 | 9644 |
| 9648 | 9653 | 9657 | 9670 | 9677 | 9694 | 9712 | 9714 | 9739 | 9756 |
| 9763 | 9770 | 9823 | 9829 | 9850 | 9865 | 9871 | 9876 | 9884 | 9894 |
| 9904 | 9932 | 9934 | 9944 | 9949 | 9955 | 9971 | 9986 | 9992 | 9997 |

ਜਾਰੀ ਕਰਤਾ ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼
ਕਿਰਪਾ ਕਰਕੇ ਅੰਤਿਮ ਨਤੀਜਾ ਅਧਿਕਾਰਤ ਗਜ਼ਟ ਅਧਿਸੂਚਨਾ ਤੋਂ ਪੜਤਾਲ ਲਓ
RO. No. PR-Advt. No. 1118/11/2025-26/2385/Dated CHD 20.8.2025


# ਹਰਜੋਤ ਬੈਂਸ ਵੱਲੋਂ ਹੜ੍ਹ ਪ੍ਰਭਾਵਿਤ ਇਲਾਕੇ ਦੇ ਲੋੜਵੰਦਾਂ ਲਈ ਰਾਹਤ ਸਮੱਗਰੀ ਦਾ ਟਰੱਕ ਰਵਾਨਾ

ਸ੍ਰੀ ਅਨੰਦਪੁਰ ਸਾਹਿਬ, 30 ਅਗਸਤ (ਤਰਲੋਚਨ ਸਿੰਘ) ਪੰਜਾਬ ਦੇ ਇੱਕ ਵੱਡੇ ਖੇਤਰ ਦੇ ਲੋਕ ਹੜ੍ਹਾ ਦੀ ਮਾਰ ਨਾਲ ਜੂਝ ਰਹੇ ਹਨ। ਪੰਜਾਬ ਸਰਕਾਰ ਇਨ੍ਹਾਂ ਇਲਾਕਿਆਂ ਵਿਚ ਵਿਆਪਕ ਪੱਧਰ ਤੇ ਰਾਹਤ ਤੇ ਬਚਾਓ ਦਾ ਕੰਮ ਕਰ ਰਹੀ ਹੈ, ਜਿਸ ਵਿੱਚ ਸਮੁੱਚੇ ਪੰਜਾਬ ਵਾਸੀ ਸਹਿਯੋਗ ਦੇ ਰਹੇ ਹਨ, ਇਹ ਪੰਜਾਬ ਦੀ ਭਾਈਚਾਰਕ ਸਾਂਝ ਦੀ ਅਸਲ ਤਸਵੀਰ ਹੈ। ਸ੍ਰੀ ਅਨੰਦਪੁਰ ਸਾਹਿਬ ਹਲਕੇ ਵਿਚ ਆਪ ਵਰਕਰਾਂ ਵੱਲੋ ਸਹਿਯੋਗੀਆਂ ਨਾਲ ਮਿਲ ਕੇ ਰਾਹਤ ਸਮੱਗਰੀ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਲੋੜਵੰਦ ਲੋਕਾਂ ਲਈ ਭੇਜੀ ਗਈ ਹੈ। ਇਹ ਪ੍ਰਗਟਾਵਾ ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਅੱਜ ਸ੍ਰੀ ਅਨੰਦਪੁਰ ਸਾਹਿਬ ਤੋਂ ਟਾਡਾਂ ਜਿਲ੍ਹਾਂ ਹੁਸ਼ਿਆਰਪੁਰ ਲਈ 800 ਰਾਸ਼ਨ ਕਿੱਟ ਨਾਲ ਭਰਿਆ ਟਰੱਕ ਰਵਾਨਾ ਕਰਨ ਮੌਕੇ ਕੀਤਾ। ਉਨ੍ਹਾਂ ਨੇ ਰਾਹਤ ਸਮੱਗਰੀ ਦੇ ਭਰੇ ਟਰੱਕ ਨੂੰ ਝੰਡੀ ਵਿਖਾ ਕੇ ਰਵਾਨਾ ਕਰਨ ਉਪਰੰਤ ਕਿਹਾ ਕਿ ਆਮ ਆਦਮੀ ਪਾਰਟੀ ਦੇ ਵਰਕਰ ਪੂਰੀ ਮਿਹਨਤ ਅਤੇ ਤਨਦੇਹੀ ਨਾਲ ਆਫਤ ਦੀ ਘੜ੍ਹੀ ਵਿੱਚ ਹਰ ਸਮੇਂ ਲੋੜਵੰਦ ਲੋਕਾਂ ਦੀ ਸੇਵਾ ਕਰਦੇ ਹਨ। ਸਮਾਜ ਸੇਵੀ ਸੰਗਠਨਾਂ ਵੱਲੋਂ ਵੀ ਇਸ ਵਿਚ ਪੂਰੀ ਸਹਿਯੋਗ ਦਿੱਤਾ ਜਾ ਰਿਹਾ ਹੈ, ਅਸੀ ਨਿਰੰਤਰ ਰਾਹਤ ਸਮੱਗਰੀ ਭੇਜ ਰਹੇ ਹਾਂ, ਹੋਰ ਵੀ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਜਿਸ ਤਰਾਂ ਦੀ ਸਮੱਗਰੀ ਦੀ ਜਰੂਰਤ ਹੋਵੇਗੀ, ਉਹ ਸ੍ਰੀ ਅਨੰਦਪੁਰ ਸਾਹਿਬ ਹਲਕੇ ਤੋਂ ਉਪਲੱਬਧ ਕਰਵਾਈ ਜਾਵੇਗੀ। ਸ.ਬੈਂਸ ਨੇ ਕਿਹਾ ਕਿ 2023 ਦੌਰਾਨ ਜਦੋਂ ਹਿਮਾਚਲ ਪ੍ਰਦੇਸ਼ ਵਿੱਚ ਹੋਈ ਭਾਰੀ ਬਰਸਾਤ ਅਤੇ ਭਾਖੜਾ ਡੈਮ ਤੋ ਵੱਧ ਮਾਤਰਾ ਵਿਚ ਪਾਣੀ ਛੱਡਣ ਕਾਰਨ ਸ੍ਰੀ ਅਨੰਦਪੁਰ ਸਾਹਿਬ ਦਾ ਦਰਿਆ ਨੇੜੇ ਦਾ ਇਲਾਕਾ ਪ੍ਰਭਾਵਿਤ ਹੋਇਆ ਸੀ ਅਤੇ ਸਵਾਂ ਨਦੀ ਵਿਚ ਵਾਧੂ ਮਾਤਰਾ ਵਿਚ ਪਾਣੀ ਆਉਣ ਕਾਰਨ ਸਾਡੇ ਇਲਾਕੇ ਦਾ ਨੁਕਸਾਨ ਹੋਇਆ ਸੀ, ਅਸੀ ਉਸ ਤੋਂ ਸਬਕ ਲਿਆ ਅਤੇ ਜ਼ਮੀਨੀ ਪੱਧਰ ਤੇ ਜਾ ਕੇ ਇਸ ਦੇ ਢੁਕਵੇ ਉਚਿਤ ਪ੍ਰਬੰਧ ਕਰਨ ਦਾ ਪ੍ਰੋਗਰਾਮ ਉਲੀਕਿਆਂ। ਉਨ੍ਹਾਂ ਨੇ ਦੱਸਿਆ ਕਿ ਮਾਰਚ-ਅਪ੍ਰੈਲ ਮਹੀਨੇ ਤੋਂ ਹੀ ਇਸ ਇਲਾਕੇ ਦੇ ਦਰਿਆ ਨੇੜਲੇ ਪਿੰਡਾਂ ਦਾ ਦੌਰਾ ਸੁਰੂ ਕਰ ਦਿੱਤਾ ਸੀ, ਲਗਭਗ 14 ਕਰੋੜ ਦੀ ਲਾਗਤ ਨਾਲ ਡੰਗੇ ਲਗਵਾਏ ਅਤੇ ਖੱਡਾਂ ਦੀ ਸਫਾਈ ਕਰਵਾਈ। ਦਸਗਰਾਈ ਅਤੇ ਨੱਕੀਆਂ ਵਰਗੀਆਂ ਖੱਡਾਂ ਨੂੰ ਸਾਫ ਕਰਵਾਇਆ ਅਤੇ ਪਾਣੀ ਦਾ ਵਹਾਅ ਦਰੁਸਤ ਕੀਤਾ। ਉਨ੍ਹਾਂ ਨੇ ਦੱਸਿਆ ਕਿ ਇਸ ਦੇ ਨਤੀਜੇ ਵੱਜੋ ਇਹ ਇਲਾਕਾ ਹੁਣ ਤੱਕ ਪਾਣੀ ਦੀ ਮਾਰ ਤੋਂ ਸੁਰੱਖਿਅਤ ਹੈ, ਅਗਲੇ ਦੋ ਤਿੰਨ ਦਿਨ ਹਿਮਾਚਲ ਪ੍ਰਦੇਸ਼ ਵਿੱਚ ਵਾਧੂ ਬਰਸਾਤ ਹੋਣ ਦੀ ਪੇਸ਼ਨਗੋਈ ਹੋਈ ਹੈ, ਅਸੀ ਅਰਦਾਸ ਕਰ ਰਹੇ ਹਾਂ ਕਿ ਸਾਡੇ ਕੀਤੇ ਸੁਚਾਰੂ ਪ੍ਰਬੰਧ ਕਾਮਯਾਬ ਹੋਣ ਅਤੇ ਇਲਾਕੇ ਦੇ ਲੋਕ ਜਨਜੀਵਨ ਪਸ਼ੂ ਧੰਨ ਸੁਰੱਖਿਅਤ ਰਹੇ। ਉਨ੍ਹਾਂ ਨੇ ਦੱਸਿਆ ਕਿ ਹਰਸਾ ਬੇਲਾ ਪਿੰਡ ਵਿਚ ਲਗਾਏ ਡੰਗੇ (ਠੋਕਰ) ਵਿਚ ਦਰਾਰ ਆਈ ਹੈ, ਜਿਸ ਦਾ ਕੰਮ ਚੱਲ ਰਿਹਾ ਹੈ, ਲੋਕਾਂ ਨੂੰ ਘਬਰਾਉਣ ਦੀ ਜਰੂਰਤ ਨਹੀ ਹੈ, ਭਾਵੇ ਇਸ ਵਾਰ ਸਵਾਂ ਦਾ ਪਾਣੀ ਵੱਧ ਮਾਤਰਾ ਵਿਚ ਪਹੁੰਚਿਆ ਹੈ, ਪ੍ਰੰਤੂ ਪ੍ਰਸ਼ਾਸ਼ਨ ਵੱਲੋਂ ਕੀਤੇ ਪ੍ਰਬੰਧਾਂ ਨਾਲ ਜਨਜੀਵਨ ਸੁਰੱਖਿਅਤ ਹੈ।

ਉਨ੍ਹਾਂ ਨੇ ਇਸ ਮੌਕੇ ਆਪ ਵਰਕਰਾ ਤੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਭਾਈਚਾਰਕ ਸਾਂਝ ਦਾ ਸਬੂਤ ਦੇਣ ਅਤੇ ਲੋੜਵੰਦਾਂ ਦੀ ਸਹਾਇਤਾ ਲਈ ਜੁਟੇ ਰਹਿਣ ।

# ਗੁਰਤੇਜ ਸਿੰਘ ਅਤਲਾ ਖੁਰਦ ਐਸ.ਸੀ. ਵਿੰਗ ਦੇ ਜਨਰਲ ਸਕੱਤਰ ਨਿਯੁਕਤ



ਪਟਿਆਲਾ, 30 ਅਗਸਤ (ਚ.ਨ.ਸ) ਗੁਰਤੇਜ ਸਿੰਘ ਅਤਲਾ ਖੁਰਦ ਜੋ ਕਿ ਲੰਬੇ ਸਮੇਂ ਤੋਂ ਯੂਥ ਅਕਾਲੀ ਦਲ ਵਿੱਚ ਬਤੌਰ ਜਨਰਲ ਸਕੱਤਰ ਕੰਮ ਕਰ ਰਹੇ ਸਨ ਉਹਨਾਂ ਦੀ ਪਾਰਟੀ ਪ੍ਰਤੀ ਵਫਾਦਾਰੀ ਨੂੰ ਦੇਖਦੇ ਹੋਏ ਅਤੇ ਉਹਨਾਂ ਦੇ ਕੰਮ ਨੂੰ ਦੇਖਦੇ ਹੋਏ ਸਰਦਾਰ ਸੁਖਬੀਰ ਸਿੰਘ ਬਾਦਲ ਬੀਬੀ ਹਰਸਿਮਰਤ ਕੌਰ ਬਾਦਲ ਸਰਦਾਰ ਬਲਵਿੰਦਰ ਸਿੰਘ ਭੂੰਦੜ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਪ੍ਰੇਮ ਕੁਮਾਰ ਅਰੋੜਾ ਜਿਲਾ ਇੰਚਾਰਜ ਮਾਨਸਾ ਨੇ ਆਪਣਾ ਜ਼ਿਲਾ ਮਾਨਸਾ ਦੀ ਟੀਮ ਨੂੰ ਤਕੜਾ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਵਿੱਚ ਨਿਯੁਕਤੀਆਂ ਕਰ ਰਹੇ ਹਨ ਅਕਾਲੀ ਦਲ ਨੂੰ ਹੋਰ ਤਕੜਾ ਕਰਨ ਲਈ ਗੁਰਤੇਜ ਸਿੰਘ ਅਤਲਾ ਖੁਰਦ ਨੂੰ ਸ਼੍ਰੋਮਣੀ ਅਕਾਲੀ ਦਲ ਐਸ,ਸੀ ਵਿੰਗ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਇਸ ਨਿਯੁਕਤੀ ਵਿੱਚ ਗੁਰਮੇਲ ਸਿੰਘ ਫਫੜੇ ਭਾਈਕੇ ਵਿਨਰਜੀਤ ਗੋਲਡੀ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਬਾਦਲ ਹਲਕਾ ਇੰਚਾਰਜ ਸੁਨਾਮ, ਐਸ ਜੀ,ਪੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਅਤੇ ਬਲਜੀਤ ਸਿੰਘ ਸਾਬਕਾ ਸਰਪੰਚ ਆਤਲਾ ਖੁਰਦ ਸਰਕਲ ਪ੍ਰਧਾਨ ਭਿੱਖੀ ਸ਼੍ਰੋਮਣੀ ਅਕਾਲੀ ਦਲ ਬਾਦਲ, ਗੁਰਤੇਜ ਸਿੰਘ ਅਤਲਾ ਖੁਰਦ ਨੂੰ ਸ਼੍ਰੋਮਣੀ ਅਕਾਲੀ ਦਲ ਐਸਸੀ ਵਿੰਗ ਦਾ ਜਰਨਲ ਸਕੱਤਰ ਨਿਯੁਕਤ ਕੀਤਾ ਗਿਆ ਗੁਰਤੇਜ ਸਿੰਘ ਅਤਲਾ ਖੁਰਦ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੇ ਨਾਲ ਮੋਢਾ ਨਾਲ ਮੋਢਾ ਇਲਾਕੇ ਚੱਲਾਂਗੇ ਅਤੇ 2027 ਦੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਵਾਂਗੇ ।


## ਵਸੂਲੀ ਅਧਿਕਾਰੀ ਦਾ ਦਫ਼ਤਰ-I/II
## ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)
ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ-160017

ਮੰਗ ਸੂਚਨਾ (ਪ੍ਰਕਾਸ਼ਨ ਰਾਹੀਂ)
**ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ**
**ਆਰ.ਸੀ./605/2019** **ਮਿਤੀ 01.04.2025**
**ਯੂਕੋ ਬੈਂਕ**
**ਬਨਾਮ**
**ਸੁਨੀਲ ਕੁਮਾਰ**
**ਵੱਲ**
(**ਸੀਡੀ 1) ਸੁਨੀਲ ਕੁਮਾਰ ਸਪੁੱਤਰ ਸ੍ਰੀ ਚਰਨਜੀਤ ਲਾਲ**, ਮਕਾਨ ਨੰ. 2355, ਦੂਜੀ ਮੰਜ਼ਿਲ,ਫੇਜ਼ 10, ਮੋਹਾਲੀ, ਪੰਜਾਬ।
ਇਹ ਸੂਚਿਤ ਕੀਤਾ ਜਾਂਦਾ ਹੈ ਕਿ **ਓਏ/489/2017 ਵਿਚ** ਪ੍ਰਧਾਨਗੀ ਅਧਿਕਾਰੀ, **ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ** (**ਡੀਆਰਟੀ**-3) ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ **17.02.2017** ਤੋਂ ਪ੍ਰਭਾਵੀ ਸਧਾਰਨ ਸਲਾਨਾ ਵਿਆਜ **9.95% ਦੀ ਦਰ** 'ਤੇ ਭਾਵੀ ਵਿਆਜ ਅਤੇ ਮੁਕੱਦਮੇਬਾਜ਼ੀ ਸਮੇਤ **ਰੁ. 23,61,559/-** (**ਰੁਪਏ ਤੇਈ ਲੱਖ ਇਕਾਹਠ ਹਜ਼ਾਰ ਪੰਜ ਸੌ ਉਨਾਹਠ ਕੇਵਲ**) ਦੀ ਰਕਮ ਅਤੇ **ਰੁ. 26,000/-** (**ਰੁਪਏ ਛੱਬੀ ਹਜ਼ਾਰ ਕੇਵਲ**) ਦੀਆਂ ਲਾਗਤਾਂ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।
2. ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।
3. ਜਿਥੇ ਕਿ ਟ੍ਰਿਬਿਊਨਲ ਦੀ ਤਸੱਲੀ ਲਈ ਇਹ ਦਰਸਾਇਆ ਜਾ ਚੁੱਕਾ ਹੈ ਕਿ ਸਾਧਾਰਨ ਢੰਗ ਨਾਲ ਤੁਹਾਨੂੰ ਤਾਮੀਲ ਕਰਨਾ ਸੰਭਵ ਨਹੀਂ ਹੈ, ਇਸ ਲਈ ਇਸ ਪ੍ਰਕਾਸ਼ਨ ਦੁਆਰਾ ਇਹ ਸੂਚਨਾ ਦੇ ਕੇ ਤੁਹਾਨੂੰ ਨਿਰਦੇਸ਼ ਦਿੱਤਾ ਜਾਂਦਾ ਹੈ ਕਿ 06.09.2025 **ਨੂੰ ਸਵੇਰੇ** 10.30 **ਵਜੇ** ਇਸ ਟ੍ਰਿਬਿਊਨਲ ਕੋਲ ਹਾਜ਼ਰੀ ਲਗਵਾਓ।
4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਤੁਹਾਡੇ ਅਸਾਸਿਆਂ ਦੇ ਵੇਰਵਿਆਂ ਦਾ ਇਕ ਹਲਫੀਆ ਬਿਆਨ 'ਤੇ ਐਲਾਨ ਕਰੋ।
5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ :
(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ
(ਅ) ਇਸ ਸੂਚਨਾ ਦੀ ਤਾਮੀਲ ਦੇ ਸਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।
ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਇਸ ਮਿਤੀ 01.04.2025 ਨੂੰ ਜਾਰੀ।
**ਵਸੂਲੀ ਅਧਿਕਾਰੀ**
**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ** (**ਡੀਆਰਟੀ**-3)

SHRIRAM Finance
**ਸ਼੍ਰੀਰਾਮ ਫਾਈਨੈਂਸ ਲਿਮਟਿਡ ਰਜਿਸਟਰਡ** ਦਫ਼ਤਰ: ਸ਼੍ਰੀ ਟਾਵਰਜ਼, ਪਲਾਟ ਨੰ. 14ਏ, ਸਾਊਥ ਫੇਜ਼, ਇੰਡਸਟਰੀਅਲ ਅਸਟੇਟ, ਗਿੰਡੀ, ਚੇਨਈ ਤਾਮਿਲਨਾਡੂ-600032, ਤਾਮਿਲਨਾਡੂ, ਅਤੇ ਵੋਕਹਾਰਟ ਟਾਵਰਜ਼, ਲੈਵਲ-3, ਸੀ-2, ਜੀ ਬਲਾਕ, ਬਾਂਦਰਾ-ਕੁਰਲਾ ਕੰਪਲੈਕਸ, ਬਾਂਦਰਾ (ਪੂਰਬੀ) ਮੁੰਬਈ-40051 ਸ਼ਾਖਾ ਦਫ਼ਤਰ: ਬੀ-35,4/20,20, ਪਹਿਲੀ ਮੰਜ਼ਿਲ, ਫਗਵਾੜਾ ਰੋਡ ਸਾਹਮਣੇ। ਓਵਰਸੀਜ਼ ਬੈਂਕ ਜ਼ਿਲ੍ਹਾ ਹੁਸ਼ਿਆਰਪੁਰ ਪੰਜਾਬ

## ਸੰਕੇਤਕ ਕਬਜ਼ਾ ਨੋਟਿਸ

ਜਿੱਥੇ, ਸ਼੍ਰੀਰਾਮ ਫਾਈਨੈਂਸ ਲਿਮਟਿਡ (SFL) ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ, ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (ਉਕਤ ਐਕਟ) ਦੇ ਉਪਬੰਧਾਂ ਦੇ ਤਹਿਤ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 (ਉਕਤ ਨਿਯਮ) ਦੇ ਨਿਯਮ 3 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(2) ਦੇ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਹੇਠ ਹਸਤਾਖਰ ਕੀਤੇ ਗਏ ਨੇ ਕਰਜ਼ਦਾਰਾਂ ਨੂੰ ਮੰਗ ਸੂਚਨਾ ਜਾਰੀ ਕੀਤੇ ਹਨ ਜਿਨ੍ਹਾਂ ਦੇ ਵੇਰਵੇ ਹੇਠਾਂ ਦਿੱਤੀ ਸਾਰਣੀ ਵਿੱਚ ਉਕਤ ਡਿਮਾਂਡ ਨੋਟਿਸਾਂ ਵਿੱਚ ਦੱਸੀ ਗਈ ਰਕਮ ਦੀ ਅਦਾਇਗੀ ਕਰਨ ਲਈ ਦਿੱਤੇ ਗਏ ਹਨ।
ਕਰਜ਼ਦਾਰ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਕਰਕੇ, ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਹਸਤਾਖਰ ਕਰਨ ਵਾਲੇ ਨੇ 29 ਅਗਸਤ 2025 ਨੂੰ ਉਕਤ ਐਕਟ ਦੇ ਨਿਯਮ 8 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(4) ਦੇ ਤਹਿਤ ਉਸਨੂੰ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੀ ਗਈ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ

| ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਮ ਅਤੇ ਪਤਾ | ਜਾਇਦਾਦ ਦਾ ਵੇਰਵਾ | ਮੰਗ ਨੋਟਿਸ ਅਤੇ ਮੰਗ ਸੂਚਨਾ ਅਨੁਸਾਰ ਬਕਾਇਆ ਰਕਮ |
|---|---|---|
| 1. ਮੈਸ. ਜਸਰਾਜ ਹੋਮ ਸੋਲਿਊਸ਼ਨਜ਼ ਮਾਰਕੀਟਿੰਗ ਕੰਪ., ਆਰਈਪੀ. ਦੁਆਰਾ ਇਸ ਦੇ ਪ੍ਰੋਪਰਾਈਟਰ ਸ਼੍ਰੀ ਪੁਸ਼ਪਿੰਦਰ ਸਿੰਘ ਪੁੱਤਰ ਸ਼੍ਰੀ ਕਰਨੈਲ ਸਿੰਘ, ਮੈਸ. ਜਸਰਾਜ ਹੋਮ ਸੋਲਿਊਸ਼ਨ ਮਾਰਕੀਟਿੰਗ ਕੰਪ. ਨੇੜੇ ਖਾਲਸਾ ਕਾਲਜ ਆਜ਼ਾਦ ਮਾਰਕੀਟ ਜੀ.ਟੀ ਰੋਡ ਗੜ੍ਹਦੀਵਾਲਾ ਹੁਸ਼ਿਆਰਪੁਰ, ਪਿੰਨ ਨੰ.144207, ਪੰਜਾਬ। ਇਸ ਤੋਂ ਇਲਾਵਾ ਸ਼੍ਰੀ ਪੁਸ਼ਪਿੰਦਰ ਸਿੰਘ ਪੁੱਤਰ ਸ਼੍ਰੀ ਕਰਨੈਲ ਸਿੰਘ, ਵਾਸੀ ਪਿੰਡ ਅਤੇ ਡਾਕਖਾਨਾ ਹਰਦੋ ਨੇਕਨਾਮਾ ਦਸੂਹਾ ਹੁਸ਼ਿਆਰਪੁਰ, ਪਿੰਨ ਨੰ.144205, ਪੰਜਾਬ। 2. ਸ਼੍ਰੀਮਤੀ ਪੂਨਮ ਮਾਰਫਤ ਸ਼੍ਰੀ ਨਰੇਸ਼ ਕੁਮਾਰ, ਵਾਸੀ ਮਕਾਨ ਨੰਬਰ ਬੀ-17/24, ਮੁਹੱਲਾ ਪ੍ਰੇਮਗੜ੍ਹ, ਵਾਰਡ ਨੰ 31 ਹੁਸ਼ਿਆਰਪੁਰ ਪਿੰਨ ਨੰ.146001, ਪੰਜਾਬ, 3. ਸ਼੍ਰੀਮਤੀ ਹਰਵਿੰਦਰ ਕੌਰ ਪਤਨੀ ਸ਼੍ਰੀ ਪੁਸ਼ਪਿੰਦਰ ਸਿੰਘ ਵਾਸੀ ਪਿੰਡ ਅਤੇ ਡਾਕਖਾਨਾ ਹਰਦੋ ਨੇਕਨਾਮਾ ਦਸੂਹਾ ਹੁਸ਼ਿਆਰਪੁਰ, ਪਿੰਨ ਨੰਬਰ 144205, ਪੰਜਾਬ। | 1. ਵਿਕਰੀ ਡੀਡ ਦਸਤਾਵੇਜ਼ ਨੰ.2021-22/160/1/970 ਮਿਤੀ 23.02.2022 ਅਨੁਸਾਰ 1 ਕਨਾਲ 16 ਮਰਲੇ 6 ਸਰਸਾਹੀ ਵਾਲੀ ਜਾਇਦਾਦ ਮਾਪ ਖਸਰਾ ਨੰਬਰ 29//16(8-0),29//17(5-18), ਹੱਦਬਸਤ ਨੰ.42, ਪਿੰਡ ਗੋਂਡਪੁਰ ਤਹਿਸੀਲ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ। ਪੂਰਬ ਵੱਲ: ਹਰੀ ਸਿੰਘ, ਪੱਛਮ ਵੱਲ: ਵੇਚਣ ਵਾਲਾ, ਉੱਤਰ ਵੱਲ: ਰਸਤਾ 2ਕਰਮ ਚੌੜਾ, ਦੱਖਣ ਵੱਲ: ਪ੍ਰੀਤਮ ਕੌਰ। 2. ਵਿਕਰੀ ਡੀਡ ਦਸਤਾਵੇਜ਼ ਨੰ.2021-22/160/1/652 ਮਿਤੀ 23.10.2021 ਅਨੁਸਾਰ 16 ਮਰਲੇ 6 ਸਰਸਾਹੀ ਮਾਪ ਵਾਲੀ ਸੰਪੱਤੀ, ਖਸਰਾ ਨੰਬਰ 29//17(5-18), ਹੱਦਬਸਤ ਨੰ.42, ਪਿੰਡ ਗੋਂਡਪੁਰ ਤਹਿਸੀਲ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ। ਪੂਰਬ ਵੱਲ: ਆਸ਼ਾ ਰਾਣੀ, ਪੱਛਮ ਵੱਲ: ਜੀ.ਟੀ. ਰੋਡ ਦਸੂਹਾ, ਉੱਤਰ ਵੱਲ: ਰਸਤਾ 2ਕਰਮ ਚੌੜਾ, ਦੱਖਣ ਵੱਲ: ਹੋਰ ਮਾਲਕ, ਮਾਲਕ ਦਾ ਨਾਮ - ਪੁਸ਼ਪਿੰਦਰ ਸਿੰਘ ਪੁੱਤਰ ਕਰਨੈਲ ਸਿੰਘ ਨਿਵਾਸੀ ਵੀ.ਪੀ.ਓ. ਹਰਦੋ ਨੇਕਨਾਮਾ ਤਹਿਸੀਲ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ। 3. ਵਿਕਰੀ ਡੀਡ ਦਸਤਾਵੇਜ਼ ਨੰ.2021-22/160/1/969 ਮਿਤੀ 23.02.2022 ਅਨੁਸਾਰ ਜਾਇਦਾਦ 1 ਕਨਾਲ 16 ਮਰਲੇ 6 ਸਰਸਾਹੀ, ਖਸਰਾ ਨੰ.29//16(8-0), 29//17(5-18) ਹੱਦਬਸਤ ਨੰ.42, ਪਿੰਡ ਗੋਂਡਪੁਰ ਤਹਿਸੀਲ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ। ਪੂਰਬ ਵੱਲ: ਹਰੀ ਸਿੰਘ, ਪੱਛਮ ਵੱਲ: ਵੇਚਣ ਵਾਲਾ, ਉੱਤਰ ਵੱਲ: ਰਸਤਾ 2ਕਰਮ ਚੌੜਾ, ਦੱਖਣ ਵੱਲ: ਪ੍ਰੀਤਮ ਕੌਰ। 4. ਵਿਕਰੀ ਦਸਤਾਵੇਜ਼ ਨੰਬਰ 2021-22/160/1/653 ਮਿਤੀ 27.10.2021 ਅਨੁਸਾਰ ਜਾਇਦਾਦ ਜਿਸਦ ਮਾਪ 17 ਮਰਲੇ 6 ਖਸਰਾ ਨੰਬਰ 29//17(5-18), ਹੱਦਬਸਤ ਨੰਬਰ 42, ਪਿੰਡ ਗੋਂਡਪੁਰ ਤਹਿਸੀਲ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ ਹੈ, ਪੂਰਬ ਵੱਲ: ਆਸ਼ਾ ਰਾਣੀ ਪੱਛਮ ਵੱਲ: ਵਿਕਰੇਤਾ, ਉੱਤਰ ਵੱਲ: ਰਸਤਾ 2 ਕਰਮ ਚੌੜਾ, ਦੱਖਣ ਵੱਲ: ਹੋਰ ਮਾਲਕ, ਮਾਲਕ ਦਾ ਨਾਮ-ਪੂਨਮ ਪਤਨੀ ਨਰੇਸ਼ ਕੁਮਾਰ ਨਿਵਾਸੀ ਮੁਹੱਲਾ ਪ੍ਰੇਮਗੜ੍ਹ ਵਾਰਡ ਨੰ. 31 ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ। | ਕਰਜ਼ੇ ਦੇ ਖਾਤੇ ਨੰ:-HOSPRT62204140004 ਦੇ ਹਵਾਲੇ ਅਧੀਨ 30,66,254/- ਰੁਪਏ (ਰੁ. ਤੀਹ ਲੱਖ ਛਿਆਹਠ ਹਜ਼ਾਰ ਦੋ ਸੌ ਚੁਰੰਜਾ ਕੇਵਲ) ਦਾ ਭੁਗਤਾਨ ਕਰਨਾ, ਮੰਗ ਨੋਟਿਸ ਮਿਤੀ:-25.06.2025 |

ਇਹ ਨੋਟਿਸ ਆਮ ਜਨਤਾ ਨੂੰ ਇਹ ਵੀ ਚੇਤਾਵਨੀ ਦੇਣ ਲਈ ਹੈ ਕਿ SFL ਦਾ ਅਧਿਕਾਰਤ ਅਧਿਕਾਰੀ ਉੱਪਰ ਦੱਸੀ ਗਈ ਅਚੱਲ ਜਾਇਦਾਦ ਦੇ ਕਾਨੂੰਨੀ ਸੰਕੇਤਕ ਕਬਜ਼ੇ ਵਿੱਚ ਹੈ ਅਤੇ ਕਰਜ਼ਾ ਲੈਣ ਵਾਲੇ ਜਾਂ ਕੋਈ ਵੀ ਵਿਅਕਤੀ ਇਸ ਨੋਟਿਸ ਦੀ ਪ੍ਰਾਪਤੀ ਤੋਂ ਬਾਅਦ, SFL ਦੀ ਪੂਰਵ ਲਿਖਤੀ ਸਹਿਮਤੀ ਤੋਂ ਬਿਨਾਂ, ਇਸ ਨੋਟਿਸ ਵਿੱਚ ਜ਼ਿਕਰ ਕੀਤੀ ਗਈ ਉਪਰੋਕਤ ਸੁਰੱਖਿਅਤ ਜਾਇਦਾਦਾਂ ਵਿੱਚੋਂ ਕਿਸੇ ਨੂੰ ਵੀ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਟ੍ਰਾਂਸਫਰ ਨਹੀਂ ਕਰਨਗੇ।
**ਮਿਤੀ: 29.08.2025** **ਸਥਾਨ: ਹੁਸ਼ਿਆਰਪੁਰ** **ਅਧਿਕਾਰਤ ਅਧਿਕਾਰੀ, ਸ਼੍ਰੀਰਾਮ ਫਾਈਨੈਂਸ ਲਿਮਟਿਡ**

SMFG Grihashakti
Nayi Asha. Naya Vishwas.
## ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.
**ਕਾਰਪੋਰੇਟ ਦਫਤਰ** : 503 ਅਤੇ 504, 5ਵੀਂ ਮੰਜ਼ਿਲ, ਜੀ-ਬਲਾਕ, ਇਸਪਾਇਰ ਬੀਕੇਸੀ, ਬੀਕੇਸੀ ਮੁੱਖ ਸੜਕ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ), ਮੁੰਬਈ-400051,
**ਰਜਿ. ਦਫ਼ਤਰ** : ਕਾਮਰਜ਼ੋਨ ਆਈਟੀ ਪਾਰਕ, ਟਾਵਰ ਬੀ, ਪਹਿਲੀ ਮੰਜ਼ਿਲ, ਨੰ. 111, ਮਾਊਂਟ ਪੂਨਾਵਾਲਾ ਰੋਡ, ਪੋਰੂਰ, ਚੇਨੱਈ-600 116, ਟੀ.ਐਨ.

**ਅਚੱਲ ਸੰਪੱਤੀ ਦੇ ਲਈ ਕਬਜ਼ਾ ਸੂਚਨਾ [(ਅੰਤਿਕਾ IV) ਨਿਯਮ 8(1)]**

ਜਿਥੇ ਕਿ, ਨਿਮਨ ਹਸਤਾਖਰੀ ਨੇ **ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.** ਇੱਕ ਹਾਊਸਿੰਗ ਫਾਇਨਾਂਸ ਕੰਪਨੀ (ਨੈਸ਼ਨਲ ਹਾਊਸਿੰਗ ਬੈਂਕ (ਪੂਰੀ ਤਰ੍ਹਾਂ **ਆਰਬੀਆਈ** ਦੀ ਮਾਲਕੀ ਹੇਠ) ਨਾਲ ਪੂਰਨ ਪੰਜੀਕ੍ਰਿਤ) (ਇੱਥੇ ਬਾਅਦ ਵਿੱਚ "**ਐਸਐਮਐਚਐਫਸੀ**" ਵੱਜੋਂ ਸੰਦਰਭਿਤ) ਦੇ **ਅਧਿਕਾਰਤ ਅਧਿਕਾਰੀ** ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਿਆਜ ਅਤੇ ਦਰਸਾਈ ਸੂਚਨਾ ਵਿੱਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰਾਂ (**ਨਾਮ ਨਿਮਨ ਦਰਸਾਏ**) ਨੂੰ ਸੱਦਾ ਦਿੰਦੇ ਹੋਏ ਦਰਸਾਏ ਕਾਨੂੰਨ ਦੀ ਧਾਰਾ 13 (2) ਦੇ ਅਧੀਨ ਨਿਮਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ। ਇੱਥੇ ਦਰਸਾਏ ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਨਿਮਨ ਦਰਸਾਏ ਕਰਜ਼ਦਾਰਾਂ ਨੂੰ ਅਤੇ **ਆਮ ਕਰਕੇ ਜਨਤਾ** ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖਰੀ ਨੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (4) ਅਧੀਨ ਮੈਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ** ਲੈ ਲਿਆ ਹੈ। ਉਕਤ ਦਰਸਾਏ ਕਰਜ਼ਦਾਰਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚਿਤਾਵਨੀ ਦਿੱਤੀ ਜਾਂਦੀ ਹੈ ਕਿ ਦਰਸਾਈ ਸੰਪੱਤੀ ਦੀ ਕੋਈ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਦਰਸਾਈ ਰਕਮ ਅਤੇ ਵਿਆਜ ਦੇ ਲਈ "**ਐਸਐਮਐਚਐਫਸੀ**" ਦੇ ਚਾਰਜ ਨਾਲ ਸਬੰਧਤ ਹੋਵੇਗੀ।

| ਲ ਨੰ. | ਕਰਜ਼ਦਾਰ(ਾਂ)/ਜ਼ਾਮਨ (ਾਂ) ਦਾ ਨਾਮ ਕਰਜ਼ ਖਾਤਾ ਨੰਬਰ | ਸੁਰੱਖਿਅਤ ਅਸਾਸਿਆਂ (ਅਚੱਲ ਸੰਪੱਤੀ) ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ ਅਤੇ ਰਕਮ | ਕਬਜ਼ੇ ਦੀ ਮਿਤੀ |
|---|---|---|---|---|
| 1 | LAN :- 609939511629870 **1. ਰੇਸ਼ਮ ਸਿੰਘ** ਸਪੁੱਤਰ ਮੇਜਰ ਸਿੰਘ **2. ਜਯੋਤੀ ਕੌਰ** ਮਾਰਫਤ ਰੇਸ਼ਮ ਸਿੰਘ | ਟ੍ਰਾਂਸਫਰ ਡੀਡ ਵਸੀਕਾ ਨੰ-2023-24/67/1/165 ਮਿਤੀ ਅਨੁਸਾਰ 9-5-2023 ਜੋਤੀ ਪਤਨੀ ਰੇਸ਼ਮ ਸਿੰਘ ਦੇ ਨਾਮ 'ਤੇ ਦਰਜ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ 2 ਕਨਾਲ 9 ਮਰਲੇ, ਜਿਸ ਵਿੱਚ ਖੇਵਟ/ਖਤੌਨੀ ਨੰ-154/341 ਤੋਂ 353, ਖਸਰਾ ਨੰ-106(20-9), 107/1(4-4), 108 ਮਿੰਟ(0-9), 109 ਮਿਨ (2-2), 111 ਮਿਨ(11-11), 112(7-9), 114/3(16-0), 109 ਮਿਨ (14-0), 99/2(5-4), 101/1(5-16),103 ਮਿਨ (4-6), 103 ਮਿਨ (1-0), 104(15-0), 101/2(10-4), 102(11-11),103 ਮਿਨ (4-6), 103 ਮਿੰਟ (1-0), 104(15-0), 101/2(10-4), 102(11-11), 103 ਮਿਨ (6-5), 110(19-16), 111(4-4), 113(16-0), 107/2(3-0),108 ਮਿਨ (6-0), 114/1(1-0), 100(25-4), 99/1(13-0), 00//107/2 ਮਿਨ (3-0),00//108 ਮਿਨ (6-0), 114/1(8-0) ਦਾ 49/4814 ਕੁੱਲ ਜ਼ਮੀਨ ਦਾ ਹਿੱਸਾ 240 ਕਨਾਲ 14 ਮਰਲੇ, ਜਮ੍ਹਾਂਬੰਦੀ ਸਾਲ 2020-21 ਲਈ, ਪਿੰਡ-ਘੜੇਲੀ, ਜ਼ਿਲ੍ਹਾ-ਭਟਿੰਡਾ ਵਿਖੇ ਸਥਿਤ ।ਹੱਦਬੰਦੀ:- ਪੂਰਬ-ਭੋਲਾ ਸਿੰਘ, ਪੱਛਮੀ-ਰਾਸਤਾ, ਉੱਤਰ-ਦਰਸ਼ਨ ਸਿੰਘ, ਦੱਖਣ-ਗੁਰਜੰਟ ਸਿੰਘ। | 13.06.2025 Rs. 21,18,531.19 (ਰੁਪਏ ਇਕੀ ਲੱਖ ਅਠਾਰਾਂ ਹਜ਼ਾਰ ਪੰਜ ਸੌ ਇਕੱਤੀ ਅਤੇ ਉਨੀ ਪੈਸੇ ਕੇਵਲ) 11.06.2025 ਦੇ ਅਨੁਸਾਰ | 28.08.2025 |
| 2 | LAN :- 609839211648605 **1. ਬਬਲੂ ਕਾਲਿਕਾ ਪ੍ਰਸ਼ਾਦ** ਸਪੁੱਤਰ ਕਾਲਿਕਾ ਪ੍ਰਸ਼ਾਦ **2. ਆਸ਼ਾ ਬਬਲੂ** ਪਤਨੀ ਬਬਲੂ | ਵਿਕਰੀ ਡੀਡ ਵਸੀਕਾ ਨੰਬਰ-2024-25/15/1/1748 ਮਿਤੀ 25-4-2024 ਬਬਲੂ ਪੁੱਤਰ ਕਾਲਿਕਾ ਪ੍ਰਸ਼ਾਦ ਦੇ ਨਾਮ 'ਤੇ ਦਰਜ ਰਿਹਾਇਸ਼ੀ ਫਲੈਟ ਨੰਬਰ-09 (ਦੂਜੀ ਮੰਜ਼ਿਲ), 0.66 ਮਰਲੇ ਦੀ ਸੰਪੱਤੀ ਦੇ ਸਾਰੇ ਟੁਕੜੇ ਅਤੇ ਪਾਰਸਲ, ਮਿਊਂਸਪਲ ਕੌਂਸਲ ਪ੍ਰਾਪਰਟੀ ਨੰਬਰ-ਬੀ-017/02531-09, ਖੇਵਟ/ਖਤੌਨੀ ਨੰਬਰ-1808/1934, ਖਸਰਾ/1808/1934, ਖਸਰਾ ਨੰਬਰ-1808/1934, ਖਸਰਾ ਵਿੱਚ ਸ਼ਾਮਲ ਹੈ। 23/1/2(0-17), 23/1/3(0-13), ਕਿਤੇ 3 ਰਕਬਾ 5 ਕਨਾਲ 2 ਮਰਲੇ ਕਾ 20/3060 ਹਿਸਾ ਮਾਪਣਾ 0 ਕਨਾਲ 0.66 ਮਰਲੇ, ਸਾਲ 2016-17 ਲਈ ਜਮ੍ਹਾਂਬੰਦੀ, ਆਦਰਸ਼ ਨਗਰ, ਪਿੰਡ 18, ਹੰਬੜ ਵਿਖੇ ਸਥਿਤ ਤਹਿਸੀਲ-ਖਰੜ, ਜ਼ਿਲ੍ਹਾ-ਸਾ.ਸ.ਸ.ਨਗਰ ਮੋਹਾਲੀ ਵਿਖੇ ਸਥਿਤ ।ਹੱਦਬੰਦੀ ਹੇਠ ਲਿਖੇ ਅਨੁਸਾਰ:- ਪੂਰਬੀ-ਫਲੈਟ ਨੰ.-6 ਪਹਿਲੀ ਮੰਜ਼ਿਲ, ਪੱਛਮੀ-ਫਲੈਟ ਨੰ.12 ਪਹਿਲੀ ਮੰਜ਼ਿਲ, ਉੱਤਰ-ਮਾਲਕ ਹੋਰ, ਦੱਖਣੀ-ਰਾਸਤਾ। | 21.01.2025 Rs. 21,94,155.14 (ਰੁਪਏ ਇਕੀ ਲੱਖ ਚੁਰਾਨਵੇਂ ਹਜ਼ਾਰ ਇਕ ਸੌ ਪਚਵੰਜਾ ਅਤੇ ਚੌਦਾਂ ਪੈਸੇ ਕੇਵਲ) 10.01.2025 ਦੇ ਅਨੁਸਾਰ | 30.08.2025 |

ਸਹੀ/-
**ਸਥਾਨ**: ਐਸਏਐਸ ਨਗਰ ਮੋਹਾਲੀ, ਬਠਿੰਡਾ, ਪੰਜਾਬ
**ਮਿਤੀ** : 28.08.2025/30.08.2025
**ਅਧਿਕਾਰਤ ਅਧਿਕਾਰੀ, ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.**


## ਜ਼ਰੂਰੀ ਸੂਚਨਾ


ਰੋਜ਼ਾਨਾ ਚੜ੍ਹਦੀਕਲਾ ਵਿਚ ਛਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

# ਹੜ੍ਹ ਪ੍ਰਭਾਵਿਤ ਖੇਤਰਾਂ 'ਚ ਸਿਹਤ ਵਿਭਾਗ ਵੱਲੋਂ ਆਪਣੀਆਂ ਸੇਵਾਵਾਂ ਜਾਰੀ

## ☛3 ਗਰਭਵਤੀ ਮਾਵਾਂ ਤੇ ਸੱਪ ਦੇ ਡੰਗ ਵਾਲੇ 2 ਕੇਸਾਂ ਨੂੰ ਸੁਰੱਖਿਅਤ ਬਚਾਇਆ



ਗੁਰਦਾਸਪੁਰ, 30 ਅਗਸਤ (ਜਗੀਰ ਸਿੰਘ ਮੰਡ/ਕੁਲਜੀਤ ਖੋਖਰ): ਜ਼ਿਲ੍ਹਾ ਗੁਰਦਾਸਪੁਰ ਦੇ ਰਾਵੀ ਦਰਿਆ ਨਾਲ ਲੱਗਦੇ ਪਿੰਡਾਂ ਵਿੱਚ ਆਏ ਹੜ੍ਹਾਂ ਤੋਂ ਬਚਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਹੇਠ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੀਆਂ ਟੀਮਾਂ ਵੀ ਲਗਾਤਾਰ ਰਾਹਤ ਤੇ ਬਚਾਅ ਕਾਰਜਾਂ ਵਿੱਚ ਲੱਗੀਆਂ ਹੋਈਆਂ ਹਨ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਮੈਡੀਕਲ ਕੈਂਪ ਲਗਾਉਣ ਤੋਂ ਇਲਾਵਾ ਪ੍ਰਭਾਵਿਤ ਪਿੰਡਾਂ ਵਿੱਚ ਵਾਟਰ ਸੈਂਪਲਿੰਗ, ਸਿਹਤ ਜਾਗਰੂਕਤਾ ਤੇ ਮਰੀਜ਼ਾਂ ਦਾ ਰੈਸਕਿਊ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਮਰੀਜ਼ਾਂ ਨੂੰ ਜ਼ਰੂਰੀ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚੋਂ ਹੁਣ ਤੱਕ 3 ਗਰਭਵਤੀ ਮਾਵਾਂ ਤੇ ਸੱਪ ਦੇ ਡੰਗ ਵਾਲੇ 2 ਕੇਸਾਂ ਨੂੰ ਸੁਰੱਖਿਅਤ ਬਚਾਇਆ ਗਿਆ ਹੈ। ਸਿਵਲ ਸਰਜਨ ਨੇ ਦੱਸਿਆ ਕਿ 30 ਅਗਸਤ ਤੱਕ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਖੇਤਰ ਵਿੱਚ ਵੱਖ-ਵੱਖ ਥਾਵਾਂ 'ਤੇ 52 ਮੈਡੀਕਲ ਕੈਂਪ ਲਗਾਏ ਗਏ ਹਨ। ਉਨ੍ਹਾਂ ਕਿਹਾ ਕਿ ਜ਼ਰੂਰਤ ਅਨੁਸਾਰ ਇਨ੍ਹਾਂ ਮੈਡੀਕਲ ਕੈਂਪਾਂ ਦੀ ਗਿਣਤੀ ਵਧਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰ 'ਤੇ 3 ਰੈਪਿਡ ਰਿਸਪਾਂਸ ਟੀਮਾਂ ਬਣਾਈਆਂ ਗਈਆਂ ਹਨ, ਜਦਕਿ ਬਲਾਕ ਪੱਧਰ 'ਤੇ 19 ਰੈਪਿਡ ਰਿਸਪਾਂਸ ਟੀਮਾਂ ਕੰਮ ਕਰ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਲੋਕਾਂ ਦੀ ਸਹੂਲਤ ਅਨੁਸਾਰ 38 ਮੋਬਾਈਲ ਮੈਡੀਕਲ ਟੀਮਾਂ ਬਣਾਈਆਂ ਗਈਆਂ ਹਨ, ਜੋ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਆਪਣੀਆਂ ਮੈਡੀਕਲ ਸੇਵਾਵਾਂ ਦੇ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਇਨ੍ਹਾਂ ਟੀਮਾਂ ਨੇ ਸੈਂਕੜੇ ਮਰੀਜ਼ਾਂ ਨੂੰ ਗੰਭੀਰ ਸਥਿਤੀ ਵਿੱਚੋਂ ਬਚਾਇਆ ਹੈ। ਸਿਵਲ ਸਰਜਨ ਡਾ. ਜਸਵਿੰਦਰ ਸਿੰਘ ਨੇ ਅੱਗੇ ਦੱਸਿਆ ਕਿ ਜ਼ਿਲ੍ਹੇ ਵਿੱਚ ਸਿਹਤ ਵਿਭਾਗ ਦੀਆਂ 6 ਜਦਕਿ 108 ਵਾਲੀਆਂ 17 ਐਂਬੂਲੈਂਸ ਲੋਕਾਂ ਦੀ ਸੇਵਾ ਵਿੱਚ ਮੌਜੂਦ ਹਨ। ਉਨ੍ਹਾਂ ਦੱਸਿਆ ਕਿ ਮਰੀਜ਼ਾਂ ਨੂੰ ਸਾਰੀਆਂ ਦਵਾਈਆਂ ਮੁਫਤ ਦਿੱਤੀਆਂ ਜਾ ਰਹੀਆਂ ਹਨ। ਪਾਣੀ ਦੀ ਸੈਂਪਲਿੰਗ ਲਈ ਟੀਮਾਂ ਨੂੰ ਆਨ ਸਪੌਟ ਵਾਟਰ ਟੈਸਟਿੰਗ ਕਿੱਟਾਂ ਦਿੱਤੀਆਂ ਗਈਆਂ ਹਨ, ਜਿਸ ਨਾਲ ਮੌਕੇ 'ਤੇ ਹੀ ਪੀਣ ਵਾਲੇ ਪਾਣੀ ਦੀ ਗੁਣਵੱਤਾ ਚੈਕ ਕੀਤੀ ਜਾ ਰਹੀ ਹੈ। ਸਿਹਤ ਵਿਭਾਗ ਵੱਲੋਂ ਪਾਣੀ ਦੀ ਕਲੋਰੀਨੇਸ਼ਨ ਕੀਤੀ ਜਾ ਰਹੀ ਹੈ ਮੱਛਰ ਦੇ ਖਾਤਮੇ ਲਈ ਫੌਗਿੰਗ ਦਾ ਪ੍ਰਬੰਧ ਕੀਤਾ ਗਿਆ ਹੈ। ਨਗਰ ਕੌਂਸਲਾਂ ਕੋਲ 18 ਜਦਕਿ ਸਿਹਤ ਵਿਭਾਗ ਕੋਲ 2 ਫੌਗਿੰਗ ਮਸ਼ੀਨਾਂ ਹਨ, ਜਿਸ ਦੀ ਮਦਦ ਨਾਲ ਵੱਖ-ਵੱਖ ਖੇਤਰਾਂ ਵਿੱਚ ਫੌਗਿੰਗ ਕੀਤੀ ਜਾਵੇਗੀ। ਇਸ ਦੇ ਨਾਲ ਹੀ ਮੱਛਰ ਤੋਂ ਬਚਾਓ ਲਈ ਕਰੀਮ ਤੇ ਧੂੰਏਂ ਲਈ ਕੋਇਲ ਵੀ ਦਿੱਤੀ ਜਾ ਰਹੀ ਹੈ। ਸਿਵਲ ਸਰਜਨ ਨੇ ਦੱਸਿਆ ਕਿ ਮੌਜੂਦਾ ਹਾਲਾਤਾਂ ਵਿੱਚ ਡਾਇਰੀਆ ਦੀ ਰੋਕਥਾਮ ਲਈ ਲੋਕਾਂ ਨੂੰ ਪੀਣ ਲਈ ਸਾਫ਼ ਪਾਣੀ ਤੇ ਸਾਫ਼-ਸਫ਼ਾਈ ਰੱਖਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਹੜ੍ਹ ਵਾਲੇ ਖੇਤਰ ਵਿੱਚ ਓ.ਆਰ.ਐਸ. ਦੇ ਪੈਕੇਟ ਵੰਡੇ ਜਾ ਰਹੇ ਹਨ ਤੇ ਲੋਕਾਂ ਨੂੰ ਇਸ ਦੇ ਇਸਤੇਮਾਲ ਬਾਰੇ ਦੱਸਿਆ ਜਾ ਰਿਹਾ ਹੈ।

# ਹੜ੍ਹਾਂ ਕਾਰਨ 323 ਪਿੰਡਾਂ ਦੇ 26000 ਤੋਂ ਵੱਧ ਲੋਕ ਪ੍ਰਭਾਵਿਤ

## ☛ਜ਼ਿਲ੍ਹਾ ਪ੍ਰਸ਼ਾਸਨ ਦੇ ਨਾਲ ਫ਼ੌਜ, ਬੀ.ਐਸ.ਐਫ. ਤੇ ਐਨ.ਡੀ.ਆਰ.ਐਫ. ਦੀਆਂ ਟੀਮਾਂ ਵੱਲੋਂ ਦਿਨ, ਰਾਤ ਹੜ੍ਹ ਪ੍ਰਭਾਵਤਾਂ ਦੀ ਕੀਤੀ ਜਾ ਰਹੀ ਹੈ ਸਹਾਇਤਾ



ਗੁਰਦਾਸਪੁਰ, 30 ਅਗਸਤ (ਜਗੀਰ ਸਿੰਘ ਮੰਡ/ਨਾਹਰ): ਬੀਤੇ ਦਿਨੀਂ ਰਾਵੀ ਦਰਿਆ ਦੇ ਪਾਣੀ ਕਾਰਨ ਜ਼ਿਲ੍ਹਾ ਗੁਰਦਾਸਪੁਰ ਦੇ 323 ਪਿੰਡ ਪ੍ਰਭਾਵਿਤ ਹੋਏ ਹਨ ਤੇ ਇਨ੍ਹਾਂ ਪਿੰਡਾਂ ਦੀ 26000 ਤੋਂ ਵੱਧ ਆਬਾਦੀ ਨੂੰ ਹੜ੍ਹਾਂ ਦੀ ਮਾਰ ਝੱਲਣੀ ਪਈ ਹੈ। ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਹਿਲੇ ਦਿਨ ਤੋਂ ਹੀ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਤੇ ਬਚਾਅ ਕਾਰਜ ਦਿਨ-ਰਾਤ ਜਾਰੀ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਬੀਤੀ ਸ਼ਾਮ ਤੱਕ 5400 ਤੋਂ ਵੱਧ ਵਿਅਕਤੀਆਂ ਨੂੰ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚੋਂ ਸੁਰੱਖਿਅਤ ਬਾਹਰ ਕੱਢਿਆ ਜਾ ਚੁੱਕਾ ਹੈ।ਉਨ੍ਹਾਂ ਦੱਸਿਆ ਕਿ ਹੜ੍ਹ ਪ੍ਰਭਾਵਿਤ ਲੋਕਾਂ ਲਈ ਜ਼ਿਲ੍ਹੇ ਅੰਦਰ 23 ਰਾਹਤ ਕੈਂਪ ਸਥਾਪਤ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ 13 ਐਕਟਿਵ ਹਨ। ਇਨ੍ਹਾਂ ਕੈਂਪਾਂ ਵਿੱਚ ਖਾਣੇ ਤੋਂ ਇਲਾਵਾ ਸੌਣ ਲਈ ਗੱਦੇ, ਸੁੱਕਾ ਰਾਸ਼ਨ, ਬਿਸਕੁਟ ਤੇ ਛੋਟੇ ਬੱਚਿਆਂ ਦੇ ਲਈ ਦੁੱਧ ਤੋਂ ਇਲਾਵਾ ਮੁੱਢਲੀ ਸਹਾਇਤਾ ਮੁਹੱਈਆ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਦੀ ਸਹਾਇਤਾ ਲਈ ਐਂਬੂਲੈਂਸ ਵੀ ਤੈਨਾਤ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੱਖ-ਵੱਖ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਲਈ ਕੱਲ੍ਹ ਤੱਕ 52 ਮੈਡੀਕਲ ਕੈਂਪ ਲਗਾਏ ਗਏ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਐਨ.ਡੀ.ਆਰ.ਐਫ਼. ਦੀਆਂ 6 ਟੀਮਾਂ, ਭਾਰਤੀ ਫ਼ੌਜ ਦੀਆਂ 3 ਟੀਮਾਂ ਤੇ ਬੀ.ਐਸ.ਐਫ਼. ਦੀ 1 ਟੀਮ ਰਾਹਤ ਕਾਰਜਾਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦਾ ਸਹਿਯੋਗ ਕਰ ਰਹੀਆਂ ਹਨ। ਇਨ੍ਹਾਂ ਟੀਮਾਂ ਵੱਲੋਂ ਕਿਸ਼ਤੀਆਂ ਤੇ ਹੋਰ ਸਾਧਨਾਂ ਰਾਹੀਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਫਸੇ ਲੋਕਾਂ ਤੱਕ ਪਹੁੰਚ ਕਰਕੇ ਉਨ੍ਹਾਂ ਨੂੰ ਸੁਰੱਖਿਅਤ ਟਿਕਾਣਿਆ 'ਤੇ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 5000 ਤੋਂ ਵੱਧ ਰਾਹਤ ਸਮੱਗਰੀ ਦੀਆਂ ਕਿੱਟਾਂ ਹੜ੍ਹ ਪ੍ਰਭਾਵਿਤ ਵਿਅਕਤੀਆਂ ਤੱਕ ਪਹੁੰਚਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਵੱਲੋਂ ਵੀ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲੋਕਾਂ ਦੀ ਸਹਾਇਤਾ ਕੀਤੀ ਜਾ ਰਹੀ ਹੈ। ਹੜ੍ਹਾਂ ਕਾਰਨ ਪਸ਼ੂ ਧੰਨ ਨੂੰ ਨੁਕਸਾਨ ਪਹੁੰਚਿਆ ਹੈ। ਉਨ੍ਹਾਂ ਦੱਸਿਆ ਕਿ ਪਸ਼ੂ ਪਾਲਣ ਵਿਭਾਗ ਦੀ ਰਿਪੋਰਟ ਅਨੁਸਾਰ ਜ਼ਿਲ੍ਹੇ ਵਿੱਚ 243 ਪਸ਼ੂਆਂ ਦੀ ਹੜ੍ਹਾਂ ਕਾਰਨ ਮੌਤ ਹੋਈ ਹੈ।ਉਨ੍ਹਾਂ ਹੜ੍ਹ ਪ੍ਰਭਾਵਿਤ ਖੇਤਰ ਦੇ ਵਸਨੀਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਬਿਲਕੁਲ ਨਾ ਘਬਰਾਉਣ, ਜ਼ਿਲ੍ਹਾ ਪ੍ਰਸ਼ਾਸਨ ਇਸ ਸੰਕਟ ਦੀ ਘੜੀ ਵਿੱਚ ਉਨ੍ਹਾਂ ਦੇ ਨਾਲ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਲੋੜ ਪੈਣ 'ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਕੰਟਰੋਲ ਰੂਮ ਦੇ ਨੰਬਰ 01874-266376 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸਿਹਤ ਵਿਭਾਗ ਜ਼ਿਲ੍ਹੇ ਦੇ ਲੋਕਾਂ ਨੂੰ ਡੇਂਗੂ, ਚਿਕਨਗੁਨੀਆ ਤੇ ਮਲੇਰੀਆ ਵਰਗੀਆਂ ਘਾਤਕ ਬਿਮਾਰੀਆਂ ਤੋਂ ਬਚਾਉਣ ਲਈ ਯਤਨਸ਼ੀਲ





ਨਵਾਂਸ਼ਹਿਰ, 30 ਅਗਸਤ (ਸੁਖਦੇਵ ਸਿੰਘ ਉੜਾਪੜ): ਮਾਣਯੋਗ ਸਿਵਲਸਰਜਨਡਾ. ਗੁਰਿੰਦਰਜੀਤ ਸਿੰਘ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਲੋਕਾਂ ਨੂੰ ਡੇਂਗੂ, ਚਿਕਨਗੁਨੀਆ ਤੇ ਮਲੇਰੀਆ ਵਰਗੀਆਂ ਘਾਤਕ ਬਿਮਾਰੀਆਂ ਤੋਂ ਬਚਾਉਣ ਲਈ ਯਤਨਸ਼ੀਲ ਹੈ। ਇਸੇ ਕੜੀ ਤਹਿਤ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਮਨਦੀਪ ਕਮਲ ਤੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਹਰੀਸ਼ ਕਿਰਪਾਲ ਨੇ ਸ਼ੁੱਕਰਵਾਰ ਨੂੰ 'ਹਰ ਸ਼ੁੱਕਰਵਾਰ-ਡੇਂਗੂ 'ਤੇ ਵਾਰ' ਮੁਹਿੰਮ ਮੌਕੇ ਆਮ ਲੋਕਾਂ ਨੂੰ ਮੱਛਰਾਂ ਤੋਂ ਹੋਣ ਵਾਲੀਆਂ ਬਿਮਾਰੀਆਂ, ਖਾਸ ਕਰਕੇ ਡੇਂਗੂ ਦੇ ਡੰਗ ਤੋਂ ਬਚਾਉਣ ਲਈ ਬਾਰਾਂਦਰੀ ਗਾਰਡਨ ਦਾ ਦੌਰਾ ਕੀਤਾ ਤੇ ਲਾਰਵੇ ਦੀ ਜਾਂਚ ਕੀਤੀ। ਇਸ ਮੌਕੇ ਜ਼ਿਲ੍ਹਾ ਸਿਹਤ ਅਧਿਕਾਰੀਆਂ ਨੇ ਆਮ ਲੋਕਾਂ ਨੂੰ ਪੰਜਾਬ ਸਰਕਾਰ ਦੀ 'ਹਰ ਸ਼ੁੱਕਰਵਾਰ-ਡੇਂਗੂ 'ਤੇ ਵਾਰ' ਮੁਹਿੰਮ ਬਾਰੇ ਦੱਸਿਆ। ਉਨ੍ਹਾਂ ਨੇ ਦੱਸਿਆ ਕਿ 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਮੁਹਿੰਮ ਦਾ ਮਕਸਦ ਡੇਂਗੂ, ਮਲੇਰੀਆਂ ਤੇ ਚਿਕਨਗੁਨੀਆ ਤੋਂ ਬਚਾਅ ਲਈ ਆਮ ਲੋਕਾਂ ਨੂੰ ਜਾਗਰੂਕ ਕਰਨਾ ਹੈ ਤਾਂ ਜੋ ਲੋਕ ਸਾਵਧਾਨੀਆਂ ਵਰਤ ਕੇ ਆਪਣੀ ਤੇ ਆਪਣੇ ਇਲਾਕੇ ਦੇ ਲੋਕਾਂ ਦਾ ਮੱਛਰਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਕਰ ਸਕਣ। ਉਨ੍ਹਾਂ ਨੇ ਪਾਣੀ ਵਾਲੇ ਸਰੋਤਾਂ, ਫੁੱਲਾਂ ਦੇ ਗਮਲੇ ਤੇ ਪੰਛੀਆਂ ਨੂੰ ਪਾਣੀ ਪਿਲਾਉਣ ਲਈ ਵਰਤੇ ਜਾਂਦੇ ਭਾਂਡਿਆਂ ਦੀ ਜਾਂਚ ਕੀਤੀ। ਸਿਹਤ ਅਧਿਕਾਰੀਆਂ ਵੱਲੋਂ ਹਰ ਉਸ ਥਾਂ ਦੀ ਚੈਕਿੰਗ ਕੀਤੀ ਗਈ, ਜਿੱਥੇ ਡੇਂਗੂ ਦਾ ਲਾਰਵਾ ਹੋਣ ਦੀ ਸੰਭਾਵਨਾ ਸੀ। ਡੇਂਗੂ ਦੀ ਰੋਕਥਾਮ ਲਈ ਮੱਛਰ ਦੇ ਜੀਵਨ ਚੱਕਰ ਨੂੰ ਤੋੜਨਾ ਮਹੱਤਵਪੂਰਨ ਹੈ।ਡੇਂਗੂ ਦੀ ਰੋਕਥਾਮ ਲਈ ਜਾਗਰੂਕਤਾ ਅਹਿਮ ਉਪਾਅ ਹੈ ਤੇ ਲੋਕਾਂ ਨੂੰ ਸਿੱਖਿਅਤ ਕਰਕੇ ਹੀ ਡੇਂਗੂ ਫੈਲਾਉਣ ਵਾਲੇ ਮੱਛਰ ਦੀ ਪੈਦਾਇਸ਼ ਨੂੰ ਰੋਕਿਆ ਜਾ ਸਕਦਾ ਹੈ। ਡੇਂਗੂ ਦਾ ਟੈਸਟ ਤੇ ਇਲਾਜ ਸਰਕਾਰੀ ਹਸਪਤਾਲਾਂ ਵਿੱਚ ਬਿਲਕੁਲ ਮੁਫ਼ਤ ਹੈ ਪਰ ਅਸੀਂ ਕੁਝ ਸਾਧਾਰਨ ਸਾਵਧਾਨੀਆਂ ਅਪਣਾ ਕੇ ਡੇਂਗੂ ਵਰਗੀਆਂ ਬਿਮਾਰੀਆਂ ਤੋਂ ਆਪਣੇ-ਆਪ ਨੂੰ ਬਚਾਅ ਸਕਦੇ ਹਾਂ। ਇਸ ਮੌਕੇ ਸਿਹਤ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

# ਫਤਹਿਗੜ੍ਹ ਚੂੜੀਆਂ ਦੇ ਨਜ਼ਦੀਕ ਪਿੰਡਾਂ 'ਚ ਰਾਹਤ ਤੇ ਬਚਾਅ ਕਾਰਜਾਂ 'ਚ ਲੋਕ ਨਿਭਾ ਰਹੇ ਨੇ ਰੋਲ



ਫਤਹਿਗੜ੍ਹ ਚੂੜੀਆਂ, 30 ਅਗਸਤ (ਰਾਜਨ ਸ਼ਰਮਾ): ਫਤਹਿਗੜ੍ਹ ਚੂੜੀਆਂ ਦੇ ਕਈ ਸਮਾਜ ਸੇਵੀਆਂ ਤੇ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਰਾਵੀ ਦਰਿਆ ਦੇ ਨਾਲ ਲੱਗਦੇ ਇਲਾਕੇ ਵਿੱਚ ਆਏ ਹੜ੍ਹ 'ਚੋਂ ਪ੍ਰਭਾਵਿਤ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਣ ਤੇ ਹੋਰ ਰਾਹਤ ਕਾਰਜਾਂ ਤੇ ਖਾਣ-ਪੀਣ ਦੀਆਂ ਵਸਤੂਆਂ ਤੇ ਪਾਣੀ ਦੀ ਸੇਵਾ ਨਿਭਾ ਰਹੇ ਹਨ। ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਦੇ ਨਾਲ ਪੰਜਾਬ ਪੁਲਿਸ ਦੇ ਅਧਿਕਾਰੀ ਤੇ ਜਵਾਨ ਵੀ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰ ਰਹੇ ਹਨ। ਪੰਜਾਬ ਪੁਲਿਸ ਦੇ ਜਵਾਨਾਂ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਸਮੱਗਰੀ ਵੰਡੀ ਜਾ ਰਹੀ ਹੈ ਤੇ ਲੋਕਾਂ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ ਜਾ ਰਹੀ ਹੈ। ਕੁਦਰਤ ਦੀ ਪਈ ਇਹ ਵੱਡੀ ਮਾਰ ਵੱਲੋਂ ਨਜਿੱਠਣ ਦੇ ਲਈ ਹਰ ਇੱਕ ਵਰਗ ਦਾ ਇਨਸਾਨ ਮੋਢੇ ਨਾਲ ਮੋਢਾ ਜੋੜ ਕੇ ਹੜ੍ਹ ਪੀੜਤ ਪਰਿਵਾਰਾਂ ਨੂੰ ਸੁਰੱਖਿਅਤ ਰੱਖਣ ਦੇ ਲਈ ਪੂਰਾ ਜ਼ੋਰ ਲਗਾ ਰਿਹਾ ਹੈ ਤੇ ਸਾਰਾ ਹੀ ਪੰਜਾਬ ਇਸ ਹੜ੍ਹ ਦੀ ਮਾਰ ਦੇ ਲਈ ਪਰਮਾਤਮਾ ਸਭ ਨੂੰ ਠੀਕ ਰੱਖਣ ਦੇ ਲਈ ਅਰਦਾਸ ਬੇਨਤੀ ਵੀ ਕਰ ਰਿਹਾ ਹੈ।

# ਸ਼ਮਸ਼ੇਰ ਸਿੰਘ ਇੰਚਾਰਜ ਥਾਣਾਬਿਆਸ ਨਾਲ ਕਾਨੂੰਨ ਵਿਵਸਥਾ ਤੇ ਪੰਜਾਬ 'ਚ ਆਏ ਹੜ੍ਹਾਂ ਬਾਰੇ ਕੀਤੀ ਗੱਲਬਾਤ



ਬਿਆਸ, 30 ਅਗਸਤ (ਰਾਕੇਸ਼ ਸਲਵਾਨ): ਅੱਜ ਐਸ. ਐਚ.ਓ. ਥਾਣਾ ਬਿਆਸ ਨਾਲ ਕਾਨੂੰਨ ਵਿਵਸਥਾ ਨੂੰ ਲੈ ਕੇ ਗੱਲਬਾਤ ਕੀਤੀ ਗਈ। ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਐਸ ਐਸ ਪੀ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ 'ਤੇ ਸਾਡੀ ਹਰ ਵੇਲੇ ਕਾਨੂੰਨ ਵਿਵਸਥਾ ਨੂੰ ਧਿਆਨ ਵਿੱਚ ਰੱਖਦਿਆਂ ਥਾਣਾ ਬਿਆਸ ਵਿੱਚ ਆਉਂਦੇ ਪਿੰਡ ਤੇਕਸ ਬਿਆਂ ਉਪਰ ਨਜ਼ਰ ਬਣੀ ਰਹਿੰਦੀ ਹੈ ਕਿਲੋਕਾਂ ਨੂੰ ਕਿਸੇ ਵੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ, ਸਾਡੀ ਹਰ ਸਮੇਂ ਇਹੀ ਕੋਸ਼ਿਸ਼ ਹੁੰਦੀ ਹੈ ਕਿ ਕਿਸੇ ਵੀ ਬੇਗੁਨਾਹ ਨਾਲ ਕੋਈ ਧੱਕਾ ਨਾ ਹੋਵੇ। ਸ਼ਮਸ਼ੇਰ ਸਿੰਘ ਵੱਲੋਂ ਆਖਿਆ ਗਿਆ ਕਿ ਇਸ ਵੇਲੇ ਥਾਣਾ ਬਿਆਸ ਦੇ ਇੰਚਾਰਜ ਹੋਣ ਨਾਤੇ ਮੇਰੀ ਡਿਊਟੀ ਬਣਦੀ ਹੈ ਕਿ ਕਾਨੂੰਨ ਵਿਵਸਥਾ ਸਹੀ ਰੱਖੀ ਜਾਵੇ ਚਾਹੇ ਉਹ ਟਰੈਫਿਕ ਨੂੰ ਲੈ ਕੇ ਹੋਵੇ ਜਾਂ ਕਿਸੇ ਗਲਤ ਅਨਸਰਾਂ ਨੂੰ ਲੈ ਕੇ ਹੋਵੇ। ਮੇਰੀ ਇਹ ਜ਼ੁੰਮੇਵਾਰੀ ਬਣਦੀ ਹੈ ਕਿ ਇਸ ਨੂੰ ਸਹੀ ਰੱਖਿਆ ਜਾਵੇ ਤਾਂ ਜੋ ਜਨਤਾ ਨੂੰ ਕਿਸੇ ਗੱਲ ਦੀਪਰੇਸ਼ਾਨੀ ਨਾ ਆਵੇ। ਸਭ ਤੋਂ ਪਹਿਲਾਂ ਇਹੀ ਸਾਡਾ ਫਰਜ਼ ਹੈ ਹੋਰ ਪੰਜਾਬ ਵਿੱਚ ਆਏ ਹੜ੍ਹਾਂ ਬਾਰੇ ਥਾਣਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਆਖਿਆ ਗਿਆ ਬਿਆਸ ਦਰਿਆ ਹੋਵੇ ਜਾ ਰਈਆ ਵਿੱਚ ਆਉਂਦੀ ਵੱਡੀ ਨਹਿਰ 'ਤੇ ਵੀ ਸਾਡੀ ਨਜ਼ਰ ਬਣੀ ਹੋਈ ਹੈ ਤੇ ਪ੍ਰਮਾਤਮਾ ਦਾ ਸ਼ੁੱਕਰ ਹੈ ਕਿ ਏਥੇ ਸਭ ਕੁੱਝ ਠੀਕ ਹੈ। ਬਾਕੀ ਡੇਰਾ ਰਾਧਾ ਸੁਆਮੀ ਦੇ ਲਾਗੇ ਵਗਦੇ ਦਰਿਆ ਕੰਢੇ ਨੂੰ ਮਿੱਟੀ ਦੀਆਂਬੋਰੀਆਂ ਨੂੰ ਸੰਗਤਾਂ ਵੱਲੋਂ ਰੱਖ ਕੇ ਪੱਕਾ ਕੀਤਾ। ਉਥੇ ਡੀ ਐਸ ਪੀ ਬਾਬਾ ਬਕਾਲਾ ਸਾਹਿਬ ਤੇ ਐਸ ਐਚ ਓ ਸ਼ਮਸ਼ੇਰ ਸਿੰਘ ਵੀ ਮੌਕੇ 'ਤੇ ਪਹੁੰਚੇ। ਉਥੇ ਐਸ. ਅੱਚ. ਓ. ਸ਼ਮਸ਼ੇਰ ਸਿੰਘ ਵੱਲੋਂ ਸੰਗਤਾਂ ਦਾ ਪੂਰਾ ਸਾਥ ਦਿੱਤਾ ਗਿਆ ਤੇ ਆਪ ਖੁਦ ਮਿੱਟੀ ਦੇ ਬੁਰੇ ਸੰਗਤਾਂ ਨੂੰ ਚਕਾਏ ਗਏ ਤੇ ਇਨਸਾਨੀਅਤ ਨਾਤੇ ਪੂਰੀ ਸੇਵਾ ਕੀਤੀ ਗਈ, ਉਥੇਐਸ ਐਚ ਓਸ਼ਮਸ਼ੇਰ ਸਿੰਘ ਨੇ ਜਿੱਥੇ ਇਹ ਸਾਬਤ ਕੀਤਾ ਕਿ ਉਹ ਇੱਕ ਵਧੀਆ ਇਮਾਨਦਾਰ ਅਫਸਰ ਤੇ ਇੱਕ ਵਧੀਆ ਇਨਸਾਨ ਵੀ ਹਨ।

# ਕਲਾਨੌਰ ਦੇ ਵੱਖ-ਵੱਖ ਪਿੰਡਾਂ 'ਚ ਰਾਹਤ ਸਮੱਗਰੀ ਪਹੁੰਚਾਈ: ਮੁਖਦੇਵ ਸਿੰਘ



ਗੁਰਦਾਸਪੁਰ, 30 ਅਗਸਤ (ਜਸਵਿੰਦਰ ਸਿੰਘ): ਦਰਿਆ ਰਾਵੀ ਨਾਲ ਲੱਗਦੇ ਹਲਕਾ ਕਲਾਨੌਰ ਦੇ ਪਿੰਡਾਂ ਵਿੱਚ ਆਏ ਹੜ੍ਹਾਂ ਤੋਂ ਲੋਕਾਂ ਨੂੰ ਬਚਾਉਣ ਲਈ ਮੁਖਦੇਵ ਸਿੰਘ ਆਲੋਵਾਲ ਮੀਡੀਆ ਬਲਾਰਾ ਗੁਰਦਾਸਪੁਰ ਅੱਗੇ ਆਏ ਹਨ। ਉਨ੍ਹਾਂ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਤੇ ਆਪਣੇ ਸਾਥੀਆਂ ਦੇ ਨਾਲ ਪਾਣੀ ਵਿੱਚ ਘਿਰੇ ਪਿੰਡਾਂ ਵਿੱਚ ਲੋਕਾਂ ਦੀ ਸਹਾਇਤਾ ਲਈ ਯਤਨ ਕੀਤੇ ਜਾ ਰਹੇ ਹਨ ਅਤੇ ਨਾਲ ਹੀ ਉਨ੍ਹਾਂ ਨੂੰ ਰਾਹਤ ਸਮੱਗਰੀ ਪਹੁੰਚਾਈ ਜਾ ਰਹੀ ਹੈ। ਇਸ ਮੌਕੇ ਉਨ੍ਹਾਂ ਨੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਪਹੁੰਚ ਕਰਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚਲਾਏ ਜਾ ਰਹੇ ਰਾਹਤ ਤੇ ਬਚਾਅ ਕਾਰਜਾਂ ਦਾ ਜਾਇਜ਼ਾ ਲਿਆ।ਆਲੋਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਲੋਕਾਂ ਦੀ ਜਾਨ-ਮਾਲ ਦੀ ਰਾਖੀ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਮੈਦਾਨੀ ਅਤੇ ਪਹਾੜੀ ਇਲਾਕਿਆਂ ਵਿੱਚ ਲਗਾਤਾਰ ਪੈ ਰਹੇ ਮੀਂਹ ਕਾਰਨ ਸਾਰੇ ਡੈਮ ਭਰ ਚੁੱਕੇ ਹਨ, ਉਨ੍ਹਾਂ ਕਿਹਾ ਕਿ ਰਣਜੀਤ ਸਿੰਘ ਸਾਗਰ ਡੈਮ ਅਤੇ ਉੱਝ ਦਰਿਆ ਵਿੱਚੋਂ ਆ ਰਹੇ ਪਾਣੀ ਨਾਲ ਕਈ ਥਾਵਾਂ ਤੋਂ ਰਾਵੀ ਦਰਿਆ ਦੇ ਧੁੱਸੀ ਬੰਨ੍ਹ ਨੂੰ ਨੁਕਸਾਨ ਪਹੁੰਚਿਆ ਹੈ। ਉਨ੍ਹਾਂ ਕਿਹਾ ਕਿ ਰਾਵੀ ਦਰਿਆ ਨਾਲ ਲੱਗਦੇ ਜ਼ਿਲ੍ਹਾ ਪਠਾਨਕੋਟ, ਗੁਰਦਾਸਪੁਰ ਤੇ ਅੰਮ੍ਰਿਤਸਰ ਦੇ ਕਈ ਪਿੰਡ ਹੜ੍ਹ ਦੀ ਮਾਰ ਹੇਠ ਆ ਗਏ ਹਨ ਜਿੱਥੇ ਸਵੇਰ ਤੋਂ ਹੀ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਬੀ.ਐੱਸ.ਐੱਫ., ਭਾਰਤੀ ਫ਼ੌਜ ਐੱਸ. ਟੀ. ਆਰ. ਐੱਫ. ਤੇ ਐੱਨ.ਡੀ.ਆਰ.ਐੱਫ ਦੀਆਂ ਟੀਮਾਂ ਨਾਲ ਬਚਾਅ ਕਾਰਜਾਂ ਵਿੱਚ ਲੱਗੀਆਂ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਟੀਮਾਂ ਵੱਲੋਂ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰਾਹਤ ਤੇ ਬਚਾਅ ਕਾਰਜ ਲਗਾਤਾਰ ਜਾਰੀ ਹਨ ਅਤੇ ਸਰਕਾਰ ਦੀ ਇਹ ਕੋਸ਼ਿਸ਼ ਹੈ ਕਿ ਨੁਕਸਾਨ ਘੱਟ ਤੋਂ ਘੱਟ ਹੋਵੇ ਅਤੇ ਲੋਕਾਂ ਨੂੰ ਰਾਹਤ ਪਹੁੰਚੀ ਕੀਤੀ ਜਾਵੇ। ਉਨ੍ਹਾਂ ਕਿਹਾ ਪਾਣੀ ਵਿੱਚ ਘਿਰੇ ਲੋਕ ਸਾਡੇ ਸੰਪਰਕ ਵਿੱਚ ਹਨ ਅਤੇ ਉਨ੍ਹਾਂ ਨੂੰ ਉੱਥੋਂ ਵਾਪਸ ਸੁਰੱਖਿਅਤ ਸਥਾਨਾਂ ਉੱਤੇ ਲਿਆਂਦਾ ਜਾ ਰਿਹਾ ਹੈ। ਸੂਬੇ ਵਿੱਚ ਆਏ ਹੜ੍ਹਾਂ ਤੋਂ ਨਜਿੱਠਣ ਲਈ ਪੰਜਾਬ ਸਰਕਾਰ ਵੱਲੋਂ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਖੁਦ ਸਾਰੀ ਸਥਿਤੀ ਤੇ ਨਜ਼ਰ ਰੱਖ ਰਹੇ ਹਨ। ਲੋਕਾਂ ਦੇ ਜਾਨ-ਮਾਲ ਦੀ ਰਾਖੀ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪਹਿਲਾਂ ਹੀ ਸੂਬੇ ਵਿੱਚ ਹੜ੍ਹਾਂ ਕਾਰਨ ਲੋਕਾਂ ਨੂੰ ਹੋਏ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਲਈ ਢੁਕਵਾਂ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਜਾ ਚੁੱਕਾ ਹੈ ਅਤੇ ਇਸ ਤੋਂ ਬਾਅਦ ਵਿਸ਼ੇਸ਼ ਗਿਰਦਾਵਰੀ ਕਰਕੇ ਮੁਆਵਜ਼ਾ ਦਿੱਤਾ ਜਾਵੇਗਾ।

# ਹੜ੍ਹਾਂ ਨਾਲ ਪ੍ਰਭਾਵਿਤ ਖੇਤਰਾਂ 'ਚ ਫਾਦਰ ਜੋਸ ਪਡਿਆਟੀ ਵੱਲੋਂ ਤੂਫਾਨੀ ਦੌਰਾ ਕਰਕੇ ਰਾਹਤ ਸਮੱਗਰੀ ਭੇਟ



ਧਾਰੀਵਾਲ, 30 ਅਗਸਤ (ਅਸ਼ੋਕ ਕੁਮਾਰ): ਭਾਰੀ ਪੈ ਰਹੀਆਂ ਬਰਸਾਤਾਂ ਕਾਰਨ ਹੜ੍ਹਾਂ ਦੀ ਮਾਰ ਹੇਠ ਆਏ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਨੂੰ ਰਾਹਤ ਸਮੱਗਰੀ ਪਹੁੰਚਾਉਣ ਲਈ ਸੰਤ ਜੋਸਫ ਤਰੇਸਾ ਕੈਥੋਲਿਕ ਚਰਚ ਧਾਰੀਵਾਲ ਸੋਹਲ ਦੇ ਪੈਰਿਸ ਪਰੀਸਟ ਤੇ ਡੀਨ ਰੈਵ: ਫਾਦਰ ਜੋਸ ਪਡਿਆਟੀ, ਲਿਟਰ ਫਲਾਵਰ ਕਾਨਵੈਂਟ ਸਕੂਲ ਧਾਰੀਵਾਲ ਦੇ ਪ੍ਰਿੰਸੀਪਲ ਸਿਸਟਰ ਦਿਵਿਆ, ਲੇਟੀ ਕਮਿਸ਼ਨ ਦੇ ਮੈਂਬਰ ਰਕੇਸ਼ ਵਿਲੀਅਮ ਤੇ ਹੋਰ ਚਰਚ ਦੇ ਮੈਂਬਰਾਂ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਤੂਫਾਨੀ ਦੌਰਾ ਕਰਕੇ ਪੀੜਿਤ ਲੋਕਾਂ ਨੂੰ ਖਾਣ ਪੀਣ ਦੀ ਜ਼ਰੂਰੀ ਰਾਹਤ ਸਮੱਗਰੀ ਭੇਂਟ ਕੀਤੀ ਗਈ ਤੇ ਮੁਫ਼ਤ ਮੈਡੀਕਲ ਕੈਂਪ ਲਗਾ ਕੇ ਦਵਾਈਆਂ ਦਿੱਤੀਆਂ ਗਈਆਂ। ਫਾਦਰ ਜੋਸ ਪਡਿਆਟੀ ਨੇ ਕਿਹਾ ਕਿ ਅਸਲ ਵਿੱਚ ਇਹੀ ਮਾਨਵਤਾ ਦੀ ਸੇਵਾ ਹੈ ਕਿ ਜੋ ਪੀੜਿਤ ਭੈਣ ਭਰਾ ਹਨ। ਉਨ੍ਹਾਂ ਦੀ ਸਮੇਂ ਸਿਰ ਮਦਦ ਕੀਤੀ ਜਾਏ ।ਉਨ੍ਹਾਂ ਨੇ ਕਿਹਾ ਕਿ ਉਹ ਹਰ ਲੋੜਵੰਦ ਤੇ ਮੁਸੀਬਤ ਦੇ ਮਾਰੇ ਲੋਕਾਂ ਲਈ ਹਰ ਤਰ੍ਹਾਂ ਦੀ ਮਦਦ ਕਰਨ ਲਈ ਵਚਨਬੱਧ ਹਨ। ਫਾਦਰ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਡੇਰਾ ਬਾਬਾ ਨਾਨਕ ਅਧੀਨ ਪ੍ਰਭਾਵਿਤ ਪਿੰਡ ਕਲਾਨੌਰ ਅਧੀਨ ਪ੍ਰਭਾਵਿਤ ਪਿੰਡ ਦੋਰਾਂਗਲਾ ਆਦਿ ਹੋਰ ਵੱਖ-ਵੱਖ ਪਿੰਡਾਂ ਵਿੱਚ ਪਹੁੰਚ ਕੇ ਪੀੜਿਤ ਪਰਿਵਾਰਾਂ ਨੂੰ ਰਾਹਤ ਸਮੱਗਰੀ ਭੇਂਟ ਕੀਤੀ ਗਈ। ਲਗਾਏ ਵੱਖ-ਵੱਖ ਪਿੰਡਾਂ ਵਿੱਚੋਂ ਮੁਫ਼ਤ ਮੈਡੀਕਲ ਕੈਂਪ ਦੌਰਾਨ ਡਾ. ਐਲ ਯੂਸਫ਼ ਸਿੱਧਾ ਆਯੁਰਵੈਦਾ ਵੱਲੋਂ ਅਹਿਮ ਭੂਮਿਕਾ ਨਿਭਾਈ ਗਈ। ਇਸ ਮੌਕੇ ਫਾਦਰ ਸੁਰੇਸ਼ ਸਿੱਧਵਾਂ ਜਮੀਤਾ,ਲਿਟਲ ਫਲਾਵਰ ਕਾਨਵੈਂਟ ਸਕੂਲ ਧਾਰੀਵਾਲ ਦੇ ਪ੍ਰਿੰਸੀਪਲ ਸਿਸਟਰ ਦਿਵਿਆ, ਸਿਸਟਰ ਐਨਸ ਮਰੀਅਮ, ਮਦਰ ਟੀਨਾ, ਬਾਬੂ ਕਰਮਾ, ਚਰਚ ਮੀਡੀਆ ਇੰਚਾਰਜ ਜੇਮਸ ਨਾਹਰ, ਟਰੱਸਟੀ ਪੀਟਰ ਮੱਟੂ, ਆਕਾਸ਼ ਸਿੱਧੂ, ਰਜਤ ਸਾਈਮਨ ਸੰਧੂ, ਸੈਮ ਸੰਧੂ, ਯੂਥ ਪ੍ਰਧਾਨ ਰਿਤਿਕ, ਸਟੀਫਨ ਤਿਲਕਾ, ਰਾਮ ਸਿੰਘ ਆਦਿ ਹੋਰ ਚਰਚ ਮੈਂਬਰ ਹਾਜ਼ਰ ਸਨ।

# ਰਾਮ ਤੀਰਥ ਰੋਡ 'ਤੇ ਸਥਿਤ ਮੱਧੂਬੰਨ ਕਲੋਨੀ ਦੇ ਅਹੁਦੇਦਾਰਾਂ ਦੀ ਹੋਈ ਪਲੇਠੀ ਮੀਟਿੰਗ



ਕਾਹਨੂੰਵਾਨ, 30 ਅਗਸਤ (ਕੁਲਜੀਤ ਸਿੰਘ ਖੋਖਰ): ਅੰਮ੍ਰਿਤਸਰ ਦੀ ਰਾਮਤੀਰਥ ਰੋਡ 'ਤੇ ਸਥਿਤ ਮੱਧੂਬੰਨ ਅਸਟੇਟ ਕਲੋਨੀ ਵਿਖੇ ਮਹਿਤਾਬ ਸਿੰਘ ਵਡਾਲਾ ਦੀ ਪ੍ਰਧਾਨਗੀ ਹੇਠ ਇਕ ਪਲੇਠੀ ਮੀਟਿੰਗ ਮਹਿਤਾਬ ਸਿੰਘ ਦੇ ਫਾਰਮ ਹਾਊਸ ਵਿਖੇ ਹੋਈ। ਇਹ ਮੀਟਿੰਗ ਮੱਧੂਬੰਨ ਅਸਟੇਟ ਕਲੋਨੀ ਦੇ ਪ੍ਰਧਾਨ ਕੁਲਵਿੰਦਰ ਸਿੰਘ ਪੱਪਾ ਦੀ ਯੋਗ ਅਗਵਾਈ ਹੇਠ ਹੋਈ। ਇਸ ਮੀਟਿੰਗ ਵਿੱਚ ਕਲੋਨੀ ਵਿੱਚ ਹੋਏ ਕੰਮਾਂ ਦੀ ਸਮੀਖਿਆ ਕੀਤੀ ਗਈ। ਇਸ ਮੌਕੇ ਮਹਿਤਾਬ ਸਿੰਘ ਵਡਾਲਾ ਨੇ ਕਲੋਨੀ ਵਿਚ ਹੋਏ ਕੰਮਾਂ ਦੀ ਸ਼ਲਾਘਾ ਕੀਤੀ ਤੇ ਕਮੇਟੀ ਨੂੰ ਅਗਲੇ ਕੰਮਾਂ ਬਾਰੇ ਵੀ ਸਲਾਹ ਮਸ਼ਵਰਾ ਵੀ ਦਿੱਤਾ ਗਿਆ। ਇਸ ਵਕਤ ਵਡਾਲਾ ਨੇ ਆਖਿਆ ਹੈ ਕਿ ਕਲੋਨੀ ਵਿਚ ਇਕ ਧਾਰਮਿਕ ਸਾਂਝ ਬਣਾ ਕੇ ਰੱਖਣ ਨੂੰ ਵੀ ਆਖਿਆ। ਇਸ ਮੀਟਿੰਗ ਵਿੱਚ ਕਮੇਟੀ ਮੈਂਬਰ ਸਾਹਿਬਾਨ ਹਾਜ਼ਰ ਹੋਏ। ਅਮੋਲਕ ਸਿੰਘ ਜਨਰਲ ਸਕੱਤਰ ਤੇ ਰਵਿੰਦਰ ਸਿੰਘ ਮਰਾੜ ਚਰਨਜੀਤ ਰਾਏ ਪ੍ਰੈਸ ਸਕੱਤਰ ਬਲਵਿੰਦਰ ਸਿੰਘ ਗਿੱਲ ਮੈਂਬਰ ਸੋਹਨ ਸਿੰਘ ਮੈਂਬਰ ਨੇ ਵੀ ਮੀਟਿੰਗ ਵਿੱਚ ਹਿੱਸਾ ਲਿਆ। ਇਸ ਮੌਕੇ ਜਨਰਲ ਸਕੱਤਰ ਅਮੋਲਕ ਸਿੰਘ ਨੇ ਸਾਰੇ ਅਹੁਦੇਦਾਰਾਂ ਨੂੰ ਜੀ ਆਇਆਂ ਆਖਿਆ ਤੇ ਧੰਨਵਾਦ ਕੀਤਾ।

# ਸੁਖਬੀਰ ਸਿੰਘ ਬਾਦਲ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਅੱਜ ਕਰਨਗੇ ਦੌਰਾ



ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 30 ਅਗਸਤ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਪ੍ਰਧਾਨ ਸੁਖਬੀਰ ਸਿੰਘ ਬਾਦਲ 31 ਅਗਸਤ ਨੂੰ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਕੇ ਹੜ੍ਹ ਪੀੜਤ ਲੋਕਾਂ ਦੀਆਂ ਦੁੱਖ ਤਕਲੀਫਾਂ ਸੁਣਨਗੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਚੋਣਵੇਂ ਪੱਤਰਕਾਰਾਂ ਨਾਲ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਇੰਚਾਰਜ ਰਾਜਨਬੀਰ ਸਿੰਘ ਘੁਮਾਣ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਪੰਜਾਬ ਸੁਖਬੀਰ ਸਿੰਘ ਬਾਦਲ ਰੋਜ਼ਾਨਾ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਜਾ ਕੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਕੇ ਲੋਕਾਂ ਦੀਆਂ ਦੁੱਖ ਤਕਲੀਫਾਂ ਸੁਣ ਰਹੇ ਹਨ ਤੇ ਇਸ ਮੁਸ਼ਕਲ ਦੀ ਘੜੀ ਵਿੱਚ ਹੜ੍ਹ ਨਾਲ ਪੀੜਤ ਲੋਕਾਂ ਦੀ ਮਦਦ ਕਰ ਰਹੇ ਹਨ। ਇਸੇ ਤਰ੍ਹਾਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ 31 ਅਗਸਤ ਦਿਨ ਐਤਵਾਰ ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਪਹੁੰਚ ਕੇ ਉਨ੍ਹਾਂ ਦੀਆਂ ਦੁੱਖ ਤਕਲੀਫਾਂ ਸੁਣਨਗੇ ਤੇ ਸ਼ਾਮ ਪੰਜ ਵਜੇ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਵਿਖੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਪਹੁੰਚ ਕੇ ਹੜ੍ਹ ਪੀੜਤਾਂ ਦੀਆਂ ਦੁੱਖ ਤਕਲੀਫਾਂ ਸੁਣਨਗੇ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਦੀਆਂ ਸੰਗਤਾਂ ਨੂੰ ਲੱਖ-ਲੱਖ ਵਧਾਈਆਂ : ਜੋਨੀ ਘੁਮਾਣ



ਬਟਾਲਾ/ਸ੍ਰੀ ਹਰਗੋਬਿੰਦਪੁਰ ਸਾਹਿਬ, 30 ਅਗਸਤ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਜਗਤ ਗੁਰੂ ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਦੀ ਬਟਾਲਾ ਸ਼ਹਿਰ ਦੇ ਗੁਰਦੁਆਰਾ ਕੰਧ ਸਾਹਿਬ ਜੀ ਵਿਖੇ ਨਤਮਸਤਕ ਹੋਈਆਂ ਸੰਗਤਾਂ ਨੂੰ ਲੱਖ-ਲੱਖ ਵਧਾਈ ਦਿੰਦਿਆਂ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਸੋਸ਼ਲ ਮੀਡੀਆ ਜਨਰਲ ਸਕੱਤਰ ਬਲਜੀਤ ਸਿੰਘ ਜੋਨੀ ਘੁਮਾਣ ਨੇ ਆਖਿਆ ਕਿਉਹ ਸੰਗਤਾਂ ਬਹੁਤ ਹੀ ਭਾਗਾਂ ਵਾਲੀਆਂ ਹਨ, ਜਿਹੜੀਆਂ ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਬਟਾਲਾ ਵਿਖੇ ਸ਼ਾਮਲ ਹੋਈਆਂ। ਉਨ੍ਹਾਂ ਸੰਗਤਾਂ ਤੇ ਸਮੂਹ ਗੁਰਦੁਆਰਿਆਂ ਸਾਹਿਬ ਜੀ ਦੀਆਂ ਕਮੇਟੀਆਂ, ਸਿੱਖ ਜਥੇਬੰਦੀਆਂ, ਧਾਰਮਿਕ ਸੰਸਥਾਵਾਂ, ਲੰਗਰ ਕਮੇਟੀਆਂ, ਸੇਵਾਦਾਰਤੇ ਸਮੁੱਚਾ ਪ੍ਰਸ਼ਾਸਨ ਅਧਿਕਾਰੀ ਤੇ ਮੁਲਾਜ਼ਮ ਜਿਹੜੇ ਲਗਾਤਾਰਬਰਸਾਤ ਹੋਣ ਦੇ ਬਾਵਜੂਦ ਆਪਣੀਆਂ ਨਿਰੰਤਰ ਸੇਵਾਵਾਂ ਨਿਭਾ ਰਹੇ ਹਨ, ਵਧਾਈਦੇ ਪਾਤਰ ਹਨ। ਇਨ੍ਹਾਂ ਸੇਵਾਦਾਰਾਂ ਤੇ ਸੰਗਤਾਂ ਦੇ ਚਰਨਾਂ ਵਿੱਚ ਮੇਰਾ ਸਿਰ ਝੁਕਦਾ ਹੈ।

# ਹੜ੍ਹ ਪੀੜਤਾਂ ਦੀ ਸਹਾਇਤਾ ਲਈ ਕਲਗੀਧਰ ਟਰੱਸਟ ਨੇ ਕਾਵਾਂਵਾਲੀ ਪੱਤਣ 'ਚ ਲਗਾਇਆ 'ਹੜ੍ਹ ਪੀੜਤ ਰਾਹਤ ਕੈਂਪ'




ਬੜੂ ਸਾਹਿਬ, 30 ਅਗਸਤ (ਅੰਮ੍ਰਿਤਪਾਲ ਸਿੰਘ): ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਪਿਛਲੇ ਕਈ ਦਿਨਾਂ ਤੋਂ ਪੰਜਾਬ ਦੇ ਸਰਹੱਦੀ ਇਲਾਕਿਆਂ ਵਿੱਚ ਹੜ੍ਹ ਪੀੜਤ ਵਾਲੇ ਪਰਿਵਾਰਾਂ ਦੀ ਸਹਾਇਤਾ ਲਈ ਰਾਹਤ ਕਾਰਜ ਲਗਾਤਾਰ ਜਾਰੀ ਹੈ, ਜਿਸ ਦੇ ਤਹਿਤ ਜ਼ਿਲ੍ਹਾ ਫਾਜ਼ਿਲਕਾ, ਭਾਰਤ ਪਾਕਿਸਤਾਨ ਦੀ ਸਰਹੱਦ ਨਾਲ ਲੱਗਦੇ ਪਿੰਡ ਕਾਵਾਂਵਾਲੀ ਪੱਤਣ ਵਿੱਚ ਹੜ੍ਹ ਪੀੜਤ ਰਾਹਤ ਕੈਂਪ ਲਗਾਇਆ ਗਿਆ। ਇਸ ਕੈਂਪ ਰਾਹੀਂ ਹੜ੍ਹ ਕਾਰਨ ਪ੍ਰਭਾਵਿਤ ਹੋਏ ਲੋਕਾਂ ਨੂੰ ਘਰੋਂ-ਘਰੀ ਲੰਗਰ, ਦੁੱਧ, ਪਾਣੀ, ਰਾਹਤ ਕਿੱਟਾਂ, ਪਸ਼ੂਆਂ ਲਈ ਚਾਰਾ ਆਦਿ ਲੈ ਕੇ ਬੇੜੀਆਂ ਰਾਹੀਂ ਵੰਡਿਆ ਜਾ ਰਿਹਾ ਹੈ। ਫਾਜ਼ਿਲਕਾ ਜ਼ਿਲ੍ਹੇ ਦੇ ਕਈ ਪਿੰਡਾਂ 'ਚ ਹੜ੍ਹ ਦੀ ਸਥਿਤੀ ਬੜਾ ਭਿਆਨਕ ਰੂਪ ਧਾਰਨ ਕਰ ਚੁੱਕੀ ਹੈ। ਬੜੂ ਸਾਹਿਬ ਦੀ ਟੀਮ ਸਥਾਨਕ ਲੋਕਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਿੱਚ ਪੁੱਜੀ ਹੋਈ ਹੈ, ਜੋ ਲੰਗਰ ਦੇ ਨਾਲ ਨਾਲ ਹੋਰ ਵੀ ਜ਼ਰੂਰਤਾਂ ਨੂੰ ਪੂਰੀਆਂ ਕਰਨ ਲਈ ਸੰਭਵ ਕੋਸ਼ਿਸ਼ ਕਰ ਰਹੀ ਹੈ। ਜਾਣਕਾਰੀ ਦਿੰਦਿਆਂ ਕਲਗੀਧਰ ਟਰੱਸਟ ਬੜੂ ਸਾਹਿਬ ਦੇ ਪ੍ਰਧਾਨ ਡਾ. ਦਵਿੰਦਰ ਸਿੰਘ ਤੇ ਉਪ-ਪ੍ਰਧਾਨ ਭਾਈ ਜਗਜੀਤ ਸਿੰਘ ਵੱਲੋਂ ਭਰੋਸਾ ਦਿੱਤਾ ਗਿਆ ਕਿ ਜਿਹੜੇ ਖੇਤਰਾਂ ਵਿੱਚ ਪਾਣੀ ਭਰ ਜਾਣ ਨਾਲ ਹੜ੍ਹ ਵਰਗੀ ਸਥਿਤੀ ਬਣੀ ਹੋਈ ਹੈ, ਉਨ੍ਹਾਂ ਲੋਕਾਂ ਨੂੰ ਬਾਹਰ ਕੱਢਣ ਲਈ ਟਰੱਸਟ ਵੱਲੋਂ ਰਾਹਤ ਕਿੱਟਾਂ ਪੀੜਤ ਲੋਕਾਂ ਤੱਕ ਪਹੁੰਚਾਈਆਂ ਜਾ ਰਹੀਆਂ ਹਨ ਤੇ ਇਨ੍ਹਾਂ ਹੜ੍ਹ-ਪੀੜਤਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ ਤੇ ਲੋੜੀਂਦਾ ਸਮਾਨ ਮੁਹੱਈਆ ਕਰਵਾਇਆ ਜਾਵੇਗਾ। ਇਥੇ ਜ਼ਿਕਰਯੋਗ ਹੈ ਕਿ ਕਲਗੀਧਰ ਟਰੱਸਟ ਬੜੂ ਸਾਹਿਬ ਵਿੱਦਿਅਕ ਖੇਤਰ ਦੇ ਨਾਲ-ਨਾਲ ਜਦੋਂ ਵੀ ਦੇਸ਼ ਵਿੱਚ ਕਿਸੇ ਤਰ੍ਹਾਂ ਦੀ ਕੁਦਰਤੀ ਆਫ਼ਤ ਆਈ ਹੈ ਤਾਂ ਟਰੱਸਟ ਦੇ ਸੇਵਾਦਾਰਾਂ ਨੇ ਮਦਦ ਲਈ ਅੱਗੇ ਹੋ ਕੇ ਆਪਣੀ ਜ਼ਿੰਮੇਵਾਰੀ ਨਿਭਾਈ ਹੈ। ਕਲਗੀਧਰ ਟਰੱਸਟ ਵੱਲੋਂ ਸਭ ਦੀ ਚੜ੍ਹਦੀਕਲਾ ਦੀ ਅਰਦਾਸ ਕਰਦੇ ਹਾਂ।

# ਹਿਊਮੈਨਿਟੀ ਫਸਟ ਇੰਡੀਆ ਵੱਲੋਂ ਹੜ੍ਹ ਪੀੜਤ ਇਲਾਕਿਆਂ 'ਚ ਰਾਹਤ ਸਮੱਗਰੀ ਦੀ ਵੰਡ ਜਾਰੀ



ਕਾਦੀਆਂ, 30 ਅਗਸਤ (ਸਲਾਮ ਤਾਰੀ/ਸਿਕੰਦਰ ਸੰਧੂ): ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਦੇ ਬਲਾਕ ਦੀਨਾਨਗਰ ਗੁਰਦਾਸਪੁਰ ਦੇ ਪਿੰਡਾਂ ਵਿੱਚ ਰਾਵੀ ਦੇ ਪ੍ਰਕੋਪ ਕਾਰਨ ਆਏ ਭਿਆਨਕ ਹੜ੍ਹਾਂ ਕਾਰਨ ਸੌ ਤੋਂ ਵੱਧ ਪਿੰਡਾਂ ਵਿੱਚ ਅੱਜ ਪੰਜਵੇਂ ਦਿਨ ਵੀ ਜਨਜੀਵਨ ਬੁਰੀ ਤਰ੍ਹਾਂ ਦਿੱਕਤਾਂ ਨਾਲ ਭਰਿਆ ਰਿਹਾ। ਇਸ ਕੁਦਰਤੀ ਕਰੋਪੀ ਨਾਲ ਜਿੱਥੇ ਇਲਾਕੇ ਭਰ ਦੇ ਲੋਕ ਗੁਰਦਾਸਪੁਰ ਜ਼ਿਲ੍ਹੇ ਅਤੇ ਡੇਰਾ ਬਾਬਾ ਨਾਨਕ ਅਤੇ ਕਲਾਨੌਰ ਖੇਤਰ ਵਿੱਚ ਪਿੰਡ ਹੜ੍ਹ ਦੀ ਚਪੇਟ ਵਿੱਚ ਆਏ ਹਨ। ਇਸ ਮੌਕੇ ਜਿੱਥੇ ਪ੍ਰਸ਼ਾਸਨ ਤੇ ਲੋਕਾਂ ਵੱਲੋਂ ਆਪਣੇ ਪੱਧਰ 'ਤੇ ਅਤੇ ਐਨਜੀ ਓਜ਼ ਵੱਲੋਂ ਰਾਹਤ ਕਾਰਜ ਜਾਰੀ ਹਨ। ਇਸ ਹੜ੍ਹ ਮੌਕੇ ਅੰਤਰਰਾਸ਼ਟਰੀ ਐਨਜੀਓ ਹਿਊਮੈਨਿਟੀ ਫਸਟ ਵੱਲੋਂ ਲਗਾਤਾਰ ਰਾਹਤ ਕਾਰਜ ਜਾਰੀ ਹਨ ਇਸ ਸਬੰਧ ਵਿੱਚ ਚੇਅਰਮੈਨ ਹਿਊਮੈਨਿਟੀ ਫਸਟ ਇੰਡੀਆ ਦੇ ਚੇਅਰਮੈਨ ਸਈਅਦ ਅਜੀਜ਼ ਅਹਿਮਦ ਦੇ ਦਿਸ਼ਾ ਨਿਰਦੇਸ਼ਾਂ ਹੇਠ ਪੰਜਾਬ ਦੇ ਇੰਚਾਰਜ ਤੇ ਜਰਨਲ ਸਕੱਤਰ ਭਾਰਤ ਨਵੀਦ ਅਹਿਮਦ ਫਜ਼ਲ ਦੀ ਅਗਵਾਈ ਹੇਠ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਵੱਡੇ ਪੱਧਰ 'ਤੇ ਰਾਹਤ ਕਾਰਜ ਜਾਰੀ ਹਨ। ਇਸ ਮੌਕੇ ਨਵੀਦ ਅਹਿਮਦ ਫਜ਼ਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਲਗਾਤਾਰ ਟੀਮਾਂ ਬਣਾ ਕੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਜਾ ਕੇ ਲੋਕਾਂ ਵਿੱਚ ਰਾਹਤ ਸਮੱਗਰੀ ਵੰਡੀ ਜਾ ਰਹੀ ਹੈ। ਜਿਸ ਵਿੱਚ ਖਾਣਾ, ਪਾਣੀ, ਤਰਪਾਲਾਂ, ਦਵਾਈਆਂ ਤੇ ਜ਼ਰੂਰੀ ਸਮਾਨ ਵੰਡਿਆ ਜਾ ਰਿਹਾ ਹੈ। ਇਹ ਕਾਰਜ ਜਾਰੀ ਰਹਿਣਗੇ।ਉਹਨਾਂ ਦੱਸਿਆ ਕਿ ਅੱਜ ਸ਼੍ਰੀ ਹਰਗੋਬਿੰਦਪੁਰ ਦੇ ਨੀਵੇਂ ਪਿੰਡਾਂ ਤੇ ਸ਼ੈਲਟਰਾਂ ਸਰਕਾਰੀ ਸਕੂਲ ਜ਼ਿਲ੍ਹਾ ਗੁਰਦਾਸਪੁਰ, ਡੇਰਾ ਬਾਬਾ ਨਾਨਕ, ਫਤਿਹਗੜ੍ਹ ਚੂੜੀਆਂ ਤੇ ਕਰਤਾਰਪੁਰ ਕੋਰੀਡੋਰ ਦੇ ਨਜ਼ਦੀਕ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਹਿਊਮੈਨਿਟੀ ਫਸਟ ਦੀ ਟੀਮਾਂ ਪਹੁੰਚ ਕੇ ਰਾਹਤ ਪਹੁੰਚਾ ਰਹੀਆਂ ਹਨ। ਇਹਨਾਂ ਟੀਮਾਂ ਵਿੱਚ ਵਿਸ਼ੇਸ਼ ਤੌਰ 'ਤੇ ਮੁਬਾਹਿਲ ਅਹਿਮਦ ਬਸ਼ੀਰ ਦੇਹਲਵੀ, ਵਲੀਦ ਕੁਰੈਸ਼ੀ, ਸਮਰ ਅਹਿਮਦ, ਇਰਸ਼ਾਦ ਅਹਿਮਦ, ਫਜ਼ਲ ਅਹਿਮਦ ਤੇ ਨੌਜਵਾਨ ਸੇਵਾ ਨਿਭਾ ਰਹੇ ਹਨ।

# ਡੀ.ਸੀ. ਵੱਲੋਂ ਝੋਨੇ ਦੀ ਖਰੀਦ ਦੇ ਮੱਦੇਨਜ਼ਰ ਤਿਆਰੀਆਂ ਤੇ ਪ੍ਰਬੰਧ ਸਮੇਂ ਸਿਰ ਮੁਕੰਮਲ ਕਰਨ ਦੇ ਨਿਰਦੇਸ਼



ਸ਼ਹੀਦ ਭਗਤ ਸਿੰਘ ਨਗਰ, 30 ਅਗਸਤ (ਸੁਖਦੇਵ ਸਿੰਘ ਉੜਾਪੜ): ਆਗਾਮੀ ਖਰੀਫ ਸੀਜ਼ਨ 2025-26 ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਖਰੀਦ ਪ੍ਰਬੰਧਾਂ ਦੀ ਸਮੀਖਿਆ ਕਰਦਿਆਂ ਸੰਬੰਧਤ ਅਧਿਕਾਰੀਆਂ ਤੇ ਏਜੰਸੀਆਂ ਨੂੰ ਸਾਰੇ ਲੋੜੀਂਦੇ ਪ੍ਰਬੰਧ ਸਮੇਂ ਸਿਰ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ। ਅਧਿਕਾਰੀਆਂ ਨੇ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਇਸ ਸੀਜਨ ਦੌਰਾਨ ਜ਼ਿਲ੍ਹੇ ਵਿਚ ਲਗਭਗ 3,88000 ਮੀਟਰਿਕ ਟਨ ਝੋਨੇ ਦੀ ਖਰੀਦ ਹੋਣ ਦੀ ਸੰਭਾਵਨਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੱਕੀਆਂ ਅਤੇ ਆਰਜ਼ੀ ਤੌਰ 'ਤੇ ਸਥਾਪਤ ਕੀਤੇ ਜਾਣ ਵਾਲੇ ਖ਼ਰੀਦ ਕੇਂਦਰਾਂ ਵਿਖੇ ਕਿਸਾਨਾਂ, ਆੜ੍ਹਤੀਆਂ ਤੇ ਲੇਬਰ ਦੀ ਸਹੂਲਤ ਲਈ ਢੁਕਵੇਂ ਪ੍ਰਬੰਧ ਅਮਲ ਵਿਚ ਲਿਆਂਦੇ ਜਾਣ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਵਿੱਚ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਹੀਂ ਆਉਣੀ ਚਾਹੀਦੀ। ਉਨ੍ਹਾਂ ਨੇ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਝੋਨਾ ਚੰਗੀ ਤਰ੍ਹਾਂ ਸੁਕਾ ਕੇ ਹੀ ਮੰਡੀਆਂ ਵਿੱਚ ਲੈ ਕੇ ਆਉਣ ਤਾਂ ਜੋ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਇਆ ਜਾ ਸਕੇ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ 30 ਪੱਕੀਆਂ ਤੇ 10 ਆਰਜ਼ੀ ਮੰਡੀਆਂ ਸਥਾਪਤ ਕੀਤੀਆਂ ਜਾ ਰਹੀਆਂ ਹਨ, ਜਿੱਥੇ ਸਮੁੱਚੇ ਖਰੀਦ ਪ੍ਰਬੰਧ ਯਕੀਨੀ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ ਖਰੀਦ ਏਜੰਸੀਆਂ ਕੋਲ ਲੋੜ ਅਨੁਸਾਰ ਬਾਰਦਾਨਾ ਉਪਲਬਧ ਹੈ ਅਤੇ ਬਾਰਦਾਨੇ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਹਿਲਾਂ ਹੀ ਆੜ੍ਹਤੀਆਂ, ਕਿਸਾਨਾਂ ਅਤੇ ਕੰਬਾਈਨ ਮਾਲਕਾਂ ਨੂੰ ਜਾਣੂ ਕਰਵਾਇਆ ਜਾ ਚੁੱਕਾ ਹੈ ਕਿ ਜ਼ਿਲ੍ਹੇ ਵਿੱਚ ਝੋਨੇ ਦੀ ਕਟਾਈ ਲਈ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਹੀ ਕੰਬਾਈਨ ਮਸ਼ੀਨਾਂ ਚਲਾਈਆਂ ਜਾਣਗੀਆਂ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਝੋਨੇ ਦੀ ਖਰੀਦ ਸ਼ੁਰੂ ਹੋਣ 'ਤੇ ਮੰਡੀਆਂ ਵਿੱਚ 17 ਨਮੀਂ ਵਾਲਾ ਝੋਨਾ ਹੀ ਲੈ ਕੇ ਆਉਣ।ਉਨ੍ਹਾਂ ਕਿਹਾ ਕਿ ਸੁੱਕਾ ਝੋਨਾ ਲਿਆਉਣ ਨਾਲ ਕਿਸਾਨਾਂ ਨੂੰ ਮੰਡੀ ਵਿੱਚ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਜ਼ਿਕਰਯੋਗ ਹੈ ਕਿ ਝੋਨੇ ਦੀ ਐਮ.ਐਸ.ਪੀ. 2389 ਰੁਪਏ ਪ੍ਰਤੀ ਕੁਇੰਟਲ ਹੈ ਤੇ ਜ਼ਿਲ੍ਹੇ ਵਿੱਚ ਕੁੱਲ 55 ਸ਼ੈਲਰ ਹਨ।

# ਵੋਟ ਚੋਰੀ ਦਾ ਮੁੱਦਾ ਬਹੁਤ ਗੰਭੀਰ , ਵੋਟ ਚੋਰੀ ਲੋਕਤੰਤਰ 'ਤੇ ਸਭ ਤੋਂ ਵੱਡਾ ਹਮਲਾ : ਪ੍ਰਣਵ ਕ੍ਰਿਪਾਲ




ਗੜ੍ਹਸ਼ੰਕਰ, 30 ਅਗਸਤ (ਅਜਮੇਰ ਸਿੰਘ ਭਨੋਟ): ਯੂਥ ਕਾਂਗਰਸ ਆਗੂ ਪ੍ਰਣਬ ਕਿਰਪਾਲ ਨੇ ਮੋਹਣੋਵਾਲ ਵਿਖੇ ਭਰਵੀਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵੋਟ ਚੋਰੀ ਦਾ ਮੁੱਦਾ ਬਹੁਤ ਗੰਭੀਰ ਮੁੱਦਾ ਹੈ। ਉਨ੍ਹਾਂ ਕਿਹਾ ਕਿ ਵੋਟ ਚੋਰੀ ਲੋਕਤੰਤਰ ਤੇ ਸਭ ਤੋਂ ਵੱਡਾ ਹਮਲਾ ਹੈ। ਇਸ ਸਮੇਂ ਸਾਰਾ ਦੇਸ਼ ਵੋਟ ਚੋਰੀ ਦੇ ਮੁੱਦੇ 'ਤੇ ਕਾਂਗਰਸ ਪਾਰਟੀ ਦੇ ਨਾਲ ਖੜ੍ਹਾ ਹੈ। ਉਹਨਾਂ ਕਿਹਾ ਕਿ ਰਾਹੁਲ ਗਾਂਧੀ ਨੇ ਵੋਟ ਚੋਰੀ ਦੇ ਮੁੱਦੇ 'ਤੇ ਭਾਜਪਾ ਸਰਕਾਰ ਤੇ ਚੋਣ ਕਮਿਸ਼ਨ ਨੂੰ ਕਟਿਹਰੇ ਵਿਚ ਖੜ੍ਹਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਯੂਥ ਕਾਂਗਰਸ ਦੇ ਕੌਮੀ ਪ੍ਰਧਾਨ ਉਦੇ ਭਾਨੂ ਚਿਬ ਤੇ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਮੋਹਿਤ ਮਹਿੰਦਰਾ ਦੇ ਨਿਰਦੇਸ਼ ਮੁਤਾਬਕ ਵੋਟ ਚੋਰੀ ਦੇ ਮੁੱਦੇ ਪਿੰਡ ਪਿੰਡ ਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਵੋਟ ਚੋਰੀ ਕਰਕੇ ਸੱਤਾ 'ਤੇ ਕਾਬਜ਼ ਹੋਈ ਹੈ। ਉਨ੍ਹਾਂ ਕਿਹਾ ਕਿ ਯੂਥ ਕਾਂਗਰਸ ਬੂਥ ਪੱਧਰ 'ਤੇ ਵੋਟ ਚੋਰੀ ਨੂੰ ਰੋਕਣ ਲਈ ਮਜ਼ਬੂਤੀ ਨਾਲ ਕੰਮ ਕਰੇਗੀ। ਇਸ ਮੌਕੇ ਲਖਵਿੰਦਰ ਸਿੰਘ, ਮਨਜਿੰਦਰ ਸਿੰਘ, ਰੇਸ਼ਮ ਸਿੰਘ, ਦਿਲਾਵਰ ਸਿੰਘ ਆਦਿ ਹਾਜ਼ਰ ਹੋਏ।

# ਬਲਾਕ ਸੰਮਤੀ ਚੋਣਾਂ ਲਈ ਉਮੀਦਵਾਰ ਦੀ ਚੋਣ ਲਈ ਵਿਚਾਰ-ਵਟਾਂਦਰਾ



ਰਈਆ, 30 ਅਗਸਤ (ਰਾਕੇਸ਼ ਸਲਵਾਨ): ਅੱਜ ਪਿੰਡ ਚੀਮਾ ਬਾਠ ਵਿਖੇ ਕਾਂਗਰਸ ਪਾਰਟੀ ਦੇ ਸਾਬਕਾ ਵਧਿਅਕ ਸੰਤੋਖ ਸਿੰਘ ਭਲਾਈਪੁਰ ਦੇ ਦਿਸ਼ਾ ਨਿਰਦੇਸ਼ਾਂ ਤੇ ਮੰਗਲ ਸਿੰਘ ਨੰਬਰਦਾਰ ਅਤੇ ਬੱਚਿਤਰ ਸਿੰਘ ਸ਼ੌਂਕੀ ਮੈਂਬਰ ਪੰਚਾਇਤ ਦੀ ਅਗਵਾਈ ਹੇਠ ਮੀਟਿੰਗ ਕੀਤੀ ਗਈ, ਜਿਸ ਵਿੱਚ ਪਿੰਡ ਦੇ ਮੋਹਤਬਰਾਂ ਵੱਲੋਂ ਪਹੁੰਚ ਕੀਤੀ ਗਈ ਇਸ ਵਾਰ ਬਲਾਕ ਸੰਮਤੀ ਚੋਣਾਂ ਲਈ ਪਿੰਡ ਚੀਮਾ ਬਾਠ ਦੇ ਨਾਲ ਪਿੰਡ ਬੁਲੇ ਨੰਗਲ ਪਿੰਡ ਛਾਪਿਆਂਵਾਲੀ ਅਤੇ ਉਮਰਾਨੰਗਲ ਸਮੇਤ 4 ਪਿੰਡ ਜੋੜੇ ਗਏ ਐਸ ਸੀ ਔਰਤ ਰਿਜ਼ਰਵ ਹੋਏ ਪਿੰਡ ਕਿਸ ਉਮੀਦਵਾਰ ਨੂੰ ਚੋਣਾਂ ਲਈ ਉਤਾਰਨਾ ਹੈ ਇਸ ਸੰਬੰਧ ਵਿੱਚ ਮੀਟਿੰਗ ਕੀਤੀ ਗਈ।ਹਲਕੇ ਦੇ ਕਈ ਮੋਹਤਬਰ ਮੀਟਿੰਗ ਵਿੱਚ ਨਹੀਂ ਪਹੁੰਚ ਸਕੇ। ਇਸ ਕਾਰਨ ਅਜੇ ਕੋਈ ਫੈਸਲਾ ਨਹੀਂ ਹੋ ਸਕਿਆ ਪਰ ਆਉਣ ਵਾਲੇ ਵਾਲੇ ਦਿਨਾਂ ਵਿੱਚ ਜਲਦੀ ਹੀ ਫੈਸਲਾ ਹੋ ਜਾਵੇਗਾ।

# ਪੰਜਾਬ ਸਰਕਾਰ ਨੇ ਗਵਰਨਰ ਕੋਲ ਚੁੱਕਿਆ ਡੈਪੂਟੇਸ਼ਨ ਦਾ ਮੁੱਦਾ

ਕਮਲਜੀਤ ਸਿੰਘ ਬਨਵੈਤ
98147 34035



ਪੰਜਾਬ ਦੇ ਸੀਨੇ ਉੱਤੇ ਉਸਰੇ ਚੰਡੀਗੜ੍ਹ ਨੂੰ ਸੂਬੇ ਦੀਆਂ ਸਿਆਸੀ ਪਾਰਟੀਆਂ ਨੇ ਨਾ ਵਿਸਾਰਿਆ ਹੁੰਦਾ ਤਾਂ ਰਾਜਧਾਨੀ ਵਿੱਚੋਂ ਪੰਜਾਬ ਦੇ ਹਿੱਸੇ ਨੂੰ ਖੋਰਾ ਨਹੀਂ ਸੀ ਲੱਗਣਾ। ਜੇ ਚੰਡੀਗੜ੍ਹ ਲਈ ਦਿਲੋਂ ਲੜਾਈ ਛੇੜੀ ਹੁੰਦੀ ਤਾਂ ਕਿਸ ਦੀ ਮਜ਼ਾਲ ਸੀ ਕਿ ਚੰਡੀਗੜ੍ਹ ਨੂੰ ਪੰਜਾਬ ਹਵਾਲੇ ਕਰਨ ਦਾ ਮਾਮਲਾ ਦਹਾਕਿਆਂ ਬਾਅਦ ਵੀ ਹੱਲ ਨਾ ਹੁੰਦਾ। ਸਿਆਸੀ ਪਾਰਟੀਆਂ ਅਤੇ ਸਰਕਾਰ ਨੇ ਚੰਡੀਗੜ੍ਹ ਤੋਂ ਸਿਰਫ ਆਪਣਾ ਹੱਕ ਹੀ ਨਹੀਂ ਛੱਡਣਾ ਸ਼ੁਰੂ ਕੀਤਾ ਸਗੋਂ ਪੰਜਾਬ ਪੁਨਰ ਗਠਨ ਐਕਟ ਤਹਿਤ ਮਿਲੀ ਹਿੱਸੇਦਾਰੀ ਉੱਤੇ ਵੀ ਦਾਅਵਾ ਜਤਾਉਣ ਤੋਂ ਵੀ ਪਿੱਛੇ ਹਟਣ ਲੱਗੀਆਂ ਹਨ। ਜਿਸ ਦੇ ਚਲਦਿਆਂ ਚੰਡੀਗੜ੍ਹ ਪ੍ਰਸ਼ਾਸਨ ਵਿੱਚ ਪੰਜਾਬ ਦੇ ਹਿੱਸੇ ਦੇ ਅਹੁਦਿਆਂ ਉੱਤੇ ਦੂਜੇ ਰਾਜਾਂ ਦੇ ਅਫਸਰ ਬਿਠਾਏ ਜਾਣ ਲੱਗੇ ਹਨ।

ਪੰਜਾਬ ਸਰਕਾਰ ਦੀ ਜਾਗ ਤਾਂ ਖੁੱਲ੍ਹੀ ਹੈ ਚਾਹੇ ਪੱਛੜ ਕੇ ਹੀ ਸਹੀ। ਪੰਜਾਬ ਸਰਕਾਰ ਨੇ ਚੰਡੀਗੜ੍ਹ ਵਿੱਚ ਆਪਣੇ ਹਿੱਸੇ ਦੀਆਂ ਪੋਸਟਾਂ ਉੱਤੇ ਦੂਜੇ ਰਾਜਾਂ ਦੇ ਅਫਸਰਾਂ ਨੂੰ ਤਾਇਨਾਤ ਕੀਤੇ ਜਾਣ ਦੇ ਖ਼ਿਲਾਫ਼ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨੂੰ ਇੱਕ ਰੋਸ ਭਰਿਆ ਪੱਤਰ ਲਿਖਿਆ ਹੈ। ਪੰਜਾਬ ਨੇ ਪੱਤਰ ਲਿਖ ਕੇ ਗਵਰਨਰ ਤੋਂ ਇਸ ਪੱਖਪਾਤੀ ਮਾਮਲੇ ਵਿੱਚ ਉਹਨਾਂ ਦੇ ਨਿੱਜੀ ਦਖਲ ਦੀ ਮੰਗ ਕੀਤੀ ਹੈ। ਸੂਤਰਾਂ ਅਨੁਸਾਰ ਪੰਜਾਬ ਦੇ ਰਾਜਪਾਲ ਪਹਿਲਾਂ ਹੀ ਚੰਡੀਗੜ੍ਹ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਦੀ ਡੈਪੂਟੇਸ਼ਨ ਮੁੱਦੇ ਨੂੰ ਲੈ ਕੇ ਝਾੜ ਝੰਬ ਕਰ ਚੁੱਕੇ ਹਨ। ਪੰਜਾਬ ਦੇ ਚੀਫ ਸੈਕਟਰੀ ਵੱਲੋਂ ਚੰਡੀਗੜ੍ਹ ਪ੍ਰਸ਼ਾਸਨ ਦੇ ਚੀਫ ਸੈਕਟਰੀ ਨੂੰ ਪੱਤਰ ਲਿਖ ਕੇ ਪੰਜਾਬ ਦੇ ਹਿੱਸੇ ਦੀਆਂ ਅਸਾਮੀਆਂ ਨਾਲ ਛੇੜਛਾੜ ਕਰਨ ਉੱਤੇ ਗੁੱਸਾ ਜ਼ਾਹਿਰ ਕੀਤਾ ਗਿਆ ਹੈ। ਪੱਤਰ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਪੰਜਾਬ ਕੋਟੇ ਦੀਆਂ ਅਸਾਮੀਆਂ ਉੱਤੇ ਕੇਂਦਰ ਸ਼ਾਸਿਤ ਰਾਜਾਂ ਦੇ ਅਧਿਕਾਰੀਆਂ ਨੂੰ ਤਾਇਨਾਤ ਕਰਨਾ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਹੈ। ਚੀਫ਼ ਸੈਕਟਰੀ ਨੇ ਕਿਹਾ ਹੈ ਕਿ ਚੰਡੀਗੜ੍ਹ ਦੀਆਂ ਅਹਿਮ ਪੋਸਟਾਂ ਉੱਤੇ ਪੰਜਾਬ ਦੇ ਆਈ ਏ ਐਸ ਅਤੇ ਪੀ ਸੀ ਐਸ ਅਧਿਕਾਰੀਆਂ ਨੂੰ ਦੂਰ ਰੱਖਿਆ ਜਾ ਰਿਹਾ ਹੈ। ਇੱਥੇ ਇਹ ਚੇਤੇ ਕਰਾਉਣਾ ਵੀ ਜ਼ਰੂਰੀ ਹੋਵੇਗਾ ਕਿ ਪੰਜਾਬ ਸਰਕਾਰ ਵੱਲੋਂ ਡੈਪੂਟੇਸ਼ਨ ਨੂੰ ਖੋਰਾ ਲੱਗਣ ਦਾ ਮਾਮਲਾ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਵੀ ਉਠਾਇਆ ਜਾ ਚੁੱਕਿਆ ਹੈ।

ਪੰਜਾਬ ਪਹਿਲੀ 60 ਉਦੋਂ ਲੱਗੀ ਹੈ ਜਦੋਂ ਯੂਟੀ ਸਿਹਤ ਵਿਭਾਗ ਦੇ ਡਾਇਰੈਕਟਰ ਉੱਤੇ ਹੋਰਾਂ ਰਾਜਾਂ ਨੇ ਕਬਜ਼ਾ ਜਮਾਉਣਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਪੁਨਰਗਠ ਐਕਟ ਤਹਿਤ ਚੰਡੀਗੜ੍ਹ ਦੇ ਸਿਹਤ ਵਿਭਾਗ ਦੇ ਡਾਇਰੈਕਟਰ ਦਾ ਅਹੁਦਾ ਪੰਜਾਬ ਦੇ ਹਿੱਸੇ ਪਾਇਆ ਗਿਆ ਸੀ। ਚੰਡੀਗੜ੍ਹ ਨੂੰ ਪੰਜਾਬ ਦੇ 28 ਪਿੰਡਾਂ ਨੂੰ ਉਜਾੜ ਕੇ ਵਸਾਇਆ ਗਿਆ ਸੀ। ਚੰਡੀਗੜ੍ਹ ਦੇ ਡਾਇਰੈਕਟਰ ਸਿਹਤ ਵਿਭਾਗ ਡਾਕਟਰ ਸੁਮਨ ਦਾ ਡੈਪੂਟੇਸ਼ਨ 30 ਸਤੰਬਰ ਨੂੰ ਖ਼ਤਮ ਹੋ ਰਿਹਾ ਹੈ। ਪੁਨਰ ਗਠਨ ਐਕਟ ਤਹਿਤ ਇਸ ਅਹੁਦੇ ਲਈ ਪੰਜਾਬ ਤੋਂ ਸੀਨੀਅਰ ਡਾਕਟਰਾਂ ਦਾ ਪੈਨਲ ਮੰਗਿਆ ਜਾਣਾ ਸੀ ਪਰ ਇਸ ਦੇ ਉਲਟ ਹਰਿਆਣਾ ਅਤੇ ਚੰਡੀਗੜ੍ਹ ਦੇ ਡਾਕਟਰ ਕਤਾਰ ਵਿੱਚ ਲੱਗ ਗਏ ਹਨ। ਚੰਡੀਗੜ੍ਹ ਵਿੱਚ ਸੈਂਟਰਲ ਰੂਲਜ਼ ਲਾਗੂ ਕਰਨ ਤੋਂ ਬਾਅਦ ਇਹ ਪਹਿਲੀ ਵਾਰ ਹੈ ਕਿ ਪੰਜਾਬ ਤੋਂ ਬਿਨਾਂ ਦੂਜੇ ਰਾਜਿਆਂ ਦੇ ਡਾਕਟਰਾਂ ਨੇ ਅਰਜ਼ੀਆਂ ਦਿੱਤੀਆਂ ਹਨ।

ਗੱਲ ਇੱਥੇ ਹੀ ਨਹੀਂ ਰੁਕੀ ਹੈ, ਆਸਾਮੀ ਨੂੰ ਭਰਨ ਤੋਂ ਪਹਿਲਾਂ ਹੀ ਚੰਡੀਗੜ੍ਹ ਦੀ ਇੱਕ ਸੀਨੀਅਰ ਡਾਕਟਰ ਨੇ ਇੱਕ ਪਟੀਸ਼ਨ ਦਾਇਰ ਕਰਕੇ ਆਪਣੀ ਸੀਨੀਆਰਤਾ ਦੇ ਆਧਾਰ ਉੱਤੇ ਦਾਅਵੇਦਾਰੀ ਜਤਾਈ ਹੈ। ਕੇਂਦਰ ਸਰਕਾਰ ਦੀਆਂ ਨਵੀਆਂ ਹਦਾਇਤਾਂ ਅਨੁਸਾਰ ਚੰਡੀਗੜ੍ਹ ਵਿੱਚ ਪੰਜਾਬ ਅਤੇ ਹਰਿਆਣਾ ਦੀ ਹਿੱਸੇਦਾਰੀ ਦੀਆਂ ਅਸਾਮੀਆਂ ਉੱਤੇ ਮੁਲਕ ਭਰ ਵਿੱਚ ਕਿਧਰੋਂ ਵੀ ਅਫਸਰ ਤਾਇਨਾਤ ਕੀਤੇ ਜਾ ਸਕਦੇ ਹਨ। ਇਸ ਤੋਂ ਪਹਿਲਾਂ ਕੇਂਦਰ ਸਰਕਾਰ ਕੋਲ ਚੰਡੀਗੜ੍ਹ ਪ੍ਰਸ਼ਾਸਨ ਨੇ ਇੱਕ ਸ਼ਿਕਾਇਤ ਕੀਤੀ ਸੀ ਕਿ ਦੋਵੇਂ ਰਾਜ ਆਪਣੇ ਹਿੱਸੇ ਦੀਆਂ ਡੈਪੂਟੇਸ਼ਨ ਦੀਆਂ ਅਸਾਮੀਆਂ ਭਰਨ ਲਈ ਪੈਨਲ ਲਈ ਭੇਜਦੇ ਹਨ।

ਚੰਡੀਗੜ੍ਹ ਤੋਂ ਉਜਾੜੇ ਲੋਕਾਂ ਦੀ ਦਾਸਤਾਨ ਬੜੀ ਦਰਦਮਈ ਰਹੀ ਹੈ। ਉਜਾੜੇ ਗਏ ਪਿੰਡਾਂ ਦੇ ਪੰਜਾਬੀ ਲੋਕਾਂ ਦੇ ਦਹਾਕਿਆਂ ਪਹਿਲਾਂ ਉੱਖੜੇ ਪੈਰ ਹਾਲੇ ਤੱਕ ਲੱਗ ਨਹੀਂ ਸਕੇ ਹਨ। ਪੰਜਾਬ ਪੁਨਰ ਗਠਨ ਐਕਟ 1966 ਵੇਲੇ ਪੰਜਾਬ ਤੇ ਹਰਿਆਣਾ ਦੀ ਚੰਡੀਗੜ੍ਹ ਵਿੱਚ ਹਿੱਸੇਦਾਰੀ 60 :40 ਦੇ ਅਨੁਪਾਤ ਨਾਲ ਤੈਅ ਕਰ ਦਿੱਤੀ ਗਈ ਸੀ। ਸਰਕਾਰਾਂ ਨੇ ਵਾਅਦੇ ਮੁਤਾਬਕ ਪੰਜਾਬ ਨੂੰ ਚੰਡੀਗੜ੍ਹ ਤਾਂ ਕੀ ਦੇਣਾ ਸੀ ਇਸ ਦੀ ਹਿੱਸੇਦਾਰੀ ਨੂੰ ਵੀ ਖੋਰਾ ਲੱਗਦਾ ਰਿਹਾ ਹੈ। ਪੰਜਾਬ ਇਸ ਦੇ ਵਿਰੋਧ ਵਿੱਚ ਸਮੇਂ ਸਮੇਂ ਰੋਸ ਜਤਾਉਂਦਾ ਰਿਹਾ ਹੈ। ਪੰਜਾਬ ਨੂੰ ਚੰਡੀਗੜ੍ਹ ਦੇ ਹਵਾਲੇ ਕਰਨਾ ਹੁਣ ਇੱਕ ਸੁਪਨਾ ਬਣ ਕੇ ਰਹਿ ਗਿਆ ਲੱਗਦਾ ਹੈ, ਜਿਸ ਲਈ ਸਿਆਸੀ ਧਿਰਾਂ ਪੂਰੀ ਤਰ੍ਹਾਂ ਕਸੂਰਵਾਰ ਹਨ।

ਇਸ ਦੇ ਉਲਟ ਪਿੱਛੇ ਜਿਹੇ ਚੰਡੀਗੜ੍ਹ ਨੇ ਪੰਜਾਬ ਨੂੰ ਇੱਕ ਵੱਡਾ ਝਟਕਾ ਦੇ ਦਿੱਤਾ ਸੀ। ਚੰਡੀਗੜ੍ਹ ਪ੍ਰਸ਼ਾਸਨ ਨੇ ਕੇਂਦਰ ਸਰਕਾਰ ਨੂੰ ਇੱਕ ਪੱਤਰ ਲਿਖ ਕੇ ਪੰਜਾਬ ਅਤੇ ਹਰਿਆਣਾ ਸਰਕਾਰ ਦੀ ਸ਼ਿਕਾਇਤ ਕੀਤੀ ਸੀ ਕਿ ਉਹ ਮੁਲਾਜ਼ਮਾਂ ਨੂੰ ਡੈਪੂਟੇਸ਼ਨ ਉੱਤੇ ਭੇਜਣ ਤੋਂ ਇਨਕਾਰੀ ਹੋਣ ਲੱਗੇ ਹਨ। ਕਿੱਥੇ ਇੱਕ ਸਮਾਂ ਸੀ ਜਦੋਂ ਪੰਜਾਬ ਚੰਡੀਗੜ੍ਹ ਵਿੱਚ ਆਪਣਾ ਹਿੱਸਾ ਲੈਣ ਲਈ ਲੜਦਾ ਰਿਹਾ ਹੈ। ਕਿੱਥੇ ਹੁਣ ਚੰਡੀਗੜ੍ਹ ਪ੍ਰਸ਼ਾਸਨ ਪੰਜਾਬ ਉੱਤੇ ਆਪਣੇ ਹਿੱਸੇਦਾਰੀ ਲੈਣ ਤੋਂ ਟਾਲਾ ਵੱਟਣ ਦੀਆਂ ਸ਼ਿਕਾਇਤਾਂ ਕਰਨ ਲੱਗਾ ਹੈ। ਦੂਜੇ ਬੰਨੇ ਇਸ ਸੱਚਾਈ ਤੋਂ ਵੀ ਮੁੱਖ ਨਹੀਂ ਮੋੜਿਆ ਜਾ ਸਕਦਾ ਕਿ ਪਿਛਲੇ ਕਈ ਸਾਲਾਂ ਤੋਂ ਕੇਂਦਰ ਸਰਕਾਰ ਪੰਜਾਬ ਤੇ ਹਰਿਆਣਾ ਨੂੰ ਪਾਸੇ ਰੱਖ ਕੇ ਯੂਟੀ ਕੇਡਰ ਦੇ ਅਧਿਕਾਰੀਆਂ ਦੀ ਤਾਇਨਾਤੀ ਚੰਡੀਗੜ੍ਹ ਪ੍ਰਸ਼ਾਸਨ ਵਿੱਚ ਕਰਨ ਲੱਗੀ ਹੈ।

ਇੱਕ ਹੋਰ ਉਦਾਹਰਨ ਸਾਹਮਣੇ ਆ ਚੁੱਕੀ ਹੈ ਕਿ ਚੰਡੀਗੜ੍ਹ ਪ੍ਰਸ਼ਾਸਨ ਨੇ ਪੰਜਾਬ ਅਤੇ ਹਰਿਆਣਾ ਨੂੰ ਆਪਣੇ ਹਿੱਸੇ ਦੇ ਕਾਲਜ ਅਧਿਆਪਕ ਡੈਪੂਟੇਸ਼ਨ ਉੱਤੇ ਭੇਜਣ ਲਈ ਲਿਖਿਆ ਸੀ। ਦੋਹਾਂ ਸੂਬਿਆਂ ਵੱਲੋਂ ਪੱਤਰ ਦਾ ਜਵਾਬ ਉਹਨਾਂ ਦਿੱਤਾ ਗਿਆ ਤਾਂ ਚੰਡੀਗੜ੍ਹ ਪ੍ਰਸ਼ਾਸਨ ਨੇ ਕੇਂਦਰ ਸ਼ਿਕਾਇਤ ਸਰਕਾਰ ਕੋਲ ਕਰ ਦਿੱਤੀ। ਹੁਣ ਚੰਡੀਗੜ੍ਹ ਪ੍ਰਸ਼ਾਸਨ ਨੇ ਇਹ ਇੱਕ ਇਸ਼ਤਿਹਾਰ ਦੇ ਕੇ ਭਾਰਤ ਭਰ ਦੇ ਕੇਂਦਰ ਸ਼ਾਸਿਤ ਰਾਜਾਂ ਤੋਂ ਕਾਲਜ ਅਧਿਆਪਕਾਂ ਦੀ ਭਰਤੀ ਲਈ ਅਰਜ਼ੀਆਂ ਮੰਗ ਲਈਆਂ ਹਨ। ਇਹਨਾਂ ਅਧਿਆਪਕਾਂ ਦੀ ਭਰਤੀ ਰੈਗੂਲਰ ਤੌਰ 'ਤੇ ਕੀਤੀ ਜਾਵੇਗੀ। ਇਸ ਦਾ ਮਤਲਬ ਇਹ ਹੋਇਆ ਕਿ ਪੰਜਾਬ ਅਤੇ ਹਰਿਆਣਾ ਦੇ ਚੰਡੀਗੜ੍ਹ ਵਿੱਚ ਡੈਪੂਟੇਸ਼ਨ ਦੀ ਹਿੱਸੇਦਾਰੀ ਨੂੰ ਪੱਕੇ ਤੌਰ 'ਤੇ ਖੋਰਾ ਲੱਗਣ ਦੀ ਸੰਭਾਵਨਾ ਬਣ ਗਈ ਹੈ।

ਪੰਜਾਬ ਦੀ ਅਕਾਲੀ ਭਾਜਪਾ ਸਰਕਾਰ ਨੇ ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਦਰਜਾ ਦੇਣ ਲਈ ਹਾਮੀ ਭਰ ਦਿੱਤੀ ਸੀ ਤਾਂ ਪੂਰਾ ਪੰਜਾਬ ਇਸ ਦੇ ਖ਼ਿਲਾਫ਼ ਖੜ੍ਹਾ ਹੋ ਗਿਆ ਸੀ ਤੇ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਆਪਣਾ ਪੱਤਰ ਵਾਪਸ ਲੈਣ ਲਈ ਮਜਬੂਰ ਹੋਣਾ ਪੈ ਗਿਆ ਸੀ। ਮੇਰੇ ਚੇਤਿਆਂ ਵਿੱਚ ਪੰਜਾਬ ਦੀ ਸਾਬਕਾ ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਦਾ ਰੋਸ ਭਰਿਆ ਪੱਤਰ ਵੀ ਆ ਰਿਹਾ ਹੈ ਜਦੋਂ ਚੰਡੀਗੜ੍ਹ ਵਿੱਚ ਪੰਜਾਬ ਦੇ ਹਿੱਸੇ ਦੇ ਡਾਇਰੈਕਟਰ ਸਿਹਤ ਦੇ ਅਹੁਦੇ ਉੱਤੇ ਹਰਿਆਣਾ ਸਰਕਾਰ ਦੇ ਡਾਕਟਰ ਨੂੰ ਤਾਇਨਾਤ ਕਰ ਦਿੱਤਾ ਗਿਆ ਸੀ। ਪਿੱਛੇ ਜਿਹੇ ਹਰਿਆਣਾ ਦੇ ਕਾਲਜਾਂ ਨੂੰ ਪੰਜਾਬ ਯੂਨੀਵਰਸਿਟੀ ਪੰਜਾਬ ਯੂਨੀਵਰਸਿਟੀ ਨਾਲ ਜੁੜਨ ਦਾ ਮਾਮਲਾ ਭਖ਼ਿਆ ਰਿਹਾ ਹੈ। ਚੰਡੀਗੜ੍ਹ ਦੇ ਸਾਬਕਾ ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ ਵਿਚੋਲਗੀ ਕਰਦੇ ਰਹੇ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹਰਿਆਣਾ ਦੇ ਉਸ ਵੇਲੇ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਦੋ ਟੁੱਕ ਜਵਾਬ ਦੇ ਦਿੱਤਾ ਸੀ। ਦੂਜੇ ਬੰਨੇ ਹਰਿਆਣਾ ਵੱਲੋਂ ਚੰਡੀਗੜ੍ਹ ਵਿੱਚ ਵੱਖਰੀ ਵਿਧਾਨ ਸਭਾ ਬਣਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਜਾਂਦਾ ਰਿਹਾ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਸ ਲਈ ਹਾਮੀ ਵੀ ਭਰ ਦਿੱਤੀ ਸੀ। ਪੰਜਾਬੀਆਂ ਵੱਲੋਂ ਰੋਸ ਵੀ ਜ਼ਾਹਿਰ ਕੀਤਾ ਗਿਆ ਸੀ। ਅੰਤ ਨੂੰ ਚੰਡੀਗੜ੍ਹ ਪ੍ਰਸ਼ਾਸਨ ਨੂੰ ਹਰਿਆਣਾ ਨੂੰ ਚੰਡੀਗੜ੍ਹ ਵਿੱਚ ਜ਼ਮੀਨ ਦੇਣ ਤੋਂ ਮੁੱਕਰਨਾ ਪਿਆ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹਰਿਆਣਾ ਦੇ ਬਰਾਬਰ ਚੰਡੀਗੜ੍ਹ ਵਿੱਚ ਪੰਜਾਬ ਵਿਧਾਨ ਸਭਾ ਲਈ ਵੱਖਰੀ ਥਾਂ ਦੇਣ ਦੀ ਉਕਾਈ ਕਰ ਗਏ ਸਨ, ਜਿਸ ਲਈ ਉਹਨਾਂ ਨੂੰ ਸ਼ਰਮਿੰਦਗੀ ਵੀ ਸਹਿਣੀ ਪਈ ਸੀ।

ਪੰਜਾਬ ਯੂਨੀਵਰਸਿਟੀ ਦੀ ਸੈਨੇਟ ਦੀਆਂ ਚੋਣਾਂ ਪਿਛਲੇ ਅੱਠ ਮਹੀਨੇ ਤੋਂ ਲਟਕਦੀਆਂ ਆ ਰਹੀਆਂ ਹਨ। ਹਰਿਆਣਾ ਵੱਲੋਂ ਸੈਨੇਟ ਵਿੱਚ ਨੁਮਾਇੰਦਗੀ ਦੀ ਮੰਗ ਕੀਤੀ ਜਾ ਰਹੀ ਹੈ। ਜਿਸ ਦਾ ਸਿੱਧਾ ਮਤਲਬ ਪੰਜਾਬ ਦੀ ਮੋਨੋਪਲੀ ਨੂੰ ਮਨਫੀ ਕਰਨਾ ਸਮਝਿਆ ਜਾ ਰਿਹਾ ਹੈ। ਸੈਨੇਟ ਵਿੱਚ ਪੰਜਾਬ ਯੂਨੀਵਰਸਿਟੀ ਤੇ ਇਸ ਦੇ ਨਾਲ ਸਬੰਧਤ ਕਾਲਜਾਂ ਦੇ ਪ੍ਰੋਫੈਸਰਾਂ ਅਤੇ ਪ੍ਰਿੰਸੀਪਲਾਂ ਵਿੱਚੋਂ ਵੱਡੀ ਗਿਣਤੀ ਸੈਨੇਟਰ ਚੁਣੇ ਜਾਂਦੇ ਹਨ। ਯੂਨੀਵਰਸਿਟੀ ਦੇ ਚਾਂਸਲਰ ਤੇ ਦੇਸ਼ ਦੇ ਉਪ ਰਾਸ਼ਟਰਪਤੀ ਨੂੰ ਚੌਥੀ ਵਾਰ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਵੀ ਦਿੱਤਾ ਗਿਆ ਹੈ। ਹੋਰ 15 ਮੈਂਬਰ ਗ੍ਰੈਜੂਏਟ ਹਲਕੇ ਵਿੱਚੋਂ ਚੁਣੇ ਜਾਂਦੇ ਹਨ। ਕੁੱਲ ਮਿਲਾ ਕੇ ਸੈਨੇਟ ਉੱਤੇ ਪੰਜਾਬ ਭਾਰੂ ਰਹਿੰਦਾ ਹੈ। ਪੰਜਾਬ ਦੇ ਮੁੱਖ ਮੰਤਰੀ, ਸਿੱਖਿਆ ਮੰਤਰੀ, ਦੋ ਵਿਧਾਇਕ ਤੇ ਡੀਪੀਆਈ ਸਰਕਾਰੀ ਅਹੁਦੇ ਨਾਲ ਸੈਨੇਟਰ ਹੁੰਦੇ ਹਨ। ਪੰਜਾਬ ਸਰਕਾਰ ਪੰਜਾਬ ਯੂਨੀਵਰਸਿਟੀ ਦੇ ਬਜਟ ਦਾ 40 ਫ਼ੀਸਦੀ ਹਿੱਸਾ ਢੋਹ ਰਹੀ ਹੈ। ਦੂਜੇ ਬੰਨੇ ਹਰਿਆਣਾ ਨੇ ਕਾਲਜਾਂ ਨੂੰ ਮਾਨਤਾ ਮਿਲਣ ਦੀ ਸੂਰਤ ਵਿੱਚ ਵਿੱਤੀ ਬੋਝ ਚੁੱਕਣ ਦੀ ਵੀ ਆਫ਼ਰ ਦਿੱਤੀ ਹੈ। ਇੱਥੇ ਇਹ ਚੇਤੇ ਕਰਾਇਆ ਜਾਂਦਾ ਹੈ ਕਿ ਹਰਿਆਣਾ ਦੇ ਤਿੰਨ ਜ਼ਿਲ੍ਹਿਆਂ ਦੇ ਸ਼ੁਰੂ ਵਿੱਚ ਹਰਿਆਣਾ ਦੇ ਤਿੰਨ ਜ਼ਿਲ੍ਹਿਆਂ ਦੇ ਕਾਲਜ ਪੰਜਾਬ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਸਨ, ਪਰ, ਸਾਬਕਾ ਮੁੱਖ ਮੰਤਰੀ ਬੰਸੀ ਲਾਲ ਨੇ ਇਹਨਾਂ ਨੂੰ ਤੋੜ ਲਿਆ ਸੀ। ਸੋ ਦੁਬਾਰਾ ਤੋਂ ਕੱਲ ਜੋੜਣ ਉਹਨਾਂ ਦੀ ਮੰਗ ਦੀ ਕੋਈ ਤੁੱਕ ਨਹੀਂ ਰਹਿ ਜਾਂਦੀ ਹੈ।

ਇੱਕ ਸਮਾਂ ਸੀ ਜਦੋਂ ਕੇਂਦਰ ਸਰਕਾਰ ਵੱਲੋਂ ਹਰਿਆਣਾ ਨੂੰ ਵੱਖਰੀ ਰਾਜਧਾਨੀ ਬਣਾਉਣ ਲਈ ਕਈ ਸੌ ਕਰੋੜ ਰੁਪਏ ਵੀ ਦਿੱਤੇ ਗਏ ਸਨ ਪਰ ਹਰਿਆਣਾ ਦੀ ਅੱਖ ਚੰਡੀਗੜ੍ਹ ਉੱਤੇ ਹੈ। ਹਰਿਆਣਾ ਦੇ ਕਈ ਨੇਤਾ ਤਾਂ ਪੰਜਾਬ ਨੂੰ ਆਪਣੀ ਵੱਖਰੀ ਰਾਜਧਾਨੀ ਬਣਾਉਣ ਦੀਆਂ ਬੇਤੁਕੀਆਂ ਡੀਂਗਾਂ ਵੀ ਮਾਰ ਜਾਂਦੇ ਹਨ। ਸ਼੍ਰੋਮਣੀ ਅਕਾਲੀ ਦਲ ਇੱਕ ਵਾਹਦ ਪਾਰਟੀ ਸੀ ਜਿਹੜੀ ਚੰਡੀਗੜ੍ਹ ਸਮੇਤ ਪਾਣੀ ਦੇ ਮੁੱਦਿਆਂ ਲਈ ਹਿੱਕ ਡਾਹ ਕੇ ਖੜ ਜਾਂਦੀ ਸੀ। ਪਿਛਲੇ ਸਮੇਂ ਤੋਂ ਇਸ ਨੇ ਵੀ ਲੋਕਾਂ ਦੇ ਦਿਲਾਂ ਨਾਲ ਜੁੜੇ ਮੁੱਦੇ ਛੱਡ ਦਿੱਤੇ ਹਨ। ਪਹਿਲਾਂ ਪਹਿਲ ਤਾਂ ਇਹ ਕਿਹਾ ਜਾਂਦਾ ਸੀ ਕਿ ਅਕਾਲੀਆਂ ਨੂੰ ਚੰਡੀਗੜ੍ਹ ਦਾ ਚੇਤਾ ਉਦੋਂ ਆਉਂਦਾ ਹੈ ਜਦੋਂ ਸੱਤਾ ਤੋਂ ਦੂਰ ਹੁੰਦੇ ਹਨ ਪਰ ਹੁਣ ਤਾਂ 10 ਸਾਲ ਲਗਾਤਾਰ ਰਾਜ ਕਰਕੇ ਵੀ ਚੰਡੀਗੜ੍ਹ ਲਈ ਹਾਅ ਦਾ ਨਾਅਰਾ ਨਾ ਮਾਰਿਆ, ਇੱਥੋਂ ਤੱਕ ਕਿ ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵਿੱਚ ਸੱਤ ਸਾਲਾਂ ਲਈ ਭਾਈਵਾਲੀ ਵੀ ਰਹੀ ਹੈ।।

ਵੈਸੇ ਇੱਥੇ ਇਹ ਜ਼ਿਕਰ ਕਰਨਾ ਵੀ ਜ਼ਰੂਰੀ ਹੋਵੇਗਾ ਕਿ ਪੰਜਾਬ ਨੇ ਤਾਂ ਚੰਡੀਗੜ੍ਹ ਤੋਂ ਕਈ ਚਿਰ ਪਹਿਲਾਂ ਆਪਣਾ ਹੱਕ ਛੱਡਣਾ ਸ਼ੁਰੂ ਕਰ ਦਿੱਤਾ ਸੀ। ਅਕਾਲੀ ਭਾਜਪਾ ਸਰਕਾਰ ਵੇਲੇ ਪੰਜਾਬ ਦੇ ਬਹੁਤ ਸਾਰੇ ਸਰਕਾਰੀ ਦਫ਼ਤਰ ਮੁਹਾਲੀ ਤਬਦੀਲ ਕਰ ਦਿੱਤੇ ਗਏ ਸਨ। ਕਈ ਦਫ਼ਤਰਾਂ ਲਈ ਤਾਂ ਮੋਹਾਲੀ ਵਿੱਚ ਥਾਂ ਲੈ ਕੇ ਇਮਾਰਤਾਂ ਵੀ ਬਣਾ ਦਿੱਤੀਆਂ ਗਈਆਂ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਦੀ ਬਿਲਡਿੰਗ ਵਿੱਚ ਸਿੱਖਿਆ ਵਿਭਾਗ ਨਾਲ ਸਬੰਧਤ ਸਾਰੇ ਦਫਤਰ ਮੁਹਾਲੀ ਤੋਂ ਕੰਮ ਕਰਨ ਲੱਗੇ ਹਨ। ਮੈਡੀਕਲ ਸਿੱਖਿਆ ਨਾਲ ਸਬੰਧਤ ਸਾਰੇ ਦਫ਼ਤਰਾਂ ਦੀ ਮੁਹਾਲੀ ਵਿੱਚ ਆਪਣੀ ਬਿਲਡਿੰਗ ਹੈ। ਆਬਕਾਰੀ ਵਿਭਾਗ ਅਤੇ ਵਿਜੀਲੈਂਸ ਬਿਊਰੋ ਕੋਲ ਵੀ ਆਪਣੀ ਮਹਿਲਨੁਮਾ ਬਿਲਡਿੰਗ ਹੈ। ਇਸ ਤੋਂ ਬਿਨਾਂ ਜੰਗਲਾਤ ਵਿਭਾਗ ਤੇ ਖੇਤੀ ਕਮਿਸ਼ਨ ਨੇ ਕਈ ਚਿਰ ਪਹਿਲਾਂ ਮੁਹਾਲੀ ਵਿੱਚ ਆਪਣੀ ਬਿਲਡਿੰਗ ਖੜ੍ਹੀ ਕਰ ਲਈ ਸੀ। ਹੁਣ ਜੇਲ੍ਹ ਵਿਭਾਗ ਨੇ ਵੀ ਬਿਲਡਿੰਗ ਸ਼ੁਰੂ ਕਰਨ ਲਈ ਨੀਹਾਂ ਪੁੱਟਣੀਆਂ ਸ਼ੁਰੂ ਕਰ ਦਿੱਤੀਆਂ ਹਨ। ਸ਼ੁਰੂ ਵਿੱਚ ਬਹਾਨਾ ਹੀ ਲਾਇਆ ਗਿਆ ਸੀ ਕਿ ਮੁਹਾਲੀ ਵਿੱਚ ਚੰਡੀਗੜ੍ਹ ਨਾਲੋਂ ਕਿਰਾਇਆ ਘੱਟ ਹੈ।

ਇਥੇ ਦੱਸਣਾ ਦਿਲਚਸਪ ਰਹੇਗਾ ਕਿ ਪੰਜਾਬ ਸਰਕਾਰ ਦੇ ਆਪਣੇ ਪੱਲੇ ਕੁਝ ਨਹੀਂ ਹੈ , ਇਸ ਕਰਕੇ ਡੈਪੂਟੇਸ਼ਨ 'ਤੇ ਮੁਲਾਜ਼ਮ ਭੇਜਣੇ ਸੰਭਵ ਨਹੀਂ ਰਹੇ ਹਨ। ਪੰਜਾਬ ਦੇ ਸਰਕਾਰੀ ਕਾਲਜਾਂ ਵਿੱਚ ਅਧਿਆਪਕਾਂ ਦੀਆਂ 1873 ਅਸਾਮੀਆਂ ਵਿੱਚੋਂ 1000 ਤੋਂ ਵੱਧ ਖ਼ਾਲੀ ਪਈਆਂ ਹਨ। ਗੈਸਟ ਫੈਕਲਟੀ ਅਤੇ ਪਾਰਟ ਟਾਈਮ ਅਧਿਆਪਕ ਰੱਖ ਕੇ ਕੰਮ ਚਲਾਇਆ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ 1996 ਵਿੱਚ ਰੈਗੂਲਰ ਭਰਤੀ ਬੰਦ ਕਰ ਦਿੱਤੀ ਗਈ ਸੀ, ਜਿਸ ਕਰਕੇ ਸਿੱਖਿਆ ਵਿਭਾਗ ਸਮੇਤ ਦੂਜੇ ਵਿਭਾਗਾਂ ਵਿੱਚ ਵੀ ਮੁਲਾਜ਼ਮਾਂ ਦੀ ਭਾਰੀ ਤੋਟ ਹੈ। ਪੰਜਾਬ ਵਿੱਚ ਇੱਕ ਨਵੰਬਰ 2015 ਤੋਂ ਤਿੰਨ ਸਾਲਾਂ ਲਈ ਬੇਸਿਕ ਪੇਅ ਉੱਤੇ ਐਡਹਾਕ ਭਰਤੀ ਸ਼ੁਰੂ ਕੀਤੀ ਗਈ, ਜਿਸ ਦੇ ਚਲਦਿਆਂ ਪੰਜਾਬ ਵਿੱਚ ਪੱਕੇ ਮੁਲਾਜ਼ਮਾਂ ਦੀ ਗਿਣਤੀ ਹੋਰ ਵੀ ਘੱਟ ਗਈ ਹੈ। ਇਸ ਕਰਕੇ ਪੰਜਾਬ ਸਰਕਾਰ ਦੇ ਆਪਣੇ ਹੱਥ ਬੰਨੇ ਗਏ ਹਨ। ਇੱਕ ਵੱਖਰੀ ਤਰ੍ਹਾਂ ਵੀ ਚਰਚਾ ਤਾਂ ਇਹ ਵੀ ਹੈ ਕਿ ਪੰਜਾਬ ਸਰਕਾਰ ਚਾਹੇ ਅਕਾਲੀਆਂ ਦੀ ਰਹੀ ਹੋਵੇ ਜਾਂ ਕਾਂਗਰਸ ਦੀ ਤੇ ਜਾਂ ਹੁਣ ਆਮ ਆਦਮੀ ਪਾਰਟੀ ਦੀ ਰੈਗੂਲਰ ਭਰਤੀ ਸਿਰੇ ਚੜ੍ਹਨ ਤੋਂ ਪਹਿਲਾਂ ਹੀ ਅਦਾਲਤ ਵਿੱਚ ਪਟੀਸ਼ਨ ਦਾਇਰ ਕਰਵਾ ਦਿੱਤੀਆਂ ਜਾਂਦੀਆਂ ਹਨ।

ਪੰਜਾਬ ਦੇ ਲੋਕ ਚੰਡੀਗੜ੍ਹ ਨਾਲ ਭਾਵਨਾਤਮਿਕ ਤੌਰ 'ਤੇ ਜੁੜੇ ਹੋਏ ਹਨ। ਚੰਡੀਗੜ੍ਹ ਪੰਜਾਬ ਦੇ ਲੋਕਾਂ ਦੇ ਦਿਲਾਂ ਦੇ ਨੇੜੇ ਹੈ। ਸਿਆਸੀ ਪਾਰਟੀਆਂ ਨੇ ਚੰਡੀਗੜ੍ਹ ਦੇ ਮੁੱਦੇ ਉੱਤੇ ਗੰਭੀਰਤਾ ਨਹੀਂ ਦਿਖਾਈ ਸਗੋਂ ਸਿਆਸਤ ਕੀਤੀ ਹੈ, ਜਿਸ ਤੋਂ ਬਾਅਦ ਕੇਂਦਰ ਸਰਕਾਰ ਦਾ ਪੰਜਾਬ ਵਿੱਚ 15 ਦੀ ਥਾਂ 50 ਕਿਲੋਮੀਟਰ ਤੱਕ ਬੀਐਸਐਫ ਤਾਇਨਾਤ ਕਰਨ ਅਤੇ ਭਾਖੜਾ ਡੈਮ 'ਤੇ ਸੀ ਆਈ ਐਸ ਐਫ ਤਾਇਨਾਤ ਕਰਨ ਦਾ ਹੌਸਲਾ ਪਿਆ ਹੈ। ਸਿਆਸੀ ਪਾਰਟੀਆਂ ਦੀ ਨਲਾਇਕੀ ਕਾਰਨ ਹੀ ਭਾਖੜਾ ਵਿੱਚੋਂ ਪੰਜਾਬ ਦੀ ਮੈਂਬਰੀ ਮਨਫੀ ਹੋਈ ਹੈ। ਜੇ ਹਾਲੇ ਵੀ ਸਰਕਾਰਾਂ ਤੇ ਸਿਆਸੀ ਪਾਰਟੀਆਂ ਨਾ ਜਾਗੀਆਂ ਤਾਂ ਉਹ ਦਿਨ ਦੂਰ ਨਹੀਂ ਜਿੰਦਣ ਚੰਡੀਗੜ੍ਹ ਤੋਂ ਪੰਜਾਬ ਦਾ ਪੂਰੀ ਤਰ੍ਹਾਂ ਹੱਕ ਚੁੱਕਿਆ ਜਾਵੇਗਾ। ਪੰਜਾਬੀ ਬੱਸ ਹੱਥ ਮਲਦੇ ਰਹਿ ਜਾਣਗੇ। ਪੰਜਾਬ ਯੂਨੀਵਰਸਿਟੀ ਦੀ ਉਦਾਹਰਣ ਸਾਡੇ ਸਾਰਿਆਂ ਦੇ ਸਾਹਮਣੇ ਹੈ। ਚਰਚਾ ਹੈ ਕਿ ਪੰਜਾਬ ਯੂਨੀਵਰਸਿਟੀ ਨੇ ਕੇਂਦਰ ਸਰਕਾਰ ਦੀ ਸ਼ਹਿ ਉੱਤੇ ਯੂਨੀਵਰਸਿਟੀ ਦੀ ਸੁਪਰੀਮ ਬਾਡੀ ਸੈਨੇਟ ਨੂੰ ਇੱਕ ਤਰ੍ਹਾਂ ਨਾਲ ਖਤਮ ਕਰ ਦਿੱਤਾ ਹੈ। ਸੈਨੇਟ ਦੀ ਚੋਣ ਪਿਛਲੇ ਸਾਲ ਅਕਤੂਬਰ ਵਿੱਚ ਕਰਾਈ ਜਾਣੀ ਸੀ। ਇਹ ਪਹਿਲੀ ਵਾਰ ਹੈ ਜਦੋਂ ਪੰਜਾਬ ਯੂਨੀਵਰਸਿਟੀ ਵਿੱਚ ਸੈਨੇਟ ਨਹੀਂ ਹੈ। ਪੰਜਾਬ ਯੂਨੀਵਰਸਿਟੀ ਦੇਸ਼ ਦੀ ਇੱਕੋ ਇੱਕ ਯੂਨੀਵਰਸਿਟੀ ਹੈ, ਜਿੱਥੋਂ ਦੀ ਸੈਨੇਟ ਦੀ ਚੋਣ ਲੋਕਤੰਤਰਿਕ ਢੰਗ ਨਾਲ ਹੁੰਦੀ ਹੈ। ਸੈਨੇਟ ਨੂੰ ਅਸੈਂਬਲੀ ਅਤੇ ਸਿੰਡੀਕੇਟ ਨੂੰ ਮੰਤਰੀ ਮੰਡਲ ਦਾ ਦਰਜਾ ਦਿੱਤਾ ਗਿਆ ਹੈ। ਸੈਨੇਟ ਦੀ ਪ੍ਰਵਾਨਗੀ ਤੋਂ ਬਿਨਾਂ ਯੂਨੀਵਰਸਿਟੀ ਦਾ ਕੋਈ ਵੀ ਫੈਸਲਾ ਅੰਤਿਮ ਨਹੀਂ ਸੀ ਮੰਨਿਆ ਜਾਂਦਾ ਪਰ ਹੁਣ ਕੇਂਦਰ ਅਤੇ ਉਪ ਕੁਲਪਤੀ ਸਭ ਤੋਂ ਵੱਡੀ ਅਥਾਰਟੀ ਬਣ ਕੇ ਬੈਠ ਗਏ ਹਨ।

# ਪੋਸ਼ਣ ਵੀ, ਪੜ੍ਹਾਈ ਵੀ: ਭਾਰਤ ਦੇ ਭਵਿੱਖ ਲਈ ਖੇਡ-ਅਧਾਰਤ ਸਿੱਖਿਆ



ਸ੍ਰੀਮਤੀ ਅੰਨਪੂਰਨਾ ਦੇਵੀ,
ਕੇਂਦਰੀ ਮਹਿਲਾ ਅਤੇ ਬਾਲ ਵਿਕਾਸ ਮੰਤਰੀ, ਭਾਰਤ ਸਰਕਾਰ

ਜੇਕਰ ਅਸੀਂ ਇੱਕ ਵਿਕਸਿਤ ਭਾਰਤ ਬਣਾਉਣਾ ਹੈ, ਤਾਂ ਸਾਨੂੰ ਸ਼ੁਰੂਆਤ ਆਪਣੇ ਸਭ ਤੋਂ ਘੱਟ ਉਮਰ ਦੇ ਨਾਗਰਿਕਾਂ ਦੇ ਸਮਰੱਥਾ ਦੇ ਵਿਕਾਸ ਤੋਂ ਕਰਨੀ ਹੋਵੇਗੀ, ਜਿੱਥੋਂ ਜੀਵਨ ਦੀ ਅਰੰਭਤਾ ਹੁੰਦੀ ਹੈ। ਆਂਗਨਵਾੜੀ ਕੇਂਦਰ ਵਿੱਚ ਬੱਚਿਆਂ ਦੇ ਹਾਸੇ ਵਿੱਚ, ਉਨ੍ਹਾਂ ਵੱਲੋਂ ਗਾਈਆਂ ਜਾਣ ਵਾਲੀਆਂ ਕਵਿਤਾਵਾਂ ਵਿੱਚ ਅਤੇ ਉਨ੍ਹਾਂ ਵੱਲੋਂ ਬਣਾਏ ਜਾਣ ਵਾਲੇ ਬਲਾਕਾਂ ਵਿੱਚ ਸਾਡੇ ਦੇਸ਼ ਦੇ ਭਵਿੱਖ ਦੀ ਸਮਰੱਥਾ ਨਵਾਂ ਰੂਪ ਲੈਂਦੀ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਦੂਰਦਰਸ਼ੀ ਅਗਵਾਈ ਹੇਠ, ਭਾਰਤ ਨੇ ਆਪਣੇ ਸਭ ਤੋਂ ਘੱਟ ਉਮਰ ਦੇ ਨਾਗਰਿਕਾਂ ਨੂੰ ਆਪਣੀ ਵਿਕਾਸ ਯਾਤਰਾ ਦੇ ਕੇਂਦਰ ਵਿੱਚ ਰੱਖਿਆ ਹੈ। ਪ੍ਰਧਾਨ ਮੰਤਰੀ ਨੇ ਸਿਰਫ਼ ਯੂਨੀਵਰਸਿਟੀਆਂ ਅਤੇ ਡਿਜੀਟਲ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਕਰਕੇ ਹੀ ਨਹੀਂ, ਸਗੋਂ ਬੱਚੇ ਦੇ ਜੀਵਨ ਦੇ ਪਹਿਲੇ ਕਲਾਸਰੂਮ: ਆਂਗਨਵਾੜੀ ਦੇ ਮਹੱਤਵਪੂਰਨ ਮਹੱਤਵ ਨੂੰ ਪਛਾਣ ਕੇ ਸਾਡੀਆਂ ਰਾਸ਼ਟਰੀ ਤਰਜੀਹਾਂ ਨੂੰ ਮੁੜ ਪਰਿਭਾਸ਼ਿਤ ਕੀਤਾ ਹੈ।

ਮੌਜੂਦਾ ਭਾਰਤ ਵਿੱਚ, ਖੇਡ ਹੁਣ ਸਿਰਫ਼ ਮਨੋਰੰਜਨ ਨਹੀਂ ਹੈ, ਸਗੋਂ ਨੀਤੀ ਹੈ ਅਤੇ ਨਤੀਜੇ ਸਪੱਸ਼ਟ ਅਤੇ ਯਕੀਨਣ ਹਨ। ਪਿਛਲੇ ਦਹਾਕੇ ਦੌਰਾਨ, ਮੋਦੀ ਸਰਕਾਰ ਨੇ ਸ਼ੁਰੂਆਤੀ ਬਚਪਨ ਦੇ ਵਿਕਾਸ ਲਈ ਆਪਣੇ ਪਹੁੰਚ ਨੂੰ ਬੁਨਿਆਦੀ ਤੌਰ 'ਤੇ ਮੁੜ ਪਰਿਭਾਸ਼ਿਤ ਕੀਤਾ ਹੈ। ਰਾਸ਼ਟਰੀ ਸਿੱਖਿਆ ਨੀਤੀ (ਐੱਨਈਪੀ) 2020 ਇੱਕ ਨਵਾਂ ਮੋੜ ਸੀ, ਜਿਸ ਵਿੱਚ ਇਹ ਮੰਨਿਆ ਗਿਆ ਸੀ ਕਿ 85 ਫ਼ੀਸਦੀ ਦਿਮਾਗੀ ਵਿਕਾਸ ਛੇ ਸਾਲ ਦੀ ਉਮਰ ਤੋਂ ਪਹਿਲਾਂ ਹੁੰਦਾ ਹੈ। ਜੇਕਰ ਅਸੀਂ ਇੱਕ ਚੁਸਤ, ਸਿਹਤਮੰਦ ਅਤੇ ਵਧੇਰੇ ਉਤਪਾਦਕ ਆਬਾਦੀ ਚਾਹੁੰਦੇ ਹਾਂ, ਤਾਂ ਸਾਨੂੰ ਜੀਵਨ ਦੇ ਪਹਿਲੇ ਛੇ ਸਾਲਾਂ ਵਿੱਚ – ਜਿੱਥੇ ਇਸਦੀ ਸਭ ਤੋਂ ਵੱਧ ਲੋੜ ਹੈ – ਉੱਥੇ ਨਿਵੇਸ਼ ਕਰਨਾ ਚਾਹੀਦਾ ਹੈ।

ਵਿਗਿਆਨਕ ਸਬੂਤ ਇਸ ਤਬਦੀਲੀ ਦਾ ਸਮਰਥਨ ਕਰਦੇ ਹਨ। ਕਲੀਨਿਕਲ ਮਹਾਂਮਾਰੀ ਵਿਗਿਆਨ ਵਿਭਾਗ, ਸੀਐੱਮਸੀ ਵੇਲੋਰ ਵੱਲੋਂ ਕੀਤੇ ਗਏ ਇੱਕ ਅਧਿਐਨ ਵਿੱਚ ਦੇਖਿਆ ਗਿਆ ਹੈ ਕਿ ਜਿਨ੍ਹਾਂ ਬੱਚਿਆਂ ਨੂੰ 18 ਤੋਂ 24 ਮਹੀਨਿਆਂ ਲਈ ਯੋਜਨਾਬੱਧ ਸ਼ੁਰੂਆਤੀ ਬਚਪਨ ਦੀ ਦੇਖਭਾਲ ਅਤੇ ਸਿੱਖਿਆ (ਈਸੀਸੀਈ) ਮਿਲੀ, ਉਨ੍ਹਾਂ ਦੇ ਆਈਕਿਊ ਵਿੱਚ ਇੱਕ ਮਹੱਤਵਪੂਰਨ ਅਤੇ ਸਥਾਈ ਵਾਧਾ ਦਿਖਾਈ ਦਿੱਤਾ – ਜੋ ਕਿ ਪੰਜ ਸਾਲ ਦੀ ਉਮਰ ਤੱਕ 19 ਅੰਕਾਂ ਤੱਕ, ਅਤੇ ਨੌਂ ਸਾਲ ਦੀ ਉਮਰ ਤੱਕ 5 ਤੋਂ 9 ਅੰਕਾਂ ਤੱਕ ਰਿਹਾ ਹੈ। ਇਹ ਵਾਧਾ ਇੱਕ ਵਿਕਾਸਸ਼ੀਲ ਭਾਰਤ ਲਈ ਬਹੁਤ ਮਹੱਤਵਪੂਰਨ ਹੈ।

ਭਾਰਤ ਦੇ ਇਹ ਨਤੀਜੇ ਆਲਮੀ ਖੋਜ ਦੇ ਅਨੁਸਾਰ ਹਨ। ਅੰਤਰਰਾਸ਼ਟਰੀ ਅਧਿਐਨ ਦਰਸਾਉਂਦੇ ਹਨ ਕਿ ਜੋ ਬੱਚੇ ਪੰਜ ਸਾਲ ਦੀ ਉਮਰ ਤੋਂ ਪਹਿਲਾਂ ਗੁਣਵੱਤਾ ਵਾਲੇ ਈਸੀਸੀਈ ਪ੍ਰੋਗਰਾਮਾਂ ਵਿੱਚ ਹਿੱਸਾ ਲੈਂਦੇ ਹਨ, ਉਨ੍ਹਾਂ ਵਿੱਚ ਉੱਚ ਆਈਕਿਊ, ਬਿਹਤਰ ਸਮਾਜਿਕ ਹੁਨਰ ਅਤੇ ਬਿਹਤਰ ਅਕਾਦਮਿਕ ਪ੍ਰਦਰਸ਼ਨ ਹੋਣ ਦੀ ਸੰਭਾਵਨਾ 67 ਪ੍ਰਤੀਸ਼ਤ ਜ਼ਿਆਦਾ ਹੁੰਦੀ ਹੈ। ਜਿਵੇਂ ਕਿ ਨੋਬਲ ਪੁਰਸਕਾਰ ਜੇਤੂ ਡਾ. ਜੇਮਜ਼ ਹੇਕਮੈਨ ਨੇ ਕਿਹਾ ਸੀ, ਸ਼ੁਰੂਆਤ ਜਿੰਨੀ ਜਲਦੀ ਹੋਵੇਗੀ, ਨਤੀਜੇ ਓਨੇ ਹੀ ਵਧੀਆ ਹੋਣਗੇ – ਅਤੇ ਰਿਟਰਨ ਓਨਾ ਹੀ ਕੁਸ਼ਲ ਹੋਵੇਗਾ।ਉਨ੍ਹਾਂ ਦੀ ਖੋਜ ਦਾ ਅੰਦਾਜ਼ਾ ਹੈ ਕਿ ਸ਼ੁਰੂਆਤੀ ਬਚਪਨ ਵਿੱਚ ਨਿਵੇਸ਼ 13-18 ਪ੍ਰਤੀਸ਼ਤ ਰਿਟਰਨ ਦਿੰਦਾ ਹੈ – ਜੋ ਸਿੱਖਿਆ ਜਾਂ ਨੌਕਰੀ ਦੀ ਸਿਖਲਾਈ ਦੇ ਕਿਸੇ ਵੀ ਹੋਰ ਪੜਾਅ ਨਾਲੋਂ ਵੱਧ ਹੈ।

ਈਸੀਸੀਈ ਦੇ ਆਰਥਿਕ ਅਤੇ ਸਮਾਜਿਕ ਮਹੱਤਵ ਨੂੰ ਪਛਾਣਦੇ ਹੋਏ, ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਨੇ ਪੋਸ਼ਣ ਵੀ, ਪੜ੍ਹਾਈ ਵੀ ਨਾਮਕ ਇੱਕ ਪਹਿਲਕਦਮੀ ਸ਼ੁਰੂ ਕੀਤੀ ਹੈ, ਜਿਸ ਨੇ ਆਂਗਣਵਾੜੀ ਕੇਂਦਰਾਂ ਨੂੰ ਜੀਵੰਤ ਸ਼ੁਰੂਆਤੀ ਸਿਖਲਾਈ ਕੇਂਦਰਾਂ ਵਿੱਚ ਬਦਲ ਦਿੱਤਾ ਗਿਆ ਹੈ। ਪਹਿਲੀ ਵਾਰ, ਸਥਾਨਕ ਅਤੇ ਸਵਦੇਸ਼ੀ ਸਮੱਗਰੀ ਦੀ ਵਰਤੋਂ ਕਰਕੇ ਗਤੀਵਿਧੀ-ਅਧਾਰਤ ਅਤੇ ਖੇਡ-ਅਧਾਰਤ ਪਹੁੰਚ 'ਤੇ ਕੇਂਦ੍ਰਿਤ ਕਰਦੇ ਹੋਏ ਆਂਗਣਵਾੜੀ ਵਰਕਰਾਂ ਨੂੰ ਈਸੀਸੀਈ ਵਿੱਚ ਯੋਜਨਾਬੱਧ ਢੰਗ ਨਾਲ ਸਿਖਲਾਈ ਦਿੱਤੀ ਜਾ ਰਹੀ ਹੈ। ਸਿੱਖਿਆ-ਸਿਖਲਾਈ ਸਮੱਗਰੀ ਲਈ ਬਜਟ ਵੰਡ ਵਿੱਚ ਵੀ ਕਾਫ਼ੀ ਵਾਧਾ ਕੀਤਾ ਗਿਆ ਹੈ, ਅਤੇ ਮਾਸਿਕ ਈਸੀਸੀਈ ਦਿਨਾਂ ਨੂੰ ਸੰਸਥਾਗਤ ਬਣਾਇਆ ਗਿਆ ਹੈ। ਅੱਜ, ਆਂਗਣਵਾੜੀ ਕੇਂਦਰ ਸਿਰਫ਼ ਪਾਲਣ-ਪੋਸ਼ਣ ਦਾ ਸਥਾਨ ਨਹੀਂ ਹਨ- ਸਗੋਂ ਇਹ ਹਰ ਬੱਚੇ ਦਾ ਪਹਿਲਾ ਸਕੂਲ ਹੈ, ਜੋ ਜੀਵਨ ਦੇ ਸਭ ਤੋਂ ਮਹੱਤਵਪੂਰਨ ਸਾਲਾਂ ਵਿੱਚ ਉਤਸੁਕਤਾ, ਰਚਨਾਤਮਕਤਾ ਅਤੇ ਸੰਪੂਰਨ ਵਿਕਾਸ ਨੂੰ ਪੋਸ਼ਣ ਦਿੰਦਾ ਹੈ।

ਮੰਤਰਾਲੇ ਨੇ ਇਸ ਤਬਦੀਲੀ ਨੂੰ ਅੱਗੇ ਵਧਾਉਣ ਲਈ 3-6 ਸਾਲ ਦੀ ਉਮਰ ਦੇ ਬੱਚਿਆਂ ਲਈ ਰਾਸ਼ਟਰੀ ਸ਼ੁਰੂਆਤੀ ਬਚਪਨ ਦੀ ਦੇਖਭਾਲ ਅਤੇ ਸਿੱਖਿਆ ਪਾਠਕ੍ਰਮ - ਆਧਾਰਸ਼ਿਲਾ ਸ਼ੁਰੂ ਕੀਤਾ ਹੈ। ਆਧਾਰਸ਼ਿਲਾ ਬੱਚਿਆਂ ਦੇ ਸੰਪੂਰਨ ਵਿਕਾਸ 'ਤੇ ਕੇਂਦ੍ਰਿਤ ਹੈ, ਨਾ ਸਿਰਫ਼ ਉਨ੍ਹਾਂ ਦੇ ਬੌਧਿਕ ਵਿਕਾਸ 'ਤੇ, ਸਗੋਂ ਉਨ੍ਹਾਂ ਦੀ ਭਾਵਨਾਤਮਕ, ਸਰੀਰਕ ਅਤੇ ਸਮਾਜਿਕ ਤੰਦਰੁਸਤੀ 'ਤੇ ਵੀ ਜ਼ੋਰ ਦਿੰਦਾ ਹੈ। ਇਹ ਖੇਡ ਰਾਹੀਂ ਸਿੱਖਣ ਦੀ ਇੱਕ ਯੋਜਨਾਬੱਧ ਪ੍ਰਕਿਰਿਆ ਨੂੰ ਉਤਸ਼ਾਹਿਤ ਕਰਦਾ ਹੈ, ਜਿਸ ਨਾਲ ਬੱਚਿਆਂ ਨੂੰ ਇੱਕ ਮਦਦਗਾਰ ਮਾਹੌਲ ਵਿੱਚ ਵਧਣ-ਫੁੱਲਣ ਦਾ ਮੌਕਾ ਮਿਲਦਾ ਹੈ।

ਬੱਚੇ ਸੁਭਾਵਿਕ ਤੌਰ 'ਤੇ ਖੇਡ ਵੱਲ ਖਿੱਚੇ ਜਾਂਦੇ ਹਨ - ਆਪਣੀ ਦੁਨੀਆਂ ਦੇ ਹਰ ਕੋਨੇ ਨੂੰ ਖੋਜ ਅਤੇ ਆਨੰਦ ਦੇ ਸਥਾਨ ਵਿੱਚ ਬਦਲ ਦਿੰਦੇ ਹਨ। ਸਹੀ ਮਾਹੌਲ ਦੇ ਨਾਲ, ਇਹ ਪ੍ਰਵਿਰਤੀ ਜੀਵਨ ਭਰ ਸਿੱਖਣ ਦੀ ਬੁਨਿਆਦ ਬਣ ਜਾਂਦੀ ਹੈ। ਪੋਸ਼ਣ ਵੀ, ਪੜ੍ਹਾਈ ਵੀ ਇੱਕ ਸੁਰੱਖਿਅਤ, ਢਾਂਚਾਗਤ ਅਤੇ ਉਤੇਜਕ ਮਾਹੌਲ ਪ੍ਰਦਾਨ ਕਰਕੇ ਇਸ ਭਾਵਨਾ ਨੂੰ ਪੋਸ਼ਿਤ ਕਰਦਾ ਹੈ, ਜਿੱਥੇ ਬੱਚੇ ਨਿਰਦੇਸ਼ਿਤ ਖੇਡ ਅਤੇ ਸਿੱਖਣ ਨਾਲ ਵਧ-ਫੁੱਲ ਸਕਦੇ ਹਨ। ਸ਼ੁਰੂਆਤੀ ਬਚਪਨ ਦੀ ਦੇਖਭਾਲ ਅਤੇ ਸਿੱਖਿਆ (ਈਸੀਸੀਈ) ਸਾਡੇ ਦੇਸ਼ ਦੇ ਭਵਿੱਖ ਨੂੰ ਸਰੂਪ ਦੇਣ ਵਿੱਚ ਇੱਕ ਬੁਨਿਆਦੀ ਭੂਮਿਕਾ ਨਿਭਾਉਂਦੀ ਹੈ। ਪੋਸ਼ਣ ਵੀ, ਪੜ੍ਹਾਈ ਵੀ ਪਹਿਲਕਦਮੀ ਦੇ ਤਹਿਤ, ਦੇਸ਼ ਭਰ ਦੇ ਆਂਗਣਵਾੜੀ ਕੇਂਦਰਾਂ ਨੂੰ ਸੰਪੂਰਨ ਸ਼ੁਰੂਆਤੀ ਬਚਪਨ ਦੀ ਸਿੱਖਿਆ ਲਈ ਪਾਲਣ-ਪੋਸ਼ਣ ਸਥਾਨਾਂ ਵਿੱਚ ਬਦਲਿਆ ਜਾ ਰਿਹਾ ਹੈ। ਢਾਂਚਾਗਤ ਬੁਨਿਆਦ ਦੀ 5+1 ਹਫ਼ਤਾਵਾਰੀ ਯੋਜਨਾ ਇਹ ਯਕੀਨੀ ਬਣਾਉਂਦੀ ਹੈ ਕਿ ਦਿਨ ਦੀ ਸ਼ੁਰੂਆਤ 30 ਮਿੰਟਾਂ ਦੀ ਖੇਡ ਨਾਲ ਹੋਵੇ, ਜਿਸ ਤੋਂ ਬਾਅਦ ਢਾਂਚਾਗਤ ਗਤੀਵਿਧੀਆਂ ਹੋਣ ਜੋ ਭਾਸ਼ਾ, ਰਚਨਾਤਮਕਤਾ, ਮੋਟਰ ਸਕਿੱਲ ਅਤੇ ਸਮਾਜਿਕ ਸੰਪਰਕ ਨੂੰ ਵਧਾਉਂਦੀਆਂ ਹੋਣ। ਦੁਪਹਿਰ ਦੇ ਪੌਸ਼ਟਿਕ ਭੋਜਨ ਅਤੇ ਆਰਾਮ ਤੋਂ ਬਾਅਦ, ਦਿਨ ਦਾ ਅੰਤ ਬਾਹਰੀ ਖੇਡ ਅਤੇ ਗੱਲਬਾਤ ਨਾਲ ਹੁੰਦਾ ਹੈ, ਜੋ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਦਾ ਹੈ ਅਤੇ ਭਾਵਨਾਤਮਕ ਸੰਬੰਧ ਸਿਰਜਦਾ ਹੈ।

ਢਾਂਚਾਗਤ ਅਤੇ ਨਿਰਵਿਘਨ ਖੇਡ ਲਈ ਇਹ ਸੰਤੁਲਿਤ ਪਹੁੰਚ ਬਹੁਤ ਮਹੱਤਵਪੂਰਨ ਹੈ, ਖਾਸਕਰ ਰਾਸ਼ਟਰੀ ਸਿੱਖਿਆ ਨੀਤੀ (ਐੱਨਈਪੀ) 2020 ਦੇ ਮੱਦੇਨਜ਼ਰ, ਜਿਸ ਨੇ ਰਸਮੀ ਸਕੂਲ ਦਾਖਲੇ ਦੀ ਉਮਰ ਛੇ ਸਾਲ ਕਰ ਦਿੱਤੀ ਹੈ। ਯੋਜਨਾਬੱਧ ਈਸੀਸੀਈ ਇਹ ਯਕੀਨੀ ਬਣਾਉਂਦੀ ਹੈ ਕਿ ਬੱਚੇ ਭਾਵਨਾਤਮਕ, ਸਮਾਜਿਕ ਅਤੇ ਬੋਧਾਤਮਕ ਤੌਰ 'ਤੇ ਸਕੂਲ ਲਈ ਤਿਆਰ ਹੋਣ। ਦੇਸ਼ ਭਰ ਵਿੱਚ ਮਾਪਿਆਂ ਦਾ ਵੱਧਦਾ ਵਿਸ਼ਵਾਸ ਸੱਚਮੁੱਚ ਉਤਸ਼ਾਹਜਨਕ ਹੈ। ਜਿਹੜੇ ਪਰਿਵਾਰ ਪਹਿਲਾਂ ਆਂਗਣਵਾੜੀਆਂ ਨੂੰ ਸਿਰਫ਼ ਪਾਲਣ-ਪੋਸ਼ਣ ਕੇਂਦਰ ਮੰਨਦੇ ਸਨ, ਹੁਣ ਉਨ੍ਹਾਂ ਨੂੰ ਆਪਣੇ ਬੱਚੇ ਦੀ ਵਿਦਿਅਕ ਯਾਤਰਾ ਦਾ ਪਹਿਲਾ ਕਦਮ ਮੰਨਦੇ ਹਨ।

ਭਾਰਤ ਵਿੱਚ ਹਰ ਬੱਚੇ ਨੂੰ ਜਨਮ ਤੋਂ ਹੀ ਇੱਕ ਮਜ਼ਬੂਤ ਸ਼ੁਰੂਆਤ ਦਾ ਹੱਕ ਹੈ। ਜਨਮ ਤੋਂ ਲੈ ਕੇ ਤਿੰਨ ਸਾਲ ਤੱਕ ਦੇ ਉਮਰ ਸਮੂਹ ਦੇ ਬੁਨਿਆਦੀ ਮਹੱਤਵ ਨੂੰ ਪਛਾਣਦੇ ਹੋਏ, ਮੰਤਰਾਲੇ ਨੇ ਰਾਸ਼ਟਰੀ ਬਚਪਨ ਪ੍ਰੋਤਸਾਹਨ ਲਈ ਢਾਂਚਾ ਨਵਚੇਤਨਾ ਵੀ ਸ਼ੁਰੂ ਕੀਤਾ ਹੈ। ਇਹ ਪਹਿਲਕਦਮੀ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਬੱਚੇ ਦੇ ਵਿਕਾਸ ਲਈ ਘਰ ਵਿੱਚ ਹੀ ਸੌਖੀਆਂ, ਖੇਡ-ਅਧਾਰਤ, ਉਮਰ-ਮੁਤਾਬਕ ਗਤੀਵਿਧੀਆਂ ਰਾਹੀਂ ਸਮਰੱਥ ਬਣਾਉਂਦੀ ਹੈ।

ਮਾਪਿਆਂ ਦੀ ਸ਼ਮੂਲੀਅਤ ਬੱਚੇ ਦੇ ਵਿਕਾਸ ਦੀ ਕੁੰਜੀ ਹੈ। ਜਿੱਥੇ ਇੱਕ ਉੱਚ-ਆਮਦਨੀ ਵਾਲੇ ਪਰਿਵਾਰ ਖਿਡੌਣਿਆਂ ਅਤੇ ਕਿਤਾਬਾਂ ਵਿੱਚ ਨਿਵੇਸ਼ ਕਰ ਸਕਦੇ ਹਨ, ਓਥੇ ਹੀ ਸਰਕਾਰ ਦੀ ਭੂਮਿਕਾ ਘੱਟ ਆਮਦਨੀ ਵਾਲੇ ਪਰਿਵਾਰਾਂ ਲਈ ਇੱਕ ਬਰਾਬਰ ਸਥਿਤੀ ਪ੍ਰਦਾਨ ਕਰਨ ਦੀ ਹੈ। ਨਵਚੇਤਨਾ ਅਤੇ ਪੋਸ਼ਣ ਵੀ ਪੜ੍ਹਾਈ ਵੀ ਰਾਹੀਂ, ਅਸੀਂ ਇਹ ਯਕੀਨੀ ਬਣਾ ਕੇ ਇਸ ਪਾੜੇ ਨੂੰ ਦੂਰ ਕਰ ਰਹੇ ਹਾਂ ਕਿ ਭਾਰਤ ਦੇ ਹਰ ਕੋਨੇ ਵਿੱਚ ਹਰ ਬੱਚੇ ਨੂੰ ਸ਼ੁਰੂਆਤ ਤੋਂ ਹੀ ਲਾਜ਼ਮੀ ਹੱਲ੍ਹਾਸ਼ੇਰੀ, ਦੇਖਭਾਲ ਅਤੇ ਪੋਸ਼ਣ ਮਿਲੇ।

ਜੇਕਰ ਭਾਰਤ ਨੇ ਸੱਚਮੁੱਚ ਵਿਕਸਿਤ ਬਣਨਾ ਹੈ, ਤਾਂ ਸਾਡੀ ਨੌਜਵਾਨ ਪੀੜ੍ਹੀ ਨੂੰ ਜੀਵਨ ਵਿੱਚ ਸਹੀ ਸ਼ੁਰੂਆਤ ਨਾਲ ਮਜ਼ਬੂਤ ਬਣਾਇਆ ਜਾਣਾ ਚਾਹੀਦਾ ਹੈ। ਖੇਡਣਾ ਕੋਈ ਵਿਲਾਸਤਾ ਨਹੀਂ ਹੈ – ਇਹ ਸਿੱਖਣ ਦੀ ਬੁਨਿਆਦ ਹੈ। ਮਹਿਲਾ ਅਤੇ ਬਾਲ ਵਿਕਾਸ ਮੰਤਰਾਲਾ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਭਾਰਤ ਵਿੱਚ ਹਰ ਬੱਚੇ ਨੂੰ ਸਿੱਖਣ, ਅੱਗੇ ਵਧਣ ਅਤੇ ਵਧਣ-ਫੁੱਲਣ ਦਾ ਮੌਕਾ ਮਿਲੇ – ਕਿਉਂਕਿ ਰਾਸ਼ਟਰ ਨਿਰਮਾਣ ਆਪਣੇ ਸਭ ਤੋਂ ਛੋਟੇ ਨਾਗਰਿਕਾਂ ਦੇ ਪੋਸ਼ਣ ਤੋਂ ਸ਼ੁਰੂ ਹੁੰਦਾ ਹੈ।

# ਗਲੋ ਵਿਦ ਟ੍ਰੈਡੀਸ਼ਨ, ਸ਼ਾਈਨ ਵਿਦ ਮੌਡਰਨਿਟੀ

ਹਰਦੀਪ ਕੌਰ

ਜਿਵੇਂ ਹੀ ਤਿਉਹਾਰਾਂ ਦਾ ਸੀਜ਼ਨ ਦਸਤਕ ਦਿੰਦਾ ਹੈ, ਹਰ ਔਰਤ ਚਾਹੁੰਦੀ ਹੈ ਕਿ ਉਸਦਾ ਲੁੱਕ ਸਭ ਤੋਂ ਖ਼ੂਬਸੂਰਤ ਤੇ ਸਭ ਤੋਂ ਵੱਖਰਾ ਨਜ਼ਰ ਆਵੇ। ਗਣੇਸ਼ ਚਤੁਰਥੀ ਤੋਂ ਲੈ ਕੇ ਕਰਵਾਚੌਥ ਅਤੇ ਦੀਵਾਲੀ ਤੱਕ, ਹਰ ਤਿਉਹਾਰ 'ਚ ਰਵਾਇਤੀ ਖ਼ੂਬਸੂਰਤੀ ਨਾਲ ਨਾਲ ਮੌਡਰਨ ਅੰਦਾਜ਼ ਦਾ ਮੇਲ ਔਰਤਾਂ ਦੀ ਪਹਿਲੀ ਪਸੰਦ ਬਣ ਗਿਆ ਹੈ। ਇਸੀ ਸੋਚ ਨੂੰ ਧਿਆਨ ਵਿੱਚ ਰੱਖਦਿਆਂ ਬਿਊਟੀ ਐਕਸਪਰਟ ਅਤੇ ਮੇਕਓਵਰ ਸਪੈਸ਼ਲਿਸਟ ਰਿਚਾ ਅਗਰਵਾਲ ਨੇ ਇਸ ਸੀਜ਼ਨ ਲਈ ਫੈਸਟਿਵ ਬਿਊਟੀ ਲੁਕਸ ਅਤੇ ਬਿਊਟੀ ਕਮਾਂਡਮੈਂਟਸ ਜਾਰੀ ਕੀਤੇ।

ਰਿਚਾ ਅਗਰਵਾਲ ਨੇ ਦੱਸਿਆ ਕਿ ਹੁਣ ਤਿਉਹਾਰ ਸਿਰਫ਼ ਕੱਪੜਿਆਂ ਅਤੇ ਸਜਾਵਟ ਤੱਕ ਸੀਮਤ ਨਹੀਂ ਰਹੇ, ਬਲਕਿ ਇਹ ਆਪਣੇ ਆਪ ਨੂੰ ਨਿਖਾਰਨ 'ਤੇ ਆਪਣੀ ਸ਼ਖਸੀਅਤ ਨੂੰ ਆਤਮਵਿਸ਼ਵਾਸ ਨਾਲ ਸਾਹਮਣੇ ਲਿਆਉਣ ਦਾ ਮੌਕਾ ਵੀ ਬਣ ਗਏ ਹਨ। ਇਹ ਨਵੇਂ ਲੁਕਸ ਭਾਰਤੀ ਸੁੰਦਰਤਾ ਨੂੰ ਮੌਡਰਨ ਟੱਚ ਦੇ ਨਾਲ ਪੇਸ਼ ਕਰਦੇ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਹੁਣ ਔਰਤਾਂ ਅਜਿਹਾ ਮੇਕਓਵਰ ਚਾਹੁੰਦੀਆਂ ਹਨ, ਜਿਹਨਾਂ ਵਿੱਚ ਭਾਰਤੀਅਤ ਦੀ ਝਲਕ ਤਾਂ ਹੋਵੇ ਹੀ, ਪਰ ਨਾਲ ਹੀ ਉਹ ਇੰਟਰਨੈਸ਼ਨਲ ਟ੍ਰੈਂਡਸ ਨਾਲ ਵੀ ਮੇਲ ਖਾਣ। ਇਸੀ ਕਾਰਨ ਇਸ ਵਾਰ ਦੇ ਲੁਕਸ 'ਚ ਡਿਊਈ ਤੇ ਹਾਈਡਰੇਟਡ ਸਕਿਨ, ਨੈਚਰਲ ਗਲੋ, ਪਾਸਟਲ ਟੋਨ ਆਈਸ਼ੈਡੋ, ਬੋਲਡ ਲਿਪਸ ਅਤੇ ਸੌਫਟ ਕਰਲਜ਼ ਵਰਗੇ ਐਲੀਮੈਂਟਸ ਸ਼ਾਮਲ ਕੀਤੇ ਗਏ ਹਨ।



ਇਨ੍ਹਾਂ ਲੁਕਸ ਦੇ ਨਾਲ, ਰਿਚਾ ਅਗਰਵਾਲ ਨੇ ਪੰਜ ਬਿਊਟੀ ਕਮਾਂਡਮੈਂਟਸ ਵੀ ਪੇਸ਼ ਕੀਤੇ ਜਿਹਨਾਂ ਨੂੰ ਤਿਉਹਾਰਾਂ ਦੇ ਦੌਰਾਨ ਅਪਣਾਉਣਾ ਜ਼ਰੂਰੀ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਤੰਦਰੁਸਤ ਅਤੇ ਹਾਈਡਰੇਟਡ ਸਕਿਨ ਹੀ ਸਭ ਤੋਂ ਵੱਡੀ ਖ਼ੂਬਸੂਰਤੀ ਹੈ ਅਤੇ ਇਸ ਸੀਜ਼ਨ ਵਿੱਚ ਭਾਰੀ ਮੇਕਅੱਪ ਦੀ ਬਜਾਏ ਹਲਕਾ ਅਤੇ ਸਕਿਨ-ਫ੍ਰੈਂਡਲੀ ਮੇਕਅੱਪ ਟ੍ਰੈਂਡ ਕਰੇਗਾ। ਰਿਚਾ ਦੇ ਅਨੁਸਾਰ ਤਿਉਹਾਰਾਂ ਦੌਰਾਨ ਡਾਇਟ ਅਤੇ ਡੀਟੌਕਸ 'ਤੇ ਵੀ ਧਿਆਨ ਦੇਣਾ ਚਾਹੀਦਾ ਹੈ, ਕਿਉਂਕਿ ਇਹ ਨੈਚਰਲ ਗਲੋ ਨੂੰ ਕਾਇਮ ਰੱਖਦਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਹਰ ਔਰਤ ਨੂੰ ਆਪਣੇ ਸਕਿਨ ਟਾਈਪ ਅਤੇ ਸ਼ਖਸੀਅਤ ਦੇ ਮੁਤਾਬਕ ਮੇਕਅੱਪ ਅਤੇ ਸਕਿਨਕੇਅਰ ਚੁਣਨਾ ਚਾਹੀਦਾ ਹੈ, ਨਾ ਕਿ ਸਿਰਫ਼ ਟ੍ਰੈਂਡਸ ਦਾ ਅੰਨ੍ਹੇ ਵਾਂਗ ਪਾਲਣਾ ਕਰਨਾ ਚਾਹੀਦਾ ਹੈ।

ਪ੍ਰੈਸ ਲਾਂਚ ਦੌਰਾਨ ਰਿਚਾ ਅਗਰਵਾਲ ਨੇ ਕਿਹਾ, ਤਿਉਹਾਰ ਸਾਡੀ ਸਭਿਆਚਾਰ ਅਤੇ ਪਰੰਪਰਾ ਦਾ ਦਰਪਣ ਹੁੰਦੇ ਹਨ। ਇਨ੍ਹਾਂ ਨੂੰ ਮਨਾਉਂਦੇ ਹੋਏ ਜੇਕਰ ਸਾਡਾ ਲੁੱਕ ਪਰੰਪਰਾ ਅਤੇ ਮੌਡਰਨਿਟੀ ਦੋਵਾਂ ਦਾ ਮਿਲਾਪ ਪੇਸ਼ ਕਰੇ, ਤਾਂ ਇਹ ਆਤਮਵਿਸ਼ਵਾਸ ਅਤੇ ਖ਼ੂਬਸੂਰਤੀ ਦੋਵਾਂ ਨੂੰ ਵਧਾ ਦਿੰਦਾ ਹੈ। ਇਸ ਵਾਰ ਦੇ ਬਿਊਟੀ ਲੁਕਸ ਅਤੇ ਕਮਾਂਡਮੈਂਟਸ ਔਰਤਾਂ ਨੂੰ ਆਪਣੇ ਅੰਦਰ ਦੀ ਕੁਦਰਤੀ ਸੁੰਦਰਤਾ ਨੂੰ ਸਾਂਭਦੇ ਹੋਏ ਸਟਾਈਲਿਸ਼ ਅਤੇ ਗਲੈਮਰਸ ਦਿਖਣ ਦਾ ਮੌਕਾ ਦੇਣਗੇ। ਇਸ ਸੀਜ਼ਨ ਦਾ ਮੰਤਰ, ਜਿਵੇਂ ਰਿਚਾ ਅਗਰਵਾਲ ਨੇ ਦੱਸਿਆ, ਬਹੁਤ ਸਾਫ਼ ਹੈ: ਗਲੋ ਵਿਦ ਟ੍ਰੈਡੀਸ਼ਨ, ਸ਼ਾਈਨ ਵਿਦ ਮੌਡਰਨਿਟੀ।


ਲੜੀ ਨੰ. 1 ਦੇ ਲਈ 14.10.2025 ਅਤੇ ਲੜੀ ਨੰ. 2 ਦੇ ਲਈ 29.09.2025 ਨੂੰ 11.00 ਵਜੇ ਤੋਂ 16.00 ਵਜੇ ਈ-ਨਿਲਾਮੀ ਵਿਕਰੀ ਸੂਚਨਾ

SBI ਸਟੇਟ ਬੈਂਕ ਆਫ ਇੰਡੀਆ

ਸਟਰੈਸਡ ਸੰਪੱਤੀ ਵਸੂਲੀ ਸ਼ਾਖਾ, ਤੀਜ਼ੀ ਮੰਜ਼ਿਲ, ਜ਼ੋਨਲ ਬਿਜਨਸ ਦਫਤਰ ਬਿਲਡਿੰਗ, ਫਾਊਨਟੇਨ ਚੌਕ, ਸਿਵਲ ਲਾਈਨਜ਼, ਲੁਧਿਆਣਾ 141001

ਲੜੀ ਨੰ. 1 ਦੇ ਲਈ 14.10.2025 ਅਤੇ ਲੜੀ ਨੰ. 2 ਦੇ ਲਈ 29.09.2025 ਨੂੰ 11.00 ਵਜੇ ਤੋਂ 16.00 ਵਜੇ ਈ-ਨਿਲਾਮੀ ਵਿਕਰੀ ਸੂਚਨਾ

14.10.2025 ਨੂੰ ਲੜੀ ਨੰ. 1 ਦੇ ਅਤੇ 29.09.2025 ਨੂੰ ਲੜੀ ਨੰ. 2 ਦੇ ਲਈ 11.00 ਵਜੇ ਤੋਂ 16.00 ਵਜੇ ਤੱਕ ਚੱਲ/ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਲਈ ਜਨਤਕ ਸੂਚਨਾ

ਬਿਆਨਾ ਰਕਮ ਅਤੇ ਦਸਤਾਵੇਜ਼ਾਂ ਲਈ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ ਅਤੇ ਸਮਾਂ ਈ-ਨਿਲਾਮੀ ਦੇ ਬੰਦ ਹੋਣ 'ਤੇ ਜਾਂ ਪਹਿਲਾਂ, ਮੈਸ. ਪੀਐਸਬੀ ਅਲਾਇੰਸ ਪ੍ਰਾਈਵੇਟ ਲਿਮਟਿਡ ਕੋਲ ਆਪਣੀ ਈ-ਨਿਲਾਮੀ ਸਾਈਟ 'ਤੇ ਰਜਿਸਟਰਡ ਆਪਣੇ ਖੁਦ ਦੇ ਵੈਲੇਟ ਰਾਹੀਂ ਬੋਲੀਕਾਰ : https://baanknet.com ਆਰਟੀਜੀਐਸ/ਐਨਈਐਫਟੀ ਦੇ ਜ਼ਰੀਏ

ਸੁਰੱਖਿਆ ਵਿਆਜ (ਲਾਗੂ ਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਅਤੇ 9 (1) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂ ਕਰਨ ਕਾਨੂੰਨ, 2002 ਦੇ ਅਧੀਨ ਅਚੱਲ/ਚੱਲ ਸੰਪੱਤੀਆਂ ਦੀ ਵਿਕਰੀ ਬਾਰੇ ਈ-ਨਿਲਾਮੀ ਵਿਕਰੀ ਸੂਚਨਾ। ਆਮ ਕਰਕੇ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰਾਂ ਅਤੇ ਜ਼ਾਮਨਾਂ ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਸਟੇਟ ਬੈਂਕ ਆਫ ਇੰਡੀਆ (ਸੁਰੱਖਿਅਤ ਕਰਜ਼ਦਾਤਾ) ਕੋਲ ਗਿਰਵੀ/ਬੰਦੀ ਨਿਮਨ ਦਰਸਾਈਆਂ ਅਚੱਲ ਸੰਪੱਤੀਆਂ, ਜਿਨ੍ਹਾਂ ਦਾ ਉਸਾਰੂ/ਭੌਤਿਕ ਕਬਜ਼ਾ ਸਟੇਟ ਬੈਂਕ ਆਫ ਇੰਡੀਆ (ਸੁਰੱਖਿਅਤ ਕਰਜ਼ਦਾਤਾ) ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਦਰਸਾਏ ਕਰਜ਼ਦਾਰਾਂ/ਜ਼ਾਮਨਾਂ ਤੋਂ ਸਟੇਟ ਬੈਂਕ ਆਫ ਇੰਡੀਆ (ਸੁਰੱਖਿਅਤ ਕਰਜ਼ਦਾਤਾ) ਵੱਲ ਬਕਾਇਆ ਬੈਂਕ ਬਕਾਏ + ਵਿਆਜ (ਸੰਪੱਤੀਆਂ ਅਧੀਨ ਨਿਮਨ ਦਰਸਾਏ ਅਨੁਸਾਰ) ਦੀ ਵਸੂਲੀ ਦੇ ਲਈ 14.10.2025 ਨੂੰ ਲੜੀ ਨੰ. 1 ਦੇ ਅਤੇ 29.09.2025 ਨੂੰ ਲੜੀ ਨੰ. 2 ਦੇ ਲਈ 11.00 ਵਜੇ ਤੋਂ 16.00 "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ" 'ਤੇ ਕੀਤੀ ਜਾਵੇਗੀ। ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਸੰਪੱਤੀਆਂ ਅਧੀਨ ਨਿਮਨ ਦਰਸਾਏ ਅਨੁਸਾਰ ਹੋਵੇਗੀ। "ਸਾਰੇ ਵਿਧਾਨਕ/ਗੈਰ-ਵਿਧਾਨਕ ਬਕਾਏ, ਕਰ, ਦਰਾਂ, ਮੁਲਾਂਕਣ, ਖਰਚੇ, ਕਿਸੇ ਵੱਲ ਵੀ ਬਕਾਇਆ ਫੀਸਾਂ ਆਦਿ ਦਾ ਭੁਗਤਾਨ ਕੇਵਲ ਸਫਲ ਬੋਲੀਕਾਰ ਦੀ ਇਕੱਲੇ ਦੀ ਜ਼ਿੰਮੇਵਾਰੀ ਹੋਵੇਗੀ, ਸਫ਼ਲ ਬੋਲੀਕਾਰ ਵੱਲੋਂ ਵਿਕਰੀ ਕੀਮਤ ਦੀ ਕਿਸੇ ਵੀ ਰਕਮ ਦੇ ਭੁਗਤਾਨ ਵਿਚ ਅਸਫਲਤਾ ਦਾ ਨਤੀਜਾ ਉਨ੍ਹਾਂ ਵੱਲੋਂ ਜਮ੍ਹਾਂ ਰਕਮ ਦੀ ਜ਼ਬਤੀ ਹੋਵੇਗਾ। ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਵੈਬਸਾਈਟ : (a) https:sbi.co.in/ (b) https://baanknet.com ਵਿਚ ਨਿਮਨ ਦਰਸਾਏ/ਹਵਾਲੇ ਅਧੀਨ ਹਨ।

ਚੱਲ/ਅਚੱਲ ਸੰਪੱਤੀਆਂ ਦੇ ਵੇਰਵੇ

| ਲ. ਨੰ. | ਕਰਜ਼ਦਾਰ (ਾਂ)/ ਜ਼ਾਮਨ (ਾਂ) ਦੇ ਨਾਮ | ਬਕਾਇਆ ਰਕਮ | ਸੰਪੱਤੀ/ਆਂ ਦੇ ਵੇਰਵੇ | ਰਾਖਵੀਂ ਕੀਮਤ / ਬਿਆਨਾ ਰਕਮ ਜਮ੍ਹਾਂ / ਬੋਲੀ ਵਾਧਾ ਰਕਮ | ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ | ਅਧਿਕਾਰਤ ਅਧਿਕਾਰੀ ਅਤੇ ਸੰਪਰਕ ਨੰ. |
|---|---|---|---|---|---|---|
| 1. | ਮੈਸ. ਸਾਹਿਬ ਸੀਮਿਟ ਸਟੋਰ ਐਂਡ ਸੈਨੀਟੇਸ਼ਨ, 2204/1-ਏ, ਨੇੜੇ ਰੇਲਵੇ ਲਾਂਘਾ ਅਬਦੁੱਲਾਪੁਰ ਬਸਤੀ, ਲੁਧਿਆਣਾ-141003 ਰਾਹੀਂ ਪ੍ਰੋਪ. ਸ਼੍ਰੀ ਜੋਗਿੰਦਰ ਸਿੰਘ ਭੱਟੀ ਸਪੁੱਤਰ ਸ਼੍ਰੀ ਦੌਲਤ ਸਿੰਘ ਭੱਟੀ, ਵਾਸੀ ਗਲੀ ਨੰ. 01, ਬਲਾਕ ਨੰ. 17, ਸਾਹਮਣੇ ਸੀਪੀਆਈ ਦਫ਼ਤਰ, ਨੇੜੇ ਕੇ ਮਾਲ ਹੋਟਲ ਇੰਦਰਾ ਨਗਰ, ਮਿਲਰਗੰਜ, ਲੁਧਿਆਣਾ। | ਰੁ. 29,23,359/- (ਰੁਪਏ ਉਣੱਤੀ ਲੱਖ ਤੇਈ ਹਜ਼ਾਰ ਤਿੰਨ ਸੌ ਉਣਾਹਠ ਕੇਵਲ) 03.05.2019 ਦੇ ਅਨੁਸਾਰ ਜਮ੍ਹਾਂ ਇਸ 'ਤੇ ਭਾਵੀ ਵਿਆਜ ਅਤੇ ਖਰਚੇ। | ਸੰਪੱਤੀ ਆਈਡੀ- SBIN0527100454: ਵਿਕਰੀ ਡੀਡ ਨੰ. 20604 ਮਿਤੀ 16.12.2005 ਦੇ ਅਨੁਸਾਰ ਪਿੰਡ ਢਾਂਡਰਾ-1, ਹੱਦਬਸਤ ਨੰ. 274, ਇਲਾਕਾ ਏਕਤਾ ਵਿਹਾਰ ਵਜੋਂ ਜਾਣੂੰ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਸਾਲ 2002-2003 ਦੇ ਲਈ ਜਮ੍ਹਾਂਬੰਦੀ ਅਨੁਸਾਰ ਖਸਰਾ ਨੰ. 329, 330, 2371/331, 332, ਖਾਤਾ ਨੰਬਰ 491/612 ਵਿਚ ਸ਼ਾਮਲ 200 ਵਰਗ ਗਜ਼ ਮਾਪ ਵਾਲਾ ਮਕਾਨ। ਸੰਕੇਤਕ ਕਬਜ਼ੇ ਵਿਚ ਸੰਪੱਤੀ | Rs. 33,02,000/- / Rs. 3,30,200/- / Rs. 50,000/- | 24.09.2025 11:00 Hrs. to 12:00 Hrs | ਸ੍ਰੀ ਸੁਸ਼ੀਲ ਸ੍ਰੀਵਾਸਤਵ (ਸੀਐਲਓ) Contact No. 8219239766 ਸ੍ਰੀ ਰਵੀਸ਼ ਗੋਇਲ (ਸੀਸੀਓ) Contact No. 9814936996 |
| 2. | ਮੈਸ. ਅਰੋੜਾ ਟ੍ਰੇਡਰਜ਼, ਮੁਕਤਸਰ ਰੋਡ, ਕੋਟਕਪੂਰਾ, ਜ਼ਿਲ੍ਹਾ ਫਰੀਦਕੋਟ (ਪ੍ਰੋਪ.) ਸ਼੍ਰੀਮਤੀ ਰੂਬੀ ਸੁਪਤਨੀ ਸ਼੍ਰੀ ਹੇਮ ਰਾਜ, ਵਾਸੀ ਮੁਹੱਲਾ ਪਟਵਾਰੀਆਂ ਵਾਲਾ, ਕੋਟਕਪੂਰਾ, ਜ਼ਿਲ੍ਹਾ ਫਰੀਦਕੋਟ। | ਰੁ. 27,32,228/- (ਰੁਪਏ ਸਤਾਈ ਲੱਖ ਬੱਤੀ ਹਜ਼ਾਰ ਦੋ ਸੌ ਅਠਾਈ ਕੇਵਲ) 20.12.2023 ਦੇ ਅਨੁਸਾਰ ਜਮ੍ਹਾਂ ਇਸ 'ਤੇ ਭਾਵੀ ਵਿਆਜ ਅਤੇ ਖਰਚੇ। | ਸੰਪੱਤੀ ਆਈਡੀ- SBIN0527100439: ਪਲਾਂਟ ਅਤੇ ਮਸ਼ੀਨਰੀ : 1. ਮੋਟਰ ਅਤੇ ਅਸੈਸਰੀਜ਼ ਸਮੇਤ ਗਰਾਈਂਡਰ/ਪਲਵਰਾਈਜ਼ਰ ਮਸ਼ੀਨ, 2. ਬਿਜਲਈ ਪੈਨਲ ਅਤੇ ਕੇਬਲਜ਼, 3. ਵਾਈਬਰੇਟਰੀ ਸੈਪਰੇਟਰ, ਮੋਟਰ ਆਦਿ ਸਮੇਤ ਆਟਾ ਚੱਕੀ। 4. ਡਿਜੀਟਲ ਵੇਇੰਗ ਮਸ਼ੀਨ, 5. ਐਗਜ਼ਾਸਟ ਫੈਨ। | Rs. 5,41,000/- / Rs. 54,100/- / Rs. 20,000/- | 24.09.2025 11:00 Hrs. to 12:00 Hrs | ਸ੍ਰੀ ਸੁਸ਼ੀਲ ਸ੍ਰੀਵਾਸਤਵ (ਸੀਐਲਓ) Contact No. 8219239766 ਸ੍ਰੀ ਰਵੀਸ਼ ਗੋਇਲ (ਸੀਸੀਓ) Contact No. 9814936996 |

ਇਹ ਪ੍ਰਕਾਸ਼ਨ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਨਿਯਮ 9(1) ਅਤੇ 8(6) ਦੇ ਤਹਿਤ ਉਪਰੋਕਤ ਕਰਜ਼ਦਾਰ(ਾਂ) ਅਤੇ ਜ਼ਾਮਨ(ਾਂ) ਨੂੰ 15/30 ਦਿਨਾਂ ਦਾ ਨੋਟਿਸ ਵੀ ਹੈ।

ਸਰਫਾਇਸੀ ਐਕਟ 2, 2002 ਦੇ ਉਪਬੰਧਾਂ ਦੇ ਅਨੁਸਾਰ, ਹੁਣ ਬੈਂਕ ਦੇ ਕਬਜ਼ੇ ਵਿੱਚ ਅਚੱਲ ਸੰਪਤੀਆਂ ਨੂੰ ਜਨਤਕ ਈ-ਨਿਲਾਮੀ ਰਾਹੀਂ ਵੇਚਣ ਦਾ ਪ੍ਰਸਤਾਵ ਹੈ ਜੋ ਸਵੇਰੇ 11.00 ਵਜੇ https://baanknet.com ਰਾਹੀਂ ਹੋਵੇਗੀ। ਵਿਕਰੀ ਦੀਆਂ ਵਿਸਤ੍ਰਿਤ ਸ਼ਰਤਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ ਵੈੱਬਸਾਈਟਾਂ ਵੇਖੋ: https://baanknet.com

ਮਿਤੀ: 30.08.2025 ਸਥਾਨ: ਲੁਧਿਆਣਾ ਅਧਿਕਾਰਤ ਅਧਿਕਾਰੀ, ਸਟੇਟ ਬੈਂਕ ਆਫ ਇੰਡੀਆ

# ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲਖਣੀ ਜੀ ਦੇ ਸ਼ੁਭ ਵਿਆਹ ਪੁਰਬ 'ਤੇ ਪੱਤਰਕਾਰ ਬਲਵਿੰਦਰ ਸਿੰਘ ਪੰਜਗਰਾਈਆਂ ਦਾ ਬਟਾਲਾ ਤੋਂ ਵਿਸ਼ੇਸ਼ ਸਪਲੀਮੈਂਟ


ਸ੍ਰੀ ਗੁਰੂ ਨਾਨਕ ਸਾਹਿਬ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਦੀ ਦੇਸ਼ ਵਿਦੇਸ਼ ਤੋਂ ਆਈਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈ ਹੋਵੇ ।




ਸ.ਹਰਪਾਲ ਸਿੰਘ Ex. S.D.O. PSPCL  ਸ. ਗੁਰਦੀਪ ਸਿੰਘ ਬਾਜਵਾ Ex. Sarpanch vill.Radhan

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਸ਼ੁਭ ਵਿਆਹ ਪੁਰਬ ਦੀ ਲੱਖ - ਲੱਖ ਵਧਾਈ ਹੋਵੇ



ਸੈਕ. ਸੁਖਚੈਨ ਸਿੰਘ  ਸੈਕ.ਜਸਵੰਤ ਸਿੰਘ ਮੁੜ

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਸ਼ੁਭ ਵਿਆਹ ਪੁਰਬ ਦੀ ਲੱਖ - ਲੱਖ ਵਧਾਈ ਹੋਵੇ |



ਸਰਪੰਚ ਮਿੱਤਰਪਾਲ ਸਿੰਘ ਸੀ. ਆਪ ਆਗੂ  ਜਥੇ.ਅਨੂਪ ਸਿੰਘ ਵਿਰਕ ਪਿੰਡ ਦੌਲਤਪੁਰ  ਪਰਮਜੀਤ ਸਿੰਘ ਫੌਜੀ ਦੌਲਤਪੁਰ



ਸ. ਬਚਨ ਸਿੰਘ ਭੁੱਲਰ  ਮਾ. ਬਲਵਿੰਦਰ ਸਿੰਘ ਭੁੱਲਰ  ਨਵਦੀਪ ਸਿੰਘ ਭੁੱਲਰ

ਜਗਤਗੁਰੂ, ਗੁਰੂ ਨਾਨਕ ਸਾਹਿਬ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਦੀ ਲੱਖ ਲੱਖ ਵਧਾਈ ਹੋਵੇ।

ਵਲੋਂ : ਭੁੱਲਰ ਸਪੰਨ ਪਾਈਪ ਫੈਕਟਰੀ ਬਹਾਦਰ ਹੁਸੈਨ ਬਟਾਲਾ ।

ਸ੍ਰੀ ਗੁਰੂ ਨਾਨਕ ਸਾਹਿਬ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਦੀ ਲੱਖ ਲੱਖ ਵਧਾਈ ਹੋਵੇ ।



ਕੰਵਲਨੈਨ ਸਿੰਘ ਬਾਜਵਾ ਐਮ.ਡੀ.  ਅਮਨਦੀਪ ਕੌਰ ਬਾਜਵਾ ਚੇਅਰਪਰਸਨ


- 25 ਸਾਲਾਂ ਤੋਂ ਵਿਦਿਆ ਦੇ ਖੇਤਰ ਵਿਚ ਮਾਰੀਆਂ ਮੱਲਾਂ, ਹਰ ਸਾਲ ਵਧੀਆ ਨਤੀਜੇ। ਕੰਪਿਊਟਰ,ਸੰਗੀਤ,ਖੇਡਾਂ,ਧਾਰਮਿਕ ਅਤੇ ਸੱਭਿਆਚਾਰਕ ਗਤਿਵਿਧਿਆਂ ਨਾਲ ਹਰ ਖੇਤਰ ਵਿਚ ਬੱਚਿਆਂ ਦਾ ਸਰਬਪੱਖੀ ਵਿਕਾਸ।
- ਸੰਸਥਾ ਸੀ.ਬੀ.ਐਸ.ਈ.ਬੋਰਡ ਨਾਲ ਐਫਿਲੀਏਟਡ ਹੈ,ਸਕੂਲ ਦਾ ਸਾਰਾ ਸਟਾਫ ਮੇਹਨਤੀ ਅਤੇ ਤਜਰਬੇਕਾਰ ਹੈ।
- ਇਸ ਸਕੂਲ ਦੇ ਵਿਦਿਆਰਥੀ ਦੇਸ਼ਾਂ ਵਿਦੇਸ਼ਾਂ ਚ ਉੱਚ ਅਹੁਦਿਆਂ ਤੇ ਬਿਰਾਜਮਾਨ ਹਨ, ਇਥੋਂ ਦੀ ਪੜ੍ਹੀ ਹੋਣਹਾਰ ਬੱਚੀ ਮਨਮੋਹਨ ਕੌਰ ਨੇ ਜੱਜ ਬਣ ਕੇ ਪੂਰੀ ਦੁਨੀਆਂ ਵਿਚ ਸਕੂਲ ਦਾ ਨਾਮ ਰੋਸ਼ਨ ਕੀਤਾ ਹੈ।
- ਖੇਡ ਪ੍ਰੋਗਰਾਮਾਂ ਵਿਚ ਹਮੇਸ਼ਾ ਮੋਹਰਲੀ ਕਤਾਰ ਵਿਚ ਰਹਿੰਦਾ ਹੈ ਸਕੂਲ ।
- ਅੰਗਰੇਜ਼ੀ,ਪੰਜਾਬੀ,ਹਿਸਾਬ ਅਤੇ ਸਾਂਇੰਸ ਦੇ ਮਾਹਿਰ ਅਧਿਆਪਕ,ਦਿੰਦੇ ਹਨ ਬੱਚਿਆਂ ਨੂੰ ਉੱਚ ਪੱਧਰੀ ਤਾਲੀਮ ।
- ਲਾਇਬਰੇਰੀ, ਸੰਗੀਤ ਦੀ ਸਿਖਿਆ, ਸਾਂਇੰਸ ਦੀ ਪੜ੍ਹਾਈ ਆਧੁਨਿਕ ਤਰੀਕੇ ਨਾਲ ਕਰਵਾਈ ਜਾਂਦੀ ਹੈ।
- ਖੁੱਲੇ ਡੁੱਲੇ ਹਵਾਦਾਰ ਕਮਰੇ, ਵਧੀਆ ਟ੍ਰਾਂਸਪੋਰਟ ਸੁਵਿਧਾ,ਬੱਚਿਆਂ ਦੀ ਸੁਰੱਖਿਆ ਲਈ ਸਕਿਉਰਟੀ ਗਾਰਡ।
- ਸਕੂਲ ਦੀ ਸ਼ੁਰੂਆਤ ਅਤੇ ਸਮਾਪਤੀ ਸਮੇਂ, ਬੱਚੇ ਪੜ੍ਹਦੇ ਹਨ ਧਾਰਮਿਕ ਸ਼ਬਦ।

ਗੁਰੂ ਨਾਨਕ ਸਾਹਿਬ ਜੀ ਇਸੇ ਤਰ੍ਹਾਂ ਇਸ ਸੰਸਥਾ ਉੱਪਰ ਆਪਣੀ ਮੇਹਰ ਬਣਾਈ ਰੱਖਣ , ਤਾਕਿ ਇਹ ਸੰਸਥਾ ਇਸੇ ਤਰ੍ਹਾਂ ਇਲਾਕੇ ਵਿਚ ਆਪਣੀ ਸੇਵਾ ਨਿਭਾਈਉਂਦੀ ਰਹੇ

ਵਲੋਂ : ਗੁਰੂ ਹਰ ਰਾਇ ਇੰਟੈਲੀਜੈਂਟ ਟੈਰੇਅਰ ਸਕੂਲ ਪੰਜਗਰਾਈਆਂ



ਕੰਵਲਜੀਤ ਸਿੰਘ ਲੱਲੀ.ਜ਼ੋਨ ਪ੍ਰਧਾਨ  ਧਰਮਿੰਦਰ ਸਿੰਘ ਮੀਤ ਪ੍ਰਧਾਨ  ਤਜਿੰਦਰ ਸਿੰਘ ਬਾਜਵਾ ਜ਼ੋਨ ਖਜਾਨਚੀ  ਬਲਵਿੰਦਰ ਸਿੰਘ ਬਾਜਵਾ ਖਜਾਨਚੀ
ਗੁਰਪ੍ਰੀਤ ਸਿੰਘ ਪ੍ਰੈਸ ਸਕੱਤਰ  ਏ.ਜੇਈ ਗੁਰਪਾਲ ਸਿੰਘ ਬਾਜਵਾ  ਰਣਜੋਧ ਸਿੰਘ ਸੀ. ਕਿਸਾਨ ਆਗੂ  ਕਸ਼ਮੀਰ ਸਿੰਘ (Ex.Army Officer)



ਮਨੁੱਖਤਾ ਦੇ ਰਹਿਬਰ ਸ਼੍ਰੀ ਗੁਰੂ ਨਾਨਕ ਸਾਹਿਬ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਦੀ ਦੇਸ਼ਾਂ ਵਿਦੇਸ਼ਾਂ ਤੋਂ ਆਈਆਂ ਸੰਗਤਾਂ ਨੂੰ ਲੱਖ ਲੱਖ ਵਧਾਈ ਹੋਵੇ।


ਵਲੋਂ : ਪਰਫ਼ੈਕ੍ਟ ਪੋਲਟਰੀ ਪ੍ਰੋਡਕਟ ਪੰਜਗਰਾਈਆਂ।




ਹੈ.ਮਾ.ਮਨਪ੍ਰੀਤ ਸਿੰਘ

ਬਾਬੇ ਨਾਨਕ ਜੀ ਦੇ ਸ਼ੁਭ ਵਿਆਹ ਪੁਰਬ ਦੀ ਲੱਖ ਲੱਖ ਵਧਾਈ ਹੋਵੇ।

ਵਲੋਂ : ਸਰਕਾਰੀ ਹਾਈ ਸਮਾਰਟ ਸਕੂਲ ਪੰਜਗਰਾਈਆਂ



ਗੁਰੂ ਨਾਨਕ ਪਾਤਿਸ਼ਾਹ ਜੀ ਦੇ ਵਿਆਹ ਪੁਰਬ ਦੀ ਲੱਖ ਲੱਖ ਵਧਾਈ ਹੋਵੇ ਜੀ।

ਉੱਚ ਪੱਧਰ ਦੀ ਮਿਆਰੀ ਸਿਖਿਆ ਪ੍ਰਾਪਤ ਕਰਨ ਲਈ ਬੱਚਿਆਂ ਨੂੰ ਇਸ ਸਕੂਲ ਵਿਚ ਦਾਖ਼ਲ ਕਰਵਾਓ।

ਵਲੋਂ : ਸ਼ਹੀਦ ਭਗਤ ਸਿੰਘ ਸੀਨੀਅਰ ਸੈਕੰਡਰੀ ਸਕੂਲ ਮੀਰਪੁਰ।



ਜਗੀਰ ਸਿੰਘ ਮੰਡ, ਜ਼ਿਲ੍ਹਾ ਇੰਚਾਰਜ ਗੁਰਦਾਸਪੁਰ  ਡਾ. ਨਰਿੰਦਰ ਸਿੰਘ ਘੁਮਾਣ, ਜ਼ਿਲ੍ਹਾ ਇੰਚਾਰਜ ਅਤੇ ਸਟਾਫ ਰਿਪੋਰਟਰ ਬਟਾਲਾ  ਬਲਵਿੰਦਰ ਸਿੰਘ ਪੰਜਗਰਾਈ, ਪੱਤਰਕਾਰ ਬਟਾਲਾ



ਕੁਲਵਿੰਦਰ ਸਿੰਘ ਬੱਬੀ ਬਲਾਕ ਪ੍ਰਧਾਨ ਆਪ, ਬਟਾਲਾ

ਸ੍ਰੀ ਗੁਰੂ ਨਾਨਕ ਸਾਹਿਬ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਦੀ ਲੱਖ ਲੱਖ ਵਧਾਈ ਹੋਵੇ ।



ਸ. ਹਰਜਿੰਦਰ ਸਿੰਘ ਕਲਸੀ ਡੀ.ਪੀ.ਆਰ.ਓ ਬਟਾਲਾ  ਸ. ਇੰਦਰਜੀਤ ਸਿੰਘ ਬਾਜਵਾ ਡੀ.ਪੀ.ਆਰ.ਓ ,ਗੁਰਦਸਪੁਰ  ਸ. ਸੁਖਜਿੰਦਰ ਸਿੰਘ ਐਸ.ਐਚ.ਓ ਸਿਟੀ ਬਟਾਲਾ  ਸੁਰਿੰਦਰ ਸਿੰਘ ਗੋਰਾਇਆ ਟ੍ਰੈਫਿਕ ਇੰਚਾਰਜ ਬਟਾਲਾ
ਹਰਜੀਤ ਸਿੰਘ ਖੋਜੇਵਾਲ ਬਲਾਕ ਪ੍ਰਧਾਨ "ਆਪ"  ਸ. ਸਿਕੰਦਰ ਸਿੰਘ ਸਾਬਕਾ ਸਰਪੰਚ ਕਰਨਾਮਾ  ਸ. ਸਤਨਾਮ ਸਿੰਘ ਸਾਬਕਾ ਸਰਪੰਚ ਸੰਗਰਾਵਾਂ  ਸ੍ਰੀ ਨਰੇਸ਼ ਕੁਮਾਰ ਜੋਸ਼ੀ ਸਾਬਕਾ ਪੁਲਿਸ ਇੰਸ.

ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਦੀਆਂ ਲੱਖ ਲੱਖ ਵਧਾਈਆਂ



ਐਡ. ਅਮਰਪਾਲ ਸਿੰਘ ਕਿਸ਼ਨ ਕੋਟ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ  ਸ. ਗੁਰਦੀਪ ਸਿੰਘ ਹੇਅਰ ਸਰਪੰਚ ਪਿੰਡ ਪੰਜਗਰਾਈਆਂ  ਸ. ਅਮਰਿੰਦਰ ਸਿੰਘ ਟਰਾਂਸਪੋਰਟਰ,Canada
ਸ. ਗੁਰਪ੍ਰੀਤ ਸਿੰਘ ਸੈਣੀ ਸੰਗਠਨ ਇੰਚਾਰਜ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ  ਸ. ਸੰਦੀਪ ਸਿੰਘ (ਸੈਂਡੀ ਹੇਅਰ) Builder,Canada  ਸੁਖਦੇਵ ਸਿੰਘ ਰੋਮੀ P.A. to M.L.A


## ਕੈਨਰਾ ਬੈਂਕ ਨੇ ਪਿੰਡ ਕੋਟਲਾ ਬਜਵਾੜਾ ਅਤੇ ਸਲਾਣਾ ਵਿੱਚ ਵਿੱਤੀ ਸਮਾਵੇਸ਼ ਕੈਂਪ ਲਗਾਇਆ



ਲੁਧਿਆਣਾ, 30 ਅਗਸਤ (ਚ.ਨ.ਸ): ਜਨਤਕ ਖੇਤਰ ਦੇ ਮੋਹਰੀ ਬੈਂਕ ਕੈਨਰਾ ਬੈਂਕ ਨੇ ਪਿੰਡ ਕੋਟਲਾ ਬਜਵਾੜਾ ਅਤੇ ਸਲਾਣਾ ਵਿੱਚ ਵਿੱਤੀ ਸਮਾਵੇਸ਼ ਕੈਂਪ ਲਗਾਇਆ। ਜਿਸ ਵਿਚ ਬੈਂਕ ਦੇ ਮੁੱਖ ਦਫਤਰ, ਬੰਗਲੌਰ ਤੋਂ ਜਨਰਲ ਮੈਨੇਜਰ ਆਰ.ਪੀ. ਜੈਸਵਾਲ, ਡਿਪਟੀ ਜਨਰਲ ਮੈਨੇਜਰ, ਜ਼ੋਨਲ ਦਫਤਰ, ਚੰਡੀਗੜ੍ਹ ਵੇਦ ਪ੍ਰਕਾਸ਼, ਖੇਤਰੀ ਮੁਖੀ, ਲੁਧਿਆਣਾ ਆਰ.ਸੀ. ਮੀਨਾ ਅਤੇ ਲੀਡ ਜ਼ਿਲ੍ਹਾ ਪ੍ਰਬੰਧਕ, ਫਤਿਹਗੜ੍ਹ ਸਾਹਿਬ ਸੁਮਨ ਸਹੋਤਾ ਨੇ ਹਿੱਸਾ ਲਿਆ।ਕੋਟਲਾ ਬਜਵਾੜਾ ਅਤੇ ਸਲਾਣਾ ਅਤੇ ਆਲੇ ਦੁਆਲੇ ਦੇ ਪਿੰਡਾਂ ਦੇ ਵਸਨੀਕਾਂ ਨੇ ਕੈਂਪ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਬੁਲਾਰਿਆਂ ਨੇ ਵੱਖ-ਵੱਖ ਸਰਕਾਰੀ ਯੋਜਨਾਵਾਂ ਬਾਰੇ ਵਿਸਥਾਰ ਵਿੱਚ ਦੱਸਿਆ ਤਾਂ ਜੋ ਵੱਧ ਤੋਂ ਵੱਧ ਲੋਕ ਉਨ੍ਹਾਂ ਦਾ ਲਾਭ ਲੈ ਸਕਣ ਅਤੇ ਡਿਜੀਟਲ ਧੋਖਾਧੜੀ ਤੋਂ ਜਾਣੂ ਹੋਣ ਅਤੇ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਬਾਰੇ ਜਾਣਕਾਰੀ ਸਾਂਝੀ ਕੀਤੀ।

## ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ ਵੱਲੋਂ ਪੰਜਾਬ ਦੇ ਹੜ ਪੀੜਤਾਂ ਦੀ ਮਦਦ ਲਈ ਰਾਹਤ ਟੀਮ ਰਵਾਨਾ

ਨਾਂਦੇੜ, 30 ਅਗਸਤ (ਚ.ਨ.ਸ): ਪਿਛਲੇਂ ਕੁਝ ਦਿਨਾਂ ਤੋਂ ਭਾਰੀ ਮੀਂਹ ਕਾਰਨ ਪੰਜਾਬ ਦੇ ਕਈ ਇਲਾਕੀਆਂ ਵਿੱਚ ਹੜ ਦਾ ਮਾਹੌਲ ਹੈ। ਜਿਸ ਕਾਰਨ ਉਥੇ ਜਾਨ ਮਾਲ ਦਾ ਕਾਫੀ ਨੁਕਸਾਨ ਹੋਇਆ ਹੈ। ਕਈ ਘਰ ਇਸ ਵਿੱਚ ਰੁੱਲ ਗਏ ਹਨ, ਕਈ ਲੋਕਾਂ ਦੇ ਖੇਤ ਤੇ ਪਸ਼ੂਆਂ ਦਾ ਨੁਕਸਾਨ ਹੋਇਆ ਹੈ, ਕਈ ਪਿੰਡਾਂ ਦੇ ਲੋਕ ਬੇਘਰ ਹੋ ਗਏ ਹਨ ਅਤੇ ਆਮ ਜੀਵਨ ਨਸ਼ਟ ਹੋ ਗਿਆ ਹੈ।

ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ ਦੇ ਜੱਥੇਦਾਰ ਸੰਤ ਬਾਬਾ ਕੁਲਵੰਤ ਸਿੰਘ ਜੀ ਅਤੇ ਸਮੂੰਹ ਪੰਜ ਪਿਆਰੇ ਦੇ ਆਸ਼ਿਰਵਾਦ ਨਾਲ ਗੁਰਦੁਆਰਾ ਬੋਰਡ ਦੇ ਮੁੱਖ ਪ੍ਰਬੰਧਕ ਡਾ. ਵਿਜੈ ਸਤਬੀਰ ਸਿੰਘ ਜੀ ਨੇਂ ਇਸ ਔਖੇ ਸਮੇਂ ਵਿੱਚ ਅੱਗੇ ਵੱਧ ਕੇ ਰਾਹਤ ਸਮਗਰੀ ਪਹੁੰਚਾਣ ਲਈ ਉਪਰਾਲੇ ਕੀਤੇ। ਜਿਸ ਵਿੱਚ ਸੇਵਾਦਾਰਾਂ ਦੀ ਇੱਕ ਵਿਸ਼ੇਸ਼ ਟੀਮ ਤਿਆਰ ਕਰ ਪੰਜਾਬ ਭੇਜੀ ਗਈ। ਜਿਸ ਨਾਲ ਹੜ ਪੀੜਤਾਂ ਨੂੰ ਸਿੱਧੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਨਾਲ ਹੀ ਦੀ ਇੱਕ ਵਿਸ਼ੇਸ਼ ਟੀਮ ਨੂੰ ਤੇਲੰਗਾਨਾ ਦੇ ਹੜ ਪੀੜਤਾਂ ਦੀ ਸਹਾਇਤਾ ਲਈ ਵੀ ਰਾਹਤ ਸਮਗਰੀ ਸਹਿਤ ਭੇਜੀ ਗਈ। ਇਸ ਰਾਹਤ ਕਾਰਜ ਦੇ ਤਹਿਤ ਅਨਾਜ, ਕੱਪੜੇ, ਦਵਾਈਆਂ, ਕੰਬਲ, ਪੀਣ ਦਾ ਸਾਫ ਪਾਣੀ ਆਦਿ ਜ਼ਰੂਰੀ ਚੀਜਾਂ ਭੇਜੀਆਂ ਗਈਆਂ ਹਨ।ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਦੇ ਮੁੱਖ ਜੱਥੇਦਾਰ ਸੰਤ ਬਾਬਾ ਕੁਲਵੰਤ ਸਿੰਘ ਜੀ ਵੱਲੋਂ ਹੜ ਪੀੜਤਾਂ ਦੀ ਦੇਹਿ ਅਰੋਗਤਾ, ਤੰਦੁਰੁਸਤੀ ਅਤੇ ਰਾਹਤ ਕਾਰਜ ਦੀ ਸੁਫਲਤਾ ਦੀ ਅਰਦਾਸ ਕਰਨ ਉਪਰੰਤ ਟੀਮ ਨੂੰ ਰਵਾਨਾ ਕੀਤਾ ਗਿਆ। ਇਸ ਸਮੇਂ ਸ੍ਰ. ਗੁਰਬਚਨ ਸਿੰਘ ਸਿਲੇਦਾਰ - ਸੁਪਰਡੈਂਟ, ਗੁਰਦੁਆਰਾ ਸੱਚਖੰਡ ਬੋਰਡ, ਸ੍ਰ. ਹਰਜੀਤ ਸਿੰਘ ਕੜੇਵਾਲੇ - ਡਿਪਟੀ ਸੁਪਰਡੈਂਟ, ਸ੍ਰ. ਰਵਿੰਦਰ ਸਿੰਘ ਕਪੂਰ - ਸਹਾ. ਸੁਪਰਡੈਂਟ, ਸ੍ਰ. ਜੈਮਲ ਸਿੰਘ ਢਿੱਲੋਂ - ਸਹਾ. ਸੁਪਰਡੈਂਟ, ਸ੍ਰ. ਬਲਵਿੰਦਰ ਸਿੰਘ ਫੌਜੀ - ਸਹਾ. ਸੁਪਰਡੈਂਟ, ਸ੍ਰ. ਪਰਦੀਪ ਸਿੰਘ ਮਾਨ, ਡਾ. ਸ੍ਰ. ਪਰਮਵੀਰ ਸਿੰਘ, ਸ੍ਰ. ਗੁਰਬਚਨ ਸਿੰਘ ਰਾਗੀ, ਸ੍ਰ. ਕੁਲਵੰਤ ਸਿੰਘ ਨਿਹੰਗ ਅਤੇ ਕਰਮਚਾਰੀ ਮੌਜੂਦ ਸਨ।



### ਗੁ. ਅਕਾਲੀ ਬਾਬਾ ਫੂਲਾ ਸਿੰਘ ਵਿਖੇ ਅਰਦਾਸ ਸਮਾਗਮ ਅੱਜ

ਪਟਿਆਲਾ, 30 ਅਗਸਤ (ਚ.ਨ.ਸ.): ਸਾਰੀ ਸਾਧ ਸੰਗਤ ਨੂੰ ਨਿਮਰਤਾ ਸਹਿਤ ਪ੍ਰਧਾਨ 'ਪਦਮਸ੍ਰੀ' ਭਾਈ ਜਗਜੀਤ ਸਿੰਘ ਦਰਦੀ ਵੱਲੋਂ ਬੇਨਤੀ ਹੈ ਕਿ 31 ਅਗਸਤ ਸਵੇਰੇ 11.30 ਵਜੇ ਗੁ. ਅਕਾਲੀ ਫੂਲਾ ਸਿੰਘ ਜੀ ਅਰਬਨ ਅਸਟੇਟ ਫੇਸ-2 ਸਾਹਿਬ ਨਗਰ ਥੇੜ੍ਹੀ ਵਿਖੇ ਸਮੁੱਚੀ ਮਾਨਵਤਾ ਦੀ ਭਲਾਈ ਲਈ ਅਰਦਾਸ ਵਿਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ। ਇਸ ਸਮਾਗਮ ਵਿੱਚ ਪੰਥ ਦੇ ਪ੍ਰਸਿੱਧ ਰਾਗੀ ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕਰਨਗੇ। ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

## ਹਰੇਕ ਵਿਧਾਨ ਸਭਾ ਵਿੱਚ ਐਸ.ਸੀ./ਐਸ.ਟੀ. ਭਲਾਈ ਕਮੇਟੀਆਂ ਸਥਾਪਤ ਕੀਤੀਆਂ ਜਾਣ : ਓਮ ਬਿਰਲਾ

ਨਵੀਂ ਦਿੱਲੀ, 30 ਅਗਸਤ (ਚ.ਨ.ਸ.) : ਲੋਕ ਸਭਾ ਸਪੀਕਰ, ਸ਼੍ਰੀ ਬਿਰਲਾ ਨੇ ਅੱਜ ਇਸ ਗੱਲ ਤੇ ਜ਼ੋਰ ਦਿੱਤਾ ਕਿ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਭਲਾਈ ਯੋਜਨਾਵਾਂ ਦਾ ਲਾਭ ਸਮਾਜ ਦੇ ਆਖਰੀ ਵਿਅਕਤੀ, ਖਾਸ ਕਰਕੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਤੱਕ ਪਹੁੰਚੇ। ਉਨ੍ਹਾਂ ਕਿਹਾ ਕਿ ਅਜਿਹੇ ਤਾਲਮੇਲ ਵਾਲੇ ਯਤਨਾਂ ਰਾਹੀਂ ਹੀ ਵਿਕਾਸ ਅਤੇ ਤਰੱਕੀ ਦੇ ਅਸਲ ਫਲ ਪ੍ਰਾਪਤ ਕੀਤੇ ਜਾ ਸਕਦੇ ਹਨ। ਉਨ੍ਹਾਂ ਨੇ ਹਰੇਕ ਰਾਜ ਵਿਧਾਨ ਸਭਾ ਵਿੱਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੇ ਕਲਿਆਣ ਲਈ ਸਮਰਪਿਤ ਕਮੇਟੀਆਂ ਸਥਾਪਤ ਕਰਨ ਦੀ ਜ਼ਰੂਰਤ ਤੇ ਵੀ ਜ਼ੋਰ ਦਿੱਤਾ ਤਾਂ ਜੋ ਇਨ੍ਹਾਂ ਭਾਈਚਾਰਿਆਂ ਨਾਲ ਸਬੰਧਤ ਮੁੱਦਿਆਂ ਤੇ ਪੂਰਾ ਧਿਆਨ ਦਿੱਤਾ ਜਾ ਸਕੇ। ਸ਼੍ਰੀ ਬਿਰਲਾ ਨੇ ਇਹ ਟਿੱਪਣੀਆਂ ਅੱਜ ਭੁਵਨੇਸ਼ਵਰ ਵਿੱਚ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਦੀਆਂ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਭਲਾਈ ਕਮੇਟੀਆਂ ਦੇ ਚੇਅਰਮੈਨਾਂ ਦੇ ਦੋ-ਰੋਜ਼ਾ ਰਾਸ਼ਟਰੀ ਸੰਮੇਲਨ ਦੇ ਸਮਾਪਤੀ ਸੈਸ਼ਨ ਵਿੱਚ ਕੀਤੀਆਂ।ਉਨ੍ਹਾਂ ਕਿਹਾ ਕਿ ਭਾਰਤ ਨੇ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਨੂੰ ਸਸ਼ਕਤ ਬਣਾਉਣ ਲਈ ਵਿਆਪਕ ਸੁਧਾਰ ਕੀਤੇ ਹਨ ਅਤੇ ਇਹ ਯਕੀਨੀ ਬਣਾਇਆ ਹੈ ਕਿ ਉਹ ਸਮੇਂ ਦੀਆਂ ਇੱਛਾਵਾਂ ਦੇ ਅਨੁਸਾਰ ਹਨ। ਇਸ ਮੌਕੇ ਓਡੀਸ਼ਾ ਦੇ ਰਾਜਪਾਲ, ਡਾ. ਹਰੀ ਬਾਬੂ ਕੰਭਮਪਤੀ; ਓਡੀਸ਼ਾ ਸਰਕਾਰ ਦੀ ਉਪ ਮੁੱਖ ਮੰਤਰੀ, ਸ਼੍ਰੀਮਤੀ ਪ੍ਰਵਤੀ ਪਰਿਦਾ; ਓਡੀਸ਼ਾ ਵਿਧਾਨ ਸਭਾ ਦੀ ਸਪੀਕਰ, ਸ਼੍ਰੀਮਤੀ ਸੁਰਮਾ ਪਾਧੀ; ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੀ ਭਲਾਈ ਬਾਰੇ ਸੰਸਦੀ ਕਮੇਟੀ ਦੇ ਚੇਅਰਮੈਨ, ਸ਼੍ਰੀ ਫੱਗਣ ਸਿੰਘ ਕੁਲਸਤੇ; ਅਤੇ ਰਾਜ ਸਭਾ ਦੇ ਡਿਪਟੀ ਚੇਅਰਮੈਨ, ਸ਼੍ਰੀ ਹਰੀਵੰਸ਼ ਨੇ ਵੀ ਇਸ ਮੌਕੇ ਤੇ ਮੌਜੂਦ ਪਤਵੰਤਿਆਂ ਨੂੰ ਸੰਬੋਧਨ ਕੀਤਾ।



## ਤਖਤ ਪਟਨਾ ਸਾਹਿਬ ਦੀ ਕਮੇਟੀ ਨੇ ਰੇਲ ਰਾਜ ਮੰਤਰੀ ਨਾਲ ਮਲਾਕਾਤ ਕਰ ਰੱਖੀਆਂ ਮੰਗਾਂ

ਪਟਨਾ ਸਾਹਿਬ 30 ਅਗਸਤ (ਜਗਜੀਤ ਸਿੰਘ): ਤਖਤ ਸ਼੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ ਅਤੇ ਮੀਤ ਪ੍ਰਧਾਨ ਗੁਰਵਿੰਦਰ ਸਿੰਘ ਵੱਲੋਂ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨਾਲ ਮਲਾਕਾਤ ਕੀਤੀ ਗਈ, ਜਿਸ ਵਿੱਚ ਤਖਤ ਸਾਹਿਬ ਆਉਣ ਵਾਲੀਆਂ ਸੰਗਤਾਂ ਦੀਆਂ ਸੁਵਿਧਾਵਾਂ ਲਈ ਰੇਲ ਪ੍ਰਚਾਲਨ ਨੂੰ ਆਧੁਨਿਕ ਬਣਾਉਣ ਦੀ ਮੰਗ ਕੀਤੀ ਗਈ। ਇਸ ਮਲਾਕਾਤ ਦੇ ਬਾਅਦ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਤੁਰੰਤ ਇਕ ਕਮੇਟੀ ਦਾ ਗਠਨ ਕਰਕੇ ਸਾਰੀਆਂ ਮੰਗਾਂ ਨੂੰ ਜਲਦੀ ਪੂਰਾ ਕਰਨ ਦਾ ਭਰੋਸਾ ਦਿੱਤਾ। ਪ੍ਰਧਾਨ ਜਗਜੋਤ ਸਿੰਘ ਸੋਹੀ ਨੇ ਦੱਸਿਆ ਕਿ ਉਨ੍ਹਾਂ ਨੇ ਰੇਲ ਰਾਜ ਮੰਤਰੀ ਨਾਲ ਮੀਟਿੰਗ ਕਰਕੇ ਪਟਨਾ ਸਾਹਿਬ ਤੋਂ ਅੰਮ੍ਰਿਤਸਰ ਦੇ ਵਿਚਕਾਰ ਇਕ ਨਵੀਂ ਸੁਪਰਫਾਸਟ ਅੰਮ੍ਰਿਤ ਭਾਰਤ ਐਕਸਪ੍ਰੈਸ ਟ੍ਰੇਨ ਚਲਾਉਣ ਦੀ ਮੰਗ ਕੀਤੀ ਗਈ ਹੈ, ਕਿਉਂਕਿ ਪੰਜਾਬ ਤੋਂ ਭਾਰੀ ਗਿਣਤੀ ਵਿੱਚ ਸੰਗਤ ਹੁਣ ਪਟਨਾ ਸਾਹਿਬ ਦਰਸ਼ਨ ਲਈ ਆਉਂਦੀ ਹੈ, ਪਰ ਕੋਈ ਵੀ ਸੁਪਰਫਾਸਟ ਟ੍ਰੇਨ ਨਾ ਹੋਣ ਕਰਕੇ ਸੰਗਤ ਨੂੰ ਮੁਸ਼ਕਲਾਂ ਆਉਂਦੀਆਂ ਹਨ। ਇਸ ਦੇ ਨਾਲ ਹੀ ਟ੍ਰੇਨ ਨੰ: 12317/12318 ਅਕਾਲ ਤਖਤ ਐਕਸਪ੍ਰੈਸ ਜੋ ਅੰਮ੍ਰਿਤਸਰ ਤੋਂ ਚਲਦੀ ਹੈ, ਵਿੱਚ ਪੈਂਟਰੀ ਕਾਰ ਨਾ ਹੋਣ ਨਾਲ ਸੰਗਤ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਇਸ ਲਈ ਇਸ ਵਿੱਚ ਪੈਂਟਰੀ ਕਾਰ ਲਗਾਉਣ ਅਤੇ ਇਸ ਨੂੰ ਦੋਨੋਂ ਪਾਸਿਆਂ ਤੋਂ ਰੋਜ਼ਾਨਾ ਚਲਾਉਣ ਦੀ ਮੰਗ ਕੀਤੀ ਗਈ ਹੈ, ਕਿਉਂਕਿ ਅਜੇ ਇਹ ਟ੍ਰੇਨ ਹਫਤੇ ਵਿੱਚ ਸਿਰਫ ਦੋ ਵਾਰ ਚਲਦੀ ਹੈ। ਪਟਨਾ ਸਾਹਿਬ ਸਟੇਸ਼ਨ ਨੂੰ ਆਧੁਨਿਕ ਰੇਲਵੇ ਸਟੇਸ਼ਨ ਬਣਾਉਣ ਦੀ ਮੰਗ ਰੱਖੀ ਗਈ ਹੈ। ਇਸ ਤੋਂ ਇਲਾਵਾ ਪਟਨਾ ਸਾਹਿਬ ਤੋਂ ਗੁਜ਼ਰਨ ਵਾਲੀਆਂ ਮੁੱਖ ਟ੍ਰੇਨਾਂ ਦਾ ਠਹਿਰਾਓ ਪਟਨਾ ਸਾਹਿਬ ਸਟੇਸ਼ਨ @ਤੇ ਦੇਣ ਦੀ ਵੀ ਮੰਗ ਕੀਤੀ ਗਈ ਹੈ। ਸ੍ਰ. ਜਗਜੋਤ ਸਿੰਘ ਸੋਹੀ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੀ ਰੇਲ ਰਾਜ ਮੰਤਰੀ ਵੱਲੋਂ ਤਖਤ ਪਟਨਾ ਸਾਹਿਬ ਆਉਣ ਵਾਲੀ ਸੰਗਤ ਲਈ ਦਿਲੋਂ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਰੇਲ ਮੰਤਰਾਲੇ ਵੱਲੋਂ ਸਾਰੇ ਤਖਤ ਨੂੰ ਜੋੜਨ ਲਈ ਜੋ ਨਵੀਂ ਟ੍ਰੇਨ ਚਲਾਉਣ ਦੀ ਮੰਜ਼ੂਰੀ ਦਿੱਤੀ ਜਾ ਰਹੀ ਹੈ, ਉਸ ਲਈ ਪੂਰਾ ਰੇਲ ਮੰਤਰਾਲਾ ਅਤੇ ਖਾਸ ਕਰਕੇ ਰਵਨੀਤ ਸਿੰਘ ਬਿੱਟੂ ਵਧਾਈ ਦੇ ਪਾਤਰ ਹਨ।



## ਸਿੰਧੂ ਦੀ ਵਿਸ਼ਵ ਚੈਂਪੀਅਨਸ਼ਿਪ 'ਚ ਛੇਵੇਂ ਤਮਗੇ ਦੀ ਉਮੀਦ ਟੁੱਟੀ, ਧਰੁਵ-ਤਨਿਸ਼ਾ ਦੀ ਜੋੜੀ ਵੀ ਹਾਰ ਕੇ ਬਾਹਰ

ਪੈਰਿਸ , 30 ਅਗਸਤ (ਚ.ਨ.ਸ.) :ਦੋ ਵਾਰ ਦੀ ਓਲੰਪਿਕ ਤਮਗਾ ਜੇਤੂ ਪੀ. ਵੀ. ਸਿੰਧੂ ਦਾ ਵਿਸ਼ਵ ਚੈਂਪੀਅਨਸ਼ਿਪ ਵਿਚ ਛੇਵਾਂ ਤਮਗਾ ਜਿੱਤਣ ਦਾ ਸੁਪਨਾ ਸ਼ੁੱਕਰਵਾਰ ਨੂੰ ਇੰਡੋਨੇਸ਼ੀਆ ਦੀ ਪੁਤਰੀ ਕੁਸੁਮਾ ਵਰਦਾਨੀ ਹੱਥੋਂ 3 ਸੈੱਟਾਂ ਤੱਕ ਚੱਲੇ ਸਖਤ ਕੁਆਰਟਰ ਫਾਈਨਲ ਮੁਕਾਬਲੇ ਵਿਚ ਹਾਰ ਜਾਣ ਤੋਂ ਬਾਅਦ ਟੁੱਟ ਗਿਆ। ਸਿੰਧੂ 2019 ਦੀ ਵਿਸ਼ਵ ਚੈਂਪੀਅਨ ਹੈ। ਇਸ ਪ੍ਰਤੀਯੋਗਿਤਾ ਵਿਚ 5 ਵਾਰ ਦੀ ਤਮਗਾ ਜੇਤੂ ਸਿੰਧੂ ਦੇ ਰਿਕਾਰਡ ਛੇਵੀਂ ਵਾਰ ਪੋਡੀਅਮ ਸਥਾਨ 'ਤੇ ਪਹੁੰਚਣ ਦੀ ਉਮੀਦ ਸੀ ਪਰ ਉਹ 'ਫਿਨਿਸ਼ਿੰਗ ਲਾਈਨ' ਉੱਪਰ ਲੜਖੜਾ ਗਈ ਤੇ 64 ਮਿੰਟ ਤੱਕ ਚੱਲੇ ਰੋਮਾਂਚਕ ਮੁਕਾਬਲੇ ਵਿਚ ਨੌਵਾਂ ਦਰਜਾ ਪ੍ਰਾਪਤ ਵਰਦਾਨੀ ਹੱਥੋਂ 14-21, 21-13, 16-21 ਨਾਲ ਹਾਰ ਗਈ।ਇਸ ਤੋਂ ਪਹਿਲਾਂ ਧਰੁਵ ਕਪਿਲਾ ਤੇ ਤਨਿਸ਼ਾ ਕ੍ਰਾਸਟੋ ਦੀ ਭਾਰਤੀ ਮਿਕਸਡ ਡਬਲਜ਼ ਜੋੜੀ ਚੇਨ ਤਾਂਗ ਜੀ ਤੇ ਤੋਹ ਈ ਵੇਈ ਦੀ ਮਲੇਸ਼ੀਆਈ ਜੋੜੀ ਹੱਥੋਂ ਸਿੱਧੇ ਸੈੱਟਾਂ ਵਿਚ ਹਾਰ ਕੇ ਬੈਡਮਿੰਟਨ ਵਿਸ਼ਵ ਚੈਂਪੀਅਨਸ਼ਿਪ ਵਿਚੋਂ ਬਾਹਰ ਹੋ ਗਈ। ਇਸ ਨਾਲ ਭਾਰਤੀ ਜੋੜੀ ਦੇ ਇਸ ਵੱਕਾਰੀ ਪ੍ਰਤੀਯੋਗਿਤਾ 'ਚ ਭਾਰਤ ਲਈ ਪਹਿਲਾ ਮਿਕਸਡ ਡਬਲਜ਼ ਤਮਗਾ ਜਿੱਤਣ ਦੀ ਉਮੀਦ ਵੀ ਟੁੱਟ ਗਈ। ਉਨ੍ਹਾਂ ਨੂੰ ਦੁਨੀਆ ਦੀ ਚੌਥੇ ਨੰਬਰ ਦੀ ਜੋੜੀ ਹੱਥੋਂ 37 ਮਿੰਟ 'ਚ 13-21, 13-21 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ।


ਜਨਮ ਦਿਨ ਮੁਬਾਰਕ



ਅਨਹਦ ਸਿੰਘ

ੴ ਸਤਿਗੁਰ ਪ੍ਰਸਾਦਿ॥
ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥



ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੀ ਲਾਡਲੀ ਸਪੁੱਤਰੀ

ਸਵ: ਗੁਰਮਨ ਕੌਰ

ਮਿਤੀ 25 ਅਗਸਤ 2025 ਦਿਨ ਸੋਮਵਾਰ
ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦਿਆ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ।
ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਸਹਿਜ ਪਾਠ ਸਾਹਿਬ ਦਾ

ਭੋਗ ਅਤੇ ਅੰਤਿਮ ਅਰਦਾਸ

ਮਿਤੀ 2 ਸਤੰਬਰ 2025 ਦਿਨ ਮੰਗਲਵਾਰ ਨੂੰ
11:00 ਵਜੇ ਤੋਂ 1:00 ਵਜੇ ਹੋਵੇਗੀ

ਸਥਾਨ
ਅਨਾਜ ਮੰਡੀ, ਲੌਂਗੋਵਾਲ, ਜ਼ਿਲ੍ਹਾ ਸੰਗਰੂਰ

ਵਾਹਿਗੁਰੂ ਜੀ ਦੇ ਭਾਣੇ ਵਿੱਚ

ਭਾਈ ਗੋਬਿੰਦ ਸਿੰਘ ਲੌਂਗੋਵਾਲ (ਪਿਤਾ)
ਸਾਬਕਾ ਪ੍ਰਧਾਨ SGPC, ਸਾਬਕਾ ਮੰਤਰੀ ਪੰਜਾਬ ਸਰਕਾਰ

ਨਵਇੰਦਰਪ੍ਰੀਤ ਸਿੰਘ (ਭਰਾ)
ਹਰਮਨਜੋਤ ਕੌਰ (ਭਾਬੀ)

# ਮਾਝਾ-ਦੁਆਬਾ
ਆਸ ਪਾਸ

## ਪੰਜਾਬ ਸਰਕਾਰ ਵੱਲੋਂ ਤਿੰਨ ਪ੍ਰਬੰਧਕੀ ਸੈਕਟਰੀ ਪੱਧਰ ਦੇ ਸੀਨੀਅਰ ਅਧਿਕਾਰੀ ਵੀ ਮਦਦ ਲਈ ਮੌਕੇ 'ਤੇ ਪੁੱਜੇ : ਡੀ.ਸੀ.

ਅੰਮ੍ਰਿਤਸਰ, 30 ਅਗਸਤ (ਬਬਲੂ ਮਹਾਜਨ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਜ਼ਿਲੇ ਵਿੱਚ ਹੜ ਪ੍ਰਭਾਵਿਤ ਪਰਿਵਾਰਾਂ ਨੂੰ ਸੁਰੱਖਿਤ ਸਥਾਨਾਂ ਉੱਤੇ ਲਿਆਉਣ ਅਤੇ ਰਾਹਤ ਵੰਡਣ ਦਾ ਕੰਮ ਲਗਾਤਾਰ ਜਾਰੀ ਹੈ। ਪੰਜਾਬ ਸਰਕਾਰ ਦੀ ਤਰਫੋਂ ਪ੍ਰਬੰਧਕੀ ਸਕੱਤਰ ਪੱਧਰ ਦੇ ਤਿੰਨ ਅਧਿਕਾਰੀ ਜਿਨਾਂ ਵਿੱਚ ਕਮਲ ਕਿਸ਼ੋਰ ਯਾਦਵ, ਵਰਨ ਰੂਜ਼ਮ ਤੇ ਬਸੰਤ ਗਰਗ ਸ਼ਾਮਲ ਹਨ, ਹੜ ਪੀੜਤਾਂ ਦੀ ਰਾਹਤ ਲਈ ਚੱਲ ਰਹੇ ਕੰਮਾਂ ਦੀ ਅਗਵਾਈ ਕਰਨੀ ਵਿਸ਼ੇਸ਼ ਤੌਰ ਉੱਤੇ ਚੰਡੀਗੜ੍ਹ ਤੋਂ ਅਜਨਾਲਾ ਪੁੱਜੇ ਹਨ। ਅੱਜ ਅਜਨਾਲਾ ਖੇਤਰ ਵਿੱਚ ਬਾਅਦ ਦੁਪਹਿਰ ਲਗਾਤਾਰ ਮੀਂਹ ਜਾਰੀ ਰਿਹਾ ਪਰ ਮੀਂਹ ਦੇ ਬਾਵਜੂਦ ਵੀ ਰਾਹਤ ਦੇ ਕੰਮ ਰੁਕੇ ਨਹੀਂ। ਸੀਨੀਅਰ ਅਧਿਕਾਰੀ ਅਤੇ ਕਰਮਚਾਰੀ ਉਸੇ ਤਰ੍ਹਾਂ ਆਪਣੇ ਆਪਣੇ ਕੰਮ ਵਿੱਚ ਰੁੱਝੇ ਰਹੇ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਦੀ ਅਗਵਾਈ ਹੇਠ ਰਾਹਤ ਦੇ ਕੰਮ ਸੂਰਜ ਦੀ ਟਿੱਕੀ ਚੜਨ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦੇ ਹਨ। ਉਹ ਤੇ ਜ਼ਿਲ੍ਹਾ ਪੁਲਿਸ ਮੁਖੀ ਮਨਿੰਦਰ ਸਿੰਘ ਖੁਦ ਸਵੇਰੇ 6 ਵਜੇ ਤੋਂ ਪਹਿਲਾਂ ਪ੍ਰਭਾਵਿਤ ਖੇਤਰਾਂ ਵਿੱਚ ਪਹੁੰਚ ਜਾਂਦੇ ਹਨ ਅਤੇ ਰਾਤ 11 ਵਜੇ ਤੱਕ ਉਹ ਸਾਰੇ ਪ੍ਰਭਾਵਿਤ ਸਥਾਨਾਂ ਉੱਤੇ ਪਹੁੰਚ ਕੇ ਅਧਿਕਾਰੀਆਂ ਨਾਲ ਕੰਮ ਕਰਵਾ ਰਹੇ ਹਨ।



ਉਹਨਾਂ ਨਾਲ ਵਧੀਕ ਡਿਪਟੀ ਕਮਿਸ਼ਨਰ ਰੋਹਿਤ ਗੁਪਤਾ ਅਤੇ ਵਧੀਕ ਡਿਪਟੀ ਕਮਿਸ਼ਨਰ ਅਮਨਦੀਪ ਕੌਰ ਨਿਰੰਤਰ ਲੋਕ ਸੇਵਾ ਵਿੱਚ ਲੱਗੇ ਹੋਏ ਹਨ।

ਐਸਡੀਐਮ ਅਜਨਾਲਾ ਰਵਿੰਦਰ ਸਿੰਘ, ਐਸਡੀਐਮ ਅੰਮ੍ਰਿਤਸਰ ਵੰਨ ਗੁਰਸਿਮਰਨ ਸਿੰਘ ਢਿੱਲੋਂ ਅਤੇ ਸਹਾਇਕ ਕਮਿਸ਼ਨਰ ਖੁਸ਼ਪ੍ਰੀਤ ਸਿੰਘ ਰਮਦਾਸ ਨੇੜਲੇ ਪਿੰਡਾਂ ਵਿੱਚ ਰਾਹਤ ਦੇ ਕੰਮ ਸੰਭਾਲਦੇ ਰਹੇ। ਉਹਨਾਂ ਨਾਲ ਐਨ ਡੀ ਆਰ ਐਫ ਦੀਆਂ ਦੋ ਟੀਮਾਂ, ਕਿਸ਼ਤੀਆਂ ਤੇ ਰਾਹਤ ਦੇ ਕੰਮਾਂ ਨੂੰ ਚਲਾਉਣ ਲਈ ਮੰਗਵਾਏ ਗਏ ਏ ਟੀ ਓ ਆਰ ਵਹੀਕਲ ਸ਼ਾਮਿਲ ਸਨ। ਜਦ ਕਿ ਅਜਨਾਲਾ ਨੇੜਲੇ ਪਿੰਡ ਸੁਧਾਰ, ਮਲਕਪੁਰ, ਦਰਿਆ, ਰੂੜੇਵਾਲ, ਥੋਬਾ ਆਦਿ ਪਿੰਡਾਂ ਵਿੱਚ ਰਾਹਤ ਦਾ ਕੰਮ ਵਧੀਕ ਕਮਿਸ਼ਨਰ ਕਾਰਪੋਰੇਸ਼ਨ ਸ੍ਰੀ ਸੁਰਿੰਦਰ ਸਿੰਘ ਦੀ ਅਗਵਾਈ ਹੇਠ ਜਾਰੀ ਰਿਹਾ। ਲੋਪੋਕੇ ਤਹਿਸੀਲ ਦੇ ਪ੍ਰਭਾਵਿਤ ਪਿੰਡਾਂ ਵਿੱਚ ਐਸਡੀਐਮ ਲੋਪੋਕੇ ਤੇ ਉਹਨਾਂ ਦੀ ਟੀਮ ਕੰਮ ਸੰਭਾਲਦੀ ਰਹੀ। ਆਮ ਆਦਮੀ ਪਾਰਟੀ ਵੱਲੋਂ ਲੋਕ ਸਭਾ ਦੇ ਇੰਚਾਰਜ ਜਸਕਰਨ ਬੰਦੇਸ਼ਾ ਅਤੇ ਉਹਨਾਂ ਦੀ ਟੀਮ ਵੀ ਹੜ ਪੀੜਤਾਂ ਦੀ ਮਦਦ ਵਿੱਚ ਲਗਾਤਾਰ ਕੰਮ ਕਰ ਰਹੀ ਹੈ। ਇਨਾ ਕੰਮ ਕਰ ਰਹੀਆਂ ਟੀਮਾਂ ਨੂੰ ਡੀਜ਼ਲ ਦੇਣ ਦਾ ਕੰਮ ਜਿਲਾ ਖੁਰਾਕ ਸਪਲਾਈ ਕੰਟਰੋਲਰ ਅਮਨਜੀਤ ਸਿੰਘ ਦੀ ਅਗਵਾਈ ਹੇਠ ਮਿਲਦਾ ਰਿਹਾ ਤੇ ਉਹਨਾਂ ਵੱਲੋਂ ਹੀ ਸਾਰੇ ਜਿਲੇ ਵਿੱਚ ਫੂਡ ਪੈਕਟ, ਰਾਸ਼ਨ, ਪੀਣ ਵਾਲੇ ਪਾਣੀ ਦੀ ਸਪਲਾਈ ਨਿਰੰਤਰ ਜਾਰੀ ਰਹੀ। ਜਿਲਾ ਮਾਲ ਅਫਸਰ ਨਵਕੀਰਤ ਸਿੰਘ ਅਤੇ ਰੈਡ ਕ੍ਰਾਸ ਸੈਕਟਰੀ ਸ੍ਰੀ ਸੈਮਸਨ ਮਸੀਹ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਤੇ ਵੱਖ-ਵੱਖ ਸੰਸਥਾਵਾਂ ਵੱਲੋਂ ਆਏ ਹੋਏ ਫੂਡ ਪੈਕਟ ਦੀ ਡਿਲਵਰੀ ਪ੍ਰਭਾਵਿਤ ਪਰਿਵਾਰਾਂ ਤੱਕ ਲਗਾਤਾਰ ਕੀਤੀ ਜਾਂਦੀ ਰਹੀ। ਪੁਲਿਸ ਕੇਵਲ ਸੁਰੱਖਿਆ, ਟਰੈਫਿਕ ਹੀ ਨਹੀਂ ਦੇਖ ਰਹੀ ਬਲਕਿ ਲੋਕਾਂ ਨੂੰ ਪਿੰਡਾਂ ਵਿੱਚੋਂ ਲਿਆਉਣ ਅਤੇ ਰਾਹਤ ਸਮੱਗਰੀ ਵੰਡਣ ਦਾ ਕੰਮ ਵੀ ਕਰ ਰਹੀ ਹੈ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਜ਼ਿਲੇ ਦੇ 70 ਪਿੰਡ ਹੜਾਂ ਨਾਲ ਪ੍ਰਭਾਵਿਤ ਹਨ ਜਿਨਾਂ ਦੀ ਅੰਦਾਜ਼ਨ ਆਬਾਦੀ 30 ਹਜਾਰ ਦੇ ਕਰੀਬ ਹੈ ।ਉਹਨਾਂ ਨੇ ਦੱਸਿਆ ਕਿ ਪ੍ਰਸ਼ਾਸਨ ਨਾਲ ਐਨਡੀਆਰਐਫ ਤੇ ਆਰਮੀ ਦੀਆਂ ਹੜ ਰਾਹਤ ਟੀਮਾਂ ਕੰਮ ਕਰ ਰਹੀਆਂ ਹਨ। ਉਹਨਾਂ ਦੱਸਿਆ ਕਿ ਜਿੰਨਾ ਸਥਾਨਾਂ ਉੱਤੇ ਸੜਕੀ ਰਸਤੇ ਨਹੀਂ ਪਹੁੰਚ ਨਹੀਂ ਰਹੀ, ਉਹਨਾਂ ਵਾਸਤੇ 30 ਦੇ ਕਰੀਬ ਕਿਸ਼ਤੀਆਂ ਕੰਮ ਕਰ ਰਹੀਆਂ ਹਨ। ਇਸ ਮੌਕੇ ਜ਼ਿਲ੍ਹਾ ਖੁਰਾਕ ਸਪਲਾਈ ਕੰਟਰੋਲਰ ਸਰਦਾਰ ਅਮਨਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਰਾਹੀਂ ਹਰ ਲੋੜਵੰਦ ਵਿਅਕਤੀ ਤੱਕ ਰਾਹਤ ਸਮੱਗਰੀ ਪਹੁੰਚਾਈ ਜਾ ਰਹੀ ਹੈ। ਉਹਨਾਂ ਦੱਸਿਆ ਕਿ ਅਸੀਂ ਸੁੱਕੇ ਰਾਸ਼ਨ ਵਿੱਚ ਆਟਾ, ਚੌਲ ਬਿਸਕੁਟ, ਮਾਚਿਸ, ਦਲੀਆ, ਖੰਡ, ਚਾਹ ਪੱਤੀ, ਮਿਲਕ ਪਾਊਡਰ, ਭੁੱਜੇ ਛੋਲੇ, ਪੀਣ ਵਾਲਾ ਪਾਣੀ, ਟੂਥ ਪੇਸਟ, ਸਾਬਣ ਆਦਿ ਦੀ ਪੈਕਿੰਗ ਭੇਜ ਰਹੇ ਹਾਂ ਤਾਂ ਜੋ ਹਰੇਕ ਘਰ ਦੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਹੁੰਦੀ ਰਹੇ।

## ਪੰਜਾਬ ਵਿੱਚ ਵਾਰ-ਵਾਰ ਹੜ੍ਹ ਆਉਣ ਦੇ ਕਾਰਨਾਂ ਦੀ ਕੀਤੀ ਜਾਵੇ ਜਾਂਚ, ਸੱਚ ਲਿਆਇਆ ਜਾਵੇ ਸਾਹਮਣੇ : ਜਥੇਦਾਰ ਗੜਗੱਜ

ਅੰਮ੍ਰਿਤਸਰ, 30 ਅਗਸਤ (ਬਬਲੂ ਮਹਾਜਨ): ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਗੜਗੱਜ ਵੱਲੋਂ ਪੰਜਾਬ ਅੰਦਰ ਮੌਜੂਦਾ ਹੜ੍ਹ ਦੀ ਸਥਿਤੀ ਵਿੱਚ ਸਮੂਹ ਪੰਜਾਬੀਆਂ ਖਾਸਕਰ ਸਿੱਖ ਜਥੇਬੰਦੀਆਂ ਨੂੰ ਵਿਸ਼ੇਸ਼ ਅਪੀਲ ਕੀਤੀ ਗਈ ਹੈ ਕਿ ਇਸ ਆਫ਼ਤ ਦੇ ਸਮੇਂ ਵਿੱਚ ਪੰਜਾਬ ਦੇ ਕਿਸੇ ਵੀ ਪਿੰਡ ਵਿੱਚ ਕੋਈ ਮੁਸੀਬਤ ਵਿੱਚ ਫਸਿਆ ਪੰਜਾਬੀ ਬਿਨਾਂ ਛੱਤ ਅਤੇ ਬਿਨਾਂ ਪਰਸ਼ਾਦੇ ਤੋਂ ਨਾ ਰਹੇ। ਉਨ੍ਹਾਂ ਕਿਹਾ ਕਿ ਕਿਸੇ ਦੇ ਵੀ ਪਸ਼ੂ ਚਾਰੇ ਤੋਂ ਬਿਨਾਂ ਭੁੱਖੇ ਨਾ ਰਹਿਣ। ਉਨ੍ਹਾਂ ਸੇਵਾ ਕਰ ਰਹੀਆਂ ਸੰਸਥਾਵਾਂ ਨੂੰ ਆਖਿਆ ਕਿ ਹੜ੍ਹ ਪੀੜਤ ਲੋਕਾਂ ਨੂੰ ਮਦਦ ਅਤੇ ਸਹਿਯੋਗ ਦੀ ਸਭ ਤੋਂ ਵੱਧ ਲੋੜ ਪਿੰਡਾਂ ਵਿੱਚੋਂ ਪਾਣੀ ਉਤਰ ਜਾਣ ਤੋਂ ਬਾਅਦ ਪਵੇਗੀ, ਇਸ ਲਈ ਬਾਅਦ ਵਿੱਚ ਪ੍ਰਭਾਵਿਤ ਲੋਕਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਭਾਈਚਾਰੇ, ਮੁਹੱਬਤ ਅਤੇ ਇਤਫ਼ਾਕ ਕਰਕੇ ਜਾਣਿਆ ਜਾਂਦਾ ਹੈ ਜੋ ਪਹਿਲਾਂ ਵੀ ਬਹੁਤ ਮੁਸੀਬਤਾਂ ਵਿੱਚੋਂ ਨਿਕਲਿਆ ਹੈ ਅਤੇ ਹੁਣ ਵੀ ਪੰਜਾਬ ਦੀ ਬਨਸਪਤੀ, ਲੋਕ, ਪਸ਼ੂ ਪੰਛੀ ਅਤੇ ਇਹ ਧਰਤੀ ਹੜ੍ਹਾਂ ਦੀ ਮੌਜੂਦਾ ਮੁਸੀਬਤ ਵਿੱਚੋਂ ਵੀ ਬਾਹਰ ਆ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਬਹੁਤ



ਸਾਰੇ ਇਲਾਕਿਆਂ ਵਿੱਚ ਹੜ੍ਹਾਂ ਦੀ ਮਾਰ ਹੈ ਅਤੇ ਪ੍ਰਭਾਵਿਤ ਇਲਾਕਿਆਂ ਦੇ ਪਿੰਡਾਂ ਵਿੱਚ ਪਾਣੀ ਲੋਕਾਂ ਦੇ ਘਰਾਂ ਵਿੱਚ ਵੜਿਆ ਹੈ, ਇਸ ਕਾਰਨ ਜਿੱਥੇ ਘਰਾਂ ਨੂੰ ਨੁਕਸਾਨ ਪੁੱਜਿਆ ਹੈ ਉੱਥੇ ਹੀ ਪਸ਼ੂ ਮਾਰੇ ਗਏ ਹਨ ਤੇ ਕਿਸਾਨਾਂ ਦੀਆਂ ਫ਼ਸਲਾਂ ਵੀ ਤਬਾਹ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ ਇਸ ਸਥਿਤੀ ਵਿੱਚ ਆਪਸੀ ਪ੍ਰੇਮ, ਇਤਫ਼ਾਕ ਤੇ ਭਾਈਚਾਰੇ ਦੀ ਬਹੁਤ ਲੋੜ ਹੈ। ਉਨ੍ਹਾਂ ਕਿਹਾ ਕਿ ਭਾਈਚਾਰਕ ਸਾਂਝ ਨਾਲ ਪੰਜਾਬ ਨੇ ਹਮੇਸ਼ਾ ਹੀ ਹਰ ਮੁਸ਼ਕਿਲ ਹੱਲ ਕੀਤੀ ਹੈ। ਅੱਜ ਵੀ ਪੰਜਾਬੀਆਂ ਨੇ ਪੂਰੇ ਸੰਸਾਰ ਦੇ ਲੋਕਾਂ ਨੂੰ ਇਹ ਦੱਸਿਆ ਹੈ ਕਿ ਅਸੀਂ ਔਖੇ ਤੋਂ ਔਖੇ ਸਮੇਂ ਵਿੱਚ ਇੱਕ ਦੂਜੇ ਦੇ ਨਾਲ ਖੜ੍ਹੇ ਹਾਂ ਤੇ ਮਦਦ ਕਰ ਰਹੇ ਹਾਂ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਹੜ੍ਹ ਪ੍ਰਭਾਵਿਤ ਲੋਕਾਂ ਦੀ ਸੇਵਾ ਕਰ ਰਹੀਆਂ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਤੇ ਸ਼ਖ਼ਸੀਅਤਾਂ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਤੇ ਆਖਿਆ ਕਿ ਜਦੋਂ ਤੱਕ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਨਹੀਂ ਹੋ ਜਾਂਦੀਆਂ ਸੇਵਾ ਕਾਰਜ ਲਗਾਤਾਰ ਜਾਰੀ ਰੱਖੇ ਜਾਣ। ਜਥੇਦਾਰ ਗੜਗੱਜ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਇਹ ਗੱਲ ਵੀ ਜ਼ਰੂਰ ਜਾਂਚੀ ਜਾਵੇ ਕਿ ਵਾਰ-ਵਾਰ ਪੰਜਾਬ ਵਿੱਚ ਹੜ੍ਹ ਕਿਉਂ ਆ ਰਹੇ ਹਨ, ਇਸ ਦੇ ਕਾਰਨ ਸਾਹਮਣੇ ਆਉਣੇ ਚਾਹੀਦੇ ਹਨ ਤਾਂ ਜੋ ਪੰਜਾਬ ਵਾਸੀ ਸੁਚੇਤ ਹੋ ਕੇ ਅਗਾਂਹ ਵਾਸਤੇ ਸੁਰੱਖਿਆ ਦੇ ਪ੍ਰਬੰਧ ਪੁਖਤਾ ਕਰ ਸਕਣ। ਉਨ੍ਹਾਂ ਗੁਰੂ ਸਾਹਿਬ ਦੇ ਸਨਮੁਖ ਅਰਦਾਸ ਕੀਤੀ ਕਿ ਪੰਜਾਬ ਹੜ੍ਹ ਵਾਲੀ ਸਥਿਤੀ ਵਿੱਚੋਂ ਛੇਤੀ ਹੀ ਬਾਹਰ ਆਵੇ ਤੇ ਇੱਥੋਂ ਦੇ ਲੋਕ ਖੁਸ਼ਹਾਲ ਜੀਵਨ ਬਤੀਤ ਕਰਨ।

## ਸ਼ਹੀਦੀ ਨਗਰ ਕੀਰਤਨ ਸਾਸਾਰਾਮ ਤੋਂ ਅਗਲੇ ਪੜਾਅ ਬਨਾਰਸ ਰਵਾਨਾ

ਅੰਮ੍ਰਿਤਸਰ, 30 ਅਗਸਤ (ਗੁਰਦਿਆਲ ਸਿੰਘ): ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਧੋਬੜੀ ਸਾਹਿਬ ਅਸਾਮ ਤੋਂ ਆਰੰਭ ਕੀਤਾ ਗਿਆ ਸ਼ਹੀਦੀ ਨਗਰ ਕੀਰਤਨ ਅੱਜ ਗੁਰਦੁਆਰਾ ਚਾਚਾ ਫੱਗੂਮੱਲ ਜੀ ਸਾਸਾਰਾਮ ਤੋਂ ਅਗਲੇ ਪੜਾਅ ਗੁਰਦੁਆਰਾ ਗੁਰੂ ਬਾਗ ਬਨਾਰਸ ਉੱਤਰ ਪ੍ਰਦੇਸ਼ ਲਈ ਰਵਾਨਾ ਹੋਇਆ। ਨਗਰ ਕੀਰਤਨ ਦੀ ਰਵਾਨਗੀ ਤੋਂ ਪਹਿਲਾਂ ਗੁਰਦੁਆਰਾ ਚਾਚਾ ਫੱਗੂਮੱਲ ਜੀ ਵਿਖੇ ਸੱਜੇ ਧਾਰਮਿਕ ਦੀਵਾਨ ਵਿਚ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਨੇ ਸੰਗਤਾਂ ਨੂੰ ਗੁਰੂ-ਜਸ ਨਾਲ ਜੋੜਿਆ। ਇਸ ਦੌਰਾਨ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਪੰਜ ਪਿਆਰੇ ਸਾਹਿਬਾਨ, ਨਿਸ਼ਾਨਚੀ ਸਿੰਘਾਂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਦਿੱਤੇ ਗਏ।



ਸਾਰੇ ਰਸਤੇ ਵਿਚ ਜਿਥੇ ਸੰਗਤਾਂ ਵੱਲੋਂ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਉਥੇ ਯੂਪੀ ਬਿਹਾਰ ਸਰਹੱਦ 'ਤੇ ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਖੇਤੀਬਾੜੀ ਮੰਤਰੀ ਬਲਦੇਵ ਸਿੰਘ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਸੰਗਤਾਂ ਨੂੰ ਜੀ ਆਇਆਂ ਕਿਹਾ। ਸੰਗਤਾਂ ਵੱਲੋਂ ਵੱਖ-ਵੱਖ ਪੜਾਵਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੁਮਾਲਾ ਸਾਹਿਬ ਭੇਟ ਕਰਕੇ ਸਤਿਕਾਰ ਦਿੱਤਾ। ਨਗਰ ਕੀਰਤਨ ਨਾਲ ਗੁਰੂ ਸਾਹਿਬਾਨ ਦੇ ਇਤਿਹਾਸਕ ਸ਼ਸਤਰਾਂ ਵਾਲੀ ਬੱਸ ਅਤੇ ਵੱਡਅਕਾਰੀ ਸਕਰੀਨਾਂ 'ਤੇ ਗੁਰੂ ਸਾਹਿਬ ਨਾਲ ਸਬੰਧਤ ਪਾਵਨ ਅਸਥਾਨਾਂ ਤੇ ਇਤਿਹਾਸ ਬਾਰੇ ਦਿਖਾਈਆਂ ਜਾ ਰਹੀਆਂ ਦਸਤਾਵੇਜ਼ੀ ਵੀਡੀਓ ਪ੍ਰਤੀ ਵੀ ਸੰਗਤਾਂ ਵਿਚ ਭਾਰੀ ਉਤਸ਼ਾਹ ਹੈ।ਇਹ ਨਗਰ ਕੀਰਤਨ ਰਾਤ ਗੁਰਦੁਆਰਾ ਗੁਰੂ ਬਾਗ ਬਨਾਰਸ ਯੂਪੀ ਵਿਖੇ ਪੁੱਜੇਗਾ, ਜਿਥੋਂ 31 ਅਗਸਤ ਨੂੰ ਨਗਰ ਕੀਰਤਨ ਆਪਣੇ ਅਗਲੇ ਪੜਾਅ ਅਲਾਹਾਬਾਦ ਲਈ ਰਵਾਨਾ ਹੋਵੇਗਾ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਜਗਸੀਰ ਸਿੰਘ ਮਾਂਗੇਆਣਾ, ਭਾਈ ਅਜੈਬ ਸਿੰਘ ਅਭਿਆਸੀ, ਓਐੱਸਡੀ ਸਤਬੀਰ ਸਿੰਘ ਧਾਮੀ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਮੀਤ ਸਕੱਤਰ ਬਲਵਿੰਦਰ ਸਿੰਘ ਖੈਰਾਬਾਦ, ਰਾਮ ਸਿੰਘ ਮੁੰਬਈ, ਇੰਚਾਰਜ ਦਵਿੰਦਰ ਸਿੰਘ ਖੁਸ਼ੀਪੁਰ, ਯੂਪੀ ਸਿੱਖ ਮਿਸ਼ਨ ਹਾਪੜ ਦੇ ਇੰਚਾਰਜ ਬ੍ਰਿਜਪਾਲ ਸਿੰਘ, ਸਾਬਕਾ ਮੰਤਰੀ ਹਰਪਾਲ ਸਿੰਘ ਜੱਗੀ, ਕਰਨ ਸਿੰਘ, ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ, ਭਾਈ ਬਲਦੇਵ ਸਿੰਘ ਓਗਰਾ ਸਮੇਤ ਵੱਡੀ ਗਿਣਤੀ ਸੰਗਤਾਂ ਮੌਜੂਦ ਸਨ।

## ਸ੍ਰੀ ਚੰਦਰ ਜੀ ਦਾ 531ਵਾਂ ਜਨਮ ਦਿਹਾੜਾ ਸ਼ਰਧਾ ਸਹਿਤ ਮਨਾਇਆ ਜਾਵੇਗਾ

ਅੰਮ੍ਰਿਤਸਰ, 30 ਅਗਸਤ (ਚ.ਨ.ਸ.): ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਡੇ ਫਰਜੰਦ ਮਹਾਨ ਤਪਸਵੀ ਸ੍ਰੀ ਚੰਦਰ ਜੀ ਮਹਾਰਾਜ ਦੇ 531 ਵੇਂ ਅਵਤਾਰ ਪੁਰਬ ਮੋਕੇ ਤਿੰਨ ਰੋਜ਼ਾ ਸਤੰਬਰ ਸਮਾਗਮ ਸੰਗਤਾਂ ਦੇ ਸਹਿਯੋਗ ਨਾਲ ਤਪ ਅਸਥਾਨ ਉਦਾਸੀਨ ਆਸ਼ਰਮ ਵਿਖੇ ਸ੍ਰੀ ਰਾਮੇਸ਼ਵਰ ਸ਼ਾਸਤ੍ਰੀ ਜੀ ਦੀ ਪ੍ਰਧਾਨਗੀ ਹੇਠ ਬੜੀ ਸ਼ਰਧਾ ਤੇ ਸਤਿਕਾਰ ਨਾਲ ਅੱਜ ਸ਼ੁਰੂ ਹੋ ਗਏ ਹਨ। ਸਵੇਰੇ ਤਪ ਅਸਥਾਨ ਉਦਾਸੀਨ ਆਸ਼ਰਮ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਪ੍ਰਾਰੰਭ ਹੋ ਗਏ ਹਨ ਜਿਨ੍ਹਾਂ ਦੇ ਭੋਗ ਇਕ ਸਤੰਬਰ ਸੋਮਵਾਰ ਨੂੰ ਪਾਏ ਜਾਣ ਉਪਰੰਤ ਮਹਾਨ ਕੀਰਤਨ ਦਰਬਾਰ ਅਤੇ ਸੰਤ ਸਮਾਗਮ ਆਯੋਜਿਤ ਕੀਤੇ ਜਾਣਗੇ ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਅਸਥਾਨ ਦੇ ਮੁੱਖ ਪ੍ਰਬੰਧਕ ਬਾਬਾ ਭੋਲਾ ਦਾਸ ਜੀ ਨੇ ਪੰਜਾਬ ਸਰਕਾਰ ਦਾ ਵਿਸ਼ੇਸ ਤੌਰ ਤੇ ਧੰਨਵਾਦ ਕਰਦਿਆਂ ਕਿਹਾ ਕਿ ਬਾਬਾ ਸ੍ਰੀ ਚੰਦੂ ਜੀ ਦੇ ਅਵਤਾਰ ਦਿਹਾੜੇ ਮੋਕੇ ਸਰਕਾਰੀ ਛੁੱਟੀ ਦਾ ਐਲਾਨ ਕਰਕੇ ਬਾਬਾ ਜੀ ਦੇ ਲੱਖਾਂ ਸ਼ਰਧਾਲੂਆਂ ਨੂੰ ਅਵਤਾਰ ਪੁਰਬ ਮੌਕੇ ਹੋਣ ਵਾਲੇ




ਸਮਾਗਮਾਂ ਵਿੱਚ ਸ਼ਾਮਲ ਹੋਣ ਦਾ ਮੋਕਾ ਦਿੱਤਾ ਹੈ ।

ਉਨ੍ਹਾਂ ਕਿਹਾ ਕਿ ਇਕ ਸਤੰਬਰ ਨੂੰ ਸੋਮਵਾਰ ਸਵੇਰੇ 10 ਵਜੇ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸਵੇਰੇ 9 ਵਜੇ ਸ੍ਰੀ ਆਖੰਡ ਪਾਠ ਦੇ ਭੋਗ ਉਪਰੰਤ ਸੰਤਾਂ ਦੇ ਪ੍ਰਵਚਨ ਅਤੇ ਮਹਾਨ ਕੀਰਤਨ ਦਰਬਾਰ ਹੋਵੇਗਾ ਜਿਸ ਵਿਚ ਭਾਈ ਤਰਸੇਮ ਸਿੰਘ ਚੋਹਲਾ ਸਾਹਿਬ ਡੇਰਾ ਬਾਬਾ ਨਾਨਕ , ਹਰਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ , ਭਾਈ ਦੀਵਾਨ ਸਿੰਘ ਹੀਰਾ ਸਿੰਘ ਅਨਮੋਲ ਕੋਟਕਪੂਰੇ ਵਾਲੇ , ਭਾਈ ਗੁਰਮੀਤ ਸਿੰਘ ਜੀ ਨਿਰਮਾਣ ਜਿੱਥੇ ਗੁਰਬਾਣੀ ਦੇ ਮਨੋਹਰ ਕੀਰਤਨ ਨਾਲ ਸੰਗਤਾਂ ਨੂੰ ਜੋੜਨਗੇ ਉਥੇ ਭਾਈ ਸੁਖਮੀਤ ਸਿੰਘ ਦਾ ਕਵੀਸ਼ਰੀ ਜਥਾ ਭਗਵਾਨ ਸ੍ਰੀ ਚੰਦੂ ਜੀ ਮਹਾਰਾਜ ਦੀ ਜੀਵਨ ਗਾਥਾ ਦਾ ਗੁਣ ਗਾਨ ਕਰਨਗੇ। ਬਾਬਾ ਭੋਲਾ ਦਾਸ ਜੀ ਨੇ ਦਸਿਆ ਕਿ ਤਿੰਨੋ ਦਿਨ ਗੁਰੂ ਕੇ ਅਤੁੱਟ ਲੰਗਰ ਵਰਤਾਏ ਜਾਣਗੇ। ਉਨ੍ਹਾਂ ਦਸਿਆ ਕਿ ਰਾਤ 8 ਵਜੇ ਭਾਰੀ ਕੀਰਤਨ ਦਰਬਾਰ ਹੋਵੇਂਗਾ ਅਤੇ ਮੰਦਿਰ ਤੇ ਦੀਪਮਾਲਾ ਕੀਤੀ ਜਾਵੇਗੀ । ਉਨਾ ਦਸਿਆ ਕਿ ਅਵਤਾਰ ਪੁਰਬ ਵਾਲੀ ਰਾਤ 8 ਵਜੇ ਅਲੌਕਿਕ ਦੀਪ ਮਾਲਾ ਕੀਤੀ ਜਾਵੇਗੀ।

## ਕੌਮੀ ਸ਼ਹੀਦ ਭਾਈ ਦਿਲਾਵਰ ਸਿੰਘ ਬੱਬਰ ਦੇ ਭੋਗ ਸਮੇਂ ਸੰਗਤਾਂ ਹੁੰਮ-ਹੁਮਾ ਕੇ ਪਹੁੰਚਣ : ਭਲਵਾਨ ਜਰਮਨੀ



ਅੰਮ੍ਰਿਤਸਰ, 30 ਅਗਸਤ (ਬਬਲੂ ਮਹਾਜਨ): ਕੌਮੀ ਸ਼ਹੀਦ ਭਾਈ ਦਿਲਾਵਰ ਸਿੰਘ ਬੱਬਰ ਦੀ ਯਾਦ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਐਤਵਾਰ 31 ਅਗਸਤ ਨੂੰ ਸਵੇਰੇ 7 ਵਜੇ ਪਾਏ ਜਾਣਗੇ।ਅਖੰਡ ਕੀਰਤਨੀ ਜਥੇ ਦੇ ਮੁਖੀ ਭਾਈ ਭੁਪਿੰਦਰ ਸਿੰਘ ਭਲਵਾਨ ਜਰਮਨੀ ਦੇ ਦਸਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਭਾਈ ਦਿਲਾਵਰ ਸਿੰਘ ਬੱਬਰ ਨੂੰ ਕੌਮੀ ਸ਼ਹੀਦ ਐਲਾਨੀਆ ਗਿਆ ਹੈ।ਉਨ੍ਹਾਂ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਭੋਗ ਉਪਰੰਤ ਗੁਰਦੁਆਰਾ ਸ਼ਹੀਦ ਗੰਜ ਰੇਲਵੇ ਕਲੋਨੀ ਬੀ ਬਲਾਕ ਵਿਖੇ ਸ਼ਹੀਦੀ ਸਮਾਗਮ 11 ਵਜੇ ਤੋਂ 2 ਵਜੇ ਤੱਕ ਹੋਵੇਗਾ ਜਿਸ ਵਿੱਚ ਰਾਗੀ,ਢਾਡੀ ਤੇ ਕਵੀਸ਼ਰ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਪੰਥਕ ਸ਼ਖਸੀਅਤਾਂ ਆਪਣੇ ਵਿਚਾਰ ਰੱਖਣਗੀਆਂ।ਸ਼ਹੀਦ ਸਿੰਘਾ ਦੇ ਪਰਿਵਾਰਾਂ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ।ਸੰਗਤਾਂ ਨੂੰ ਸਮਾਗਮ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ।ਇਸ ਮੌਕੇ ਦਰਸਨ ਸਿੰਘ ਕਾਹਲੋ ਪਰਮਿੰਦਰ ਸਿੰਘ ਬਾਠ ਮਹਾਂਵੀਰ ਸਿੰਘ ਸੁਲਤਾਨ ਵਿੰਡ ਸੁਖਰਾਜ ਸਿੰਘ ਵੇਰਕਾ ਨਾਲ ਸਨ।

## ਭਾਰੀ ਬਾਰਿਸ਼ ਕਾਰਨ ਡੰਗਰਾਂ ਵਾਲਾ ਵਰਾਂਡਾ ਤੇ ਇੱਕ ਕੋਠਾ ਢਹਿ-ਢੇਰੀ ਪੂਰੀ ਜੱਦੋ-ਜਹਿਦ ਨਾਲ ਬਚਾਈ ਪਸ਼ੂਆਂ ਦੀ ਜਾਨ

ਅਜਨਾਲਾ, 30 ਅਗਸਤ (ਸੁਖਦੇਵ ਸਿੰਘ ਖਾਲਸਾ): ਤਿੰਨ ਦਿਨ ਲਗਾਤਾਰ ਹੋਈ ਭਾਰੀ ਬਾਰਸ਼ ਕਾਰਨ ਬੀਤੀ ਰਾਤ ਨਰਿੰਦਰ ਸਿੰਘ ਸਪੁੱਤਰ ਲਖਬੀਰ ਸਿੰਘ ਵਾਸੀ ਲਸ਼ਕਰੀ ਨੰਗਲ ਦਾ ਪਸ਼ੂਆਂ ਵਾਲਾ ਬਰਾਂਡਾ ਤੇ ਇੱਕ ਕਮਰਾ ਦੀ ਛੱਤ ਡਿੱਗ ਗਈ।

ਜਿਸ ਨਾਲ ਘਰੇਲੂ ਸਮਾਨ ਦਾ ਭਾਰੀ ਨੁਕਸਾਨ ਹੋਇਆ ਤੇ ਬਰਾਂਡੇ 'ਚ ਜੋ ਪਸ਼ੂ ਜੋ ਬੱਜੇ ਹੋਏ ਸਨ, ਛੱਤ ਦੇ ਮਲਬੇ ਹੇਠਾਂ ਆ ਗਏ ਅਤੇ ਲੋਕਾਂ ਵੱਲੋਂ ਪੂਰੀ ਜਦੋ-ਜਹਿਦ ਨਾਲ ਛੱਤ ਦਾ ਮਲਬਾ ਹਟਾ ਕੇ ਹੇਠੋਂ ਪਸ਼ੂਆਂ ਨੂੰ ਕੱਢ ਲਿਆ, ਜਿਸ ਨਾਲ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ। ਇਸ ਸਬੰਧੀ ਪੀੜਿਤ ਮਨਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੀ ਰਾਤ ਜਦੋਂ ਬਾਰਿਸ਼ ਹੋ ਰਹੀ ਸੀ ਤਾਂ ਅਚਾਨਕ ਡੰਗਰਾਂ ਵਾਲਾ ਬਰਾਂਡਾ ਤੇ ਇੱਕ ਕੋਠਾ ਡਿੱਗ ਗਿਆ, ਜਿਸਦੇ ਦੇ ਕਾਰਨ ਹੇਠਾਂ ਪਿਆ ਘਰੇਲੂ ਸਮਾਨ ਵੀ ਤੈਹਿਸ਼-ਨੈਹਿਸ਼ ਹੋ ਗਿਆ ਅਤੇ ਜੋ ਪਸ਼ੂ ਬਰਾਂਡੇ 'ਚ ਬੱਜੇ ਹੋਏ ਸਨ ਉਹ ਵੀ ਛੱਤ ਦੇ ਮਲਬੇ ਹੇਠਾਂ ਆ ਗਏ ਬੜੀ ਜਦੋ- ਜਹਿਦ ਨਾਲ ਮਲਬਾ ਹਟਾ ਕੇ ਪਸ਼ੂਆਂ ਨੂੰ ਬਾਹਰ ਕੱਢਿਆ ਗਿਆ।

ਪ੍ਰਸ਼ਾਸਨ ਤੋਂ ਮੰਗ ਕਰਦੇ ਹਾਂ ਕਿ ਸਾਡੀ ਮਾਲੀ ਮਦਦ ਕੀਤੀ ਜਾਵੇ।

## ਬੱਦਲ ਫੱਟਣ ਹਾਦਸੇ 'ਚ ਇੱਕ ਪ੍ਰੀਵਾਰ ਦੇ ਤਿੰਨ ਮੈਂਬਰਾਂ ਦੀ ਮੌਤ



ਅਜਨਾਲਾ/ਮਜੀਠਾ, 30 ਅਗਸਰ (ਸੁਖਦੇਵ ਸਿੰਘ ਖਾਲਸਾ): ਕਸਬਾ ਮਜੀਠਾ ਨਜਦੀਕ ਪੈਂਦੇ ਪਿੰਡ ਗਾਲੋਵਾਲੀ ਕੁੱਲੀਆ ਦੇ ਮਾਤਾ ਵੈਸ਼ਨੂੰ ਦੇਵੀ ਦੀ ਯਾਤਰਾ ਦੌਰਾਨ ਇੱਕ ਪ੍ਰੀਵਾਰ ਦੇ ਤਿੰਨ ਮੈਂਬਰਾਂ ਦੀ ਹੋਈ ਮੌਤ ਤੇ ਇਸ ਦੁਖਦਾਈ ਘਟਨਾ ਦੇ ਪੀੜਤ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਅੱਜ ਪਿੰਡ ਗਾਲੋਵਾਲੀ ਕੁੱਲੀਆਂ ਪਹੁੰਚੇ, ਜਿਥੇ ਉਨ੍ਹਾਂ ਨੇ ਪਰਿਵਾਰ ਨਾਲ ਮੁਲਾਕਾਰ ਕਰਕੇ ਦੁੱਖ ਸਾਂਝਾ ਕੀਤਾ। ਜਿਕਰਯੋਗ ਹੈ ਪਿੰਡ ਗਾਲੋਵਾਲੀ ਕੁੱਲੀਆ ਦੇ ਵਸਨੀਕ ਸੁਰਜੀਤ ਅਪਣੀ ਪਤਨੀ ਰੇਖਾ ਤੇ ਦੋ ਬੱਚਿਆ ਦਵਿੰਦਰ ਤੇ ਮਨਪ੍ਰੀਤ ਨਾਲ ਬੱਸ ਰਾਹੀ ਵੈਸ਼ਨੋਦੇਵੀ ਦਰਸ਼ਣਾ ਲਈ ਗਿਆ ਸੀ ਜਿੱਥੇ ਬੱਦਲ ਫਟਣ ਨਾਲ ਹਾਦਸੇ ਵਿੱਚ ਸੁਰਜੀਤ ਤਾਂ ਬੱਚ ਗਿਆ ਪ੍ਰੰਤੂ ਉਸ ਦੀ ਪਤਨੀ ਰੇਖਾ ਤੇ ਦੋਵੇਂ ਬੱਚੇ ਦਵਿੰਦਰ ਤੇ ਮਨਪ੍ਰੀਤ ਦੀ ਮੌਤ ਹੋ ਗਈ। ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਇਹ ਘਟਨਾ ਅਤਿ ਦੁੱਖਦਾਈ ਹੈ, ਜਿਸ ਦੀ ਪੂਰਤੀ ਸੰਭਵ ਨਹੀਂ। ਉਨ੍ਹਾਂ ਸਰਕਾਰ ਤੋਂ ਮੰਗ ਕਰਦਿਆ ਕਿਹਾ ਕਿ ਪੀੜਤ ਪਰਿਵਾਰ ਨੂੰ ਵਿੱਤੀ ਸਹਾਇਤਾ ਅਤੇ ਹਰ ਪ੍ਰਕਾਰ ਦੀ ਮਦਦ ਦਿੱਤੀ ਜਾਵੇ। ਉਨ੍ਹਾਂ ਕਿਹਾ ਆਮ ਆਦਮੀ ਪਾਰਟੀ ਪਰਿਵਾਰ ਦੇ ਨਾਲ ਹਰ ਕਦਮ ਤੇ ਖੜ੍ਹੀ ਹੈ। ਉਨ੍ਹਾ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰ ਨੂੰ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸੁਰੱਖਿਆ ਦੇ ਪੁਖਤਾ ਪ੍ਰਬੰਧ ਕਰਨੇ ਚਾਹੀਦੇ ਹਨ, ਤਾਂ ਜੋ ਭਵਿੱਖ ਵਿੱਚ ਅਜਿਹੇ ਹਾਦਸਿਆਂ ਤੋਂ ਬਚਿਆ ਜਾ ਸਕੇ। ਪਿੰਡ ਵਾਸੀਆ ਨੇ ਵੀ ਪੰਜਾਬ ਤੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਇਸ ਦੁੱਖ ਦੀ ਘੜੀ ਵਿੱਚ ਪੀੜਤ ਪ੍ਰੀਵਾਰ ਦੀ ਸਾਰ ਲਈ ਜਾਵੇ। ਇਸ ਮੌਕੇ ਤੇ ਤਲਬੀਰ ਗਿੱਲ ਨਾਲ ਬਲਜਿੰਦਰ ਸਿੰਘ ਛੀਨਾ ਸਿਆਸੀ ਸਲਾਹਕਾਰ ਗਿੱਲ, ਸਰਪੰਚ ਪਰਮਿੰਦਰ ਸਿੰਘ ਸਿਖਿਆ ਕੋਰਡੀਨੇਟਰ, ਕੌਂਸਲਰ ਪਿੰਕਾ ਮਜੀਠਾ, ਸਰਪੰਚ ਰਾਜ ਕੁਮਾਰ, ਸਰਪੰਚ ਹਰਗੁਰਿੰਦਰ ਸਿੰਘ ਮਾਨ, ਸਰਪੰਚ ਚਰਨਜੀਤ ਵਡਾਲਾ, ਬਲਬੀਰ ਸਿੰਘ ਧਰਮ ਪੁਰਾ, ਸਾਬਕਾ ਸਰਪੰਚ ਸੁਖਚੈਨ ਸਿੰਘ ਭੰਗਵਾਂ ਆਦਿ ਹਾਜਰ ਸਨ।

## ਹੜ੍ਹ ਪੀੜਤਾਂ ਲਈ ਕੇਂਦਰ ਸਰਕਾਰ ਪੰਜਾਬ ਨੂੰ 7 ਹਜ਼ਾਰ ਕਰੋੜ ਦਾ ਰਾਹਤ ਪੈਕੇਜ ਜਾਰੀ ਕਰੇ : ਬਾਜਵਾ

ਅਜਨਾਲਾ 30 ਅਗਸਤ (ਸੁਖਦੇਵ ਸਿੰਘ ਖਾਲਸਾ): ਹੜ ਪੀੜਤਾਂ ਲਈ ਕੇਂਦਰ ਸਰਕਾਰ ਪੰਜਾਬ ਨੂੰ 7 ਹਜਾਰ ਕਰੋੜ ਰੁਪਏ ਦਾ ਰਾਹਤ ਪੈਕਿਜ ਜਾਰੀ ਕਰੇ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਬਚਾਇਆ ਜਾ ਸਕੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਸਾਬਕਾ ਵਿਧਾਇਕ ਤੇ ਜਿਲਾ ਅੰਮ੍ਰਿਤਸਰ ਦਿਹਾਤੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਅਜਨਾਲਾ ਦੀ ਅਗਵਾਈ ਚੋਂ ਟਰੈਕਟਰ ਤੇ ਬੈਠ ਕੇ ਅਜਨਾਲਾ ਖੇਤਰ ਚੋਂ ਰਾਵੀ ਦਰਿਆ ਦੇ ਆਸ-ਪਾਸ ਪਿੰਡਾਂ ਚੋਂ ਆਏ ਹੜਾਂ ਦਾ ਜਾਇਜਾ ਲੈਣ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਰਾਵੀ ਦਰਿਆ ਨੇ ਅਜਨਾਲਾ ਖੇਤਰ ਨਾਲ ਲੱਗਦੇ ਸੈਕੜੇ ਪਿੰਡਾਂ 'ਚ ਹੜ੍ਹ ਨੇ ਤਬਾਹੀ ਮਚਾਈ ਹੋਣ ਕਰਕੇ ਬਹੁਤ ਹੀ ਬਹੁਤ ਜਿਆਦਾ ਲੋਕ ਪ੍ਰਭਾਵਿਤ ਹੋਏ ਹਨ। ਪ੍ਰਤਾਪ ਸਿੰਘ ਬਾਜਵਾ ਨੇ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸੂਬਾ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਇਸ ਸੰਕਟ ਲਈ ਸਿੱਧੇ ਤੌਰ 'ਤੇ ਉਸ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਪੰਜਾਬ ਵਿੱਚ ਹੜ੍ਹ ਹੁਣ ਅਣਕਿਆਸੀ ਆਫ਼ਤਾਂ ਨਹੀਂ, ਇਹ ਅਨੁਮਾਨਿਤ, ਰੋਕਥਾਮ ਯੋਗ ਤੇ ਅਸਫਲ ਸ਼ਾਸਨ ਦਾ ਸਿੱਧਾ ਨਤੀਜਾ ਹਨ। ਉਹਨਾਂ ਅੱਗੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੂੰ ਪਹਿਲਾਂ ਹੀ ਪਤਾ ਸੀ ਕਿ ਹੜ੍ਹ ਆਉਣੇ ਹਨ ਤਾਂ ਪਹਿਲਾਂ ਪ੍ਰਬੰਧ ਕਿਉਂ ਨਹੀਂ ਕੀਤੇ ਗਏ। ਬਾਜਵਾ ਨੇ ਕਿਹਾ ਕਿ ਪਹਾੜੀ ਇਲਾਕਿਆਂ ਵਿੱਚ



ਭਾਰੀ ਮੀਂਹ ਅਤੇ ਡੈਮਾਂ ਤੋਂ ਵਾਧੂ ਪਾਣੀ ਛੱਡੇ ਜਾਣ ਨਾਲ ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲਿਆ ਵਿੱਚ ਹਜ਼ਾਰਾਂ ਏਕੜ ਖੇਤ ਪਾਣੀ ਵਿੱਚ ਡੁੱਬ ਗਏ ਹਨ। ਪੀੜਤ ਲੋਕਾਂ ਨੂੰ ਗੰਭੀਰ ਸਥਿਤੀ ਦਾ ਸਾਹਮਣਾ ਕਰਨਾਂ ਪੈ ਰਿਹਾ ਹੈ, ਜਿੱਥੇ ਪਾਣੀ ਦਾ ਪੱਧਰ ਵਧਣ ਨਾਲ ਜਾਨਾਂ, ਘਰਾਂ ਅਤੇ ਫ਼ਸਲਾਂ ਤਬਾਹ ਹੋ ਗਈਆਂ ਹਨ। ਤਬਾਹ ਫਸਲਾਂ ਦਾ ਘੱਟ ਤੋਂ ਘੱਟ ਮੁਆਵਜਾ ਅਕਵਿੰਜਾ ਹਾਜਰ ਰੁਪਏ ਪ੍ਰੀਤੀ ਏਕੜ ਦੇ ਹਿਸਾਬ ਨਾਲ ਕਿਸਾਨਾਂ ਨੂੰ ਮਿਲਣਾ ਚਾਹੀਦਾ ਹੈ ਹੋਇਆ ਬਾਜਵਾ ਨੇ ਕਿਹਾ ਕਿ ਸਾਲ-ਦਰ-ਸਾਲ, ਇਨ੍ਹਾਂ ਜਾਣੀਆਂ-ਪਛਾਣੀਆਂ ਕਮਜ਼ੋਰੀਆਂ ਵੱਲ ਧਿਆਨ ਨਹੀਂ ਦਿੱਤਾ ਜਾਂਦਾ।

ਬਾਜਵਾ ਨੇ ਕਿਹਾ ਕਿ ਇਸ ਨੇ ਭਵਿੱਖ ਦੇ ਜੋਖਮਾਂ ਨੂੰ ਘੱਟ ਕਰਨ ਲਈ ਡਰੇਨੇਜ ਸਿਸਟਮ ਨੂੰ ਸਾਫ਼ ਕਰਨ ਜਾਂ ਬੰਨ੍ਹਾਂ ਨੂੰ ਮਜ਼ਬੂਤ ਕਰਨ ਵਰਗੇ ਸਭ ਤੋਂ ਬੁਨਿਆਦੀ ਉਪਾਅ ਵੀ ਨਹੀਂ ਕੀਤੇ ਹਨ। ਇਸ ਮੌਕੇ ਸਾਬਕਾ ਵਿਧਾਇਕ ਤੇ ਤੇ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਅਜਨਾਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਹੜਾਂ ਦੇ ਪਾਣੀ ਨਾਲ ਅਜਨਾਲਾ ਖੇਤਰ ਦੇ ਬਹੁਤ ਵੱਡੀ ਗਿਣਤੀ ਵਿੱਚ ਪਿੰਡ ਸੰਕਟ ਦੀ ਘੜੀ ਵਿੱਚ ਲੋਕਾਂ ਨੂੰ ਸੰਕਟ 'ਚ ਬਾਹਰ ਕੱਢਣ ਲਈ ਹਰ ਵਿਅਕਤੀ ਨੂੰ ਵੱਧ ਤੋਂ ਵੱਧ ਸਹਿਯੋਗ ਕਰਨਾ ਚਾਹੀਦਾ ਹੈ। ਇਸ ਮੌਕੇ ਉਹ ਤਾਂ ਆਗੂਆਂ ਤੋਂ ਇਲਾਵਾ ਕੰਵਰਪ੍ਰਤਾਪ ਸਿੰਘ ਅਜਨਾਲਾ ਮੀਤ ਪ੍ਰਧਾਨ ਜਿਲਾ ਅੰਮ੍ਰਿਤਸਰ ਦਿਹਾਤੀ, ਮਾਰਕੀਟ ਕਮੇਟੀ ਅਜਨਾਲਾ ਦੇ ਸਾਬਕਾ ਚੇਅਰਮੈਨ ਦਿਲਬਾਗ ਸਿੰਘ ਫਿਰਵਰਾ, ਚੇਅਰਮੈਨ ਅਮਨਦੀਪ ਸਿੰਘ ਛੰਡੇਰ, ਜ਼ਿਲਾ ਪਰਿਸ਼ਦ ਮੈਂਬਰ ਪਰਸ਼ੋਤਮ ਸਿੰਘ ਬਾਠ, ਸਤਨਾਮ ਸਿੰਘ ਲਸ਼ਕਰੀ ਨੰਗਲ, ਸਾਬਕਾ ਸਰਪੰਚ ਬਲਵਿੰਦਰ ਸਿੰਘ ਹਰਦੋਪੁਤਲੀ, ਚੇਅਰਮੈਨ ਦਲਜੀਤ ਸਿੰਘ ਸੋਨੂ, ਰਾਣਾ ਭੱਖਾ, ਰਮਿੰਦਰ ਛੰਡੇਰ, ਰਾਜਵਿੰਦਰ ਸਿੰਘ ਸੋਨਾ ਫਿਰਵਰਾ, ਸਾਬਕਾ ਸਰਪੰਚ ਗੁਰਜਿੰਦਰ ਸਿੰਘ ਸੈਸਰਾ, ਆੜ੍ਹਤੀ ਦਲਜੀਤ ਸਿੰਘ ਲਸ਼ਕਰੀ ਨੰਗਲਆਦੀ ਹਾਜਰ ਸਨ।

## ਦਰਗਾਹ ਖੂਹੀ ਫਕੀਰਾਂ ਵਾਲੀ ਦਾ ਬਾਬਾ ਕਾਲੀ ਸ਼ਾਹ ਨੂੰ ਗੱਦੀ ਨਸ਼ੀਨ ਥਾਪਿਆ



ਤਰਸਿੱਕਾ 30 ਅਗਸਤ (ਦਵਿੰਦਰ ਸਿੰਘ ਤਰਸਿੱਕਾ) ਦਰਗਾਹ ਖੂਹੀ ਫਕੀਰਾਂ ਵਾਲੀ ਪਿੰਡ ਨੰਗਲੀ ਵਿੱਖੇ ਦੇ ਗੱਦੀ ਨਸ਼ੀਨ ਬਾਬਾ ਕਰਮੇ ਸ਼ਾਹ ਜੀ ਦੇ ਚੋਲਾ ਛੱਡਣ ਉਪਰੰਤ ਉਹਨਾਂ ਦੇ ਸਪੁੱਤਰ ਕਾਲੀ ਸ਼ਾਰ ਜੀ ਨੂੰ ਉਹਨਾਂ ਦਾ ਗਦੀ ਨਸ਼ੀਨ ਥਾਪਿਆ ਗਿਆ। ਦਰਗਾਹ ਖੂਹੀ ਫਕੀਰਾਂ ਵਾਲੀ ਦੇ ਗੱਦੀ ਨਸ਼ੀਨ ਬਾਬਾ ਕਰਮੇ ਸ਼ਾਹ ਜੀ ਚੋਲਾ ਛੱਡ ਜਾਣ ਤੇ ਦਰਗਾਹ ਖੂਹੀ ਫਕੀਰਾਂ ਵਾਲੀ ਵਿੱਖੇ ਬਾਬਾ ਕਰਮੇ ਸ਼ਾਹ ਜੀ ਦਾ 41ਵਾਂ ਬਹੁਤ ਹੀ ਸ਼ਰਧਾਂ ਭਵਨਾਂ ਦੇ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਸਮੂਹ ਅੰਮ੍ਰਿਤਸਰ ਦੇ ਸੰਤਾਂ ਤੇ ਸੰਗਤਾਂ ਉਚੇਚੇ ਤੌਰ ਤੇ ਪੁਜ ਕੇ ਹਾਜਰੀ ਲਗਵਾਈ। ਸਮਾਗਮ ਵਿੱਚ ਪੁਜੇ ਸੰਤਾ ਵਿੱਚ ਬਾਬਾ ਲੱਖੇ ਸ਼ਾਹ ਜੀ ਪਧੇਰ ਕਲਾ ਵਾਲੇ, ਬਾਬਾ ਕਾਲੇ ਸ਼ਾਹ ਜੀ ਪਧੇਰ ਕਲਾ, ਬਾਬਾ ਬਿੱਟੂ ਸ਼ਾਹ ਜੀ ਨਸ਼ਹਿਰਾ, ਬਾਬਾ ਲੱਭੇ ਸ਼ਾਹ ਨੰਗਲੀ, ਬਾਬਾ ਕਾਲੇ ਭਗਤ ਜੀ ਨੰਗਲੀ, ਬਾਬਾ ਮਦੀ ਸ਼ਾਹ ਨੰਗਲੀ, ਬਾਬਾ ਬਿੱਟੂ ਸ਼ਾਹ ਪ੍ਰੀਤ ਨਗਰ, ਬਾਬਾ ਪਰਗਟ ਸਿੰਘ ਲਾਹੌਰੀ ਗੇਟ, ਬਾਬਾ ਜਗਦੀਸ਼ ਸਿੰਘ ਬੱਲ ਖੁਰਦ, ਬਾਬਾ ਡੋਲੀ ਸ਼ਾਹ ਜੰਡਿਆਲਾ ਗੁਰੂ, ਬਾਬਾ ਕਾਲੀ ਗਹਿਰੀ, ਬਾਬਾ ਮੰਗੇ ਸ਼ਾਹ, ਬਾਬਾ ਲੱਖਾ ਸ਼ਾਹ ਜੀ ਨੇ ਵੀ ਹਾਜਰੀ ਭਾਰਦਿਆ ਬਾਬਾ ਕਰਮੇ ਸ਼ਾਹ ਦੇ ਸਪੁੱਤਰ ਬਾਬਾ ਕਾਲੀ ਸ਼ਾਹ ਜੀ ਦੇ ਸਿਰ ਤੇ ਪੱਗ ਰੱਖ ਕੇ ਗੱਦੀ ਨਸ਼ੀਨ ਥਾਪਿਆ ਗਿਆ। ਪਿੰਡ ਦੇ ਸਰਪੰਚ ਵਰਿੰਦਰ ਸਿੰਘ ਤੇ ਸਮੂਹ ਪੰਚਾਇਤ ਵੱਲੋਂ ਵੀ ਇਸ ਸਮਾਗਮ ਵਿੱਚ ਪਜ ਕੇ ਹਾਜਰੀ ਲਗਵਾਈ ਤੇ ਦਰਗਾਹ ਖੂਹੀ ਫਕੀਰਾਂ ਵਾਲੇ ਦੇ ਗੱਦੀ ਨਸ਼ੀਨ ਬਾਬਾ ਕਾਲੀ ਸ਼ਾਹ ਨੂੰ ਪਿੰਡ ਨੰਗਲੀ ਦੀ ਪੰਚਾਇਤ ਵੱਲੋਂ ਹਰ ਸੰਭਵ ਮਦਦ ਕਰਨ ਦਾ ਭਰੋਸਾ ਵੀ ਦਿੱਤਾ।

## ਬੀਬੀ ਕੌਲਾਂ ਜੀ ਭਲਾਈ ਕੇਂਦਰ ਵੱਲੋਂ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਰਵਾਨਾ




ਅੰਮ੍ਰਿਤਸਰ, 30 ਅਗਸਤ (ਬਬਲੂ ਮਹਾਜਨ): ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਤੇ ਬੀਬੀ ਕੌਲਾਂ ਜੀ ਚੈਰੀਟੇਬਲ ਹਸਪਤਾਲ ਭਾਈ ਗੁਰਇਕਬਾਲ ਸਿੰਘ, ਭਾਈ ਹਰਵਿੰਦਰਪਾਲ ਸਿੰਘ ਲਿਟਲ ਵਲੋਂ ਹੜ ਪੀੜਤਾਂ ਲਈ ਰਾਹਤ ਸਮਗਰੀ ਕੱਲ ਅਰਦਾਸ ਕਰਨ ਉਪਰੰਤ ਹਲਕਾ ਅਜਨਾਲਾ ਦੇ ਪਿੰਡਾਂ ਵਿੱਚ ਭੇਜੀ ਗਈ। ਜ਼ਿਲ੍ਹਾ ਪ੍ਰਸ਼ਾਸਨ ਨੂੰ ਸਹਿਯੋਗ ਕਰਦੇ ਹੋਏ ਸੰਗਤਾਂ ਦੇ ਸਹਿਯੋਗ ਨਾਲ ਤਕਰੀਬਨ 10 ਹਜਾਰ ਪੈਕਟ ਲੰਗਰ ਦਾ ਤਿਆਰ ਕਰਕੇ ਭੇਜਿਆ। ਇਸ ਮੌਕੇ ਭਾਈ ਗੁਰਇਕਬਾਲ ਸਿੰਘ ਜੀ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਮੌਕੇ ਭਾਈ ਗੁਰਇਕਬਾਲ ਸਿੰਘ ਜੀ ਨੇ ਅਸ਼ਵਾਸਨ ਦਿੱਤਾ ਜਿੰਨਾ ਚਿਰ ਮਾਹੌਲ ਸੁਖਾਵਾਂ ਨਹੀਂ ਬਣਦਾ ਉਦੋਂ ਤੱਕ ਬੀਬੀ ਕੋਲਾਂ ਜੀ ਭਲਾਈ ਕੇਂਦਰ ਟਰੱਸਟ ਵੱਲੋਂ ਸੇਵਾ ਜਾਰੀ ਰਹੇਗੀ। ਭਾਈ ਸਾਹਿਬ ਨੇ ਦੱਸਿਆ ਸਾਡੀ ਸਹਿਯੋਗੀ ਟੀਮ ਵਲੋਂ ਖਾਸ ਕਰ ਪਸ਼ੂਆਂ ਦੇ ਲਈ ਚਾਰਾ, ਚੋਕਰ ਤੇ ਤਰਪਾਲਾਂ ਵੀ ਭੇਜੀਆਂ ਗਈਆਂ। ਇਸ ਮੌਕੇ ਉਕਾਰ ਸਿੰਘ, ਗੁਰਪ੍ਰੀਤ ਸਿੰਘ ਚਾਹਤ ਮਨਦੀਪ ਸਿੰਘ ਭੋਲੂ, ਦਲਬੀਰ ਸਿੰਘ ਪਰਮਜੀਤ ਸਿੰਘ ਹਸਪਤਾਲ, ਸੱਤਾ ਵੀਰ ਜੀ, ਓਕਾਰ ਸਿੰਘ, ਸਰਵਣ ਸਿੰਘ, ਪਰਮਜੀਤ ਸਿੰਘ, ਡਾ ਜੇ ਐਸ਼ ਖ਼ਾਲਸਾ ਜੀ, ਰਾਜੂ ਵੀਰ ਜੀ ਕਢਾਈ ਵਾਲੇ, ਸ਼ੁਰਿੰਦਰ ਸਿੰਘ ਰਿੰਕੂ, ਐਡ. ਗੋਬਿੰਦ ਪਾਲ ਪਰਮਜੀਤ ਸਿੰਘ ਢੱਲ, ਰਾਜਬੀਰ ਸਿੰਘ ਸੋਨੂੰ, ਡਾ. ਸੁਰਜੀਤ ਸਿੰਘ ਦਾਲਮ, ਮਨਿੰਦਰ ਸਿੰਘ ਆਹੂਜਾ, ਬਾਬਾ ਹਰਵਿੰਦਰ ਸਿੰਘ ਪੁਹਵਿੰਡ ਆਦਿ ਹਾਜ਼ਰ ਸਨ।

## ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸ਼੍ਰੋਮਣੀ ਕਮੇਟੀ ਪ੍ਰਧਾਨ

ਅੰਮ੍ਰਿਤਸਰ, 30 ਅਗਸਤ (ਗੁਰਦਿਆਲ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਰਾਵੀ ਦਰਿਆ ਨਾਲ ਲਗਦੇ ਹਲਕਾ ਰਮਦਾਸ ਤੇ ਡੇਰਾ ਬਾਬਾ ਨਾਨਕ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਲੋਕਾਂ ਦੀਆਂ ਮੁਸਕਲਾਂ ਸੁਣੀਆਂ ਅਤੇ ਮੁੱਢਲੀਆਂ ਲੋੜਾਂ ਲਈ ਆਪ ਪਿੰਡਾਂ ਵਿਚ ਜਾ ਕੇ ਸ਼੍ਰੋਮਣੀ ਕਮੇਟੀ ਵੱਲੋਂ ਰਾਹਤ ਸਮੱਗਰੀ ਵੰਡੀ। ਇਨ੍ਹਾਂ ਇਲਾਕਿਆਂ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਆਉਂਦੇ ਗੁਰਦੁਆਰਾ ਸਾਹਿਬਾਨ ਵੱਲੋਂ ਲੰਗਰ ਅਤੇ ਜ਼ਰੂਰੀ ਵਸਤਾਂ ਦੀਆਂ ਸੇਵਾਵਾਂ ਜਿਥੇ ਪਹਿਲਾਂ ਹੀ ਲਗਾਤਾਰ ਜਾਰੀ ਹਨ, ਉਥੇ ਹੀ ਅੱਜ ਸ਼੍ਰੋਮਣੀ ਕਮੇਟੀ ਪ੍ਰਧਾਨ ਵਿਸ਼ੇਸ਼ ਤੌਰ 'ਤੇ ਹੜ੍ਹ ਪੀੜਤਾਂ ਦਾ ਦੁੱਖ ਵੰਡਾਉਣ ਲਈ ਆਏ ਸਨ ਅਤੇ ਉਨ੍ਹਾਂ ਨੇ ਚੱਲ ਰਹੀਆਂ ਸੇਵਾਵਾਂ ਦਾ ਜਾਇਜ਼ਾ ਲਿਆ। ਸ਼੍ਰੋਮਣੀ ਕਮੇਟੀ ਵੱਲੋਂ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਤੋਂ ਡੇਰਾ ਬਾਬਾ ਨਾਨਕ ਹਲਕੇ ਲਈ ਅੱਜ ਭੇਜੀ ਰਾਹਤ ਸਮੱਗਰੀ ਵਿੱਚ 150 ਕੁਇੰਟਲ ਆਟਾ, 30 ਕੁਇੰਟਲ ਦਾਲਾਂ, 5000 ਪੇਟੀ ਪਾਣੀ ਅਤੇ ਹੋਰ ਜ਼ਰੂਰੀ ਵਸਤਾਂ ਸ਼ਾਮਲ ਸਨ। ਇਸੇ ਤਰ੍ਹਾਂ ਰਮਦਾਸ ਏਰੀਏ ਵਿੱਚ ਵੀ ਦੋ ਟਰੱਕ ਰਾਹਤ ਸਮੱਗਰੀ ਲੋਕਾਂ ਤੱਕ ਪਹੁੰਚਾਈ ਗਈ।

ਇਸ ਮੌਕੇ ਮੀਡੀਏ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਹੜ੍ਹਾਂ ਕਾਰਨ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਦੇ ਹਾਲਾਤ ਤਰਸਯੋਗ ਬਣੇ ਹੋਏ ਹਨ। ਲੋਕਾਂ ਦਾ ਜਿਥੇ ਵਡਾ ਮਾਲੀ ਨੁਕਸਾਨ ਹੋਇਆ ਹੈ, ਉਥੇ ਹੀ ਰੋਜ਼ਮਰਾ ਦਾ ਜੀਵਨ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਮੁਸੀਬਤ ਸਮੇਂ ਲੋਕਾਂ ਦੇ ਨਾਲ ਖੜ੍ਹਨਾਂ ਆਪਣਾ ਫਰਜ਼ ਸਮਝਦੀ ਹੈ ਅਤੇ ਹਰ ਸੰਭਵ ਸਹਾਇਤਾ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਭਾਵੇਂ ਹੜ੍ਹਾਂ ਦੀ ਸਥਿਤੀ ਦੇ ਮੱਦੇਨਜ਼ਰ ਪਹਿਲਾਂ ਹੀ



ਵੱਖ ਵੱਖ ਗੁਰਦੁਆਰਾ ਸਾਹਿਬਾਨ ਅੰਦਰ ਰਿਹਾਇਸ਼, ਲੰਗਰ ਅਤੇ ਹੋਰ ਲੋੜੀਂਦੇ ਪ੍ਰਬੰਧ ਕੀਤੇ ਗਏ ਸਨ ਅਤੇ ਹੁਣ ਸ਼੍ਰੋਮਣੀ ਕਮੇਟੀ ਮੁਲਾਜ਼ਮ ਪੀੜਤਾਂ ਤੱਕ ਪਹੁੰਚ ਕੇ ਸੇਵਾਵਾਂ ਨਿਭਾ ਰਹੇ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਮੌਜੂਦਾ ਸਮੇਂ ਸਰਕਾਰ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਲੋਕਾਂ ਲਈ ਆਪ ਰਾਹਤ ਤਾਂ ਕੀ ਪਹੁੰਚਾਉਣੀ ਸੀ, ਸਗੋਂ ਰਾਹਤ ਕਾਰਜਾਂ ਵਿਚ ਲੱਗੇ ਲੋਕਾਂ ਨੂੰ ਵੀ ਕਿਸੇ ਤਰ੍ਹਾਂ ਦਾ ਸਹਿਯੋਗ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਨੇ ਸਰਕਾਰ ਪਾਸੋਂ ਪੀੜਤਾਂ ਤੱਕ ਰਾਹਤ ਸਮੱਗਰੀ ਲੇਜਾਣ ਲਈ ਕਿਸ਼ਤੀਆਂ ਦੀ ਮੰਗ ਕੀਤੀ ਸੀ, ਪ੍ਰੰਤੂ ਸਰਕਾਰ ਵੱਲੋਂ ਕਿਸੇ ਤਰ੍ਹਾਂ ਵੀ ਸਹਿਯੋਗ ਨਹੀਂ ਕੀਤਾ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਵਚਨਬੱਧਤਾ ਪ੍ਰਗਟਾਈ ਕਿ ਇਸ ਆਫ਼ਤ ਦੇ ਖ਼ਤਮ ਹੋਣ ਤੱਕ ਸ਼੍ਰੋਮਣੀ ਕਮੇਟੀ ਵੱਲੋਂ ਲੋੜੀਂਦੀਆਂ ਸੇਵਾਵਾਂ ਨਿਰੰਤਰ ਜਾਰੀ ਰਹਿਣਗੀਆਂ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਹਲਕਾ ਇੰਚਾਰਜ ਜਥੇਦਾਰ ਸੁੱਚਾ ਸਿੰਘ ਲੰਗਾਹ, ਸ਼੍ਰੋਮਣੀ ਕਮੇਟੀ ਮੈਂਬਰ ਤੇ ਹਲਕਾ ਇੰਚਾਰਜ ਜੋਧ ਸਿੰਘ ਸਮਰਾ, ਅੰਤ੍ਰਿੰਗ ਕਮੇਟੀ ਮੈਂਬਰ ਅਮਰੀਕ ਸਿੰਘ ਵਿਛੋਆ, ਸਕੱਤਰ ਪ੍ਰਤਾਪ ਸਿੰਘ ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਗੁਰਦੁਆਰਾ ਯਾਦਗਾਰ ਸ਼ਹੀਦਾਂ ਦੇ ਮੁੱਖ ਸੇਵਾਦਾਰ ਬਾਬਾ ਸੁਖਵਿੰਦਰ ਸਿੰਘ ਅਗਵਾਨ, ਸੁਪ੍ਰਿੰਟੈਂਡੈਂਟ ਨਿਸ਼ਾਨ ਸਿੰਘ, ਅਕਾਲੀ ਆਗੂ ਨਰਿੰਦਰ ਸਿੰਘ ਵਾੜਾ, ਸੁਖਜਿੰਦਰ ਸਿੰਘ ਲੰਗਾਹ, ਰਣਜੀਤ ਸਿੰਘ ਰਾਣਾ, ਪਰਮਵੀਰ ਸਿੰਘ ਲਾਡੀ, ਮੈਨੇਜਰ ਸਤਨਾਮ ਸਿੰਘ ਗੋਸਲ, ਰਣਜੀਤ ਸਿੰਘ ਕਲਿਆਣਪੁਰ, ਸਰਬਜੀਤ ਸਿੰਘ, ਗੁਰਦੁਆਰਾ ਬਾਬਾ ਬੁੱਢਾ ਸਾਹਿਬ ਦੇ ਮੈਨੇਜਰ ਪ੍ਰਗਟ ਸਿੰਘ ਆਦਿ ਮੌਜੂਦ ਰਹੇ।

## ਚੀਫ਼ ਖ਼ਾਲਸਾ ਦੀਵਾਨ ਦੇ ਸਕੂਲ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਮਦਦ ਲਈ ਡੱਟੇ

ਅੰਮ੍ਰਿਤਸਰ, 30 ਅਗਸਤ (ਬਬਲੂ ਮਹਾਜਨ): ਚੀਫ਼ ਖ਼ਾਲਸਾ ਦੀਵਾਨ ਅਧੀਨ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਨਾਲ ਲਗਦੇ ਸਕੂਲਾਂ ਦੇ ਅਧਿਆਪਕ ਅਤੇ ਕਰਮਚਾਰੀ ਆਪਣੀ ਮਿਹਨਤ, ਸੇਵਾ ਅਤੇ ਸਮਾਂ ਸਮਰਪਿਤ ਕਰਕੇ ਹੜ੍ਹ ਪੀੜਤਾਂ ਦੀ ਮਦਦ ਲਈ ਮੈਦਾਨ ਵਿਚ ਉਤਰੇ ਅਤੇ ਇਸਨੂੰ ਆਪਣੀ ਨਿੱਜੀ ਜਿੰਮੇਵਾਰੀ ਮੰਨਦਿਆਂ ਹੋਇਆ ਲੋਕਾਂ ਨੂੰ ਖਾਣੇ ਦੇ ਪੈਕੇਟ, ਦਵਾਈਆਂ, ਕੱਪੜੇ, ਪਸ਼ੂਆਂ ਲਈ ਚਾਰਾ ਅਤੇ ਹੋਰ ਬੁਨਿਆਦੀ ਲੋੜ੍ਹਾਂ ਦੀਆਂ ਵਸਤਾਂ ਵੰਡੀਆਂ ਗਈਆਂ ਅਤੇ ਬਚਾਅ ਕਾਰਜਾਂ ਵਿਚ ਵੀ ਸਹਿਯੋਗ ਦਿੱਤਾ ਗਿਆ। ਇਸ ਮੌਕੇ ਸਕੂਲਾਂ ਵੱਲੋਂ ਹੜ੍ਹਾਂ ਪ੍ਰਭਾਵਿਤ ਇਲਾਕਿਆਂ ਵਿਚ ਪਰਿਵਾਰਾਂ ਨੂੰ ਤੁਰੰਤ ਮਦਦ ਲਈ ਆਪਣੀਆਂ ਲੋੜ੍ਹਾਂ ਸੰਬੰਧੀ ਨੇੜਲੇ ਸੀ.ਕੇ.ਡੀ ਸਕੂਲ ਨੰਬਰਾਂ ਤੇ ਸੰਪਰਕ ਕਰਨ ਲਈ ਕਿਹਾ ਗਿਆ।



ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਕਿਹਾ ਕਿ ਹੜ੍ਹਾਂ ਕਾਰਨ ਘਰੋਂ ਬੇਘਰ ਹੋਏ ਪਰਿਵਾਰਾਂ ਦੀ ਅੱਖਾਂ ਵਿਚ ਮਜਬੂਰੀਆਂ ਅਤੇ ਦਰਦ ਦੇਖਣਾ ਬਹੁਤ ਦੁੱਖਦਾਈ ਹੈ। ਇਹ ਸਮਾਂ ਮਨੁੱਖਤਾ ਦੀ ਸੇਵਾ ਕਰਨ ਦਾ ਹੈ। ਉਹਨਾਂ ਦਾਨੀ ਸੱਜਣਾਂ ਅਤੇ ਸਹਿਯੋਗੀ ਸੰਸਥਾਵਾਂ ਨੂੰ ਇਸ ਸੰਕਟ ਸਮੇਂ ਮਨੁੱਖਤਾ ਭਰੀ ਸੇਵਾ ਵਿਚ ਵੱਧ-ਚੜ੍ਹ ਕੇ ਹਿੱਸਾ ਪਾਉਣ ਦੀ ਅਪੀਲ ਕੀਤੀ। ਉਹਨਾਂ ਨੇ ਐਲਾਨ ਕੀਤਾ ਕਿ ਦੀਵਾਨ ਵੱਲੋਂ ਰਾਹਤ ਸਮਗਰੀ ਮੁਹਿੰਮ ਅੱਗੇ ਵੀ ਇਸੇ ਤਰ੍ਹਾਂ ਜਾਰੀ ਰਹੇਗੀ ਅਤੇ ਪ੍ਰਭਾਵਿਤ ਇਲਾਕਿਆਂ ਵਿਚ ਜਿੰਨਾਂ ਸਮਾਂ ਲੋੜ੍ਹ ਹੋਵੇਗੀ ਉਥੋਂ ਦੀਆਂ ਸਕੂਲ ਟੀਮਾਂ ਵੱਲੋਂ ਸਹਾਇਤਾ ਭੇਜੀ ਜਾਵੇਗੀ।

# ਡਾ. ਇੰਦਰਜੀਤ ਸਿੰਘ ਨੇ ਚੀਨ ਸਰਕਾਰ ਵੱਲੋਂ ਡਾ. ਬਾਸੂ ਦੇ ਉੱਤਰਾਧਿਕਾਰੀ ਵਜੋਂ ਦਿੱਤਾ ਪੁਰਸਕਾਰ ਪ੍ਰਾਪਤ ਕੀਤਾ



ਲੁਧਿਆਣਾ, 30 ਅਗਸਤ (ਰਵਿੰਦਰ ਸਿੰਘ ਨਿੱਝਰ) : ਭਾਰਤ ਵਿੱਚ ਐਕਿਊਪੰਕਚਰ ਇਲਾਜ ਪ੍ਰਣਾਲੀ ਦੇ ਸੰਸਥਾਪਕ ਡਾ. ਵਿਜੇ ਕੁਮਾਰ ਬਾਸੂ ਦੇ ਨਕਸ਼ੇ ਕਦਮਾਂ 'ਤੇ ਚੱਲ ਕੇ ਪਿਛਲੇ 50 ਦਹਾਕਿਆਂ ਤੋਂ ਮਨੁੱਖਤਾ ਦੀ ਸੇਵਾ ਕਰ ਰਹੇ ਲੁਧਿਆਣਾ ਦੇ ਡਾ. ਇੰਦਰਜੀਤ ਸਿੰਘ ਨੇ ਇੱਕ ਵਾਰ ਫਿਰ ਪੰਜਾਬ ਅਤੇ ਦੇਸ਼ ਦਾ ਮਾਣ ਵਧਾਇਆ ਹੈ। ਚੀਨ ਦੀ ਸਰਕਾਰ ਨੇ ਡਾ. ਵਿਜੇ ਕੁਮਾਰ ਬਾਸੂ ਨੂੰ ਆਪਣੇ ਦੇਸ਼ ਦੀ ਵੱਲ ਦੇ ਸਭ ਤੋਂ ਉੱਚੇ ਪੁਰਸਕਾਰ ਨਾਲ ਸਨਮਾਨਿਤ ਕੀਤਾ, ਜਿਸਨੂੰ ਡਾ. ਡੀ.ਐਨ. ਕੋਟਨੀਸ ਐਕਿਊਪੰਕਚਰ ਹਸਪਤਾਲ, ਲੁਧਿਆਣਾ ਦੇ ਡਾਇਰੈਕਟਰ ਡਾ. ਇੰਦਰਜੀਤ ਸਿੰਘ ਨੇ ਨਵੀਂ ਦਿੱਲੀ, ਭਾਰਤ ਵਿੱਚ ਚੀਨੀ ਦੂਤਾਵਾਸ ਵਿਖੇ ਚੀਨੀ ਰਾਜਦੂਤ ਸ਼ੂ ਫੀਹੋਂਗ ਦੇ ਹੱਥੋਂ ਪ੍ਰਾਪਤ ਕੀਤਾ, ਜੋ ਡਾ. ਬਾਸੂ ਦੇ ਉੱਤਰਾਧਿਕਾਰੀ ਵਜੋਂ ਪ੍ਰਾਪਤ ਕੀਤਾ। ਡਾ. ਇੰਦਰਜੀਤ ਸਿੰਘ, ਡਾ. ਬਾਸੂ ਦੇ ਪਿੱਛੇ ਚੱਲਦੇ ਹੋਏ ਅਤੇ ਉਨ੍ਹਾਂ ਦੇ ਮਿਸ਼ਨ ਦਾ ਝੰਡਾ ਚੁੱਕ ਰਹੇ ਹਨ। ਇਹ ਜ਼ਿਕਰਯੋਗ ਹੈ ਕਿ ਸਵਰਗੀ ਡਾ. ਬੀ.ਕੇ. ਬਾਸੂ ਨੂੰ ਦੂਜੇ ਚੀਨ-ਜਾਪਾਨੀ ਯੁੱਧ ਦੌਰਾਨ ਚੀਨੀ ਲੋਕਾਂ ਦੀ ਮੱਦਦ ਕਰਨ ਵਿੱਚ ਯੋਗਦਾਨ ਪਾਉਣ ਲਈ ਇਸ ਯਾਦਗਾਰੀ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇੱਕ ਪ੍ਰਭਾਵਸ਼ਾਲੀ ਪ੍ਰੋਗਰਾਮ ਦੌਰਾਨ, ਨਵੀਂ ਦਿੱਲੀ ਵਿੱਚ ਚੀਨੀ ਦੂਤਾਵਾਸ ਵਿੱਚ ਚੀਨੀ ਰਾਜਦੂਤ ਸ਼ੂ ਫੀਹੋਂਗ ਨੇ ਡਾ. ਇੰਦਰਜੀਤ ਸਿੰਘ ਨੂੰ ਮੈਡਲ ਸੌਂਪਿਆ ਅਤੇ ਕਿਹਾ ਕਿ ਡਾ. ਬਾਸੂ ਨੇ ਚੀਨ ਉੱਤੇ ਜਾਪਾਨੀ ਹਮਲੇ ਵਿਰੁੱਧ ਚੀਨੀ ਲੋਕ ਯੁੱਧ ਵਿੱਚ 1938 ਵਿੱਚ ਮੋਹਰੀ ਭੂਮਿਕਾ ਵਿੱਚ ਡਾਕਟਰੀ ਸੇਵਾਵਾਂ ਪ੍ਰਦਾਨ ਕਰਕੇ ਮੱਦਦ ਕੀਤੀ ਸੀ। ਡਾ. ਡੀ.ਐਨ. ਕੋਟਨੀਸ ਅਤੇ ਉਨ੍ਹਾਂ ਦੇ ਸਾਥੀ ਡਾ. ਬਾਸੂ 1938-1943 ਦੌਰਾਨ ਆਈ.ਐਮ.ਆਈ. ਦੇ ਮੈਂਬਰਾਂ ਵਜੋਂ ਲਗਭਗ 5 ਸਾਲ ਚੀਨ ਵਿੱਚ ਰਹੇ। ਇਸ ਮੌਕੇ, ਡਾ. ਬਾਸੂ ਦੇ ਉੱਤਰਾਧਿਕਾਰੀ ਵਜੋਂ, ਡਾ. ਇੰਦਰਜੀਤ ਸਿੰਘ ਨੂੰ ਇਹ ਯਾਦਗਾਰੀ ਮੈਡਲ ਸੌਂਪਦੇ ਹੋਏ, ਚੀਨੀ ਰਾਜਦੂਤ ਸ਼ੂ ਫੀਹੋਂਗ ਨੇ ਕਿਹਾ ਕਿ ਡਾ. ਸਿੰਘ ਨੇ ਡਾ. ਬਾਸੂ ਦੇ ਮਾਨਵਤਾਵਾਦੀ ਸੇਵਾ ਦੇ ਆਦਰਸ਼ਾਂ 'ਤੇ ਪੂਰੀ ਤਰ੍ਹਾਂ ਖਰਾ ਉਤਰੇ ਹਨ। ਪਿਛਲੇ 50 ਸਾਲਾਂ ਵਿੱਚ, ਡਾ. ਸਿੰਘ ਨੇ ਆਪਣਾ ਸਾਰਾ ਸਮਾਂ ਐਕਿਊਪੰਕਚਰ ਇਲਾਜ ਪ੍ਰਣਾਲੀ ਰਾਹੀਂ ਮਨੁੱਖਤਾ ਦੀ ਸੇਵਾ ਵਿੱਚ ਬਿਤਾਇਆ ਹੈ। ਲੁਧਿਆਣਾ ਸਮੇਤ ਪੰਜਾਬ ਭਰ ਵਿੱਚ ਮੁਫ਼ਤ ਐਕਿਊਪੰਕਚਰ ਕੈਂਪਾਂ ਰਾਹੀਂ ਲੋੜਵੰਦ ਲੋਕਾਂ ਨੂੰ ਡਾਕਟਰੀ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਡਾ. ਇੰਦਰਜੀਤ ਸਿੰਘ ਨੇ ਇਸ ਸਨਮਾਨ ਲਈ ਚੀਨੀ ਸਰਕਾਰ ਅਤੇ ਦੂਤਾਵਾਸ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਫਾਸ਼ੀਵਾਦੀ ਸੋਚ ਵਾਲੇ ਦੇਸ਼ ਦੁਨੀਆਂ ਵਿੱਚ ਅਸ਼ਾਂਤੀ ਫੈਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਨੂੰ ਰੋਕਣ ਲਈ, ਡਾਕਟਰਾਂ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਡਾ. ਕੋਟਨੀਸ ਅਤੇ ਡਾ. ਬਾਸੂ ਦੇ ਨਕਸ਼ੇ ਕਦਮਾਂ 'ਤੇ ਚੱਲ ਕੇ ਏਸ਼ੀਆ ਵਿੱਚ ਸ਼ਾਂਤੀ, ਵਿਕਾਸ ਅਤੇ ਭਾਈਚਾਰੇ ਨੂੰ ਯਕੀਨੀ ਬਣਾਉਣ ਵਿੱਚ ਯੋਗਦਾਨ ਦੇਣਾ ਹੋਵੇਗਾ। ਇਸ ਮੌਕੇ ਵਿਧਾਇਕ ਚੌਧਰੀ ਮਦਨ ਲਾਲ ਬੱਗਾ, ਭਾਈ ਰਣਜੀਤ ਸਿੰਘ ਮਸਕੀਨ ਅਤੇ ਜਸਵੰਤ ਸਿੰਘ ਛਾਪਾ ਵਿਸ਼ੇਸ਼ ਮਹਿਮਾਨਾਂ ਵਜੋਂ ਪਹੁੰਚੇ। ਇਸ ਮੌਕੇ ਡਾ. ਡੀ.ਐਨ. ਕੋਟਨੀਸ ਹਸਪਤਾਲ ਕਮੇਟੀ ਦੇ ਮੈਂਬਰ, ਕੇ.ਐਲ. ਸੀਕਰੀ ਐਡਵੋਕੇਟ, ਇਕਬਾਲ ਗਿੱਲ ਆਈ.ਪੀ.ਐਸ., ਜਗਦੀਸ਼ ਸਿਡਾਨਾ, ਅਸ਼ਵਨੀ ਵਰਮਾ, ਡਿੰਪਲ ਰਾਣਾ, ਸੁਸ਼ੀਲ ਸੂਦ, ਕੰਵਲ ਵਾਲੀਆ, ਦਿਨੇਸ਼ ਰਠੌਰ (ਇੰਟਰਨੈਸ਼ਨਲ ਖਿਡਾਰੀ) ਡਾ. ਰਘਬੀਰ ਸਿੰਘ, ਤਰਸੇਮ ਲਾਲ, ਗਗਨ ਭਾਟੀਆ, ਮਨੀਸ਼ਾ ਆਦਿ ਵੀ ਮੌਜੂਦ ਸਨ।

# ਨਿਗਰਾਨ ਇੰਜੀਨੀਅਰ ਕਜਲਾ ਦਾ ਸੇਵਾ ਮੁਕਤੀ ਸਮੇਂ ਸਨਮਾਨ



ਲੁਧਿਆਣਾ, 30 ਅਗਸਤ (ਰਵਿੰਦਰ ਸਿੰਘ ਨਿੱਝਰ) : ਵੱਖ-2 ਇੰਜੀਨੀਅਰਿੰਗ ਵਿਭਾਗਾਂ, ਬੋਰਡਾਂ, ਕਾਰਪੋਰੇਸ਼ਨਾਂ, ਯੂਨੀਵਰਸਿਟੀਆਂ ਅਤੇ ਹੋਰ ਤਕਨੀਕੀ ਅਦਾਰਿਆਂ ਵਿੱਚ ਕੰਮ ਕਰ ਰਹੇ ਜੂਨੀਅਰ ਇੰਜੀਨੀਅਰ- ਸਹਾਇਕ ਇੰਜੀਨੀਅਰ ਅਤੇ ਉਪ ਮੰਡਲ ਇੰਜੀਨੀਅਰ - ਅਫ਼ਸਰ/ਕਾਰਜਕਾਰੀ ਇੰਜੀਨੀਅਰ-(ਪਦ ਉੱਨਤ ਜੇ.ਈ. ਕਾਡਰ) ਦੀ ਨੁਮਾਇੰਦਾ ਜੱਥੇਬੰਦੀ ਕੌਂਸਲ ਆਫ ਡਿਪਲੋਮਾ ਇੰਜੀਨੀਅਰਜ਼ ਪੰਜਾਬ,ਹਿਮਾਚਲ ਪ੍ਰਦੇਸ਼ ਚੰਡੀਗੜ੍ਹ (ਯੂ. ਟੀ) ਹਰਿਆਣਾ ਅਤੇ ਜੰਮੂ ਤੇ ਕਸ਼ਮੀਰ ਦੇ ਲੁਧਿਆਣਾ ਜ਼ੋਨ ਵੱਲੋਂ ਨਿਗਰਾਨ ਇੰਜੀਨੀਅਰ ਪਰਸ਼ੋਤਮ ਕਜਲਾ ਨਗਰ ਨਿਗਮ ਲੁਧਿਆਣਾ ਦਾ ਸੇਵਾ ਮੁਕਤੀ ਸਮੇਂ ਇੱਕ ਵਿਦਾਇਗੀ ਪਾਰਟੀ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇੰਜ:ਦਲਪ੍ਰੀਤ ਸਿੰਘ ਲੌਂਗੋਵਾਲ ਅਤੇ ਇੰਜ: ਮਨਜਿੰਦਰ ਸਿੰਘ ਮੱਤੇਨੰਗਲ, ਹਰਵਿੰਦਰ ਸਿੰਘ, ਇੰਜੀ: ਮੋਹਨ ਸਿੰਘ ਸਹੋਤਾ, ਇੰਜੀ: ਕੁਲਬੀਰ ਸਿੰਘ ਬੈਨੀਪਾਲ, ਰੁਪਿੰਦਰ ਸਿੰਘ ਜੰਜੂਆ, ਇੰਜ: ਗੁਰਪ੍ਰੀਤ ਸਿੰਘ ਧੀਰ, ਇੰਜ: ਗੁਲਜ਼ਾਰ ਸਿੰਘ, ਇੰਜ: ਰਾਕੇਸ਼ ਕੁਮਾਰ ਨੇ ਇੰਜ: ਕਜਲਾ ਦੀਆਂ ਸਾਰੀਆਂ ਵਿਭਾਗੀ ਅਤੇ ਪ੍ਰਸ਼ਾਸਨਿਕ ਸ਼ਲਾਘਾਯੋਗ ਸੇਵਾਵਾਂ ਨੂੰ ਵਿਸ਼ੇਸ਼ ਤੌਰ 'ਤੇ ਯਾਦ ਕਰਦਿਆਂ ਪ੍ਰਸ਼ੰਸਾ ਕੀਤੀ। ਇਸ ਸਮਾਗਮ ਵਿੱਚ ਇੰਜੀ: ਰਾਜਿੰਦਰ ਕੁਮਾਰ ਪਾਠਕ ਜੇ. ਈ. ਇੰਜ: ਸਰੂਪ ਸਿੰਘ, ਇੰਜ: ਏਕਜੋਤ ਸਿੰਘ, ਇੰਜ: ਰਣਬੀਰ ਸਿੰਘ, ਇੰਜ: ਸੁਖਬੀਰ ਸਿੰਘ, ਇੰਜ: ਰੋਸ਼ਨ ਲਾਲ, ਇੰਜ: ਗੁਰਸ਼ਰਨ ਸਿੰਘ, ਇੰਜ: ਕੁਲਵਿੰਦਰ ਸਿੰਘ ਮੰਗਲੀ, ਸੇਵਾ ਮੁਕਤ ਲੇਖਾਕਾਰ ਸਿੱਖਿਆ ਵਿਭਾਗ ਸੁਖਦੇਵ ਸਿੰਘ ਸਲੇਮਪੁਰੀ, ਇੰਜ: ਧਰਮ ਸਿੰਘ ਆਦਿ ਨੇ ਨਿਗਰਾਨ ਇੰਜੀਨੀਅਰ ਕਜਲਾ ਦੀਆਂ ਮਹੱਤਵਪੂਰਨ ਵਿਭਾਗੀ ਸੇਵਾਵਾਂ ਦੌਰਾਨ ਤਜਰਬੇ ਦੀਆਂ ਯਾਦਾਂ ਨੂੰ ਵਿਸ਼ੇਸ਼ ਤੌਰ 'ਤੇ ਸਾਂਝਾ ਕੀਤਾ ਗਿਆ। ਕੌਂਸਲ ਆਫ ਡਿਪਲੋਮਾ ਇੰਜੀਨੀਅਰਜ਼ ਲੁਧਿਆਣਾ ਜ਼ੋਨ ਲੁਧਿਆਣਾ ਦੇ ਸਮੂਹ ਮੈਂਬਰਾਂ ਤੇ ਅਹੁਦੇਦਾਰਾਂ ਨੇ ਇੰਜ: ਕਜਲਾ ਨੂੰ ਵਿਸ਼ੇਸ਼ ਯਾਦਗਾਰੀ ਸਨਮਾਨ ਚਿੰਨ੍ਹ, ਸ਼ਾਲ ਆਦਿ ਭੇਂਟ ਕਰਕੇ ਸਨਮਾਨਿਤ ਕੀਤਾ। ਇੰਜ: ਕਜਲਾ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਸਨਮਾਨ ਸਮਾਰੋਹ ਸਮੇਂ ਸੇਵਾ ਮੁਕਤ ਨਿਗਰਾਨ ਇੰਜੀਨੀਅਰ ਦੀ ਧਰਮਪਤਨੀ,ਮਾਤਾ, ਨਜ਼ਦੀਕੀ ਸਬੰਧੀ ਅਤੇ ਹੋਰ ਪਰਿਵਾਰਕ ਮੈਂਬਰ ਵੀ ਹਾਜ਼ਰ ਹੋਏ।

# ਗਲਾਡਾ ਵੱਲੋਂ ਡਿਫਾਲਟਰ ਅਲਾਟੀਆਂ ਨੂੰ ਬਕਾਇਆ ਜਮ੍ਹਾਂ ਕਰਵਾਉਣ ਦੇ ਨਿਰਦੇਸ਼



ਲੁਧਿਆਣਾ, 30 ਅਗਸਤ (ਵਿਸ਼ਾਲ ਸ਼ਰਮਾ) : ਸੁਪਰਡੈਂਟ ਜ਼ਿਲ੍ਹਾ ਦਫਤਰ, ਗਲਾਡਾ ਵੱਲੋਂ ਪ੍ਰੈਸ ਨੋਟ ਰਾਹੀਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਗਲਾਡਾ ਅਧੀਨ ਆਉਂਦੀਆਂ ਅਰਬਨ ਅਸਟੇਟਾਂ ਦੇ ਰਿਹਾਇਸ਼ੀ ਅਤੇ ਕਮਰਸ਼ੀਅਲ ਪਲਾਟਾਂ ਦੇ ਡਿਫਾਲਟਰ ਅਲਾਟੀਆਂ ਨੂੰ ਗਲਾਡਾ ਵੱਲੋਂ ਬਕਾਇਆ ਰਕਮ ਜਮ੍ਹਾਂ ਕਰਵਾਉਣ ਲਈ ਕਈ ਵਾਰ ਨੋਟਿਸ ਜਾਰੀ ਕੀਤੇ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਜਿਨ੍ਹਾਂ ਡਿਫਾਲਟਰ ਅਲਾਟੀਆਂ ਵੱਲੋਂ ਬਣਦੀ ਬਕਾਇਆ ਰਕਮ ਅਜੇ ਤੱਕ ਜਮ੍ਹਾਂ ਨਹੀਂ ਕਰਵਾਈ ਗਈ ਉਨ੍ਹਾਂ ਨੂੰ ਗਲਾਡਾ ਵੱਲੋਂ ਹਦਾਇਤ ਕੀਤੀ ਗਈ ਹੈ ਕਿ ਬਣਦੀ ਬਕਾਇਆ ਰਕਮ ਜਲਦ ਤੋਂ ਜਲਦ ਜਮ੍ਹਾਂ ਕਰਵਾਈ ਜਾਵੇ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਇਹ ਵੀ ਦੇਖਿਆ ਕਿ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸਬੰਧਤ ਪ੍ਰਾਪਰਟੀ ਦੀ ਅਲਾਟਮੈਂਟ ਰੱਦ ਕਰਨ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਆਉਣ ਵਾਲੇ ਸਮੇਂ ਵਿੱਚ ਇਹ ਪ੍ਰਕਿਰਿਆ ਅੱਗੇ ਵੀ ਜਾਰੀ ਰਹੇਗੀ। ਇਸ ਲੜੀ ਤਹਿਤ ਕਾਰਵਾਈ ਕਰਦਿਆਂ ਜ਼ਿਲ੍ਹਾ ਦਫਤਰ ਵੱਲੋਂ ਐਸ.ਸੀ.ਓ ਨੰ:104 ਦੁਗਰੀ ਫੇਜ਼-1 ਅਤੇ ਐਸ.ਸੀ.ਓ ਨੰ:03 ਦੁਗਰੀ ਫੇਜ਼-1 ਅਤੇ 2 ਲੁਧਿਆਣਾ ਦੀ ਅਲਾਟਮੈਂਟ ਰੱਦ ਕੀਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਜਿਨ੍ਹਾਂ ਪਲਾਟਾਂ ਦੀ ਅਲਾਟਮੈਂਟ ਰੱਦ ਕੀਤੀ ਜਾ ਰਹੀ ਹੈ ਜਾਂ ਫਿਰ ਕੀਤੀ ਜਾਵੇਗੀ ਅਜਿਹੇ ਅਲਾਟੀਆਂ ਪਾਸ ਅਲਾਟਮੈਂਟ ਰੱਦ ਕਰਨ ਉਪਰੰਤ ਪਲਾਟ ਦੀ ਅਲਾਟਮੈਂਟ ਦੀ ਬਹਾਲੀ ਲਈ ਸਮਰੱਥ ਅਧਿਕਾਰੀ ਕੋਲ ਅਪੀਲ ਦਾਇਰ ਕਰਨ ਲਈ ਇੱਕ ਮਹੀਨੇ ਦਾ ਸਮਾਂ ਹੁੰਦਾ ਹੈ।ਜੇਕਰ ਉਨ੍ਹਾਂ ਵੱਲੋਂ ਨਿਰਧਾਰਿਤ ਸਮੇਂ ਅੰਦਰ ਅਪੀਲ ਦਾਇਰ ਨਹੀਂ ਕੀਤੀ ਜਾਂਦੀ ਤਾਂ ਰੱਦ ਕੀਤੇ ਗਏ ਪਲਾਟ ਨੂੰ ਅੱਗੇ ਬੋਲੀ ਕਰਕੇ ਵੇਚਣ ਸਬੰਧੀ ਕਾਰਵਾਈ ਅਰੰਭ ਦਿੱਤੀ ਜਾਵੇਗੀ। ਉਨ੍ਹਾਂ ਆਮ ਜਨਤਾ ਨੂੰ ਜਾਗਰੂਕ ਕਰਦਿਆਂ ਦੱਸਿਆ ਹੈ ਕਿ ਗਲਾਡਾ ਦੀਆਂ ਅਰਬਨ ਅਸਟੇਟਾਂ ਦੇ ਰਿਹਾਇਸ਼ੀ ਅਤੇ ਕਮਰਸ਼ੀਅਲ ਪਲਾਟਾਂ ਦੀ ਖਰੀਦੋ-ਫਰੋਖ਼ਤ ਕਰਨ ਤੋਂ ਪਹਿਲਾਂ ਜ਼ਿਲ੍ਹਾ ਦਫਤਰ ਗਲਾਡਾ, ਲੁਧਿਆਣਾ ਦੇ ਦਫਤਰ ਵਿੱਚੋਂ ਸਬੰਧਤ ਪਲਾਟ ਦਾ ਰਿਕਾਰਡ ਜ਼ਰੂਰ ਚੈੱਕ ਕਰ ਲਿਆ ਜਾਵੇ।

# ਲੁਧਿਆਣਾ ਤੋਂ ਅੰਮ੍ਰਿਤਸਰ, ਹੈਦਰਾਬਾਦ ਤੋਂ ਐਡੀਲੇਡ: ਪੰਜਾਬ ਸਥਿਤ ਕੰਪਨੀ ਨੇ ਦਿਖਾਇਆ ਰਸਤਾ

ਲੁਧਿਆਣਾ, 30 ਅਗਸਤ (ਚ.ਨ.ਸ.) : ਟੀਸੀਵਾਈ, ਟੈਸਟ ਦੀ ਤਿਆਰੀ ਵਿੱਚ ਇੱਕ ਗਲੋਬਲ ਲੀਡਰ, ਆਪਣੇ ਮੌਕ ਟੈਸਟਾਂ ਅਤੇ ਸੇਵਕਾਂ ਨੂੰ ਨਵੇਂ ਦੇ ਜ਼ਰੀਏ ਪੀਟੀਈ ਅਕਾਦਮਿਕ ਪੈਟਰਨ ਨਾਲ ਪੂਰੀ ਤਰ੍ਹਾਂ ਨਾਲ ਇਕਸਾਰ ਕਰਨ ਵਾਲਾ ਪਹਿਲਾ ਪ੍ਰਦਾਤਾ ਬਣ ਕੇ ਮੁਕਾਬਲੇ ਤੋਂ ਨਿਰਣਾਇਕ ਤੌਰ 'ਤੇ ਅੱਗੇ ਨਿਕਲ ਗਿਆ ਹੈ। ਸਾਲਾਂ ਤੋਂ, ਬਜ਼ਾਰ ਦੇ ਖਿਡਾਰੀਆਂ ਨੇ ਮੁੱਠੀ ਭਰ ਨਵੀਆਂ ਪ੍ਰਸ਼ਨ ਕਿਸਮਾਂ ਨੂੰ ਜਲਦਬਾਜ਼ੀ ਵਿੱਚ ਜੋੜ ਕੇ 'ਪਹਿਲੇ ਮੂਵਰ' ਸਥਿਤੀ ਦਾ ਦਾਅਵਾ ਕੀਤਾ ਹੈ। ਟੀਸੀਵਾਈ ਨੇ, ਹਾਲਾਂਕਿ, ਵਿਆਪਕ ਰਸਤਾ ਅਪਣਾਇਆ ਹੈ: ਪ੍ਰਸ਼ਨਾਂ ਦੀ ਗਿਣਤੀ ਨੂੰ ਸਧਾਰਨ, ਸਮਾਂ ਅਪਡੇਟ ਕਰਨਾ, ਸਕੋਰਿੰਗ ਤਰਕ ਨੂੰ ਓਵਰਹਾਲ ਕਰਨਾ, ਅਤੇ ਪੀਅਰਸਨ ਦੇ ਨਵੇਂ ਮਿਆਰ ਨੂੰ ਦਰਸਾਉਣ ਲਈ ਹਰੇਕ ਟੈਸਟ ਨੂੰ ਤਾਜ਼ਾ ਕਰਨਾ। ਇਹ ਕਦਮ ਇਹ ਯਕੀਨੀ ਬਣਾਉਂਦਾ ਹੈ ਕਿ ਟੀਸੀਵਾਈ ਦੇ ਦੇਸ਼ ਭਰ ਵਿੱਚ 70 ਤੋਂ ਵੱਧ ਭਾਈਵਾਲ ਸੰਸਥਾਵਾਂ ਦੇ ਵਿਦਿਆਰਥੀ ਪ੍ਰੀਖਿਆ ਵਾਲੇ ਦਿਨ ਤੋਂ ਕਾਫ਼ੀ ਪਹਿਲਾਂ ਸਹੀ ਪ੍ਰੀਖਿਆ-ਦਿਨ ਦੇ ਵਾਤਾਵਰਣ ਦਾ ਅਨੁਭਵ ਕਰਨ। ਫਰਕ ਮਹਿਸੂਸ ਹੁੰਦਾ ਹੈ। ਜਦੋਂ ਕਿ ਜ਼ਿਆਦਾਤਰ ਮੁਕਾਬਲੇਬਾਜ਼ ਪੁਰਾਣੇ



ਫਾਰਮੈਟਾਂ 'ਤੇ ਭਰੋਸਾ ਕਰਨਾ ਜਾਰੀ ਰੱਖਦੇ ਹਨ ਜਾਂ ਸਕੋਰਿੰਗ ਤਬਦੀਲੀਆਂ ਦੇ ਡੂੰਘੇ ਪ੍ਰਭਾਵ ਨੂੰ ਸੰਬੋਧਿਤ ਕੀਤੇ ਬਿਨਾਂ ਨਵੇਂ ਪ੍ਰਸ਼ਨਾਂ ਵਿੱਚ ਪੈਚ ਕਰਦੇ ਰਹਿੰਦੇ ਹਨ, ਟੀਸੀਵਾਈ ਭਾਈਵਾਲ ਸੰਸਥਾਵਾਂ ਦੇ ਵਿਦਿਆਰਥੀਆਂ ਨੂੰ ਪੂਰੀ ਪ੍ਰੀਖਿਆ ਦੀ ਵਾਸਤਵਿਕਤਾ ਦਾ ਭਰੋਸਾ ਦੇ ਸਕਦੇ ਹਨ। ਜੇਕਰ ਅਸੀਂ ਪੁਰਾਣੇ ਟੈਸਟਾਂ 'ਤੇ ਭਰੋਸਾ ਕਰਦੇ, ਤਾਂ ਅੱਜ ਮੈਂ ਆਪਣੀ ਅਸਲ ਪ੍ਰੀਖਿਆ ਵਿੱਚ ਹੈਰਾਨ ਰਹਿ ਜਾਂਦਾ। ਇਸ ਦੀ ਬਜਾਏ, ਇਹ ਬਹੁਤ ਜਾਣਿਆ-ਪਛਾਣਿਆ ਮਹਿਸੂਸ ਹੋਇਆ ਅਤੇ ਮੈਂ ਆਤਮਵਿਸ਼ਵਾਸ ਨਾਲ ਬਾਹਰ ਨਿਕਲਿਆ, ਲੁਧਿਆਣਾ ਦੇ ਬੈਂਚਮਾਰਕ ਵਿੱਚ ਡੈਮੋ ਵਿਦਿਆਰਥੀ ਅਰਸ਼ਦੀਪ ਸਿੰਘ ਨੇ ਕਿਹਾ, ਜਿਸਨੇ ਉਸੇ ਅਗਸਤ ਨੂੰ ਪ੍ਰੀਖਿਆ ਦਿੱਤੀ ਸੀ। ਸੰਸਥਾ ਦੇ ਮਾਲਕ ਵੀ ਰਾਹਤ ਦੀ ਇਹੀ ਭਾਵਨਾ ਰੱਖਦੇ ਹਨ। ਟੀਸੀਵਾਈ ਦੇ ਸਮੇਂ ਸਿਰ ਅੱਪਡੇਟ ਲਈ ਧੰਨਵਾਦ, ਸਾਡੇ ਬੈਚ ਪੂਰੀ ਤਰ੍ਹਾਂ ਭਵਿੱਖ ਲਈ ਤਿਆਰ ਹਨ। ਨਹੀਂ ਤਾਂ, ਅਸੀਂ ਨਿਰਾਸ਼ ਵਿਦਿਆਰਥੀਆਂ ਦੇ ਨਾਲ ਇੱਕ ਸਰਗਰਮ ਸਥਿਤੀ ਵਿੱਚ ਰਹਿ ਜਾਂਦੇ, ਅਮਨਦੀਪ ਕੌਰ, ਐਕੋ ਟਿਊਟੋਰਿਅਲਸ ਦੇ ਮਾਲਕ ਨੇ ਕਿਹਾ। ਤੀਹ ਸਾਲਾਂ ਤੋਂ ਵੱਧ ਦੀ ਅਕਾਦਮਿਕ ਮੁਹਾਰਤ ਅਤੇ ਵੀਹ ਦੇਸ਼ਾਂ ਵਿੱਚ ਵਿਸ਼ਵਵਿਆਪੀ ਪੈਰਾਂ ਦੇ ਨਿਸ਼ਾਨ ਦੇ ਨਾਲ, ਟੀਸੀਵਾਈ ਨੇ ਆਪਣੀ ਸਾਖ ਮਿਆਰਾਂ ਦੀ ਪਾਲਣਾ ਕਰਨ ਦੀ ਬਜਾਏ ਉਹਨਾਂ ਨੂੰ ਸਥਾਪਤ ਕਰਨ 'ਤੇ ਬਣਾਈ ਹੈ। ਇਸਦੀ ਨਵੀਨਤਾਵਾਂ ਦੀ ਵਿਰਾਸਤ ਵਿੱਚ ਅਨੁਕੂਲ ਟੈਸਟਿੰਗ, ਏਆਈ-ਸੰਚਾਲਿਤ ਮੁਲਾਂਕਣ, ਅਤੇ ਬ੍ਰਾਂਡ ਪ੍ਰਿੰਟ ਦੁਆਰਾ ਪੀਟੀਈ-ਔਨਲਾਈਨ ਪ੍ਰੈਪ ਸੂਟ ਦਾ ਪਹਿਲਾ ਸੰਪੂਰਨ ਰੋਲਆਉਟ ਸ਼ਾਮਲ ਹੈ। ਵਿਦਿਆਰਥੀਆਂ ਲਈ, ਇਸਦਾ ਮਤਲਬ ਹੈ। ਪ੍ਰੀਖਿਆ ਵਾਲੇ ਦਿਨ ਆਤਮਵਿਸ਼ਵਾਸ। ਸੰਸਥਾਵਾਂ ਲਈ, ਇਸਦਾ ਮਤਲਬ ਹੈ ਇੱਕ ਅਜਿਹੇ ਸਾਥੀ ਵਿੱਚ ਵਿਸ਼ਵਾਸ ਜਿਸਦੇ ਬ੍ਰਾਂਡ ਮੁੱਲ ਦੀ ਰੱਖਿਆ ਕਰਨਾ ਜਿੱਥੇ ਗਲਤੀਆਂ ਮਹਿੰਗੀ ਸਾਬਤ ਹੋ ਸਕਦੀ ਹੈ।

# ਸੰਸਥਾ ਨੇ ਇਨਸਾਨੀਅਤ ਦੀ ਮਿਸਾਲ ਕਾਇਮ ਕੀਤੀ : ਸਰਾਭਾ




ਲੁਧਿਆਣਾ, 30 ਅਗਸਤ (ਰਵਿੰਦਰ ਸਿੰਘ ਨਿੱਝਰ) : ਨਾਰੀ ਏਕਤਾ ਆਸਰਾ ਸੰਸਥਾ ਵੱਲੋਂ ਹਮੇਸ਼ਾਂ ਦੀ ਤਰ੍ਹਾਂ ਇਸ ਮਹੀਨੇ ਵੀ ਰਾਸ਼ਨ ਵੰਡ ਸਮਾਰੋਹ ਦਾ ਆਯੋਜਨ ਗੁਰਦੁਆਰਾ ਅਕਾਲ ਸਾਹਿਬ, ਪ੍ਰਤਾਪ ਨਗਰ, ਗਲੀ ਨੰਬਰ ਇੱਕ ਵਿਖੇ ਸੰਸਥਾ ਦੇ ਮੁੱਖ ਸਲਾਹਕਾਰ ਅਤੇ ਕੌਂਸਲਰ ਸੋਹਣ ਸਿੰਘ ਗੋਗਾ ਦੇ ਅਗਵਾਈ ਵਿੱਚ ਕੀਤਾ ਗਿਆ। ਇਸ ਸਮਾਰੋਹ ਵਿੱਚ ਨਿਆਸਰਿਤ ਅਤੇ ਵਿਧਵਾਵਾਂ ਨੂੰ ਰਾਸ਼ਨ ਵੰਡ ਕੇ ਸੰਸਥਾ ਨੇ ਇਨਸਾਨੀਅਤ ਦੀ ਮਿਸਾਲ ਕਾਇਮ ਕੀਤੀ ਗਈ। ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਕਸ਼ਮੀਰ ਸਿੰਘ ਸਰਾਭਾ ਅਤੇ ਵਿਸ਼ੇਸ਼ ਮਹਿਮਾਨ ਵਜੋਂ ਪ੍ਰੇਮ ਸਿੰਘ ਪੀ.ਐਸ ਨੇ ਸ਼ਮੂਲੀਅਤ ਕੀਤੀ ।ਕੌਂਸਲਰ ਸੋਹਣ ਸਿੰਘ ਗੋਗਾ ਅਤੇ ਸੰਸਥਾ ਦੀ ਚੇਅਰਪਰਸਨ ਕੁਲਵਿੰਦਰ ਕੌਰ ਗੋਗਾ ਨੇ ਕਿਹਾ ਕਿ ਸੰਸਥਾ ਦਾ ਮਕਸਦ ਕੇਵਲ ਰਾਸ਼ਨ ਦੇਣਾ ਨਹੀਂ, ਸਗੋਂ ਲੋਕਾਂ ਵਿੱਚ ਜਿੰਦਗੀ ਦੇ ਪ੍ਰਤੀ ਵਿਸ਼ਵਾਸ ਜਗਾਉਣਾ ਵੀ ਹੈ।ਸੰਸਥਾ ਹਰ ਮਹੀਨੇ ਨਿਯਮਤ ਤੌਰ 'ਤੇ ਇਹ ਰਾਸ਼ਨ ਵੰਡ ਸਮਾਰੋਹ ਕਰਦੀ ਹੈ, ਜਿਸ ਰਾਹੀਂ ਬਹੁਤ ਸਾਰੇ ਪਰਿਵਾਰਾਂ ਨੂੰ ਇਸ ਦਾ ਲਾਭ ਮਿਲ ਰਿਹਾ ਹੈ। ਇਸ ਮੌਕੇ ਸੁਖਵਿੰਦਰ ਸਿੰਘ ਦਹੇਲਾ, ਹਰਦੀਪ ਸਿੰਘ ਗੁਰੂ, ਸਵਤਾਰ ਸਿੰਘ ਦਿਉਸੀ, ਲੱਖਾ ਸਿੰਘ, ਭਾਈ ਕੁਲਬੀਰ ਸਿੰਘ, ਪ੍ਰਧਾਨ ਕੁੰਦਨ ਸਿੰਘ ਨਾਗੀ, ਜੋਗਾ ਸਿੰਘ,ਅੰਮ੍ਰਿਤਪਾਲ ਸਿੰਘ,ਜਤਿੰਦਰ ਸਿੰਘ ਹੂੰਝਣ, ਕੁਲਵਿੰਦਰ ਸਿੰਘ, ਜਸਵੰਤ ਸਿੰਘ,ਬਲਵਿੰਦਰ ਸਿੰਘ ਬਿੱਲੂ,ਮਨਜੀਤ ਸਿੰਘ ਰੂਪੀ, ਮਹਿੰਦਰ ਸਿੰਘ, ਤੇਜਿੰਦਰ ਸਿੰਘ ਸੈਣੀ, ਕਮਲਜੀਤ ਸਿੰਘ ਲੋਟੇ, ਬਲਜੀਤ ਸਿੰਘ ਬਾਂਸਲ, ਦੀਪਿੰਦਰ ਸਿੰਘ ਸੱਗੂ, ਜੱਗਾ ਸਿੰਘ, ਸੁਰਜੀਤ ਸਿੰਘ ਸੰਤ, ਅਮਰਜੀਤ ਸਿੰਘ, ਸਤਵੰਤ ਸਿੰਘ ਮਠਾੜੂ, ਆਕਾਸ ਵਰਮਾ, ਜਨਕ ਮਹਾਜਨ, ਹਰਜੀ ਕੌਰ, ਬਲਵਿੰਦਰ ਕੌਰ, ਹਰਮਿੰਦਰ ਕੌਰ, ਹਰਜੀਤ ਕੌਰ, ਮਨਪ੍ਰੀਤ ਕੌਰ, ਸਿਮੀ, ਸਰੀਤ, ਡਿੰਪਲ, ਅਨੂ ਸ਼ਰਮਾ, ਰਮਾ ਸ਼ਰਮਾ, ਰੁਪਿੰਦਰ ਕੌਰ, ਸੰਦੀਪ ਕੌਰ, ਬੀਰਪਾਲ ਬਿਰਦੀ, ਅਮਨਦੀਪ ਕੌਰ ਆਦਿ ਹਾਜ਼ਰ ਸਨ।

# ਸੰਗਤ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਅੱਗੇ ਆਵੇ : ਐਡਵੋਕੇਟ ਲਾਇਲਪੁਰੀ



ਲੁਧਿਆਣਾ, 30 ਅਗਸਤ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ਼ਹੀਦਾਂ ਫ਼ੇਰੂਮਾਨ ਢੋਲੇਵਾਲ ਚੌਂਕ ਦੇ ਮੁੱਖ ਸੇਵਾਦਾਰ ਐਡਵੋਕੇਟ ਬਲਵਿੰਦਰ ਸਿੰਘ ਲਾਇਲਪੁਰੀ ਵੱਲੋਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਅਪੀਲ ਕੀਤੀ ਗਈ ਹੈ ਕਿ ਹੜ੍ਹ ਪੀੜਤ ਪਰਿਵਾਰਾਂ ਦੀ ਮੱਦਦ ਲਈ ਅੱਗੇ ਆਇਆ ਜਾਵੇ। ਉਨ੍ਹਾਂ ਕਿਹਾ ਕਿ ਹੜ੍ਹ ਪੀੜਤ ਲੋਕਾਂ ਨੂੰ ਬੁਨਿਆਦੀ ਵਸਤਾਂ ਦੀ ਲੋੜ ਹੈ । ਇਸ ਲਈ ਰਾਸ਼ਨ ਸਮੱਗਰੀ ਜਿਵੇਂ ਘਿਓ, ਖੰਡ, ਚਾਹਪੱਤੀ, ਚਾਵਲ, ਆਟਾ, ਦਾਲਾਂ ਅਤੇ ਹੋਰ ਸਮੱਗਰੀ ਜਲਦ ਤੋਂ ਜਲਦ ਗੁਰਦੁਆਰਾ ਸਾਹਿਬ ਵਿਖੇ ਭੇਜ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਐਡਵੋਕੇਟ ਲਾਇਲਪੁਰੀ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਇਸ ਸਮੱਗਰੀ ਨੂੰ ਇਕੱਠਾ ਕਰਕੇ ਜ਼ਰੂਰਤਮੰਦ ਪਰਿਵਾਰਾਂ ਤੱਕ ਪਹੁੰਚਾਵੇਗਾ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਖੁੱਲ੍ਹੇ ਮਨ ਨਾਲ ਸੇਵਾ ਵਿਚ ਹਿੱਸਾ ਪਾਉਣ।

# 'ਆਪ' ਨੇ ਪਠਾਨਕੋਟ ਦੇ ਹੜ੍ਹ-ਪੀੜਤ ਪਿੰਡਾਂ 'ਚ ਰਾਹਤ ਸਮੱਗਰੀ ਵੰਡੀ



ਲੁਧਿਆਣਾ, 30 ਅਗਸਤ (ਵਿਸ਼ਾਲ ਸ਼ਰਮਾ) : ਆਮ ਆਦਮੀ ਪਾਰਟੀ (ਆਪ) ਲੁਧਿਆਣਾ ਸ਼ਹਿਰੀ ਨੇ ਮੁਸੀਬਤ ਦੀ ਘੜੀ ਵਿੱਚ ਪਠਾਨਕੋਟ ਦੇ ਹੜ੍ਹ-ਪੀੜਤ ਲੋਕਾਂ ਦੀ ਹਿੰਮਤ ਵਜੋਂ ਖੜ੍ਹਦਿਆਂ ਇੱਕ ਪ੍ਰੇਰਨਾਦਾਇਕ ਰਾਹਤ ਮੁਹਿੰਮ ਚਲਾਈ। ਸੇਵਾ ਅਤੇ ਸਮਰਪਣ ਦੇ ਜਜ਼ਬੇ ਨਾਲ ਪਾਰਟੀ ਦੇ ਸਮੂਹ ਵਿਧਾਇਕਾਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਲੁਧਿਆਣੇ ਤੋਂ ਛੇ ਟਰੱਕ ਪਸ਼ੂਆਂ ਦਾ ਚਾਰਾ, 5,000 ਰਾਸ਼ਨ ਕਿੱਟਾਂ ਅਤੇ ਹੋਰ ਘਰੇਲੂ ਲੋੜਮੰਦ ਸਮਾਨ ਪਠਾਨਕੋਟ ਲਈ ਰਵਾਨਾ ਕੀਤੀਆਂ ਗਈਆਂ ਸਨ। ਇਹ ਸਮੱਗਰੀ ਪਠਾਨਕੋਟ ਦੇ ਸਰਨਾ ਸਥਿਤ ਰਾਧਾ ਸੁਆਮੀ ਸਤਿਸੰਗ ਘਰ ਵਿਖੇ ਇਕੱਠੀ ਕੀਤੀ ਗਈ, ਜਿੱਥੋਂ ਆਪ ਲੁਧਿਆਣਾ ਸ਼ਹਿਰੀ ਦੇ ਪ੍ਰਧਾਨ ਜਤਿੰਦਰ ਖੰਗੂੜਾ ਦੀ ਅਗਵਾਈ ਵਿੱਚ ਸਮਰਪਿਤ ਟੀਮਾਂ ਨੇ ਆਪ ਪਠਾਨਕੋਟ ਦੇ ਵਲੰਟੀਅਰਾਂ ਨਾਲ ਮਿਲ ਕੇ ਪੌਹਾ ਹਲਕੇ ਦੇ ਤਾਰਾਗੜ੍ਹ ਵਿਖੇ ਰਾਵੀ ਦਰਿਆ ਦੇ ਕੰਢੇ ਲੱਗਦੇ ਪਿੰਡਾਂ ਸਹਾਰਨਪੁਰ, ਗੱਜੂ ਖਾਲਸਾ, ਕਥਲੌਰ, ਬਰਕਤ, ਚੇਲਾ ਚੱਕ, ਜੋਗਰ ਅਤੇ ਹੋਰ ਨੇੜਲੇ ਪਿੰਡਾਂ ਵਿੱਚ ਲੋੜਵੰਦ ਪਰਿਵਾਰਾਂ ਨੂੰ ਰਾਹਤ ਪਹੁੰਚਾਈ।ਇਸ ਦੌਰਾਨ, ਹਰ ਇੱਕ ਕਿੱਟ ਨੂੰ ਪਿਆਰ ਅਤੇ ਸਤਿਕਾਰ ਨਾਲ ਵੰਡਿਆ ਗਿਆ, ਜਿਸ ਨੇ ਪੀੜਤ ਲੋਕਾਂ ਦੇ ਚਿਹਰਿਆਂ 'ਤੇ ਆਸ ਦੀ ਮੁਸਕਾਨ ਜਗਾਈ। ਇਸ ਪਹਿਲਕਦਮੀ ਦਾ ਮਕਸਦ ਸਿਰਫ਼ ਸਮੱਗਰੀ ਵੰਡਣਾ ਹੀ ਨਹੀਂ, ਸਗੋਂ ਮੁਸੀਬਤ ਵਿੱਚ ਫਸੇ ਲੋਕਾਂ ਦੇ ਹੌਂਸਲੇ ਨੂੰ ਬੁਲੰਦ ਕਰਨਾ ਸੀ। ਆਮ ਆਦਮੀ ਪਾਰਟੀ ਨੇ 'ਕੰਮ ਬੋਲਦਾ ਹੈ' ਦੇ ਸਿਧਾਂਤ ਨੂੰ ਸਾਕਾਰ ਕਰਦਿਆਂ ਆਪਣੀ ਅਟੱਲ ਸਮਾਜ ਸੇਵਾ ਦੀ ਵਚਨਬੱਧਤਾ ਨੂੰ ਮੁੜ ਸਾਬਤ ਕੀਤਾ। ਇਸ ਮੌਕੇ ਸ਼ਰਨਪਾਲ ਸਿੰਘ ਮੱਕੜ (ਸੀਨੀਅਰ ਵਾਈਸ ਪ੍ਰੈਜ਼ੀਡੈਂਟ, PMIDB), ਸ੍ਰੀ ਤਰਸੇਮ ਸਿੰਘ ਭਿੰਡਰ (ਚੇਅਰਮੈਨ, ਇੰਪਰੂਵਮੈਂਟ ਟਰੱਸਟ), ਪਰਮਿੰਦਰ ਸੰਧੂ (ਯੂਥ ਵਿੰਗ ਜ਼ੋਨ ਇੰਚਾਰਜ), ਨਿਧੀ ਗੁਪਤਾ (ਜ਼ਿਲ੍ਹਾ ਸਕੱਤਰ), ਅਮਰਿੰਦਰ ਪਾਲ ਸਿੰਘ (ਯੂਥ ਪ੍ਰਧਾਨ), ਕਪਿਲ ਸਿੱਧੂ (ਐਸ.ਸੀ. ਵਿੰਗ ਪ੍ਰਧਾਨ), ਮਨਜੀਤ ਸਿੰਘ ਹਰਮਨ, ਅਮਰਜੀਤ ਸਿੰਘ (ਸੰਗਠਨ ਇੰਚਾਰਜ), ਪੁਨੀਤ ਸਾਹਨੀ (ਮੀਡੀਆ ਇੰਚਾਰਜ), ਸ਼ਰਨਜੀਤ ਸਿੰਘ (ਸੋਸ਼ਲ ਮੀਡੀਆ ਇੰਚਾਰਜ), ਕੌਂਸਲਰ ਸਤਨਾਮ ਸਿੰਘ ਸਨੀ ਮਾਸਟਰ, ਕੌਂਸਲਰ ਅਮਰਜੀਤ ਸਿੰਘ, ਵਰਿੰਦਰ ਸਿੰਘ ਗਿੱਲ ਕੋਟਲੀ, ਅਤੇ ਬਲਵਿੰਦਰ ਸਿੰਘ (ਬਲਾਕ ਪ੍ਰਧਾਨ) ਸਮੇਤ ਕਈ ਪ੍ਰਮੁੱਖ ਸ਼ਖਸੀਅਤਾਂ ਨੇ ਹਿੱਸਾ ਲਿਆ।

# ਬਾਬਾ ਨੰਦ ਸਿੰਘ ਦੀ 82ਵੀਂ ਬਰਸੀ 'ਤੇ ਮਨੁੱਖਤਾ ਦੇ ਭਲੇ ਲਈ ਖ਼ੂਨਦਾਨ ਕੈਂਪ




ਲੁਧਿਆਣਾ, 30 ਅਗਸਤ (ਕਰਨੈਲ ਸਿੰਘ ਐੱਮ.ਏ.) : ਵਿਸ਼ਵ ਪ੍ਰਸਿੱਧ ਭਗਤੀ ਦਾ ਘਰ ਗੁਰਦੁਆਰਾ ਨਾਨਕਸਰ ਕਲੇਰਾਂ ਵਿਖੇ ਗੁਰਦੁਆਰਾ ਨਾਨਕਸਰ ਵਿਖੇ ਬਾਨੀ ਧੰਨ ਧੰਨ ਬਾਬਾ ਨੰਦ ਸਿੰਘ ਜੀ ਦੀ 82ਵੀਂ ਬਰਸੀ ਤੇ ਬਾਬਾ ਨੰਦ ਸਿੰਘ ਜੀ, ਬਾਬਾ ਈਸ਼ਰ ਸਿੰਘ ਜੀ, ਬਾਬਾ ਸਾਧੂ ਸਿੰਘ ਵੱਲੋਂ ਵਰੋਸਾਏ ਸੰਤ ਬਾਬਾ ਲੱਖਾ ਜੀ ਮੌਜੂਦਾ ਮੁੱਖੀ ਨਾਨਕਸਰ ਕਲੇਰਾਂ ਦੀ ਪ੍ਰੇਰਨਾ ਸਦਕਾ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਵੱਲੋਂ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਹੇਠ 830ਵਾਂ ਤਿੰਨ ਦਿਨਾਂ ਮਹਾਨ ਖ਼ੂਨਦਾਨ ਕੈਂਪ ਗੁ: ਨਾਨਕਸਰ ਕਲੇਰਾਂ ਵਿਖੇ ਭਾਈ ਧਰਮਿੰਦਰ ਸਿੰਘ ਨਾਨਕਸਰ ਵਾਲਿਆਂ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਮੌਕੇ 'ਤੇ ਮਹਾਨ ਖ਼ੂਨਦਾਨ ਕੈਂਪ ਉਦਘਾਟਨ ਕਰਨ ਸਮੇਂ ਸੰਤ ਬਾਬਾ ਲੱਖਾ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਨੇ ਪਿਆਰੇ ਧੰਨ ਧੰਨ ਬਾਬਾ ਨੰਦ ਸਿੰਘ ਜੀ ਦੀ ਯਾਦ ਵਿੱਚ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਵੱਲੋਂ ਮਨੁੱਖਤਾ ਦੇ ਭਲੇ ਲਈ ਲਗਾਏ ਗਏ ਮਹਾਨ ਖ਼ੂਨਦਾਨ ਕੈਂਪ ਦੇ ਉਪਰਾਲੇ ਦੀ ਸ਼ਾਲਾਘਾ ਕਰਦਿਆਂ ਕਿਹਾ, ਖ਼ੂਨ ਦਾ ਕੋਈ ਧਰਮ ਨਹੀਂ ਹੁੰਦਾ, ਕਿਸ ਧਰਮ ਦੇ ਇਨਸਾਨ ਦਾ ਖ਼ੂਨ, ਕਿਸ ਧਰਮ ਦੇ ਇਨਸਾਨ ਨੂੰ ਖ਼ੂਨ ਚੜ੍ਹ ਰਿਹਾ ਹੈ । ਖ਼ੂਨਦਾਨ ਕੈਂਪਾਂ ਰਾਹੀਂ ਅਨੇਕਾਂ ਮਨੁੱਖੀ ਜਾਨਾਂ ਨੂੰ ਬਚਾਇਆ ਜਾ ਸਕਦਾ ਅਤੇ ਸਮਾਜ ਵਿੱਚ ਆਪਸੀ ਭਾਈਚਾਰਕ ਸਾਂਝ ਮਜ਼ਬੂਤ ਹੁੰਦੀ ਹੈ। ਇਸ ਮੌਕੇ ਸੰਤ ਬਾਬਾ ਲੱਖਾ ਸਿੰਘ, ਬਾਬਾ ਗੁਰਦੇਵ ਸਿੰਘ ਚੰਡੀਗੜ੍ਹ, ਖ਼ੂਨਦਾਨ ਕਰਨ ਵਾਲੇ ਪ੍ਰਾਣੀਆਂ ਨੂੰ ਪ੍ਰਮਾਣ ਪੱਤਰ ਅਤੇ ਸਨਮਾਨ ਚਿੰਨ੍ਹ ਭੇਂਟ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਦੱਸਿਆ ਕਿ ਲੋੜਵੰਦ ਮਰੀਜ਼ਾਂ ਨੂੰ ਖ਼ੂਨ ਨਿਸ਼ਕਾਮ ਰੂਪ ਵਿੱਚ ਲੈ ਕੇ ਦਿੱਤਾ ਜਾਵੇਗਾ। ਇਸ ਮੌਕੇ 'ਤੇ ਹਰਜੰਤ ਸਿੰਘ ਯੂ.ਐਸ.ਏ, ਪ੍ਰਧਾਨ ਸਵਰਨ ਸਿੰਘ ਰਿਵਾੜੀ, ਬਲਦੇਵ ਸਿੰਘ, ਪ੍ਰੇਮ ਸਿੰਘ ਜਗਾਧਰੀ, ਸਵਰਨ ਸਿੰਘ ਜੰਮੂ, ਦਵਿੰਦਰ ਕੁਮਾਰ, ਦਰਸ਼ਨ ਸਿੰਘ, ਭੁਪਿੰਦਰ ਸਿੰਘ ਆਨੰਦ, ਸਰਬਜੀਤ ਸਿੰਘ, ਕੁਲਦੀਪ ਸਿੰਘ ਗਰੇਵਾਲ, ਮਨਵਿੰਦਰ ਸਿੰਘ ਲੱਕੀ, ਹਰਮਿੰਦਰ ਰਾਣਾ, ਪਰਮਿੰਦਰ ਸਿੰਘ ਮਲਾਂਵਾਲਾ, ਓਂਕਾਰ ਸਿੰਘ ਜਗਰਾਓਂ, ਸਰਬਜੀਤ ਸਿੰਘ ਸੋਨੂ ਸੋਹਲ, ਹਰਬੰਸ ਸਿੰਘ ਫੌਜੀ ਬਿਲਗਾ ਹਾਜ਼ਰ ਸਨ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਚੁਪਹਿਰਾ ਸਮਾਗਮ ਕਰਵਾਇਆ




ਲੁਧਿਆਣਾ, 30 ਅਗਸਤ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ਼ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ ਲੁਧਿਆਣਾ ਵਿਖੇ ਚੁਪਹਿਰਾ ਸਮਾਗਮ ਬੀਤੇ ਦਿਨੀਂ ਬੜੇ ਸ਼ਰਧਾ ਭਾਵਨਾ ਨਾਲ ਆਯੋਜਿਤ ਕੀਤਾ ਗਿਆ । ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗੁਰਮੀਤ ਸਿੰਘ ਨੇ ਦੱਸਿਆ ਕਿ ਮਹਾਨ ਜਪ-ਤਪ ਚੁਪਹਿਰਾ ਸਮਾਗਮ ਵਿੱਚ ਜਪੁਜੀ ਸਾਹਿਬ, ਚੌਪਈ ਸਾਹਿਬ, ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ ਅਤੇ ਬੀਬੀਆਂ ਦੇ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਉਹਨਾਂ ਨੇ ਦੱਸਿਆ ਕਿ ਜਪ-ਤਪ ਚੁਪਹਿਰਾ ਸਮਾਗਮ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਜੋੜਨ ਲਈ ਹਰ ਵੀਰਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਬਾਅਦ ਦੁਪਹਿਰ 2 ਵਜੇ ਤੋਂ ਸ਼ਾਮ 6 ਵਜੇ ਤੱਕ ਕਰਵਾਇਆ ਜਾਂਦਾ ਹੈ। ਸ੍ਰ: ਗੁਰਮੀਤ ਸਿੰਘ ਨੇ ਗੁਰੂ ਤੇਗ਼ ਬਹਾਦਰ ਨਗਰ ਦੀਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਹਰ ਜਪ-ਤਪ ਚੁਪਹਿਰਾ ਸਮਾਗਮ ਵਿੱਚ ਆਪਣੀਆਂ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ। ਇਸ ਮੌਕੇ ਉਹਨਾਂ ਦੇ ਨਾਲ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਸ੍ਰ: ਸੁਰਜੀਤ ਸਿੰਘ ਖੁਰਾਣਾ, ਸ੍ਰ: ਸੁਰਿੰਦਰ ਸਿੰਘ, ਸ੍ਰ ਜਰਨੈਲ ਸਿੰਘ ਸੈਣੀ, ਸ੍ਰ: ਪਲਵਿੰਦਰ ਸਿੰਘ, ਸ੍ਰ: ਰਣਜੀਤ ਸਿੰਘ, ਸ੍ਰ: ਸਵਰਨ ਸਿੰਘ, ਸ੍ਰ: ਜੋਗਿੰਦਰ ਸਿੰਘ, ਸ੍ਰ: ਹਰਦੇਵ ਸਿੰਘ, ਸ੍ਰ: ਤਲਵਿੰਦਰ ਸਿੰਘ, ਸ੍ਰ: ਤਜਿੰਦਰ ਸਿੰਘ, ਸ੍ਰ: ਜਤਿੰਦਰ ਸਿੰਘ, ਸ੍ਰ: ਨਿਰਮਲ ਸਿੰਘ, ਸ੍ਰ: ਨਿਰਮਲ ਸਿੰਘ ਸੈਣੀ, ਹੈਪੀ ਗਲਹੋਤਰਾ, ਅਵਤਾਰ ਸਿੰਘ ਕੈਂਥ ਅਤੇ ਮਾਸਟਰ ਗੁਰਮੀਤ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਨਾਮ ਸਿਮਰਨ ਅਭਿਆਸ ਅੱਜ



ਲੁਧਿਆਣਾ, 30 ਅਗਸਤ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ਼ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ ਲੁਧਿਆਣਾ ਵਿਖੇ ਹਫਤਾਵਾਰੀ ਨਾਮ ਸਿਮਰਨ ਅਭਿਆਸ ਸਮਾਗਮ 31 ਅਗਸਤ ਦਿਨ ਐਤਵਾਰ ਨੂੰ ਰਾਤ 7-30 ਵਜੇ ਤੋਂ 8-30 ਵਜੇ ਤੱਕ ਕਰਵਾਇਆ ਜਾ ਰਿਹਾ ਹੈ।ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗੁਰਮੀਤ ਸਿੰਘ ਤੇ ਖ਼ਜ਼ਾਨਚੀ ਸ੍ਰ: ਸੁਰਜੀਤ ਸਿੰਘ ਖੁਰਾਣਾ ਨੇ ਸਰਬੱਤ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਸਮਾਗਮ ਵਿੱਚ ਪਹੁੰਚ ਕੇ ਆਪਣਾ ਜੀਵਨ ਸਫਲ ਕਰਨ ਲਈ ਬੇਨਤੀ ਕੀਤੀ ।

# ਬੈਂਸ ਅਤੇ ਕਲੇਰ ਨੇ ਕੀਤਾ ਵਾਰਡ ਨੰ. 45 ਅਤੇ 31 ਦੇ ਕਾਂਗਰਸ ਦੇ ਸਾਂਝੇ ਦਫ਼ਤਰ ਦਾ ਉਦਘਾਟਨ



ਲੁਧਿਆਣਾ, 30 ਅਗਸਤ (ਰਵਿੰਦਰ ਸਿੰਘ ਨਿੱਝਰ) : ਵਿਧਾਨ ਸਭਾ ਹਲਕਾ ਆਤਮ ਨਗਰ ਦੇ ਵਾਰਡ ਨੰਬਰ 45 ਦੇ ਕਾਂਗਰਸ ਪਾਰਟੀ ਦੇ ਪ੍ਰਧਾਨ ਜਗਬੀਰ ਸਿੰਘ ਜੱਗੀ, ਯੂਥ ਦੇ ਪ੍ਰਧਾਨ ਅਤਿੰਦਰ ਸਿੰਘ ਕੈਪਟਨ ਅਤੇ ਸੁਖਬੀਰ ਸਿੰਘ ਮਠਾੜੂ ਵੱਲੋਂ ਮੁਹੱਲਾ ਵਿਸ਼ਕਰਮਾ ਕਲੋਨੀ 'ਚ ਕਾਂਗਰਸ ਪਾਰਟੀ ਦੇ ਵਾਰਡ ਨੰਬਰ 45 ਅਤੇ 31 ਦਾ ਸਾਂਝਾ ਦਫਤਰ ਖੋਲ੍ਹਿਆ ਗਿਆ, ਜਿਸ ਦਾ ਉਦਘਾਟਨ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਅਤੇ ਕਾਂਗਰਸ ਬਲਾਕ ਪ੍ਰਧਾਨ ਹਰਵਿੰਦਰ ਸਿੰਘ ਕਲੇਰ ਨੇ ਕੀਤਾ। ਇਸ ਮੌਕੇ 'ਤੇ ਸੰਬੋਧਨ ਕਰਦਿਆਂ ਬੈਂਸ ਅਤੇ ਕਲੇਰ ਨੇ ਕਿਹਾ ਕਿ ਪੰਜਾਬ ਵਿੱਚ ਪਈ ਭਾਰੀ ਬਾਰਿਸ਼ ਕਾਰਨ ਕਈ ਜ਼ਿਲ੍ਹਿਆਂ ਵਿੱਚ ਹੜ੍ਹਾਂ ਕਾਰਨ ਲੋਕ ਤਰਾਹ ਤਰਾਹ ਕਰ ਰਹੇ ਹਨ ਅਤੇ ਲੁਧਿਆਣਾ ਵਾਸੀ ਲੁਧਿਆਣਾ ਦੇ ਵਿਧਾਇਕਾਂ ਅਤੇ ਨਗਰ ਨਿਗਮ ਦੇ ਨੁਮਾਇੰਦਿਆਂ ਅਤੇ ਅਧਿਕਾਰੀਆਂ ਦੀਆਂ ਨਲਾਇਕੀਆਂ ਕਾਰਨ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਉਹਨਾਂ ਕਿਹਾ ਕਿ ਲੁਧਿਆਣਾ ਵਿੱਚ ਵੱਡੀ ਗਿਣਤੀ ਵਿੱਚ ਸੜਕਾਂ ਵਿੱਚ ਟੋਏ ਨਹੀਂ, ਸਗੋਂ ਟੋਇਆ ਵਿੱਚ ਸੜਕਾਂ ਨਜ਼ਰ ਆਉਂਦੀਆਂ ਹਨ। ਬਰਸਾਤ ਹੋਣ ਤੋਂ ਬਾਅਦ ਮਹਾਂਨਗਰ ਦੀਆਂ ਸੜਕਾਂ ਨਦੀਆਂ ਨਹਿਰਾਂ ਦਾ ਰੂਪ ਧਾਰਨ ਕਰ ਜਾਂਦੀਆਂ ਹਨ ਅਤੇ ਸੀਵਰੇਜ ਦਾ ਗੰਦਾ ਪਾਣੀ ਬਰਸਾਤੀ ਪਾਣੀ ਨਾਲ ਰਲ ਕੇ ਲੋਕਾਂ ਦੇ ਘਰਾਂ ਵਿੱਚ ਵੜਦਾ ਦਿਖਾਈ ਦਿੰਦਾ ਹੈ। ਜਿਸ ਕਾਰਨ ਭਵਿੱਖ ਵਿੱਚ ਮਾਰੂ ਬਿਮਾਰੀਆਂ ਦਾ ਹਮਲਾ ਵੀ ਹੋ ਸਕਦਾ । ਬੈਂਸ ਅਤੇ ਕਲੇਰ ਨੇ ਕਿਹਾ ਕਿ ਮਹਾਨਗਰ ਲੁਧਿਆਣਾ ਵਿੱਚ ਹੁਣ ਤੱਕ ਜਿੰਨਾ ਵੀ ਵਿਕਾਸ ਹੋਇਆ ਹੈ, ਉਹ ਕਾਂਗਰਸ ਦੀਆਂ ਸਰਕਾਰਾਂ ਨੇ ਹੀ ਕੀਤਾ ਹੈ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਬਹੁ ਗਿਣਤੀ ਨਾਲ ਮੁੜ ਸੱਤਾ ਵਿੱਚ ਆਏਗੀ, ਜੋਕਿ ਪੰਜਾਬ ਖਾਸ ਕਰਕੇ ਲੁਧਿਆਣਾ ਦਾ ਸਰਬਪੱਖੀ ਵਿਕਾਸ ਪਾਰਦਰਸ਼ੀ ਢੰਗ ਨਾਲ ਕਰਨ ਲਈ ਵਚਨਬੱਧ ਹੈ। ਇਸ ਮੌਕੇ 'ਤੇ ਵੱਡੀ ਗਿਣਤੀ 'ਚ ਪੁੱਜੇ ਇਲਾਕਾ ਨਿਵਾਸੀਆਂ ਨੇ ਸਿਮਰਜੀਤ ਸਿੰਘ ਬੈਂਸ ਅਤੇ ਹਰਵਿੰਦਰ ਸਿੰਘ ਕਲੇਰ ਸਮੇਤ ਹੋਰ ਪਤਵੰਤੇ ਸਜਣਾਂ ਦਾ ਸਿਰਪਾਓ ਭੇਟ ਕਰਕੇ ਸਵਾਗਤ ਕੀਤਾ। ਹੋਰ ਮੈਂਬਰ ਸੁਖਵੀਰ ਮਠਾੜੂ, ਬੱਬਲ ਸੇਠੀ, ਲਾਡੀ ਪਨੇਸਰ, ਜਗਦੀਪ ਸਿੰਘ, ਬੱਬਲੋ, ਮੁਕੇਸ਼ ਅਵਸਥੀ, ਬਬਲੂ, ਗੁਰਪ੍ਰੀਤ ਸਿੰਘ, ਹਿਮਾਂਸ਼ੂ, ਕ੍ਰਿਸ਼ਨ ਕੁਮਾਰ, ਮਨਜੀਤ ਸਿੰਘ , ਪਰਮਿੰਦਰ ਸਿੰਘ, ਸੰਨੀ, ਵਿਜੇ ਕੁਮਾਰ, ਗੁਰਬਚਨ ਸ਼ੋਕੀ, ਐਡਵੋਕੇਟ ਹਰਪਿੰਦਰ ਸਿੰਘ, ਸੁਖਵੀਰ ਸਿੰਘ ਮਠਾੜੂ ਆਦਿ ਵੀ ਮੌਜੂਦ ਸਨ।

# ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਮਿਲਾਪ ਦਿਹਾੜਾ ਮਨਾਉਣ ਲਈ ਜੱਥਾ ਰਵਾਨਾ



ਲੁਧਿਆਣਾ, 30 ਅਗਸਤ (ਰਵਿੰਦਰ ਸਿੰਘ ਨਿੱਝਰ) : ਅੱਜ ਇਤਿਹਾਸਿਕ ਮਿਲਾਪ ਦਿਹਾੜਾ ਜੋ ਦਸਮ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਤੇ ਮਾਧੋਦਾਸ ਬੈਰਾਗੀ (ਬਾਬਾ ਬੰਦਾ ਸਿੰਘ ਬਹਾਦਰ) ਵਿਚਕਾਰ 3 ਸਤੰਬਰ 1708 ਨੂੰ ਗੋਦਾਵਰੀ ਨਦੀ ਦੇ ਕੰਢੇ ਸ਼੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਹੋਇਆ ਸੀ। ਉਹ ਮਿਲਾਪ ਦਿਹਾੜਾ ਮਨਾਉਣ ਲਈ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦਾ 23ਵਾਂ ਜੱਥਾ ਫਾਊਂਡੇਸ਼ਨ ਦੇ ਅੰਤਰਰਾਸ਼ਟਰੀ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਉਮਰਾਓ ਸਿੰਘ ਛੀਨਾ ਪ੍ਰਧਾਨ ਫਾਊਂਡੇਸ਼ਨ ਹਰਿਆਣਾ, ਇੰਦਰਜੀਤ ਸਿੰਘ ਢਿੱਲੋਂ ਸਰਪ੍ਰਸਤ ਫਾਊਂਡੇਸ਼ਨ ਸੰਡੌਰਾ, ਬਲਜਿੰਦਰ ਸਿੰਘ ਲੁਹਾਰਾ, ਮਨੋਹਰ ਸਿੰਘ ਗਿੱਲ, ਤਰਲੋਚਨ ਸਿੰਘ ਬਿਲਾਸਪੁਰ, ਦੀਪ ਲੁਧਿਆਣਾਵੀ, ਕੰਚਨ ਬਾਵਾ ਅਤੇ ਅਸ਼ੋਕ ਖੇੜਾ ਦੀ ਅਗਵਾਈ ਵਿੱਚ ਲੁਧਿਆਣਾ ਰੇਲਵੇ ਸਟੇਸ਼ਨ ਤੋਂ ਰਵਾਨਾ ਹੋਇਆ, ਜਿਸ ਨੂੰ ਰਵਾਨਾ ਕਰਨ ਦੀ ਰਸਮ ਕੈਪਟਨ ਸੰਦੀਪ ਸਿੰਘ ਸੰਧੂ ਜਨਰਲ ਸਕੱਤਰ ਪੰਜਾਬ ਪ੍ਰਦੇਸ਼ ਕਾਂਗਰਸ, ਐੱਸ.ਐੱਸ ਖੁਰਾਣਾ, ਸਤੀਸ਼ ਬਜਾਜ, ਰਾਜੂ ਬਾਜੜਾ ਅਤੇ ਸੂਬਾ ਪ੍ਰਧਾਨ ਕਰਨੈਲ ਸਿੰਘ ਗਿੱਲ ਨੇ ਨਿਭਾਈ।

ਇਸ ਸਮੇਂ ਕੈਪਟਨ ਸੰਧੂ ਅਤੇ ਖੁਰਾਣਾ ਨੇ ਕਿਹਾ ਕਿ ਇਹ ਸ੍ਰੀ ਬਾਵਾ ਅਤੇ ਉਹਨਾਂ ਦੇ ਸਾਥੀਆਂ ਦਾ ਸ਼ਲਾਘਾਯੋਗ ਉਪਰਾਲਾ ਹੈ, ਜੋ ਪਿਛਲੇ 22 ਸਾਲ ਤੋਂ ਜੱਥਾ ਸੱਚਖੰਡ ਐਕਸਪ੍ਰੈੱਸ ਟਰੇਨ ਰਾਹੀਂ ਲਿਜਾਕੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਵਿਚਕਾਰ ਹੋਏ ਇਤਿਹਾਸਿਕ ਮਿਲਾਪ ਦਾ ਦਿਹਾੜਾ ਮਨਾਉਣ ਲਈ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਜਾਂਦੇ ਹਨ। ਇਸ ਸਮੇਂ ਸ੍ਰੀ ਬਾਵਾ ਨੇ ਕਿਹਾ ਕਿ ਜੱਥਾ 31 ਅਗਸਤ ਸ਼ਾਮ ਨੂੰ ਸ੍ਰੀ ਹਜ਼ੂਰ ਸਾਹਿਬ ਪਹੁੰਚੇਗਾ। 1 ਸਤੰਬਰ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 3 ਸਤੰਬਰ ਨੂੰ ਸ੍ਰੀ ਸੱਚਖੰਡ ਸਾਹਿਬ ਵਿਖੇ ਸਵੇਰੇ 8 ਵਜੇ ਭੋਗ ਉਪਰੰਤ 10 ਵਜੇ ਬਾਬਾ ਬੰਦਾ ਘਾਟ ਗੁਰਦੁਆਰਾ ਸਾਹਿਬ ਵਿਖੇ ਦੀਵਾਨ ਸਜਣਗੇ, ਜਿਸ ਵਿੱਚ ਢਾਡੀ, ਕਵੀਸ਼ਰ, ਇਤਿਹਾਸਕਾਰ ਸੰਗਤਾਂ ਨੂੰ ਗੌਰਵਮਈ ਇਤਿਹਾਸ ਨਾਲ ਜੋੜਨਗੇ।

ਇਸ ਸਮੇਂ ਗੁਲਜਿੰਦਰ ਸਿੰਘ ਗਿੱਲ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ, ਕਮਿੱਕਰ ਸਿੰਘ ਗਿੱਲ, ਮਨੋਹਰ ਸਿੰਘ ਗਿੱਲ, ਡਾ. ਜਗਬੀਰ ਸਿੰਘ, ਮਨਜੀਤ ਸਿੰਘ ਲੁਹਾਰਾ, ਅਮਰ ਸਿੰਘ ਗਿੱਲ, ਸੇਵਾ ਸਿੰਘ ਗਿੱਲ, ਕੁਲਜੀਤ ਸਿੰਘ ਗਿੱਲ ਅਤੇ ਇੰਦਰਜੀਤ ਸਿੰਘ ਆਦਿ ਵੀ ਮੌਜੂਦ ਸਨ।

# ਵਿਧਾਇਕ ਬੱਗਾ ਵੱਲੋਂ ਸੜਕ ਨਿਰਮਾਣ ਕਾਰਜਾਂ ਦਾ ਉਦਘਾਟਨ



ਲੁਧਿਆਣਾ, 30 ਅਗਸਤ (ਵਿਸ਼ਾਲ ਸ਼ਰਮਾ) : ਵਿਧਾਨ ਸਭਾ ਹਲਕਾ ਲੁਧਿਆਣਾ ਉੱਤਰੀ ਦੇ ਵਸਨੀਕਾਂ ਨੂੰ ਸੁਖਾਵੀਂ ਆਵਾਜਾਈ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਸਥਾਨਕ ਜਲੰਧਰ ਬਾਈਪਾਸ ਨੇੜੇ, ਨਗਰ ਨਿਗਮ ਅਧੀਨ ਸਰਵਿਸ ਲੇਨ ਦੇ ਨਿਰਮਾਣ ਕਾਰਜ਼ਾਂ ਦਾ ਉਦਘਾਟਨ ਕੀਤਾ ਗਿਆ। ਵਿਧਾਇਕ ਬੱਗਾ ਨੇ ਦੱਸਿਆ ਕਿ ਪਹਿਲਾਂ ਇਸ ਸੜਕ 'ਤੇ ਪਾਣੀ ਅਤੇ ਸੀਵਰੇਜ ਸਪਲਾਈ ਯਕੀਨੀ ਬਣਾਈ ਗਈ, ਉਪਰੰਤ ਸੜਕ ਨਿਰਮਾਣ ਕਾਰਜ਼ਾਂ ਦੀ ਸ਼ੁਰੂਆਤ ਕਰਵਾਈ ਗਈ। ਵਿਧਾਇਕ ਮਦਨ ਲਾਲ ਬੱਗਾ ਨੇ ਦੱਸਿਆ ਕਿ ਇਸ ਸੜਕ ਦੇ ਨਿਰਮਾਣ ਕਾਰਜ਼ ਮੁਕੰਮਲ ਹੋਣ ਤੋਂ ਬਾਅਦ, ਲੋਕਾਂ ਲਈ ਸਰਵਿਸ ਲੇਨ ਦੀ ਵਰਤੋਂ ਕਰਕੇ ਜਲੰਧਰ ਬਾਈਪਾਸ ਤੋਂ ਸਿੱਧਾ ਬੁੱਢਾ ਦਰਿਆ ਤੱਕ ਆਵਾਜਾਈ ਸੁਖਾਵੀਂ ਹੋ ਜਾਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਪੁਰਾਣੀ ਸਬਜ਼ੀ ਮੰਡੀ ਵਾਲੀ ਸਰਵਿਸ ਲੇਨ ਪਹਿਲਾਂ ਹੀ ਮੁਕੰਮਲ ਕੀਤੀ ਜਾ ਚੁੱਕੀ ਹੈ। ਹਲਕਾ ਲੁਧਿਆਣਾ ਉੱਤਰੀ ਨੂੰ ਵਿਕਾਸ ਪੱਖੋਂ ਮੋਹਰੀ ਬਣਾਉਣ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਵਿਧਾਇਕ ਬੱਗਾ ਨੇ ਕਿਹਾ ਕਿ ਪਿੰਡਾਂ ਦੇ ਨਾਲ ਸ਼ਹਿਰਾਂ ਦੇ ਵਿੱਚ ਵੀ ਸੜਕ ਕੁਨੇਕਟੀਵਿਟੀ ਨੂੰ ਚੰਗਾ ਬਣਾਉਣ ਦੇ ਲਈ ਲਗਾਤਾਰ ਸਾਡੀ ਸਰਕਾਰ ਵੱਲੋਂ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਸਨੀਕਾਂ ਨੂੰ ਸਿਹਤ, ਸਿੱਖਿਆ ਤੇ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

# ਨਸ਼ਾ ਕਰਨ ਵਾਲੇ ਦੋਸਤ ਦੀ ਡੋਪ ਟੈਸਟ ਰਿਪੋਰਟ ਨੈਗੇਟਿਵ ਦੇਣ ਤੋਂ ਇਨਕਾਰ ਕਰਨ 'ਤੇ 'ਆਪ' ਨੇਤਾ ਨੇ ਦਿੱਤੀ ਐਸਐਮਓ ਨੂੰ ਧਮਕੀ

ਜਗਰਾਓਂ, 30 ਅਗਸਤ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਜਿੱਥੇ ਕਿ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ।ਉਸ ਮੁਹਿੰਮ ਦੀ ਪਰਵਾਹ ਨਾ ਕਰਦਾ ਹੋਇਆ ਇੱਕ ਆਪ ਨੇਤਾ ਸੱਤਾ ਦੇ ਨਸ਼ੇ ਵਿੱਚ ਚੂਰ ਇਸ ਦੀ ਮਿਸਾਲ ਜਗਰਾਓਂ ਦੇ ਆਪ ਨੇਤਾ ਵੱਲੋਂ ਪੇਸ਼ ਕੀਤੀ ਗਈ। ਸਿਵਲ ਹਸਪਤਾਲ ਇੱਕ ਆਪਣੇ ਆਪ ਨੂੰ ਸਰਕਾਰ ਦਾ ਨੇਤਾ ਦੱਸਣ ਵਾਲਾ ਆਪਣੇ ਦੋਸਤ ਨੂੰ ਜੋ ਕਿ ਅਫੀਮ ਦਾ ਨਸ਼ਾ ਕਰਦਾ ਹੈ, ਉਸ ਦਾ ਡੋਪ ਟੈਸਟ ਕਰਵਾਉਣ ਲਈ ਉਸਨੂੰ ਨਾਲ ਲੈ ਕੇ ਜਦੋਂ ਉਹ ਸਿਵਲ ਹਸਪਤਾਲ ਵਿੱਚ ਐਸ ਐਮ ਓ ਕੋਲ ਗਿਆ, ਤਾਂ ਉਨ੍ਹਾਂ ਨੂੰ ਆਪਣੇ ਦੋਸਤ ਦਾ ਡੋਪ ਟੈਸਟ ਕਰਕੇ ਉਸਦੀ ਰਿਪੋਰਟ ਨੈਗਟਿਵ ਦੇਣ ਦਾ ਹੁਕਮ ਸੁਣਾ ਦਿੱਤਾ।ਐਸ ਐਮ ਓ ਡਾ. ਹਰਜੀਤ ਸਿੰਘ ਵੱਲੋਂ ਇਨਕਾਰ ਕਰਨ 'ਤੇ ਆਪ ਨੇਤਾ ਵੱਲੋਂ ਐਸਐਮਓ ਨੂੰ ਨਤੀਜੇ ਭੁਗਤਨ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਜਿਸਦੀ ਸ਼ਿਕਾਇਤ ਐਸਐਮਓ ਵੱਲੋਂ ਐਸਐਸਪੀ ਨੂੰ ਦੇ ਕੇ ਕਾਰਵਾਈ ਲਈ ਕਿਹਾ ਗਿਆ। ਐਸਐਮਓ ਡਾ ਹਰਜੀਤ ਸਿੰਘ ਨੇ ਐਸਐਸਪੀ ਨੂੰ ਦਿੱਤੀ ਸ਼ਿਕਾਇਤ ਵਿੱਚ ਕਿਹਾ ਕਿ ਮਿਤੀ 27.08.2025 ਸਾਜਨ ਮਲਹੋਤਰਾ ਸਪੁੱਤਰ ਲੇਟ ਰਾਕੇਸ਼ ਮਲਹੋਤਰਾ ਵਾਸੀ ਬੇਰੀਆਂ ਦਾ ਮੁੱਹਲਾ ਨੇੜੇ ਲੱਪੇ ਸ਼ਾਹ ਚੌਂਕ ਜਗਰਾਓਂ, ਆਪਣੇ ਕਿਸੇ ਸਾਥੀ ਦਾ ਡੋਪ ਟੈਸਟ ਕਰਵਾਉਣ ਲਈ ਆਇਆ ਸੀ। ਉਸ ਵੱਲੋ ਦੱਸਿਆ ਗਿਆ ਕਿ ਮੇਰਾ ਦੋਸਤ ਜਿਸ ਦਾ ਕਿ ਮੈਂ ਡੋਪ ਟੈਸਟ ਕਰਵਾਉਣਾ ਹੈ, ਉਹ ਅਫੀਮ ਖਾਂਦਾ ਹੈ ਅਤੇ ਮੈਨੂੰ ਡੋਪ ਟੈਸਟ ਦੀ ਰਿਪੋਰਟ ਨੈਗੇਟਿਵ ਚਾਹਿਦੀ ਹੈ ।ਸਾਜਨ ਮਲਹੋਤਰਾ ਵੱਲੋਂ ਮੈਨੂੰ ਮੌਜੂਦਾ ਵਧਾਇਕਾ ਦੇ ਪਤੀ ਦਾ ਨਾਮ ਲਿਆ ਗਿਆ, ਕਿ ਉਨ੍ਹਾਂ ਨੇ ਮੈਨੂੰ ਭੇਜਿਆ ਹੈ। ਪਰੰਤੂ ਮੇਰੇ ਵੱਲੋਂ ਉਸਨੂੰ ਤਿੰਨ ਹਫਤੇ ਦਾ ਪ੍ਰਹੇਜ ਕਰਕੇ ਦੁਬਾਰਾ ਆਉਣ ਦੀ ਸਲਾਹ ਦਿੱਤੀ ਗਈ। ਜਿਸ ਨਾਲ ਉਹ ਆਪਣਾ ਆਪਾ ਖੋਹ ਬੈਠਾ ਅਤੇ ਮੈਨੂੰ ਸ਼ਹਿਰ ਦੇ ਵੱਡੇ ਰਾਜਨੀਤਿਕ ਲੋਕਾਂ ਦੇ ਨਾਲ ਨੇੜਤਾ ਹੋਣ ਦੀਆਂ ਧਮਕੀਆਂ ਦੇਣ ਲੱਗਾ। ਇਸ ਤੋਂ ਇਲਾਵਾ ਉਸ ਨੇ ਸਿਵਲ ਹਸਪਤਾਲ ਜਗਰਾਓਂ ਦੇ ਸਟਾਫ ਉੱਪਰ ਅਤੇ ਮੇਰੇ ਉੱਪਰ ਪੈਸੇ ਲੈਣ ਦੇ ਝੂਠੇ ਅਤੇ ਬੇਬੁਨਿਆਦ ਇਲਜਾਮ ਵੀ ਲਗਾਏ।

# ਦੇਸ਼ ਭਗਤ ਯੂਨੀਵਰਸਿਟੀ ਨੇ ਦੰਦਾਂ ਦੇ ਇਲਾਜ 'ਚ ਨਵੀਨਤਾ ਦੇ ਮੁੱਖ ਪਹਿਲੂਆਂ 'ਤੇ ਦਿੱਤਾ ਜ਼ੋਰ



ਮੰਡੀ ਗੋਬਿੰਦਗੜ੍ਹ, 30 ਅਗਸਤ (ਅੰਮ੍ਰਿਤਪਾਲ ਸਿੰਘ/ਸੂਦ): ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਅਤੇ ਪ੍ਰੋ. ਚਾਂਸਲਰ ਡਾ. ਤਜਿੰਦਰ ਕੌਰ ਦੀ ਅਗਵਾਈ ਹੇਠ ਦੇਸ਼ ਭਗਤ ਯੂਨੀਵਰਸਿਟੀ ਦੇ ਡੈਂਟਲ ਸਾਇੰਸਜ਼ ਫ਼ੈਕਲਟੀ ਨੇ ਸੰਸਥਾ ਦੀ ਇਨੋਵੇਸ਼ਨ ਕੌਂਸਲ ਦੇ ਸਹਿਯੋਗ ਨਾਲ 'ਦੰਦਾਂ ਦੇ ਵਿਗਿਆਨ ਵਿਚ ਨਵੀਨਤਾ ਪ੍ਰਮਾਣਿਕਤਾ' ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਕਰਵਾਇਆ, ਜਿਸ ਦਾ ਉਦਘਾਟਨ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ, ਕਾਲਜ ਪ੍ਰਿੰਸੀਪਲ ਡਾ. ਵਿਕਰਮ ਬਾਲੀ ਤੇ ਉਪ ਪ੍ਰਿੰਸੀਪਲ ਡਾ. ਤੇਜਵੀਰ ਸਿੰਘ ਨੇ ਕੀਤਾ। ਸੈਸ਼ਨ ਦਾ ਸੰਚਾਲਨ ਸਹਾਇਕ ਪ੍ਰੋਫ਼ੈਸਰ ਡਾ. ਵਿਭੂਤੀ ਨੇ ਬਤੌਰ ਰਿਸੋਰਸ ਪਰਸਨ ਕੀਤਾ। ਇਸ ਦਾ ਉਦੇਸ਼ ਵਿਦਿਆਰਥੀ, ਫ਼ੈਕਲਟੀ ਅਤੇ ਦੰਦਾਂ ਦੇ ਪੇਸੇਵਰਾਂ ਨੂੰ ਇਸ ਬਾਰੇ ਜਾਗਰੂਕ ਕਰਨਾ ਸੀ ਕਿ ਦੰਦਾਂ ਦੇ ਵਿਗਿਆਨ ਤੇ ਤਕਨਾਲੋਜੀ ਵਿਚ ਨਵੀਨਤਾਕਾਰੀ ਵਿਚਾਰਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਮਾਣਿਤ, ਅਨੁਕੂਲਿਤ ਅਤੇ ਲਾਗੂ ਕੀਤਾ ਜਾ ਸਕਦਾ ਹੈ ਤਾਂ ਜੋ ਮਰੀਜ਼ਾਂ ਦੇ ਨਤੀਜਿਆਂ ਤੇ ਦੰਦਾਂ ਦੇ ਅਭਿਆਸਾਂ ਨੂੰ ਬਿਹਤਰ ਬਣਾਇਆ ਜਾ ਸਕੇ। ਡਾ. ਵਿਭੂਤੀ ਨੇ ਦੰਦਾਂ ਦੇ ਇਲਾਜ ਵਿਚ ਨਵੀਨਤਾ ਦੇ ਮੁੱਖ ਪਹਿਲੂਆਂ 'ਤੇ ਜ਼ੋਰ ਦਿੱਤਾ, ਜਿਸ ਵਿਚ ਨਵੀਆਂ ਤਕਨੀਕਾਂ, ਸਮੱਗਰੀ, ਡਿਜ਼ੀਟਲ ਔਜ਼ਾਰ ਅਤੇ ਉਪਕਰਣ ਸ਼ਾਮਲ ਹਨ ਜੋ ਕਲੀਨੀਕਲ ਅਭਿਆਸ ਵਿਚ ਕ੍ਰਾਂਤੀ ਲਿਆਉਣ ਦੀ ਸਮਰੱਥਾ ਰਖਦੇ ਹਨ। ਉਨ੍ਹਾਂ ਪ੍ਰਮਾਣਿਕਤਾ ਦੀ ਮਹੱਤਤਾ ਨੂੰ ਉਜਾਗਰ ਕਰਦੇ ਹੋਏ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕੋਈ ਵੀ ਨਵਾਂ ਤਰੀਕਾ ਜਾਂ ਤਕਨਾਲੋਜੀ ਅਪਨਾਉਣ ਤੋਂ ਪਹਿਲਾਂ ਸੁਰੱਖਿਆ, ਪ੍ਰਭਾਵਸ਼ੀਲਤਾ, ਲਾਗਤ-ਪ੍ਰਭਾਵਸ਼ੀਲਤਾ ਤੇ ਰੈਗੂਲੇਟਰੀ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

# ਚੜ੍ਹਦਾ ਸੂਰਜ ਅਭਿਆਨ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਤੇ ਗੈਰ-ਸਰਕਾਰੀ ਸੰਗਠਨਾਂ ਵੱਲੋਂ ਰਾਹਤ ਕਾਰਜਾਂ 'ਚ ਤੇਜ਼ੀ

ਹੁਸ਼ਿਆਰਪੁਰ, 30 ਅਗਸਤ (ਪਰਮਿੰਦਰ ਘੁੰਮਣ): ਹੁਸ਼ਿਆਰਪੁਰ ਜ਼ਿਲ੍ਹੇ ਵਿਚ ਕਈ ਥਾਵਾਂ 'ਤੇ ਆਏ ਹੜ੍ਹਾਂ ਨੇ ਕਈ ਪਿੰਡ ਪ੍ਰਭਾਵਿਤ ਕੀਤੇ, ਪਰ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਕੁਸ਼ਲ ਅਗਵਾਈ ਨੇ ਇਸ ਆਫ਼ਤ ਨੂੰ ਸੇਵਾ ਤੇ ਸਹਿਯੋਗ ਦੀ ਲਹਿਰ ਵਿੱਚ ਬਦਲ ਦਿੱਤਾ। ਚੜ੍ਹਦਾ ਸੂਰਜ ਅਭਿਆਨ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਤੇ ਗੈਰ-ਸਰਕਾਰੀ ਸੰਗਠਨਾਂ ਨੇ ਮਿਲ ਕੇ ਰਾਹਤ ਕਾਰਜ ਯੋਜਨਾਬੱਧ ਤੇ ਮਨੁੱਖੀ ਢੰਗ ਨਾਲ ਕੀਤੇ ਹਨ, ਜੋ ਜ਼ਿਲ੍ਹੇ ਲਈ ਇੱਕ ਉਦਾਹਰਨ ਬਣ ਗਿਆ ਹੈ। ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਰਾਹਤ ਅਤੇ ਪੁਨਰਵਾਸ ਦਾ ਕੰਮ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ। ਰੈੱਡ ਕਰਾਸ ਸੋਸਾਇਟੀ, ਉੱਨਤੀ ਸਹਿਕਾਰੀ ਸਭਾ, ਬਾਬਾ ਦੀਪ ਸਿੰਘ ਵੈਲਫੇਅਰ ਸੋਸਾਇਟੀ, ਗੁਰੂ ਨਾਨਕ ਸੇਵਾ ਸੋਸਾਇਟੀ (ਪਿੰਡ ਗੇਰਾ, ਮੁਕੇਰੀਆਂ), ਦੋਆਬਾ ਕਿਸਾਨ ਸੰਘਰਸ਼ ਕਮੇਟੀ, ਹਿਊਮੈਨਿਟੀ ਫਸਟ, ਸਰਬੱਤ ਦਾ ਭਲਾ ਸੇਵਾ ਸੋਸਾਇਟੀ, ਗੁਰਦੁਆਰਾ ਛੇਵੀਂ ਪਾਤਸ਼ਾਹੀ ਪੁਲਪੁਖਤਾ, ਪਿੰਡ ਪੱਸੀ ਬੇਟ, ਪਿੰਡ ਗਿਲਜੀਆਂ, ਪਿੰਡ ਨੌਸ਼ਹਿਰਾ ਪੱਤਣ, ਲਾਇਨਜ਼ ਕਲੱਬ ਟਾਂਡਾ, ਪੇਂਟ ਐਂਡ ਹਾਰਡਵੇਅਰ ਐਸੋਸੀਏਸ਼ਨ, ਗੁਰੂ ਰਾਮਦਾਸ ਸੇਵਾ ਸੋਸਾਇਟੀ ਅਤੇ ਹੋਰ ਸਮਾਜ ਸੇਵੀਆਂ ਦੀ ਅਗਵਾਈ ਹੇਠ ਲੰਗਰ ਸੇਵਾ, ਜਾਨਵਰਾਂ ਨੂੰ ਚਾਰਾ ਅਤੇ ਹੋਰ ਰਾਹਤ ਕਾਰਜਾਂ ਦੇ ਕੰਮ ਨੂੰ ਤੇਜ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ ਬਾਬਾ ਦੀਪ ਸਿੰਘ ਵੈਲਫੇਅਰ ਸੋਸਾਇਟੀ ਤੇ ਸਿਵਲ ਡਿਫੈਂਸ ਵਲੰਟੀਅਰਾਂ ਨੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਲਈ ਵਿਸ਼ੇਸ਼ ਯਤਨ ਕੀਤੇ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੁਣ ਤੱਕ 1225 ਤੋਂ ਵੱਧ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਪਹੁੰਚਾਈ ਜਾ ਚੁੱਕੀ ਹੈ। ਰੈੱਡ ਕਰਾਸ ਸੋਸਾਇਟੀ ਨੇ ਭਵਿੱਖ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ 2000 ਸਫਾਈ ਕਿੱਟਾਂ, ਤਰਪਾਲਾਂ, ਮੱਛਰਦਾਨੀ, ਗੱਦੇ ਤੇ ਪਾਣੀ ਦੇ ਫਿਲਟਰ ਵੀ ਸੁਰੱਖਿਅਤ ਢੰਗ ਨਾਲ ਸਟੋਰ ਕੀਤੇ ਹਨ।


# ਸੁਰਿੰਦਰ ਜੌੜਾ ਨੇ ਹੜ੍ਹਾਂ ਨੂੰ ਕੌਮੀ ਆਫਤ ਐਲਾਨਣ ਦੀ ਕੀਤੀ ਮੰਗ



ਜ਼ੀਰਾ, 30 ਅਗਸਤ (ਦੀਪਕ ਭਾਰਗੋ): ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੈਂਬਰ ਸੁਰਿੰਦਰ ਸਿੰਘ ਜੌੜਾ ਨੇ ਸਤਲੁਜ ਦਰਿਆ ਵਿੱਚ ਆਏ ਹੜ੍ਹਾਂ ਕਾਰਨ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਦੇ ਹੋਏ ਕਿਹਾ ਕਿ ਮੌਜੂਦਾ ਹਾਲਾਤ ਬਹੁਤ ਗੰਭੀਰ ਹਨ ਤੇ ਇਨ੍ਹਾਂ ਨੂੰ ਕੌਮੀ ਆਫ਼ਤ ਘੋਸ਼ਿਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਹੜ੍ਹ ਕਾਰਨ ਲੋਕਾਂ ਦੇ ਘਰ, ਖੇਤਾਂ ਵਿੱਚ ਖੜ੍ਹੀ ਫ਼ਸਲਾਂ ਅਤੇ ਪਸ਼ੂ ਪਾਲਣ ਤੱਕ ਦਾ ਵੱਡਾ ਨੁਕਸਾਨ ਹੋਇਆ ਹੈ। ਜੌੜਾ ਨੇ ਦੱਸਿਆ ਕਿ ਜੇ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਵੱਲੋਂ ਹੜ੍ਹ ਨੂੰ ਕੌਮੀ ਆਫ਼ਤ ਐਲਾਨ ਦਿੱਤਾ ਜਾਂਦਾ ਹੈ ਤਾਂ ਪ੍ਰਭਾਵਿਤ ਪਰਿਵਾਰਾਂ ਨੂੰ ਰਾਹਤ ਪੈਕੇਜ ਦੇ ਤਹਿਤ ਵੱਡੀ ਮਦਦ ਮਿਲ ਸਕਦੀ ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਤੁਰੰਤ ਪ੍ਰਭਾਵ ਨਾਲ ਹਰ ਪੀੜਤ ਪਰਿਵਾਰ ਨੂੰ ਵਿੱਤੀ ਸਹਾਇਤਾ ਦਿੱਤੀ ਜਾਵੇ, ਨੁਕਸਾਨੀ ਘਰਾਂ ਦੇ ਮੁਰੰਮਤ ਖਰਚੇ ਲਈ ਖਾਸ ਗ੍ਰਾਂਟ ਜਾਰੀ ਕੀਤੀ ਜਾਵੇ ਤੇ ਖੇਤੀਬਾੜੀ ਨਾਲ ਜੁੜੇ ਨੁਕਸਾਨ ਦੀ ਪੂਰੀ ਭਰਪਾਈ ਕੀਤੀ ਜਾਵੇ। ਉਨ੍ਹਾਂ ਨੇ ਕਿਹਾ ਕਿ ਲੋਕ ਇਸ ਵੇਲੇ ਬੇਘਰ ਹੋ ਕੇ ਰਾਹਤ ਕੈਂਪਾਂ ਵਿੱਚ ਜੀਵਨ ਬਿਤਾਉਣ ਲਈ ਮਜਬੂਰ ਹਨ। ਅਜਿਹੇ ਹਾਲਾਤਾਂ ਵਿੱਚ ਸਰਕਾਰ ਨੂੰ ਚਾਹੀਦਾ ਹੈ ਕਿ ਸਿਰਫ਼ ਤਰਪਾਲਾਂ ਤੇ ਪਾਣੀ ਵੰਡਣ ਨਾਲ ਹੀ ਗੱਲ ਨਾ ਬਣੇ, ਸਗੋਂ ਲੋਕਾਂ ਦੇ ਜੀਵਨ ਨੂੰ ਦੁਬਾਰਾ ਪੱਟੜੀ 'ਤੇ ਲਿਆਉਣ ਲਈ ਲੰਬੇ ਸਮੇਂ ਵਾਲਾ ਯੋਜਨਾਬੱਧ ਪੈਕੇਜ ਲਿਆਵੇ। ਜੌੜਾ ਨੇ ਇਹ ਵੀ ਕਿਹਾ ਕਿ ਇਲਾਕੇ ਦੇ ਲੋਕਾਂ ਨਾਲ ਹਮਦਰਦੀ ਦੇ ਨਾਲ ਖੜ੍ਹਨਾ ਹੀ ਸੱਚੀ ਸਿਆਸਤ ਹੈ। ਕਾਂਗਰਸ ਹਮੇਸ਼ਾ ਲੋਕਾਂ ਦੇ ਹੱਕਾਂ ਦੀ ਆਵਾਜ਼ ਬਣੀ ਹੈ ਤੇ ਭਵਿੱਖ ਵਿੱਚ ਵੀ ਇਹ ਸੰਗਰਾਮ ਜਾਰੀ ਰੱਖਿਆ ਜਾਵੇਗਾ।

# ਦਰੱਖਤਾਂ ਵਿੱਚ ਦੀ ਲੰਘ ਰਹੀ ਹਾਈ ਵੋਲਟੇਜ ਕੇਬਲ ਬਣ ਸਕਦੀ ਹੈ ਵੱਡਾ ਖ਼ਤਰਾ

ਭੋਗਪੁਰ, 30 ਅਗਸਤ (ਅਮਰਜੀਤ ਸਿੰਘ ਸੈਣੀ ਜੰਡੀਰ):



ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਭੋਗਪੁਰ ਦੀ ਅਣਗਹਿਲੀ ਸਾਹਮਣੇ ਆਈ ਹੈ। ਭੋਗਪੁਰ ਦੇ ਪਿੰਡ ਬਿਨਪਾਲਕੇ ਸਕੂਲ ਦੇ ਨਾਲ ਦਰੱਖਤਾਂ ਵਿੱਚ ਲੰਘ ਰਹੀ ਹਾਈ ਵੋਲਟੇਜ਼ ਕੇਬਲ ਜੋ ਕਿ ਸਿਰਫ 10 ਕੁ ਫੁੱਟ ਦੀ ਦੂਰੀ 'ਤੇ ਹੈ, ਤੇ ਬਰਸਾਤਾਂ ਹੋਣ ਕਰਕੇ ਕਿਸੇ ਵੇਲੇ ਵੀ ਕਰੰਟ ਆ ਸਕਦਾ ਹੈ ਤੇ ਵੱਡਾ ਖਤਰਾ ਬਣ ਸਕਦਾ ਹੈ। ਨਜ਼ਦੀਕ ਵਾਲੇ ਲੋਕਾਂ ਨੇ ਦੱਸਿਆ ਕਿ ਮੁਲਾਜ਼ਮਾਂ ਨੂੰ ਕੁਝ ਵਾਰ ਕਿਹਾ ਗਿਆ ਸੀ ਪਰ ਕਿਸੇ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਗਿਆ। ਇਸ ਸਬੰਧੀ ਅੱਜ ਕਾਰਜਕਾਰੀ ਇੰਜੀਨੀਅਰ ਜਸਵੰਤ ਸਿੰਘ ਪਾਬਲਾ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਨੇ ਮੁਲਾਜ਼ਮਾਂ ਨੂੰ ਬੁਲਾ ਕੇ ਤੁਰੰਤ ਧਿਆਨ ਦੇਣ ਲਈ ਕਿਹਾ ਤੇ ਮੁਲਾਜ਼ਮਾਂ ਕੋਲੋਂ ਜਲਦ ਰਿਪੋਰਟ ਮੰਗੀ। ਇਸ ਮੌਕੇ 'ਤੇ ਸਮਾਜ ਸੇਵਕ ਸਰਬਜੀਤ ਸਿੰਘ ਸਾਬੀ, ਅੰਮ੍ਰਿਤਪਾਲ ਸਿੰਘ, ਜ਼ੋਰਾਵਰ ਸਿੰਘ, ਸਤਨਾਮ ਸਿੰਘ ਆਦਿ ਹਾਜ਼ਰ ਸਨ।

# ਸੁਖਬੀਰ ਬਾਦਲ ਤੇ ਹਲਕਾ ਅਮਲੋਹ ਦੀ ਸਮੁੱਚੀ ਲੀਡਰਸ਼ਿਪ ਨਾਲ ਸਲਾਹ ਉਪਰੰਤ ਕੀਤਾ ਹਲਕਾ ਅਮਲੋਹ ਦੇ ਸਰਕਲ ਪ੍ਰਧਾਨਾਂ ਦਾ ਐਲਾਨ: ਸ਼ਰਨਜੀਤ ਚਨਾਰਥਲ

ਫ਼ਤਹਿਗੜ੍ਹ ਸਾਹਿਬ, 30 ਅਗਸਤ (ਹਰਪ੍ਰੀਤ ਕੌਰ ਟਿਵਾਣਾ): ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ ਸੁਖਬੀਰ ਸਿੰਘ ਬਾਦਲ, ਕੋਰ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਤੇ ਹਲਕਾ ਅਮਲੋਹ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਨਾਲ ਸਲਾਹ ਮਸ਼ਵਰਾ ਕਰਨ ਉਪਰੰਤ ਅੱਜ ਇਥੇ ਹਲਕਾ ਅਮਲੋਹ ਦੀਆਂ 9 ਸਰਕਲਾਂ ਦੇ ਪ੍ਰਧਾਨਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਸਾਂਝੇ ਤੌਰ 'ਤੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਪ੍ਰਧਾਨ ਜਥੇਦਾਰ ਸ਼ਰਨਜੀਤ ਸਿੰਘ ਚਨਾਰਥਲ ਤੇ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨਾਲ ਸੂਚੀ ਜਾਰੀ ਕਰਨ ਸਮੇਂ ਖੁਲਾਸਾ ਕੀਤਾ।



ਚਨਾਰਥਲ ਨੇ ਦੱਸਿਆ ਕਿ ਜਿਨ੍ਹਾਂ ਮਿਹਨਤੀ ਆਗੂਆਂ ਨੂੰ ਹਲਕਾ ਅਮਲੋਹ ਅੰਦਰ ਸੇਵਾ ਕਰਨ ਦਾ ਪਾਰਟੀ ਵੱਲੋਂ ਮਾਣ ਦਿੱਤਾ ਗਿਆ ਹੈ, ਉਹਨਾਂ ਵਿੱਚ ਜਥੇਦਾਰ ਬਲਜਿੰਦਰ ਸਿੰਘ ਸੇਖੋਂ ਨੂੰ (ਸਰਕਲ ਪ੍ਰਧਾਨ ਡਡਹੇੜੀ ਦਿਹਾਤੀ) ਜਥੇਦਾਰ ਜਰਨੈਲ ਸਿੰਘ ਮਾਜਰੀ ਨੂੰ (ਸਰਕਲ ਪ੍ਰਧਾਨ ਮੰਡੀ ਗੋਬਿੰਦਗੜ੍ਹ ਦਿਹਾਤੀ) ਜਥੇਦਾਰ ਹਰਬੰਸ ਸਿੰਘ ਬਡਾਲੀ ਨੂੰ (ਸਰਕਲ ਪ੍ਰਧਾਨ ਅਮਲੋਹ ਦਿਹਾਤੀ) ਹਰਵਿੰਦਰ ਸਿੰਘ ਬਿੰਦਾ ਮਾਜਰੀ ਨੂੰ (ਸਰਕਲ ਪ੍ਰਧਾਨ ਸਲਾਣਾ ਦਿਹਾਤੀ) ਜਥੇਦਾਰ ਹਰਿੰਦਰ ਸਿੰਘ ਦੀਵਾ ਨੂੰ (ਸਰਕਲ ਪ੍ਰਧਾਨ ਭੁੱਗਾ ਕਲਾਂ ਦਿਹਾਤੀ) ਨਿਯੁਕਤ ਕੀਤਾ ਗਿਆ ਹੈ। ਚਨਾਰਥਲ ਨੇ ਅੱਗੇ ਦੱਸਿਆ ਕਿ ਇਹਨਾਂ ਤੋਂ ਇਲਾਵਾ ਰਾਕੇਸ਼ ਕੁਮਾਰ ਸ਼ਾਹੀ ਨੂੰ (ਸਰਕਲ ਪ੍ਰਧਾਨ ਅਮਲੋਹ ਸ਼ਹਿਰੀ) ਜਥੇਦਾਰ ਕੁਲਵਿੰਦਰ ਸਿੰਘ ਭੰਗੂ ਨੂੰ (ਸਰਕਲ ਪ੍ਰਧਾਨ ਗੁਰੂ ਕੀ ਨਗਰੀ ਮੰਡੀ ਗੋਬਿੰਦਗੜ੍ਹ ਸ਼ਹਿਰੀ) ਜਥੇਦਾਰ ਨਾਜ਼ਰ ਸਿੰਘ ਨੂੰ (ਸਰਕਲ ਪ੍ਰਧਾਨ ਸੰਤ ਨਗਰ ਮੰਡੀ ਗੋਬਿੰਦਗੜ੍ਹ ਸ਼ਹਿਰੀ) ਤੇ ਸੋਮਨਾਥ ਸਿੰਘ ਕੌਂਸਲਰ ਨੂੰ (ਸਰਕਲ ਪ੍ਰਧਾਨ ਅਜਨਾਲਾ ਸ਼ਹਿਰੀ) ਦੀ ਸੇਵਾ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੌਂਪੀ ਗਈ ਹੈ। ਰਾਜੂ ਖੰਨਾ ਨੇ ਹਲਕਾ ਅਮਲੋਹ ਦੇ ਐਲਾਨ ਕੀਤੇ ਸਮੁੱਚੇ ਸਰਕਲ ਪ੍ਰਧਾਨਾਂ ਨੂੰ ਜਿਥੇ ਵਧਾਈ ਦਿੱਤੀ, ਉਥੇ ਪਿਛਲੇ ਸਮੇਂ ਦੀ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਨੂੰ ਹੇਠਲੇ ਪੱਧਰ 'ਤੇ ਮਜ਼ਬੂਤ ਕਰਨ ਦੀ ਆਸ ਵੀ ਪ੍ਰਗਟਾਈ।

# ਵਿਧਾਇਕ ਦਹੀਆ ਨੇ ਹੜ੍ਹ ਪ੍ਰਭਾਵਿਤ ਪਿੰਡਦੋਨਾਂ ਰਹਿਮਤ ਵਾਲਾ ਦਾ ਕੀਤਾ ਦੌਰਾ


**☛ਕਿਸਾਨਾਂ ਨੇ ਫਸਲਾਂ ਦੇ ਖਰਾਬੇ ਦੇ ਮੁਆਵਜ਼ੇ ਸਬੰਧੀ ਵਿਧਾਇਕ ਤੋਂ ਕੀਤੀ ਮੰਗ**

ਫਿਰੋਜ਼ਪੁਰ, 30 ਅਗਸਤ (ਤਿਵਾੜੀ): ਵਿਧਾਇਕ ਰਜਨੀਸ਼ ਕੁਮਾਰ ਦਹੀਆ ਨੇ ਪਿੰਡ ਦੋਨਾਂ ਰਹਿਮਤ ਵਾਲਾ ਦਾ ਦੌਰਾ ਕਰਕੇ ਹੜ੍ਹ ਪ੍ਰਭਾਵਿਤ ਪਿੰਡ ਵਾਸੀਆਂ ਨਾਲ ਮੁਲਾਕਾਤ ਕੀਤੀ। ਜ਼ਿਲ੍ਹੇ ਵਿੱਚ ਹੜ੍ਹਾਂ ਦੀ ਸਥਿਤੀ ਦੇ ਮੱਦੇਨਜ਼ਰ ਵਿਧਾਇਕਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਲਗਾਤਾਰ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ ਜਾ ਰਿਹਾ ਹੈ ਤੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਦੀ ਸਾਰ ਲਈ ਜਾ ਰਹੀ ਹੈ। ਵਿਧਾਇਕ ਰਜਨੀਸ਼ ਦਹੀਆ ਨੇ ਦੱਸਿਆ ਕਿ ਪਿੰਡ ਵਾਸੀਆਂ ਦੀ ਇਹ ਮੰਗ ਸੀ ਕੀ ਉਹਨਾਂ ਨੂੰ ਫ਼ਸਲਾਂ ਦੇ ਖਰਾਬੇ ਦਾ ਮੁਆਵਜ਼ਾ ਨਹੀਂ ਮਿਲ ਰਿਹਾ। ਉਹਨਾਂ ਦੀਆਂ ਜ਼ਮੀਨਾਂ ਦੀਆਂ ਪੱਕੀਆਂ ਰਜਿਸਟਰੀਆਂ ਕਰਕੇ ਫਸਲਾਂ ਦੇ ਖਰਾਬੇ ਦਾ ਮੁਆਵਜ਼ਾ ਦਿੱਤਾ ਜਾਵੇ। ਕਿਸਾਨਾਂ ਵੱਲੋਂ ਇਸ ਸਬੰਧੀ ਇੱਕ ਮੰਗ ਪੱਤਰ ਵੀ ਦਿੱਤਾ ਗਿਆ। ਵਿਧਾਇਕ ਦਹੀਆ ਨੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਸਬੰਧਤ ਵਿਭਾਗ ਦੇ ਅਧਿਕਾਰੀਆਂ ਦੇ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਖਰਾਬੇ ਦਾ ਮੁਆਵਜ਼ਾ ਦਿਵਾਇਆ ਜਾਵੇਗਾ। ਵਿਧਾਇਕ ਦਹੀਆ ਨੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਲੋਕਾਂ ਨੂੰ ਭੋਜਨ, ਦਵਾਈਆਂ, ਸੁੱਕੇ ਰਾਸ਼ਨ ਦੀਆਂ ਕਿੱਟਾਂ ਤੇ ਪੀਣ ਵਾਲੇ ਪਾਣੀ ਸਮੇਤ ਹੋਰ ਜ਼ਰੂਰੀ ਵਸਤਾਂ ਉਪਲਬਧ ਕਰਾਈਆਂ ਜਾ ਰਹੀਆਂ ਹਨ।



ਉਨ੍ਹਾਂ ਕਿਹਾ ਕਿ ਹੜ੍ਹਾਂ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਸਹਾਇਤਾ ਲਈ ਜ਼ਿਲ੍ਹਾ ਕੰਟਰੋਲ ਰੂਮ ਨੰਬਰ 01632-244017 'ਤੇ ਸੰਪਰਕ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਹੜ੍ਹ ਪ੍ਰਭਾਵਿਤ ਕਿਸਾਨਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਹੋਰ ਮੁਸ਼ਕਲਾਂ ਸੁਣੀਆਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਦੇ ਹੜ੍ਹ ਨਾਲ ਹੋਏ ਨੁਕਸਾਨ ਦੀ ਗਿਰਦਾਵਰੀ ਕਰਾ ਕੇ ਮੁਆਵਜ਼ਾ ਦਿੱਤਾ ਜਾਵੇਗਾ। ਇਸ ਮੌਕੇ 'ਤੇ ਬਲਰਾਜ ਸਿੰਘ ਚੇਅਰਮੈਨ ਮਾਰਕਿਟ ਕਮੇਟੀ ਮਮਦੋਟ, ਉਪਿੰਦਰ ਜੀਤ ਸਿੱਧੀ ਪ੍ਰਧਾਨ ਨਗਰ ਪੰਚਾਇਤ ਮਮਦੋਟ, ਜ਼ਿਲ੍ਹਾ ਮੀਡੀਆ ਇੰਚਾਰਜ ਨਿਰਵੈਰ ਸਿੰਘ ਸਿੰਧੀ, ਸਰਪੰਚ ਬਲਵਿੰਦਰ ਸਿੰਘ ਰਾਉ ਕੇ ਹਠਾੜ, ਮੇਜਰ ਸਿੰਘ ਸਰਪੰਚ ਬੁਰਜੀ, ਗੁਰਮੀਤ ਸਿੰਘ ਹੀਰਾ, ਬਲਵਿੰਦਰ ਸਿੰਘ ਲੱਡੂ ਸਰਪੰਚ ਹਜ਼ਾਰਾ ਸਿੰਘ ਵਾਲਾ ਤੇ ਮਿਹਰ ਸਿੰਘ ਸਮੇਤ ਹੋਰ ਪਿੰਡ ਵਾਲੇ ਮੌਜੂਦ ਸਨ।

# ਚੇਅਰਪਰਸਨ ਸੁਖਵਿੰਦਰ ਕੌਰ ਗਹਿਲੌਤ ਦੀ ਅਗਵਾਈ 'ਚ ਭਾਜਪਾ ਖਿਲਾਫ਼ ਨੂਰਪੁਰਾ 'ਚ ਕੀਤਾ ਪ੍ਰੋਗਰਾਮ




ਅਮਲੋਹ, 30 ਅਗਸਤ (ਜਸਵੰਤ ਸਿੰਘ): ਮਾਰਕੀਟ ਕਮੇਟੀ ਅਮਲੋਹ ਦੀ ਚੇਅਰਪਰਸਨ ਸੁਖਵਿੰਦਰ ਕੌਰ ਗਹਿਲੌਤ ਦੀ ਅਗਵਾਈ ਹੇਠ ਪਿੰਡ ਨੂਰਪੁਰਾ ਵਿਚ ਇਕ ਇਕੱਤਰਤਾ ਕੀਤੀ ਗਈ, ਜਿਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕੇਂਦਰ ਦੀ ਪੰਜਾਬ ਪ੍ਰਤੀ ਮਾਰੂ ਨੀਤੀ ਦਾ ਦੋਸ਼ ਲਾਇਆ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਦੀ ਭਾਜਪਾ ਸਰਕਾਰ ਵਲੋਂ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ ਤੇ ਲੋਕਾਂ ਦੇ ਰਾਸ਼ਨ ਕਾਰਡ ਕੱਟ ਕੇ ਉਨ੍ਹਾਂ ਨੂੰ ਰਾਸ਼ਨ ਤੋਂ ਵਾਂਝਾ ਕੀਤਾ ਜਾ ਰਿਹਾ ਹੈ। ਉਨ੍ਹਾਂ ਭਾਜਪਾ 'ਤੇ 'ਵੋਟਰ ਤੇ ਰਾਸ਼ਨ' ਚੋਰ ਹੋਣ ਦੇ ਗੰਭੀਰ ਦੋਸ਼ ਲਾਉਂਦੇ ਹੋਏ ਲੋਕਾਂ ਨੂੰ ਭਾਜਪਾ ਦਾ ਡੱਟ ਕੇ ਵਿਰੋਧ ਕਰਨ ਤੇ ਪਿੰਡਾਂ ਵਿਚ ਦਾਖਲ ਹੋਣ ਸਮੇਂ ਇਸ ਦੇ ਕਾਰਣ ਪੁੱਛਣ ਲਈ ਕਿਹਾ। ਉਨ੍ਹਾਂ ਕਿਹਾ ਕਿ ਭਾਜਪਾ ਪੰਜਾਬ ਦੀ ਆਪ ਸਰਕਾਰ ਦੀਆਂ ਲੋਕ ਹਿਤੈਸ਼ੀ ਨੀਤੀਆਂ ਕਾਰਣ ਬੁਖਲਾਹਟ ਦਾ ਸ਼ਿਕਾਰ ਹੋ ਚੁੱਕੀ ਹੈ, ਜਿਸ ਕਾਰਣ ਪੰਜਾਬ ਵਿਚ 2027 ਦੀਆਂ ਚੋਣਾਂ ਵਿਚ ਆਪ ਮੁੜ ਆਪਣੀ ਸਰਕਾਰ ਬਣਾਉਂਣ ਜਾ ਰਹੀ ਹੈ। ਉਨ੍ਹਾਂ ਲੋਕਾਂ ਨੂੰ ਆਪ ਦਾ ਡੱਟ ਕੇ ਸਾਥ ਦੇਣ ਦੀ ਅਪੀਲ ਕੀਤੀ।

# ਸਿਵਲ ਸਰਜਨ ਨੇ ਪਿੰਡ ਫੱਤੇ ਵਾਲਾ ਵਿਖੇਰਿਲੀਫ਼ ਕੈਂਪ 'ਚ ਮੈਡੀਕਲ ਸੇਵਾਵਾਂ ਦਾ ਜਾਇਜ਼ਾ ਲਿਆ

**☛ਹੜ੍ਹ ਪ੍ਰਭਾਵਿਤ ਪਿੰਡਾਂ 'ਚ ਮੈਡੀਕਲ ਐਮਰਜੈਂਸੀ ਲਈ ਸਿਹਤ ਵਿਭਾਗ ਦੀਆਂ ਟੀਮਾਂ 24 ਘੰਟੇ ਤੈਨਾਤ: ਡਾ. ਰਾਜਵਿੰਦਰ ਕੌਰ**




ਫ਼ਿਰੋਜ਼ਪੁਰ, 30 ਅਗਸਤ (ਤਿਵਾੜੀ): ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਹਤ ਵਿਭਾਗ ਵੱਲੋਂ ਹੜ੍ਹ ਪ੍ਰਭਾਵਿਤ ਪਿੰਡਾਂ ਲਈ ਮੈਡੀਕਲ ਕੈਂਪ ਤੇ ਮੈਡੀਕਲ ਟੀਮਾਂ ਲਗਾਈਆਂ ਗਈਆਂ ਹਨ। ਡਾ. ਰਾਜਵਿੰਦਰ ਕੌਰ ਸਿਵਲ ਸਰਜਨ ਫਿਰੋਜ਼ਪੁਰ ਨੇ ਪਿੰਡ ਫੱਤੇ ਵਾਲਾ ਵਿਖੇ ਸਥਾਪਤ ਕੀਤੇ ਰਿਲੀਫ਼ ਕੈਂਪ ਵਿਖੇ ਮੈਡੀਕਲ ਸੇਵਾਵਾਂ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਲਗਾਏ ਗਏ ਮੈਡੀਕਲ ਕੈਂਪਾਂ ਵਿੱਚ ਮਰੀਜ਼ਾਂ ਨੂੰ 24 ਘੰਟੇ ਮੁਫ਼ਤ ਡਾਕਟਰੀ ਉਪਚਾਰ ਤੇ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਦੀ ਸਹਾਇਤਾ ਲਈ ਐਂਬੂਲੈਂਸ ਵੀ ਤੈਨਾਤ ਕੀਤੀਆਂ ਗਈਆਂ ਹਨ। ਜ਼ਿਲ੍ਹੇ ਦੇ ਵਿੱਚ ਕਰੀਬ 60 ਮੈਡੀਕਲ ਟੀਮਾਂ ਬਣਾਈਆਂ ਗਈਆਂ ਹਨ ਜੋ 24 ਘੰਟੇ ਲੋਕਾਂ ਨੂੰ ਮੈਡੀਕਲ ਸੇਵਾਵਾਂ ਦੇ ਰਹੀਆਂ ਹਨ। ਮੈਡੀਕਲ ਕੈਂਪਾਂ ਵਿੱਚ ਹੁਣ ਤੱਕ 4200 ਦੇ ਕਰੀਬ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਦਵਾਈਆਂ/ਮੈਡੀਕਲ ਸਹੂਲਤਾਂ ਦਿੱਤੀਆਂ ਗਈਆਂ ਹਨ। ਇਸ ਮੌਕੇ ਉਨ੍ਹਾਂ ਹੋਰ ਪਿੰਡਾਂ ਦਾ ਦੌਰਾ ਵੀ ਕੀਤਾ ਤੇ ਪਿੰਡਾਂ ਦੇ ਸਰਪੰਚਾਂ ਤੇ ਲੋਕਾਂ ਨਾਲ ਗੱਲਬਾਤ ਕਰਕੇ ਸਥਿਤੀ ਦਾ ਜਾਇਜ਼ਾ ਲਿਆ।

# ਕੇਂਦਰ 'ਤੇ ਕਾਰਡ ਧਾਰਕਾਂ ਦੇ ਕਾਰਡ ਕੱਟਣ ਤੇ ਵੋਟ ਚੋਰੀ ਕਰਨ ਦੇ ਲਗਾਏ ਗੰਭੀਰ ਦੋਸ਼




ਮੰਡੀ ਗੋਬਿੰਦਗੜ੍ਹ, 30 ਅਗਸਤ (ਸੂਦ): ਮੰਡੀ ਗੋਬਿੰਦਗੜ੍ਹ ਦੇ ਵਾਰਡ ਨੰਬਰ 23 ਸੰਤ ਨਗਰ ਵਿਖੇ ਹਲਕਾ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਦੀ ਅਗਵਾਈ ਵਿੱਚ ਇੱਕ ਮੀਟਿੰਗ ਬਲਾਕ ਪ੍ਰਧਾਨ ਦਲਜੀਤ ਸਿੰਘ ਵਿਰਕ ਤੇ ਜਗਦੀਸ਼ ਸਿੰਘ ਗੋਲਡੀ ਘੁੰਮਣ ਵਾਰਡ ਇੰਚਾਰਜ ਦੀ ਅਗਵਾਈ ਵਿੱਚ ਕੀਤੀ ਗਈ। ਇਸ ਵਿਚ ਬੁਲਾਰਿਆਂ ਨੇ ਕੇਂਦਰ ਦੀ ਭਾਜਪਾ ਸਰਕਾਰ 'ਤੇ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਨ ਦੇ ਦੋਸ਼ ਲਾਉਂਦੇ ਹੋਏ ਲੋਕਾਂ ਨੂੰ ਇਨ੍ਹਾਂ ਦੀਆਂ ਚਾਲਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਭਾਜਪਾ ਵੱਲੋਂ ਪਹਿਲਾਂ ਵੋਟ ਚੋਰੀ ਤੇ ਹੁਣ ਨੀਲੇ ਕਾਰਡਾਂ ਧਾਰਕਾਂ ਦੇ ਹੱਕਾਂ ਨੂੰ ਕਾਰਡ ਖਤਮ ਕਰਕੇ ਮਾਰਨ ਦੀਆਂ ਚਾਲਾਂ ਚਲੀਆਂ ਜਾ ਰਹੀਆਂ ਹਨ, ਜਿਨ੍ਹਾਂ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਕਾਰਗੁਜ਼ਾਰੀ ਤੋਂ ਅੱਜ ਹਰ ਵਰਗ ਖੁਸ਼ ਹੈ, ਜਿਸ ਕਾਰਣ 2027 ਵਿਚ ਪੰਜਾਬ ਵਿਚ ਮੁੜ ਆਪ ਸਰਕਾਰ ਬਣਨ ਜਾ ਰਹੀ ਹੈ ਜੋ ਭਾਜਪਾ ਨੇਤਾਵਾਂ ਤੋਂ ਬਰਦਾਸ਼ਤ ਨਹੀਂ ਹੋ ਰਿਹਾ। ਉਨ੍ਹਾਂ ਲੋਕਾਂ ਨੂੰ ਆਪ ਦਾ ਡੱਟ ਕੇ ਸਾਥ ਦੇਣ ਦੀ ਅਪੀਲ ਕੀਤੀ। ਇਸ ਮੌਕੇ ਬਲਜੀਤ ਕੌਰ, ਰਮਨਜੀਤ ਸਿੰਘ, ਗੱਗੀ ਸੰਤ ਨਗਰ ਤੇ ਨੇਹਾ ਆਦਿ ਹਾਜ਼ਰ ਸਨ।

# ਵਿਜ਼ਡਮ ਕਾਨਵੈਂਟ ਸਕੂਲ ਦੀ ਵਿਦਿਆਰਥਣ ਅਰਸ਼ ਨੇ ਭਾਰ ਚੁੱਕਣ ਖੇਡ ਮੁਕਾਬਲੇ 'ਚ ਸੋਨ ਤਮਗਾ ਜਿੱਤਿਆ



ਫਾਜ਼ਿਲਕਾ, 30 ਅਗਸਤ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਅਰਸ਼, ਜੋ ਕਿ ਵਿਜ਼ਡਮ ਕਾਨਵੈਂਟ ਸਕੂਲ ਦੀ ਦਸਵੀਂ ਜਮਾਤ ਦੀ ਹੋਣਹਾਰ ਵਿਦਿਆਰਥਣ ਹੈ, ਜਿਸ ਨੇ ਜ਼ਿਲ੍ਹਾ ਪੱਧਰ 'ਤੇ ਵਜ਼ਨ ਉਠਾਉਣ ਸਕੂਲ ਖੇਡ ਮੁਕਾਬਲੇ ਵਿੱਚ ਸੋਨੇ ਦਾ ਤਗਮਾ ਜਿੱਤ ਕੇ ਆਪਣੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਇਹ ਮੁਕਾਬਲਾ ਸਰਕਾਰੀ ਸਮਾਰਟ ਸੀਨੀਅਰ ਸੈਕੰਡਰੀ ਸਕੂਲ, ਨੁਕੜੀਆਂ ਵਿਖੇ ਕਰਵਾਇਆ ਗਿਆ ਸੀ, ਜਿਸ ਵਿੱਚ ਜ਼ਿਲ੍ਹੇ ਦੇ ਸਭ ਤੋਂ ਹੋਣਹਾਰ ਨੌਜਵਾਨ ਖਿਡਾਰੀ ਸ਼ਾਮਲ ਹੋਏ। ਅਰਸ਼ ਨੇ ਅੰਡਰ-17 ਕੁੜੀਆਂ, +77 ਕਿਲੋ ਸ਼੍ਰੇਣੀ ਵਿੱਚ ਹਿੱਸਾ ਲਿਆ, ਜਿੱਥੇ ਉਸਨੇ ਆਪਣੀ ਸ਼ਾਨਦਾਰ ਤਾਕਤ ਤੇ ਜਜ਼ਬੇ ਦਾ ਪ੍ਰਦਰਸ਼ਨ ਕੀਤਾ। ਉਸਦਾ ਪ੍ਰਦਰਸ਼ਨ ਉਸਦੀ ਕਠੋਰ ਮਿਹਨਤ ਤੇ ਲਗਾਤਾਰ ਤਿਆਰੀ ਦਾ ਸਾਫ਼ ਦਰਪਣ ਸੀ। ਸਕੂਲ ਪ੍ਰਬੰਧਨ, ਪ੍ਰਿੰਸੀਪਲ ਤੇ ਕੋਚਾਂ ਨੇ ਉਸਦੀ ਅਟੱਲ ਅਨੁਸ਼ਾਸਨ ਦੀ ਖੂਬ ਪ੍ਰਸ਼ੰਸਾ ਕੀਤੀ ਹੈ, ਜਿਸਨੂੰ ਉਹ ਇਸ ਸ਼ਾਨਦਾਰ ਜਿੱਤ ਦਾ ਸਭ ਤੋਂ ਵੱਡਾ ਕਾਰਨ ਮੰਨਦੇ ਹਨ। ਇਹ ਜਿੱਤ ਨਾ ਸਿਰਫ਼ ਅਰਸ਼ ਲਈ ਨਿੱਜੀ ਮੀਲ ਪੱਥਰ ਹੈ, ਸਗੋਂ ਵਿਜ਼ਡਮ ਕਾਨਵੈਂਟ ਸਕੂਲ ਲਈ ਵੀ ਇਕ ਮਹੱਤਵਪੂਰਨ ਉਪਲੱਬਧੀ ਹੈ। ਸਕੂਲ ਪ੍ਰਬੰਧਕਾਂ ਨੇ ਇਸ ਨੌਜਵਾਨ ਖਿਡਾਰਨ ਚੈਂਪੀਅਨ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਸਾਰੇ ਵਿਦਿਆਰਥੀਆਂ ਲਈ ਪ੍ਰੇਰਣਾ ਹੈ ਤੇ ਸਕੂਲ ਦੀ ਅਕਾਦਮਿਕ ਤੇ ਖੇਡਾਂ ਦੋਵੇਂ ਖੇਤਰਾਂ ਵਿੱਚ ਸ਼੍ਰੇਸ਼ਠਤਾ ਪ੍ਰਤੀ ਸਮਰਪਿਤ ਸੋਚ ਦੀ ਪ੍ਰਤੀਕ ਹੈ।

# ਹੜ੍ਹਾਂ 'ਚ ਫਸੇ ਬੱਚਿਆਂ, ਬਜ਼ੁਰਗਾਂ, ਮਹਿਲਾਵਾਂ ਨੂੰ ਸੁਰੱਖਿਅਤ ਕੱਢਣ ਲਈ ਫੌਜ, ਬੀ.ਐਸ.ਐਫ. ਤੇ ਐਨ.ਡੀ.ਆਰ.ਐਫ. ਨਿਭਾ ਰਹੀ ਹੈ ਵੱਡਾ ਰੋਲ

**☛ਡੀ.ਸੀ. ਨੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਆਉਣ ਲਈ ਆਰਮੀ ਦਾ ਸਹਿਯੋਗ ਕਰਨ ਦੀ ਕੀਤੀ ਅਪੀਲ**

ਫ਼ਿਰੋਜ਼ਪੁਰ, 30 ਅਗਸਤ (ਤਿਵਾੜੀ): ਫਿਰੋਜ਼ਪੁਰ ਵਿਖੇ ਸਤਲੁਜ ਦਰਿਆ ਦੇ ਨਜ਼ਦੀਕ ਲੱਗਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚੋਂ ਫੌਜ, ਬੀ.ਐਸ.ਐਫ. ਤੇ ਐਨ.ਡੀ.ਆਰ.ਐਫ. ਦੇ ਜਵਾਨ ਹੜ੍ਹ ਦੇ ਪਾਣੀ 'ਚ ਫਸੇ ਛੋਟੇ-ਛੋਟੇ ਬੱਚਿਆਂ, ਬਜ਼ੁਰਗਾਂ ਤੇ ਔਰਤਾਂ ਲਈ ਫਰਿਸ਼ਤਾ ਬਣ ਕੇ ਬਹੁੜੇ ਹਨ ਤੇ ਉਨ੍ਹਾਂ ਨੂੰ ਪਿਆਰ ਤੇ ਸਤਿਕਾਰ ਨਾਲ ਸੁਰੱਖਿਅਤ ਬਾਹਰ ਕੱਢ ਕੇ ਲਿਆ ਰਹੇ ਹਨ। ਲੋਕਾਂ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ, ਫੌਜ, ਬੀ.ਅਸ.ਐਫ., ਐਨ.ਡੀ.ਆਰ.ਐਫ. ਦਾ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ ਆਪਣੀਆਂ ਜਾਨਾਂ ਜ਼ੋਖਮ ਵਿੱਚ ਪਾ ਕੇ ਤੇਜ਼ ਵਹਾਅ ਵਾਲੇ ਪਾਣੀ ਵਿੱਚੋਂ ਉਨ੍ਹਾਂ ਨੂੰ ਸੁਰੱਖਿਅਤ ਬਾਹਰ ਕੱਢਿਆ। ਹੜ੍ਹ ਦੇ ਪਾਣੀ ਵਿੱਚ ਫੱਸੇ ਲੋਕਾਂ ਨੂੰ ਆਰਮੀ ਤੇ ਐਨ.ਡੀ.ਆਰ.ਐਫ. ਵੱਲੋਂ ਮੌਕੇ 'ਤੇ ਪਹੁੰਚ ਕੇ ਸੁਰੱਖਿਆ ਤੇ ਜ਼ਿੰਮੇਵਾਰੀ ਨਾਲ ਪਾਣੀ ਵਿੱਚੋਂ ਸੁਰੱਖਿਅਤ ਬਾਹਰ ਕੱਢਿਆ ਜਾ ਰਿਹਾ ਹੈ। ਲੋਕਾਂ ਨੇ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਔਖੇ ਸਮੇਂ ਵਿੱਚ ਭਾਰਤੀ ਫੌਜ, ਬੀ.ਐਸ.ਐਫ. ਤੇ ਐਨ.ਡੀ.ਆਰ.ਐਫ. ਕਿਸੇ ਫਰਿਸ਼ਤੇ ਤੋਂ ਘੱਟ ਨਹੀਂ। ਅਜਿਹੇ ਕਿੰਨੇ



ਹੀ ਬੱਚੇ, ਔਰਤਾਂ ਤੇ ਬਜ਼ੁਰਗਾਂ ਨੂੰ ਭਾਰਤੀ ਸੈਨਾ, ਬੀ.ਐਸ.ਐਫ ਤੇ ਐਨ. ਡੀ. ਆਰ. ਐਫ. ਦੇ ਜਵਾਨਾਂ ਵੱਲੋਂ ਸਤਿਕਾਰ ਤੇ ਧਿਆਨ ਨਾਲ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ, ਜਿਹੜੇ 2-3 ਦਿਨਾਂ ਤੋਂ ਆਪਣੇ ਘਰਾਂ ਦੀਆਂ ਛੱਤਾਂ ਜਾਂ ਕਿਸੇ ਨਜ਼ਦੀਕੀ ਉੱਚੇ ਸਥਾਨਾਂ 'ਤੇ ਫਸੇ ਹੋਏ ਸਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੁਣ ਤੱਕ ਦਰਿਆ ਸਤਲੁਜ ਦੇ ਨਾਲ ਲੱਗਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ, ਭਾਰਤੀ ਫੌਜ, ਬੀ.ਐਸ.ਐਫ, ਐਨ.ਡੀ.ਆਰ.ਐਫ ਤੇ ਪੰਜਾਬ ਪੁਲਿਸ ਵੱਲੋਂ ਸਾਂਝਾ ਅਪਰੇਸ਼ਨ ਕਰਕੇ ਹੜ੍ਹ ਦੇ ਪਾਣੀ ਵਿੱਚੋਂ ਹਜ਼ਾਰਾਂ ਲੋਕਾਂ ਨੂੰ ਬਾਹਰ ਕੱਢ ਕੇ ਸੁਰੱਖਿਅਤ ਥਾਵਾਂ 'ਤੇ ਪਹੁੰਚਾ ਕੇ ਕੀਮਤੀ ਜਾਨਾਂ ਬਚਾਈਆਂ ਗਈਆਂ ਹਨ। ਆਰਮੀ ਵੱਲੋਂ ਲੋਕਾਂ ਨੂੰ ਜਿੱਥੇ ਸੁਰੱਖਿਅਤ ਬਾਹਰ ਕੱਢਿਆ, ਉੱਥੇ ਹੀ ਬੇੜੀਆਂ, ਬੋਟ ਰਾਹੀਂ ਸੁੱਕਾ ਰਾਸ਼ਨ, ਪਸ਼ੂਆਂ ਲਈ ਚਾਰੇ ਤੇ ਮੈਡੀਕਲ ਸਹੂਲਤ ਵੀ ਮੁਹੱਈਆ ਕਰਵਾਈ ਜਾ ਰਹੀ ਹੈ। ਉਨ੍ਹਾਂ ਪਾਣੀ ਵਿੱਚ ਫਸੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਇਸ ਔਖੀ ਘੜੀ ਵਿੱਚ ਆਰਮੀ ਦਾ ਸਾਥ ਦੇਣ ਤੇ ਸੁਰੱਖਿਅਤ ਥਾਵਾਂ 'ਤੇ ਆਉਣ ਤਾਂ ਜੋ ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਤੇ ਉਨ੍ਹਾਂ ਦੇ ਪਸ਼ੂਆਂ ਲਈ ਪੂਰੇ ਪ੍ਰਬੰਧ ਕੀਤੇ ਹੋਏ ਹਨ।

# ਮਾਤਾ ਗੁਜਰੀ ਕਾਲਜ ਦੀ ਗਣਿਤ ਐਸੋਸੀਏਸ਼ਨ ਵੱਲੋਂ ਪੋਸਟਰ ਬਣਾਉਣ ਮੁਕਾਬਲੇ ਦਾ ਆਯੋਜਨ

ਫ਼ਤਹਿਗੜ੍ਹ ਸਾਹਿਬ, 30 ਅਗਸਤ (ਹਰਪ੍ਰੀਤ ਕੌਰ ਟਿਵਾਣਾ): ਮਾਤਾ ਗੁਜਰੀ ਕਾਲਜ ਦੇ ਗਣਿਤ ਵਿਭਾਗ ਦੀ ਗਣਿਤ ਐਸੋਸੀਏਸ਼ਨ 'ਦ ਲਾਜਿਕ ਲੈਜੈਂਡਸ' ਵੱਲੋਂ ਐਂਟੀ ਰੈਗਿੰਗ ਸਬੰਧੀ ਪੋਸਟਰ ਬਣਾਉਣ ਮੁਕਾਬਲੇ ਦਾ ਆਯੋਜਨ ਕੀਤਾ ਗਿਆ ਜਿਸ ਦਾ ਉਦੇਸ਼ ਵਿਦਿਆਰਥੀਆਂ ਵਿਚ ਕਾਲਜ ਕੈਂਪਸ ਨੂੰ ਰੈਗਿੰਗ ਮੁਕਤ ਰੱਖਣ ਲਈ ਪ੍ਰੇਰਿਤ ਕਰਨਾ ਸੀ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਉਪਰਾਲੇ ਨਾ ਕੇਵਲ ਵਿਦਿਆਰਥੀਆਂ ਦੀ ਰਚਨਾਤਮਕ ਪ੍ਰਤਿਭਾ ਨੂੰ ਨਿਖਾਰਦੇ ਹਨ, ਬਲਕਿ ਕਾਲਜ ਵਿਖੇ ਸੁਰੱਖਿਅਤ ਤੇ ਸਤਿਕਾਰਪੂਰਨ ਮਾਹੌਲ ਬਣਾਈ ਰੱਖਣ ਲਈ ਸਾਡੀ ਸਾਂਝੀ ਵਚਨਬੱਧਤਾ ਨੂੰ ਵੀ ਮਜ਼ਬੂਤ ਕਰਦੇ ਹਨ। ਗਣਿਤ ਵਿਭਾਗ ਦੇ ਮੁਖੀ ਤੇ ਪ੍ਰੋਗਰਾਮ ਕਨਵੀਨਰ ਪ੍ਰੋ.



ਨਮਿਤਾ ਬੇਰੀ ਨੇ ਦੱਸਿਆ ਕਿ ਇਸ ਮੁਕਾਬਲੇ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਰੈਗਿੰਗ ਸੰਬੰਧੀ ਜਾਣਕਾਰੀ ਦੇਣਾ, ਇਸ ਦੇ ਖਤਰਨਾਕ ਪ੍ਰਭਾਵਾਂ ਤੋਂ ਅਗਾਹ ਕਰਨਾ ਤੇ ਉਨ੍ਹਾਂ ਵਿੱਚ ਰੈਗਿੰਗ ਖ਼ਿਲਾਫ਼ ਜਾਗਰੂਕਤਾ ਪੈਦਾ ਕਰਨੀ ਸੀ। ਗਣਿਤ ਐਸੋਸੀਏਸ਼ਨ ਦੇ ਇੰਚਾਰਜ ਤੇ ਈਵੈਂਟ ਕੋਆਰਡੀਨੇਟਰ ਪ੍ਰੋ. ਸ਼ਿਵਦੀਪ ਕੌਰ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਨਿਰਧਾਰਿਤ ਸਮੇਂ ਵਿੱਚ ਆਪਣੇ-ਆਪਣੇ ਪੋਸਟਰਾਂ ਰਾਹੀਂ ਬਰਾਬਰੀ ਅਤੇ ਆਪਸੀ ਭਾਈਚਾਰੇ ਦੇ ਸੁਨੇਹੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ। ਇਸ ਮੌਕੇ ਡਾ. ਮੋਨਿਕਾ ਤੇ ਡਾ. ਸੰਤੋਸ਼ ਕੁਮਾਰ ਵੱਲੋਂ ਜੱਜ ਸਾਹਿਬਾਨ ਦੀ ਭੂਮਿਕਾ ਨਿਭਾਈ ਗਈ। ਇਸ ਮੁਕਾਬਲੇ ਵਿੱਚ ਬੀ.ਐਸ.ਸੀ. ਆਨਰਜ਼ ਗਣਿਤ ਭਾਗ ਤੀਸਰਾ ਦੀ ਜਸਮੀਨ ਕੌਰ ਨੇ ਪਹਿਲਾ, ਬੀ.ਐਸ.ਸੀ. ਨਾਨ-ਮੈਡੀਕਲ ਭਾਗ ਪਹਿਲਾ ਦੀ ਮਾਨਿਆ ਵਰਮਾ ਨੇ ਦੂਸਰਾ, ਬੀ. ਐਸ.ਸੀ. ਨਾਨ-ਮੈਡੀਕਲ ਭਾਗ ਤੀਸਰਾ ਦੀ ਲਵਪ੍ਰੀਤ ਕੌਰ ਨੇ ਤੀਸਰਾ ਤੇ ਬੀ.ਐਸ.ਸੀ. ਨਾਨ-ਮੈਡੀਕਲ ਭਾਗ ਪਹਿਲਾ ਦੀ ਪਰਵਿੰਦਰ ਕੌਰ ਨੇ ਕੰਸੋਲੇਸ਼ਨ ਪੁਰਸਕਾਰ ਹਾਸਲ ਕੀਤਾ। ਗਣਿਤ ਐਸੋਸੀਏਸ਼ਨ ਦੇ ਮੈਂਬਰਾਂ ਪ੍ਰਧਾਨ ਅਮਨਦੀਪ ਕੌਰ, ਉਪ ਪ੍ਰਧਾਨ ਰਾਜਪ੍ਰੀਤ ਕੌਰ, ਸਕੱਤਰ ਪਰਨੀਤ ਕੌਰ, ਖ਼ਜ਼ਾਨਚੀ ਜਸਮੀਨ ਕੌਰ ਅਤੇ ਮੀਡੀਆ ਇੰਚਾਰਜ ਸ਼ਾਲੂ ਸੋਨੀ ਨੇ ਇਸ ਪ੍ਰੋਗਰਾਮ ਦਾ ਸੁਚਾਰੂ ਰੂਪ ਵਿੱਚ ਪ੍ਰਬੰਧਨ ਯਕੀਨੀ ਬਣਾਇਆ। ਇਸ ਮੌਕੇ ਪ੍ਰੋ. ਰਜਿੰਦਰਪਾਲ, ਪ੍ਰੋ. ਸ਼ਾਮ ਬੰਸਲ, ਪ੍ਰੋ. ਅਮਰਪ੍ਰੀਤ ਕੌਰ, ਪ੍ਰੋ. ਹਿਮਾਂਸ਼ੀ ਸ਼ਰਮਾ, ਪ੍ਰੋ. ਸਿਮਰਨਜੋਤ ਕੌਰ, ਪ੍ਰੋ. ਸਲੋਨੀ ਕੌਰ ਤੇ ਗਣਿਤ ਵਿਭਾਗ ਦੇ ਸਮੂਹ ਵਿਦਿਆਰਥੀ ਹਾਜ਼ਰ ਸਨ।

# ਪਿੰਡ ਬੱਲ ਦੇ ਮਾਤਾ ਸਰਪ੍ਰੀਤ ਦੇਵੀ ਨੇ ਹੜ੍ਹ ਪੀੜਤਾਂ ਵਾਸਤੇ ਲਗਾਇਆ ਲੰਗਰ



ਜ਼ੀਰਾ, 30 ਅਗਸਤ (ਦੀਪਕ ਭਾਰਗੋ): ਇਸ ਸਮੇਂ ਜੋ ਪੰਜਾਬ ਵਿੱਚ ਆਈ ਹੋਈ ਕੁਦਰਤੀ ਕਰੋਪੀ ਹੜ੍ਹ ਪੀੜਤ ਪਰਿਵਾਰਾਂ ਲਈ ਬਹੁਤ ਹੀ ਵੱਡਾ ਉਪਰਾਲਾ ਪ੍ਰਾਚੀਨ ਸਿੱਧ ਪੀਠ ਮਾਤਾ ਵੈਸ਼ਨੂੰ ਦੇਵੀ ਮੰਦਰ ਪਿੰਡ ਬਲ ਦੇ ਸੰਸਥਾਪਕ ਗੁਰੂ ਮਹਾਰਾਜ ਮਾਤਾ ਸਰਪ੍ਰੀਤ ਦੇਵੀ ਵੱਲੋਂ ਸੰਗਤਾਂ ਦੇ ਲਈ ਲੰਗਰ ਲਗਾਇਆ ਗਿਆ। ਪੱਤਰਕਾਰਾਂ ਨਾਲ ਗੱਲ ਕਰਦਿਆਂ ਹੋਇਆਂ ਮੰਦਰ ਦੇ ਗੱਦੀ ਨਸ਼ੀਨ ਦਾਸ ਸ਼ਹਿਜ਼ਾਦਾ ਬਾਬਾ ਸੋਨੂੰ ਸ਼ਾਹ ਹਰੀਕੇ ਨੇ ਦੱਸਿਆ ਕਿ ਪੰਜਾਬ 'ਤੇ ਜਦੋਂ ਵੀ ਕੋਈ ਕੁਦਰਤੀ ਆਫਤ ਜਾਂ ਸੰਕਟ ਆਇਆ। ਇਸ ਸਮੇਂ ਪੰਜਾਬ ਦੇ ਸਮਾਜ ਸੇਵੀਆਂ ਤੇ ਸਾਧੂ ਸੰਤਾਂ ਨੇ ਮਿਲ ਕੇ ਕੁਦਰਤੀ ਆਫਤਾਂ ਵਿੱਚ ਘਿਰੇ ਪਰਿਵਾਰਾਂ ਦੀ ਹਰ ਪੱਖੋਂ ਉਨ੍ਹਾਂ ਦੀ ਜ਼ਰੂਰਤ ਅਨੁਸਾਰ ਜੋ ਵੀ ਜ਼ਰੂਰੀ ਰਸਦ ਉਨ੍ਹਾਂ ਨੂੰ ਚਾਹੀਦੀ ਹੋਵੇ, ਉਹ ਮੁਹੱਈਆ ਕਰਵਾਈ। ਇਸੇ ਤਰ੍ਹਾਂ ਹੀ ਇਸ ਤਰ੍ਹਾਂ ਮੱਖੂ ਦੇ ਇਲਾਕੇ ਵਿੱਚ ਆਏ ਹੋਏ ਪਾਣੀ ਦੀ ਮਾਰ ਹੇਠਾਂ ਕਾਫੀ ਪਿੰਡ ਤੇ ਧਰਮਕੋਟ ਬਲਾਕ ਦੇ ਵਿੱਚ ਵੀ ਆਏ ਹੋਏ ਪਾਣੀ ਦੀ ਮਾਰ ਹੇਠਾਂ ਪਿੰਡਾਂ ਨੂੰ ਉੱਥੇ ਰਹਿ ਰਹੀਆਂ ਸੰਗਤਾਂ ਨੂੰ ਲੰਗਰ ਮੁਹੱਈਆ ਮੰਦਰ ਕਮੇਟੀ ਵੱਲੋਂ ਕਰਵਾਇਆ ਗਿਆ। ਲਗਾਤਾਰ ਹੀ ਤਿੰਨ ਦਿਨ ਤੋਂ ਸੰਗਤ ਦੀ ਲੰਗਰ ਤੇ ਹੋਰ ਖਾਣ ਪੀਣ ਦੀ ਰਸਦ ਨਾਲ ਸੇਵਾ ਮੰਦਰ ਕਮੇਟੀ ਵੱਲੋਂ ਕੀਤੀ ਜਾ ਰਹੀ ਹੈ। ਮਾਤਾ ਸਰਪ੍ਰੀਤ ਦੇਵੀ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਵੀ, ਜਿਸ ਵੀ ਇਲਾਕੇ ਵਿੱਚ ਲੰਗਰ ਦੀ ਸੰਗਤਾਂ ਨੂੰ ਜ਼ਰੂਰਤ ਹੋਵੇਗੀ ਉਥੇ ਵੀ ਲੰਗਰ ਪਹੁੰਚਦਾ ਕੀਤਾ ਜਾਵੇਗਾ। ਬਾਬਾ ਸੋਨੂੰ ਸ਼ਾਹ ਹਰੀਕੇ ਨੇ ਦੱਸਿਆ ਇਹ ਲੰਗਰ ਮੰਦਰ ਕਮੇਟੀ ਵੱਲੋਂ ਜੋ ਬਣਾਈ ਗਈ ਸੰਸਥਾ ਬੇਟੀ ਬਚਾਓ ਸੇਵਾ ਸੰਭਾਲ ਸੰਸਥਾ ਅਨਾਥ ਆਸ਼ਰਮ ਵੱਲੋਂ ਜੋ ਵੀ ਸੰਗਤਾਂ ਦੇ ਸਹਿਯੋਗ ਨਾਲ ਦਾਨ ਇਕੱਠਾ ਕੀਤਾ ਜਾਂਦਾ ਹੈ, ਉਸ ਦੇ ਨਾਲ ਇਹ ਲੰਗਰ ਆਉਣ ਵਾਲੇ ਟਾਈਮ ਵਿੱਚ ਵੀ ਇਸੇ ਤਰ੍ਹਾਂ ਸੰਗਤ ਦੇ ਸਹਿਯੋਗ ਨਾਲ ਚੱਲਦਾ ਰਹੇਗਾ। ਮਾਤਾ ਸਰਪ੍ਰੀਤ ਦੇਵੀ ਨੇ ਸੰਤ ਸਮਾਜ ਨੂੰ ਵੀ ਬੇਨਤੀ ਕੀਤੀ ਕਿ ਸਭ ਸਾਧੂ ਸੰਤ ਇਸ ਸੰਕਟ ਦੀ ਘੜੀ ਵਿੱਚ ਆਪਣੇ ਪੰਜਾਬ ਦੇ ਆਪਣੇ ਪਰਿਵਾਰ ਦੇ ਲੋਕਾਂ ਨਾਲ ਖੜ੍ਹਨ ਜੋ ਵੀ ਜ਼ਰੂਰਤ ਹੋਵੇ ਹੜ੍ਹ ਪੀੜਤਾਂ ਦੇ ਲਈ ਉਸ ਨੂੰ ਪੂਰਾ ਕਰਨ ਵਿੱਚ ਯਤਨਸ਼ੀਲ ਹੋਣ ਅਤੇ ਜਿਸ ਜਗ੍ਹਾ ਵੀ ਪਾਣੀ ਆਇਆ ਹੈ, ਉਸ ਜਗ੍ਹਾ ਜਾ ਕੇ ਲੋਕਾਂ ਨੂੰ ਮਿਲਣ ਤੇ ਉਹਨਾਂ ਨੂੰ ਜਿਸ ਚੀਜ਼ ਦੀ ਜ਼ਰੂਰਤ ਹੋਵੇ, ਉਸ ਨੂੰ ਪੂਰਾ ਕਰਨ ਪੀਣ ਵਾਲਾ ਪਾਣੀ ਮੋਮਬੱਤੀਆਂ ਮਾਚਿਸ ਤੇ ਖਾਣ ਵਾਲੀਆਂ ਘਰੇਲੂ ਵਸਤਾਂ ਨੂੰ ਸੰਗਤਾਂ ਵਿੱਚ ਮੁਹੱਈਆ ਕਰਵਾਇਆ ਜਾਵੇ। ਬਾਬਾ ਸੋਨੂੰ ਸ਼ਾਹ ਜੀ ਮੰਦਰ ਕਮੇਟੀ ਦੇ ਪ੍ਰਧਾਨ ਹੋਣ ਦੇ ਨਾਤੇ ਵਿਸ਼ੇਸ਼ ਤੌਰ 'ਤੇ ਮੰਗਲ ਸਿੰਘ ਬੱਲ, ਸੁਖਬੀਰ ਸਿੰਘ ਨਿੱਕੂ, ਚਮਕੌਰ ਸਿੰਘ ਦੋਰੀ, ਜੱਗਾ ਸਿੰਘ, ਸ਼ਿੰਗਾਰ ਸਿੰਘ, ਜੱਜ ਭੁੱਲਰ ਜ਼ੀਰਾ, ਮਹੰਤ ਪੂਰਨ ਸਿੰਘ, ਵੰਸ਼, ਰਣਜੋਤ ਇਨ੍ਹਾਂ ਦਾ ਧੰਨਵਾਦ ਕੀਤਾ ਕਿ ਜੋ ਇਹ ਆਪਣਾ ਦਿਨ ਰਾਤ ਇੱਕ ਕਰਕੇ ਲੰਗਰ ਬਣਾਉਣ ਵਿੱਚ ਅਤੇ ਪਿੰਡ ਜਾ ਜਾ ਕੇ ਲੰਗਰ ਵਰਤਾਉਣ ਤੱਕ ਦੀ ਸੇਵਾ ਆਪਣੇ ਹੱਥੀ ਕਰ ਰਹੇ ਹਨ,

# ਕੰਸਟਰੱਕਸ਼ਨ ਵਰਕਰਜ਼ ਐਂਡ ਲੇਬਰ ਯੂਨੀਅਨ (ਏਟਕ) ਵੱਲੋਂ ਉਸਾਰੀ ਕਿਰਤੀ ਲਾਭਪਾਤਰੀਆਂ ਦੇ ਹੱਕਾਂ ਦੀ ਪ੍ਰਾਪਤੀ ਲਈ ਵਿਸ਼ਾਲ ਰੈਲੀ ਤੇ ਮਾਰਚ

**☛ਉਸਾਰੀ ਕਿਰਤੀ ਲਾਭਪਾਤਰੀਆਂ ਦੇ ਬਣਦੇ ਹੱਕ ਦਿਵਾਉਣ ਤੱਕ ਸੰਘਰਸ਼ ਜਾਰੀ ਰਹੇਗਾ: ਸੁਖਦੇਵ ਸ਼ਰਮਾ, ਢਾਬਾਂ**



ਫਾਜ਼ਿਲਕਾ, 30 ਅਗਸਤ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਕੰਸਟਰੱਕਸ਼ਨ ਵਰਕਰਜ਼ ਐਂਡ ਲੇਬਰ ਯੂਨੀਅਨ ਏਟਕ ਪੰਜਾਬ (ਰਜਿ:) ਜ਼ਿਲ੍ਹਾ ਫਾਜ਼ਿਲਕਾ ਵੱਲੋਂ ਉਸਾਰੀ ਕਿਰਤੀਆਂ ਦੇ ਬਣਦੇ ਹੱਕ ਦਿਵਾਉਣ ਲਈ ਡੀਸੀ ਦਫਤਰ ਸਾਹਮਣੇ ਇੱਕ ਵਿਸ਼ਾਲ ਰੈਲੀ ਕੀਤੀ ਗਈ ਤੇ ਉਪਰੰਤ ਮਾਰਚ ਕੱਢਿਆ ਗਿਆ। ਅੱਜ ਦੀ ਇਸ ਵਿਸ਼ਾਲ ਰੈਲੀ ਤੇ ਮਾਰਚ ਦੀ ਅਗਵਾਈ ਯੂਨੀਅਨ ਦੇ ਫਾਜ਼ਿਲਕਾ ਦੇ ਪ੍ਰਧਾਨ ਜੰਮੂ ਰਾਮ ਬਨ ਵਾਲਾ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਨਰਿੰਦਰ ਢਾਬਾਂ, ਸੋਨਾ ਧੁਨਕੀਆਂ, ਅਸ਼ੋਕ ਢਾਬਾਂ, ਜਗਸੀਰ ਜੱਗਾ ਟਾਹਲੀਵਾਲਾ, ਬਲਵਿੰਦਰ ਘੁਬਾਇਆ ਤੇ ਬਲਵੀਰ ਕਾਠਗੜ੍ਹ ਨੇ ਕੀਤੀ। ਇਸ ਧਰਨੇ ਨੂੰ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਦਿਆਂ ਯੂਨੀਅਨ ਦੇ ਜਨਰਲ ਸਕੱਤਰ ਸਾਥੀ ਸੁਖਦੇਵ ਸ਼ਰਮਾ ਤੇ ਸੂਬਾ ਸਹਾਇਕ ਸਕੱਤਰ ਐਡਵੋਕੇਟ ਪਰਮਜੀਤ ਢਾਬਾਂ ਨੇ ਸੈਂਕੜਿਆਂ ਦੀ ਗਿਣਤੀ ਵਿੱਚ ਪੁੱਜੇ ਉਸਾਰੀ ਕਿਰਤੀ ਲਾਭਪਾਤਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਸਾਰੀ ਕਿਰਤੀ ਲਾਭਪਾਤਰੀਆਂ ਨੂੰ ਬੋਰਡ ਵੱਲੋਂ 18 ਦੇ ਕਰੀਬ ਸਕੀਮਾਂ ਰਾਹੀਂ ਲਾਭ ਦਿੱਤਾ ਜਾਂਦਾ ਹੈ। ਇਹ ਲਾਭ ਬੀਓਸੀ ਡਬਲਿਊ ਕਾਨੂੰਨ 1996 ਦੇ ਤਹਿਤ ਦਿੱਤਾ ਜਾਂਦਾ ਹੈ ਇਸ ਕਾਨੂੰਨ ਨੂੰ ਪਾਸ ਕਰਵਾਉਣ ਵਿੱਚ ਕਮਿਊਨਿਸਟ ਆਗੂਆਂ ਦਾ ਅਹਿਮ ਯੋਗਦਾਨ ਹੈ। ਆਗੂਆਂ ਨੇ ਜ਼ੋਰ ਦੇ ਕੇ ਕਿਹਾ ਕਿ ਜਿੰਨੇ ਵੀ ਹੁਣ ਤੱਕ ਲੋਕ ਹਿੱਤਾਂ ਲਈ ਕਾਨੂੰਨ ਬਣੇ ਹਨ ਉਹ ਕਮਿਊਨਿਸਟਾਂ ਵੱਲੋਂ ਪਾਸ ਕਰਵਾਏ ਗਏ ਹਨ। ਸਾਥੀ ਸ਼ਰਮਾ ਤੇ ਢਾਬਾਂ ਨੇ ਕਿਰਤ ਵਿਭਾਗ ਦੇ ਰਿਸ਼ਤਖੋਰ ਅਫਸਰਾਂ ਤੇ ਮੁਲਾਜ਼ਮਾਂ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਫਾਜ਼ਿਲਕਾ ਜ਼ਿਲ੍ਹੇ ਅੰਦਰ ਯੋਗ ਉਸਾਰੀ ਕਿਰਤੀ ਲਾਭਪਾਤਰੀਆਂ ਨੂੰ ਉਨ੍ਹਾਂ ਦੇ ਬਣਦੇ ਹੱਕ ਨਹੀਂ ਦਿੱਤੇ ਜਾ ਰਹੇ ਤੇ ਉਨ੍ਹਾਂ ਦੇ ਵਿਦਿਆਰਥੀ ਬੱਚਿਆਂ ਦੇ ਵਜ਼ੀਫ਼ੇ ਬੇਲੋੜੇ ਇਤਰਾਜ਼ ਲਗਾ ਕੇ ਰੋਕੇ ਜਾ ਰਹੇ ਹਨ। ਇਸ ਮੌਕੇ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾਈ ਸੀਨੀਅਰ ਮੀਤ ਪ੍ਰਧਾਨ ਹਰਭਜਨ ਛੱਪੜੀ ਵਾਲਾ, ਜ਼ਿਲ੍ਹਾ ਪ੍ਰਧਾਨ ਸ਼ੁਬੇਗ ਝੰਗੜਭੈਣੀ, ਧਰਮਿੰਦਰ ਮੁਰਕਵਾਲਾ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਮਨ ਧਰਮੂਵਾਲਾ ਜ਼ਿਲ੍ਹਾ ਸਕੱਤਰ ਸਟਾਲਿਨ ਲਮੋਚੜ, ਕੀਰਤੀ, ਸੁਰਿੰਦਰ ਬਾਹਮਣੀ ਵਾਲਾ, ਕਰਨੈਲ ਬੱਗੇ ਕੇ, ਸੰਦੀਪ ਜੋਧਾ ਮਲਕੀਤ ਮਾਹੂਆਣਾ, ਅਰਵੀਨ ਢਾਬਾਂ, ਚਾਨਣ ਰਾਮ ਘੱਲੂ, ਮਹਿੰਦਰ ਢੰਡੀਆਂ, ਹਰਚਰਨ ਪਾਲੀਵਾਲਾ, ਬਲਵਿੰਦਰ ਮਹਾਲਮ ਤੇ ਬਲਵਿੰਦਰ ਘੂਰੀ ਵੀ ਹਾਜ਼ਰ ਸਨ।

# ਪਿੰਡ ਵਾਸੀਆਂ ਨੇ ਨਸ਼ਾ ਤਸਕਰਾਂ ਖਿਲਾਫ ਥਾਣਾ ਮੁਖੀ ਨੂੰ ਦਿੱਤਾ ਮੰਗ ਪੱਤਰ

ਭੋਗਪੁਰ, 30 ਅਗਸਤ (ਅਮਰਜੀਤ ਸਿੰਘ ਸੈਣੀ): ਭੋਗਪੁਰ ਦੇ ਪਿੰਡ ਕਿੰਗਰਾ ਚੋਵਾਲਾ ਨਿਵਾਸੀਆਂ ਨੇ ਥਾਣਾ ਇੰਸਪੈਕਟਰ ਭੋਗਪੁਰ ਰਕੇਸ਼ ਕੁਮਾਰ ਨੂੰ ਪਿੰਡ ਦੀ ਹੀ ਪੰਚਾਇਤ ਦੀ ਅਗਵਾਈ ਹੇਠ ਇੱਕ ਮੰਗ ਪੱਤਰ ਸੌਂਪਿਆ ਹੈ, ਕਿਹਾ ਕਿ ਉਹਨਾਂ ਦੇ ਪਿੰਡ ਦੇ ਹੀ ਕੁਝ ਲੋਕ ਸ਼ਰੇਆਮ ਨਸ਼ਾ ਵੇਚ ਰਹੇ ਹਨ। ਇਹ ਵੀ ਸੱਚ ਹੈ ਕਿ ਪਿੰਡ ਕਿੰਗਰਾ ਚੋਵਾਲਾ ਸਦਾ ਹੀ ਨਸ਼ਿਆਂ ਦੇ ਮਾਮਲੇ ਵਿੱਚ ਮਸ਼ਹੂਰ ਰਿਹਾ ਹੈ, ਕਿਹਾ ਕਿ ਸ਼ਮਸ਼ਾਨ ਘਾਟ ਦੇ ਵਿੱਚ ਹੀ ਨੌਜਵਾਨ ਕਈ ਵਾਰ ਨਸ਼ਾ ਕਰਦੇ ਦੇਖੇ ਗਏ ਹਨ, ਇਹ ਵੀ ਕਿਹਾ ਕਿ ਪਿੰਡ ਦੇ ਸਾਬਕਾ ਸਰਪੰਚ ਨੂੰ ਕੁਝ ਨਸ਼ੇੜੀਆਂ ਨੇ ਕੁੱਟਿਆ ਵੀ ਸੀ, ਪਿੰਡ ਵਾਸੀਆਂ ਨੇ ਕਾਰਵਾਈ ਦੀ ਮੰਗ ਕੀਤੀ ਹੈ। ਦੇਖਿਆ ਜਾਵੇ ਤਾਂ ਪਿੰਡ ਦੀ ਚੁਣੀ ਗਈ ਪੰਚਾਇਤ ਦਾ ਵੀ ਪੂਰਾ ਫਰਜ਼ ਬਣਦਾ ਹੈ ਕਿ ਪਿੰਡ ਦੇ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਨ ਲਈ ਪੁਲਿਸ ਦਾ ਸਾਥ ਦਿੱਤਾ ਜਾਵੇ। ਨਸ਼ਾ ਤਸਕਰਾਂ ਨੂੰ ਰੰਗੇ ਹਾਥੀ ਫੜਾਇਆ ਜਾਵੇ। ਪੁਲਿਸ ਦੀ ਮਦਦ ਕੀਤੀ ਜਾਵੇ। ਇਸ ਦੇ ਸਬੰਧ ਵਿੱਚ ਥਾਣਾ ਮੁਖੀ ਰਕੇਸ਼ ਕੁਮਾਰ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਕਿਹਾ ਕੋਈ ਵੀ ਨਸ਼ਾ ਤਸਕਰ ਕਾਬੂ ਆ ਗਿਆ ਤਾਂ ਬਖਸ਼ਿਆ ਨਹੀਂ ਜਾਵੇਗਾ, ਸਖਤ ਕਾਰਵਾਈ ਕੀਤੀ ਜਾਵੇਗੀ।ਇਸ ਮੌਕੇ 'ਤੇ ਅਮਰਜੀਤ ਸਿੰਘ, ਵਿਜੇ ਸਿੰਘ, ਮਨਜੀਤ ਸਿੰਘ ਅਵਤਾਰ ਸਿੰਘ ਆਦਿ ਹਾਜ਼ਰ ਸਨ।

# ਕੌਂਸਲਰ ਪੂਜਾ ਲੂਥਰਾ ਵੱਲੋਂ ਹੜ੍ਹ ਪੀੜਤ ਪਰਿਵਾਰਾਂ ਦੀ ਸੇਵਾ,



ਫਾਜ਼ਿਲਕਾ 30 ਅਗਸਤ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਇਲਾਕੇ ਵਿਚ ਆਏ ਭਾਰੀ ਹੜ੍ਹ ਕਾਰਨ ਬੇਘਰ ਹੋਏ ਪਰਿਵਾਰਾਂ ਦੀ ਸਹਾਇਤਾ ਲਈ ਕੌਂਸਲਰ ਪੂਜਾ ਲੂਥਰਾ ਸਚਦੇਵਾ ਹਮੇਸ਼ਾਂ ਅੱਗੇ ਰਹਿੰਦੇ ਹਨ। ਹਾਲ ਹੀ ਵਿੱਚ ਹੜ੍ਹ ਕਾਰਨ ਪਿੰਡ ਖਾਲੀ ਕਰਕੇ ਦਾਣਾ ਮੰਡੀ ਲਾਧੂਕਾ ਵਿਚ ਬਣਾਏ ਗਏ ਰਾਹਤ ਕੈਂਪਾਂ ਵਿਚ ਰਹਿ ਰਹੇ ਪਰਿਵਾਰਾਂ ਦੀਆਂ ਮੁਸ਼ਕਲਾਂ ਨੂੰ ਦੇਖਦਿਆਂ ਕੌਂਸਲਰ ਪੂਜਾ ਲੂਥਰਾ ਸਚਦੇਵਾ ਆਪਣੀ ਟੀਮ ਸਮੇਤ ਇਥੇ ਪਹੁੰਚੇ ਅਤੇ ਲੋਕਾਂ ਲਈ ਲੰਗਰ ਦਾ ਪ੍ਰਬੰਧ ਕੀਤਾ। ਕੌਂਸਲਰ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਉਨ੍ਹਾਂ ਨੂੰ ਕਈ ਪੀੜਤ ਪਰਿਵਾਰਾਂ ਵੱਲੋਂ ਫੋਨ ਰਾਹੀਂ ਇਹ ਸੂਚਨਾ ਮਿਲੀ ਸੀ ਕਿ ਉਨ੍ਹਾਂ ਕੋਲ ਖਾਣ-ਪੀਣ ਦੀ ਸਹੂਲਤ ਨਹੀਂ ਹੈ। ਇਸ ਗੱਲ ਦੀ ਗੰਭੀਰਤਾ ਨੂੰ ਦੇਖਦਿਆਂ ਉਹ ਤੁਰੰਤ ਆਪਣੀ ਟੀਮ ਨਾਲ ਰਾਹਤ ਕੈਂਪ ਵਿਖੇ ਪਹੁੰਚੇ। ਉਨ੍ਹਾਂ ਨੇ ਨਾ ਸਿਰਫ਼ ਲੰਗਰ ਦੀ ਸੇਵਾ ਕੀਤੀ ਸਗੋਂ ਸ਼ੁੱਧ ਪਾਣੀ ਅਤੇ ਸੁੱਕੇ ਰਾਸ਼ਨ ਦੇ ਪੈਕਟ ਵੀ ਪਰਿਵਾਰਾਂ ਵਿਚ ਵੰਡੇ ਤਾਂ ਜੋ ਲੋਕਾਂ ਨੂੰ ਆਉਣ ਵਾਲੇ ਦਿਨਾਂ ਵਿਚ ਕਿਸੇ ਤਰ੍ਹਾਂ ਦੀ ਕਮੀ ਮਹਿਸੂਸ ਨਾ ਹੋਵੇ। ਇਸ ਮੌਕੇ ਪੂਜਾ ਲੂਥਰਾ ਨੇ ਕਿਹਾ ਕਿ ਇਸ ਮੁਸ਼ਕਿਲ ਦੀ ਘੜੀ ਵਿਚ ਹੜ੍ਹ ਪੀੜਤ ਪਰਿਵਾਰ ਆਪਣੇ ਆਪ ਨੂੰ ਇਕੱਲੇ ਨਾ ਸਮਝਣ। ਕੌਂਸਲਰ ਨੇ ਭਰੋਸਾ ਦਿਵਾਇਆ ਕਿ ਅਸੀਂ ਹਰ ਵੇਲੇ ਤੁਹਾਡੇ ਨਾਲ ਖੜ੍ਹੇ ਹਾਂ। ਜਿੱਥੇ ਵੀ ਤੁਹਾਨੂੰ ਸਹਾਇਤਾ ਦੀ ਲੋੜ ਹੋਵੇਗੀ, ਅਸੀਂ ਟੀਮ ਸਮੇਤ ਤੁਰੰਤ ਪਹੁੰਚਾਂਗੇ, । ਰਾਹਤ ਕੈਂਪ ਵਿਚ ਇਸ ਵੇਲੇ ਤਕਰੀਬਨ 20-25 ਪਰਿਵਾਰ ਰਹਿ ਰਹੇ ਹਨ, ਜਿਨ੍ਹਾਂ ਦੇ ਘਰ ਹੜ੍ਹ ਕਾਰਨ ਪੂਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਇਹਨਾਂ ਪਰਿਵਾਰਾਂ ਵਿੱਚ ਬੱਚੇ, ਬਜ਼ੁਰਗ ਅਤੇ ਔਰਤਾਂ ਵੀ ਸ਼ਾਮਲ ਹਨ। ਪੂਜਾ ਲੂਥਰਾ ਸਚਦੇਵਾ ਵੱਲੋਂ ਹਰ ਰੋਜ ਕਿਸੇ ਨਾ ਕਿਸੇ ਪਿੰਡ ਜਾਂ ਕੈਂਪ ਵਿਚ ਹੜ੍ਹ ਪੀੜਤ ਲੋਕਾਂ ਲਈ ਲੰਗਰ ਤੇ ਹੋਰ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਸਾਡਾ ਫਰਜ਼ ਹੈ ਕਿ ਇਸ ਮੁਸ਼ਕਿਲ ਘੜੀ ਵਿਚ ਕਿਸੇ ਦਾ ਪੇਟ ਖਾਲੀ ਨਾ ਰਹੇ। ਕੌਂਸਲਰ ਪੂਜਾ ਲੂਥਰਾ ਸਚਦੇਵਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੋ ਵੀ ਸਮਰੱਥ ਹੈ, ਉਹ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਅੱਗੇ ਆਵੇ।

# 10ਵੀ ਪੰਜਾਬ ਰਾਜ ਸੀਨੀ. ਗੱਤਕਾ ਚੈਂਪੀਅਨਸ਼ਿਪ ਜੋਸ਼ੋ ਖਰੋਸ਼ ਨਾਲ ਸ਼ੁਰੂ

## ਡੀਆਈਜੀ ਹਰਚਰਨ ਸਿੰਘ ਭੁੱਲਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ



ਫ਼ਤਹਿਗੜ੍ਹ ਸਾਹਿਬ, 30 ਅਗਸਤ- (ਹਰਪ੍ਰੀਤ ਕੌਰ ਟਿਵਾਣਾ)ਪੰਜਾਬ ਗੱਤਕਾ ਐਸੋਸੀਏਸ਼ਨ ਵੱਲੋਂ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ 10ਵੀ ਪੰਜਾਬ ਰਾਜ ਸੀਨੀਅਰ ਗੱਤਕਾ ਚੈਂਪੀਅਨਸ਼ਿਪ, ਗੁਰਦੁਆਰਾ ਸ਼੍ਰੀ ਫਤਹਿਗੜ੍ਹ ਸਾਹਿਬ ਦੇ ਦੀਵਾਨ ਟੋਡਰਮੱਲ ਯਾਦਗਾਰੀ ਹਾਲ ਵਿੱਚ ਆਰੰਭ ਹੋਈ। ਇਸ ਦੇ ਉਦਘਾਟਨੀ ਸਮਾਰੋਹ ਮੌਕੇ ਗੱਤਕਾ ਫੈਡਰੇਸ਼ਨ ਆਫ ਇੰਡੀਆ ਦੇ ਪ੍ਰਧਾਨ ਅਤੇ ਡੀਆਈਜੀ ਹਰਚਰਨ ਸਿੰਘ ਭੁੱਲਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਗੱਤਕਾ ਖੇਡ ਨੂੰ ਪ੍ਰਫੁੱਲਿਤ ਕਰਨ ਲਈ ਗੱਤਕਾ ਫੈਡਰੇਸ਼ਨ ਆਫ ਇੰਡੀਆ ਵਿਸ਼ੇਸ਼ ਉਪਰਾਲੇ ਕਰ ਰਹੀ ਹੈ। ਉਨਾਂ ਨੇ ਕਿਹਾ ਕਿ ਖਿਡਾਰੀਆਂ ਨੂੰ ਉੱਚ ਪੱਧਰ ਦੀ ਤਕਨੀਕ ਸਿਖਾਉਣ ਦੇ ਨਾਲ - ਨਾਲ ਬੁਨਿਆਦੀ ਢਾਂਚੇ ਵਿੱਚ ਵੀ ਸੁਧਾਰ ਕੀਤਾ ਜਾ ਰਿਹਾ ਹੈ ਤਾਂ ਜੋ ਗੱਤਕਾ ਬਾਕੀ ਖੇਡਾਂ ਦੇ ਮੁਕਾਬਲੇ ਆਪਣੇ ਆਪ ਨੂੰ ਵਧੇਰੇ ਵਿਕਸਿਤ ਕਰ ਸਕੇ। ਇਸ ਮੌਕੇ ਪੰਜਾਬ ਗੱਤਕਾ ਐਸੋਸੀਏਸ਼ਨ ਦੇ ਜਨਰਲ ਸਕੱਤਰ ਬਲਜਿੰਦਰ ਸਿੰਘ ਤੂਰ ਨੇ ਦੱਸਿਆ ਕਿ ਐਸਜੀਪੀਸੀ ਦੇ ਸਹਿਯੋਗ ਨਾਲ ਆਯੋਜਿਤ ਇਸ ਚੈਂਪੀਅਨਸ਼ਿਪ ਵਿੱਚ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਤੋਂ ਕਰੀਬ 300 ਖਿਡਾਰੀ ਭਾਗ ਲੈ ਰਹੇ ਹਨ ਜਿਨਾਂ ਦੇ ਅੰਡਰ -19 , ਅੰਡਰ-25 ਅਤੇ ਅੰਡਰ -30 ਉਮਰ ਵਰਗ ਦੇ ਮੁਕਾਬਲੇ ਕਰਵਾਏ ਜਾਣਗੇ।ਪੰਜਾਬ ਗੱਤਕਾ ਐਸੋਸੀਏਸ਼ਨ ਦੇ ਪ੍ਰਧਾਨ ਡਾ. ਰਜਿੰਦਰ ਸਿੰਘ ਸੋਹਲ ਨੇ ਕਿਹਾ ਕਿ ਦੇਸ਼ ਦੀਆਂ ਖੇਡਾਂ ਵਿੱਚ ਗੱਤਕੇ ਨੂੰ ਸ਼ਾਮਿਲ ਕੀਤਾ ਜਾਣਾ, ਸਿੱਖ ਕੌਮ ਲਈ ਮਾਣ ਦੀ ਗੱਲ ਹੈ। ਉਹਨਾਂ ਕਿਹਾ ਕਿ ਇਸ ਖੇਡ ਨੂੰ ਵਿਸ਼ਵ ਪੱਧਰ ਤੱਕ ਲਿਜਾਉਣ ਲਈ ਉਪਰਾਲੇ ਕੀਤੇ ਜਾਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਜਰਨਲ ਸਕੱਤਰ ਜਗਦੀਪ ਸਿੰਘ ਚੀਮਾ, ਸੁਖਨਾਜ ਸਿੰਘ ਐਸ.ਪੀ., ਰਾਕੇਸ਼ ਯਾਦਵ ਐਸ.ਪੀ.(ਡੀ), ਗੱਤਕਾ ਫੈਡਰੇਸ਼ਨ ਆਫ ਇੰਡੀਆ ਦੇ ਜੁਆਇੰਟ ਜਨਰਲ ਸਕੱਤਰ ਜਗਕਿਰਨ ਕੌਰ ਵੜੈਚ, ਪੰਜਾਬ ਗੱਤਕਾ ਐਸੋਸੀਏਸ਼ਨ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਪ੍ਰਧਾਨ ਅਮਰਦੀਪ ਸਿੰਘ ਪ੍ਰਿੰਸ ਛਤਵਾਲ, ਮਾਰਕੀਟ ਕਮੇਟੀ ਬਸੀ ਪਠਾਣਾਂ ਦੇ ਸਾਬਕਾ ਚੇਅਰਮੈਨ ਬਰਿੰਦਰ ਸਿੰਘ ਸੋਢੀ, ਜਸਪਾਲ ਸਿੰਘ ਸੰਗਰੂਰ, ਗੁਰਸ਼ਰਨ ਸਿੰਘ, ਰਘਵੀਰ ਸਿੰਘ ਡੇਹਲੋਂ, ਹਰਮਨ ਸਿੰਘ ਮੋਹਾਲੀ, ਸੰਦੀਪ ਸਿੰਘ ਲੁਧਿਆਣਾ, ਸੁਖਦੀਪ ਸਿੰਘ ਲੁਧਿਆਣਾ, ਹਰਦੀਪ ਸਿੰਘ ਮੋਗਾ, ਹਰਦੇਵ ਸਿੰਘ ਬਰਨਾਲਾਸੁਖਨਾਜ ਸਿੰਘ ਐਸ.ਪੀ., ਰਾਕੇਸ਼ ਯਾਦਵ ਐਸ.ਪੀ.(ਡੀ), ਗੱਤਕਾ ਫੈਡਰੇਸ਼ਨ ਆਫ ਇੰਡੀਆ ਦੇ ਜੁਆਇੰਟ ਜਨਰਲ ਸਕੱਤਰ ਜਗਕਿਰਨ ਕੌਰ ਵੜੈਚ, ਪੰਜਾਬ ਗੱਤਕਾ ਐਸੋਸੀਏਸ਼ਨ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਪ੍ਰਧਾਨ ਅਮਰਦੀਪ ਸਿੰਘ ਪ੍ਰਿੰਸ ਛਤਵਾਲ,ਮਾਰਕੀਟ ਕਮੇਟੀ ਬਸੀ ਪਠਾਣਾਂ ਦੇ ਸਾਬਕਾ ਚੇਅਰਮੈਨ ਬਰਿੰਦਰ ਸਿੰਘ ਸੋਢੀ, ਜਸਪਾਲ ਸਿੰਘ ਸੰਗਰੂਰ, ਗੁਰਸ਼ਰਨ ਸਿੰਘ, ਰਘਵੀਰ ਸਿੰਘ ਡੇਹਲੋਂ, ਹਰਮਨ ਸਿੰਘ ਮੋਹਾਲੀ, ਸੰਦੀਪ ਸਿੰਘ ਲੁਧਿਆਣਾ, ਸੁਖਦੀਪ ਸਿੰਘ ਤੇ ਕਰਮਜੀਤ ਸਿੰਘ ਬਰਨਾਲਾ ਆਦਿ ਵੀ ਮੌਜੂਦ ਸਨ।

# ਗੁਰਤੇਜ ਸਿੰਘ ਅਤਲਾ ਖੁਰਦ ਅਕਾਲੀ ਦਲ ਐਸ.ਸੀ. ਵਿੰਗ ਦੇ ਜਨਰਲ ਸਕੱਤਰ ਨਿਯੁਕਤ



ਪਟਿਆਲਾ,30 ਅਗਸਤ (ਢਿੱਲੋਂ ) : ਗੁਰਤੇਜ ਸਿੰਘ ਅਤਲਾ ਖੁਰਦ ਜੋ ਕਿ ਲੰਬੇ ਸਮੇਂ ਤੋਂ ਯੂਥ ਅਕਾਲੀ ਦਲ ਵਿੱਚ ਬਤੌਰ ਜਨਰਲ ਸਕੱਤਰ ਕੰਮ ਕਰ ਰਹੇ ਸਨ ਉਹਨਾਂ ਦੀ ਪਾਰਟੀ ਪ੍ਰਤੀ ਵਫਾਦਾਰੀ ਨੂੰ ਦੇਖਦੇ ਹੋਏ ਅਤੇ ਉਹਨਾਂ ਦੇ ਕੰਮ ਨੂੰ ਦੇਖਦੇ ਹੋਏ ਸਰਦਾਰ ਸੁਖਬੀਰ ਸਿੰਘ ਬਾਦਲ ਬੀਬੀ ਹਰਸਿਮਰਤ ਕੌਰ ਬਾਦਲ ਸਰਦਾਰ ਬਲਵਿੰਦਰ ਸਿੰਘ ਭੂੰਦੜ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਪ੍ਰੇਮ ਕੁਮਾਰ ਅਰੋੜਾ ਜਿਲਾ ਇੰਚਾਰਜ ਮਾਨਸਾ ਨੇ ਆਪਣਾ ਜ਼ਿਲਾ ਮਾਨਸਾ ਦੀ ਟੀਮ ਨੂੰ ਤਕੜਾ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਵਿੱਚ ਨਿਯੁਕਤੀਆਂ ਕਰ ਰਹੇ ਹਨ ਅਕਾਲੀ ਦਲ ਨੂੰ ਹੋਰ ਤਕੜਾ ਕਰਨ ਲਈ ਗੁਰਤੇਜ ਸਿੰਘ ਅਤਲਾ ਖੁਰਦ ਨੂੰ ਸ਼੍ਰੋਮਣੀ ਅਕਾਲੀ ਦਲ ਐਸ,ਸੀ ਵਿੰਗ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਇਸ ਨਿਯੁਕਤੀ ਵਿੱਚ ਗੁਰਮੇਲ ਸਿੰਘ ਫਫੜੇ ਭਾਈਕੇ ਵਿਨਰਜੀਤ ਗੋਲਡੀ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਬਾਦਲ ਹਲਕਾ ਇੰਚਾਰਜ ਸੁਨਾਮ, ਐਸ ਜੀ,ਪੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਅਤੇ ਬਲਜੀਤ ਸਿੰਘ ਸਾਬਕਾ ਸਰਪੰਚ ਅਤਲਾ ਖੁਰਦ ਸਰਕਲ ਪ੍ਰਧਾਨ ਭਿੱਖੀ ਸ਼੍ਰੋਮਣੀ ਅਕਾਲੀ ਦਲ ਬਾਦਲ, ਗੁਰਤੇਜ ਸਿੰਘ ਅਤਲਾ ਖੁਰਦ ਨੂੰ ਸ਼੍ਰੋਮਣੀ ਅਕਾਲੀ ਦਲ ਐਸਸੀ ਵਿੰਗ ਦਾ ਜਰਨਲ ਸਕੱਤਰ ਨਿਯੁਕਤ ਕੀਤਾ ਗਿਆ ਗੁਰਤੇਜ ਸਿੰਘ ਅਤਲਾ ਖੁਰਦ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੇ ਨਾਲ ਮੋਢਾ ਨਾਲ ਮੋਢਾ ਮਿਲਾਕੇ ਚੱਲਾਂਗੇ ਅਤੇ 2027 ਦੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਵਾਂਗੇ। ਇਸ ਨਿਯੁਕਤੀ ਤੇ ਗੁਰਤੇਜ ਸਿੰਘ ਅਤਲਾ ਖੁਰਦ ਨੂੰ ਚਹੁੰ ਪਾਸਿਆਂ ਤੋਂ ਵਧਾਈਆਂ ਮਿਲ ਰਹੀਆਂ ਹਨ। ਉਨ੍ਹਾਂ ਬਲਜੀਤ ਸਿੰਘ ਸਾਬਕਾ ਸਰਪੰਚ ਅਤਲਾ ਖੁਰਦ ਸਰਕਲ ਪ੍ਰਧਾਨ ਭੀਖੀ ਨੇ ਹਾਈ ਕਮਾਂਡ ਸਰਦਾਰ ਸੁਖਬੀਰ ਸਿੰਘ ਬਾਦਲ ਬੀਬੀ ਹਰਸਿਮਰਤ ਕੌਰ ਬਾਦਲ ਪਰਵਿੰਦਰ ਸਿੰਘ ਭੂੰਦੜ ਪ੍ਰੇਮ ਕੁਮਾਰ ਅਰੋੜਾ ਵਿਨਰਜੀ ਗੋਲਡੀ ਗੁਰਮੇਲ ਸਿੰਘ ਫਫੜੇ ਭਾਈ ਕੇ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਦਾ ਧੰਨਵਾਦ ਕੀਤਾ।

# ਹੜ੍ਹ ਪੀੜਤਾਂ ਦੀ ਸਹਾਇਤਾ ਲਈ ਕੌਂਸਲਰ ਪੂਜਾ ਲੂਥਰਾ ਸਚਦੇਵਾ ਵੱਲੋਂ ਰਾਹਤ ਕੈਂਪ 'ਚ ਲੰਗਰ ਦੀ ਸੇਵਾ



ਫਾਜ਼ਿਲਕਾ 30 ਅਗਸਤ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਪੰਜਾਬ ਦੇ ਕਈ ਇਲਾਕਿਆਂ ਵਿਚ ਆਏ ਹੜ੍ਹ ਕਾਰਨ ਜਨ-ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਫਾਜ਼ਿਲਕਾ ਜ਼ਿਲ੍ਹੇ ਵਿੱਚ ਵੀ ਹੜ੍ਹਾਂ ਦੀ ਮਾਰ ਝੱਲ ਰਹੇ ਪੀੜਤ ਪਰਿਵਾਰਾਂ ਨੂੰ ਭਾਰੀ ਨੁਕਸਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹੜ੍ਹ ਆਉਣ ਕਾਰਨ ਜਿੱਥੇ ਲੋਕਾਂ ਦੇ ਘਰੇਲੂ ਸਮਾਨ ਨੂੰ ਵੱਡਾ ਨੁਕਸਾਨ ਹੋਇਆ ਹੈ, ਉੱਥੇ ਹੀ ਉਨ੍ਹਾਂ ਨੂੰ ਖਾਣ-ਪੀਣ ਦੀਆਂ ਚੀਜ਼ਾਂ ਦੀ ਭਾਰੀ ਕਿੱਲਤ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਗੰਭੀਰ ਸਥਿਤੀ ਦੇ ਚਲਦਿਆਂ, ਆਮ ਆਦਮੀ ਪਾਰਟੀ ਮਹਿਲਾ ਵਿੰਗ ਦੀ ਸਾਬਕਾ ਜ਼ਿਲ੍ਹਾ ਪ੍ਰਧਾਨ ਅਤੇ ਕੌਂਸਲਰ ਪੂਜਾ ਲੂਥਰਾ ਸਚਦੇਵਾ ਵੱਲੋਂ ਹੜ੍ਹ ਪੀੜਤ ਪਰਿਵਾਰਾਂ ਦੀ ਸਹਾਇਤਾ ਲਈ ਲਗਾਤਾਰ ਰਾਹਤ ਕਾਰਜ ਜਾਰੀ ਹਨ। ਕੌਂਸਲਰ ਪੂਜਾ ਲੂਥਰਾ ਸਚਦੇਵਾ ਵੱਲੋਂ ਮੌਜਮ ਪਿੰਡ ਦੇ ਸਰਕਾਰੀ ਸਕੂਲ ਵਿੱਚ ਬਣਾਏ ਗਏ ਰਾਹਤ ਕੈਂਪ ਵਿਚ ਲੰਗਰ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਕੌਂਸਲਰ ਪੂਜਾ ਲੂਥਰਾ ਸਚਦੇਵਾ ਨੇ ਹੜ੍ਹ ਪੀੜਤ ਪਰਿਵਾਰਾਂ ਨੂੰ ਭਰੋਸਾ ਦਿਵਾਇਆ ਕਿ ਉਹ ਹਰ ਵੇਲੇ ਉਨ੍ਹਾਂ ਨਾਲ ਖੜ੍ਹੇ ਹਨ ਅਤੇ ਜਿੱਥੇ ਵੀ ਲੋੜ ਹੋਵੇਗੀ, ਆਪਣੀ ਟੀਮ ਸਮੇਤ ਸਹਾਇਤਾ ਲਈ ਪਹੁੰਚਦੇ ਰਹਿਣਗੇ। ਕੌਂਸਲਰ ਪੂਜਾ ਲੂਥਰਾ ਸਚਦੇਵਾ ਨੇ ਦੱਸਿਆ ਕਿ ਹੜ੍ਹ ਦੀ ਮਾਰ ਝੱਲ ਰਹੇ ਪਰਿਵਾਰਾਂ ਦੀ ਦੁਰਦਸ਼ਾ ਨੂੰ ਦੇਖਦੇ ਹੋਏ, ਉਨ੍ਹਾਂ ਦੀ ਟੀਮ ਨੇ ਤੁਰੰਤ ਰਾਹਤ ਕਾਰਜ ਸ਼ੁਰੂ ਕਰ ਦਿੱਤੇ ਹਨ। ਉਨ੍ਹਾਂ ਨੇ ਕਿਹਾ, ਸਾਡਾ ਮਕਸਦ ਹੜ੍ਹ ਪੀੜਤਾਂ ਨੂੰ ਤੁਰੰਤ ਸਹਾਇਤਾ ਪ੍ਰਦਾਨ ਕਰਨਾ ਹੈ। ਅਸੀਂ ਲੰਗਰ ਦੇ ਨਾਲ-ਨਾਲ ਰੋਜ਼ਾਨਾ ਵਰਤੋਂ ਦੀਆਂ ਜ਼ਰੂਰੀ ਵਸਤਾਂ ਵੀ ਮੁਹੱਈਆ ਕਰਵਾ ਰਹੇ ਹਾਂ। ਉਨ੍ਹਾਂ ਦੱਸਿਆ ਕਿ ਹੜ੍ਹ ਕਾਰਨ ਬਹੁਤ ਸਾਰੇ ਪਰਿਵਾਰਾਂ ਦੇ ਘਰ ਤਬਾਹ ਹੋ ਗਏ ਹਨ, ਫਸਲਾਂ ਪਾਣੀ ਹੇਠ ਆ ਗਈਆਂ ਹਨ ਅਤੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਹਰ ਕੋਈ ਪ੍ਰਭਾਵਿਤ ਹੋਇਆ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਸਮਾਜ ਸੇਵੀਆਂ ਅਤੇ ਐਨਜੀਓਜ਼ ਨੂੰ ਵੀ ਅਪੀਲ ਕੀਤੀ ਕਿ ਉਹ ਵੀ ਅੱਗੇ ਆ ਕੇ ਹੜ੍ਹ ਪੀੜਤ ਪਰਿਵਾਰਾਂ ਦੀ ਮਦਦ ਲਈ ਯੋਗਦਾਨ ਪਾਉਣ।

# ਜਿਊਲਰ ਹਮਲੇ ਪਿੱਛੇ ਗੈਂਗਸਟਰ ਲਖਬੀਰ ਲੰਡਾ ਦਾ ਹੱਥ; ਮੁੱਖ ਸ਼ੂਟਰ ਗ੍ਰਿਫ਼ਤਾਰ



ਜ਼ੀਰਾ 30 ਅਗਸਤ (ਦੀਪਕ ਭਾਰਗੋ ):ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਸੰਗਠਿਤ ਅਪਰਾਧ ਵਿਰੁੱਧ ਵੱਡੀ ਸਫਲਤਾ ਹਾਸਲ ਕਰਦਿਆਂ, ਪੰਜਾਬ ਪੁਲਿਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਨੇ ਜਿਊਲਰ ਹਮਲੇ ਵਿੱਚ ਸ਼ਾਮਲ ਮੁੱਖ ਸ਼ੂਟਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਜਗਰੋਸ਼ਨ ਸਿੰਘ ਵਾਸੀ ਨੌਸ਼ਹਿਰਾ ਪੰਨੂਆਂ, ਤਰਨਤਾਰਨ ਵਜੋਂ ਹੋਈ ਹੈ। ਮੁਲਜ਼ਮ ਦਾ ਕੋਈ ਅਪਰਾਧਿਕ ਪਿਛੋਕੜ ਨਹੀਂ ਹੈ।ਜਾਣਕਾਰੀ ਅਨੁਸਾਰ, 14 ਅਗਸਤ, 2025 ਨੂੰ ਸ਼ਾਮ 6 ਵਜੇ ਦੇ ਕਰੀਬ ਜ਼ਿਲ੍ਹਾ ਫਿਰੋਜ਼ਪੁਰ ਦੇ ਜ਼ੀਰਾ ਵਿੱਚ ਕੁਝ ਅਣਪਛਾਤੇ ਵਿਅਕਤੀਆਂ ਨੇ ਇੱਕ ਜਿਊਲਰੀ ਸ਼ਾਪ ਦੇ ਮਾਲਕ ਤੇ ਗੋਲੀਬਾਰੀ ਕੀਤੀ ਸੀ ਅਤੇ ਇਸ ਹਮਲੇ ਦੌਰਾਨ ਦੁਕਾਨ ਮਾਲਕ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ ਸੀ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਸ਼ੂਟਰਾਂ ਨੇ ਵਿਦੇਸ਼ ਅਧਾਰਤ ਗੈਂਗਸਟਰ ਲਖਬੀਰ ਸਿੰਘ ਉਰਫ਼ ਲੰਡਾ ਦੇ ਇਸ਼ਾਰਿਆਂ 'ਤੇ ਇਸ ਵਾਰਦਾਤ ਨੂੰ ਅੰਜ਼ਾਮ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ ਤਾਂ ਜੋ ਇਸ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕੀਤਾ ਜਾ ਸਕੇ।ਇਸ ਆਪਰੇਸ਼ਨ ਬਾਰੇ ਵੇਰਵੇ ਸਾਂਝੇ ਕਰਦਿਆਂ, ਏਜੀਟੀਐਫ ਦੇ ਐਡੀਸ਼ਨਲ ਡਾਇਰੈਕਟਰ ਜਨਰਲ ਆਫ ਪੁਲਿਸ (ਏਡੀਜੀਪੀ) ਪ੍ਰਮੋਦ ਬਾਨ ਨੇ ਦੱਸਿਆ ਕਿ ਭਰੋਸੇਯੋਗ ਜਾਣਕਾਰੀ ਤੇ ਕਾਰਵਾਈ ਕਰਦਿਆਂ, ਡੀਐਸਪੀ ਏਜੀਟੀਐਫ ਰਾਜਨ ਪਰਮਿੰਦਰ ਦੀ ਅਗਵਾਈ ਵਿੱਚ ਏਜੀਟੀਐਫ ਦੀਆਂ ਪੁਲਿਸ ਟੀਮਾਂ ਨੇ ਜ਼ੀਰਾ ਦੇ ਪਿੰਡ ਮਨਸੂਰ ਦੇਵਾ ਵਿੱਚ ਝਟਰਾ ਰੋਡ ਤੇ ਨਹਿਰ ਦੇ ਪੁਲ ਤੋਂ ਦੋਸ਼ੀ ਜਗਰੋਸ਼ਨ ਨੂੰ ਗ੍ਰਿਫ਼ਤਾਰ ਕਰ ਲਿਆ।ਏਡੀਜੀਪੀ ਨੇ ਦੱਸਿਆ ਕਿ ਜਗਰੋਸ਼ਨ ਜਿਊਲਰ ਹਮਲੇ ਸਬੰਧੀ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਤੀਜਾ ਦੋਸ਼ੀ ਹੈ ਅਤੇ ਉਹ ਇਸ ਹਮਲੇ ਵਿੱਚ ਮੁੱਖ ਸ਼ੂਟਰ ਸੀ। ਉਨ੍ਹਾਂ ਅੱਗੇ ਦੱਸਿਆ ਕਿ ਇਸ ਤੋਂ ਪਹਿਲਾਂ, ਦੋ ਹੋਰ ਦੋਸ਼ੀਆਂ, ਜਿਨ੍ਹਾਂ ਦੀ ਪਛਾਣ ਹਰਜੀਤ ਉਰਫ ਜੀਤਾ ਅਤੇ ਸਨਮੁਖ ਉਰਫ ਸੰਨੀ ਵਜੋਂ ਹੋਈ ਹੈ, ਨੂੰ ਏਜੀਟੀਐਫ ਦੀਆਂ ਟੀਮਾਂ ਨੇ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਸੀ।ਇਸ ਸਬੰਧੀ, ਐਫਆਈਆਰ ਨੰਬਰ 87 ਮਿਤੀ 15.08.2025 ਨੂੰ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀਆਂ ਧਾਰਾਵਾਂ 109 ਅਤੇ 309 (6) ਅਤੇ ਅਸਲਾ ਐਕਟ ਦੀਆਂ ਧਾਰਾਵਾਂ 25 ਅਤੇ 27 ਤਹਿਤ ਥਾਣਾ ਜ਼ੀਰਾ ਵਿਖੇ ਪਹਿਲਾਂ ਹੀ ਦਰਜ ਕੀਤੀ ਜਾ ਚੁੱਕੀ ਹੈ।

# 1947 ਦੀ ਵੰਡ ਮੌਕੇ ਮਾਰੇ ਗਏ ਨਿਰਦੋਸ਼ ਵਿਅਕਤੀਆਂ ਨੂੰ ਸਦਾ ਰੰਗ ਵਾਸੀਆਂ ਨੇ ਯਾਦ ਕੀਤਾ



ਚੌਂਕ ਮਹਿਤਾ, 30 ਅਗਸਤ- (ਬਲਜਿੰਦਰ ਸਿੰਘ ਰੰਧਾਵਾ) 28 ਅਗਸਤ 1947 ਨੂੰ ਪਿੰਡ ਸਦਾ ਰੰਗ ਦੇ 10 ਵਸਨੀਕ ਜਿਨ੍ਹਾਂ ਨੂੰ ਬਲੋਚ ਮਿਲਟਰੀ ਨੇ ਪਕੜ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ, ਨੂੰ ਅੱਜ ਪਿੰਡ ਵਾਸੀਆਂ ਵੱਲੋਂ ਯਾਦ ਕੀਤਾ ਗਿਆ। ਵਰਣਨਯੋਗ ਹੈ ਕਿ ਪਿੰਡ ਚੌਧਰੀਵਾਲ ਵਿਖੇ ਲੱਗੇ ਮੁਸਲਮਾਨ ਸ਼ਰਣਾਰਥੀਆਂ ਦੇ ਕੈਂਪ ਨੂੰ ਹਿਫ਼ਾਜ਼ਤ ਨਾਲ ਪਾਕਿਸਤਾਨ ਲਿਜਾਣ ਵਾਸਤੇ ਆਈ ਬਲੋਚ ਮਿਲਟਰੀ ਨੇ ਪਿੰਡ ਸਦਾ ਰੰਗ ਦੇ ਚੜ੍ਹਦੇ ਪਾਸੇ ਵਸਦੇ ਪਿੰਡ ਪੇਰੋ ਸ਼ਾਹ ਦੇ ਲੋਕਾਂ ਨੂੰ ਕੈਂਪ ਵਿੱਚ ਲਿਆਉਣ ਵਾਸਤੇ ਇਥੋਂ ਲੰਘਣ ਮੌਕੇ ਪਿੰਡ ਵਿੱਚ ਜਿਹੜਾ ਜਿਹੜਾ ਵੀ ਉਹਨਾਂ ਦੇ ਸਾਹਮਣੇ ਆਇਆ ਉਸ ਨੂੰ ਘੇਰ ਕੇ ਆਪਣੇ ਅੱਗੇ ਲਾ ਲਿਆ ਅਤੇ ਪਿੰਡ ਪੇਰੋ ਸ਼ਾਹ ਵਿੱਚ ਲਿਜਾ ਕੇ ਉਹਨਾਂ ਸਾਰਿਆਂ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਪਿੰਡ ਦੀ ਪੰਚਾਇਤੀ ਕਾਰਵਾਈ ਵਿੱਚ ਦਰਜ ਕੀਤੇ ਇਸ ਵਾਕਿਆ ਅਨੁਸਾਰ ਇਹਨਾਂ ਵਿਅਕਤੀਆਂ ਵਿੱਚ ਬੇਲਾ ਸਿੰਘ ਖੱਤਰੀ, ਅਮਰ ਸਿੰਘ ਠੇਕੇਦਾਰ, ਝੰਡਾ ਸਿੰਘ ਸਰਪੰਚ, ਗਿਆਨ ਸਿੰਘ, ਪ੍ਰੀਤਮ ਸਿੰਘ, ਕਿਸ਼ਨ ਸਿੰਘ, ਹਰਨਾਮ ਸਿੰਘ, ਅਤੇ ਪਿੰਡ ਦਾ ਇੱਕ ਜਵਾਈ ਜਿਸ ਦੇ ਨਾਮ ਦਾ ਪਤਾ ਨਹੀਂ ਚੱਲ ਸਕਿਆ ,ਇਹਨਾਂ ਨੂੰ ਸਾਰਿਆਂ ਨੂੰ ਪਿੰਡ ਪੇਰੋ ਸ਼ਾਹ ਲਿਜਾ ਕੇ ਕਤਲ ਕੀਤਾ ਗਿਆ । ਰਾਮ ਸਿੰਘ ਅਤੇ ਹਰਭਜਨ ਸਿੰਘ ਜੋ ਪਿੰਡ ਦੇ ਖੇਤਾਂ ਵਿੱਚੋਂ ਪੱਠੇ ਲੈਣ ਗਏ ਸਨ, ਨੂੰ ਮੌਕੇ ਤੇ ਹੀ ਗੋਲੀਆਂ ਮਾਰ ਕੇ ਮਾਰ ਦਿੱਤਾ ਅਤੇ ਇਸੇ ਹੀ ਪਿੰਡ ਦੇ ਰੇਲਵੇ ਮੁਲਾਜ਼ਮ ਜਸਵੰਤ ਸਿੰਘ ਜਿਸ ਨੂੰ ਲਾਹੌਰ ਤੋਂ ਬਦਲ ਕੇ ਲੁਧਿਆਣੇ ਭੇਜ ਦਿੱਤਾ ਸੀ, ਨੂੰ ਵੀ ਫਸਾਦੀਆਂ ਨੇ ਰੇਲਵੇ ਸਟੇਸ਼ਨ ਤੇ ਹੀ ਕਤਲ ਕਰ ਦਿੱਤਾ। ਇਹਨਾਂ 11 ਵਿਅਕਤੀਆਂ ਨੂੰ ਯਾਦ ਕਰਦਿਆਂ ਅੱਜ ਪਿੰਡ ਦੇ ਗੁਰਦੁਆਰਾ ਬਾਬਾ ਭੋਲਾ ਸਿੰਘ ਵਿਖੇ ਉਹਨਾਂ ਦੀ ਆਤਮਿਕ ਸ਼ਾਂਤੀ ਵਾਸਤੇ ਨਗਰ ਨਿਵਾਸੀਆਂ ਵੱਲੋਂ ਅਰਦਾਸ ਕਰਕੇ ਉਹਨਾਂ ਨੂੰ ਯਾਦ ਕੀਤਾ ਗਿਆ। ਇਸ ਮੌਕੇ ਮੁੱਖ ਤੌਰ ਜਗਦੀਸ਼ ਸਿੰਘ ਬਮਰਾਹ,ਪ੍ਰਧਾਨ ਸ੍ਰ ਮਨਜੀਤ ਸਿੰਘ, ਸਰਪੰਚ ਗੁਰਮੀਤ ਸਿੰਘ ਲੱਕੀ,ਗ੍ਰੰਥੀ ਭਾਈ ਰਣਜੋਧ ਸਿੰਘ, ਹਰਦੀਪ ਸਿੰਘ ਵਿਰਦੀ, ਜਗਤਾਰ ਸਿੰਘ ਸਾਬਕਾ ਸਰਪੰਚ, ਤਰਸੇਮ ਸਿੰਘ ਬਿਜਲੀ ਵਾਲੇ, ਹਰਜਿੰਦਰ ਸਿੰਘ ਬਮਰਾਹ,ਕੁਲਦੀਪ ਸਿੰਘ ਹਰਿਆਣੇ ਵਾਲੇ, ਨਿਰਵੈਰ ਸਿੰਘ ਬੱਜੂਮਾਨ , ਜਰਨੈਲ ਸਿੰਘ, ਸਵਰਨ ਸਿੰਘ ਨੰਬਰਦਾਰ ਅਤੇ ਹੋਰ ਸੰਗਤਾਂ ਦੀ ਹਾਜ਼ਰ ਸਨ।

# ਹੜ੍ਹਾਂ 'ਚ ਫਸੇ ਨਸ਼ਾ ਛੱਡਣ ਵਾਲੇ ਮਰੀਜ਼ਾਂ ਦੇ ਇਲਾਜ ਵਿਚ ਵਿੱਥ ਨਹੀਂ ਪੈਣ ਦੇ ਰਿਹਾ ਸਿਹਤ ਵਿਭਾਗ

ਫਿਰੋਜ਼ਪੁਰ,30 ਅਗਸਤ (ਤਿਵਾੜੀ) ਪੰਜਾਬ ਸਰਕਾਰ ਦੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਹੜਾਂ ਦੇ ਬਾਵਜੂਦ ਵੀ ਸਿਹਤ ਵਿਭਾਗ ਵੱਲੋਂ ਜਾਰੀ ਹੈ। ਇਸ ਮੁਹਿੰਮ ਹੇਠ ਸਿਹਤ ਮੰਤਰੀ ਡਾ ਬਲਬੀਰ ਸਿੰਘ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਲਗਾਤਾਰ ਕਈ ਤਰ੍ਹਾਂ ਦੇ ਉਪਰਾਲੇ ਕੀਤੇ ਜਾ ਰਹੇ ਹਨ। ਇਹਨਾਂ ਕੋਸ਼ਿਸ਼ਾਂ ਸਦਕਾ ਹੀ ਭਾਰੀ ਗਿਣਤੀ ਵਿੱਚ ਨਸ਼ੇ ਵਰਗੀ ਅਲਾਮਤਾਂ ਦਾ ਸ਼ਿਕਾਰ ਹੋਏ ਮਰੀਜ਼ਾਂ ਨੇ ਫਿਰੋਜ਼ਪੁਰ ਜਿਲ੍ਹੇ ਦੇ ਵੱਖ ਵੱਖ ਨਸ਼ਾ ਛੁਡਾਓ ਕੇਂਦਰਾਂ ਵਿਖੇ ਆਪ ਸੰਪਰਕ ਕਰਕੇ ਨਸ਼ਾ ਛੱਡਣ ਲਈ ਇਲਾਜ ਸ਼ੁਰੂ ਕਰਵਾ ਦਿੱਤਾ ਸੀ, ਪਰ ਹੁਣ ਹੜਾਂ ਦੀ ਮਾਰ ਹੇਠ ਆਏ ਕਈ ਪਿੰਡਾਂ ਦੇ ਨਸ਼ਾ ਛੱਡਣ ਵਾਲੇ ਮਰੀਜ਼ਾਂ ਨੂੰ ਨਸ਼ਾ ਛੁਡਾਓ ਕੇਂਦਰਾਂ ਵਿੱਚ ਪਹੁੰਚ ਕਰਨ ਵਿੱਚ ਔਕੜਾਂ ਆ ਰਹੀਆਂ ਸਨ ਅਤੇ ਇਲਾਜ ਦੇ ਵਿੱਚ ਰੁਕਾਵਟ ਆਉਣ ਕਰਕੇ ਦਿੱਤੀਆਂ ਜਾ ਰਹੀਆਂ ਨਸ਼ਾ ਛੁਡਾਊ ਦਵਾਈਆਂ ਦੇ ਕੋਰਸ ਵਿੱਚ ਵਿਘਨ ਪੈ ਰਹੀ ਸੀ। ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਅੱਜ ਸਿਹਤ ਵਿਭਾਗ ਵੱਲੋਂ ਆਰਿਫ ਕੇ ਬੇਸ ਕੈਂਪ ਵਿਖੇ ਸਿਵਲ ਸਰਜਨ ਡਾ ਰਾਜਵਿੰਦਰ ਕੌਰ ਅਤੇ ਸੀਨੀਅਰ ਮੈਡੀਕਲ ਅਫਸਰ ਡਾ ਰਾਜੂ ਚੌਹਾਨ ਦੀ ਦੇਖਰੇਖ ਹੇਠ ਨਸ਼ਾ ਛੱਡਣ ਵਾਲੇ ਮਰੀਜਾਂ ਦਾ ਇਲਾਜ ਬਿਨਾਂ ਰੁਕਾਵਟ ਪੂਰਾ ਕੀਤਾ ਜਾ ਸਕੇ, ਇਸ ਲਈ ਸਪੈਸ਼ਲ ਕੈਂਪ ਲਗਾ ਕੇ ਪਹਿਲਾਂ ਤੋਂ ਰਜਿਸਟਰਡ ਨਸ਼ਾ ਛੱਡਣ ਦੇ ਕੋਰਸ ਵਾਲੇ ਹੜ੍ਹ ਪ੍ਰਭਾਵਿਤ 37 ਮਰੀਜ਼ਾਂ ਨੂੰ ਇੱਕ ਇੱਕ ਹਫਤੇ ਦੀ ਦਵਾਈ ਦਿੱਤੀ ਗਈ ਹੈ ਤਾਂ ਜੋ ਉਹਨਾਂ ਦਾ ਨਸ਼ਾ ਛੱਡਣ ਲਈ ਇਲਾਜ ਬਿਨਾਂ ਰੋਕਟੋਕ ਤੋਂ ਜਾਰੀ ਰਹੇ। ਇਸ ਮੌਕੇ ਡਾ ਰਾਜਵਿੰਦਰ ਕੌਰ ਸਿਵਲ ਸਰਜਨ ਨੇ ਕਿਹਾ ਕਿ ਸਿਹਤ ਵਿਭਾਗ ਵਲੋ ਰਿਲੀਫ਼ ਕੈਂਪ ਅਤੇ ਹੜ੍ਹ ਪ੍ਰਭਾਵਿਤ ਇਲਾਕੇ ਪਿੰਡਾਂ ਵਿੱਚ ਮੈਡੀਕਲ ਕੈਂਪ ਲਗਾ ਕੇ ਲੋਕਾਂ ਨੂੰ ਇਲਾਜ਼ ਅਤੇ ਦਵਾਈਆ ਮੁਹਈਆ ਕਰਵਾਈਆ ਜਾ ਰਹੀਆ ਹਨ ਅਤੇ ਨਾਲ ਹੀ ਗਰਭਵਤੀ ਮਹਿਲਾਵਾਂ ਨੂੰ ਸਿਹਤ ਸਹੂਲਤਾ ਪ੍ਰਦਾਨ ਕੀਤੀਆ ਜਾ ਰਹੀਆਂ ਹਨ ।ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦੀ ਯੁੱਧ ਨਸ਼ਿਆ ਵਿਰੁਧ ਮੁਹਿੰਮ ਤਹਿਤ ਹੜ੍ਹ ਨਾਲ ਪ੍ਰਭਾਵਿਤ ਪਿੰਡਾਂ ਦੇ ਨਸ਼ਾ ਛੱਡਣ ਵਾਲੇ ਮਰੀਜ਼ਾ ਨੂੰ ਇਲਾਜ਼ ਲਈ ਅਹਿਮ ਉਪਰਾਲਾ ਕੀਤਾ ਗਿਆ ਹੈ। ਜਿਸ ਤਹਿਤ ਪਹਿਲਾਂ ਤੋਂ ਰਜਿਸਟਰਡ ਪਿੰਡਾਂ ਦੇ ਮਰੀਜ਼ਾ ਨੂੰ ਇਲਾਜ਼ ਵਿੱਚ ਤੰਗੀ ਨਾ ਆਵੇ ਇਸ ਲਈ 37 ਮਰੀਜ਼ਾ ਨੂੰ ਇਕ ਹਫ਼ਤੇ ਦੀ ਦਵਾਈ ਮੁੱਹਈਆ ਕਰਵਾਈ ਜਾ ਰਹੀ ਹੈ ਅਤੇ ਮਾਨਸਿਕ ਤੌਰ ਤੇ ਮਜ਼ਬੂਤ ਰੱਖਣ ਲਈ ਮਰੀਜ਼ਾ ਦੀ ਕਾਊਂਸਲਿੰਗ ਕਰਵਾਈ ਗਈ। ਸਿਹਤ ਵਿਭਾਗ ਦੇ ਜ਼ਿਲ੍ਹਾ ਮਾਸ ਮੀਡੀਆ ਅਫਸਰ ਸੰਜੀਵ ਸ਼ਰਮਾ ਅਤੇ ਡਿਪਟੀ ਮਾਸ ਮੀਡੀਆ ਅਫਸਰ ਅੰਕੁਸ਼ ਭੰਡਾਰੀ ਵਲੋਂ ਹੜਾਂ ਦੇ ਕਾਰਣ ਫੈਲਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਜਾਗਰੂਕ ਕੀਤਾ ਗਿਆ। ਇਸ ਮੌਕੇ ਸੁਪਰਡੈਂਟ ਪਰਮਵੀਰ ਮੋਂਗਾ, ਐਸ ਆਈ ਅਮਰਜੀਤ ਅਤੇ ਸਟਾਫ ਨਰਸ ਮਨਦੀਪ ਵੀ ਹਾਜ਼ਰ ਸਨ।



# ਮੁੱਖ ਸਕੱਤਰ ਵੱਲੋਂ ਪੌਂਗ ਡੈਮ ਅਤੇ ਮੁਕੇਰੀਆਂ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ

ਮੁਕੇਰੀਆਂ, 30 ਅਗਸਤ ( ਧਰਮ ਚੰਦ ) ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਤੇ ਮੁੱਖ ਸਕੱਤਰ ਪੰਜਾਬ ਕੇ.ਏ.ਪੀ ਸਿਨਹਾ ਨੇ ਅੱਜ ਪੌਂਗ ਡੈਮ ਅਤੇ ਮੁਕੇਰੀਆਂ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ। ਇਸ ਮੌਕੇ ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ, ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਅਤੇ ਐਸ.ਐਸ.ਪੀ. ਸੰਦੀਪ ਕੁਮਾਰ ਮਲਿਕ ਵੀ ਉਨ੍ਹਾਂ ਨਾਲ ਮੌਜੂਦ ਸਨ।ਮੁੱਖ ਸਕੱਤਰ ਨੇ ਪਹਿਲਾਂ ਪੌਂਗ ਡੈਮ ਦਾ ਨਿਰੀਖਣ ਕੀਤਾ ਅਤੇ ਉਥੇ ਮੌਜੂਦ ਅਧਿਕਾਰੀਆਂ ਤੋਂ ਡੈਮ ਦੇ ਪਾਣੀ ਦੇ ਪੱਧਰ ਅਤੇ ਛੱਡੇ ਜਾ ਰਹੇ ਪਾਣੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਾਪਤ ਕੀਤੀ। ਉਨ੍ਹਾਂ ਸਪੱਸ਼ਟ ਹਦਾਇਤਾਂ ਦਿੱਤੀਆਂ ਕਿ ਡੈਮ ਵਿੱਚ ਆਉਣ ਵਾਲੇ ਪਾਣੀ ਦੇ ਵਹਾਅ ਨੂੰ ਧਿਆਨ ਵਿਚ ਰੱਖਦੇ ਹੋਏ ਡਿਸਚਾਰਜ ਤਕਨੀਕੀ ਮਾਪਦੰਡਾਂ ਦੇ ਆਧਾਰ ਤੇ ਕੀਤਾ ਜਾਵੇ, ਤਾਂ ਜੋ ਹੇਠਲੇ ਖੇਤਰਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਅਧਿਕਾਰੀਆਂ ਨੂੰ ਲਗਾਤਾਰ ਸੁਚੇਤ ਰਹਿਣ ਅਤੇ ਸਥਿਤੀ ਦੀ 24 ਘੰਟੇ ਨਿਗਰਾਨੀ ਕਰਨ ਦੇ ਨਿਰਦੇਸ਼ ਵੀ ਦਿੱਤੇ।ਇਸ ਤੋਂ ਬਾਅਦ ਮੁੱਖ ਸਕੱਤਰ ਸ੍ਰੀ ਸਿਨਹਾ ਨੇ ਮੁਕੇਰੀਆਂ ਸਬ-ਡਵੀਜ਼ਨ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਹਲੇੜ ਅਤੇ ਮੋਤਲਾ ਵਿਚਕਾਰ ਬਣੇ ਧੁੱਸੀ ਬੰਨ੍ਹ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਜਲ ਸਰੋਤ ਵਿਭਾਗ ਧੁੱਸੀ ਬੰਨ੍ਹਾਂ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰ ਰਿਹਾ ਹੈ। ਮੁੱਖ ਸਕੱਤਰ ਨੇ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਉਨ੍ਹਾਂ ਦੇ ਨਾਲ ਹੈ ਅਤੇ ਉਨ੍ਹਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

# ਟਰਾਲੇ ਤੇ ਕਾਰ ਦੀ ਟੱਕਰ 'ਚ ਕਾਰ ਚਾਲਕ ਹੋਇਆ ਜਖਮੀ

ਕਾਠਗੜ੍ਹ, 30 ਅਗਸਤ ( ਸੁਖਜੀਤ ਭਾਟੀਆ ) ਚੰਡੀਗੜ੍ਹ ਨਵਾਂ ਸ਼ਹਿਰ ਹਾਈਵੇ ਨੈਸ਼ਨਲ ਤੇ ਅੱਡਾ ਤਾਜੋਵਾਲ ਦੇ ਸਾਹਮਣੇ ਇਕ ਟਰਾਲਾ ਤੇ ਕਾਰ ਦੀ ਹੋਈ ਜ਼ਬਰਦਸਤ ਟੱਕਰ ਵਿੱਚ ਕਾਰ ਚਾਲਕ ਦੇ ਜ਼ਖਮੀ ਹੋਣ ਮੁਖ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸੜਕ ਹਾਦਸੇ ਦੀ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਕੁਲਵੀਰ ਸਿੰਘ ਨੇ ਦੱਸਿਆ ਕਿ ਇੱਕ ਵੈਨੀਊ ਕਾਰ ਜਿਸ ਨੂੰ ਪਰਮਿੰਦਰ ਸਿੰਘ ਪੁੱਤਰ ਹਰਿੰਦਰ ਸਿੰਘ ਵਾਸੀ ਫਤਹਿਪੁਰ ਥਾਣਾ ਕਾਠਗੜ੍ਹ ਕਾਰ ਰਾਹੀਂ ਬਲਾਚੌਰ ਸਾਈਡ ਤੋਂ ਰੋਪੜ ਜਾ ਰਿਹਾ ਸੀ ਤੇ ਜਦੋਂ ਉਹ ਤਾਜੋਵਾਲ ਪੈਟਰੋਲ ਪੰਪ ਦੇ ਸਾਹਮਣੇ ਪਹੁੰਚਿਆਂ ਤਾਂ ਇਸ ਦੇ ਅੱਗੇ ਇੱਕ ਜਾ ਰਿਹਾ ਟਰਾਲਾ ਜਿਸ ਨੂੰ ਹਰਪ੍ਰੀਤ ਸਿੰਘ ਪੁੱਤਰ ਭਾਗ ਸਿੰਘ ਪਿੰਡ ਦਬੁਰਜੀ ਜਿਲ੍ਹਾ ਰੋਪੜ ਚਲਾ ਰਿਹਾ ਸੀ ਜੋ ਕਿ ਬਲਾਚੌਰ ਤੋਂ ਰੋਪੜ ਸਾਇਡ ਜਾ ਰਿਹਾ ਸੀ ਕਿ ਉਕਤ ਕਾਰ ਟਰਾਲੇ ਨਾਲ ਜਾ ਟਕਰਾਈ ਜਿਸ ਨਾਲ ਕਾਰ ਚਾਲਕ ਜਖਮੀ ਹੋ ਗਿਆ ਅਤੇ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ । ਨੈਸ਼ਨਲ ਹਾਈਵੇ ਅਥਾਰਟੀ ਦੀ ਐਬੂਲੈਂਸ ਰਾਹੀਂ ਜਖਮੀ ਕਾਰ ਚਾਲਕ ਨੂੰ ਇਲਾਜ ਲਈ ਸਿਵਲ ਹਸਪਤਾਲ ਰੋਪੜ ਵਿਖੇ ਦਾਖਲ ਕਰਵਾਇਆ ਗਿਆ ਅਤੇ ਕਾਰ ਨੂੰ ਰਿਕਵਰੀ ਵੈਨ ਦੀ ਮਦਦ ਨਾਲ ਸਾਇਡ ਤੇ ਕਰਵਾਇਆ । ਹਾਦਸੇ ਦੀ ਸੂਚਨਾ ਮਿਲਦੇ ਹੀ ਆਸਰੋਂ ਚੌਂਕੀ ਦੇ ਇੰਚਾਰਜ ਏਐਸਆਈ ਸਿੰਕਦਰ ਪਾਲ ਮੌਕੇ ਤੇ ਪਹੁੰਚੇ ਤੇ ਉਹਨਾਂ ਹਾਦਸਾਗ੍ਰਸਤ ਵਾਹਨਾਂ ਨੂੰ ਕਬਜ਼ੇ ਚ ਲੈ ਲੈ ਕੇ ਅਗਲੀ ਜਾਂਚ ਪੜਤਾਲ ਸ਼ੁਰੂ ਕਰ ਦਿੱਤੀ ਅਤੇ ਹਾਦਸੇ ਦੀ ਇਤਲਾਹ ਕੰਟਰੋਲ ਰੂਮ ਨੂੰ ਦਿੱਤੀ ਗਈ।

# ਹੜ੍ਹਾਂ ਵਿੱਚ ਫਸੇ ਲੋਕਾਂ ਲਈ ਵਰਦਾਨ ਸਾਬਤ ਹੋਇਆ ਪੰਜਾਬ ਸਰਕਾਰ ਦਾ ਹੈਲੀਕਾਪਟਰ : ਸਾਬ



ਗੁਰਦਾਸਪੁਰ 30 ਅਗਸਤ ( ਜਸਵਿੰਦਰ ਸਿੰਘ ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਮਾਨਵਤਾ ਪੱਖੀ ਪਹੁੰਚ ਅਪਣਾਉਂਦੇ ਹੋਏ ਸੂਬੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਫਸੇ ਪਰਿਵਾਰਾਂ ਨੂੰ ਰਾਹਤ ਸਮਗਰੀ ਪਹੁੰਚਾਉਣ ਅਤੇ ਲੋਕਾਂ ਦੀ ਸਹਾਇਤਾ ਲਈ ਤਾਇਨਾਤ ਕੀਤੇ ਸੂਬਾ ਸਰਕਾਰ ਦੇ ਹੈਲੀਕਾਪਟਰ ਵੱਲੋਂ ਅੱਜ ਤੀਜੇ ਦਿਨ ਵੀ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲਗਾਤਾਰ ਰਾਹਤ ਕਾਰਜ ਚਲਾਏ ਜਾ ਰਹੇ ਹਨ।ਪੰਜਾਬ ਸਰਕਾਰ ਦੇ ਹੈਲੀਕਾਪਟਰ ਵੱਲੋਂ ਅੱਜ ਫਿਰ ਡੇਰਾ ਬਾਬਾ ਨਾਨਕ ਹਲਕੇ ਦੇ ਹੜ੍ਹ ਦੇ ਪਾਣੀ ਵਿੱਚ ਘਿਰੇ ਪਿੰਡ ਹਰੂਵਾਲ, ਪੱਖੋਕੇ, ਸਾਧਾਂਵਾਲੀ, ਮਾਨ, ਮਛਰਾਲਾ, ਕਾਲ੍ਹਾਂਵਾਲੀ, ਸਮਰਾਏ, ਖਲੀਲਪੁਰ, ਖੁਸ਼ਹਾਲਪੁਰ, ਜੌੜੀਆਂ ਕਲਾਂ, ਜੌੜੀਆਂ ਖੁਰਦ, ਮੋਹਲ ਨੰਗਲ, ਕੋਠਾ, ਅਬਦਾਲ, ਰੱਤਾ, ਵੈਰੋਕੇ, ਠੇਠਰਕੇ, ਖੋਦੇ ਬੇਟ, ਮੰਗੀਆਂ, ਧਰਮਕੋਟ ਰੰਧਾਵਾ, ਮਾਨਸੁਰ, ਤਲਵੰਡੀ ਹਿੰਦੂਆਂ, ਸਹਿਜ਼ਾਦਾ, ਘਣੀਏ-ਕੇ-ਬੇਟ, ਧਰਮਕੋਟ ਪੱਤਣ, ਗੁਰਚੱਕ, ਡਾਲਾ, ਗੋਲਾ-ਢੋਲਾ, ਰੱਤੜ-ਛੱਤੜ, ਪੰਨਵਾਂ, ਧਰਮਾਬਾਦ, ਸਿੰਘਪੁਰਾ, ਬਹਿਲੋਪੁਰ, ਘੁੰਮਣ, ਚਾਕਾਂਵਾਲੀ, ਤਲਵੰਡੀ ਗੁਰਾਇਆ, ਚੌੜਾ ਅਤੇ ਖੁਸ਼ਹਾਲਪੁਰ ਦੇ ਵਸਨੀਕਾਂ ਤੱਕ ਰਾਹਤ ਸਮਗਰੀ ਪਹੁੰਚਾਈ ਇਸ ਦੇ ਨਾਲ ਹੀ ਹੈਲੀਕਾਪਟਰ ਵੱਲੋਂ ਵਿਧਾਨ ਸਭਾ ਹਲਕਾ ਦੀਨਾਨਗਰ ਦੇ ਹੜ੍ਹ ਵਿੱਚ ਘਿਰੇ ਪਿੰਡ ਮਕੌੜਾ, ਨਵੀਂ ਅਬਾਦੀ ਚੰਡੀਗੜ੍ਹ, ਮਰਾੜਾ, ਝਬਕਰਾ, ਚਿੱਠੀ, ਜੋਗਰ, ਸ਼ਮਸ਼ੇਰਪੁਰ, ਕਾਹਨਾ, ਜੈਨਪੁਰ, ਬਾਹਮਣੀ, ਦਬੁਰਜੀ, ਸ਼ਾਹਪੁਰ ਅਫ਼ਗਾਨਾ, ਦੁਗਰੀ, ਆਦੀ, ਇਸਲਾਮਪੁਰ, ਮਲੂਕ ਚੱਕ, ਠੁੰਡੀ, ਬਾਊਪੁਰ ਅਫ਼ਗਾਨਾ, ਸੰਗੋਰ, ਚਕਰੀ, ਸਲਾਚ, ਠੱਠੀ, ਓਗਰਾ, ਜੱਗੋ ਚੱਕ ਟਾਂਡਾ, ਚੱਕ ਰਾਜਾ, ਗਾਹਲੜੀ, ਸੰਦਲਪੁਰ, ਠਾਕੁਰਪੁਰ, ਜੀਵਨਪੁਰ ਅਤੇ ਕਜਲੇ ਵਿੱਚ ਵੀ ਰਾਹਤ ਸਮਗਰੀ ਪਹੁੰਚਾਈ ਗਈ ਹੜ੍ਹ ਪ੍ਰਭਾਵਿਤ ਖੇਤਰ ਵਿੱਚ ਹੈਲੀਕਾਪਟਰ ਰਾਹੀਂ ਰਾਹਤ ਸਮਗਰੀ ਪਹੁੰਚਾਉਣ ਮੌਕੇ ਜਿਲ੍ਹਾ ਪ੍ਰਧਾਨ ਟਰੇਡ ਵਿੰਗ ਗੁਰਦਾਸਪੁਰ ਦੇ ਸਿਮਰਜੀਤ ਸਿੰਘ ਸਾਬ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦਾ ਹੈਲੀਕਾਪਟਰ ਹੜ੍ਹਾਂ ਵਿੱਚ ਫਸੇ ਲੋਕਾਂ ਲਈ ਵੱਡੀ ਰਾਹਤ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਗੁਰਦਾਸਪੁਰ ਦੇ ਕਈ ਪਿੰਡ ਰਾਵੀ ਤੋਂ ਵੀ ਪਾਰ ਹਨ ਜਿਨ੍ਹਾਂ ਦਾ ਸੰਪਰਕ ਪੂਰੀ ਤਰ੍ਹਾਂ ਨਾਲ ਟੁੱਟ ਚੁੱਕਾ ਹੈ ਅਤੇ ਓਥੇ ਤੱਕ ਕੇਵਲ ਹੈਲੀਕਾਪਟਰ ਰਾਹੀਂ ਹੀ ਪਹੁੰਚ ਹੋ ਸਕਦੀ ਸੀ। ਉਨ੍ਹਾਂ ਕਿਹਾ ਕਿ ਕਈ ਘਰ ਖੇਤਾਂ ਵਿੱਚ ਵੀ ਹਨ ਜੋ ਕਿ ਪਾਣੀ ਵਿੱਚ ਡੁੱਬੇ ਹੋਏ ਹਨ ਅਤੇ ਅਜਿਹੇ ਲੋਕਾਂ ਤੱਕ ਰਾਹਤ ਪਹੁੰਚਾਉਣ ਵਿੱਚ ਪੰਜਾਬ ਸਰਕਾਰ ਦਾ ਹੈਲੀਕਾਪਟਰ ਵਰਦਾਨ ਸਾਬਤ ਹੋਇਆ ਹੈ। ਉਨ੍ਹਾਂ ਇਨਸਾਨੀਅਤ ਪੱਖੀ ਇਸ ਫੈਸਲੇ ਲਈ ਸ. ਭਗਵੰਤ ਸਿੰਘ ਮਾਨ ਦੀ ਸ਼ਲਾਘਾ ਕੀਤੀ।

# ਸੰਗਤਾਂ ਵੱਲੋਂ ਹੜ੍ਹ ਪੀੜਤਾਂ ਲਈ ਲਗਾਤਾਰ ਲੰਗਰਾਂ ਦੀ ਸੇਵਾ ਜਾਰੀ



ਚੌਂਕ ਮਹਿਤਾ,30 ਅਗਸਤ (ਬਲਜਿੰਦਰ ਸਿੰਘ ਰੰਧਾਵਾ)ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਜੀ ਦੀ ਪ੍ਰੇਰਨਾ ਸਦਕਾ ਇਲਾਕੇ ਦੀਆਂ ਸਮੂਹ ਸੰਗਤਾਂ ਵੱਲੋਂ ਹੜ੍ਹ ਪੀੜਤਾਂ ਵਾਸਤੇ ਲੰਗਰ, ਸੁਕੀ ਰਸਦ, ਪਾਣੀ ,ਪਸ਼ੂਆਂ ਦਾ ਚਾਰਾ, ਭੇਜਿਆ ਜਾ ਰਿਹਾ ਹੈ ।ਸੰਤ ਬਾਬਾ ਸੱਜਣ ਸਿੰਘ ਜੀ ਨਾਲ ਗੱਲਬਾਤ ਕਰਦਿਆਂ ਹੋਇਆਂ ਉਹਨਾਂ ਦੱਸਿਆ ਕਿ ਲੋੜਵੰਦਾਂ ਦੀ ਸੇਵਾ ਕਰਨਾ ਸਾਡੇ ਗੁਰੂ ਸਾਹਿਬ ਦਾ ਹੁਕਮ ਹੈ ।ਉਹਨਾਂ ਨੇ ਨਾਲ ਇਹ ਵੀ ਕਿਹਾ ਕਿ ਹੜ੍ਹ ਪੀੜਤ ਇਲਾਕਿਆਂ ਦੇ ਨੇੜੇ ਜਿਹੜੇ ਵੀ ਪਿੰਡ ਹਨ ਉਹ ਵੀ ਸੇਵਾ ਕਰਨ ਕਿਉਂਕਿ ਸਿੱਖ ਧਰਮ ਵਿੱਚ ਸੇਵਾ ਕਰਨਾ ਸਭ ਤੋਂ ਉੱਤਮ ਹੈ ।ਇਸ ਮੌਕੇ ਰਣਜੀਤ ਸਿੰਘ ਬਾਬੋਵਾਲ, ਜਗਰੂਪ ਸਿੰਘ ਬੋਪਾ ਰਾਏ ,ਬਾਬਾ ਜੱਸਾ ਸਿੰਘ , ਅਵਤਾਰ ਸਿੰਘ ਬੋਪਾਰਾਏ, ਮੇਜਰ ਸਿੰਘ , ਸਰਪੰਚ ਗੁਰਵਿੰਦਰ ਸਿੰਘ ਨਿਬਰਵਿੰਡ, ਰਵੀ ਕਲੇਰ,ਬਲਿਹਾਰ ਸਿੰਘ ਬਲਜਿੰਦਰ ਸਿੰਘ, ਸਲੱਖਣ ਸਿੰਘ ਜਥੇਦਾਰ ਨਿੰਦਰ ਸਿੰਘ ਭੋਏ ,ਬਾਬਾ ਸੁੱਖਾ ਸਿੰਘ ,ਗੁਰਨਾਮ ਸਿੰਘ, ਪ੍ਰੀਤ, ਬਲਬੀਰ ਸਿੰਘ ਬੋਪਾਰਾਏ, ਗੁਰਪ੍ਰੀਤ ਸਿੰਘ ,ਬਚਿੱਤਰ ਸਿੰਘ ਮੱਤੇਵਾਲ ,ਗਿਆਨ ਸਿੰਘ ਬੋਪਾਰਾਏ ,ਬਰਿੰਦਰ ਸਿੰਘ ,ਬਾਬਾ ਰਾਜਾ, ਪਲਵਿੰਦਰ ਸਿੰਘ, ਰਵਿੰਦਰ ਸਿੰਘ, ਜੋਬਨ ਬੁਲਾਰਾ ਆਦਿ ਹਾਜ਼ਰ ਸਨ

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਭਾਰਤੀ ਗਿਆਨ ਪ੍ਰਣਾਲੀ ਅਤੇ ਉੱਚ ਸਿੱਖਿਆ ਵਿਸ਼ੇ ਤੇ ਪੈਨਲ ਚਰਚਾ ਦਾ ਆਯੋਜਨ

ਫਤਿਹਗੜ੍ਹ ਸਾਹਿਬ, 30 ਅਗਸਤ (ਹਰਪ੍ਰੀਤ ਕੌਰ ਟਿਵਾਣਾ)ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ ਦੇ ਸਿੱਖਿਆ ਵਿਭਾਗ ਵਿਖੇ ਐਨ.ਈ.ਪੀ. ਸਾਰਥੀ ਵੱਲੋਂ ਭਾਰਤੀ ਗਿਆਨ ਪ੍ਰਣਾਲੀ ਅਤੇ ਉੱਚ ਸਿੱਖਿਆ ਵਿਸ਼ੇ ਤੇ ਪੈਨਲ ਵਿਚਾਰ-ਵਟਾਂਦਰੇ ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ ਅਤੇ ਇਸ ਤੋਂ ਬਾਅਦ ਐਨ.ਈ.ਪੀ. 2020 ਬਾਰੇ ਜਾਗਰੂਕਤਾ ਰੈਲੀ ਕੱਢੀ ਗਈ।ਪੈਨਲ ਡਿਸਕਸ਼ਨ ਵਿੱਚ ਵਿਭਾਗ ਦੇ ਫੈਕਲਟੀ ਮੈਂਬਰ, ਸਕਾਲਰ ਅਤੇ ਵਿਦਿਆਰਥੀਆਂ ਨੇ ਹਿੱਸਾ ਲਿਆ ਅਤੇ ਉਨਾਂ ਨੇ ਭਾਰਤ ਗਿਆਨ ਪ੍ਰਣਾਲੀ ਨੂੰ ਉੱਚ ਸਿੱਖਿਆ ਵਿੱਚ ਸ਼ਾਮਿਲ ਕਰਨ ਦੀ ਮਹੱਤਤਾ ਉੱਤੇ ਵਿਚਾਰ ਵਿਟਾਂਦਰਾਂ ਕੀਤਾ। ਬੁਲਾਰਿਆਂ ਨੇ ਸੰਪੂਰਨ ਅਤੇ ਭਵਿੱਖ ਲਈ ਤਿਆਰ ਸਿੱਖਿਆ ਪ੍ਰਣਾਲੀ ਬਣਾਉਣ ਲਈ ਰਵਾਇਤੀ ਗਿਆਨ ਨੂੰ ਆਧੁਨਿਕ ਅਕਾਦਮਿਕ ਅਭਿਆਸਾਂ ਨਾਲ ਜੋੜਨ ਦੀ ਮਹੱਤਤਾ ਤੇ ਚਾਨਣਾ ਪਾਇਆ।ਡਾ ਹਰਨੀਤ ਬਿਲਿੰਗ, ਐਨ.ਈ.ਪੀ. ਕੋਆਰਡੀਨੇਟਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਨੇ ਆਪਣੇ ਆਨਲਾਈਨ ਸੰਬੋਧਨ ਵਿੱਚ ਜ਼ੋਰ ਦੇ ਕੇ ਕਿਹਾ ਕਿ ਰਾਸ਼ਟਰੀ ਸਿੱਖਿਆ ਨੀਤੀ (ਐਨ.ਈ.ਪੀ.) 2020 ਭਾਰਤ ਦੀਆਂ ਅਮੀਰ ਗਿਆਨ ਪਰੰਪਰਾਵਾਂ ਨੂੰ ਵਿਸ਼ਵ ਵਿਦਿਅਕ ਮਿਆਰਾਂ ਨਾਲ ਜੋੜਨ ਲਈ ਇੱਕ ਵਿਲੱਖਣ ਪਲੇਟਫਾਰਮ ਪ੍ਰਦਾਨ ਕਰਦੀ ਹੈ। ਉਸਨੇ ਵਿਸਥਾਰ ਨਾਲ ਦੱਸਿਆ ਕਿ ਨੀਤੀ ਬਹੁ-ਅਨੁਸ਼ਾਸਨੀ ਸਿੱਖਿਆ, ਖੇਤਰੀ ਭਾਸ਼ਾਵਾਂ ਨੂੰ ਉਤਸ਼ਾਹਤ ਕਰਨ, ਹੁਨਰ ਵਿਕਾਸ ਅਤੇ ਮੁੱਲ-ਮੁਖੀ ਸਿੱਖਿਆ ਦੀ ਕਲਪਨਾ ਕਰਦੀ ਹੈ। ਇਹ ਸਾਰੇ ਭਾਰਤੀ ਗਿਆਨ ਪ੍ਰਣਾਲੀ ਦੇ ਮੁੱਖ ਸਿਧਾਂਤਾਂ ਨਾਲ ਜੁੜੇ ਹੋਏ ਹਨ। ਡਾ ਬਿਲਿੰਗ ਨੇ ਅੱਗੇ ਦੱਸਿਆ ਕਿ ਯੂਨੀਵਰਸਿਟੀਆਂ ਦੀ ਭੂਮਿਕਾ ਭਾਰਤੀ ਨੈਤਿਕਤਾ ਤੋਂ ਪ੍ਰੇਰਿਤ ਖੋਜ, ਨਵੀਨਤਾ ਅਤੇ ਨੈਤਿਕ ਕਦਰਾਂ ਕੀਮਤਾਂ ਨੂੰ ਉਤਸ਼ਾਹਤ ਕਰਨ ਵਿੱਚ ਮਹੱਤਵਪੂਰਨ ਹੈ, ਜਿਸ ਨਾਲ ਰਾਸ਼ਟਰੀ ਪਛਾਣ ਅਤੇ ਵਿਸ਼ਵ ਵਿਆਪੀ ਪ੍ਰਸੰਗਿਕਤਾ ਦੋਵਾਂ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ।ਪੈਨਲ ਵਿਚਾਰ ਵਟਾਂਦਰੇ ਤੋਂ ਬਾਅਦ, ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਯੂਨੀਵਰਸਿਟੀ ਕੈਂਪਸ ਦੇ ਆਲੇ ਦੁਆਲੇ ਐਨਈਪੀ 2020 ਬਾਰੇ ਜਾਗਰੂਕਤਾ ਰੈਲੀ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਰੈਲੀ ਦਾ ਉਦੇਸ਼ ਨੌਜਵਾਨਾਂ ਨੂੰ ਨੀਤੀ ਦੀਆਂ ਪਰਿਵਰਤਨਸ਼ੀਲ ਵਿਸ਼ੇਸ਼ਤਾਵਾਂ ਜਿਵੇਂ ਕਿ ਪਾਠਕ੍ਰਮ ਵਿੱਚ ਲਚਕਤਾ, ਮਲਟੀਪਲ ਐਂਟਰੀ ਅਤੇ ਐਗਜ਼ਿਟ ਵਿਕਲਪ, ਬਹੁ-ਅਨੁਸ਼ਾਸਨੀ ਮੌਕੇ ਅਤੇ ਰੁਜ਼ਗਾਰ ਯੋਗਤਾ ਅਤੇ ਜੀਵਨ ਭਰ ਸਿੱਖਣ ਤੇ ਜ਼ੋਰ ਦੇਣ ਬਾਰੇ ਸੰਵੇਦਨਸ਼ੀਲ ਬਣਾਉਣਾ ਸੀ।ਵਿਦਿਆਰਥੀਆਂ ਨੇ ਇਸ ਪਹਿਲ ਕਦਮੀ ਲਈ ਆਪਣਾ ਉਤਸ਼ਾਹ ਜ਼ਾਹਰ ਕੀਤਾ। ਬੀ.ਏ. ਬੀ.ਐਡ ਦੀ ਵਿਦਿਆਰਥਣ ਨਵਜੋਤ ਕੌਰ ਨੇ ਕਿਹਾ, ਵਿਚਾਰ ਵਟਾਂਦਰੇ ਨੇ ਸਾਨੂੰ ਇਹ ਸਮਝਣ ਵਿੱਚ ਮਦਦ ਕੀਤੀ ਕਿ ਕਿਵੇਂ ਭਾਰਤੀ ਕਦਰਾਂ-ਕੀਮਤਾਂ ਅਤੇ ਪਰੰਪਰਾਵਾਂ ਨੂੰ ਆਧੁਨਿਕ ਸਿੱਖਿਆ ਨਾਲ ਜੋੜਿਆ ਜਾ ਸਕਦਾ ਹੈ ਤਾਂ ਜੋ ਸਿੱਖਿਆ ਨੂੰ ਵਧੇਰੇ ਸਾਰਥਕ ਬਣਾਇਆ ਜਾ ਸਕੇ। ਇੱਕ ਹੋਰ ਭਾਗੀਦਾਰ, ਸਾਂਖਿਆ ਨੇ ਕਿਹਾ ਕਿ, ਇਕ ਭਵਿਖਤ ਅਧਿਆਪਕ ਹੋਣ ਦੇ ਨਾਤੇ ਜਾਗਰੂਕਤਾ ਰੈਲੀ ਨੇ ਸਾਨੂੰ ਭਾਈਚਾਰੇ ਵਿੱਚ ਐਨ.ਈ.ਪੀ. 2020 ਦੇ ਸੰਦੇਸ਼ ਨੂੰ ਫੈਲਾਉਣ ਲਈ , ਆਪਣੀ ਜ਼ਿੰਮੇਵਾਰੀ ਨਿਭਾਉਣ ਦਾ ਮੌਕਾ ਦਿੱਤਾ।ਪ੍ਰੋ. ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲਿਆਂ ਨੇ ਵੀ ਵਿਭਾਗ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਉੱਚ ਸਿੱਖਿਆ ਵਿੱਚ ਭਾਰਤੀ ਗਿਆਨ ਪ੍ਰਣਾਲੀ ਦੇ ਏਕੀਕਰਨ ਨਾਲ ਵਿਦਿਆਰਥੀਆਂ ਦੀ ਇੱਕ ਪੀੜ੍ਹੀ ਦਾ ਨਿਰਮਾਣ ਕਰਨ ਵਿੱਚ ਮਦਦ ਮਿਲੇਗੀ ਜੋ ਅਕਾਦਮਿਕ ਤੌਰ ਤੇ ਸਮਰੱਥ ਅਤੇ ਸੱਭਿਆਚਾਰਕ ਤੌਰ ਤੇ ਆਪਣੀਆਂ ਜੜ੍ਹਾਂ ਨਾਲ ਜੁੜੇ ਹੋਏ ਹੋਣਗੇ।ਪ੍ਰੋ. ਪਰਿਤ ਪਾਲ ਸਿੰਘ, ਵਾਈਸ ਚਾਂਸਲਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਨੇ ਸਿੱਖਿਆ ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਜਿਹੀਆਂ ਪਹਿਲਕਦਮੀਆਂ ਨਾ ਸਿਰਫ ਐਨ.ਈ.ਪੀ. 2020 ਬਾਰੇ ਜਾਗਰੂਕਤਾ ਪੈਦਾ ਕਰਦੀਆਂ ਹਨ ਬਲਕਿ ਵਿਦਿਆਰਥੀਆਂ ਵਿੱਚ ਭਾਰਤ ਦੀਆਂ ਗਿਆਨ ਪਰੰਪਰਾਵਾਂ ਨੂੰ ਮਾਣ ਨਾਲ ਅੱਗੇ ਵਧਾਉਣ ਲਈ ਜ਼ਿੰਮੇਵਾਰੀ ਦੀ ਡੂੰਘੀ ਭਾਵਨਾ ਵੀ ਪੈਦਾ ਕਰਦੀਆਂ ਹਨ।ਸਮਾਗਮ ਦੀ ਸਮਾਪਤੀ ਐਨ.ਈ.ਪੀ. 2020 ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਰਾਹੀਂ ਸਿੱਖਿਅਤ, ਸ਼ਕਤੀਸ਼ਾਲੀ ਅਤੇ ਆਤਮਨਿਰਭਰ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਵਿਦਿਆਰਥੀਆਂ ਅਤੇ ਸਮਾਜ ਨੂੰ ਸਰਗਰਮੀ ਨਾ ਸ਼ਾਮਲ ਕਰਨ ਦੇ ਸੱਦੇ ਨਾਲ ਹੋਈ।

## ਜਰਮਨ 'ਚ ਭਦੌੜ ਦਾ ਨਾਮ ਉੱਚਾ ਕਰਕੇ ਮਹਿਕਦੀਪ ਵਾਪਸ ਪੁੱਜਾ ਆਪਣੀ ਜਨਮ ਭੂਮੀ



ਭਦੌੜ, 30 ਅਗਸਤ (ਸੁਖਵਿੰਦਰ ਪਲਾਹਾ): ਭਦੌੜ ਦੇ ਮਹਿਕਦੀਪ ਸਿੰਘ ਪੁੱਤਰ ਸੁਖਪਾਲ ਸਿੰਘ ਜੋ ਕਿ ਬਹੁਤ ਹੀ ਇੱਕ ਗਰੀਬ ਪਰਿਵਾਰ 'ਚ ਉੱਠ ਕੇ ਸੱਤ ਸਮੁੰਦਰੋਂ ਪਾਰ ਜਰਮਨ ਵਿੱਚ ਪਹੁੰਚ ਕੇ ਆਪਣੀ ਕਬੱਡੀ ਖੇਡ ਦਾ ਲੋਹਾ ਮਨਵਾਇਆ। ਅੱਜ ਜਿਉਂ ਹੀ ਮਹਿਕਦੀਪ ਪਿੰਡ ਵਿੱਚ ਨਾਮਣਾ ਖੱਟ ਕੇ ਯੂਰਪ ਵਿੱਚ ਭਦੌੜ ਦਾ ਨਾਮ ਉੱਚਾ ਕਰਕੇ ਆਪਣੀ ਜਨਮ ਭੂਮੀ ਭਦੌੜ ਪਹੁੰਚਿਆ ਤਾਂ ਸ਼ਹਿਰ ਵਾਸੀਆਂ ਨੇ ਮਹਿਕਦੀਪ ਨੂੰ ਆਪਣੀਆਂ ਪਲਕਾਂ 'ਤੇ ਬਿਠਾ ਲਿਆ। ਮਹਿਕਦੀਪ ਨੂੰ ਹਜ਼ਾਰਾਂ ਹੀ ਸ਼ਹਿਰ ਵਾਸੀਆਂ ਵੱਲੋਂ ਕਾਰਾਂ ਮੋਟਰਸਾਈਕਲਾਂ ਜੀਪਾਂ ਆਦਿ ਦੇ ਕਾਫਲੇ ਨਾਲ ਸ਼ਹਿਰ ਵਿੱਚ ਪ੍ਰਵੇਸ਼ ਕਰਵਾਇਆ ਅਤੇ ਢੋਲ ਦੇ ਡੱਗੇ 'ਤੇ ਭੰਗੜੇ ਪਾਉਂਦੇ ਹੋਏ ਮਹਿਕਦੀਪ ਦੇ ਘਰ ਪਹੁੰਚੇ। ਇਸ ਮੌਕੇ ਮਹਿਕਦੀਪ ਨੇ ਆਪਣੇ ਸਾਥੀ ਤੇ ਕੋਚ ਖਿਡਾਰੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਅੱਜ ਮੈਂ ਭਦੌੜ ਦਾ ਨਾਮ ਉੱਚਾ ਕਰਕੇ ਇੱਥੇ ਪਹੁੰਚਿਆ ਹਾਂ ਇਸ ਵਿੱਚ ਵਿੱਕੀ ਭੁੱਟੋ ਅਤੇ ਵਿੱਕੀ ਪਹਿਲਵਾਨ ਦਾ ਪੂਰਾ ਯੋਗਦਾਨ ਹੈ ,ਇਸਤੋਂ ਇਲਾਵਾ ਜੱਗੀ ਜਰਮਨ, ਟੋਨੀ ਸੇਖੋਂ,ਹੈਰੀ ਭੁੱਲਰ,ਜੀ ਭੁੱਲਰ,ਕੋਰਾ ਬਿਲਾਸਪੁਰੀਆ ,ਨਿਰਮਲ ਘੜਾ ਬੰਨ੍ਹਾਂ, ਸੁਖਰਾਜ ਰੋਡੇ,ਭਾਨਾ ਸਿੱਧੂ ਗੁਰਪ੍ਰੀਤ ਜੱਗੀਆਣਾ ਆਦਿ ਦਾ ਵੱਡਾ ਯੋਗਦਾਨ ਹੈ।ਮਹਿਕਦੀਪ ਨੇ ਕਿਹਾ ਕਿ ਮੇਰੀ ਇਸ ਤਰੱਕੀ ਵਿੱਚ ਮੈਨੂੰ ਮੇਰੇ ਪਰਿਵਾਰ ਦਾ ਪੂਰਾ ਸਹਿਯੋਗ ਵੀ ਮਿਲਿਆ ਹੈ।ਇਸ ਮੌਕੇ ਵਿੱਕੀ ਭੁੱਟੋ ਨੇ ਕਿਹਾ ਕਿ ਸਾਡਾ ਸੁਪਨਾ ਸੀ ਕਿ ਕਿਸੇ ਅਤੀ ਗਰੀਬ ਪਰਿਵਾਰ 'ਚੋਂ ਕੋਈ ਹੀਰਾ ਲੱਭਿਆ ਜਾਵੇ, ਜਿਸ ਦੀ ਚਮਕ ਨੂੰ ਦੁਨੀਆਂ ਦੇ ਹੋਰ ਦੇਸ਼ ਵੇਖਣ, ਜਿਸ ਦੇ ਤਹਿਤ ਅਸੀਂ ਹੀਰਾ ਲੱਭਣ ਵਿੱਚ ਕਾਮਯਾਬ ਹੋਏ ਅਤੇ ਮਹਿਕਦੀਪ ਨੇ ਅੱਜ ਇਹ ਮਹਾਨ ਉਪਲੱਬਧੀ ਹਾਸਿਲ ਕੀਤੀ ਹੈ।ਭੁਪਿੰਦਰ ਸਿੰਘ ਵਿੱਕੀ ਨੇ ਕਿਹਾ ਕਿ ਅਸੀਂ ਮਹਿਕਦੀਪ ਨੂੰ ਤਿਆਰੀ ਕਰਵਾ ਕੇ ਇਸ ਮੁਕਾਮ ਤੱਕ ਪਹੁੰਚਾਉਣ ਵਿੱਚ ਕਾਮਯਾਬ ਹੋਏ ਹਾਂ ਅਤੇ ਆਪਣੀ ਸਖ਼ਤ ਮਿਹਨਤ ਦਾ ਸਦਕਾ ਹੀ ਅੱਜ ਮਹਿਕਦੀਪ ਨੇ ਭਦੌੜ ਦਾ ਨਾਮ ਜਰਮਨ ਵਿੱਚ ਉੱਚਾ ਕਰਕੇ ਸਾਡੇ ਪਿੰਡ ਭਦੌੜ ਦਾ ਮਾਣ ਵਧਾਇਆ ਹੈ।

# ਡਿਪਟੀ ਕਮਿਸ਼ਨਰ ਨੇ ਡਰੇਨਾਂ, ਖੇਤਾਂ, ਨੀਵੀਆਂ ਥਾਵਾਂ 'ਤੇ ਪਾਣੀ ਦੇ ਪੱਧਰ ਦਾ ਲਿਆ ਜਾਇਜ਼ਾ

## ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਫੀਲਡ ਵਿੱਚ ਰਹਿਣ ਦੇ ਆਦੇਸ਼



ਬਰਨਾਲਾ, 30 ਅਗਸਤ (ਬਘੇਲ ਸਿੰਘ ਧਾਲੀਵਾਲ): ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਆਈ ਏ ਐੱਸ ਵੱਲੋਂ ਅੱਜ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿੱਚ ਜ਼ਿਲ੍ਹੇ ਦੇ ਅਹਿਮ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਪਿਛਲੇ ਦਿਨੀਂ ਮੀਂਹ ਕਰਨ ਖੜ੍ਹੇ ਪਾਣੀ ਦੀ ਨਿਕਾਸੀ ਅਤੇ ਆਗਾਮੀ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਫੀਲਡ ਵਿਚ ਸਰਗਰਮ ਰਹਿਣ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਦੇ ਹੱਲ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਡਰੇਨੇਜ ਵਿਭਾਗ ਤੋਂ ਜ਼ਿਲ੍ਹੇ ਵਿਚਲੀਆਂ ਡਰੇਨਾਂ ਹਰੀਗੜ੍ਹ ਡਰੇਨ, ਧਨੌਲਾ ਡਰੇਨ, ਅਪਰ ਲਸਾੜਾ ਡਰੇਨ, ਕੁਰੜ ਡਰੇਨ, ਸ਼ਹਿਣਾ ਡਰੇਨ ਤੇ ਟੱਲੇਵਾਲ ਡਰੇਨ ਵਿੱਚ ਪਾਣੀ ਦੇ ਪੱਧਰ ਦਾ ਜਾਇਜ਼ਾ ਲਿਆ ਜਿਸ ਤੇ ਸਬੰਧਤ ਅਧਿਕਾਰੀਆਂ ਨੇ ਦੱਸਿਆ ਕਿ ਡਰੇਨਾਂ ਵਿੱਚ ਪਾਣੀ ਦਾ ਪੱਧਰ ਘਟਿਆ ਹੈ ਅਤੇ ਖੇਤਾਂ ਦਾ ਪਾਣੀ ਡਰੇਨਾਂ ਵਿਚ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਨਰੇਗਾ ਦੀ ਮਦਦ ਨਾਲ ਡਰੇਨਾਂ ਵਿਚ ਘਾਹ - ਬੂਟੀ ਸਾਫ਼ ਕਰਾਉਣ ਦੇ ਨਿਰਦੇਸ਼ ਦਿੱਤੇ ਤਾਂ ਜੋ ਪਾਣੀ ਦੇ ਵਹਾਅ ਵਿਚ ਰੁਕਾਵਟ ਨਾ ਆਵੇ। ਉਨ੍ਹਾਂ ਲੋਕ ਨਿਰਮਾਣ ਵਿਭਾਗ ਤੋਂ ਸੜਕਾਂ ਦੀ ਸਥਿਤੀ ਦਾ ਜਾਇਜ਼ਾ ਲਿਆ, ਜਿਸ 'ਤੇ ਐਕਸੀਅਨ ਵਲੋਂ ਦੱਸਿਆ ਗਿਆ ਕਿ 15 ਦੇ ਕਰੀਬ ਸੜਕਾਂ ਨੁਕਸਾਨੀਆਂ ਗਈਆਂ ਹਨ ਅਤੇ ਪਾਣੀ ਘਟਣ ਤੇ ਸੜਕਾਂ ਤੇ ਮਿੱਟੀ ਪਵਾਉਣ ਦਾ ਕੰਮ ਚੱਲ ਰਿਹਾ ਹੈ। ਬਿਜਲੀ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਧੌਲਾ ਗਰਿੱਡ ਵਿਚ ਪਾਣੀ ਦਾ ਪੱਧਰ ਪਹਿਲਾਂ ਨਾਲੋਂ ਘਟਿਆ ਹੈ। ਉਨ੍ਹਾਂ ਵੱਖ-ਵੱਖ ਅੰਡਰਬ੍ਰਿਜਾਂ ਵਿੱਚ ਪਾਣੀ ਦੇ ਪੱਧਰ ਦਾ ਵੀ ਜਾਇਜ਼ਾ ਲਿਆ, ਜਿੱਥੇ ਪਾਣੀ ਕੱਢਣ ਦਾ ਕੰਮ ਜਾਰੀ ਹੈ। ਜਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਪਿੰਡਾਂ ਵਿਚ ਪਾਣੀ ਦੇ ਨਮੂਨੇ ਲੈ ਕੇ ਟੈਸਟਿੰਗ ਕੀਤੀ ਜਾ ਰਹੀ ਹੈ ਤੇ ਹੁਣ ਤਕ ਦੇ ਨਮੂਨੇ ਪਾਸ ਹਨ। ਇਸ ਤੇ ਡਿਪਟੀ ਕਮਿਸ਼ਨਰ ਨੇ ਪਾਣੀ ਖੜ੍ਹਨ ਵਾਲੇ 2 ਦਰਜਨ ਦੇ ਕਰੀਬ ਪਿੰਡਾਂ ਵਿਚ ਸੈਂਪਲਿੰਗ ਪਹਿਲ ਦੇ ਆਧਾਰ ਤੇ ਕਰਾਉਣ ਦੇ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ ਉਨ੍ਹਾਂ ਸ਼ਹਿਰੀ ਖੇਤਰਾਂ ਬਰਨਾਲਾ, ਤਪਾ, ਭਦੌੜ, ਧਨੌਲਾ ਆਦਿ ਵਿੱਚ ਪਾਣੀ ਦੀ ਨਿਕਾਸੀ ਦਾ ਜਾਇਜ਼ਾ ਲਿਆ ਅਤੇ ਨੈਸ਼ਨਲ ਹਾਈਵੇਅ ਅਧਿਕਾਰੀਆਂ ਨੂੰ ਸਰਵਿਸ ਰੋਡ 'ਤੇ ਖੜ੍ਹੇ ਪਾਣੀ ਦੀ ਨਿਕਾਸੀ ਦੇ ਨਿਰਦੇਸ਼ ਦਿੱਤੇ।ਉਨ੍ਹਾਂ ਐੱਸ ਡੀ ਐਮਜ਼ ਨੂੰ ਨਿਰਦੇਸ਼ ਦਿੱਤੇ ਕਿ ਜੇਕਰ ਕੋਈ ਪਰਿਵਾਰ ਅਣਸੁਰੱਖਿਅਤ ਇਮਾਰਤਾਂ ਵਿੱਚ ਰਹਿ ਰਹੇ ਹਨ ਤਾਂ ਉਨ੍ਹਾਂ ਨੂੰ ਹੋਰ ਥਾਵਾਂ ਤੇ ਲਿਆਂਦਾ ਜਾਵੇ ਅਤੇ ਲੋੜਵੰਦਾਂ ਲਈ ਸਹੂਲਤਾਂ ਮੁਹਈਆ ਕਰਾਈਆਂ ਜਾਣ।ਡਿਪਟੀ ਕਮਿਸ਼ਨਰ ਨੇ ਸਿਹਤ ਵਿਭਾਗ ਨੂੰ ਸਿਹਤ ਸਰਵੇਖਣ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਕਿਸੇ ਵੀ ਇਨਫੈਕਸ਼ਨ ਆਦਿ ਦੇ ਖਤਰੇ ਬਾਰੇ ਪਤਾ ਲੱਗ ਸਕੇ ਅਤੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਸਕੇ।

## ਖੇਡ ਵਿਭਾਗ ਵੱਲੋਂ ਰਾਸ਼ਟਰੀ ਖੇਡ ਦਿਵਸ ਮੌਕੇ ਵੇਟ ਲਿਫਟਿੰਗ ਮੁਕਾਬਲੇ



ਬਰਨਾਲਾ, 30 ਅਗਸਤ (ਹਿਮਾਂਸ਼ੂ ਗਰਗ): ਖੇਡ ਵਿਭਾਗ ਬਰਨਾਲਾ ਵਲੋਂ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦੇ ਜਨਮ ਦਿਨ ਨੂੰ ਸਮਰਪਿਤ ਰਾਸ਼ਟਰੀ ਖੇਡ ਦਿਵਸ ਦੇ ਸਬੰਧ ਵਿੱਚ 29 ਤੋਂ 31 ਅਗਸਤ ਤੱਕ ਖੇਡ ਗਤੀਵਿਧੀਆਂ ਜ਼ਿਲ੍ਹੇ ਵਿੱਚ ਕਰਵਾਈਆਂ ਜਾ ਰਹੀਆਂ ਹਨ। ਜ਼ਿਲ੍ਹਾ ਖੇਡ ਅਫ਼ਸਰ ਮੈਡਮ ਉਮੇਸ਼ਵਰੀ ਸ਼ਰਮਾ ਨੇ ਦੱਸਿਆ ਕਿ ਕੱਲ੍ਹ ਬਾਬਾ ਕਾਲਾ ਮਹਿਰ ਖੇਡ ਸਟੇਡੀਅਮ ਵਿੱਚ ਖੇਡ ਸਮਾਗਮ ਕਰਵਾਇਆ ਗਿਆ ਜਿਸ ਵਿਚ ਮੁੱਖ ਮਹਿਮਾਨ ਵਜੋਂ ਸ. ਕਮਲਜੀਤ ਸਿੰਘ ਅੰਤਰਰਾਸ਼ਟਰੀ ਵਾਲੀਬਾਲ ਖਿਡਾਰੀ ਅਤੇ ਕੌਮਾਂਤਰੀ ਖਿਡਾਰੀ ਦਮਨੀਤ ਸਿੰਘ ਸ਼ਾਮਲ ਹੋਏ। ਇਸ ਮੌਕੇ ਜ਼ਿਲ੍ਹਾ ਖੇਡ ਅਫ਼ਸਰ ਮੈਡਮ ਉਮੇਸ਼ਵਰੀ ਸ਼ਰਮਾ ਅਤੇ ਮਹਿਮਾਨਾਂ ਵੱਲੋਂ ਮੇਜਰ ਧਿਆਨ ਚੰਦ ਜੀ ਨੂੰ ਸ਼ਰਧਾ ਦੇ ਫੁੱਲ ਅਰਪਣ ਕੀਤੇ ਗਏ ਜਿਸ ਮਗਰੋਂ ਵੇਟ ਲਿਫਟਿੰਗ ਮੁਕਾਬਲੇ ਕਰਵਾਏ ਗਏ। ਇਸ ਤੋਂ ਇਲਾਵਾ ਛੀਨੀਵਾਲ ਵਿਚ ਹਾਕੀ ਅਤੇ ਹੰਡਿਆਇਆ ਵਿਖੇ ਨੈਟਬਾਲ ਦੇ ਮੈਚ ਕਰਵਾਏ ਗਏ। ਇਸ ਮੌਕੇ ਵਿਸ਼ੇਸ਼ ਮਹਿਮਾਨਾਂ ਵਿਚ ਡੀਐਸਪੀ ਸਤਵੀਰ ਸਿੰਘ,ਸ੍ਰੀ ਸਿਮਰਦੀਪ ਸਿੰਘ, ਬਲਦੇਵ ਮਾਨ ਪੋਲਾਵਟ ਖਿਡਾਰੀ ਵੀ ਮੌਜੂਦ ਸਨ। ਹੰਡਿਆਇਆ ਵਿਚ ਗੁਰਮੇਲ ਸਿੰਘ ਨੈਟਬਾਲ ਦੇ ਕੌਮਾਂਤਰੀ ਖਿਡਾਰੀ ਪੁੱਜੇ। ਖਿਡਾਰੀਆਂ ਨੂੰ ਰਿਫਰੈਸ਼ਮੈਂਟ ਅਤੇ ਟੀ ਸ਼ਰਟਾਂ ਵੰਡੀਆਂ ਗਈਆਂ।ਜ਼ਿਲ੍ਹਾ ਖੇਡ ਅਫ਼ਸਰ ਨੇ ਦੱਸਿਆ ਕਿ ਇਸ ਤਿੰਨ ਦਿਨਾਂ ਸਮਾਗਮ ਤਹਿਤ ਅੱਜ ਕੁਇਜ਼ ਅਤੇ ਭਲਕੇ ਸਾਈਕਲ ਰੈਲੀ ਕਰਵਾਈ ਜਾਵੇਗੀ। ਇਸ ਮੌਕੇ ਖੇਡ ਵਿਭਾਗ ਦੇ ਸਮੂਹ ਕੋਚ ਅਤੇ ਦਫ਼ਤਰੀ ਸਟਾਫ਼ ਮੌਜੂਦ ਸੀ।

## ਗੋਬਿੰਦ ਸਕੂਲ ਵਿਖੇ ਕਬੱਡੀ ਟੂਰਨਾਮੈਂਟ ਯਾਦਗਾਰੀ ਹੋ ਨਿਬੜਿਆ




ਭਦੌੜ, 30 ਅਗਸਤ (ਸੁਖਵਿੰਦਰ ਪਲਾਹਾ): ਇਲਾਕੇ ਦੀ ਨਾਮਵਰ ਅਤੇ ਪ੍ਰਸਿੱਧ ਵਿੱਦਿਅਕ ਸੰਸਥਾ ਗੋਬਿੰਦ ਇੰਟਰਨੈਸ਼ਨਲ ਪਬਲਿਕ ਸਕੂਲ, ਭਦੌੜ ਵਿਖੇ ਕੁੜੀਆਂ ਦਾ ਨੈਸ਼ਨਲ ਕਬੱਡੀ ਟੂਰਨਾਮੈਂਟ 2025 ਆਪਣੀਆਂ ਮਿੱਠੀਆਂ ਯਾਦਾਂ ਛੱਡਦਾ ਹੋਇਆ ਸਮਾਪਤ ਹੋ ਗਿਆ। ਗੋਬਿੰਦ ਇੰਟਰਨੈਸ਼ਨਲ ਪਬਲਿਕ ਸਕੂਲ,ਭਦੌੜ ਨੇ ਇਸ ਟੂਰਨਾਮੈਂਟ ਦੀ ਦੂਜੀ ਵਾਰ ਮੇਜ਼ਬਾਨੀ ਕੀਤੀ, ਜਿਸ ਵਿੱਚ ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚੋਂ ਚੋਟੀ ਦੀਆਂ 11 ਟੀਮਾਂ ਨੇ ਭਾਗ ਲਿਆ। ਇਸ ਟੂਰਨਾਮੈਂਟ ਵਿੱਚ ਲਗਭਗ 440 ਖਿਡਾਰੀਆਂ,ਕੋਚਾਂ ਅਤੇ ਮੈਨੇਜਰਾਂ ਨੇ ਹਿੱਸਾ ਲਿਆ।ਇਸ ਟੂਰਨਾਮੈਂਟ ਦਾ ਉਦਘਾਟਨ ਮਨਪ੍ਰੀਤ ਕੌਰ (ਇੰਸਪੈਕਟਰ ਪੰਜਾਬ ਪੁਲਿਸ)ਨੇ ਕੀਤਾ। ਇਸ ਮੌਕੇ ਸਕੂਲ ਦੇ ਚੇਅਰਮੈਨ ਡਾ.ਦਰਸ਼ਨ ਸਿੰਘ,ਵਾਈਸ ਚੇਅਰਮੈਨ ਹਰਪ੍ਰੀਤ ਸਿੰਘ,ਐੱਮ.ਡੀ ਰਿਚਾ ਪਨੇਸਰ ਗਿੱਲ ਅਤੇ ਪ੍ਰਿੰਸੀਪਲ ਪਵਨ ਕੁਮਾਰ ਠਾਕੁਰ ਹਾਜ਼ਰ ਸਨ।ਉਦਘਾਟਨੀ ਸਮਾਰੋਹ ਵਿੱਚ ਕੌਮੀ ਸੱਭਿਆਚਾਰਕ ਪ੍ਰੋਗਰਾਮ ਅਤੇ ਉੱਘੀਆਂ ਖੇਡ ਸ਼ਖ਼ਸੀਅਤਾਂ ਦੀ ਮੌਜੂਦਗੀ ਵਿੱਚ ਸ਼ੁਰੂ ਕੀਤਾ ਗਿਆ। ਟੂਰਨਾਮੈਂਟ ਦੇ ਦੂਸਰੇ ਦਿਨ ਡੀ.ਐੱਸ.ਪੀ ਤਪਾ ਗੁਰਬਿੰਦਰ ਸਿੰਘ ਅਤੇ ਐੱਸ.ਐੱਚ.ਓ ਭਦੌੜ ਗੁਰਵਿੰਦਰ ਸਿੰਘ ਨੇ ਸ਼ਿਰਕਤ ਕੀਤੀ।ਇਸ ਟੂਰਨਾਮੈਂਟ ਵਿੱਚ ਉੱਤਰ ਪ੍ਰਦੇਸ਼, ਨੌਰਥ ਇੰਡੀਆ(ਪੰਜਾਬ,ਹਿਮਾਚਲ,ਹਰਿਆਣਾ,ਦਿੱਲੀ ਐੱਨ ਸੀ ਆਰ,ਜੰਮੂ ਤੇ ਕਸ਼ਮੀਰ) ਉੜੀਸਾ, ਆਂਧਰਾ ਪ੍ਰਦੇਸ਼ ਤੇ ਤੇਲੰਗਾਨਾ, ਬਿਹਾਰ ਤੇ ਝਾਰਖੰਡ, ਤਮਿਲਨਾਡੂ ਤੇ ਪਾਂਡੀਚੇਰੀ ਤੇ ਅੰਡੇਮਾਨ ਨਿਕੋਬਾਰ, ਮਹਾਂਰਾਸ਼ਟਰ, ਉੱਤਰਾਖੰਡ, ਕੇਰਲਾ, ਕਰਨਾਟਕ ਤੇ ਗੋਆ ਅਤੇ ਪੱਛਮੀ ਬੰਗਾਲ ਦੀਆਂ ਅੰਤਰ-14,17,19 ਵਰਗ ਦੀਆਂ ਟੀਮਾਂ ਨੇ ਆਪਣੀ ਤਾਕਤ ਅਤੇ ਫੁਰਤੀ ਦੇ ਜੌਹਰ ਦਿਖਾਏ। ਸਕੂਲ ਦੇ ਚੇਅਰਮੈਨ ਡਾ. ਦਰਸ਼ਨ ਸਿੰਘ ਗਿੱਲ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ ਗਿੱਲ, ਐੱਮ.ਡੀ ਰਿਚਾ ਪਨੇਸਰ ਗਿੱਲ ਅਤੇ ਪ੍ਰਿੰਸੀਪਲ ਪਵਨ ਕੁਮਾਰ ਠਾਕੁਰ ਨੇ ਮੁੱਖ ਮਹਿਮਾਨ ਅਤੇ ਵੱਖ-ਵੱਖ ਰਾਜਾਂ ਤੋਂ ਆਈਆਂ ਟੀਮਾਂ ਦਾ ਸ਼ਾਨਦਾਰ ਸਵਾਗਤ ਕੀਤਾ।ਇਹ ਟੂਰਨਾਮੈਂਟ ਤਿੰਨ ਦਿਨਾਂ ਤੱਕ ਜਾਰੀ ਰਿਹਾ। ਟੂਰਨਾਮੈਂਟ ਦੇ ਤੀਸਰੇ ਦਿਨ ਸ। ਅੰਤ ਵਿੱਚ ਚੇਅਰਮੈਨ ਡਾ. ਦਰਸ਼ਨ ਸਿੰਘ ਗਿੱਲ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ ਗਿੱਲ,ਐੱਮ.ਡੀ. ਰਿਚਾ ਪਨੇਸਰ ਗਿੱਲ ਅਤੇ ਪ੍ਰਿੰਸੀਪਲ ਪੀ ਕੇ ਠਾਕੁਰ ਨੇ ਮੁੱਖ ਮਹਿਮਾਨ, ਪਤਵੰਤੇ ਸੱਜਣਾਂ,ਵੱਖ-ਵੱਖ ਰਾਜਾਂ ਤੋਂ ਆਏ ਖਿਡਾਰੀਆਂ,ਕੋਚਾਂ ਅਤੇ ਮੈਨੇਜਰਾਂ ਦਾ ਬਹੁਤ-ਬਹੁਤ ਧੰਨਵਾਦ ਕੀਤਾ।

## ਅਣਪਛਾਤਿਆਂ ਦੀ ਗੋਲੀ ਨਾਲ ਗੱਡੀ ਚਾਲਕ ਜ਼ਖ਼ਮੀ

ਬਠਿੰਡਾ, 30 ਅਗਸਤ (ਦੀਪਕ ਸ਼ਰਮਾ):ਸ਼ਨੀਵਾਰ ਨੂੰ ਸਵੇਰੇ ਅਣਪਛਾਤੇ ਵਿਅਕਤੀਆਂ ਨੇ ਗੋਲੀ ਮਾਰ ਕੇ ਇਕ ਪਜੈਰੋ ਸਵਾਰ ਵਿਅਕਤੀ ਨੂੰ ਜ਼ਖ਼ਮੀ ਕਰ ਦਿੱਤਾ। ਗੰਭੀਰ ਹਾਲਤ 'ਤੇ ਵਿਅਕਤੀ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬਠਿੰਡਾ ਦਾ ਰਹਿਣ ਵਾਲਾ ਦਿਨੇਸ਼ ਕੁਮਾਰ ਸ਼ਨੀਵਾਰ ਸਵੇਰੇ ਕਰੀਬ 4 ਵਜੇ ਆਪਣੀ ਗੱਡੀ ਵਿੱਚ ਸਵਾਰ ਹੋ ਕੇ ਕਿਧਰੇ ਜਾ ਰਿਹਾ ਸੀ ਕਿ ਜਦੋਂ ਉਹ ਸੁਰਖਪੀਰ ਰੋਡ ਕੋਲ ਪੁੱਜਾ ਤਾਂ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਦੋ ਵਿਅਕਤੀਆਂ ਨੇ ਉਸ ਉੱਪਰ ਗੋਲੀ ਚਲਾ ਦਿੱਤੀ, ਜਿਸ ਕਾਰਨ ਉਹ ਜ਼ਖਮੀ ਹੋ ਗਿਆ। ਘਟਨਾ ਦਾ ਪਤਾ ਲੱਗਦਿਆ ਹੀ ਥਾਣਾ ਕੈਨਾਲ ਕਲੋਨੀ ਦੀ ਪੁਲਿਸ ਮੌਕੇ 'ਤੇ ਪੁੱਜੀ। ਪੁਲਿਸ ਘਟਨਾ ਨੂੰ ਸੁਲਝਾਉਣ ਲਈ ਨੇੜੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲ ਰਹੀ ਹੈ। ਜ਼ਖਮੀ ਵਿਅਕਤੀ ਦਿਨੇਸ਼ ਕੁਮਾਰ ਨੇ ਦੱਸਿਆ ਕਿ ਉਸਦੀ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ ਹੈ, ਪਰ ਉਸ ਉੱਪਰ ਗੋਲੀ ਕਿਉਂ ਚਲਾਈ ਗਈ ਹੈ ਇਸ ਦਾ ਕੁਝ ਪਤਾ ਨਹੀਂ ਹੈ। ਜ਼ਖਮੀ ਦੇ ਪਰਿਵਾਰਕ ਮੈਂਬਰਾਂ ਦਾ ਵੀ ਕਹਿਣਾ ਸੀ ਕਿ ਉਨ੍ਹਾਂ ਦਾ ਕਿਸੇ ਨਾਲ ਕੋਈ ਲੈਣ ਦੇਣ ਜਾਂ ਲੜਾਈ ਝਗੜਾ ਨਹੀਂ ਹੈ, ਪਰ ਗੋਲੀ ਚਲਾਉਣ ਵਾਲੇ ਕੌਣ ਸਨ ਅਜੇ ਤਕ ਪਤਾ ਨਹੀਂ ਲੱਗ ਸਕਿਆ। ਥਾਣਾ ਕੈਨਾਲ ਕਲੋਨੀ ਦੇ ਐਸਐਚਓ ਹਰਜੀਵਨ ਸਿੰਘ ਨੇ ਦੱਸਿਆ ਕਿ ਜਖਮੀ ਦਿਨੇਸ਼ ਕੁਮਾਰ ਇਲਾਜ ਅਧੀਨ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿੱਚ ਪੁਲਿਸ ਜਾਂਚ ਕਰ ਰਹੀ ਹੈ।

## ਹਿਮਾਂਸ਼ੂ ਦਾਨੀਆ ਯਾਦਗਾਰੀ ਸਿਲਾਈ ਸੈਂਟਰ ਸੂਚਪੱਤੀ ਦਾ ਕੀਤਾ ਅਚਨਚੇਤ ਨਿਰੀਖਣ



ਬਰਨਾਲਾ, 30 ਅਗਸਤ (ਸੁਖਵਿੰਦਰ ਸਿੰਘ ਭੰਡਾਰੀ):ਸੂਰਿਆਵੰਸੀ ਖੱਤਰੀ ਸਭਾ (ਰਜਿ) ਬਰਨਾਲਾ ਅਤੇ ਪ੍ਰੋਗਰੈਸਿਵ ਸੀਨੀਅਰ ਸਿਟੀਜ਼ਨ ਸੋਸਾਇਟੀ ਵੱਲੋਂ ਸੂਚਪੱਤੀ ਹੰਡਿਆਇਆ ਦੀ ਧਰਮਸ਼ਾਲਾ ਵਿਖੇ ਚਲਏ ਜਾ ਰਹੇ ਹਿਮਾਂਸ਼ੂ ਦਾਨੀਆ ਯਾਦਗਾਰੀ ਸਿਲਾਈ ਸੈਂਟਰ ਦਾ ਅਚਨਚੇਤ ਨਿਰੀਖਣ ਕੀਤਾ ਗਿਆ। ਇਸ ਮੌਕੇ ਸਿਲਾਈ ਸੈਂਟਰ ਦੀ ਸੰਚਾਲਿਕਾ ਨੀਰਜ ਬਾਲਾ ਦਾਨੀਆ, ਨੀਲਮ ਦਾਨੀਆ ਅਤੇ ਸਵਿਤਾ ਦਾਨੀਆਂ, ਸੂਰਿਆਵੰਸੀ ਖੱਤਰੀ ਸਭਾ ਦੇ ਪੈਟਰਨ ਸੁਖਵਿੰਦਰ ਸਿੰਘ ਭੰਡਾਰੀ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਦੌਰਾਨ ਉਨ੍ਹਾਂ ਸਿਲਾਈ ਸੈਂਟਰ ਦਾ ਨਿਰੀਖਣ ਕੀਤਾ ਅਤੇ ਦੇਖਿਆ ਕਿ ਸਿਲਾਈ ਸੈਂਟਰ ਦਾ ਕੰਮਕਾਜ ਤਸੱਲੀਬਖ਼ਸ਼ ਢੰਗ ਨਾਲ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿਲਾਈ ਸੈਂਟਰ ਦਾ ਉਦੇਸ਼ ਲੜਕੀਆਂ ਅਤੇ ਔਰਤਾਂ ਦਾ ਸਸ਼ਕਤੀਕਰਨ ਕਰਨਾ ਹੈ ਤਾਂ ਜੋ ਉਹ ਆਪਣੇ ਪੈਰ੍ਹਾਂ ਸਿਰ ਖੜੀਆਂ ਹੋ ਕੇ, ਆਪਣਾ ਰੁਜ਼ਗਾਰ ਚਲਾ ਕੇ ਆਪਣਾ ਅਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰ ਸਕਣ। ਇਸ ਮੌਕੇ ਪ੍ਰਿੰਸੀਪਲ ਰਾਕੇਸ਼ ਗਰਗ ਅਤੇ ਹਰਮਨਜੀਤ ਸਿੰਘ ਰੁਪਾਲ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਪਿੰਡ ਸੂਚ ਪੱਤੀ ਦੇ ਸਰਪੰਚ ਜਗਸੀਰ ਸਿੰਘ ਨੇ ਸਿਲਾਈ ਸੈਂਟਰ ਦੇ ਸਫ਼ਲ ਸੰਚਾਲਨ ਲਈ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ। ਮਹਿੰਦਰ ਪਾਲ ਗਰਗ, ਰਾਜੇਸ਼ ਭੁਟਾਨੀ ਅਤੇ ਮੋਨਿਕਾ ਗਰਗ ਨੇ ਵੀ ਆਪੋ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਸੈਂਟਰ ਦੀ ਟੀਚਰ ਹਰਜਿੰਦਰ ਕੌਰ ਕਾਤਰੋਂ ਨੇ ਲੜਕੀਆਂ ਨੂੰ ਰੈਗੂਲਰ ਤੌਰ ਤੇ ਸੈਂਟਰ ਚ ਆਉਣ ਤੇ ਅਨੁਸ਼ਾਸਨ ਚ ਰਹਿ ਕੇ ਸਿਲਾਈ ਸਿੱਖਣ ਲਈ ਪ੍ਰੇਰਿਤ ਕੀਤਾ। ਸਿਵਤਾਰ ਸਿੰਘ ਭੰਡਾਰੀ, ਮੰਗਲੀ ਵਰਮਾ, ਪ੍ਰਵੀਨ ਭੰਡਾਰੀ, ਵਿਕਾਸ ਭੰਡਾਰੀ, ਕੇਵਲ ਕ੍ਰਿਸ਼ਨ ਗਰਗ, ਸੁਖਵਿੰਦਰ ਕੌਰ, ਜਸਪਾਲ ਕੌਰ, ਕੁਲਵਿੰਦਰ ਕੌਰ, ਜਗਜੀਤ ਸਿੰਘ ਮੈਂਬਰ, ਮਨਜੀਤ ਕੌਰ ਮੈਂਬਰ, ਆਸ਼ਾ ਭੰਡਾਰੀ ਹੰਢਿਆਇਆ, ਤਰਸੇਮ ਸਿੰਘ ਮੈਂਬਰ, ਗੁਰਜੰਟ ਸਿੰਘ, ਰਵਨੀਤ ਕੌਰ ਮੈਂਬਰ, ਕਰਨੈਲ ਸਿੰਘ, ਮਿੱਠੋ ਕੌਰ ਆਦਿ ਤੋਂ ਇਲਾਵਾ ਸਮੂਹ ਵਿਦਿਆਰਥਣਾਂ ਅਤੇ ਉਨ੍ਹਾਂ ਦੇ ਮਾਪੇ ਹਾਜ਼ਰ ਸਨ।

## ਮਲੂਕਾ ਵੱਲੋਂ ਪਾਰਟੀਬਾਜ਼ੀ ਤੋਂ ਉੱਪਰ ਉੱਠਕੇ ਸਾਂਝੇ ਤੌਰ ਹੜ੍ਹ ਪੀੜਤਾਂ ਦੀ ਮੱਦਦ ਦਾ ਸੱਦਾ



ਭਗਤਾ ਭਾਈ ਕਾ,30 ਅਗਸਤ (ਸਵਰਨ ਸਿੰਘ ਭਗਤਾ):ਮਾਨਵਤਾ ਦੀ ਸੇਵਾ ਤੇ ਲੋੜਵੰਦ ਦੀ ਮੱਦਦ ਦਾ ਜਜ਼ਬਾ ਪੰਜਾਬ ਤੇ ਪੰਜਾਬੀਆਂ ਦੇ ਹੀ ਹਿੱਸੇ ਆਇਆ ਹੈ ਪਰ ਲੋੜ ਪੈਣ ਤੇ ਪੰਜਾਬੀਆਂ ਦੀ ਬਾਂਹ ਕੋਈ ਨਹੀਂ ਫੜਦਾ ਇੰਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਹੜ੍ਹ ਪੀੜਤਾਂ ਦੀ ਇੱਕ ਜੁੱਟ ਹੋ ਕੇ ਮੱਦਦ ਕਰਨ ਦਾ ਸੱਦਾ ਦਿੰਦਿਆਂ ਕੀਤਾ।ਮਲੂਕਾ ਨੇ ਕਿਹਾ ਕਿ ਮਾਝੇ ਤੇ ਦੁਆਬੇ ਦੇ ਕਈ ਜ਼ਿਲ੍ਹਿਆਂ ਤੋਂ ਇਲਾਵਾ ਫਿਰੋਜ਼ਪੁਰ ਤੇ ਫਾਜ਼ਿਲਕਾ ਦੇ ਪਿੰਡ ਹੜ੍ਹ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ।ਇਸ ਖਿੱਤੇ 'ਚ ਫ਼ਸਲਾਂ ਦੇ ਨਾਲ ਨਾਲ ਪਿੰਡਾਂ 'ਚ ਘਰ ਤੇ ਪਸ਼ੂਆਂ ਦਾ ਬਹੁਤ ਨੁਕਸਾਨ ਹੋਇਆ। ਬਿਨ੍ਹਾਂ ਸ਼ੱਕ ਪੰਜਾਬੀ ਹਰ ਲੋੜਵੰਦ ਦੀ ਮੱਦਦ ਲਈ ਤਿਆਰ ਰਹਿੰਦੇ ਹਨ ਤੇ ਸੂਬੇ ਦੀਆਂ ਸਮਾਜ ਸੇਵੀ ਸੰਸਥਾਵਾਂ ਰਾਜਨੀਤਕ ਪਾਰਟੀਆਂ ਤੇ ਵਿਸ਼ੇਸ਼ ਤੌਰ 'ਤੇ ਐਸਜੀਪੀਸੀ ਹੜ੍ਹ ਪੀੜਤ ਲੋਕਾਂ ਦੀ ਦਿਨ ਰਾਤ ਸੇਵਾ ਕਰ ਰਹੇ ਹਨ।ਹੜ੍ਹ ਪੀੜਤਾਂ ਦੀ ਮੱਦਦ ਲਈ ਵਿਉਂਤਬੰਦੀ ਜ਼ਰੂਰੀ ਹੈ ਕਈ ਪਿੰਡਾਂ 'ਚ ਲੋੜ ਤੋਂ ਵੱਧ ਰਾਸ਼ਨ ਤੇ ਹੋਰ ਸਮੱਗਰੀ ਪਹੁੰਚ ਜਾਂਦੀ ਹੈ ਤੇ ਕਈ ਪਿੰਡਾਂ 'ਚ ਕੋਈ ਨਹੀਂ ਜਾਂਦਾ,ਇਸ ਤੋਂ ਇਲਾਵਾ ਹੜ੍ਹ ਪੀੜਤਾਂ ਨੂੰ ਕਿਸ ਪਿੰਡ ਚ ਤੇ ਕਿਸ ਤਰ੍ਹਾਂ ਦੀ ਮੱਦਦ ਦੀ ਲੋੜ ਹੈ ਉਸ ਬਾਰੇ ਕੋਈ ਨਿਸ਼ਾਨਦੇਹੀ ਨਹੀਂ ਕੀਤੀ ਜਾਂਦੀ।ਮਲੂਕਾ ਨੇ ਸਾਰੀਆਂ ਹੀ ਰਾਜਨੀਤਕ ਧਾਰਮਿਕ ਤੇ ਸਮਾਜ ਸੇਵੀ ਸੰਸਥਾਵਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਰਾਜਨੀਤੀ ਤੋਂ ਉੱਪਰ ਉੱਠ ਕੇ ਹੜ੍ਹ ਪੀੜਤਾਂ ਦੀ ਮੱਦਦ ਲਈ ਇੱਕਜੁਟ ਹੋ ਕੇ ਕੰਮ ਕਰਨ ਦੀ ਲੋੜ ਹੈ।

# ਕਿਰਤੀ ਕਿਸਾਨ ਯੂਨੀਅਨ ਵੱਲੋਂ ਹੜ੍ਹ ਪੀੜਤਾਂ ਲਈ ਯੋਗ ਮੁਆਵਜ਼ੇ ਦੀ ਮੰਗ



ਭੁੱਚੋ ਮੰਡੀ ਨਥਾਣਾ, 30 ਅਗਸਤ (ਹਰਬੰਸ ਸਿੰਘ ਭੋਲਾ): ਸੂਬਾ ਕਮੇਟੀ ਦੇ ਫ਼ੈਸਲੇ ਮੁਤਾਬਕ ਹੜ੍ਹ ਪੀੜਤਾਂ ਲਈ ਯੋਗ ਮੁਆਵਜ਼ੇ ਦੀ ਮੰਗ ਨੂੰ ਲੈਂ ਕੇ ਸੂਬੇ ਦੇ ਸਾਰੇ ਜ਼ਿਲ੍ਹਿਆਂ 'ਚ ਡਿਪਟੀ ਕਮਿਸ਼ਨਰ,ਏ ਡੀ ਸੀ, ਨੂੰ ਮੰਗ ਪੱਤਰ ਦਿੱਤੇ ਗਏ ਇਸ ਦੀ ਜਾਣਕਾਰੀ ਦਿੰਦੇ ਹੋਏ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸਵਰਨਜੀਤ ਸਿੰਘ ਪੂਹਲੀ ਦੀ ਯੋਗ ਅਗਵਾਈ ਵਿੱਚ, ਜੱਥੇਬੰਦੀ ਦੇ ਆਗੂਆਂ ਜਿਨ੍ਹਾਂ ਵਿੱਚ ਡੀ ਐੱਮ ਐੱਫ ਸੁਖਮੰਦਰ ਸਿੰਘ ਧਾਲੀਵਾਲ, ਡੀ ਟੀ ਐਫ਼ ਜਗਪਾਲ ਸਿੰਘ ਬੰਗੀ, ਨਾਜ਼ਰ ਸਿੰਘ ਲੋਦੀ , ਸੰਦੀਪ ਭੁਲਰ, ਜਸਵੰਤ ਸਿੰਘ ਪੂਹਲੀ , ਬਲਤੇਜ ਸਿੰਘ ਪੂਹਲੀ ਨੇ ਏ ਡੀ ਸੀ ਨੂੰ ਆਪਣੀਆਂ ਹੜ੍ਹ ਪੀੜਤਾਂ ਕਿਸਾਨਾਂ ਮਜ਼ਦੂਰਾਂ ਤੇ ਹਰ ਵਰਗ ਦੇ ਲੋਕਾਂ ਲਈ ਯੋਗ ਮੁਆਵਜ਼ੇ ਦੀ ਮੰਗ ਨੂੰ ਲੈਂ ਕੇ ਮੰਗ ਪੱਤਰ ਸੌਂਪਿਆ ਗਿਆ ਹੜ੍ਹ ਪੀੜਤਾਂ ਲਈ ,ਕੇਂਦਰ ਸਰਕਾਰ ਤੇ ਸੂਬਾ ਸਰਕਾਰ ਤੋਂ ਮੰਗੀਆਂ ਗਈਆਂ ਮੰਗਾਂ ਪੂਰਾ ਕਰਨ ਲਈ ਵਿਸਥਾਰ ਵਿੱਚ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹੜ੍ਹਾਂ ਦੀ ਮਾਰ ਹੇਠ ਆਏ ਇਲਾਕਿਆਂ ਵਿੱਚ ਵਿਸ਼ੇਸ਼ ਗਿਰਦਾਵਰੀ ਪ੍ਰਕਿਰਿਆ ਬਿਨਾਂ ਪੱਖਪਾਤ ਜਲਦ ਸ਼ੁਰੂ ਕੀਤੀ ਜਾਵੇ ।ਇਸ ਪ੍ਰਕਿਰਿਆ ਦੇ ਮੁਕੰਮਲ ਹੋਣ ਤੱਕ ਹੜ੍ਹਾਂ ਕਾਰਨ ਹੋਈਆਂ ਮੌਤਾਂ ਦਾ 20ਲੱਖ ਰੁਪਏ ਮੁਆਵਜ਼ਾ ਤੇ 25ਹਜਾਰ ਪਰ ਪਰਿਵਾਰ ਮੈਂਬਰ ਨੁਕਸਾਨ ਸਾਹਿਤ ਅਤੇ ਫਸਲਾਂ ਦਾ ਪ੍ਰਤੀ ਏਕੜ 50ਹਜਾਰ ਰੁਪਏ ਫੌਰੀ ਤੌਰ ਤੇ ਦਿੱਤਾ ਜਾਵੇ। ਫ਼ਸਲਾ ਪਸ਼ੂਆ , ਜਾਨਵਰਾਂ,ਤੇ ਮਕਾਨਾਂ ਦੀ ਭਰਪਾਈ ਲਈ ਨੁਕਸਦਾਰ ਨੀਤੀ ਨੂੰ ਬਦਲ ਕੇ ਜਿਨ੍ਹਾਂ ਨੁਕਸਾਨ ਹੋਇਆ ਦੀ ਭਰਪਾਈ ਕਰਨ ਲਈ ਮੁਆਵਜ਼ਾ ਦਿੱਤਾ ਜਾਵੇ।ਫ਼ਸਲ ਬੀਮਾ ਯੋਜਨਾ ਨੂੰ ਸਰਲ ਢੰਗ ਨਾਲ ਲਾਗੂ ਕੀਤਾ ਜਾਵੇ। ਹੜ੍ਹਾਂ ਦੀ ਰੋਕਥਾਮ ਲਈ ਦਰਿਆਵਾਂ,ਚੋਆ ਅਤੇ ਸੇਮ ਨਾਲਿਆਂ ਦੇ ਬੰਨ ਨਹਿਰਾਂ ਦੀ ਸਫਾਈ ਤੇ ਸਾਂਭ ਸੰਭਾਲ ਲਈ ਟਾਸਕ ਫੋਰਸ ਦੇ ਬਣਾਕੇ ਹਰ ਸਾਲ ਬਰਸਾਤਾ ਤੋਂ ਪਹਿਲਾਂ ਬਰਸਾਤਾਂ ਤੋਂ ਪਹਿਲਾਂ ਮਕੁੰਮਲ ਪ੍ਰਬੰਧਾਂ ਨੂੰ ਯਕੀਨੀ ਬਣਾਇਆ ਜਾਵੇ। ਹੜ੍ਹਾਂ ਨੂੰ ਕੰਟਰੋਲ ਕਰਨ ਲਈ ਹਰ ਖੇਤ ਨੂੰ ਨਹਿਰੀ ਪਾਣੀ ਲਈ ਮੋਘਿਆਂ ਦੇ ਮੁੱਡੇ ਵਿੱਚ ਰੀਚਾਰਜ਼ ਪੁਆਇੰਟ ਬਣਾਏ ਜਾਣ। ਹੜ੍ਹਾਂ ਤੋਂ ਪਹਿਲਾਂ ਡਾਫ ਨਾਲ ਟੁਟਣ ਵਾਲੇ ਬੰਨਾ ਨੂੰ ਉਚਾ ਕਰਕੇ ਮਜ਼ਬੂਤ ਬਣਾਇਆ ਜਾਵੇ। ਦਰਿਆਵਾਂ ਵਿੱਚ ਸਾਰਾ ਸਾਲ ਘੱਟੋ ਘੱਟ ਇਕ ਮਾਤਰ ਪਾਣੀ ਛੱਡਿਆ ਜਾਵੇ ਡੈਮਾਂ ਵਿੱਚੋਂ ਪਾਣੀ ਛੱਡਣ ਦੀ ਪ੍ਰਕਿਰਿਆ ਲਈ ਆਧੁਨਿਕ ਢੰਗ ਕਿਰਿਆ ਅਪਨਾਕੇ ਹੋਰ ਸੁਧਾਰਾਂ ਨੂੰ ਯਕੀਨੀ ਬਣਾਇਆ ਜਾਵੇ। ਪਾਣੀਆਂ ਦਾ ਮਸਲਾ ਸਿਧਾਂਤ ਮੁਤਾਬਕ ਹਰ ਕਰਕੇ ਹੈਂਡ ਵਰਕਸ ਕੰਟਰੋਲ ਪੰਜਾਬ ਹਵਾਲੇ ਕੀਤਾ ਜਾਵੇ। ਭਾਰਤ ਮਾਲਾ ਪ੍ਰੋਜੈਕਟ ਦੀਆਂ ਸੜਕਾਂ ਸਮੇਤ ਹਰੇਕ ਸਾਂਹਰਾਹਾ ਅਤੇ ਲਿੰਕ ਸੜਕਾਂ ਵਿੱਚ ਕੁਦਰਤੀ ਸਥਾਨਾਂ ਦੀ ਨਿਸ਼ਾਨਦੇਹੀ ਕਰਕੇ ਪਾਣੀ ਦੇ ਢੁਕਵੇਂ ਬੰਦੋ ਬਸਤ ਕੀਤੇ ਜਾਣ ।

## ਚਮਕੌਰ ਸਿੰਘ ਦਾ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਲੱਗਣ 'ਤੇ ਨਿੱਘਾ ਸੁਆਗਤ



ਰਾਮਪੁਰਾ ਫੂਲ, 30 ਅਗਸਤ (ਇੰਦਰਪਾਲ ਬਾਂਸਲ): ਭਾਰਤ ਸਕਾਊਟ ਅਤੇ ਗਾਈਡ ਐਸੋਸੀਏਸ਼ਨ ਜ਼ਿਲ੍ਹਾ ਬਠਿੰਡਾ ਵੱਲੋ ਸ.ਚਮਕੌਰ ਸਿੰਘ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰ.ਸਿੱਖਿਆ) ਲੱਗਣ 'ਤੇ ਸਮੂਹ ਜ਼ਿਲ੍ਹਾ ਟੀਮ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਜ਼ਿਲ੍ਹਾ ਐਸੋਸੀਏਸ਼ਨ ਵੱਲੋ ਜ਼ਿਲ੍ਹਾ ਸਕੱਤਰ ਗੁਰਮੇਲ ਸਿੰਘ ਪ੍ਰਿੰਸੀਪਲ, ਸ.ਅੰਮ੍ਰਿਤਪਾਲ ਸਿੰਘ ਬਰਾੜ,ਜ਼ਿਲ੍ਹਾ ਆਰਗੇਨਾਈਜ਼ਿੰਗ ਕਮਿਸ਼ਨਰ (ਸਕਾਊਟ),ਸ਼੍ਰੀ ਰਜਨੀਸ਼ ਬਾਂਸਲ ਜ਼ਿਲ੍ਹਾ ਟ੍ਰੇਨਿੰਗ ਕਮਿਸ਼ਨਰ (ਸਕਾਊਟ),ਅਮਰਿੰਦਰ ਸਿੰਘ ਕੰਗ ਸਹਾਇਕ ਜ਼ਿਲ੍ਹਾ ਟ੍ਰੇਨਿੰਗ ਕਮਿਸ਼ਨਰ (ਸਕਾਊਟ),ਸ਼੍ਰੀਮਤੀ ਰਵਿੰਦਰ ਕੌਰ ਡੀ.ਓ.ਸੀ .(ਗਾਈਡ),ਸ਼੍ਰੀਮਤੀ ਪਿੰਦਰਜੀਤ ਕੌਰ ਡੀਟੀਸੀ (ਗਾਈਡ),ਸ਼੍ਰੀਮਤੀ ਕੁਲਵਿੰਦਰ ਕੌਰ ਯੂਨਿਟ ਲੀਡਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੁੰਬਾ, ਸ.ਮੋਹਿੰਦਰ ਸਿੰਘ ਸਕਾਊਟ ਮਾਸਟਰ ਸ ਸ ਸ ਸ ਸੰਜੇ ਨਗਰ ਬਠਿੰਡਾ, ਰਮਨਦੀਪ ਕੌਰ ਗਾਈਡ ਕੈਪਟਨ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਚੌਂਕੇ, ਸ਼੍ਰੀਮਤੀ ਸੁਰਿੰਦਰ ਕੌਰ ਗਾਈਡ ਕੈਪਟਨ, ਸ.ਨਰਭਿੰਦਰ ਸਿੰਘ ਸਕਾਊਟ ਮਾਸਟਰ, ਤੇ ਸਮੁੱਚੀ ਜ਼ਿਲ੍ਹਾ ਟੀਮ ਨੇ ਬੁੱਕੇ ਨਾਲ ਸਵਾਗਤ ਕੀਤਾ।

## ਘੱਗਰ ਦੇ ਪਾਣੀ ਦਾ ਪੱਧਰ ਘਟਿਆ

ਮੂਨਕ,30 ਅਗਸਤ (ਸਮਸ਼ੇਰ ਸਿੰਘ ਭੁਟਾਲ): ਬੇਸ਼ੱਕ ਸ਼ਹਿਰ ਦੇ ਨਾਲ ਲੰਘਦੇ ਘੱਗਰ ਦਰਿਆ ਦੇ ਅੰਦਰ ਪਾਣੀ ਦਾ ਪੱਧਰ ਪਹਿਲਾ ਨਾਲੋਂ ਘੱਟ ਹੋਇਆ ਹੈ। ਪਰ ਲੋਕਾਂ ਦੇ ਵਿੱਚ ਘੱਗਰ ਦੇ ਪਾਣੀ ਦਾ ਡਰ ਸਤਾਅ ਰਿਹਾ ਹੈ। ਪਤਾ ਨਹੀਂ ਕਦੋਂ ਇਹ ਘੱਗਰ ਰੂਪੀ ਦੈਂਤ ਦਾ ਪਾਣੀ ਉਹਨਾਂ ਦੇ ਇਲਾਕੇ ਅੰਦਰ ਤਬਾਹੀ ਨਾ ਮਚਾਅ ਦੇਵੇ, ਇਸ ਨੂੰ ਲੈ ਕੇ ਜਦੋਂ ਅੱਜ ਘੱਗਰ ਦੇ ਪੁੱਲ 'ਤੇ ਜਾਣ ਦਾ ਮੌਕਾ ਮਿਲਿਆ ਤਾਂ ਉਸ ਸਮੇਂ ਘੱਗਰ ਅੰਦਰ ਪਾਣੀ ਦਾ ਪੱਧਰ ਨੂੰ ਦੇਖਣ ਦੇ ਲਈ ਲੋਕਾਂ ਦੀ ਭੀੜ ਲੱਗੀ ਹੋਈ ਸੀ। ਬੇਸ਼ੱਕ ਪਾਣੀ ਦਾ ਪੱਧਰ ਪਹਿਲਾ ਨਾਲੋਂ ਕੁਝ ਘਟਿਆ ਮਹਿਸੂਸ ਹੋ ਰਿਹਾ ਸੀ, ਪਰ ਲੋਕਾਂ ਦੇ ਵਿੱਚ ਅਜੇ ਵੀ ਡਰ ਦਾ ਮਾਹੌਲ ਸੀ। ਉਹ ਘੱਗਰ ਦੇ ਪਾਣੀ ਦੇ ਬਚਾਅ ਲਈ ਸਮਾਨ ਇਕੱਠਾ ਕਰਨ 'ਤੇ ਲੱਗੇ ਹੋਏ ਸਨ ਚਾਹੇ ਉਹ ਖਾਲੀ ਥੈਲੇ ਹੋਣ ਜਾਂ ਫਿਰ ਕਿਸਤੀ ਅਤੇ ਲੋਹੇ ਦੇ ਜਾਲ ਵਰਗਾ ਸਮਾਨ ਹੋਵੇ। ਜਿਸ ਤੋਂ ਸਾਫ ਨਜ਼ਰ ਆ ਰਿਹਾ ਸੀ ਕਿ ਪਿੱਛੇ ਤੋਂ ਪਾਣੀ ਦਾ ਪੱਧਰ ਹੋਰ ਵੱਧ ਰਿਹਾ ਹੈ। ਜੇਕਰ ਪਾਣੀ ਦਾ ਪੱਧਰ ਹੋਰ ਵੱਧ ਜਾਂਦਾ ਹੈ ਤਾਂ ਇਲਾਕੇ ਦੇ ਅੰਦਰ ਹੜ੍ਹਾਂ ਵਰਗੇ ਹਾਲਾਤ ਪੈਦਾ ਹੋ ਸਕਦੇ ਹਨ। ਜੇਕਰ ਮੌਸਮ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ ਦੇ ਨਾਲ ਨਾਲ ਹਿਮਾਚਲ ਦੇ ਅੰਦਰ ਭਾਰੀ ਬਰਸਾਤ ਹੋ ਰਹੀ ਹੈ। ਇਸ ਦੇ ਨਾਲ ਹੀ ਸੁਖਨਾ ਝੀਲ ਅਤੇ ਟਾਂਗਰੀ ਨਦੀ ਅੰਦਰ ਵੀ ਪਾਣੀ ਦਾ ਪੱਧਰ ਘੱਟਣ ਦੀ ਬਜਾਏ ਵੱਧਦਾ ਹੀ ਜਾ ਰਿਹਾ ਹੈ। ਬੇਸ਼ੱਕ ਬੀਤੇ ਦਿਨੀਂ ਜ਼ਿਲ੍ਹੇ ਦੇ ਅੰਦਰ ਡੀਸੀ ਦੇ ਵੱਲੋਂ ਘੱਗਰ ਦਾ ਦੌਰਾ ਕਰਨ ਸਮੇਂ ਕਿਹਾ ਸੀ ਕਿ ਲੋਕਾਂ ਨੂੰ ਘੱਗਰ ਦੇ ਪਾਣੀ ਤੋਂ ਡਰਨ ਦੀ ਲੋੜ ਨਹੀਂ ਪਾਣੀ ਦਾ ਪੱਧਰ ਘੱਟਣਾ ਸ਼ੁਰੂ ਹੋਇਆ ਹੈ।

## ਨਸ਼ੀਲੀਆਂ ਗੋਲੀਆਂ ਸਮੇਤ ਨੌਜਵਾਨ ਕਾਬੂ



ਤਪਾ ਮੰਡੀ, 30 ਅਗਸਤ(ਭੂਸ਼ਨ ਘੜੈਲਾ/ਰਾਜੂ ਮਹਿਰਾ):ਯੁੱਧ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਤਪਾ ਪੁਲਿਸ ਨੇ ਇੱਕ ਨੌਜਵਾਨ ਨੂੰ 250 ਨਸ਼ੀਲੀਆਂ ਗੋਲੀਆਂ ਸਣੇ ਕਾਬੂ ਕਰਨ 'ਚ ਸਫਲਤਾ ਪ੍ਰਾਪਤ ਕੀਤੀ ਹੈ। ਇਸ ਸੰਬੰਧੀ ਥਾਣਾ ਮੁਖੀ ਸਰੀਫ ਖਾਂ ਨੇ ਦੱਸਿਆ ਕਿ ਐਸ.ਐਸ.ਪੀ ਬਰਨਾਲਾ ਮੁਹੰਮਦ ਸਰਫਰਾਜ ਆਲਮ ਦੇ ਨਿਰਦੇਸ਼ਾਂ ਅਤੇ ਡੀ.ਐਸ.ਪੀ ਤਪਾ ਗੁਰਵਿੰਦਰ ਸਿੰਘ ਦੀ ਨਿਗਰਾਨੀ ਹੇਠ ਪੁਲਸ ਮਹਿਤਾ ਰੋਡ 'ਤੇ ਗਸ਼ਤ ਕਰ ਰਹੀ ਸੀ ਤਾਂ ਸੜਕ ਦੇ ਕੰਢੇ ਇੱਕ ਨੌਜਵਾਨ ਪਲਾਸਟਿਕ ਲਿਫਾਫੇ ਨੂੰ ਫਰੋਲ ਰਿਹਾ ਸੀ ਤਾਂ ਪੁਲਸ ਪਾਰਟੀ ਨੇ ਸ਼ੱਕ ਦੇ ਆਧਾਰ ਤੇ ਨੌਜਵਾਨ ਦੀ ਤਲਾਸ਼ੀ ਲਈ ਤਾਂ ਉਸ ਪਾਸੋਂ 250 ਨਸ਼ੀਲੀਆਂ ਬਰਾਮਦ ਹੋਈਆ, ਜਿਸ ਨੇ ਅਪਨੀ ਪਹਿਚਾਣ ਮੁਨੀਸ਼ ਕੁਮਾਰ ਪੁੱਤਰ ਪਵਨ ਕੁਮਾਰ ਢਿਲਵਾਂ ਰੋਡ,ਨੇੜੇ ਗੈਸ਼ ਏਜੰਸੀ ਤਪਾ ਦੱਸਿਆ ਹੈ। ਪੁਲਸ ਨੇ ਦੋਸ਼ੀ ਨੂੰ ਨਸ਼ੀਲੀਆਂ ਗੋਲੀਆਂ ਸਣੇ ਕਾਬੂ ਕਰਕੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਮੌਕੇ ਮੁੱਖ ਮੁਨਸ਼ੀ ਦਵਿੰਦਰ ਸਿੰਘ,ਹਵਾਲਦਾਰ ਜਗਦੀਪ ਸਿੰਘ,ਹਵਾਲਦਾਰ ਇਕਬਾਲ ਸਿੰਘ ਅਤੇ ਕਾਂਸਟੇਬਲ ਭਰਤਇੰਦਰ ਸਿੰਘ ਆਦਿ ਹਾਜ਼ਰ ਸਨ।

## ਬਰਸਾਤ ਦੇ ਮੌਸਮ ਵਿੱਚ ਮੂਨਕ ਪੁਲਿਸ ਦੀ ਕਾਰਗੁਜ਼ਾਰੀ ਸ਼ਲਾਘਾਯੋਗ

ਮੂਨਕ, 30ਅਗਸਤ (ਸਮਸ਼ੇਰ ਸਿੰਘ ਭੁਟਾਲ): ਬਰਸਾਤ ਦੇ ਮੌਸਮ ਵਿੱਚ ਮੂਨਕ ਪੁਲਿਸ ਕੰਮ ਸ਼ਲਾਘਾਯੋਗ ਕੰਮ ਕਰ ਰਹੀ ਹੈ ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਵਪਾਰ ਮੰਡਲ ਦੇ ਪ੍ਰਧਾਨ ਕੇਵਲ ਗਰਗ ਹਰਿਆਊ, ਸਾਬਕਾ ਨਗਰ ਪੰਚਾਇਤ ਮੂਨਕ ਦੇ ਪ੍ਰਧਾਨ ਭੀਮ ਸੈਨ ਗਰਗ, ਚੇਅਰਮੈਨ ਕਰਮ ਚੰਦ ਸਿੰਗਲਾ , ਸੰਜੇ ਕਪੂਰ, ਕੈਮਸਿਟ ਐਸੋਸੀਏਸ਼ਨ ਦੇ ਪ੍ਰਧਾਨ ਫਕੀਰ ਚੰਦ ਬਾਂਸਲ, ਨਾਲ ਗੱਲਬਾਤ ਦੌਰਾਨ ਕੀਤਾ। ਇਸ ਦੌਰਾਨ ਬੁਲਾਰਿਆਂ ਨੇ ਕਿਹਾ ਕਿ ਪਿਛਲੇ ਦਿਨਾਂ ਤੋ ਪੂਰੇ ਉੱਤਰ ਭਾਰਤ ਪੰਜਾਬ ਦੇ ਨਾਲ ਸਥਾਨਕ ਸ਼ਹਿਰ ਵਿੱਚ ਪੈ ਰਹੀ ਬਾਰਿਸ਼ ਨੇ ਆਪਣਾ ਰੁਦਰ ਰੂਪ ਦਿਖਾਇਆ ਹੈ। ਇਸ ਦੌਰਾਨ ਮੂਨਕ ਥਾਣਾ ਦੇ ਐੱਸ ਐੱਚ ਓ ਇੰਸਪੈਕਟਰ ਸੌਰਭ ਸੱਭਰਵਾਲ ਦੀ ਅਗਵਾਈ ਵਿੱਚ ਮੂਨਕ ਪੁਲਿਸ ਸ਼ਹਿਰ ਦੇ ਨਾਲ ਨਾਲ ਖੇਤਰ ਦੇ ਪਿੰਡਾਂ ਵਿੱਚ ਗਸ਼ਤ ਕਰ ਲੋਕਾਂ ਦਾ ਹਾਲ ਚਾਲ ਜਾਣ ਰਹੀ ਹੈ । ਲੋਕਾਂ ਨੂੰ ਜਾਗਰੂਕ ਕਰ ਪੈਨਿਕ ਨਾ ਹੋਣ ਲਈ ਕਹਿ ਰਹੀ ਹੈ । ਪੁਲਿਸ ਪ੍ਰਸ਼ਾਸਨ ਨੇ ਕਿਹਾ ਗਿਆ ਕਿ ਸਿਰਫ ਸਰਕਾਰੀ ਤੌਰ 'ਤੇ ਦਿੱਤੀ ਜਾਣਕਾਰੀ ਤੇ ਵਿਸ਼ਵਾਸ ਕੀਤਾ ਜਾਵੇ । । ਪੁਲਿਸ ਵੱਲੋਂ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਗਿਆ ਹੈ ਕਿ ਕਿਸੇ ਵੀ ਤਰਾਂ ਦੀ ਪ੍ਰੇਸ਼ਾਨੀ ਵਿੱਚ ਫੋਨ ਕਰਨ ਤੇ ਪੁਲਿਸ ਘੱਟ ਤੋਂ ਘੱਟ ਸਮੇ ਵਿੱਚ ਪੁੱਜੇਗੀ। ਅੱਜ ਵੀ ਸ਼ਹਿਰ ਵਿੱਚ ਇੰਸਪੈਕਟਰ ਸੌਰਭ ਸੱਭਰਵਾਲ ਵੱਲੋਂ ਪੁਲਿਸ ਪਾਰਟੀ ਨੂੰ ਨਾਲ ਲੈ ਕੇ ਭਰਵੀਂ ਬਰਸਾਤ ਵਿੱਚ ਲੋਕਾਂ ਨੂੰ ਜਾਗਰੂਕ ਕਰ ਹਾਲ ਚਾਲ ਪੁੱਛਿਆ ਤੇ ਵਿਸ਼ਵਾਸ ਦਿਵਾਇਆ । ਇਸ ਮੁਹਿੰਮ ਦਾ ਲੋਕਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਹੈ ਇਸ ਸਮੇ ਦੁਕਾਨਦਾਰ ਸ਼ਾਲੂ ਸ਼ਰਮਾ, ਪਤਰੱਕਾਰ ਪ੍ਰਤਾਪ ਸਿੰਘ ਕਾਲਾ ਸਿੰਘ, ਗੋਰਾ ਸਿੰਘ, ਰਾਜੂ ਤਨੇਜਾ,ਰਾਹੁਲ ,ਅਤੇ ਹੋਰ ਲੋਕ ਮੌਜੂਦ ਸਨ।

## ਕਿਸਾਨਾਂ ਦੇ ਹੋਏ ਨੁਕਸਾਨ ਦਾ ਸਰਕਾਰ ਤੁਰੰਤ ਮੁਆਵਜ਼ਾ ਦੇਵੇ : ਗਰੇਵਾਲ



ਬਰਨਾਲਾ 30 ਅਗਸਤ (ਸੁਖਵਿੰਦਰ ਸਿੰਘ ਭੰਡਾਰੀ):ਪੰਜਾਬ ਦੇ ਵਿੱਚ ਆਏ ਹੜ੍ਹਾਂ ਦੇ ਨਾਲ ਕਾਫ਼ੀ ਜ਼ਿਲ੍ਹਿਆਂ 'ਚ ਕਿਸਾਨਾਂ ਦੀਆਂ ਫ਼ਸਲਾਂ ਅਤੇ ਪਸ਼ੂਆਂ ਦਾ ਵਿਆਪਕ ਪੱਧਰ ਤੇ ਨੁਕਸਾਨ ਹੋਇਆ ਹੈ। ਪਿਛਲੇ ਦਿਨਾਂ ਤੋਂ ਡੈਮਾਂ ਤੋਂ ਛੱਡੇ ਜਾ ਰਹੇ ਪਾਣੀ ਅਤੇ ਬੰਨ੍ਹ ਟੁੱਟਣ ਨਾਲ ਪੰਜਾਬ ਚ ਹੜ੍ਹਾਂ ਨੇ ਮਹਾਂਵਿਨਾਸ ਕੀਤਾ ਹੈ। ਕਾਂਗਰਸ ਪਾਰਟੀ ਦੇ ਕਿਸਾਨ ਵਿੰਗ ਦੇ ਸੂਬਾ ਸਕੱਤਰ ਧੰਨਾ ਸਿੰਘ ਗਰੇਵਾਲ ਨੇ ਦੱਸਿਆ ਕਿ ਬਾਰਿਸ਼ ਦੇ ਪਾਣੀ ਨੇ ਜਿੱਥੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਦੇ ਲੋਕਾਂ ਦਾ ਜਿਉਣਾ ਦੁੱਭਰ ਕੀਤਾ ਹੈ, ਉਨ੍ਹਾਂ ਕਾਫ਼ੀ ਲੋਕਾਂ ਦੀਆਂ ਦੁਕਾਨਾਂ,ਘਰਾਂ ਅਤੇ ਕਿਸਾਨਾਂ ਦੀ ਫ਼ਸਲਾਂ ਦਾ ਵੱਡਾ ਨੁਕਸਾਨ ਹੋਇਆ ਹੈ। ਸ਼ਹਿਰਾਂ 'ਚ ਮੀਂਹ ਦੇ ਪਾਣੀ ਦੀ ਸਹੀ ਨਿਕਾਸੀ ਨਾ ਹੋਣ ਕਾਰਨ ਪਾਣੀ ਲੋਕਾਂ ਦੇ ਘਰਾਂ ਅਤੇ ਦੁਕਾਨਾਂ ਚ ਵੜ ਗਿਆ ਹੈ ਅਤੇ ਲੋਕਾਂ ਦੇ ਘਰ ਡਿੱਗ ਰਹੇ ਹਨ, ਜਿਸ ਕਾਰਨ ਲੋਕਾਂ ਵਿੱਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਖੇਤਾਂ 'ਚ ਸਬਜ਼ੀਆਂ, ਹਰੇ ਚਾਰੇ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ। ਸਮੇਂ ਸਿਰ ਡਰੇਨਾਂ ਦੀ ਸਫ਼ਾਈ ਨਾ ਹੋਣ ਕਾਰਨ ਡਰੇਨਾਂ ਦੇ ਨਜਾਇਜ਼ ਕਬਜ਼ਿਆਂ ਕਾਰਨ ਪਾਣੀ ਦੀ ਨਿਕਾਸੀ ਦਾ ਬੁਰਾ ਹਾਲ ਹੈ।

## ਏ.ਡੀ.ਸੀ.ਵੱਲੋਂ ਸ਼ਹਿਰ ਦਾ ਦੌਰਾ; ਟੋਏ ਭਰਨ ਅਤੇ ਸੀਵਰੇਜ਼ ਦੀ ਸਫ਼ਾਈ ਦੇ ਨਿਰਦੇਸ਼



ਬਰਨਾਲਾ, 30 ਅਗਸਤ (ਬਘੇਲ ਸਿੰਘ ਧਾਲੀਵਾਲ): ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹੇ ਦੇ ਅਧਿਕਾਰੀ ਲੋਕ ਮਸਲਿਆਂ ਦੇ ਹੱਲ ਲਈ ਸਰਗਰਮ ਹਨ। ਅੱਜ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਨੁਪ੍ਰਿਤਾ ਜੌਹਲ ਵੱਲੋਂ ਬਰਨਾਲਾ ਸ਼ਹਿਰ ਦਾ ਦੌਰਾ ਕੀਤਾ ਗਿਆ ਅਤੇ ਅਧਿਕਾਰੀਆਂ ਨੂੰ ਟੋਏ ਭਰਨ ਅਤੇ ਸੀਵਰੇਜ਼ ਸਫ਼ਾਈ ਦੇ ਨਿਰਦੇਸ਼ ਦਿੱਤੇ ਗਏ ਤਾਂ ਜੋ ਕਿ ਆਉਣ ਵਾਲੇ ਦਿਨਾਂ ਵਿਚ ਮੀਂਹ ਦੌਰਾਨ ਕੋਈ ਸਮੱਸਿਆ ਪੇਸ਼ ਨਾ ਆਵੇ। ਓਨ੍ਹਾਂ ਅੱਜ ਸੇਖਾ ਰੋਡ, ਜੰਡਵਾਲਾ ਰੋਡ, ਰਾਮਗੜ੍ਹੀਆ ਰੋਡ ਅਤੇ ਸਦਰ ਬਾਜ਼ਾਰ ਦਾ ਦੌਰਾ ਕੀਤਾ ਅਤੇ ਸਮੱਸਿਆਵਾਂ ਦਾ ਜਾਇਜ਼ਾ ਲਿਆ। ਓਨ੍ਹਾਂ ਦੱਸਿਆ ਕਿ ਸਦਰ ਬਾਜ਼ਾਰ ਵਿਚ ਟੋਏ ਭਰੇ ਜਾ ਰਹੇ ਹਨ।ਓਨ੍ਹਾਂ ਸੀਵਰੇਜ਼ ਬੋਰਡ ਅਧਿਕਾਰੀਆਂ ਨੂੰ ਜਿੱਥੇ ਸੀਵਰੇਜ਼ ਓਵਰਫਲੋ ਦਾ ਮਸਲਾ ਹੈ, ਦੀ ਸਫ਼ਾਈ ਦੇ ਨਿਰਦੇਸ਼ ਦਿੱਤੇ।

# ਡਰੇਨ ਦੀ ਸ.ਫਾਈ ਨਾ ਹੋਣ ਕਾਰਨ ਲੋਕਾਂ ਨੇ ਸਰਕਾਰ ਖ਼ਿਲਾਫ਼ ਕੀਤੀ ਨਾਅਰੇਬਾਜ਼ੀ



ਭਦੌੜ, 30 ਅਗਸਤ (ਸੁਖਵਿੰਦਰ ਪਲਾਹਾ): ਇੱਥੋਂ ਨੇੜਲੇ ਪਿੰਡ ਸੰਧੂ ਕਲਾਂ ਵਿਖੇ ਦੇ ਲੋਕਾਂ ਨੇ ਮੌਜੂਦਾ ਪੰਜਾਬ ਸਰਕਾਰ ਅਤੇ ਪੰਜਾਬ ਡਰੇਨਜ਼ ਵਿਭਾਗ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ । ਸਥਾਨਕ ਵਸਨੀਕਾਂ ਨੇ ਸਰਕਾਰ ਤੇ ਦੋਸ਼ ਲਾਉਂਦਿਆ ਕਿਹਾ ਕਿ ਸਾਡੇ ਪਿੰਡ ਵਿੱਚੋਂ ਦੀ ਡਰੇਨ ਜਿਸਦੀ ਕੁੱਲ ਲੰਬਾਈ 15 ਕਿਲੋਮੀਟਰ ਹੈ ਜੋ ਕਿ ਪਿੰਡ ਬੱਲੋਕੇ ਤੋਂ ਭਾਈ ਰੂਪਾ ਤੱਕ ਪਹੁੰਚਦੀ ਹੈ, ਨੂੰ ਸੰਧੂ ਕਲਾਂ ਤੋਂ ਅੱਗੇ ਫੂਲੇਵਾਲਾ ,ਭਾਈ ਰੂਪਾ ਤੇ ਹੋਰ ਪਿੰਡਾਂ ਦੇ ਲੋਕਾਂ ਨੇ ਆਪਣੀ ਵਾਹੀਯੋਗ ਜਮੀਨ ਵਿੱਚ ਮਿਲਾ ਲਿਆ ਹੈ, ਜਿਸ ਕਾਰਨ ਸੰਧੂ ਕਲਾਂ ਅਤੇ ਬੱਲੋਕੇ ਪਿੰਡਾਂ ਦੇ ਪਾਣੀ ਦਾ ਨਿਕਾਸ ਨਾ ਹੋਣ ਕਾਰਨ ਇਹਨਾਂ ਪਿੰਡਾਂ ਵਿੱਚ ਬਹੁਤ ਭਾਰੀ ਨੁਕਸਾਨ ਹੋਇਆ ਹੈ ਅਤੇ ਹੜ੍ਹਾਂ ਦੀ ਮਾਰ ਕਾਰਨ ਲੋਕਾਂ ਦੇ ਘਰ ਢਹਿਣ ਤੋਂ ਇਲਾਵਾ ਫਸਲਾਂ ਬਿਲਕੁਲ ਬਰਬਾਦ ਹੋ ਚੁੱਕੀਆਂ ਹਨ। ਇਸ ਮੌਕੇ 'ਤੇ ਪੰਚਾਇਤ ਮੈਂਬਰ ਰਾਮਪ੍ਰੀਤ ਸਿੰਘ ਨੇ ਕਿਹਾ ਕਿ ਪਸ਼ੂਆਂ ਲਈ ਹਰਾ ਚਾਰਾ ਅਤੇ ਸਬਜ਼ੀਆਂ ਬਿਲਕੁਲ ਤਬਾਹ ਹੋ ਚੁੱਕੀਆਂ ਹਨ ਅਤੇ ਝੋਨੇ ਦੀ ਫਸਲ 50% ਤੋਂ ਉੱਪਰ ਬਰਬਾਦ ਹੋ ਚੁੱਕੀ ਹੈ, ਉਹਨਾਂ ਦੱਸਿਆ ਕਿ ਪਿਛਲੇ ਕਈ ਸਾਲਾਂ ਤੋਂ ਅਸੀਂ ਡੀਸੀ ਬਰਨਾਲਾ ਅਤੇ ਹਲਕਾ ਵਿਧਾਇਕ ਭਦੌੜ ਨੂੰ ਮੰਗ ਪੱਤਰ ਦੇ ਕੇ ਥੱਕ ਚੁੱਕੇ ਹਾਂ ਪਰ ਅੱਜ ਤੱਕ ਸਾਡੀ ਸਰਕਾਰੀ ਦਰਬਾਰੇ ਕੋਈ ਵੀ ਸੁਣਵਾਈ ਨਹੀਂ ਹੋਈ ਕਿਸਾਨ ਯੂਨੀਅਨ ਦੇ ਆਗੂ ਮਲਕੀਤ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਪਿਛਲੀ ਸਰਕਾਰ ਵਿੱਚ ਮੰਤਰੀ ਰਹਿ ਚੁੱਕੇ ਇੱਕ ਰਾਮਪੁਰਾ ਫੂਲ ਦੇ ਵਿਧਾਇਕ ਵੱਲੋਂ ਸਾਡੇ ਵਿੱਚੋਂ ਦੀ ਲੰਘਦੀ ਡਰੇਨ ਦੀ ਸਫਾਈ ਨੂੰ ਰੁਕਵਾ ਦਿੱਤਾ ਸੀ ਜਿਸ ਕਾਰਨ ਬਰਸਾਤਾਂ ਦਾ ਪਾਣੀ ਸਾਡੇ ਪਿੰਡ ਵਿੱਚ ਤੇ ਸਾਡੀਆਂ ਜਮੀਨਾਂ ਵਿੱਚ ਜਮਾਂ ਹੋ ਜਾਂਦਾ ਹੈ ਕਿਉਂਕਿ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਸੰਧੂ ਕਲਾਂ ਵਿੱਚ ਭਾਰੀ ਤਬਾਹੀ ਦਾ ਕਾਰਨ ਬਣਦਾ ਹੈ। ਆਗੂਆਂ ਨੇ ਕਿਹਾ ਕਿ ਅਗਰ ਸਾਡੀ ਇਸੇ ਤਰ੍ਹਾਂ ਕੋਈ ਸੁਣਵਾਈ ਨਾਂ ਹੋਈ ਤਾਂ ਅਸੀਂ ਡੀਸੀ ਦਫਤਰ ਬਰਨਾਲਾ ਦੇ ਅੱਗੇ ਧਰਨਾ ਦੇ ਕੇ ਜ਼ੋਰਦਾਰ ਤਰੀਕੇ ਨਾਲ ਸਘੰਰਸ਼ ਕਰਾਂਗੇ। ਇਸ ਮੌਕੇ ਪਿੰਡ ਵਾਸੀਆਂ ਨੇ ਪੱਤਰਕਾਰਾਂ ਨਾਲ ਨੂੰ ਗੱਲਬਾਤ ਕਰਦਿਆਂ ਦੱਸਿਆ ਕਿ ਸਾਡੇ ਪਿੰਡ ਸੰਧੂ ਕਲਾਂ ਦੀ ਮਸਜ਼ਿਦ, ਸ਼ਮਸ਼ਾਨ ਘਾਟ ,ਕਬਰਿਸਤਾਨ , ਵਾਟਰ ਵਰਕਸ ਆਦਿ ਗੰਦੇ ਪਾਣੀ ਦੀ ਚਪੇਟ ਵਿੱਚ ਆ ਕੇ ਪੂਰੀ ਤਰ੍ਹਾਂ ਡੁੱਬ ਚੁੱਕੇ ਹਨ ਅਤੇ ਇਹਨਾਂ ਜਗ੍ਹਾ ਉੱਪਰ ਤਿੰਨ- ਤਿੰਨ ਫੁੱਟ ਪਾਣੀ ਜਮ੍ਹਾਂ ਹੋ ਗਿਆ ਹੈ ।ਪਿੰਡ ਵਾਸੀਆਂ ਨੇ ਕਿਹਾ ਕਿ ਅਗਰ ਕਿਸੇ ਬਜ਼ੁਰਗ ਦੀ ਮੌਤ ਹੋ ਜਾਂਦੀ ਹੈ ਤਾਂ ਸਾਡੇ ਪਿੰਡ ਕੋਲ ਸਸਕਾਰ ਕਰਨ ਵਾਸਤੇ ਜਗ੍ਹਾ ਤੱਕ ਵੀ ਨਹੀਂ ਬਚੀ ।ਪਿੰਡ ਵਾਸੀਆਂ ਨੇ ਕਿਹਾ ਕਿ ਅਸੀਂ ਪ੍ਰਸ਼ਾਸਨ ਤੋਂ ਮੰਗ ਕਰਦੇ ਹਾਂ ਕਿ ਜਲਦੀ ਤੋਂ ਜਲਦੀ ਸਾਡੇ ਪਿੰਡ ਦੇ ਪਾਣੀ ਦੇ ਨਿਕਾਸ ਦਾ ਯੋਗ ਪ੍ਰਬੰਧ ਕੀਤਾ ਜਾਵੇ ਤਾਂ ਜੋ ਗਰੀਬਾਂ ਦੇ ਢਹਿ ਰਹੇ ਘਰ ਅਤੇ ਬਾਕੀ ਰਹਿੰਦੀ ਫਸਲ ਨੂੰ ਸਮਾਂ ਰਹਿੰਦਿਆਂ ਬਚਾਇਆ ਜਾ ਸਕੇ।

## ਅੰਦਰਲੀ ਗਊਸ਼ਾਲਾ ਵਿਖੇ ਸ੍ਰੀ ਰਾਧਾ ਅਸ਼ਟਮੀ ਅੱਜ




ਤਪਾ ਮੰਡੀ 30 ਅਗਸਤ(ਭੂਸ਼ਨ ਘੜੈਲਾ)-ਸਥਾਨਕ ਸ਼ਹਿਰ ਦੀ ਅੰਦਰਲੀ ਗਊਸ਼ਾਲਾ ਵਿਖੇ ਸ੍ਰੀ ਰਾਧਾ-ਕ੍ਰਿਸਨ ਮੰਦਿਰ ਚ, ਮੰਦਰ ਦੇ ਪੁਜਾਰੀ ਅਰਵਿੰਦ ਸ਼ੁਕਲਾ ਦੀ ਅਗਵਾਈ ਹੇਠ ਸ੍ਰੀ ਰਾਧਾ ਰਾਣੀ ਉਤਸ਼ਵ ਬੜੀ ਧੂਮਧਾਮ ਅਤੇ ਸ਼ਰਧਾਪੂਰਵਕ ਮਨਾਇਆ ਜਾ ਰਿਹਾ ਹੈ।ਮੰਦਰ ਦੇ ਪੁਜਾਰੀ ਸ਼ਾਸਤਰੀ ਅਰਵਿੰਦ ਸ਼ੁਕਲਾ ਨੇ ਦੱਸਿਆ ਕਿ ਅੱਜ 31 ਅਗਸਤ ਦਿਨ ਐਤਵਾਰ ਨੂੰ ਸ੍ਰੀ ਰਾਧਾ ਰਾਣੀ ਅਸ਼ਟਮੀ ਸ਼ਾਮ ਨੂੰ 8 ਵਜੇ ਤੋਂ 10 ਵਜੇ ਤੱਕ ਸੰਕੀਰਤਨ ਕਰਕੇ ਮਨਾਈ ਜਾ ਰਹੀ ਹੈ ਇਸ ਮੌਕੇ ਸ੍ਰੀ ਰਾਧਾ ਰਾਣੀ ਦਾ ਗੁਣਗਾਣ ਭਜਨ ਗਾਇਕ ਰੋਸ਼ਨ ਸਿੰਘ ਤਪਾ ਵਾਲੇ ਆਪਣੀ ਸੁਰੀਲੀ ਆਵਾਜ਼ ਰਾਹੀਂ ਕਰਨਗੇ। ਮੰਦਰ ਦੇ ਪੁਜਾਰੀ ਅਤੇ ਕਮੇਟੀ ਮੈਂਬਰਾਂ ਵੱਲੋਂ ਤਪਾ ਮੰਡੀ ਨਿਵਾਸੀਆਂ ਨੂੰ ਬੇਨਤੀ ਕੀਤੀ ਗਈ ਹੈ ਕਿ ਸ੍ਰੀ ਰਾਧਾ ਅਸ਼ਟਮੀ ਮੌਕੇ ਸੰਕੀਰਤਨ ਚ ਪਹੁੰਚ ਕੇ ਆਪਣੀ ਹਾਜ਼ਰੀ ਜ਼ਰੂਰ ਲਗਵਾਓ ਜੀ ਤੇ ਸ੍ਰੀ ਰਾਧਾ -ਕ੍ਰਿਸਨ ਜੀ ਦਾ ਅਸ਼ੀਰਵਾਦ ਪ੍ਰਾਪਤ ਕਰੋ।ਇਸ ਮੌਕੇ ਗਊਸ਼ਾਲਾ ਕਮੇਟੀ ਦੇ ਕੇਸਪਾਲ ਗੋਇਲ,ਲਿਲੂ ਰਾਮ,ਮਨੈਜਰ ਸੁਨੀਲ ਕੁਮਾਰ ਬਾਂਸਲ, ਪੰਡਿਤ ਕਾਲਾ ਰਾਮ ਵੇਦ ਪਾਠੀ, ਪੰਡਿਤ ਅੰਕੂਸ ਸ਼ਰਮਾ, ਪੰਡਿਤ ਸੰਤੋਸ਼ ਸ਼ਰਮਾ ਤੋਂ ਇਲਾਵਾ ਹੋਰ ਗਊ ਸੇਵਕ ਹਾਜ਼ਰ ਸਨ।

# ਸਿੰਗਲਾ ਦੀ ਅਗਵਾਈ 'ਚ ਹੜ੍ਹ ਪੀੜਤ ਇਲਾਕੇ ਦੇ ਪਸ਼ੂਆਂ ਲਈ 2 ਟਰੱਕ ਆਚਾਰ ਦੇ ਰਵਾਨਾਂ



ਭਵਾਨੀਗੜ੍ਹ, 30 ਅਗਸਤ (ਅਮਨਦੀਪ ਸਿੰਘ ਮਾਝਾ) : ਹੜ੍ਹ ਪੀੜਤ ਇਲਾਕੇ ਵਿਚ ਪਸ਼ੂਆਂ ਦੀ ਭੁੱਖ ਮਿਟਾਉਣ ਲਈ ਸਾਬਕਾ ਕਾਂਗਰਸੀ ਮੰਤਰੀ ਵਿਜੈਇੰਦਰ ਸਿੰਗਲਾ ਵੱਲੋਂ ਇਲਾਕੇ ਦੀਆਂ ਸੰਗਤਾਂ ਅਤੇ ਪਾਰਟੀ ਵਰਕਰਾਂ ਨਾਲ ਸਲਾਹ ਮਸ਼ਵਰਾ ਕਰਕੇ ਦੋ ਟਰੱਕ ਪਸ਼ੂਆਂ ਦੇ ਹਰੇ ਚਾਰੇ ਦੇ ਆਚਾਰ ਸ਼੍ਰੀ ਅੰਮ੍ਰਿਤਸਰ ਵੱਲ ਰਵਾਨਾ ਕੀਤੇ। ਸ਼੍ਰੀ ਸਿੰਗਲਾ ਨੇ ਦੱਸਿਆ ਕਿ ਉਹਨਾਂ ਦੀ ਕੱਲ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਨਾਲ ਗੱਲਬਾਤ ਹੋਈ ਸੀ ਅਤੇ ਉਹਨਾਂ ਨੂੰ ਹਰ ਸੰਭਵ ਮੱਦਦ ਦਾ ਭਰੋਸਾ ਦਿੱਤਾ ਗਿਆ। ਸਿੰਗਲਾ ਨੇ ਕਿਹਾ ਕਿ ਹੜ ਕਾਰਨ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ। ਜਾਨੀ ਮਾਲੀ ਨੁਕਸਾਨ ਵੀ ਹੋ ਰਿਹਾ ਹੈ। ਬੇਜੁਬਾਨ ਪਸ਼ੂਆਂ ਲਈ ਹਰੇ ਚਾਰੇ ਦੀ ਬਹੁਤ ਵੱਡੀ ਸਮੱਸਿਆ ਆ ਰਹੀ ਹੈ। ਉਹਨਾਂ ਕਿਹਾ ਕਿ ਹੜ ਪੀੜਤ ਇਲਾਕਿਆਂ ਵਿਚ ਜਿੱਥੇ ਵੀ ਸੇਵਾ ਦੀ ਲੋੜ ਹੋਵੇਗੀ ਅਸੀਂ ਹਰ ਤਰ੍ਹਾਂ ਦੀ ਸੇਵਾ ਕਰਨ ਲਈ ਤਿਆਰ ਹਾਂ। ਹੜ ਪੀੜਤ ਇਲਾਕੇ ਵਿਚ ਜਿੱਥੇ ਪ੍ਰਬੰਧਕ ਮੱਦਦ ਲਈ ਕਹਿਣਗੇ ਅਸੀਂ ਉਥੇ ਸੇਵਾ ਕਰਨ ਲਈ ਹਰ ਸਮੇਂ ਤਿਆਰ ਹਾਂ। ਇਸ ਮੌਕੇ ਗੁਰਦੀਪ ਸਿੰਘ ਘਰਾਚੋਂ ਬਲਾਕ ਪ੍ਰਧਾਨ, ਜਗਤਾਰ ਨਮਾਦਾ, ਰਾਮ ਸਿੰਘ ਭਰਾਜ, ਸਾਹਿਬ ਸਿੰਘ ਭੜੋ, ਰਣਜੀਤ ਕੌਰ ਬਦੇਸ਼ਾ, ਪੱਪੂ ਚੰਨੋਂ, ਪਰਮਜੀਤ ਸ਼ਰਮਾ ਘਰਾਚੋਂ, ਬੱਬੂ ਘਰਾਚੋਂ, ਹਰਦੀਪ ਸਿੰਘ ਤੂਰ, ਤੇਜਿੰਦਰ ਸਿੰਘ ਢੀਂਡਸਾ, ਜਗਤਾਰ ਸਿੰਘ ਭਵਾਨੀਗੜ੍ਹ, ਰਜਿੰਦਰ ਲੱਖੇਵਾਲ, ਹੈਪੀ ਖੇੜੀ ਗਿੱਲਾਂ, ਗੋਲਡੀ ਕਾਕੜਾ, ਸੁਖਵਿੰਦਰ ਸਿੰਘ ਮੁਨਸ਼ੀਵਾਲਾ, ਬਲਵਿੰਦਰ ਸਿੰਘ ਮੁਨਸ਼ੀਵਾਲਾ, ਮਿੰਟੂ ਚੰਨੋਂ, ਗੁਰਵਿੰਦਰ ਚੰਨੋਂ, ਹਰਦੀਪ ਚੰਨੋਂ, ਕ੍ਰਿਸ਼ਨ ਕੁਮਾਰ ਚੰਨੋਂ, ਗੁਰਪ੍ਰੀਤ ਬੰਦੇਸ਼ਾ, ਜਸਪ੍ਰੀਤ ਸ਼ਾਹਪੁਰ, ਸਿਆਮ ਸਿੰਘ ਸ਼ਾਹਪੁਰ, ਕਰਮਜੀਤ ਸਿੰਘ ਸਕਰੌਦੀ, ਹਾਕਮ ਸਿੰਘ ਹਰਦਿੱਤਪੁਰਾ, ਪਰਮਜੀਤ ਕੌਰ ਸਾਬਕਾ ਸਰਪੰਚ ਮਸਾਣੀ, ਰਵਿੰਦਰਪਾਲ ਕੌਰ ਸਾਬਕਾ ਸਰਪੰਚ ਚੰਨੋਂ, ਹਰਪਾਲ ਸਿੰਘ ਨੂਰਪੁਰਾ, ਕਸ਼ਮੀਰ ਸਿੰਘ ਨੂਰਪੁਰਾ ਅਤੇ ਬਿੱਟੂ ਖਾਨ ਆਦਿ ਹਾਜਰ ਸਨ।

# ਹੜਾਂ ਦੀ ਮਾਰ ਹੇਠ ਆਏ ਪੰਜਾਬ ਚ ਡਰੇਨਾਂ ਦੀ ਸਫਾਈ ਨਾ ਹੋਣ ਤੇ ਆਸ ਪਾਸ ਦੇ ਪਿੰਡਾਂ ਦੀ ਵਧਾਈ ਚਿੰਤਾ

ਭਗਤਾ ਭਾਈ ਕਾ 30 ਅਗਸਤ(ਸਵਰਨ ਸਿੰਘ ਭਗਤਾ) ਪਹਾੜੀ ਇਲਾਕਿਆਂ ਚ ਮਾਨਸੂਨ ਦੇ ਸੀਜਨ ਮੌਕੇ ਪਈਆਂ ਬਰਸਾਤਾਂ ਕਰਕੇ ਦਰਿਆਵਾਂ ਚ ਵਧੇ ਪਾਣੀ ਦੇ ਪੱਧਰ ਨੇ ਪੰਜਾਬ ਨੂੰ ਹੜ੍ਹਾਂ ਦੀ ਮਾਰ ਹੇਠ ਲਿਆ ਹੋਇਆ ਹੈ। ਇਸ ਦੌਰਾਨ ਜਿਥੇ ਬਰਸਾਤਾਂ ਮੌਕੇ ਨਹਿਰਾਂ ਚ ਪਾਣੀ ਦਾ ਪੱਧਰ ਵਧਦਾ ਹੈ ਤਾਂ ਇਸਨੂੰ ਕੰਟਰੋਲ ਚ ਰੱਖਣ ਲਈ ਡਰੇਨਾਂ ਵੀ ਬਣੀਆਂ ਹੋਈਆਂ ਹਨ ਪਰ ਪਿਛਲੇ ਕਈ ਸਾਲਾਂ ਤੋਂ ਇਹਨਾਂ ਡਰੇਨਾਂ ਦੀ ਸਫ਼ਾਈ ਨਾ ਹੋਣ ਕਰਕੇ ਪਾਣੀ ਦੀ ਨਿਕਾਸੀ ਹੋਣ ਚ ਵੱਡੀ ਮੁਸ਼ਕਲ ਸਾਹਮਣੇ ਨਜਰ ਆਉਂਦੀ ਹੈ। ਇਸ ਮੌਕੇ ਇਥੋਂ ਨੇੜਲੇ ਪਿੰਡ ਗੁਰੂਸਰ ਵਿਖੇ ਭਾਕਿਯੂ ਕ੍ਰਾਂਤੀਕਾਰੀ ਪੰਜਾਬ ਦੇ ਸੂਬਾ ਕਮੇਟੀ ਮੈਂਬਰ ਬਲਵੰਤ ਮਹਿਰਾਜ ਦੁਆਰਾ ਵਿਸ਼ੇਸ਼ ਤੌਰ ਤੇ ਡਰੇਨ ਦੀ ਸਥਿਤੀ ਜਾਨਣ ਲਈ ਅੱਜ ਦੌਰਾ ਕੀਤਾ ਗਿਆ। ਇਸ ਮੌਕੇ ਆਗੂ ਬਲਵੰਤ ਮਹਿਰਾਜ ਨੇ ਦੱਸਿਆ ਕਿ ਪਿੰਡ ਗੁਰੂਸਰ ਦੇ ਗੁਰੂਦੁਆਰਾ ਸਾਹਿਬ ਦੇ ਪਿਛਲੇ ਪਾਸਿਓਂ ਗੁਜ਼ਰਦੀ ਚੰਦਭਾਨ ਡਰੇਨ ਜੋ ਭਗਤਾ ਭਾਈ ਹੁੰਦੀ ਹੋਈ ਅੱਗੇ ਜਾਂਦੀ ਹੈ ਦੇ ਜੋ ਹਾਲਾਤ ਹਨ ਉਸਨੂੰ ਦੇਖਕੇ ਇੰਝ ਲਗਦਾ ਹੈ। ਜਿਵੇਂ ਕਈ ਸਾਲਾਂ ਤੋਂ ਇਹ ਡਰੇਨ ਦੀ ਸਫ਼ਾਈ ਨਹੀਂ ਹੋਈ ਹੈ। ਓਹਨਾ ਆਖਿਆ ਕਿ ਪਿਛਲੇ ਦਿਨਾਂ ਤੋਂ ਇਹ ਡਰੇਨ ਚ ਵੀ ਬਰਸਾਤਾਂ ਦਾ ਪਾਣੀ ਛੱਡਿਆ ਗਿਆ ਹੈ ਜੋ ਭਾਵੇਂ ਇਸ ਵਕਤ ਆਪਣੇ ਪੱਧਰ ਮੁਤਾਬਕ ਚੱਲ ਰਿਹਾ ਹੈ ਪਰ ਇਸ ਡਰੇਨ ਵਿੱਚ ਡਿੱਗੇ ਬੇਹਿਸਾਬੇ ਰੁੱਖਾਂ ਅਤੇ ਕੇਲੀ ਨੇ ਜੋ ਵੱਡੇ ਬੰਨ ਬਣਾ ਰੱਖੇ ਹਨ ਉਸ ਹਿਸਾਬ ਨਾਲ ਇਹ ਡਰੇਨ ਹੜ੍ਹਾਂ ਦਾ ਕਾਰਨ ਬਣੇਗੀ। ਓਹਨਾ ਦੱਸਿਆ ਕਿ ਮੌਸਮ ਵਿਭਾਗ ਵੱਲੋਂ ਮੁੜਤੋਂ ਚੇਤਾਵਨੀ ਦਿੱਤੀ ਗਈ ਹੈ ਕਿ ਸੂਬੇ ਚ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ ਜਿਸਦੇ ਚਲਦਿਆਂ ਇਹ ਡਰੇਨ ਹੋਰ ਵੀ ਭਿਆਨਕ ਰੂਪ ਲੈ ਸਕਦੀ ਹੈ ਤੇ ਸਭਤੋਂ ਵੱਡੀ ਗੱਲ ਕਿ ਇਥੇ ਇਤਿਹਾਸਕ ਗੁਰੂਦੁਆਰਾ ਸਾਹਿਬ ਡਰੇਨ ਦੇ ਉਪਰ ਸਥਿਤ ਹੈ ਜਿਸ ਕਰਕੇ ਅਸੀਂ ਸੰਬੰਧਿਤ ਪ੍ਰਸ਼ਾਸਨ ਨੂੰ ਚੇਤਾਵਨੀ ਦੇਣੀ ਚਾਉਂਦੇ ਹਾਂ ਕਿ ਇਸ ਡਰੇਨ ਦੀ ਸਫ਼ਾਈ ਜਲਦੀ ਤੋਂ ਜਲਦੀ ਕਰਵਾਈ ਜਾਵੇ ਨਹੀਂ ਤਾਂ ਆਉਣ ਵਾਲੇ ਦਿਨਾਂ ਅੰਦਰ ਇਥੇ ਹੜ੍ਹਾਂ ਵਰਗੇ ਹਾਲਾਤ ਬਣਨ ਨੂੰ ਦੇਰ ਨਹੀਂ ਲੱਗਣੀ। ਓਹਨਾਂ ਕਿਹਾ ਕਿ ਡਰੇਨਾਂ ਦੀ ਸਫ਼ਾਈ ਦੇ ਨਾਮ ਉੱਪਰ ਸੰਬੰਧਿਤ ਅਧਿਕਾਰੀ ਵੱਡੀਆਂ ਵੱਡੀਆਂ ਗ੍ਰਾਂਟਾਂ ਪਾਸ ਕਰਾ ਲੈਂਦੇ ਹਨ ਜਦਕਿ ਇਹਨਾਂ ਡਰੇਨਾਂ ਦੀ ਜਮੀਨੀ ਹਕੀਕਤ ਦੀਆਂ ਤਸਵੀਰਾਂ ਕੁਝ ਹੋਰ ਬਿਆਨ ਕਰ ਰਹੀਆਂ ਹਨ। ਇਸ ਮੌਕੇ ਭਾਕਿਯੂ ਕ੍ਰਾਂਤੀਕਾਰੀ ਪੰਜਾਬ ਦੇ ਜ਼ਿਲ੍ਹਾ ਬਠਿੰਡਾ ਪ੍ਰਧਾਨ ਗੋਰਾ ਡਿਖ, ਬਲਾਕ ਫੂਲ਼ ਪ੍ਰਧਾਨ ਗੁਰਪ੍ਰੀਤ ਢਿਪਾਲੀ, ਕੁਲਦੀਪ ਸਿੰਘ ਸੇਲਬਰਾਹ, ਸਰਬਜੀਤ ਸਿੰਘ ਸਾ: ਫੌਜੀ, ਭਗਤਾ ਬਲਾਕ ਦੇ ਮੀਤ ਪ੍ਰਧਾਨ ਚਮਕੌਰ ਗੁਰੂਸਰ, ਗੁਰੂਸਰ ਇਕਾਈ ਪ੍ਰਧਾਨ ਬਾਬੂ ਸਿੰਘ, ਮੰਗੂ ਸਿੰਘ, ਖਜਾਨਚੀ ਕਰਮਾ ਸਿੰਘ, ਪਰਮਾ ਚੱਕੀ ਵਾਲੇ, ਗੁਰਚਰਨ ਸਿੰਘ ਸਮੇਤ ਪਿੰਡ ਗੁਰੂਸਰ ਤੋਂ ਹੋਰ ਵੀ ਲੋਕ ਹਾਜ਼ਰ ਸਨ।

# ਪਿੰਡ ਭਾਈ ਕੀ ਪਿਸ਼ੌਰ ਵਿਖੇ ਨਸ਼ਾ ਵਿਰੁੱਧ ਜਾਗਰੂਕਤਾ ਰੈਲੀ ਕੱਢੀ ਗਈ



ਕੋਹਰੀਆਂ, 30 ਅਗਸਤ (ਅਵਤਾਰ ਸਿੰਘ ਜਟਾਣਾ): ਅੱਜ ਪਿੰਡ ਭਾਈ ਕੀ ਪਿਸ਼ੌਰ ਵਿਖੇ ਨਵੀਂ ਬਣੀ ਨਸ਼ਾ ਵਿਰੁੱਧ ਕਮੇਟੀ ਵੱਲੋਂ ਸਾਰੇ ਪਿੰਡ ਦੇ ਸਹਿਯੋਗ ਨਾਲ ਪਿੰਡ ਵਿੱਚ ਨਸ਼ਿਆਂ ਵਿਰੁੱਧ ਰੈਲੀ ਕੀਤੀ ਗਈ।ਇਸ ਰੈਲੀ ਨੂੰ ਡੀ.ਐਸ.ਪੀ ਦੀਪਇੰਦਰ ਸਿੰਘ ਜੇਜੀ ਲਹਿਰਾ ਅਤੇ ਐਸ. ਐਚ.ਓ ਕਰਮਜੀਤ ਸਿੰਘ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ।ਇਸ ਮੌਕੇ ਸਰਪੰਚ ਕਮਲਜੀਤ ਕੌਰ ਅਤੇ ਪ੍ਰਧਾਨ ਜਗਤਾਰ ਸਿੰਘ ਤਾਰੀ ਵੱਲੋਂ ਪਿੰਡ ਦੀਆਂ ਸਾਰੀਆਂ ਧਾਰਮਿਕ ਕਮੇਟੀਆਂ ਅਤੇ ਸਮੂਹ ਪਿੰਡ ਵਾਸੀਆਂ ਵੱਲੋਂ ਦਿੱਤੇ ਸਹਿਯੋਗ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਉਨ੍ਹਾਂ ਰੈਲੀ ਵਿੱਚ ਸ਼ਾਮਲ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਲੋਕਾਂ ਦਾ ਸਿਹਤਮੰਦ ਹੋਣਾ ਬਹੁਤ ਜ਼ਰੂਰੀ ਹੈ। ਕੋਈ ਵੀ ਦੇਸ਼ ਤਾਂ ਹੀ ਵਿਕਾਸ ਦੀਆਂ ਬੁਲੰਦੀਆਂ ਨੂੰ ਛੂਹ ਸਕਦਾ ਹੈ, ਜੇਕਰ ਉਸ ਦੇਸ਼ ਜਾਂ ਸੂਬੇ ਦੀ ਨੌਜਵਾਨ ਪੀੜ੍ਹੀ ਮਿਹਨਤੀ ਅਤੇ ਸਿਹਤਮੰਦ ਹੋਵੇਗੀ। ਸਿਹਤਮੰਦ ਹੋਣ ਲਈ ਨਸ਼ਿਆਂ ਤੋਂ ਦੂਰ ਰਹਿਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਹੋਰਨਾ ਪਿੰਡਾਂ ਦੇ ਪੰਚਾਂ ਸਰਪੰਚਾਂ ਨੂੰ ਵੀ ਅਪੀਲ ਕੀਤੀ ਹੈ ਕਿ ਪਿੰਡਾਂ 'ਚ ਜੋ ਲੋਕ ਨਸ਼ੇ ਦੀ ਵਰਤੋਂ ਕਰ ਰਹੇ ਹਨ, ਉਨ੍ਹਾਂ ਨੂੰ ਸਮਝਾਉਣ ਕਿ ਨਸ਼ਾ ਇੱਕ ਬਹੁਤ ਮਾੜੀ ਚੀਜ਼ ਹੈ ਜੋ ਕਿ ਪੈਸੇ ਦੀ ਬਰਬਾਦੀ ਤਾਂ ਕਰਦਾ ਹੀ ਹੈ।ਨਾਲ ਹੀ ਸਿਹਤ ਨੂੰ ਵੀ ਬਰਬਾਦ ਕਰ ਦਿੰਦਾ ਹੈ। ਇਸ ਮੌਕੇ ਡੀਐਸਪੀ ਦੀਪਇੰਦਰ ਸਿੰਘ ਜੇਜੀ ਅਤੇ ਐਸ ਐਚ ਓ ਕਰਮਜੀਤ ਸਿੰਘ ਨੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਨਸ਼ਾ ਮਨੁੱਖ ਨੂੰ ਮਾਨਸਿਕ ਅਤੇ ਆਰਥਿਕ ਤੌਰ ਤੇ ਕਮਜ਼ੋਰ ਕਰ ਦਿੰਦਾ ਹੈ। ਪਹਿਲਾਂ ਤਾਂ ਨਸ਼ਾ ਚੰਗਾ ਲੱਗਦਾ ਹੈ ਪਰ ਜਦੋਂ ਇਹ ਮਨੁੱਖ ਦੇ ਖੂਨ ਵਿੱਚ ਰਲ ਜਾਂਦਾ ਹੈ ਤਾਂ ਉਸ ਤੋਂ ਛੁਟਕਾਰਾ ਪਾਉਣਾ ਔਖਾ ਹੋ ਜਾਂਦਾ ਹੈ। ਉਨ੍ਹਾਂ ਇਸ ਮੌਕੇ ਨਸ਼ਿਆਂ ਦੇ ਮਾਰੂ ਪ੍ਰਭਾਵਾ ਤੋਂ ਬਹੁਤ ਹੀ ਵਿਸਥਾਰ ਸਹਿਤ ਜਾਣੂੰ ਕਰਾਇਆ ਗਿਆ। ਨਾਲ ਹੀ ਉਹਨਾਂ ਗ੍ਰਾਮ ਪੰਚਾਇਤ ਅਤੇ ਸਮੂਹ ਪਿੰਡ ਵਾਸੀਆਂ ਨੂੰ ਹਰ ਤਰ੍ਹਾਂ ਸਹਿਯੋਗ ਦੇਣ ਦਾ ਭਰੋਸਾ ਦਿੰਦਿਆਂ ਕਿਹਾ ਕਿ ਜੇ ਨਸ਼ਾ ਤਸਕਰ ਬਾਜ ਨਾ ਆਏ ਤਾਂ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਦਵਿੰਦਰ ਸਿੰਘ (ਜੇਜੀ) ਨਰੰਜਣ ਸਿੰਘ ਸਾਬਕਾ ਸਰਪੰਚ,ਡਾ.ਹੁਸ਼ਿਆਰ ਸਿੰਘ, ਜਰਨੈਲ ਸਿੰਘ ਪੰਚ,ਕੁਲਵੰਤ ਸਿੰਘ ਪੰਚ, ਸਤਗੁਰ ਸਿੰਘ ਪੰਚ, ਬਲਦੀਪ ਜੋਸ਼ੀ ਪੰਚ, ਅਮਨਦੀਪ ਸਿੰਘ ਪੰਚ, ਸੂਬੇਦਾਰ ਸਤਪਾਲ ਸਿੰਘ, ਸਤਗੁਰ ਸਿੰਘ ਪੰਚ, ਬਲਕਾਰ ਸਿੰਘ, ਤਰਲੋਚਨ ਸਿੰਘ, ਮੋਹਨਜੀਤ ਸਿੰਘ, ਕੁਲਵਿੰਦਰ ਸਿੰਘ, ਗੁਰਦਾਸ ਸਿੰਘ, ਬਿਕਰ ਸਿੰਘ, , ਬਲਜੀਤ ਸਿੰਘ ਅਤੇ ਸਮੂਹ ਪਿੰਡ ਵਾਸੀ ਹਾਜ਼ਰ ਸਨ।

# ਖਾਲਸਾ ਕਾਲਜ ਵਿਖੇ ਮੇਜਰ ਧਿਆਨ ਚੰਦ ਨੂੰ ਸਮਰਪਿਤ ਨੈਸ਼ਨਲ ਸਪੋਰਟਸ ਦਿਵਸ ਮਨਾਇਆ



ਭਗਤਾ ਭਾਈ ਕਾ 30 ਅਗਸਤ (ਸਵਰਨ ਸਿੰਘ ਭਗਤਾ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸਕੱਤਰ ਵਿੱਦਿਆ ਸੁਖਮਿੰਦਰ ਸਿੰਘ ਅਤੇ ਸਿਕੰਦਰ ਸਿੰਘ ਮਲੂਕਾ ਸਾਬਕਾ ( ਕੈਬਨਿਟ ਮੰਤਰੀ ਪੰਜਾਬ) ਅਤੇ ਆਨਰੇਰੀ ਸਕੱਤਰ (ਕਾਲਜ) ਦੀ ਰਹਿਨੁਮਾਈ ਅਤੇ ਕਾਲਜ ਪ੍ਰਿੰਸੀਪਲ ਡਾ. ਸਤਿੰਦਰ ਕੌਰ ਮਾਨ ਦੀ ਸੁਯੋਗ ਅਗਵਾਈ ਹੇਠ ਇਲਾਕੇ ਦੀ ਨਾਮਵਰ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਭਗਤਾ ਭਾਈ ਕਾ ਵਿਖੇ ਫਿਜੀਕਲ ਵਿਭਾਗ ਅਤੇ ਐਨ.ਐਸ.ਐਸ ਯੂਨਿਟ ਦੇ ਸਹਿਯੋਗ ਨਾਲ ਮੇਜਰ ਧਿਆਨ ਚੰਦ ਦਾ ਜਨਮ ਦਿਵਸ ਮਨਾਇਆ ਗਿਆ। ਫਿਜੀਕਲ ਵਿਭਾਗ ਦੇ ਮੁਖੀ ਪ੍ਰੋ. ਸੁਸ਼ਮਾ ਰਾਣੀ ਨੇ ਦੱਸਿਆ ਕਿ ਭਾਰਤ ਵਿੱਚ ਹਰ ਸਾਲ 29 ਅਗਸਤ ਨੂੰ ਰਾਸ਼ਟਰੀ ਖੇਡ ਦਿਵਸ ਭਾਰਤ ਦੇ ਮਹਾਨ ਹਾਕੀ ਖਿਡਾਰੀ ਮੇਜਰ ਧਿਆਨ ਚੰਦ ਦੇ ਜਨਮ ਦਿਨ ਵਾਲੇ ਦਿਨ ਮਨਾਇਆ ਜਾਂਦਾ ਹੈ। ਉਹਨਾਂ ਨੇ 1928 ਅਤੇ 1932 ਦੇ ਸਮੂਹ ਓਲੰਪਿਕ ਵਿੱਚ ਪਹਿਲੇ ਹੈਟਰਿਕ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਇਸ ਮੌਕੇ ਮੰਚ ਸੰਚਾਲਨ ਦੀ ਭੂਮਿਕਾ ਨਿਭਾਉਂਦਿਆਂ ਐਨ.ਐਸ.ਐਸ ਦੇ ਪ੍ਰੋਗਰਾਮ ਅਫ਼ਸਰ ਪ੍ਰੋ. ਰਮਨਦੀਪ ਕੌਰ ਨੇ ਮੇਜਰ ਧਿਆਨ ਚੰਦ ਬਾਰੇ ਦੱਸਦਿਆਂ ਕਿਹਾ ਕਿ ਭਾਰਤ ਵਿੱਚ ਪਹਿਲਾਂ ਰਾਸ਼ਟਰੀ ਖੇਡ ਦਿਵਸ 29 ਅਗਸਤ 2012 ਨੂੰ ਮਨਾਇਆ ਗਿਆ ਸੀ। ਇਸ ਕਰਕੇ ਮੇਜਰ ਧਿਆਨ ਚੰਦ ਦੀ ਵਿਰਾਸਤ ਦਾ ਸਨਮਾਨ ਕਰਨ ਅਤੇ ਸਾਡੇ ਜੀਵਨ ਵਿੱਚ ਖੇਡਾਂ ਦੀ ਮਹੱਤਵ ਨੂੰ ਸਵੀਕਾਰ ਕਰਨ ਲਈ ਇਹ ਦਿਵਸ ਮਨਾਇਆ ਜਾਂਦਾ ਹੈ। ਇਸ ਤੋਂ ਇਲਾਵਾ ਬੀ.ਏ ਭਾਗ ਦੂਜਾ ਦੀ ਵਿਦਿਆਰਥਣ ਨਵਜੋਤ ਕੌਰ ਨੇ ਮੇਜਰ ਧਿਆਨ ਚੰਦ ਦੇ ਓਲੰਪਿਕ ਵਿੱਚ ਹੋਈਆਂ ਜਿੱਤਾਂ ਅਤੇ ਉਹਨਾਂ ਨੂੰ ਹਾਕੀ ਦੇ ਜਾਦੂਗਰ ਵਜੋਂ ਜਾਣੇ ਜਾਣ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਤੋਂ ਇਲਾਵਾ ਐਨ. ਐਸ. ਐਸ ਦੇ ਅਫ਼ਸਰ ਡਾ. ਰਮਨਪ੍ਰੀਤ ਕੌਰ ਵੱਲੋਂ ਸਰੀਰਕ ਗਤੀਵਿਧੀਆ ਅਤੇ ਖੇਡਾਂ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਵਿਦਿਆਰਥੀਆਂ ਦੀਆਂ ਰੱਸਾ ਕਸੀ, ਨਿੰਬੂ ਰੇਸ, ਕਰੌਸ ਕੰਨਟਰੀ ਅਤੇ ਬੈਕ ਰੇਸ, ਸੂਈ ਧਾਗਾ ਰੇਸ ਮੁੰਡਿਆਂ ਅਤੇ ਕੁੜੀਆਂ ਦੀਆਂ ਖੇਡਾਂ ਕਰਵਾਈਆਂ ਗਈਆਂ। ਜਿਨ੍ਹਾਂ ਵਿੱਚ ਵਿਦਿਆਰਥੀਆਂ ਨੇ ਵੱਧ ਚੜ ਕੇ ਹਿੱਸਾ ਲਿਆ। ਰੱਸਾਕਸੀ ਵਿੱਚ ਕੁੜੀਆਂ ਵਿੱਚੋਂ ਸੁਮਨਦੀਪ ਕੌਰ,ਬੇਅੰਤ ਕੌਰ,ਰਿਪਨ ਕੌਰ,ਸਤਵਿੰਦਰ ਕੌਰ,ਗਗਨਦੀਪ ਕੌਰ,ਪੂਜਾ,ਰਮਨਦੀਪ ਕੌਰ ਪਵਨਪਰੀਤ ਕੌਰ ਨੇ ਪਹਿਲਾ ਸਥਾਨ ਅਤੇ ਮੁੰਡਿਆਂ ਵਿੱਚੋਂ ਹਿਮਾਂਸ਼ੂ,ਗੁਰਪ੍ਰੀਤ ਸਿੰਘ,ਜਸ਼ਨਦੀਪ ਸਿੰਘ,ਸਤਵਿੰਦਰ ਸਿੰਘ,ਦੂਨੀ ਚੰਦ,ਪ੍ਰਭਜੋਤ ਸਿੰਘ,ਨਵੀਨ ਸ਼ਰਮਾ,ਰਾਜਵੀਰ ਸਿੰਘ,ਸੁਪਨਦੀਪ ਸਿੰਘ ਵੱਲੋਂ ਅਤੇ ਸੂਈ ਧਾਗਾ ਰੇਸ ਵਿੱਚੋਂ ਕੁਲਦੀਪ ਕੌਰ ਪਹਿਲਾਂ ਸੰਦੀਪ ਕੌਰ ਦੂਜਾ ਅਤੇ ਅੰਮ੍ਰਿਤਪਾਲ ਕੌਰ ਨੇ ਤੀਜਾ ਇਸ ਤੋਂ ਇਲਾਵਾ ਨਿੰਬੂ ਰੇਸ ਵਿੱਚੋਂ ਸਿਮਰਨ ਕੌਰ,ਰਮਨਦੀਪ ਕੌਰ,ਗੁਰਪ੍ਰੀਤ ਕੌਰ ਅਤੇ ਬੈਕ ਰੇਸ ਵਿੱਚੋਂ ਪਹਿਲਾ ਸਤਵਿੰਦਰ ਸਿੰਘ,ਹਿਮਾਂਸ਼ੂ ਦੂਜਾ ਮਹਿੰਦਰ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ ਆਦਿ।ਪੁਜੀਸ਼ਨਾਂ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਤੋਂ ਇਲਾਵਾ ਵਿਦਿਆਰਥੀਆਂ ਵੱਲੋਂ ਸਹੁੰ ਚੁੱਕੀ ਗਈ ਕਿ ਅਸੀਂ ਆਪਣੇ ਆਪ ਨੂੰ ਸਰੀਰਕ ਤੌਰ ਤੇ ਤੰਦਰੁਸਤ, ਮਾਨਸਿਕ ਤੌਰ ਤੇ ਮਜਬੂਤ ਅਤੇ ਭਾਵਨਾਤਮਕ ਤੌਰ ਤੇ ਸੰਤੁਲਿਤ ਬਣਾਉਂਦੇ ਹੋਏ ਖੇਡਾਂ ਅਤੇ ਤੰਦਰੁਸਤੀ ਦੀਆਂ ਗਤੀ ਵਿਧੀਆਂ ਵਿੱਚ ਪੂਰੇ ਉਤਸ਼ਾਹ ਨਾਲ ਹਿੱਸਾ ਲਵਾਂਗੇ।

# ਕਾਮਰੇਡ ਮਹਿੰਦਰ ਬਾਗ਼ੀ ਨੂੰ ਨਾਅਰਿਆਂ ਦੀ ਗੂੰਜ ਨਾਲ ਦਿੱਤੀ ਅੰਤਿਮ ਵਿਦਾਇਗੀ

ਲਹਿਰਾਗਾਗਾ 30 ਅਗਸਤ (ਗੁਰਦੀਪ ਸਿੰਘ) ਸਾਰੀ ਉਮਰ ਮਜ਼ਦੂਰਾਂ ਕਿਸਾਨਾਂ ਦੇ ਹੱਕਾਂ ਹਿੱਤਾਂ ਲਈ ਲੜਨ ਵਾਲੇ ਕਾਮਰੇਡ ਮਹਿੰਦਰ ਬਾਗ਼ੀ ਨੂੰ ਅੱਜ ਇੱਥੇ ਉਸਦੇ ਸੰਗੀਆਂ ਸਾਥੀਆਂ ਨੇ ਨਾਅਰਿਆਂ ਦੀ ਗੂੰਜ ਨਾਲ ਅੰਤਿਮ ਵਿਦਾਇਗੀ ਦਿੱਤੀ। ਕਾਮਰੇਡ ਬਾਗ਼ੀ ਦਾ ਅੱਜ ਸਵੇਰੇ ਦਿਹਾਂਤ ਹੋ ਗਿਆ ਸੀ। ਇਸ ਮੌਕੇ ਸੀ ਪੀ ਆਈ ਅਤੇ ਏਟਕ ਦੇ ਆਗੂਆਂ ਸਮੇਤ ਲੋਕ ਚੇਤਨਾ ਮੰਚ, ਸਫ਼ਾਈ ਸੇਵਕ ਯੂਨੀਅਨ, ਫ਼ੀਲਡ ਵਰਕਰ ਯੂਨੀਅਨ ਤੇ ਹੋਰ ਜਥੇਬੰਦੀਆਂ ਦੇ ਆਗੂਆਂ ਵਲੋਂ ਕਾਮਰੇਡ ਬਾਗ਼ੀ ਦੀ ਦੇਹ ਤੇ ਲਾਲ ਝੰਡੇ ਪਾ ਕੇ ਉਨਾਂ ਨੂੰ ਸ਼ਰਧਾਜ਼ਲੀ ਭੇਂਟ ਕੀਤੀ ਤੇ ਵਿਦਾਇਗੀ ਦਿੱਤੀ ਗਈ। ਪਿਛਲੇ ਦੋ-ਤਿੰਨ ਮਹੀਨੇ ਤੋਂ ਉਹ ਸਾਈਕਲ ਤੋਂ ਡਿੱਗਣ ਕਾਰਨ ਟੁੱਟੇ ਚੂਲ਼ੇ ਕਰਕੇ ਬੀਮਾਰ ਸਨ, ਕਾਫੀ ਇਲਾਜ ਹੋਣ ਦੇ ਬਾਵਜੂਦ ਉਹ ਕੱਲ੍ਹ ਸਵੇਰੇ ਅਕਾਲ ਚਲਾਣਾ ਕਰ ਗਏ। ਕਾਮਰੇਡ ਬਾਗੀ ਸਾਰੀ ਉਮਰ ਲਾਲ ਝੰਡੇ ਦੇ ਸਿਪਾਹੀ ਰਹੇ। ਆਪਣੇ ਇਲਾਕੇ ਦੇ ਸੰਘਰਸ਼ਾਂ ਤੇ ਸਰਗਰਮੀਆਂ ਵਿੱਚ ਉਹ ਅੱਗੇ ਹੋ ਕੇ ਹਮੇਸ਼ਾ ਸ਼ਾਮਲ ਹੁੰਦੇ ਰਹੇ। ਉਨਾਂ ਦੀ ਅੰਤਿਮ ਯਾਤਰਾ ਸਮੇਂ ਸੀ ਪੀ ਆਈ ਤੇ ਏਟਕ ਦੇ ਆਗੂ ਖਲੀਲ ਮਹੰਮਦ, ਜੀਤ ਬੰਗਾ, ਸੀਤਾ ਰਾਮ, ਲੋਕ ਚੇਤਨਾ ਮੰਚ ਦੇ ਆਗੂ ਹਰਭਗਵਾਨ ਗੁਰਨੇ, ਜਗਜੀਤ ਭੁਟਾਲ, ਗੁਰਚਰਨ ਸਿੰਘ, ਮਾਸਟਰ ਰਘਬੀਰ ਭੁਟਾਲ, ਲਛਮਣ ਅਲੀਸ਼ੇਰ, ਫੀਲਡ ਵਰਕਰ ਯੂਨੀਅਨ ਦੇ ਸੁਖਦੇਵ ਚੰਗਾਲੀਵਾਲਾ, ਮੇਜਰ ਸਿੰਘ ਲਹਿਰਾ, ਸਫ਼ਾਈ ਸੇਵਕ ਯੂਨੀਅਨ ਦੇ ਪ੍ਰਧਾਨ ਸੁਖਵਿੰਦਰ ਮੰਗੂ, ਰਿਸ਼ੀਪਾਲ, ਸੁਖਵਿੰਦਰ ਭੁਟਾਲ ਸਮੇਤ ਹੋਰ ਆਗੂ ਤੇ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ। ਕਾਮਰੇਡ ਮਹਿੰਦਰ ਬਾਗੀ ਪੰਦਰਾਂ ਸਾਲ ਦੀ ਉਮਰ ਵਿੱਚ ਕਮਿਊਨਿਸਟ ਪਾਰਟੀ ਦੇ ਸੰਪਰਕ ਵਿੱਚ ਆਏ।ਉਹ ਮੁਜ਼ਾਹਰਾ ਲਹਿਰ ਵੇਲ਼ੇ ਜਾਂ ਸ਼ਾਇਦ ਉਸ ਤੋਂ ਬਾਅਦ ਕਾਮਰੇਡ ਹਰਦੇਵ ਅਰਸ਼ੀ ਹੋਰਾਂ ਨਾਲ਼ ਪਾਰਟੀ ਦੀ ਡਰਾਮਾ ਟੀਮ ਨਾਲ਼ ਵੀ ਕੰਮ ਕਰਦੇ ਰਹੇ। ਪੰਜਾਬ ਦੀ ਸੀ ਪੀ ਆਈ ਅਤੇ ਏਟਕ ਦਾ ਕਿਹੜਾ ਆਗੂ ਹੈ ਜਿਸ ਦਾ ਉਨਾਂ ਨਾਲ਼ ਰਾਬਤਾ ਨਹੀਂ ਰਿਹਾ। ਉਹ ਆਪਣੇ ਪਿੱਛੇ ਪਤਨੀ ਤੇ ਤਿੰਨ ਬੇਟੀਆਂ ਛੱਡ ਗਏ ਹਨ।



# ਸਹਤ ਸਹੂਲਤਾਂ ਦਾ ਹੋਵੇਗਾ ਵਿਸਥਾਰ: ਨਗਰ ਨਿਗਮ, ਨਗਰ ਸੁਧਾਰ ਟਰੱਸਟ ਬਣਾਏਗਾ 8 ਨਵੇਂ ਆਮ ਆਦਮੀ ਕਲੀਨਿਕ , 6 ਕਰੋੜ ਤੋਂ ਵੱਧ ਦਾ ਫੰਡ ਜਾਰੀ

ਬਠਿੰਡਾ, 30 ਅਗਸਤ (ਦੀਪਕ ਸ਼ਰਮਾ):ਬਠਿੰਡਾ ਜ਼ਿਲ੍ਹੇ ਵਿੱਚ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਹੀ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਸਿਹਤ ਵਿਭਾਗ ਨੇ ਇੱਕ ਵੱਡੀ ਪਹਿਲ ਕੀਤੀ ਹੈ। ਜ਼ਿਲ੍ਹੇ ਵਿੱਚ ਅੱਠ ਨਵੇਂ ਆਯੁਸ਼ਮਾਨ ਆਰੋਗਿਆ ਕੇਂਦਰ (ਆਮ ਆਦਮੀ ਕਲੀਨਿਕ) ਬਣਾਉਣ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਇਸ ਪ੍ਰੋਜੈਕਟ ਤਹਿਤ ਪੰਜ ਕਲੀਨਿਕਾਂ ਦੇ ਨਿਰਮਾਣ ਦੀ ਜ਼ਿੰਮੇਵਾਰੀ ਨਗਰ ਨਿਗਮ ਬਠਿੰਡਾ ਨੂੰ ਦਿੱਤੀ ਗਈ ਹੈ, ਜਦੋਂ ਕਿ ਬਾਕੀ ਤਿੰਨ ਦੀ ਜ਼ਿੰਮੇਵਾਰੀ ਨਗਰ ਸੁਧਾਰ ਟਰੱਸਟ ਬਠਿੰਡਾ ਨੂੰ ਸੌਂਪੀ ਗਈ ਹੈ।ਸੂਤਰਾਂ ਅਨੁਸਾਰ, ਨਗਰ ਸੁਧਾਰ ਟਰੱਸਟ ਨੇ ਆਪਣੇ ਹਿੱਸੇ ਦਾ ਕੰਮ ਪਹਿਲਾਂ ਹੀ ਸ਼ੁਰੂ ਕਰਵਾ ਦਿੱਤਾ ਹੈ। ਨਗਰ ਨਿਗਮ ਨੇ ਵੀ 11 ਅਗਸਤ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਮਨਜ਼ੂਰੀ ਤੋਂ ਬਾਅਦ ਪੰਜ ਨਵੇਂ ਕਲੀਨਿਕਾਂ ਦੇ ਵਰਕ ਆਰਡਰ ਜਾਰੀ ਕਰ ਦਿੱਤੇ ਹਨ। ਇਨ੍ਹਾਂ ਵਿੱਚੋਂ ਦੋ ਕਲੀਨਿਕ ਸ਼ਹਿਰੀ ਖੇਤਰਾਂ ਵਿੱਚ ਬਣਨਗੇ, ਜਦਕਿ ਤਿੰਨ ਪੇਂਡੂ ਇਲਾਕਿਆਂ ਵਿੱਚ ਬਣਾਏ ਜਾਣਗੇ।ਇਨ੍ਹਾਂ ਸਾਰੇ ਕਲੀਨਿਕਾਂ ਦੇ ਨਿਰਮਾਣ ਲਈ ਲਗਭਗ 6.08 ਕਰੋੜ ਰੁਪਏ ਦਾ ਫੰਡ ਕਾਰਪੋਰੇਟ ਸੋਸ਼ਲ ਰਿਸਪਾਂਸਿਬਿਲਿਟੀ ਅਧੀਨ ਜਾਰੀ ਕੀਤਾ ਗਿਆ ਹੈ। ਇਹ ਫੰਡ ਉਨ੍ਹਾਂ ਇਲਾਕਿਆਂ ਵਿੱਚ ਵਰਤਿਆ ਜਾਵੇਗਾ, ਜਿੱਥੇ ਅਜੇ ਤੱਕ ਕੋਈ ਡਿਸਪੈਂਸਰੀ ਜਾਂ ਪ੍ਰਾਇਮਰੀ ਹੈਲਥ ਸੈਂਟਰ ਮੌਜੂਦ ਨਹੀਂ ਹੈ। ਇਸ ਯੋਜਨਾ ਨੂੰ ਨਗਰ ਨਿਗਮ ਦੀ ਜਨਰਲ ਹਾਊਸ ਦੀ 9 ਜੂਨ 2025 ਨੂੰ ਹੋਈ ਮੀਟਿੰਗ ਵਿੱਚ ਮਨਜ਼ੂਰੀ ਦਿੱਤੀ ਗਈ ਸੀ।ਨਵੇਂ ਕੇਂਦਰਾਂ ਦਾ ਮੁੱਖ ਉਦੇਸ਼ ਲੋਕਾਂ ਨੂੰ ਮੁੱਢਲੀ ਸਿਹਤ ਸੇਵਾਵਾਂ ਉਨ੍ਹਾਂ ਦੇ ਘਰਾਂ ਦੇ ਬਿਲਕੁਲ ਨੇੜੇ ਮੁਹੱਈਆ ਕਰਵਾਉਣਾ ਹੈ। ਇਹ ਸਾਰੇ ਕੇਂਦਰ ਹੈਲਥ ਐਂਡ ਵੈਲਨੈਸ ਸੈਂਟਰ ਵਜੋਂ ਵੀ ਕੰਮ ਕਰਨਗੇ, ਜਿੱਥੇ ਮੁੱਢਲੇ ਇਲਾਜ, ਜਾਂਚ ਅਤੇ ਦਵਾਈਆਂ ਮੁਫ਼ਤ ਉਪਲਬਧ ਹੋਣਗੀਆਂ। ਇਸ ਨਾਲ ਲੋਕਾਂ ਨੂੰ ਛੋਟੀਆਂ-ਮੋਟੀਆਂ ਬਿਮਾਰੀਆਂ ਲਈ ਬਾਰ-ਬਾਰ ਵੱਡੇ ਹਸਪਤਾਲਾਂ ਦੇ ਚੱਕਰ ਨਹੀਂ ਲਗਾਉਣੇ ਪੈਣਗੇ ਅਤੇ ਸਿਵਲ ਹਸਪਤਾਲਾਂ 'ਤੇ ਪੈਣ ਵਾਲਾ ਭਾਰ ਵੀ ਘੱਟ ਹੋਵੇਗਾ।ਵਰਤਮਾਨ ਵਿੱਚ ਬਠਿੰਡਾ ਜ਼ਿਲ੍ਹੇ ਵਿੱਚ 46 ਆਮ ਆਦਮੀ ਕਲੀਨਿਕ ਪਹਿਲਾਂ ਤੋਂ ਹੀ ਕੰਮ ਕਰ ਰਹੇ ਹਨ, ਜਿਨ੍ਹਾਂ ਵਿੱਚੋਂ 11 ਦਾ ਨਾਂ ਬਦਲ ਕੇ ਆਯੁਸ਼ਮਾਨ ਆਰੋਗਿਆ ਕੇਂਦਰ ਕਰ ਦਿੱਤਾ ਗਿਆ ਹੈ।

# ਪੱਛੜੀਆ ਸ਼੍ਰੇਣੀਆਂ ਦੇ ਰਿਜ਼ਰਵੇਸ਼ਨ ਕੋਟੇ ਦੇ ਵਾਧੇ ਲਈ ਮੰਗ ਪੱਤਰ ਸੌਂਪਿਆ



ਸੁਨਾਮ ਊਧਮ ਸਿੰਘ ਵਾਲਾ, 30 ਅਗਸਤ (ਰਾਉਵਰਿੰਦਰ ਸਿੰਘ ਮਠਾੜੂ/ਮੋਹਣ ਸ਼ਰਮਾ ): ਸ਼ਹੀਦ ਊਧਮ ਸਿੰਘ ਯਾਦਗਾਰੀ ਕਮੇਟੀ ਮੇਨ ਦੇ ਪ੍ਰਧਾਨ ਮਨਦੀਪ ਸਿੰਘ ਜੋਸਨ ਦੀ ਅਗਵਾਈ ਹੇਠ ਇੱਕ ਵਫ਼ਦ ਨੇ ਪੱਛੜੀਆਂ ਸ਼੍ਰੇਣੀਆਂ ਦੇ ਰਿਜ਼ਰਵੇਸ਼ਨ ਕੋਟੇ ਵਿੱਚ ਵਾਧੇ ਦੀ ਮੰਗ ਕਰਦਿਆਂ ਕੈਬਨਟ ਮੰਤਰੀ ਅਮਨ ਅਰੋੜਾ ਨੂੰ ਮੰਗ ਪੱਤਰ ਸੌਂਪਿਆ।ਇਸ ਮੌਕੇ ਉਹਨਾਂ ਦੇ ਨਾਲ ਮਨੀਸ਼ ਸਿਸੋਦੀਆ, ਸਿਖਿਆ ਮੰਤਰੀ ਹਰਜੋਤ ਬੈਂਸ, ਵਿਧਾਇਕ ਜਗਦੀਪ ਸਿੰਘ ਗੋਲਡੀ ਕੰਬੋਜ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਚੇਅਰਮੈਨ ਡਾਂ ਮਲਕੀਅਤ ਸਿੰਘ ਥਿੰਦ ਵੀ ਮੌਜੂਦ ਸਨ। ਮਨਦੀਪ ਸਿੰਘ ਜੋਸਨ ਨੇ ਦੱਸਿਆ ਕਿ ਪਹਿਲਾਂ ਪੱਛੜੀਆਂ ਸ਼੍ਰੇਣੀਆਂ ਦੀਆਂ 74 ਜਾਤੀਆਂ ਲਈ ਸਿਰਫ 13 ਫੀਸਦੀ ਰਿਜ਼ਰਵੇਸ਼ਨ ਹੀ ਹੈ ਜੋਕਿ ਬਹੁਤ ਘੱਟ ਹੈ ਅਤੇ ਉਨ੍ਹਾਂ ਵੱਲੋਂ ਆਪ ਕਨਵੀਨਰ ਅਰਵਿੰਦ ਕੇਜਰੀਵਾਲ,ਸਹਿ ਕਨਵੀਨਰ ਮਨੀਸ਼ ਸਿਸੋਦੀਆ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸੂਬਾ ਪ੍ਰਧਾਨ ਕੈਬਨਟ ਮੰਤਰੀ ਅਮਨ ਅਰੋੜਾ ਨੂੰ ਮੰਗ ਪੱਤਰ ਸੌਂਪਿਆ ਹੈ, ਜਿਸ ਵਿਚ ਉਨ੍ਹਾਂ ਰਿਜ਼ਰਵੇਸ਼ਨ ਕੋਟੇ ਨੂੰ 27 ਫੀਸਦੀ ਕਰਨ ਦੀ ਮੰਗ ਕੀਤੀ ਹੈ। ਜੋਸ਼ਨ ਨੇ ਦੱਸਿਆ ਕਿ ਹਾਜਰ ਆਗੂਆਂ ਨੇ ਉਨ੍ਹਾਂ ਦੀ ਗੱਲ ਨੂੰ ਬਹੁਤ ਧਿਆਨ ਨਾਲ ਸੁਣਿਆ ਅਤੇ ਉਨ੍ਹਾਂ ਦੀ ਮੰਗ ਨੂੰ ਪ੍ਰਵਾਨ ਕਰਵਾਉਣ ਲਈ ਮੁੱਖ ਮੰਤਰੀ ਨਾਲ ਗੱਲਬਾਤ ਕਰਕੇ ਪ੍ਰਵਾਨ ਕਰਵਾਉਣ ਦਾ ਭਰੋਸਾ ਦਵਾਇਆ। ਇਸ ਮੌਕੇ ਜਸਪਾਲ ਹਾਂਡਾ ਜੀ ਪਾਲਾ ਭੱਟੀ ਜੀ ਇਕਬਾਲ ਸਿੰਘ ਅੰਮ੍ਰਿਤਸਰ ਸਾਹਿਬ ਗੁਰਦੀਪ ਸਿੰਘ ਵਿੱਕੀ ਸੰਜੀਵ ਕੰਬੋਜ ਅਤੇ ਕੋਈ ਹੋਰ ਸੱਜਣ ਮੌਜੂਦ ਸਨ।

# ਰਾਹੁੱਲਇੰਦਰ ਸਿੰਘ ਸਿੱਧੂ ਭੱਠਲ ਨੇ ਹੜ ਪ੍ਰਭਾਵਿਤ ਇਲਾਕੇ ਦਾ ਕੀਤਾ ਦੌਰਾ



ਲਹਿਰਾਗਾਗਾ, 30 ਅਗਸਤ (ਰਾਮੇਸ਼ਵਰ ਸ਼ਰਮਾ/ ਖੁਸ਼ਵਿੰਦਰ ਸ਼ਰਮਾ):ਪੰਜਾਬ ਦੀ ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਦੇ ਸਪੁੱਤਰ ਸ੍ਰ ਰਾਹੁੱਲਇੰਦਰ ਸਿੰਘ ਸਿੱਧੂ ਭੱਠਲ ਮੈਂਬਰ ਆਲ ਇੰਡੀਆ ਕਾਂਗਰਸ ਕਮੇਟੀ ਕਿਸਾਨ ਸੈਲ ਦੇ ਨੈਸ਼ਨਲ ਕੁਆਰਡੀਨੇਟਰ ਨੇ ਹਲਕਾ ਲਹਿਰਾ ਦੇ ਪਿੰਡ ਚੋਟੀਆਂ ਆਲਮਪੁਰ ਤੇ ਝਲੂਰ ਆਦਿ ਦੇ ਹੜ ਪ੍ਰਭਾਵਿਤ ਇਲਾਕਿਆਂ ਦੇ ਹਾਲਾਤਾਂ ਦਾ ਜਾਇਜ਼ਾ ਲਿਆ ਇਸ ਮੌਕੇ ਉਹਨਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਭਾਰੀ ਮੀਹ ਪੈਣ ਕਾਰਨ ਆਏ ਹੜਾਂ ਤੇ ਚਿੰਨਤਾ ਜਹਿਰ ਕਰਦਿਆਂ ਹੜ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਪੰਜਾਬ ਦੀਆਂ ਸਮੂਹ ਸੰਸਥਾਵਾਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ ਉਹਨਾਂ ਕਿਹਾ ਕਿ ਪੰਜਾਬ ਅੰਦਰ ਭਾਰੀ ਮੀਂਹ ਨੇ ਕਹਿਰ ਵਰਸਾਇਆ ਹੈ ਅਤੇ ਪੰਜਾਬ ਦੇ ਕਈ ਜਿਲ੍ਹਿਆਂ ਤੇ ਕੁਝ ਪਿੰਡਾਂ ਅੰਦਰ ਹਾਲਾਤ ਕਾਫੀ ਨਾਜ਼ੁਕ ਬਣੇ ਹੋਏ ਹਨ ਇਹਨਾਂ ਇਲਾਕਿਆਂ ਵਿੱਚ ਲੋਕਾਂ ਦਾ ਵੱਡੇ ਪੱਧਰ ਤੇ ਭਾਰੀ ਨੁਕਸਾਨ ਹੋ ਰਿਹਾ ਹੈ ਤੇ ਅਨੇਕਾਂ ਲੋਕ ਹੜਾਂ ਕਾਰਨ ਭਰੇ ਪਾਣੀ ਵਿੱਚ ਫਸੇ ਹੋਏ ਹਨ ਫਸਲਾਂ ਅਤੇ ਘਰਾਂ ਅੰਦਰ ਪਾਣੀ ਭਰ ਗਿਆ ਹੈ ਅਨੇਕਾ ਪਸ਼ੂਆਂ ਦੀ ਹਾਲਤ ਵੀ ਤਰਸਯੋਗ ਬਣੀ ਹੋਈ ਹੈ ਅਤੇ ਹੜ ਪੀੜਤਾਂ ਲਈ ਕੋਈ ਵੀ ਮੈਡੀਕਲ ਸਹਾਇਤਾ ਦਾ ਵਿਸ਼ੇਸ਼ ਪ੍ਰਬੰਧ ਨਹੀਂ ਹੈ ਪੰਜਾਬ ਸਰਕਾਰ ਵੱਲੋਂ ਡਰੇਨਾਂ ਦੀ ਕੋਈ ਵੀ ਸਫਾਈ ਨਹੀਂ ਕੀਤੀ ਗਈ ਅਤੇ ਜੇਕਰ ਕਿਸੇ ਪੱਤਰਕਾਰ ਵੱਲੋਂ ਪ੍ਰਸ਼ਾਸਨ ਦੇ ਮੁਲਾਜ਼ਮ ਤੋਂ ਕੋਈ ਸਫਾਈ ਨਾ ਹੋਣ ਦਾ ਕਾਰਨ ਪੁੱਛਿਆ ਜਾਂਦਾ ਹੈ ਤਾਂ ਉਸ ਪੱਤਰਕਾਰ ਨੂੰ ਖਰੀਦਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜੋ ਕਿ ਬਹੁਤ ਹੀ ਨਿੰਦਣਯੋਗ ਗੱਲ ਹੈ ਇਸ ਔਖੇ ਸਮੇਂ ਵਿੱਚ ਸਾਡੀ ਸਾਰਿਆਂ ਦੀ ਜੁੰਮੇਵਾਰੀ ਬਣਦੀ ਹੈ ਕਿ ਅਸੀਂ ਮੁਸੀਬਤ ਵਿੱਚ ਫਸੇ ਲੋਕਾਂ ਦੀ ਮਦਦ ਕਰੀਏ ਉਨਾਂ ਕਿਹਾ ਕਿ ਇਸ ਔਖੀ ਘੜੀ ਵਿੱਚ ਹਰ ਵਿਅਕਤੀ ਨੂੰ ਆਪਣੀ ਜਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣੀ ਚਾਹੀਦੀ ਹੈ ਅਤੇ ਹਰ ਵਿਅਕਤੀ ਨੂੰ ਆਪਣੀ ਹੈਸੀਅਤ ਮੁਤਾਬਕ ਹੜ ਪ੍ਰਭਾਵਿਤ ਲੋਕਾਂ ਦੀ ਮਦਦ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ ਉਹਨਾਂ ਹੜ ਭਾਵਿਤ ਲੋਕਾਂ ਨੂੰ ਹੌਸਲਾ ਦਿੰਦਿਆਂ ਕਿਹਾ ਕਿ ਇਸ ਸਮੇਂ ਘਬਰਾਉਣ ਦੀ ਕੋਈ ਲੋੜ ਨਹੀਂ ਸਗੋਂ ਹਾਲਾਤਾਂ ਨਾਲ ਡੱਟ ਕੇ ਲੜਨਾ ਅਤੇ ਹਿੰਮਤ ਦਿਖਾਉਣ ਦੀ ਜਰੂਰਤ ਹੈ ਸ੍ਰ: ਰਾਹੁੱਲਇੰਦਰ ਸਿੰਘ ਸਿੱਧੂ ਨੇ ਵਿਸ਼ਵਾਸ ਦਵਾਇਆ ਕਿ ਸਾਡੀ ਕਾਂਗਰਸ ਸਰਕਾਰ ਬਣਦੇ ਹੀ ਪਹਿਲੇ ਦਿਨ ਤੋਂ ਹੀ ਇਸਦੇ ਹੱਲ ਸਬੰਧੀ ਅਣਥੱਕ ਕੋਸ਼ਿਸ਼ ਕੀਤੀ ਜਾਵੇਗੀ ਇਸ ਮੌਕੇ ਕਸ਼ਮੀਰ ਸਿੰਘ ਬਲਾਕ ਪ੍ਰਧਾਨ, ਰਵਿੰਦਰ ਸਿੰਘ ਰਿੰਕੂ ਸਾਬਕਾ ਚੇਅਰਮੈਨ ਬਲਾਕ ਸੰਮਤੀ, ਅਮਰੀਕ ਸਿੰਘ ਢੀਂਡਸਾ, ਮੱਖਣ ਚੋਟੀਆਂ, ਲਾਡੀ ਸਿੰਘ ਚੰਗਾਲੀਵਾਲਾ, ਹਨੀ ਸਿੰਘ, ਸ਼ਿਵਜੀ ਸਿੰਘ,ਸਤਨਾਮ ਫੌਜੀ, ਵਿੱਕੀ ਚੋਟੀਆਂ, ਵਗੈਰਾ ਸਿੰਘ ਚੋਟੀਆਂ,ਭੋਲਾ ਆਲਮਪੁਰ, ਮੇਜਰ ਆਲਮਪੁਰ,ਸੁਰਜੀਤ ਆਲਮਪੁਰ, ਨੈਬ ਸਾਬਕਾ ਸਰਪੰਚ ਝਲੂਰ,ਦਰਸ਼ਨ ਸਾਬਕਾ ਸਰਪੰਚ ਝਲੂਰ, ਮੰਟੂ ਝਲੂਰ, ਭੂਰਾ ਜਲੂਰ, ਬੰਟੀ ਜਲੂਰ, ਅਤੇ ਸਮੂਹ ਕਾਂਗਰਸੀ ਵਰਕਰ ਹਾਜ਼ਰ ਸਨ

# ਟਾਇਰਾਂ ਦੀ ਦੁਕਾਨ ਦਾ ਸ਼ਟਰ ਅਤੇ ਸ਼ੀਸ਼ਾ ਤੋੜ ਕੇ ਲੱਖਾਂ ਰੁਪਏ ਦੇ ਟਾਇਰ ਚੋਰੀ ਕਰਕੇ ਫਰਾਰ

ਦਿੜ੍ਹਬਾ ਮੰਡੀ - ਹੈਪੀ - ਸ਼ਹਿਰ ਦਿੜ੍ਹਬਾ ਵਿਖੇ ਅੱਜ ਅੱਧੀ ਰਾਤ ਤੋਂ ਬਾਅਦ ਚੋਰਾਂ ਵੱਲੋਂ ਇੱਕ ਟਾਇਰਾਂ ਦੀ ਦੁਕਾਨ ਦਾ ਸ਼ਟਰ ਅਤੇ ਸ਼ੀਸ਼ਾ ਤੋੜ ਕੇ ਲੱਖਾਂ ਰੁਪਏ ਦੇ ਟਾਇਰ ਚੋਰੀ ਕੀਤੇ ਜਾਣ ਦੀ ਜਾਣਕਾਰੀ ਹਾਸਲ ਹੋਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਅੱਧੀ ਰਾਤ ਤੋਂ ਬਾਅਦ ਚੋਰਾਂ ਵੱਲੋਂ ਸੰਗਰੂਰ ਰੋਡ ਤੇ ਜੇ ਕੇ ਟਾਇਰਾਂ ਦੀ ਮਾਨਿਕ ਟਾਇਰਜ਼ ਦੀ ਦੁਕਾਨ ਦਾ ਸ਼ਟਰ ਅਤੇ ਸ਼ੀਸ਼ਾ ਤੋੜ ਕੇ ਦੁਕਾਨ ਅੰਦਰ ਪਏ ਕਰੀਬ ਦੋ ਦਰਜਨ ਟਾਇਰ ਚੋਰੀ ਕਰਕੇ ਫਰਾਰ ਹੋ ਗਏ । ਅੱਜ ਵਾਪਰੀ ਚੋਰੀ ਦੀ ਇਸ ਘਟਨਾ ਕਰਕੇ ਸ਼ਹਿਰ ਵਾਸੀਆਂ ਦੇ ਮਨਾਂ ਚ ਚ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ। ਵਾਪਰੀ ਚੋਰੀ ਦੀ ਘਟਨਾ ਸਬੰਧੀ ਦੁਕਾਨ ਮਾਲਕ ਨੇ ਪ੍ਰੈਸ ਮੀਡੀਆ ਨਾਲ ਗੱਲਬਾਤ ਦੌਰਾਨ ਦਾਅਵਾ ਕਰਦੇ ਹੋਏ ਕਿਹਾ ਕਿ ਅੱਜ ਸਵੇਰੇ ਕਰੀਬ ਚਾਰ ਕੂ ਵਜੇ ਚੌਂਕੀਦਾਰ ਵੱਲੋਂ ਦੁਕਾਨ ਦੇ ਸ਼ਟਰ ਟੁੱਟੇ ਹੋਣ ਸਬੰਧੀ ਫੋਨ ਆਇਆ। ਜਦੋਂ ਮੈਂ ਦੁਕਾਨ ਤੇ ਵੇਖਿਆ ਤਾਂ ਦੁਕਾਨ ਦਾ ਸ਼ਟਰ ਅਤੇ ਸ਼ੀਸ਼ਾ ਟੁੱਟਿਆਂ ਹੋਇਆ ਸੀ ਅਤੇ ਦੁਕਾਨ ਚੋਂ ਕਰੀਬ ਦੋ ਦਰਜਨ ਲੇਖਾਂ ਰੁਪਏ ਦੇ ਟਾਇਰ ਗਾਇਬ ਸਨ। ਜਿਸ ਕਾਰਨ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ ਹੈ। ਇਸ ਸਬੰਧੀ ਪੂਲੀਸ ਨੂੰ ਸੁਚਨਾ ਦਿੱਤੀ ਗਈ ਅਤੇ ਪੂਲੀਸ ਨੇ ਮੌਕੇ ਤੇ ਪਹੁੰਚ ਕੇ ਘਟਨਾ ਦਾ ਜਾਇਜ਼ਾ ਲਿਆ। ਜਦੋਂ ਇਸ ਵਾਪਰੀ ਇਸ ਘਟਨਾ ਸਬੰਧੀ ਡੀ ਐਸ ਪੀ ਪੂਲੀਸ ਸਬ ਡਵੀਜ਼ਨ ਦਿੜ੍ਹਬਾ ਡਾਕਟਰ ਰੁਪਿੰਦਰ ਕੌਰ ਬਾਜਵਾ ਨੂੰ ਮਿਲਕੇ ਜਾਣਕਾਰੀ ਲਈ ਤਾਂ ਉਨਾਂ ਪ੍ਰੈਸ ਮੀਡੀਆ ਨਾਲ ਗੱਲਬਾਤ ਦੌਰਾਨ ਦਾਅਵਾ ਕਰਦਿਆਂ ਕਿਹਾ ਕਿ ਚੋਰਾਂ ਵੱਲੋਂ ਅੱਜ ਸਵੇਰੇ ਸੰਗਰੂਰ ਰੋਡ ਤੇ ਦੇ ਕੇ ਟਾਇਰ ਮਾਨਿਕ ਟਾਇਰਜ਼ ਦਿੜ੍ਹਬਾ ਦੀ ਦੁਕਾਨ ਦਾ ਸ਼ਟਰ ਅਤੇ ਸ਼ੀਸ਼ਾ ਤੋੜ ਕੇ ਦੋ ਦਰਜਨ ਦੇ ਕਰੀਬ ਲੱਖਾਂ ਰੁਪਏ ਦੇ ਟਾਇਰ ਚੋਰੀ ਕੀਤੇ ਗਏ ਹਨ। ਪੂਲੀਸ ਵੱਲੋਂ ਇਸ ਘਟਨਾ ਦੀ ਹਰ ਪੱਖ ਤੋਂ ਬਰੀਕੀ ਨਾਲ ਕਰਕੇ ਚੋਰਾਂ ਦੀ ਭਾਲ ਜਾਰੀ ਹੈ। ਜਲਦੀ ਹੀ ਚੋਰਾਂ ਨੂੰ ਕਾਬੂ ਕਰ ਲਿਆ ਜਾਵੇਗਾ।

# ਨੈਸ਼ਨਲ ਹਾਈਵੇ 7 'ਤੇ ਮੀਂਹ ਦੇ ਪਾਣੀ ਦੀ ਸਮੱਸਿਆ,ਮਾਮਲਾ ਮੁੱਖ ਮੰਤਰੀ ਦਰਬਾਰ ਤੱਕ ਪਹੁੰਚਿਆ, ਤਾਰਾਂ ਦਿੱਲੀ ਤੱਕ ਵੀ ਖੜਕੀਆਂ

ਬਠਿੰਡਾ, 30 ਅਗਸਤ (ਦੀਪਕ ਸ਼ਰਮਾ):ਹਰ ਸਾਲ ਮੀਂਹ ਦੀ ਮਾਰ ਝੱਲਦਾ ਬਠਿੰਡਾ-ਚੰਡੀਗੜ੍ਹ ਹਾਈਵੇਅ, ਹਮੇਸ਼ਾ ਚਰਚਾ ਵਿੱਚ ਰਹਿੰਦਾ ਹੈ। ਇੱਥੇ ਖੜੇ ਪਾਣੀ ਕਾਰਨ ਕਈ ਹਾਦਸੇ ਵੀ ਵਾਪਰ ਚੁੱਕੇ ਹਨ, ਕਈ ਵਾਹਨ ਨੁਕਸਾਨੇ ਜਾ ਚੁੱਕੇ ਹਨ,ਆਏ ਸਾਲ ਇਸ ਮੁੱਦੇ ਨੂੰ ਲੈ ਕੇ ਰੋਸ਼ ਵੀ ਜਿਤਾਇਆ ਜਾਂਦਾ ਹੈ, ਪਰ ਇਸ ਦੇ ਬਾਵਜੂਦ ਸੰਬੰਧਿਤ ਵਿਭਾਗ ਅਤੇ ਇਸ ਦੇ ਅਧਿਕਾਰੀਆਂ ਦੇ ਕੰਨਾਂ ਤੇ ਜੂ ਨਹੀਂ ਸਰਕ ਰਹੀ। ਇੱਥੇ ਦੱਸਣਾ ਬਣਦਾ ਹੈ ਕਿ ਇਸ ਸਾਲ ਇੱਕ ਆਰਟੀਆਈ ਕਾਰਕੁਨ ਦੇ ਯਤਨਾ ਸਦਕਾ ਇਹ ਮਾਮਲਾ ਮੁੱਖ ਮੰਤਰੀ ਦਫਤਰ ਤੋਂ ਇਲਾਵਾ ਕੇਂਦਰੀ ਮੰਤਰੀ ਤੱਕ ਪਹੁੰਚ ਚੁੱਕਿਆ ਹੈ। ਸੀਐਮ ਆਫਿਸ ਵੱਲੋਂ ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਹੋਇਆਂ ਨੋਟਿਸ ਵੀ ਲਿਆ ਗਿਆ ਹੈ।ਦੱਸ ਦਈਏ ਕਿ ਹਰ ਸਾਲ ਮੀਂਹ ਦੇ ਦਿਨਾਂ ਵਿੱਚ ਬਠਿੰਡਾ ਵਾਸੀਆਂ ਲਈ ਸਿਰਦਰਦੀ ਬਣਨ ਵਾਲੇ ਨੈਸ਼ਨਲ ਹਾਈਵੇਅ ਨੰਬਰ 7 ਦੀ ਸਮੱਸਿਆ ਨੇ ਦਿੱਲੀ ਦਰਬਾਰ ਤਕ ਤਾਰਾਂ ਖੜਕਾ ਦਿੱਤੀਆਂ ਹਨ। ਮਾਮਲਾ ਇੰਨਾ ਗੰਭੀਰ ਹੋ ਗਿਆ ਕਿ ਇਸ ਦੀ ਸ਼ਿਕਾਇਤ ਪ੍ਰਧਾਨ ਮੰਤਰੀ, ਕੇਂਦਰੀ ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ ਅਤੇ ਪੰਜਾਬ ਦੇ ਮੁੱਖ ਮੰਤਰੀ ਸਮੇਤ 38 ਉੱਚ ਅਧਿਕਾਰੀਆਂ ਨੂੰ ਭੇਜੀ ਗਈ ਹੈ। ਖਾਸ ਗੱਲ ਇਹ ਹੈ ਕਿ ਮੁੱਖ ਮੰਤਰੀ ਪੰਜਾਬ ਨੇ ਇਸ ਸ਼ਿਕਾਇਤ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਇਸ ਨੂੰ ਹੱਲ ਕਰਨ ਲਈ ਬਠਿੰਡਾ ਦੇ ਡਿਪਟੀ ਕਮਿਸ਼ਨਰ ਕੋਲ ਭੇਜ ਦਿੱਤਾ ਹੈ। ਦੱਸਣ ਯੋਗ ਹੈ ਕਿ ਕਈ ਸਾਲਾਂ ਤੋਂ ਬਠਿੰਡਾ-ਚੰਡੀਗੜ੍ਹ ਨੈਸ਼ਨਲ ਹਾਈਵੇਅ 'ਤੇ ਆਦੇਸ਼ ਹਸਪਤਾਲ ਦੇ ਸਾਹਮਣੇ ਮਾਮੂਲੀ ਮੀਂਹ ਪੈਣ 'ਤੇ ਵੀ ਪਾਣੀ ਜਮ੍ਹਾਂ ਹੋ ਜਾਂਦਾ ਹੈ। ਇਹ ਸੜਕ ਲੰਘਣ ਵਾਲੇ ਰਾਹਗੀਰਾਂ ਅਤੇ ਵਾਹਨ ਚਾਲਕਾਂ ਲਈ ਵੱਡੀ ਪ੍ਰੇਸ਼ਾਨੀ ਦਾ ਕਾਰਨ ਬਣਦੀ ਹੈ।

# ਪੁਲਿਸ ਵੱਲੋਂ ਇੱਕ ਸਰਗਰਮ ਵਹੀਕਲ ਖੋਹ ਕਰਨ ਵਾਲੇ ਗਿਰੋਹ ਦਾ ਕੀਤਾ ਪਰਦਾਫਾਸ਼, ਗਿਰੋਹ ਵਿੱਚ ਸ਼ਾਮਲ 4 ਦੋਸ਼ੀਆਂ ਨੂੰ ਕੀਤਾ ਕਾਬੂ

ਫਰੀਦਕੋਟ, 30 ਅਗਸਤ (ਅਵਤਾਰ ਸਿੰਘ ਮੱਲਾ):ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਇੱਕ ਸੁਰੱਖਿਅਤ ਸੂਬਾ ਬਣਾਈ ਰੱਖਣ ਦੀ ਮੁਹਿੰਮ ਅਤੇ ਸ਼੍ਰੀ ਗੌਰਵ ਯਾਦਵ ਆਈ.ਪੀ.ਐਸ ਡੀ.ਜੀ.ਪੀ ਪੰਜਾਬ ਹੁੱਕਮਾ ਅਨੁਸਾਰ ਮਾੜੇ ਅਨਸਰਾਂ ਖਿਲਾਫ ਜੀਰੋ ਟਾਲਰੈਸ ਦੀ ਨੀਤੀ ਤਹਿਤ ਇੱਕ ਵੱਡੀ ਸਫਲਤਾ ਹਾਸਿਲ ਕਰਦੇ ਹੋਏ ਡਾ. ਪ੍ਰਗਿਆ ਜੈਨ ਆਈ.ਪੀ.ਐਸ ਐਸ.ਐਸ.ਪੀ ਫਰੀਦਕੋਟ ਜੀ ਦੇ ਦਿਸ਼ਾ ਨਿਰਦੇਸ਼ ਤਹਿਤ ਫਰੀਦਕੋਟ ਪੁਲਿਸ ਵੱਲੋ ਇੱਕ ਸਰਗਰਮ ਵਹੀਕਲ ਖੋਹ ਕਰਨ ਵਾਲੇ ਗਿਰੋਹ ਦਾ ਪਰਦਾਫਾਸ ਕੀਤਾ ਹੈ। ਫਰੀਦਕੋਟ ਪੁਲਿਸ ਵੱਲੋਂ ਇਸ ਗਿਰੋਹ ਵਿੱਚ ਸ਼ਾਮਿਲ 04 ਦੋਸ਼ੀਆਂ ਨੂੰ ਕਾਬੂ ਕੀਤਾ ਹੈ, ਇਹਨਾ ਵੱਲੋ ਪਿਛਲੇ ਦਿਨੀਂ ਪਿੰਡ ਸੇਵੇਵਾਲਾ ਨਜ਼ਦੀਕ ਵਰਨਾ ਕਾਰ ਨੂੰ ਖੋਹ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਸੀ। ਇਹ ਜਾਣਕਾਰੀ ਸ਼੍ਰੀ ਸੰਦੀਪ ਕੁਮਾਰ ਐਸ.ਪੀ(ਇਨਵੈਸਟੀਗੇਸ਼ਨ) ਫਰੀਦਕੋਟ ਵੱਲੋ ਸ਼ਨੀਵਾਰ ਨੂੰ ਪ੍ਰੈਸ ਕਾਨਫਰੰਸ ਦੌਰਾਨ ਸਾਂਝੀ ਕੀਤੀ ਗਈ।ਗ੍ਰਿਫਤਾਰ ਕੀਤੇ ਦੋਸ਼ੀਆਂ ਦੀ ਪਹਿਚਾਣ ਹਰਮਨਦੀਪ ਸਿੰਘ ਉਰਫ ਹਰਮਨ ਮਰੜ, ਜਗਰਾਜ ਸਿੰਘ ਉਰਫ ਯੁਵਰਾਜ ਸਿੰਘ ਵਾਸੀਆਨ ਸੀਤੋ ਮਾਈ ਝੁੱਗੀਆ ਜਿਲ੍ਹਾ ਤਰਨਤਾਰਨ, ਮੀਤਪਾਲ ਸਿੰਘ ਉਰਫ ਮੀਤਾ ਵਾਸੀ ਅਲਗੋ ਕਾਲ ਜਿਲਾ ਤਰਨਤਾਰਨ ਅਤੇ ਮਨਪਿੰਦਰ ਸਿੰਘ ਉਰਫ ਮੰਨਾ ਵਾਸੀ ਝੁੱਗੀਆ ਪੀਰਬਖਸ਼ ਜਿਲਾ ਤਰਨਤਾਰਨ ਵਜੋ ਹੋਈ ਹੈ। ਪੁਲਿਸ ਟੀਮਾ ਵੱਲੋ ਦੋਸ਼ੀਆ ਪਾਸੋ 02 ਖੋਹ ਕੀਤੀਆ ਕਾਰਾ, 01 ਦੇਸੀ ਪਿਸਟਲ .32 ਬੋਰ ਅਤੇ 02 ਜਿੰਦਾ ਰੌਂਦ ਵੀ ਬਰਾਮਦ ਕੀਤੇ ਗਏ ਹਨਾ ਜਾਣਕਾਰੀ ਮੁਤਾਬਿਕ ਮਿਤੀ 25 ਅਗਸਤ 2025 ਨੂੰ ਸਵਿਫਟ ਕਾਰ ਪਰ ਸਵਾਰ ਹੋ ਕੇ ਆਏ ਅਣਪਛਾਤੇ ਵਿਅਕਤੀਆਂ ਵੱਲੋ ਪਿੰਡ ਸੇਵੇਵਾਲਾ ਤੋ ਬਠਿੰਡਾ ਜਾ ਰਹੇ ਸ਼੍ਰੀ ਮੁਕਤਸਰ ਸਾਹਿਬ ਦੇ ਨਿਵਾਸੀ ਰਾਜਿੰਦਰ ਸਿੰਘ ਦੀ ਵਰਨਾ ਕਾਰ ਉਸਦੀ ਕੁੱਟਮਾਰ ਕਰਕੇ ਖੋਹ ਕਰ ਲਈ ਗਈ ਸੀ। ਜਿਸਤੇ ਫਰੀਦਕੋਟ ਪੁਲਿਸ ਵੱਲੋਂ ਥਾਣਾ ਜੈਤੋ ਵਿਖੇ ਨਾਮਾਲੂਮ ਵਿਅਕਤੀਆਂ ਖਿਲਾਫ ਮੁਕੱਦਮਾ ਨੰਬਰ 121 ਮਿਤੀ 25.08.2025 ਅਧੀਨ ਧਾਰਾ 304, 115(2), 3(5) ਬੀ.ਐਨ.ਐਸ ਦਰਜ ਰਜਿਸਟਰ ਕਰਕੇ ਕਾਰਵਾਈ ਸ਼ੁਰੂ ਕੀਤੀ ਗਈ।ਜਿਸ ਤੇ ਫਰੀਦਕੋਟ ਪੁਲਿਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਐਸ.ਪੀ(ਇੰਨਵੈਸਟੀਗੇਸ਼ਨ) ਫਰੀਦਕੋਟ ਸ਼੍ਰੀ ਸੰਦੀਪ ਕੁਮਾਰ ਦੀ ਦੇਖ-ਰੇਖ ਹੇਠ ਸ਼੍ਰੀ ਅਰੁਣ ਮੁੰਡਨ ਡੀ.ਐਸ.ਪੀ(ਇਨਵੈਸਟੀਗੇਸ਼ਨ) ਫਰੀਦਕੋਟ ਅਤੇ ਸ਼੍ਰੀ ਮਨੋਜ ਕੁਮਾਰ ਡੀ.ਐਸ.ਪੀ(ਸਬ-ਡਵੀਜਨ) ਜੈਤੋ ਦੀ ਨਿਗਰਾਨੀ ਹੇਠ ਸੀ.ਆਈ.ਏ ਸਟਾਫ ਫਰੀਦਕੋਟ, ਸੀ.ਆਈ.ਏ ਸਟਾਫ ਜੈਤੋ, ਟੈਕਨੀਕਲ ਸੈੱਲ ਅਤੇ ਥਾਣਾ ਜੈਤੋ ਦੀਆਂ ਵਿਸ਼ੇਸ਼ ਪੁਲਿਸ ਟੀਮਾਂ ਦਾ ਗਠਨ ਕੀਤਾ ਗਿਆ। ਜਿਹਨਾਂ ਵੱਲੋ ਟੈਕਨੀਕਲ ਇੰਨਪੁੱਟ ਅਤੇ ਹਿਊਮਨ ਇੰਟੈਲੀਜੈਸ ਦੇ ਅਧਾਰ ਤੇ ਦੋਸ਼ੀਆਂ ਦੀ ਭਾਲ ਸ਼ੁਰੂ ਕੀਤੀ ਗਈ।ਕਾਰਵਾਈ ਦੇ ਵੇਰਵੇ ਸਾਂਝੇ ਕਰਦਿਆ ਉਹਨਾ ਦੱਸਿਆ ਕਿ ਮਿਤੀ 29.08.2025 ਨੂੰ ਪੁਲਿਸ ਟੀਮਾਂ ਨੂੰ ਭਰੋਸੇਯੋਗ ਸੂਚਨਾ ਮਿਲੀ ਕਿ ਇਹ ਗਿਰੋਹ ਹਾਈਵੇਅ ਪਰ ਕਿਸੇ ਹੋਰ ਵਾਰਦਾਤ ਨੂੰ ਅੰਜਾਮ ਦੇਣ ਦੀ ਤਾਕ ਵਿੱਚ ਘੁੰਮ ਰਹੇ ਸਨ। ਜਿਸਤੇ ਪੁਲਿਸ ਟੀਮਾਂ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ਉਕਤ ਵਾਰਦਾਤ ਵਿੱਚ ਚਾਰੋ ਦੋਸ਼ੀਆਂ ਹਰਮਨਦੀਪ ਸਿੰਘ ਉਰਫ ਹਰਮਨ ਮਰੜ, ਜਗਰਾਜ ਸਿੰਘ ਉਰਫ ਯੁਵਰਾਜ ਸਿੰਘ, ਮੀਤਪਾਲ ਸਿੰਘ ਉਰਫ ਮੀਤਾ ਅਤੇ ਮਨਪਿੰਦਰ ਸਿੰਘ ਉਰਫ ਮੰਨਾ ਵਾਸੀ ਝੁੱਗੀਆ ਪੀਰਬਖਸ਼ ਨੂੰ ਬੀੜ ਸਿੱਖਾ ਵਾਲਾ ਰੋਡ ਪਾਸੋ ਖੋਹ ਕੀਤੀ 01 ਵਰਨਾ ਕਾਰ ਅਤੇ ਵਾਰਦਾਤ ਦੌਰਾਨ ਵਰਤੀ ਗਈ 01 ਸਵਿਫਟ ਡਿਜਾਇਰ ਕਾਰ ਸਮੇਤ ਕਾਬੂ ਕੀਤਾ ਗਿਆ। ਜਿਸ ਦੌਰਾਨ ਇਹਨਾ ਪਾਸੋ 01 ਦੇਸੀ ਪਿਸਟਸ .32 ਬੋਰ ਅਤੇ 02 ਜਿੰਦਾ ਰੌਂਦ ਕਾਰਤੂਸ ਬਰਾਮਦ ਕੀਤੇ ਹਨ। ਦੋਸ਼ੀਆਂ ਵੱਲੋ ਵਾਰਦਾਤ ਦੌਰਾਨ ਵਰਤੀ ਗਈ ਸਵਿਫਟ ਡਿਜਾਇਰ ਕਾਰ ਵੀ ਇਸ ਵਾਰਦਾਤ ਵਿੱਚ ਸ਼ਾਮਿਲ ਹਰਮਨਦੀਪ, ਜਗਰਾਜ ਸਿੰਘ, ਮੀਤਪਾਲ ਵੱਲੋ ਮਿਤੀ 20 ਅਗਸਤ ਨੂੰ ਸਰਹਿੰਦ ਨਜਦੀਕ ਮੇਨ ਹਾਈਵੇਅ ਪਰ ਖੋਹ ਕੀਤੀ ਗਈ ਸੀ, ਜਿਸ ਸਬੰਧੀ ਥਾਣਾ ਸਰਹਿੰਦ ਵਿਖੇ ਇਹਨਾ ਖਿਲਾਫ ਮੁਕੱਦਮਾ ਨੰਬਰ 153 ਮਿਤੀ 21.08.2025 ਅਧੀਨ ਧਾਰਾ 304(2) ਬੀ.ਐਨ.ਐਸ ਦਰਜ ਕੀਤਾ ਗਿਆ ਸੀ।

# ਹੜ੍ਹਾਂ ਦੀ ਮਾਰ ਹੇਠ ਆਏ ਪੰਜਾਬ 'ਚ ਡਰੇਨਾਂ ਦੀ ਸਫਾਈ ਨਾ ਹੋਣ 'ਤੇ ਆਸ ਪਾਸ ਦੇ ਪਿੰਡਾਂ ਦੀ ਵਧਾਈ ਚਿੰਤਾ

ਭਗਤਾ ਭਾਈ ਕਾ, 30 ਅਗਸਤ(ਸਵਰਨ ਸਿੰਘ ਭਗਤਾ): ਪਹਾੜੀ ਇਲਾਕਿਆਂ 'ਚ ਮਾਨਸੂਨ ਦੇ ਸੀਜਨ ਮੌਕੇ ਪਈਆਂ ਬਰਸਾਤਾਂ ਕਰਕੇ ਦਰਿਆਵਾਂ 'ਚ ਵਧੇ ਪਾਣੀ ਦੇ ਪੱਧਰ ਨੇ ਪੰਜਾਬ ਨੂੰ ਹੜ੍ਹਾਂ ਦੀ ਮਾਰ ਹੇਠ ਲਿਆ ਹੋਇਆ ਹੈ। ਇਸ ਦੌਰਾਨ ਜਿੱਥੇ ਬਰਸਾਤਾਂ ਮੌਕੇ ਨਹਿਰਾਂ 'ਚ ਪਾਣੀ ਦਾ ਪੱਧਰ ਵਧਦਾ ਹੈ ਤਾਂ ਇਸਨੂੰ ਕੰਟਰੋਲ ਚ ਰੱਖਣ ਲਈ ਡਰੇਨਾਂ ਵੀ ਬਣੀਆਂ ਹੋਈਆਂ ਹਨ ਪਰ ਪਿਛਲੇ ਕਈ ਸਾਲਾਂ ਤੋਂ ਇਹਨਾਂ ਡਰੇਨਾਂ ਦੀ ਸਫ਼ਾਈ ਨਾ ਹੋਣ ਕਰਕੇ ਪਾਣੀ ਦੀ ਨਿਕਾਸੀ ਹੋਣ 'ਚ ਵੱਡੀ ਮੁਸ਼ਕਲ ਸਾਹਮਣੇ ਨਜਰ ਆਉਂਦੀ ਹੈ। ਇਸ ਮੌਕੇ ਇਥੋਂ ਨੇੜਲੇ ਪਿੰਡ ਗੁਰੂਸਰ ਵਿਖੇ ਭਾਕਿਯੂ ਕ੍ਰਾਂਤੀਕਾਰੀ ਪੰਜਾਬ ਦੇ ਸੂਬਾ ਕਮੇਟੀ ਮੈਂਬਰ ਬਲਵੰਤ ਮਹਿਰਾਜ ਦੁਆਰਾ ਵਿਸ਼ੇਸ਼ ਤੌਰ ਤੇ ਡਰੇਨ ਦੀ ਸਥਿਤੀ ਜਾਨਣ ਲਈ ਅੱਜ ਦੌਰਾ ਕੀਤਾ ਗਿਆ। ਇਸ ਮੌਕੇ ਆਗੂ ਬਲਵੰਤ ਮਹਿਰਾਜ ਨੇ ਦੱਸਿਆ ਕਿ ਪਿੰਡ ਗੁਰੂਸਰ ਦੇ ਗੁਰੂਦੁਆਰਾ ਸਾਹਿਬ ਦੇ ਪਿਛਲੇ ਪਾਸਿਓਂ ਗੁਜ਼ਰਦੀ ਚੰਦਭਾਨ ਡਰੇਨ ਜੋ ਭਗਤਾ ਭਾਈ ਹੁੰਦੀ ਹੋਈ ਅੱਗੇ ਜਾਂਦੀ ਹੈ ਦੇ ਜੋ ਹਾਲਾਤ ਹਨ ਉਸਨੂੰ ਦੇਖਕੇ ਇੰਝ ਲਗਦਾ ਹੈ। ਜਿਵੇਂ ਕਈ ਸਾਲਾਂ ਤੋਂ ਇਹ ਡਰੇਨ ਦੀ ਸਫ਼ਾਈ ਨਹੀਂ ਹੋਈ ਹੈ। ਓਹਨਾ ਆਖਿਆ ਕਿ ਪਿਛਲੇ ਦਿਨਾਂ ਤੋਂ ਇਹ ਡਰੇਨ ਚ ਵੀ ਬਰਸਾਤਾਂ ਦਾ ਪਾਣੀ ਛੱਡਿਆ ਗਿਆ ਹੈ ਜੋ ਭਾਵੇਂ ਇਸ ਵਕਤ ਆਪਣੇ ਪੱਧਰ ਮੁਤਾਬਕ ਚੱਲ ਰਿਹਾ ਹੈ ਪਰ ਇਸ ਡਰੇਨ ਵਿੱਚ ਡਿੱਗੇ ਬੇਹਿਸਾਬੇ ਰੁੱਖਾਂ ਅਤੇ ਕੇਲੀ ਨੇ ਜੋ ਵੱਡੇ ਬੰਨ ਬਣਾ ਰੱਖੇ ਹਨ ਉਸ ਹਿਸਾਬ ਨਾਲ ਇਹ ਡਰੇਨ ਹੜ੍ਹਾਂ ਦਾ ਕਾਰਨ ਬਣੇਗੀ। ਓਹਨਾ ਦੱਸਿਆ ਕਿ ਮੌਸਮ ਵਿਭਾਗ ਵੱਲੋਂ ਮੁੜਤੋਂ ਚੇਤਾਵਨੀ ਦਿੱਤੀ ਗਈ ਹੈ ਕਿ ਸੂਬੇ ਚ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ ਜਿਸਦੇ ਚਲਦਿਆਂ ਇਹ ਡਰੇਨ ਹੋਰ ਵੀ ਭਿਆਨਕ ਰੂਪ ਲੈ ਸਕਦੀ ਹੈ ਤੇ ਸਭਤੋਂ ਵੱਡੀ ਗੱਲ ਕਿ ਇੱਥੇ ਇਤਿਹਾਸਕ ਗੁਰੂਦੁਆਰਾ ਸਾਹਿਬ ਡਰੇਨ ਦੇ ਉਪਰ ਸਥਿਤ ਹੈ ਜਿਸ ਕਰਕੇ ਅਸੀਂ ਸੰਬੰਧਿਤ ਪ੍ਰਸ਼ਾਸਨ ਨੂੰ ਚੇਤਾਵਨੀ ਦੇਣੀ ਚਾਉਂਦੇ ਹਾਂ ਕਿ ਇਸ ਡਰੇਨ ਦੀ ਸਫ਼ਾਈ ਜਲਦੀ ਤੋਂ ਜਲਦੀ ਕਰਵਾਈ ਜਾਵੇ ਨਹੀਂ, ਤਾਂ ਆਉਣ ਵਾਲੇ ਦਿਨਾਂ ਅੰਦਰ ਇਥੇ ਹੜ੍ਹਾਂ ਵਰਗੇ ਹਾਲਾਤ ਬਣਨ ਨੂੰ ਦੇਰ ਨਹੀਂ ਲੱਗਣੀ। ਓਹਨਾਂ ਕਿਹਾ ਕਿ ਡਰੇਨਾਂ ਦੀ ਸਫ਼ਾਈ ਦੇ ਨਾਮ ਉੱਪਰ ਸੰਬੰਧਿਤ ਅਧਿਕਾਰੀ ਵੱਡੀਆਂ ਵੱਡੀਆਂ ਗ੍ਰਾਂਟਾਂ ਪਾਸ ਕਰਾ ਲੈਂਦੇ ਹਨ ਜਦਕਿ ਇਹਨਾਂ ਡਰੇਨਾਂ ਦੀ ਜਮੀਨੀ ਹਕੀਕਤ ਦੀਆਂ ਤਸਵੀਰਾਂ ਕੁਝ ਹੋਰ ਬਿਆਨ ਕਰ ਰਹੀਆਂ ਹਨ। ਇਸ ਮੌਕੇ ਭਾਕਿਯੂ ਕ੍ਰਾਂਤੀਕਾਰੀ ਪੰਜਾਬ ਦੇ ਜ਼ਿਲ੍ਹਾ ਬਠਿੰਡਾ ਪ੍ਰਧਾਨ ਗੋਰਾ ਡਿਖ, ਬਲਾਕ ਫੂਲ਼ ਪ੍ਰਧਾਨ ਗੁਰਪ੍ਰੀਤ ਢਿਪਾਲੀ, ਕੁਲਦੀਪ ਸਿੰਘ ਸੇਲਬਰਾਹ, ਸਰਬਜੀਤ ਸਿੰਘ ਸਾ: ਫੌਜੀ, ਭਗਤਾ ਬਲਾਕ ਦੇ ਮੀਤ ਪ੍ਰਧਾਨ ਚਮਕੌਰ ਗੁਰੂਸਰ, ਗੁਰੂਸਰ ਇਕਾਈ ਪ੍ਰਧਾਨ ਬਾਬੂ ਸਿੰਘ, ਮੰਗੂ ਸਿੰਘ, ਖਜਾਨਚੀ ਕਰਮਾ ਸਿੰਘ, ਪਰਮਾ ਚੱਕੀ ਵਾਲੇ, ਗੁਰਚਰਨ ਸਿੰਘ ਸਮੇਤ ਪਿੰਡ ਗੁਰੂਸਰ ਤੋਂ ਹੋਰ ਵੀ ਲੋਕ ਹਾਜ਼ਰ ਸਨ।





# ਪਟਿਆਲਾ-ਆਸ/ਪਾਸ



## ਡਾ. ਬਲਬੀਰ ਸਿੰਘ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਰਾਹਤ ਸਮੱਗਰੀ ਰਵਾਨਾ



ਪਟਿਆਲਾ, 30 ਅਗਸਤ (ਰੁਪਾਣਾ) : ਪੰਜਾਬ ਦੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਮੰਗ ਕੀਤੀ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਤੇ ਕੇਂਦਰ ਸਰਕਾਰ ਹੜ੍ਹ ਪੀੜਤ ਰਾਜਾਂ ਦੀ ਮਦਦ ਕਰਨ ਲਈ ਖੁੱਲ੍ਹ ਕੇ ਅੱਗੇ ਆਵੇ। ਇਹ ਪ੍ਰਗਟਾਵਾ ਉਨ੍ਹਾਂ ਪਟਿਆਲਾ ਤੋਂ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਨੂੰ ਰਾਸ਼ਨ ਅਤੇ ਚਾਰੇ ਦੇ ਟਰੱਕ ਰਵਾਨਾ ਕਰਨ ਮੌਕੇ ਪੱਤਰਕਾਰਾਂ ਨਾਲ ਗੈਰ ਰਸਮੀ ਗੱਲਬਾਤ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਤੇਜਿੰਦਰ ਮਹਿਤਾ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਮੇਘ ਚੰਦ ਸ਼ੇਰਮਾਜਰਾ, ਏਡੀਸੀ ਅਮਰਿੰਦਰ ਸਿੰਘ ਟਿਵਾਣਾ ਵੀ ਮੌਜੂਦ ਸਨ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਸ ਸਮੇਂ ਦੇਸ਼ ਦੇ ਬਹੁਤੇ ਰਾਜ ਹੜ੍ਹਾਂ ਦੀ ਮਾਰ ਹੇਠ ਹਨ ਤੇ ਇਹ ਸਮਾਂ ਰਾਜਨੀਤੀ ਕਰਨ ਦਾ ਨਹੀਂ ਸਗੋਂ ਲੋਕਾਂ ਨੂੰ ਤੁਰੰਤ ਰਾਹਤ ਪਹੁੰਚਾਉਣ ਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਇਸ ਮੌਕੇ ਆਪਣਾ ਹੱਥ ਰਾਜਾਂ ਵੱਲ ਵਧਾਉਂਦੇ ਹੋਏ ਤੁਰੰਤ ਰਾਹਤ ਪੈਕੇਜ ਜਾਰੀ ਕਰਨ ਸਮੇਤ ਕੇਂਦਰੀ ਮੰਤਰੀ ਹੜ੍ਹ ਪ੍ਰਭਾਵਿਤ ਰਾਜਾਂ ਦਾ ਦੌਰਾ ਕਰਕੇ ਲੋਕਾਂ ਦੀ ਇਸ ਮੁਸ਼ਕਲ ਦੀ ਘੜੀ 'ਚ ਉਨ੍ਹਾਂ ਨੂੰ ਸਹਾਰਾ ਦੇਣ ਆਉਣ। ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਲੋਕਾਂ ਲਈ ਵੱਡੀ ਗਿਣਤੀ ਸਮਾਜ ਸੇਵੀ ਸੰਸਥਾਵਾਂ ਤੇ ਐਨ.ਆਰ.ਆਈਜ਼ ਨੇ ਮਦਦ ਲਈ ਆਪਣੇ ਹੱਥ ਅੱਗੇ ਵਧਾਏ ਹਨ, ਜੋ ਸ਼ਲਾਘਾਯੋਗ ਕਦਮ ਹੈ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਸਮੁੱਚੀ ਮਸ਼ੀਨਰੀ ਆਪਣੀ ਪੂਰੀ ਸਮਰੱਥਾ ਨਾਲ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਕੰਮ ਕਰ ਰਹੀ ਹੈ ਅਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਸਾਰੇ ਮੰਤਰੀ ਫ਼ੀਲਡ ਵਿੱਚ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਸਿਹਤ ਵਿਭਾਗ ਦੀਆਂ 450 ਤੋਂ ਵੱਧ ਐਮਰਜੈਂਸੀ ਰਿਸਪਾਂਸ ਟੀਮਾਂ, 323 ਮੈਡੀਕਲ ਟੀਮਾਂ, 174 ਐਂਬੂਲੈਂਸਾਂ ਕੰਮ ਕਰ ਰਹੀਆਂ ਹਨ। ਇਸ ਤੋਂ ਇਲਾਵਾ ਪਾਣੀ, ਰਾਸ਼ਨ ਤੇ ਪਸ਼ੂਆਂ ਲਈ ਚਾਰੇ ਦੀ ਜ਼ਰੂਰਤ ਹੈ, ਜੋ ਮੁਹੱਈਆ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਬੀ.ਡੀ.ਪੀ.ਓ . ਸੁਖਵਿੰਦਰ ਸਿੰਘ ਟਿਵਾਣਾ, ਚੇਅਰਮੈਨ ਮਾਰਕਿਟ ਕਮੇਟੀ ਸਮਾਣਾ ਬਲਕਾਰ ਸਿੰਘ ਗੱਜੂਮਾਜਰਾ, ਜ਼ਿਲ੍ਹਾ ਸਕੱਤਰ ਪਟਿਆਲਾ ਸ਼ਹਿਰੀ ਅਮਿਤ ਡਾਬੀ, ਸਕੱਤਰ ਮਾਲਵਾ ਈਸਟ ਜੋਨ ਟਰੇਡ ਵਿੰਗ ਸੰਜੀਵ ਗੁਪਤਾ, ਮੁਖਤਿਆਰ ਗਿੱਲ, ਵਿਨੋਦ ਸਿਗਲਾ, ਸੁਮਿਤ ਟਕੇਜਾ, ਰਵੇਲ ਸਿੱਧੂ, ਅਮਰਜੀਤ ਸਿੰਘ, ਅੰਗਰੇਜ਼ ਸਿੰਘ ਅਤੇ ਰਜਿੰਦਰ ਮੋਹਨ ਸਮੇਤ ਵੱਡੀ ਗਿਣਤੀ ਆਪ ਵਲੰਟੀਅਰ ਮੌਜੂਦ ਸਨ।

## ਪਟਿਆਲਾ ਦੇ ਨਵ-ਨਿਯੁਕਤ ਅਬਜ਼ਰਵਰ ਸੰਜੇ ਦੱਤ ਦੀ ਆਮਦ ਸਬੰਧੀ ਮੀਟਿੰਗ



ਪਟਿਆਲਾ, 30 ਅਗਸਤ (ਰੁਪਾਣਾ) :ਆਲ ਇੰਡੀਆ ਕਾਂਗਰਸ ਕਮੇਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੰਗਠਨ ਸਿਰਜਣ ਅਭਿਆਨ ਪ੍ਰੋਗਰਾਮ ਦੇ ਤਹਿਤ ਸ੍ਰੀ ਸੰਜੇ ਦੱਤ (ਸੈਕਟਰੀ) ਆਲ ਇੰਡੀਆ ਕਾਂਗਰਸ ਕਮੇਟੀ ਨੂੰ ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਸ਼ਹਿਰੀ ਦਾ ਅਬਜ਼ਰਵਰ ਲਗਾਇਆ ਗਿਆ ਹੈ। ਇਸ ਪ੍ਰੋਗਰਾਮ ਦੇ ਤਹਿਤ ਉਹ 2/9/2025 ਦਿਨ ਮੰਗਲਵਾਰ ਨੂੰ ਪਟਿਆਲਾ ਵਿਖੇ ਆ ਰਹੇ ਹਨ।ਉਕਤ ਪ੍ਰੋਗਰਾਮ ਦੇ ਤਹਿਤ ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਸ਼ਹਿਰੀ ਵੱਲੋਂ ਮਿਤੀ 31/8/2025 ਦਿਨ ਐਤਵਾਰ ਬਾਅਦ ਦੁਪਹਿਰ 4 ਵਜੇ ਮਾਤਾ ਬੰਨੋ ਬਾਈ ਕਮਿਊਨਿਟੀ ਹਾਲ ਥੇਥ ਘਾਟ ਨਾਭਾ ਗੇਟ ਵਿਖੇ ਇੱਕ ਜ਼ਰੂਰੀ ਮੀਟਿੰਗ ਰੱਖੀ ਗਈ ਹੈ। ਇਸ ਮੀਟਿੰਗ ਵਿੱਚ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਨਿਯੁਕਤ ਕੀਤੇ ਗਏ ਅਬਜਰਵਰ ਸਿਮਰਜੀਤ ਸਿੰਘ ਬੈਂਸ (ਸਾਬਕਾ ਐਮਐਲਏ), ਸਤਾਰ ਮੁਹੰਮਦ ਲਿਬੜਾ ਅਤੇ ਸੁਭਮ ਦੇਵਗਨ ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕਰਕੇ ਸਮੂਹ ਆਗੂਆਂ ,ਅਹੁਦੇਦਾਰਾਂ ਅਤੇ ਵਰਕਰ ਸਾਹਿਬਾਨ ਨਾਲ ਸੰਗਠਨ ਸਿਰਜਣ ਅਭਿਆਨ ਦੇ ਸਬੰਧ ਵਿੱਚ ਵਿਚਾਰ ਵਟਾਂਦਰਾ ਕਰਨ ਉਪਰੰਤ ਅਜੰਡੇ ਬਾਰੇ ਦਿਸ਼ਾ ਨਿਰਦੇਸ਼ ਦੇਣਗੇ ।ਕਾਂਗਰਸ ਪਾਰਟੀ ਦੇ ਆਗੂਆਂ, ਜ਼ਿਲ੍ਹਾ ਕਾਂਗਰਸ ਕਮੇਟੀ, ਸਾਬਕਾ ਅਤੇ ਮੌਜੂਦਾ ਕੌਂਸਲਰ , ਬਲਾਕ ਕਾਂਗਰਸ ਕਮੇਟੀਆਂ, ਮਹਿਲਾ ਕਾਂਗਰਸ, ਯੂਥ ਕਾਂਗਰਸ ,ਸੇਵਾ ਦਲ ,ਐਸੀ ਬੀਸੀ ਸੈਲ,ਐਕਸ ਸਰਵਿਸਮੈਨ ਸੈਲ, ਮਨੋਰਟੀਸੈਲ ਅਤੇ ਮਹਿਲਾ ਕਮੇਟੀਆਂ , ਇੰਟਕ, ਆਦਿ ਦੇ ਅਹੁਦੇਦਾਰਾਂ ਅਤੇ ਵਰਕਰ ਸਾਹਿਬਾਨ ਨੂੰ ਬੇਨਤੀ ਕੀਤੀ ਕਿ ਇਸ ਮੀਟਿੰਗ ਵਿੱਚ ਸਮੇਂ ਸਿਰ ਪਹੁੰਚ ਕੇ ਆਪਣੀ ਸਮੂਲੀਅਤ ਨੂੰ ਯਕੀਨੀ ਬਣਾਇਆ ਜਾਵੇ।

## ਕੇਂਦਰ ਦੀਆਂ ਲੋਕ ਮਾਰੂ ਨੀਤੀਆਂ ਖ਼ਿਲਾਫ਼ ਕੀਤਾ ਜਾਗਰੂਕ: ਅਮਰੀਕ ਸਿੰਘ ਬੰਗੜ



ਪਟਿਆਲਾ, 30 ਅਗਸਤ (ਰੁਪਾਣਾ) : ਵਾਰਡ ਨੰਬਰ 9, 10, 11 20 ਵਿਚ ਹਾਈ ਕਮਾਂਡ ਦੇ ਦਿਸ਼ਾ ਨਿਰਦੇਸ਼ਾਂ ਰਾਹੀਂ ਮੀਟਿੰਗਾਂ ਕਰਕੇ ਬੀ.ਜੇ.ਪੀ. ਵੱਲੋਂ ਵੋਟ ਚੋਰ ਤੋਂ ਬਾਅਦ ਰਾਸ਼ਨ ਚੋਰ ਦੇ ਮੁੱਦੇ 'ਤੇ ਕੇਂਦਰ ਸਰਕਾਰ ਦੀਆਂ ਨੀਤੀਆਂ ਖਿਲਾਫ ਲੋਕਾਂ ਨੂੰ ਲੋਕ ਮਾਰੂ ਨੀਤੀਆਂ ਖਿਲਾਫ ਜਾਗਰੂਕ ਕੀਤਾ ਗਿਆ। ਸੂਬਾ ਸਕੱਤਰ ਮਾਲਵਾ ਈਸਟ ਜੋਨ ਅਮਰੀਕ ਸਿੰਘ ਬੰਗੜ ਨੇ ਦੱਸਿਆ ਕਿ ਪੰਜਾਬ ਵਿਚ 1.53 ਕਰੋੜ ਲੋਕਾਂ ਨੂੰ ਰਾਸ਼ਨ ਮਿਲ ਰਿਹਾ ਹੈ। ਭਾਜਪਾ ਸਰਕਾਰ ਨੇ 55 ਲੱਖ ਲੋਕਾਂ ਦੀ ਇਹ ਸਹੂਲਤ ਖਤਮ ਕਰਨ ਦਾ ਫੈਸਲਾ ਲਿਆ ਹੈ। ਹਰੇਕ ਤਿੰਨ ਗਰੀਬ ਪਰਿਵਾਰਾਂ ਵਿੱਚੋਂ ਇੱਕ ਦਾ ਰਾਸ਼ਨ ਖੋਹਿਆ ਜਾ ਰਿਹਾ ਹੈ। ਕੇਂਦਰ ਸਰਕਾਰ ਨੇ ਜੁਲਾਈ ਤੋਂ ਪੰਜਾਬ ਦੇ 23 ਲੱਖ ਗਰੀਬ ਪਰਿਵਾਰਾਂ ਦਾ ਰਾਸ਼ਨ ਇਹ ਕਹਿ ਕੇ ਰੋਕ ਦਿੱਤਾ ਹੈ ਕਿ ਈ.ਕੇ.ਵਾਈ.ਸੀ ਨਹੀਂ ਕਰਵਾਈ। ਭਾਜਪਾ ਸਤੰਬਰ ਮਹੀਨੇ ਤੋਂ ਲਗਭਗ 32 ਲੱਖ ਹੋਰ ਪੰਜਾਬੀਆਂ ਦਾ ਰਾਸ਼ਨ ਇਹ ਕਹਿ ਕੇ ਰੋਕਣ ਜਾ ਰਹੀ ਹੈ ਕਿ ਇਹ ਲੋਕ ਗਰੀਬ ਨਹੀਂ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਨੇ ਪੰਜਾਬ ਦੇ ਗਰੀਬ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਹੈ ਕਿ ਮੈਂ ਤੁਹਾਡੇ ਨਾਲ ਖੜ੍ਹਾ ਹਾਂ। ਕਿਸੇ ਦਾ ਰਾਸ਼ਨ ਕਾਰਡ ਕੱਟਣ ਨਹੀਂ ਦੇਵਾਂਗਾ। ਕਿਸੇ ਦੇ ਘਰ ਦਾ ਚੁੱਲ੍ਹਾ ਨਹੀਂ ਬੁਝੇਗਾ।ਕਿਸੇ ਮਾਂ ਦੀ ਰਸੋਈ ਖਾਲੀ ਨਹੀਂ ਹੋਵੇਗੀ। ਕੋਈ ਬੱਚਾ ਭੁੱਖਾ ਨਹੀਂ ਸੌਵੇਗਾ।ਅਸੀਂ 1.29 ਕਰੋੜ ਲਾਭਪਾਤਰੀਆਂ ਦੀ ਤਸਦੀਕ ਪਹਿਲਾਂ ਹੀ ਕਰ ਲਈ ਹੈ ਅਤੇ ਬਾਕੀ ਕੰਮ ਛੇ ਮਹੀਨੇ ਵਿਚ ਪੂਰਾ ਕਰ ਲਿਆ ਜਾਵੇਗਾ। ਭਾਜਪਾ ਪੰਜਾਬ ਨਾਲ ਸੌਤੇਲਾ ਧੱਕਾ ਕਰ ਰਹੀ ਹੈ । ਪੰਜਾਬੀ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਇਹਨਾਂ ਮੀਟਿੰਗਾਂ ਵਿਚ ਜ਼ਿਲ੍ਹਾ ਪ੍ਰਧਾਨ ਮਹਿਲਾ ਵਿੰਗ ਸ਼ਵੇਤਾ ਜਿੰਦਲ, ਕੌਂਸਲਰ ਨੇਹਾ ਕੁਕਰੇਜਾ, ਕੌਂਸਲਰ ਸ਼ਿਵਰਾਜ ਸਿੰਘ, ਕੌਂਸਲਰ ਨਿਰਮਲਾ ਦੇਵੀ , ਵਾਰਡ ਇੰਚਾਰਜ ਲਲਿਤ ਕੁਮਾਰ, ਇੰਦਰਪਾਲ ਸਿੰਘ ਪਕੌੜਿਆਂ ਵਾਲਾ ਤੋਂ ਇਲਾਵਾ ਸਤਵਿੰਦਰ ਸਿੰਘ ਸੈਣੀ, ਪ੍ਰਧਾਨ ਆੜ੍ਹਤੀ ਐਸੋਸੀਏਸ਼ਨ, ਚਰਨਦਾਸ ਗੋਇਲ, ਚੇਅਰਮੈਨ, ਨਰੇਸ਼ ਮਿੱਤਲ, ਜਨਰਲ ਸਕੱਤਰ, ਖਰਦੂਪਣ ਰਾਏ, ਕੈਸ਼ੀਅਰ, ਦਵਿੰਦਰ ਕੁਮਾਰ ਬੱਗਾ, ਉਪ ਪ੍ਰਧਾਨ, ਦਰਬਾਰਾ ਸਿੰਘ ਜਾਲ੍ਹਾ ਸਲਾਹਕਾਰ, ਮਹੇਸ਼ ਗੋਇਲ, ,ਗੁਲਸ਼ਨ ਕੁਮਾਰ ਲੱਟ, ਲੱਕੀ ਲੱਟ, ਨਰਿੰਦਰ ਕੁਮਾਰ ਲੱਟ, ਪ੍ਰਗਟ ਸਿੰਘ ਜਾਲ੍ਹਾ, ਗਿਆਨ ਚੰਦ ਗੋਇਲ, ਕੁਮਾਰ ਗਿਆਨ ਚੰਦ , ਉਪ ਪ੍ਰਧਾਨ, ਗਿਆਨ ਚੰਦ ਗੋਇਲ, ਮੈਂਬਰਜ਼ ਹਰੀ ਚੰਦ ਬਾਂਸਲ, ਅਮਰ ਨਾਥ, ਤੋਂ ਇਲਾਵਾ ਹੋ ਵਾਰਡਾਂ ਦੇ ਨਿਵਾਸੀਆਂ ਨੇ ਸ਼ਮੂਲੀਅਤ ਕੀਤੀ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਬੱਚਿਆਂ ਦੇ ਦਸਤਾਰ ਮੁਕਾਬਲੇ ਕਰਵਾਏ



ਸਮਾਣਾ, 30 ਅਗਸਤ (ਵਿਜੇ ਕੁਮਾਰ): ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 421ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਲੰਗਰ ਘਰ ਸਮਾਣਾ ਵਿਖੇ ਕਰਵਾਏ ਜਾ ਰਹੇ ਤਿੰਨ ਦਿਨਾ ਸਮਾਗਮ ਦੇ ਪਹਿਲੇ ਦਿਨ ਬੱਚਿਆਂ ਦੇ ਦਸਤਾਰ ਮੁਕਾਬਲੇ ਕਰਵਾਏ ਗਏ।ਵੱਖ-ਵੱਖ ਉਮਰ ਦੇ ਦੋ ਗਰੁੱਪਾਂ ਵਿੱਚ ਦਸਤਾਰਾਂ ਸਜਾਉਣ ਵਿੱਚ ਜੇਤੂ ਰਹੇ ਬੱਚਿਆਂ ਅਤੇ ਜੱਜ ਜਸਵਿੰਦਰ ਸਿੰਘ ਕਲੇਰ, ਗਗਨਦੀਪ ਸਿੰਘ ਨੂੰ ਪ੍ਰਬੰਧਕਾਂ ਵੱਲੋਂ ਸਨਮਾਨਿਤ ਕੀਤਾ ਗਿਆ।ਇਸ ਸਮਾਗਮ ਸੰਬਧੀ ਜਾਣਕਾਰੀ ਦਿੰਦਿਆਂ ਗਿਆਨੀ ਸੁਖਵਿੰਦਰ ਸਿੰਘ ਨੇ ਦੱਸਿਆ ਕਿ 31 ਅਗਸਤ ਨੂੰ ਸਵੇਰੇ 9 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜਾਇਆ ਜਾਵੇਗਾ । ਇਸ ਮੌਕੇ ਹਰਵਿੰਦਰ ਸਿੰਘ ਦਰਦ, ਸੁਖਵਿੰਦਰ ਸਿੰਘ ਦਾਨੀਪੁਰ, ਕਰਨ ਸਿੰਘ ਆਦਿ ਵੀ ਮੌਜੂਦ ਸਨ।

## ਸੂਬਾ ਸਰਕਾਰ ਹੜ੍ਹਾਂ ਦੀ ਸਥਿਤੀ ਬਾਰੇ ਕੇਂਦਰ ਨੂੰ ਤੁਰੰਤ ਜਾਣੂ ਕਰਵਾਏ: ਪ੍ਰੋ.ਚੰਦੂਮਾਜਰਾ

ਦੇਵੀਗੜ੍ਹ , 30 ਅਗਸਤ (ਗੁਰਜੀਤ ਸਿੰਘ ਢੋਟ) : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਲੀਡਰ ਅਤੇ ਸਾਬਕਾ ਮੈਂਬਰ ਪਾਰਲੀਮੈਂਟ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਆਖਿਆ ਕਿ ਪਿਛਲੇ ਇੱਕ ਹਫ਼ਤੇ ਤੋਂ ਪੰਜਾਬ ਭਰ ਵਿੱਚ ਹੜ੍ਹਾਂ ਦਾ ਕਹਿਰ ਜਾਰੀ ਹੈ, ਜਿਸ ਵਿੱਚ



ਹਜ਼ਾਰਾਂ ਏਕੜ ਫ਼ਸਲ ਦੇ ਤਬਾਹ ਹੋਣ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲੋਕਾਂ ਦੇ ਘਰਾਂ, ਪਸ਼ੂਆਂ ਅਤੇ ਜਾਨੀ-ਮਾਲੀ ਨੁਕਸਾਨ ਹੋ ਰਿਹਾ ਹੈ ਪ੍ਰੰਤੂ ਪੰਜਾਬ ਸਰਕਾਰ ਵੱਲੋਂ ਇੱਕ ਹਫ਼ਤੇ ਬਾਅਦ ਹੜ੍ਹਾਂ ਦੀ ਸਥਿਤੀ ਉੱਤੇ ਚੁੱਪੀ ਤੋੜਨ ਤੋਂ ਬਾਅਦ ਵੀ ਗੱਲਬਾਤਾਂ ਅਤੇ ਫੋਕੇ ਲਾਰਿਆਂ ਰਾਹੀਂ ਲੋਕਾਂ ਨੂੰ ਧਰਵਾਸ ਦਿੱਤਾ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਪੰਜਾਬ ਦੇ ਲੋਕਾਂ ਨੂੰ ਫੌਰੀ ਹੜ੍ਹਾਂ ਤੋ ਨਿਜ਼ਾਤ ਦਿਵਾਉਣ ਲਈ ਆਫ਼ਤ ਪ੍ਰਬੰਧਨ ਟੀਮਾਂ, ਡਾਕਟਰ ਤੇ ਦਵਾਈਆਂ ਲਈ ਮੁੱਖ ਮੰਤਰੀ ਸਾਹਿਬ ਨੂੰ ਦਿੱਲੀ ਜਾ ਕੇ ਵੱਖ-ਵੱਖ ਮੰਤਰਾਲਿਆਂ ਨਾਲ ਰਾਬਤਾ ਕਾਇਮ ਕਰਕੇ ਲੋਕਾਂ ਦੀ ਮੱਦਦ ਲਈ ਅੱਗੇ ਆਉਣ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਪ੍ਰਧਾਨ ਮੰਤਰੀ ਨੂੰ ਪੂਰੀ ਸਥਿਤੀ ਤੋਂ ਜਾਣੂ ਕਰਵਾਉਂਦਿਆਂ ਹੜ੍ਹ ਪੀੜ੍ਹਤਾਂ ਲਈ ਮੁਆਵਜ਼ਾ ਰਾਸ਼ੀ ਦਾ ਪ੍ਰਬੰਧਨ ਕਰੇ। ਇਸ ਸਮੇਂ ਪ੍ਰੋ. ਚੰਦੂਮਾਜਰਾ ਨੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਅੱਗੇ ਆਉਂਦਿਆਂ ਦੱਸਿਆ ਕਿ ਉਹ ਵੱਡੀ ਮਾਤਰਾ 'ਚ 1 ਸਤੰਬਰ ਨੂੰ ਸੁਲਤਾਨਪੁਰ ਲੋਧੀ ਵਿਖੇ ਰਾਸ਼ਨ, ਦਵਾਈਆਂ ਅਤੇ ਹੋਰ ਖਾਣ-ਪੀਣ ਦੀਆ ਲੋੜੀਂਦੀਆਂ ਵਸਤੂਆਂ ਲੈਕੇ ਜਾਣਗੇ। ਚੰਦੂਮਾਜਰਾ ਨੇ ਸਮੁੱਚੇ ਪੰਜਾਬੀਆਂ ਨੂੰ ਹੜ੍ਹ ਪ੍ਰਭਾਵਿਤ ਖੇਤਰ ਦੇ ਲੋਕਾਂ ਦੀ ਖੁੱਲ੍ਹੇ ਦਿਲ ਨਾਲ ਮੱਦਦ ਕਰਨ ਦੀ ਅਪੀਲ ਕੀਤੀ ।

## ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਕੇਂਦਰ ਸਰਕਾਰ ਪੰਜਾਬ ਲਈ ਵਿਸ਼ੇਸ਼ ਰਾਹਤ ਪੈਕੇਜ ਜਾਰੀ ਕਰੇ : ਪ੍ਰੋ. ਬਡੂੰਗਰ

ਪਟਿਆਲਾ, 30 ਅਗਸਤ (ਅਮਰਜੀਤ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਅੱਜ ਸਾਰਾ ਪੰਜਾਬ ਬੁਰੀ ਤਰ੍ਹਾਂ ਕੁਦਰਤੀ ਹੜ੍ਹਾਂ ਦੀ ਮਾਰ ਹੇਠ ਆ ਚੁੱਕਾ ਹੈ, ਜਿਸ ਨਾਲ ਪੰਜਾਬ ਦੇ ਲੋਕਾਂ ਦਾ ਵੱਡੇ ਪੱਧਰ 'ਤੇ ਆਰਥਿਕ ਤੌਰ 'ਤੇ ਮਾਲੀ ਨੁਕਸਾਨ ਹੋ ਰਿਹਾ ਹੈ ਇਸ ਲਈ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਲਈ ਵਿਸ਼ੇਸ਼ ਰਾਹਤ ਪੈਕਜ ਜਾਰੀ ਕਰੇ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਕੁਝ ਆਰਥਿਕ ਮਦਦ ਮਿਲ ਸਕੇ ।ਉਹਨਾਂ ਕਿਹਾ ਕਿ ਇਸ ਸੇਵਾ ਦੇ ਕਾਰਜ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਵਿਸ਼ੇਸ਼ ਯਤਨ ਕਰਨੇ ਚਾਹੀਦੇ ਹਨ, ਤੇ ਕੇਂਦਰ ਸਰਕਾਰ ਨਾਲ ਨਿੱਜੀ ਤੌਰ 'ਤੇ ਸੰਪਰਕ ਕਰਕੇ ਪੰਜਾਬ ਦੇ ਲੋਕਾਂ ਦੀ ਆਵਾਜ਼ ਉਠਾ ਕੇ ਉਹਨਾਂ ਦੀ ਮਦਦ ਲਈ ਪੰਜਾਬ ਸਰਕਾਰ ਨੂੰ ਅੱਗੇ ਆਉਣਾ ਚਾਹੀਦਾ ਹੈ, ਕਿਉਂਕਿ ਕੁਦਰਤੀ ਹੜ੍ਹਾਂ ਦੀ ਮਾਰ ਝੱਲਣ ਨਾਲ ਪੰਜਾਬ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ, ਕਿਸਾਨਾਂ ਦੀਆਂ ਹਜ਼ਾਰਾਂ ਏਕੜ ਫਸਲਾਂ ਤਬਾਹ ਹੋ ਗਈਆਂ ਹਨ , ਪਸ਼ੂਆਂ ਦਾ ਵੱਡੇ ਪੱਧਰ 'ਤੇ



ਨੁਕਸਾਨ ਹੋ ਰਿਹਾ ਹੈ, ਲੋਕਾਂ ਦੇ ਘਰਾਂ ਨੂੰ ਨੁਕਸਾਨ ਪਹੁੰਚਣ ਦੇ ਨਾਲ ਨਾਲ ਘਰਾਂ ਦਾ ਕੀਮਤੀ ਸਮਾਨ ਵੀ ਹੜ੍ਹਾਂ ਦੇ ਭਾਰ ਵਹਾਅ ਵਿੱਚ ਰੁੜ ਗਿਆ ਹੈ, ਇਸ ਲਈ ਦੁੱਖ ਦੀ ਘੜੀ ਵਿੱਚ ਸਰਕਾਰਾਂ ਨੂੰ ਹੀ ਪੀੜਤ ਲੋਕਾਂ ਦੀ ਮਦਦ ਲਈ ਖੁੱਲ੍ਹ ਕੇ ਅੱਗੇ ਆਉਣਾ ਚਾਹੀਦਾ ਹੈ ।ਉਹਨਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਡੇ ਪੱਧਰ 'ਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਜਾ ਕੇ ਲੋਕਾਂ ਨੂੰ ਰਾਹਤ ਦੇਣ ਦੇ ਕਾਰਜ ਕੀਤੇ ਜਾ ਰਹੇ ਹਨ। ਵਿਸ਼ੇਸ਼ ਕੈਂਪ ਲਗਾ ਕੇ ਮੈਡੀਕਲ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ ਅਤੇ ਲੰਗਰਾਂ ਦਾ ਵੀ ਲੋੜਵੰਦ ਲੋਕਾਂ ਤੱਕ ਪਹੁੰਚਾ ਕੇ ਵਿਸ਼ੇਸ਼ ਪ੍ਰਬੰਧ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਹਮੇਸ਼ਾ ਹੀ ਦੁੱਖ ਦੀ ਘੜੀ ਵਿੱਚ ਹਰੇਕ ਲੋੜਵੰਦ ਦੀ ਮਦਦ ਲਈ ਅੱਗੇ ਹੋ ਕੇ ਸਹਾਇਤਾ ਕਰਦੀ ਆ ਰਹੀ ਹੈ । ਪ੍ਰੋਫੈਸਰ ਬਡੂੰਗਰ ਨੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਕਰਨ ਲਈ ਸਮਾਜ ਸੇਵੀ ਸੰਸਥਾਵਾਂ ਅਤੇ ਹੋਰ ਵੱਖੋ-ਵੱਖ ਜਥੇਬੰਦੀਆਂ ਦਾ ਵੀ ਧੰਨਵਾਦ ਕੀਤਾ ਹੈ ਜੋ ਔਖੇ ਸਮੇਂ ਵਿੱਚ ਲੋੜਵੰਦ ਦੇ ਲੋਕਾਂ ਦੀ ਮਦਦ ਲਈ ਅੱਗੇ ਆ ਕੇ ਸਹਾਇਤਾ ਕਰ ਰਹੇ ਹਨ।

## ਰਾਸ਼ਨ ਕਾਰਡਾਂ 'ਚੋਂ ਨਾਮ ਕੱਟਣ ਦਾ ਡਾਟਾ ਇਕੱਤਰ ਕਰ ਰਹੇ 'ਆਪ' ਵਲੰਟੀਅਰ

➤ ਰਾਸ਼ਨ ਬੰਦ ਕਰਨ ਦੀਆਂ ਚਾਲਾਂ ਸਫਲ ਨਹੀਂ ਹੋਣ ਦੇਵਾਂਗੇ : ਡਾਬੀ




ਪਟਿਆਲਾ, 30 ਅਗਸਤ (ਰੁਪਾਣਾ) : ਆਮ ਆਦਮੀ ਪਾਰਟੀ ਦੇ ਵਲੰਟੀਅਰ ਹੁਣ ਆਪੋ ਆਪਣੇ ਕੌਂਸਲਰਾਂ ਨਾਲ ਰਲ ਕੇ ਜਿੰਨਾ ਲੋਕਾਂ ਦੇ ਨਾਮ ਰਾਸ਼ਨ ਕਾਰਡ 'ਚੋ ਕੱਟੇ ਗਏ ਹਨ, ਉਨ੍ਹਾਂ ਦਾ ਡਾਟਾ ਇਕੱਤਰ ਕਰ ਰਹੇ ਹਨ। ਜਾਣਕਾਰੀ ਦਿੰਦਿਆਂ ਸਕੱਤਰ ਪਟਿਆਲਾ ਅਮਿਤ ਡਾਬੀ ਨੇ ਦੱਸਿਆ ਕਿ ਭਾਜਪਾ ਵੱਲੋਂ ਪੰਜਾਬ ਦੇ 55 ਲੱਖ ਗ਼ਰੀਬ ਲੋਕਾਂ ਤੋਂ ਰਾਸ਼ਨ ਦਾ ਹੱਕ ਖੋਹਣ ਦੀ ਸਾਜ਼ਿਸ਼ ਖ਼ਿਲਾਫ਼ ਹਲਕਾ ਪਟਿਆਲਾ ਸ਼ਹਿਰੀ ਦੇ ਵਾਰਡ ਨੰ: 45 ਵਿੱਚ ਨੁੱਕੜ ਸਭਾ ਕੀਤੀ ਗਈ ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਲੋਕਾਂ ਦੇ ਨਾਮ ਲਿਖੀ ਖੁੱਲ੍ਹੀ ਚਿੱਠੀ ਬਾਰੇ ਲੋਕਾਂ ਨੂੰ ਦੱਸਿਆ ਗਿਆ ਕਿ ਜਿੰਨਾ ਚਿਰ ਤੁਹਾਡਾ ਭਰਾ, ਤੁਹਾਡਾ ਪੁੱਤ ਭਗਵੰਤ ਮਾਨ ਮੁੱਖ ਮੰਤਰੀ ਹੈ, ਕਿਸੇ ਦਾ ਵੀ ਹੱਕ ਨਹੀਂ ਖੋਹਣ ਦੇਵੇਗਾ। ਇਸ ਮੌਕੇ ਦਵਿੰਦਰ ਪਾਲ ਮਿੱਕੀ ਹਲਕਾ ਕੋਆਰਡੀਨੇਟਰ ਨਸ਼ਾ ਮੁਕਤੀ ਮੋਰਚਾ, ਗੋਬਿੰਦ ਹਲਕਾ ਵਾਈਸ ਕੋਆਰਡੀਨੇਟਰ, ਨਿਰਮਲ ਝਨੇੜੀ ਸੀਨੀਅਰ 'ਆਪ' ਆਗੂ, ਰੂਬੀ ਭਾਟੀਆ ਬਲਾਕ ਪ੍ਰਧਾਨ, ਸ਼ੰਭੂ ਡਾਬੀ, ਰਾਧਾ ਕ੍ਰਿਸ਼ਨ, ਮੁਕੇਸ਼ ਡਾਬੀ ਭਗਤ ਰਾਮ, ਸ਼ਾਮ ਢਾਲਿਆ, ਮੋਹਨ ਖੱਤਰੀ, ਮਨੋਜ ਚਿਤਾਰਾ, ਨੰਦ ਲਾਲ ਗਹਿਲੋਤ, ਮੋਹਿੰਦਰ ਡਾਬੀ, ਗਗਨ ਡਾਬੀ ਵੀ ਹਾਜ਼ਰ ਸਨ।

## ਪਟਿਆਲਾ ਦੇ ਨੀਵੇਂ ਇਲਾਕਿਆਂ ਅਤੇ ਸਲੱਮ ਬਸਤੀਆਂ 'ਚ ਡੇਂਗੂ ਦੀ ਰੋਕਥਾਮ ਲਈ ਚਲਾਈ ਮੁਹਿੰਮ

ਪਟਿਆਲਾ, 30 ਅਗਸਤ (ਰੁਪਾਣਾ) : ਇਸ ਸਾਲ ਦੇਰ ਤੱਕ ਅਤੇ ਲਗਾਤਾਰ ਪੈ ਰਹੇ ਮੀਂਹਾਂ ਕਾਰਨ ਕਈ ਨੀਵੇਂ ਇਲਾਕਿਆਂ ਵਿੱਚ ਖੜ੍ਹੇ ਪਾਣੀ ਦੇ ਮੱਦੇਨਜ਼ਰ ਸਿਹਤ ਵਿਭਾਗ ਪਟਿਆਲਾ ਦੀਆਂ ਟੀਮਾਂ ਵੱਲੋਂ ਡੇਂਗੂ ਤੇ ਮਲੇਰੀਏ ਦੀ ਰੋਕਥਾਮ ਲਈ ਗਤੀਵਿਧੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ। ਇਸ ਦੌਰਾਨ ਸਿਵਲ ਸਰਜਨ ਪਟਿਆਲਾ ਡਾ.ਜਗਪਾਲਇੰਦਰ ਸਿੰਘ ਦੀ ਅਗਵਾਈ ਵਿੱਚ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਪਟਿਆਲਾ ਜ਼ਿਲ੍ਹੇ ਦੇ ਨਵੇਂ ਇਲਾਕਿਆਂ ਅਤੇ ਸਲੱਮ ਬਸਤੀਆਂ ਵਿੱਚ ਡੇਂਗੂ ਵਿਰੋਧੀ ਡਰਾਈ ਡੇਅ ਗਤੀਵਿਧੀਆਂ ਕੀਤੀਆਂ ਗਈਆਂ।ਇਸ ਵਿਸ਼ੇਸ਼ ਮੁਹਿੰਮ ਦੌਰਾਨ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਓਮੈਕਸ ਮਾਲ ਦੇ ਪਿਛਲੇ ਪਾਸੇ ਬਣੇ ਹੋਏ ਹੋਟਲਾਂ ਦੇ ਨਾਲ ਨਾਲ ਮੱਛੀ ਮਾਰਕਿਟ, ਬੱਸ ਸਟੈਂਡ ਨੇੜੇ ਸਥਿਤ ਪਰੌਂਠਾ ਮਾਰਕਿਟ, ਦੇਸੀ ਮਹਿਮਾਨਦਾਰੀ, ਪਾਸੀ ਰੋਡ, ਚਰਨ ਬਾਗ, ਵਿਰਕ ਕਲੋਨੀ, ਡੀ. ਐਮ. ਡਬਲਿਊ, ਭਰਤ ਨਗਰ, ਸੂਲਰ, ਆਦਰਸ਼ ਕਲੋਨੀ, ਸਿਕਲੀਗਰ ਬਸਤੀ, ਪੀਲੀ ਸੜਕ ਰਾਘੋ ਮਾਜਰਾ, ਦੀਪ ਨਗਰ, ਝਿੱਲ ਰੋਡ, ਸਰਹੰਦ ਰੋਡ ਬਾਈਪਾਸ ਦੇ ਨੇੜੇ ਲੱਗਦੇ ਇਲਾਕਿਆਂ ਵਿੱਚ ਡੇਂਗੂ ਦੇ ਲਾਰਵੇ ਦੀ ਚੈਕਿੰਗ ਕੀਤੀ ਗਈ ਤੇ ਕਈ ਥਾਵਾਂ ਉੱਤੇ ਮਿਲਿਆ ਲਾਰਵਾ ਮੌਕੇ ਉੱਤੇ ਹੀ ਨਸ਼ਟ ਕਰਵਾਇਆ ਗਿਆ।ਸਿਵਲ ਸਰਜਨ ਡਾ.ਜਗਪਾਲਇੰਦਰ ਸਿੰਘ ਵੱਲੋਂ ਸਮੂਹ ਪਟਿਆਲਾ ਵਾਸੀਆਂ ਨੂੰ ਇਹ ਅਪੀਲ ਕੀਤੀ ਗਈ ਹੈ ਕਿ ਉਹ ਡੇਂਗੂ ਦੇ ਫੈਲਾਅ ਨੂੰ ਰੋਕਣ ਲਈ ਆਪਣੇ ਘਰਾਂ ਵਾਂਗ ਹੀ ਆਪਣੇ ਆਲੇ ਦੁਆਲੇ ਨੂੰ ਸਾਫ ਸੁਥਰਾ ਰੱਖਣ ਤੇ ਘਰਾਂ ਦੇ ਅੰਦਰ ਪਈਆਂ ਖਾਲੀ ਚੀਜ਼ਾਂ ਵਿੱਚ ਪਾਣੀ ਇੱਕਠਾ ਨਾ ਹੋਣ ਦੇਣ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਖੁੱਲ੍ਹੇ ਆਮ ਆਦਮੀ ਕਲੀਨਿਕਾਂ ਵਿੱਚ



ਡੇਂਗੂ ਦੀ ਜਾਂਚ ਮੁਫਤ ਕੀਤੀ ਜਾਂਦੀ ਹੈ ਤੇ ਦਵਾਈ ਵੀ ਮੌਕੇ ਉੱਤੇ ਮੁਫਤ ਉਪਲੱਬਧ ਕਰਵਾਈ ਜਾਂਦੀ ਹੈ। ਉਨ੍ਹਾਂ ਅੱਗੇ ਆਖਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਘਰ ਘਰ ਜਾ ਕੇ ਜਿੱਥੇ ਡੇਂਗੂ ਦੇ ਲਾਰਵੇ ਦੀ ਜਾਂਚ ਕੀਤੀ ਜਾ ਰਹੀ ਹੈ ਉੱਥੇ ਹੀ ਲੋਕਾਂ ਨੂੰ ਡੇਂਗੂ ਦੇ ਲੱਛਣਾਂ ਤੇ ਬਚਾਓ ਬਾਰੇ ਵੀ ਜਾਣਕਾਰੀ ਮੁਹੱਈਆ ਕਰਵਾਈ ਜਾ ਰਹੀ ਹੈ। ਜ਼ਿਲ੍ਹਾ ਐਪੀਡੇਮੌਲੋਜਿਸਟ ਡਾ.ਸੁਮੀਤ ਸਿੰਘ ਨੇ ਆਖਿਆ ਕਿ ਇਸ ਵਾਰ ਮੀਂਹ ਦਾ ਮੌਸਮ ਜਲਦ ਸ਼ੁਰੂ ਹੋਣ ਅਤੇ ਦੇਰ ਤੱਕ ਹੋ ਰਹੀ ਬਰਸਾਤ ਕਾਰਨ ਡੇਂਗੂ ਦਾ ਲਾਰਵਾ ਵੱਧ ਤਾਦਾਦ ਵਿੱਚ ਮਿਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜਿੱਥੇ ਕਿਤੇ ਵੀ ਸਿਹਤ ਵਿਭਾਗ ਦੀਆਂ ਟੀਮਾਂ ਨੂੰ ਲਾਰਵਾ ਮਿਲ ਰਿਹਾ ਹੈ ਉਸ ਨੂੰ ਮੌਕੇ ਉੱਤੇ ਹੀ ਨਸ਼ਟ ਕਰਵਾਇਆ ਜਾ ਰਿਹਾ ਹੈ। ਇਸ ਦੇ ਨਾਲ ਹੀ ਖੜ੍ਹੇ ਪਾਣੀ ਉੱਤੇ ਵੀ ਲਾਰਵੀਸਾਈਡ ਦਾ ਸਪਰੇਅ ਕੀਤਾ ਜਾ ਰਿਹਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਵਾਰੀ ਸਮੁੱਚੇ ਪਟਿਆਲਾ ਜਿਲ੍ਹੇ ਵਿੱਚ ਹੁਣ ਤੱਕ 59 ਡੇਂਗੂ ਦੇ ਕੇਸ ਪਾਏ ਗਏ ਹਨ। ਇਸ ਹਫਤੇ ਜਿਲ੍ਹੇ ਭਰ ਦੇ 44506 ਘਰਾਂ ਵਿਚ ਪਹੁੰਚ ਕੇ ਡੇਂਗੂ ਲਾਰਵੇ ਦੀ ਚੈਕਿੰਗ ਕੀਤੀ ਗਈ ਅਤੇ 721 ਥਾਂਵਾਂ 'ਤੇ ਮਿਲੇ ਲਾਰਵੇ ਨੂੰ ਟੀਮਾਂ ਵੱਲੋਂ ਮੌਕੇ 'ਤੇ ਹੀ ਨਸ਼ਟ ਕਰਵਾ ਦਿੱਤਾ ਗਿਆ। ਉਨ੍ਹਾਂ ਅੱਗੇ ਦੱਸਿਆ ਕਿ ਹੁਣ ਤੱਕ ਕਮੇਟੀਆਂ ਅਤੇ ਨਗਰ ਨਿਗਮ ਵੱਲੋਂ 39 ਵਿਅਕਤੀਆਂ ਦੇ ਚਲਾਨ ਵੀ ਕੱਟੇ ਜਾ ਚੁੱਕੇ ਹਨ।ਹੁਣ ਤੱਕ ਸਿਹਤ ਟੀਮਾਂ ਵੱਲੋਂ ਡਰਾਈ ਡੇਅ ਮੁਹਿੰਮ ਤਹਿਤ 673212 ਘਰਾਂ ਦਾ ਸਰਵੇ ਕੀਤਾ ਜਾ ਚੁੱਕਾ ਹੈ, ਜਿਨ੍ਹਾਂ ਵਿੱਚ 4907 ਥਾਵਾਂ 'ਤੇ ਮਿਲੇ ਲਾਰਵਾ ਨੂੰ ਟੀਮਾਂ ਵੱਲੋਂ ਮੌਕੇ 'ਤੇ ਹੀ ਨਸ਼ਟ ਕਰਵਾ ਦਿੱਤਾ ਗਿਆ ਹੈ।

## ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਦੀਆਂ ਚੋਣਾਂ 2025 ਲਈ ਵੋਟਾਂ ਦੀ ਸੁਧਾਈ ਤੇ ਅਪਡੇਸ਼ਨ ਦਾ ਕੰਮ ਜਾਰੀ

ਪਟਿਆਲਾ, 30 ਅਗਸਤ (ਚ.ਨ.ਸ.) : ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ)-ਕਮ-ਵਧੀਕ ਜ਼ਿਲ੍ਹਾ ਚੋਣਕਾਰ ਅਫ਼ਸਰ ਅਮਰਿੰਦਰ ਸਿੰਘ ਟਿਵਾਣਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਾਜ ਕਮਿਸ਼ਨਰ ਚੋਣ ਵੱਲੋਂ ਰਾਜ ਵਿੱਚ ਹੜ੍ਹਾਂ ਦੀ ਸਥਿਤੀ ਨੂੰ ਦੇਖਦੇ ਹੋਏ ਅਤੇ ਪ੍ਰਸ਼ਾਸ਼ਨ ਦੇ ਬਚਾਅ ਕਾਰਜਾਂ ਨੂੰ ਦੇਖਦੇ ਹੋਏ ਅਗਾਮੀ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ 2025 ਲਈ ਵੋਟਰ ਸੂਚੀਆਂ ਦੀ ਸੁਧਾਈ ਲਈ ਦਾਅਵਿਆਂ ਅਤੇ ਇਤਰਾਜਾਂ ਦੀ ਮਿਆਦ 3 ਸਤੰਬਰ ਤੱਕ ਵਧਾ ਦਿੱਤੀ ਗਈ ਹੈ।ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਦੌਰਾਨ ਪ੍ਰਾਪਤ ਹੋਣ ਵਾਲੇ ਦਾਅਵੇ ਅਤੇ ਇਤਰਾਜਾਂ ਦਾ ਨਿਪਟਾਰਾ 8 ਸਤੰਬਰ ਤੱਕ ਕਰ ਦਿੱਤਾ ਜਾਵੇਗਾ ਅਤੇ ਚੋਣ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾਂ 9 ਸਤੰਬਰ 2025 ਨੂੰ ਕੀਤੀ ਜਾਵੇਗੀ। ਉਹਨਾਂ ਸਭ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਜਾਣਕਾਰੀ ਦੀ ਜਾਂਚ ਕਰਨ ਅਤੇ ਲੋੜ ਹੋਣ 'ਤੇ ਦਾਅਵਾ ਜਾਂ ਇਤਰਾਜ਼ ਦਾਖ਼ਲ ਕਰਨ ਲਈ 3 ਸਤੰਬਰ ਤੋਂ ਪਹਿਲਾਂ ਆਪਣੇ ਦਾਅਵੇ ਜਾਂ ਇਤਰਾਜ਼ ਜਰੂਰ ਦਾਖ਼ਲ ਕਰਨ।

## ਮਹਿੰਦਰਾ ਕਾਲਜ 'ਚ ਰਾਸ਼ਟਰੀ ਖੇਡ ਦਿਵਸ ਮਨਾਇਆ




ਪਟਿਆਲਾ, 30 ਅਗਸਤ (ਚ.ਨ.ਸ.) : ਸਰੀਰਕ ਸਿੱਖਿਆ ਵਿਭਾਗ, ਐਨ .ਐਸ .ਐਸ. ਯੂਨਿਟ 1 ਅਤੇ ਯੋਗਾ ਵਿਭਾਗ ਨੇ ਸਾਂਝੇ ਤੌਰ 'ਤੇ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਵਿਖੇ ਰਾਸ਼ਟਰੀ ਖੇਡ ਦਿਵਸ ਦਾ ਆਯੋਜਨ ਕੀਤਾ। ਅੰਤਰਰਾਸ਼ਟਰੀ ਹਾਕੀ ਖਿਡਾਰਨ ਕੁਲਵੰਤ ਕੌਰ ਨੇ ਮੁੱਖ ਮਹਿਮਾਨ ਵਜੋਂ ਸਮਾਗਮ ਦੀ ਪ੍ਰਧਾਨਗੀ ਕੀਤੀ। ਉਨ੍ਹਾਂ ਨੇ ਮੇਜਰ ਧਿਆਨ ਚੰਦ ਦੀ ਖੇਡ ਪ੍ਰਾਪਤੀਆਂ 'ਤੇ ਚਾਨਣਾ ਪਾਇਆ ਅਤੇ ਵਿਦਿਆਰਥੀਆਂ ਨੂੰ ਸਫਲਤਾ ਪ੍ਰਾਪਤ ਕਰਨ ਲਈ ਸਖ਼ਤ ਮਿਹਨਤ ਕਰਨ ਅਤੇ ਅਨੁਸ਼ਾਸਿਤ ਜੀਵਨ ਜੀਉਣ ਦੀ ਅਪੀਲ ਕੀਤੀ। ਕਾਲਜ ਦੇ ਡਾ.ਸਵਿੰਦਰ ਰੇਖੀ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਜੰਕ ਫੂਡ ਨੂੰ ਨਜ਼ਰ ਅੰਦਾਜ਼ ਕਰਕੇ ਸਿਹਤਮੰਦ ਜੀਵਨ ਜੀਉਣ ਅਤੇ ਖੇਡਾਂ ਵਿੱਚ ਪ੍ਰਾਪਤੀ ਲਈ ਜੁਝਾਰੂ ਪ੍ਰਵਿਰਤੀਆਂ ਵਿਕਸਤ ਕਰਨ ਦੀ ਅਪੀਲ ਕੀਤੀ। ਕਾਲਜ ਪ੍ਰਿੰਸੀਪਲ ਡਾ. ਮਨਿੰਦਰ ਸਿੱਧੂ ਨੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ ਅਤੇ ਰਾਸ਼ਟਰੀ ਖੇਡ ਦਿਵਸ ਦੀ ਵਧਾਈ ਦਿੱਤੀ । ਐਨ .ਐਸ.ਐਸ. ਪ੍ਰੋਗਰਾਮ ਅਫਸਰ ਡਾ. ਕਿਰਨਜੀਤ ਕੌਰ, ਪ੍ਰੋ . ਗੁਰਸੇਵ ਸਿੰਘ, ਪ੍ਰੋ.ਗੁਰਪ੍ਰੀਤ ਕੌਰ, ਪ੍ਰੋ.ਪਰਮਵੀਰ ਅਤੇ ਯੋਗਾ ਕੋਚ ਮੱਖਣ ਸਮੇਤ ਕਾਲਜ ਦੇ ਫੈਕਲਟੀ ਅਤੇ ਵਿਦਿਆਰਥੀ ਮੌਜੂਦ ਸਨ।

*ਸ਼੍ਰੀਮਦ ਦੇਵੀ ਭਾਗਵਤ ਕਥਾ ਦਾ ਸੱਤਵਾਂ ਦਿਨ*

## ਕਲਯੁੱਗ 'ਚ ਸਾਰੇ ਦੇਵਤਾ ਧਰਤੀ ਨੂੰ ਛੱਡ ਕੇ ਚਲੇ ਜਾਣਗੇ, ਉਦੋਂ ਮਾਂ ਜਗਦੰਬਾ ਹੀ ਮਨੁੱਖਾਂ ਅਤੇ ਦੇਵਤਿਆਂ ਦਾ ਕਲਿਆਣ ਕਰੇਗੀ : ਸਵਾਮੀ ਜੀ

ਸਮਾਣਾ, 30 ਅਗਸਤ (ਵਿਜੇ ਕੁਮਾਰ/ਜਵੰਦਾ) : ਸਵਾਮੀ ਸ਼੍ਰੀ ਨਲਿਨਾਨੰਦ ਗਿਰੀ ਜੀ ਨੇ ਸਮਾਣਾ ਵਿਖੇ ਚੱਲ ਰਹੀ ਸ਼੍ਰੀ ਮਦ ਦੇਵੀ ਭਾਗਵਤ ਕਥਾ ਦੇ ਸੱਤਵੇਂ ਦਿਨ ਕਿਹਾ ਕਿ ਹਰ ਕੋਈ ਆਪਣੇ ਲਈ ਜਿਉਂਦਾ ਹੈ, ਪਰ ਜੋ ਧਰਮ ਅਤੇ ਰਾਸ਼ਟਰ ਲਈ ਜਿਉਂਦਾ ਹੈ, ਉਹੀ ਸੱਚਾ ਸਨਾਤਨੀ ਹੈ।ਸਵਾਮੀ ਜੀ ਨੇ ਕਿਹਾ ਕਿ ਵੈਦਿਕ ਸਨਾਤਨ ਸੰਸਕ੍ਰਿਤੀ ਹੀ ਇਸ ਸੰਸਾਰ ਦਾ ਮੂਲ ਹੈ। ਉਨ੍ਹਾਂ ਨੇ 'ਧਰਮੇਣ ਹੀਨਾ: ਪਸ਼ੁਭਿ: ਸਮਾਨਾ' ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਜਿਹੜੇ ਇਨਸਾਨ ਧਰਮ ਤੋਂ ਸੱਖਣੇ ਹਨ, ਉਹ ਪਸ਼ੂਆਂ ਦੇ ਬਰਾਬਰ ਹਨ।ਮਾਤਾ ਦਾ ਪ੍ਰਕਾਸ਼ ਸਾਰੇ ਸ਼ਸਤਰਾਂ ਨਾਲ ਹੋਇਆ ਅਤੇ ਉਨ੍ਹਾਂ ਨੇ ਮਹਿਖਾਸੁਰ, ਰਕਤਬੀਜ, ਚੰਡ, ਮੁੰਡ ਆਦਿ ਸਾਰੇ ਅਸੁਰਾਂ ਦਾ ਨਾਸ਼ ਕਰਕੇ ਸਾਰੇ ਦੇਵਤਿਆਂ ਨੂੰ ਭੈਅ ਮੁਕਤ ਕੀਤਾ।ਸਵਾਮੀ ਜੀ ਨੇ ਦੱਸਿਆ ਕਿ



ਕਲਯੁਗ ਵਿੱਚ ਸਾਰੇ ਦੇਵਤਾ ਧਰਤੀ ਨੂੰ ਛੱਡ ਕੇ ਚਲੇ ਜਾਣਗੇ, ਉਦੋਂ ਮਾਂ ਜਗਦੰਬਾ ਹੀ ਮਨੁੱਖਾਂ ਅਤੇ ਦੇਵਤਿਆਂ ਦਾ ਕਲਿਆਣ ਕਰੇਗੀ।ਇਸ ਮੌਕੇ ਤੋਂ ਇਲਾਵਾ ਪਰਵੀਨ ਬਾਂਸਲ, ਅਜੇ ਮਿੱਤਲ, ਅਸ਼ੋਕ ਕਾਂਸਲ ਪਾਣੀਪਤ, ਜੁਗਲ ਕਾਂਸਲ ਪਾਣੀਪਤ, ਰਿੰਕੂ ਕਾਂਸਲ ਪਾਣੀਪਤ, ਪ੍ਰਿੰਸ ਮਿਤਲ, ਵਿਜੇ ਮਿੱਤਲ ਖਨੌਰੀ, ਰਵੀ ਸਿੰਗਲਾ ਪਾਤੜਾ, ਓਸ਼ਾ ਗੋਇਲ, ਕੁੰਤਾ ਮਿੱਤਲ, ਸੁਰੇਸ਼ ਤੁਲਾਨੀ, ਮਨੀਸ਼ ਧੀਮਾਨ ਤੋਂ ਇਲਾਵਾ ਸੈਂਕੜੇ ਔਰਤ ਮਰਦ ਮੌਜੂਦ ਸਨ।ਵਰਨਣਯੋਗ ਹੈ ਕਿ ਸ੍ਰੀ ਨੈਨਾਂ ਦੇਵੀ ਪੈਦਲ ਯਾਤਰਾ ਪ੍ਰਧਾਨ ਵਿਜੇ ਬੰਟੀ ਅਤੇ ਸਮੂਹ ਮੈਂਬਰ ਲੰਗਰ ਸੇਵਾ ਵਿੱਚ ਲੱਗੀ ਡਿਊਟੀ ਨੂੰ ਬਾਖੂਬੀ ਨਿਭਾਅ ਰਹੇ ਹਨ।

## ਡੀ.ਬੀ.ਜੀ. ਨੇ ਪਿੰਡ ਖਰਾਬਗੜ੍ਹ ਵਿਖੇ ਖ਼ੂਨਦਾਨ ਕੈਂਪ ਲਗਾਇਆ

ਪਟਿਆਲਾ, 30 ਅਗਸਤ (ਚ.ਨ.ਸ.) : ਡੈਡੀਕੇਟਿਡ ਬ੍ਰਦਰਜ਼ ਗਰੁੱਪ ਰਜਿ. ਪੰਜਾਬ ਪਟਿਆਲਾ ਦੇ ਸੰਸਥਾਪਕ ਅਤੇ ਪ੍ਰਧਾਨ ਡਾ.ਰਾਕੇਸ਼ ਵਰਮੀ ਦੀ ਸਰਪ੍ਰਸਤੀ ਹੇਠ ਪਿੰਡ ਖਰਾਬਗੜ੍ਹ ਵਿਖੇ ਨੌਜਵਾਨ ਸਾਥੀ ਗੁਰਪ੍ਰੀਤ ਸਿੰਘ ਸੀ.ਐਪ.ਪੀ. ਅਤੇ ਜਸਪਾਲ ਸਰਪੰਚ ਗ੍ਰਾਮ ਪੰਚਾਇਤ ਖਰਾਬਗੜ੍ਹ ਮਲਕੀਤ ਸਿੰਘ, ਅੰਕਿਤ ਸਿੰਘ, ਪ੍ਰਦੀਪ ਕੁਮਾਰ ਗੋਪੀ, ਤਰਸੇਮ ਸਿੰਘ ਯੁਵਾ ਗਰੁੱਪ ਖਰਾਬਗੜ੍ਹ ਦੇ ਸਹਿਯੋਗ ਨਾਲ ਗੁਗਾਮਾੜੀ ਖਰਾਬਗੜ੍ਹ ਵਿਖੇ ਖ਼ੂਨਦਾਨ ਕੈਂਪ ਆਯੋਜਿਤ ਕੀਤਾ, ਜਿਸ ਵਿੱਚ ਗੁਰਦੀਪ ਸਿੰਘ, ਹੈਪੀ ਸੁਖੀਜਾ ਅਤੇ ਉਨਾਂ ਦੀ ਬਲੱਡ ਬੈਂਕ ਦੀ ਟੀਮ ਨੇ ਨੌਜਵਾਨਾਂ ਦੀ ਹੌਂਸਲਾ ਅਫਜਾਈ ਕਰਦੇ ਹੋਏ 48 ਯੂਨਿਟ ਬਲੱਡ ਪ੍ਰਾਪਤ ਕੀਤਾ। ਡੈਡੀਕੇਟਿਡ ਬ੍ਰਦਰਜ਼ ਗਰੁੱਪ ਰਜਿ: ਪੰਜਾਬ ਦੇ ਟੀਮ ਆਗੂ



ਡਾ.ਰਾਕੇਸ਼ ਵਰਮੀ, ਅਮਨਇੰਦਰ ਸਿੰਘ, ਭੁਪਿੰਦਰ ਸਿੰਘ ਨਿਰਮਲ ਜੈਨ ਨੇ ਨੌਜਵਾਲ ਖ਼ੂਨਦਾਨੀਆਂ ਦੀ ਰਜਿਸਟ੍ਰੇਸ਼ਨ ਕੀਤੀ ਅਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾ.ਰਾਕੇਸ਼ ਵਰਮੀ ਨੇ ਨੌਜਵਾਨਾਂ ਨੂੰ ਜਾਗਰੂਕ ਕਰਦੇ ਹੋਏ ਦੱਸਿਆ 18 ਸਾਲ ਤੋਂ 65 ਸਾਲ ਤੱਕ ਦਾ ਹਰ ਇਸਤਰੀ/ਪੁਰਸ਼ ਖ਼ੂਨਦਾਨ ਕਰ ਸਕਦਾ ਹੈ। ਡੀ.ਬੀ.ਜੀ. ਖ਼ੂਨਦਾਨ ਪ੍ਰਾਜੈਕਟ ਇੰਚਾਰਜ ਦਿਲਪ੍ਰੀਤ ਸਿੰਘ ਨੇ ਖ਼ੂਨਦਾਨੀਆਂ ਅਤੇ ਸਮੂਹ ਸਹਿਯੋਗੀਆਂ ਦਾ ਧੰਨਵਾਦ ਕੀਤਾ। ਇਹ ਜਾਣਕਾਰੀ ਅਮਨਇੰਦਰ ਸਿੰਘ ਸੈਣੀ ਨੇ ਦਿੱਤੀ।

## ਔਰਤ ਨਾਲ ਕੁੱਟਮਾਰ ਕਰਨ ਕਰਨ ਦੇ ਦੋਸ਼ 'ਚ ਸੱਸ-ਸਹੁਰੇ ਅਤੇ ਨਣਦ ਖਿਲਾਫ ਮਾਮਲਾ ਦਰਜ

ਸਮਾਣਾ, 30 ਅਗਸਤ (ਵਿਜੇ ਕੁਮਾਰ) : ਪਰਿਵਾਰਕ ਜਾਇਦਾਦ ਨੂੰ ਲੈ ਕੇ ਆਪਸੀ ਝਗੜੇ ਦੇ ਕਾਰਨ ਘਰ ਵਿੱਚ ਦਾਖਲ ਹੋ ਕੇ ਔਰਤ ਨਾਲ ਕੁੱਟਮਾਰ ਕਰਨ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਦੋਸ਼ ਵਿੱਚ ਉਸ ਦੇ ਸੱਸ-ਸਹੁਰੇ ਅਤੇ ਨਣਦ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।ਇਸ ਮਾਮਲੇ ਦੇ ਜਾਂਚ ਅਧਿਕਾਰੀ ਬਾਦਸ਼ਾਹਪੁਰ ਪੁਲਿਸ ਚੌਂਕੀ ਦੇ ਏ.ਐੱਸ.ਆਈ. ਗੁਰਦੇਵ ਸਿੰਘ ਚੀਮਾ ਨੇ ਦੱਸਿਆ ਕਿ ਪਿੰਡ ਰਾਮਪੁਰ ਪੈਂਦਾ ਦੀ ਵਸਨੀਕ ਰਮਨਦੀਪ ਕੌਰ ਪਤਨੀ ਤਰਨਦੀਪ ਸਿੰਘ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ 26 ਅਗਸਤ ਦੀ ਸਵੇਰ ਨੂੰ ਉਸ ਦੀ ਸੱਸ ਕੰਬਲਜੀਤ ਕੌਰ, ਸਹੁਰਾ ਕਰਨੈਲ ਸਿੰਘ ਅਤੇ ਨਣਦ ਸਿਮਰਨਜੀਤ ਕੌਰ ਵਾਸੀ ਪਿੰਡ ਰਾਮਪੁਰ ਪੈਂਦਾ ਨੇ ਉਸ ਦੇ ਘਰ ਦਾਖਲ ਹੋ ਕੇ ਕੁੱਟਮਾਰ ਕੀਤੀ ਅਤੇ ਛੁਡਾਉਣ ਆਏ ਉਸ ਦੇ ਪਤੀ ਨਾਲ ਵੀ ਕੁੱਟਮਾਰ ਕੀਤੀ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਕੇ ਫਰਾਰ ਹੋ ਗਏ। ਦੋਵਾਂ ਨੂੰ ਜ਼ਖਮੀ ਹਾਲਤ ਵਿੱਚ ਇਲਾਜ ਲਈ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ।ਅਧਿਕਾਰੀ ਅਨੁਸਾਰ ਸ਼ਿਕਾਇਤ ਦੇ ਆਧਾਰ 'ਤੇ ਪੁਲਿਸ ਨੇ ਮਾਮਲਾ ਦਰਜ ਕਰਕੇ ਨਣਦ ਸਿਮਰਨਜੀਤ ਕੌਰ ਨੂੰ ਗ੍ਰਿਫਤਾਰ ਕਰਕੇ ਜੁਡੀਸ਼ੀਅਲ ਹਿਰਾਸਤ 'ਚ ਜੇਲ੍ਹ ਭੇਜ ਦਿੱਤਾ ਹੈ, ਜਦਕਿ ਬਾਕੀ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ।

## ਮੋਦੀ ਕਾਲਜ 'ਚ ਰਾਸ਼ਟਰੀ ਖੇਡ ਦਿਵਸ ਮਨਾਇਆ



ਪਟਿਆਲਾ, 30 ਅਗਸਤ (ਰੁਪਾਣਾ) : ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਨੇ ਅੱਜ ਰਾਸ਼ਟਰੀ ਖੇਡ ਦਿਵਸ 2025 ਨੂੰ ਉਤਸ਼ਾਹ ਅਤੇ ਜੋਸ਼ ਨਾਲ ਮਨਾਇਆ। ਇਹ ਸਮਾਗਮ ਮੇਜਰ ਧਿਆਨ ਚੰਦ, ਇੱਕ ਮਹਾਨ ਹਾਕੀ ਖਿਡਾਰੀ ਅਤੇ ਭਾਰਤ ਦੀ ਖੇਡ ਸ਼ਕਤੀ ਦੇ ਪ੍ਰਤੀਕ, ਦੇ ਜਨਮ ਦਿਵਸ ਦੀ ਯਾਦ ਵਿੱਚ ਆਯੋਜਿਤ ਕੀਤਾ ਗਿਆ ਸੀ।ਇਸ ਸਾਲ ਰਾਸ਼ਟਰੀ ਖੇਡ ਦਿਵਸ 2025 ਦਾ ਥੀਮ 'ਖੇਡਾਂ ਸਭ ਲਈ' ਹੈ ਜੋ ਖੇਡਾਂ ਵਿੱਚ ਮਿਲਵਰਤਨ ਅਤੇ ਖੇਡ-ਭਾਵਨਾ ਦੀ ਮਹੱਤਤਾ 'ਤੇ ਜ਼ੋਰ ਦਿੰਦਾ ਹੈ। ਇਹ ਥੀਮ ਸਪੋਰਟਸ ਅਥਾਰਟੀ ਆਫ਼ ਇੰਡੀਆ ਦੇ ਮਿਸ਼ਨ ਨਾਲ ਮੇਲ ਖਾਂਦਾ ਹੈ, ਤਾਂ ਜੋ ਹਰ ਉਮਰ ਅਤੇ ਪਿਛੋਕੜ ਵਾਲੇ ਲੋਕਾਂ ਵਿੱਚ ਖੇਡ ਵਿਕਾਸ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕੀਤਾ ਜਾ ਸਕੇ।ਇਸ ਮੌਕੇ ਤੇ ਕਾਲਜ ਦੇ ਪ੍ਰਿੰਸੀਪਲ ਡਾ. ਨੀਰਜ ਗੋਇਲ ਨੇ ਕਿਹਾ ਕਿ ਰਾਸ਼ਟਰੀ ਖੇਡ ਦਿਵਸ ਖੇਡ-ਭਾਵਨਾ ਅਤੇ ਅਨਸ਼ਾਸ਼ਨ ਪ੍ਰਾਪਤੀ ਦੀ ਮਹੱਤਤਾ ਦਰਸਾਉਣ ਦਾ ਮੌਕਾ ਹੈ। ਡੀਨ ਸਪੋਰਟਸ ਫਲਾਇੰਗ ਅਫਸਰ ਡਾ. ਸੁਮੀਤ ਕੁਮਾਰ ਨੇ ਅੱਗੇ ਕਿਹਾ ਕਿ ਰਾਸ਼ਟਰੀ ਖੇਡ ਦਿਵਸ ਸਾਡੇ ਜੀਵਨ ਵਿੱਚ ਖੇਡਾਂ ਦੀ ਮਹੱਤਤਾ ਦੀ ਯਾਦ ਦਿਵਾਉਂਦਾ ਹੈ। ਖੇਡਾਂ ਨਾ ਸਿਰਫ਼ ਸਰੀਰਕ ਤੰਦਰੁਸਤੀ ਨੂੰ ਉਤਸ਼ਾਹਿਤ ਕਰਦੀਆਂ ਹਨ, ਬਲਕਿ ਸਾਨੂੰ ਟੀਮ ਵਰਕ, ਅਨੁਸ਼ਾਸਨ ਅਤੇ ਖੇਡ-ਭਾਵਨਾ ਵਰਗੇ ਕੀਮਤੀ ਜੀਵਨ ਹੁਨਰ ਵੀ ਸਿਖਾਉਂਦੀਆਂ ਹਨ।ਡਾ.ਨਿਸ਼ਾਨ ਸਿੰਘ, ਮੁਖੀ ਖੇਡ-ਵਿਭਾਗ ਨੇ ਦੱਸਿਆ ਕਿ ਇਸ ਸਮਾਗਮ ਦੌਰਾਨ, ਵਿਦਿਆਰਥੀਆਂ ਲਈ ਵੱਖ-ਵੱਖ ਖੇਡਾਂ ਅਤੇ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ, ਜਿਸ ਨਾਲ ਉਨ੍ਹਾਂ ਨੂੰ ਆਪਣੇ ਹੁਨਰ ਅਤੇ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਦਾ ਮੌਕਾ ਮਿਲਿਆ।ਇਸ ਮੌਕੇ ਤੇ ਮਿਸ. ਮਨਦੀਪ ਕੌਰ ਨੇ ਦੱਸਿਆ ਕਿ ਕਾਲਜ ਦਾ ਖੇਡ ਵਿਭਾਗ ਵਿਦਿਆਰਥੀਆਂ ਵਿੱਚ ਖੇਡ ਵਿਕਾਸ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

## ਗਣਪਤੀ ਮਹਾਂਉਤਸਵ ਦੇ ਤੀਜੇ ਦਿਨ ਗੁਰਦੇਵ ਟਿਵਾਣਾ ਤੇ ਹਰਜਿੰਦਰ ਸਿੰਘ ਮਿੰਟੂ ਨੇ ਕੀਤੀ ਸ਼ਿਰਕਤ



ਸਮਾਣਾ, 30 ਅਗਸਤ (ਵਿਜੇ ਕੁਮਾਰ) : ਸ੍ਰੀ ਸਿੱਧੀ ਵਿਨਾਇਕ ਗਣੇਸ਼ ਮੰਡਲ ਵੱਲੋਂ 5 ਰੋਜ਼ਾ 20ਵਾਂ ਗਣਪਤੀ ਮਹਾਉਤਸਵ ਡੋਗਰ ਬਾਜਾਰ 'ਚ ਗੋਪਾਲ ਕ੍ਰਿਸ਼ਨ ਦੀ ਅਗਵਾਈ ਹੇਠ ਮਨਾਇਆ ਜਾ ਰਿਹਾ ਹੈ । ਤੀਜੇ ਦਿਨ ਦੇ ਸਮਾਗਮ 'ਚ ਪਹੁੰਚੇ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਦੇ ਪੀ.ਏ ਗੁਰਦੇਵ ਸਿੰਘ ਟਿਵਾਣਾ ਅਤੇ ਭਰਾ ਹਰਜਿੰਦਰ ਸਿੰਘ ਮਿੰਟੂ ਨੇ ਸ੍ਰੀ ਗਣੇਸ਼ ਜੀ ਦੀ ਮੂਰਤੀ ਅੱਗੇ ਨਤਮਸਤਕ ਹੋ ਕੇ ਸ੍ਰੀ ਗਣੇਸ਼ ਜੀ ਤੋਂ ਆਸ਼ੀਰਵਾਦ ਲਿਆ।ਇਸ ਮੌਕੇ ਸ: ਟਿਵਾਣਾ ਅਤੇ ਸ: ਮਿੰਟੂ ਨੇ ਸ਼ਹਿਰ ਨਿਵਾਸੀਆਂ ਨੂੰ ਗਣੇਸ਼ ਚਤੁਰਥੀ ਦੀਆਂ ਹਾਰਦਿਕ ਵਧਾਈ ਅਤੇ ਕਿਹਾ ਕਿ ਸ੍ਰੀ ਗਣੇਸ਼ ਮਹਾਰਾਜ ਜੀ ਦੀ ਅਪਾਰ ਕਿਰਪਾ ਸਦਾ ਸਾਰਿਆਂ 'ਤੇ ਬਣੀ ਰਹੇ।ਉਨ੍ਹਾਂ ਕਿਹਾ ਕਿ ਸਾਨੂੰ ਇਸ ਤਿਉਹਾਰ ਰਾਹੀਂ ਏਕਤਾ, ਮਿਲਾਪ ਅਤੇ ਚੰਗੇ ਕਰਮ ਕਰਨ ਦੀ ਪ੍ਰੇਰਨਾ ਲੈਣੀ ਚਾਹੀਦੀ ਹੈ।ਇਸ ਦੌਰਾਨ ਭਜਨ-ਕੀਰਤਨ, ਅਤੇ ਭਗਤੀਮਈ ਗਾਇਕੀ ਨਾਲ ਪੰਡਾਲ ਗੂੰਜ ਉੱਠਿਆ।ਇਸ ਮੌਕੇ ਸੁਨੈਨਾ ਮਿੱਤਲ, ਦੀਪਕ ਵਧਵਾ, ਰਵਿੰਦਰ ਸੋਹਲ, ਧਰਮਪਾਲ ਨਾਹਰ, ਰਵਿੰਦਰ ਰਮੀ, ਰਾਜੂ ਛਾਬੜਾ, ਰਾਜਕੁਮਾਰ, ਜਗਸੀਰ ਸਿੰਘ ਸਰਪੰਚ, ਪ੍ਰਦੀਪ ਸ਼ਰਮਾ, ਅੰਮ੍ਰਿਤ ਤਲਵੰਡੀ ਵੀ ਮੌਜੂਦ ਸਨ।



# ਪਟਿਆਲਾ-ਆਸ/ਪਾਸ



## ਮਾਲ ਵਿਭਾਗ ਦੇ ਕੰਮਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਵੱਲੋਂ ਮੀਟਿੰਗ

➢ਅਧਿਕਾਰੀਆਂ ਨੂੰ ਪਾਰਦਰਸ਼ੀ ਅਤੇ ਸਮੇਂ-ਸਿਰ ਸੇਵਾਵਾਂ ਯਕੀਨੀ ਬਣਾਉਣ ਦੇ ਦਿੱਤੇ ਆਦੇਸ਼



ਮਲੇਰਕੋਟਲਾ, 30 ਅਗਸਤ (ਚ.ਨ.ਸ.) : ਡਿਪਟੀ ਕਮਿਸ਼ਨਰ ਮਾਲੇਰਕੋਟਲਾ ਵਿਰਾਜ ਐਸ. ਤਿੜਕੇ ਵੱਲੋਂ ਜ਼ਿਲ੍ਹਾ ਪੱਧਰ 'ਤੇ ਮਾਲ ਵਿਭਾਗ ਦੇ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਅਧਿਕਾਰੀਆਂ ਨਾਲ ਮਹੀਨਾਵਾਰ ਮੀਟਿੰਗ ਕੀਤੀ ਗਈ। ਮੀਟਿੰਗ ਵਿਚ ਮਾਲ ਨਾਲ ਸਬੰਧਤ ਵੱਖ-ਵੱਖ ਮਾਮਲਿਆਂ, ਸਕੀਮਾਂ ਅਤੇ ਲੰਬਿਤ ਕੰਮਾਂ ਦੀ ਬਾਰੀਕੀ ਨਾਲ ਸਮੀਖਿਆ ਕੀਤੀ ਗਈ ਅਤੇ ਅਧਿਕਾਰੀਆਂ ਨੂੰ ਕੰਮ ਸਮੇਂ ਸਿਰ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ ਗਏ। ਲੋਕਾਂ ਦੇ ਸਮੇਂ ਦੀ ਬੱਚਤ ਕਰਨ ਲਈ ਅਤੇ ਵਿਭਾਗਾਂ ਵਿਚ ਬੇਲੋੜੀ ਖੱਜਲ ਖ਼ੁਆਰੀ ਨੂੰ ਮੁਕੰਮਲ ਤੌਰ 'ਤੇ ਬੰਦ ਕਰਨ ਲਈ ਅਧਿਕਾਰੀਆਂ ਨੂੰ ਸਰਗਰਮ ਯੋਗਦਾਨ ਪਾਉਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਹਦਾਇਤ ਕੀਤੀ ਕਿ ਨਾਗਰਿਕਾਂ ਨੂੰ ਮਾਲ ਵਿਭਾਗ ਨਾਲ ਸਬੰਧਤ ਵੱਖ-ਵੱਖ ਸੇਵਾਵਾਂ ਪ੍ਰਦਾਨ ਕਰਨ ਵਿੱਚ ਤੇਜ਼ੀ ਲਿਆਂਦੀ ਜਾਵੇ। ਉਨ੍ਹਾਂ ਹੋਰ ਹਦਾਇਤ ਕੀਤੀ ਕਿ ਇੰਤਕਾਲ, ਵੰਡ,ਜਮ੍ਹਾਂਬੰਦੀਆਂ ਅਤੇ ਨਿਸ਼ਾਨਦੇਹੀ ਦੇ ਮਾਮਲਿਆਂ ਨੂੰ ਬਿਨਾਂ ਕਿਸੇ ਦੇਰੀ ਤੋਂ ਸਮਾਂਬੱਧ ਤਰੀਕੇ ਨਾਲ ਨਿਪਟਾਉਣ ਲਈ ਇੱਕ ਮੁਹਿੰਮ ਦੇ ਤੌਰ 'ਤੇ ਕੰਮ ਕੀਤਾ ਜਾਵੇ। ਈਜ਼ੀ ਰਜਿਸਟਰੀ ਪ੍ਰਕਿਰਿਆ ਦਾ ਜਾਇਜ਼ਾ ਲੈਂਦਿਆਂ ਉਨ੍ਹਾਂ ਸਪੱਸ਼ਟ ਕੀਤਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਤਰਜ਼ੀਹ ਹੈ ਕਿ ਈਜ਼ੀ ਰਜਿਸਟਰੀ ਅਤੇ ਈਜ਼ੀ ਜਮ੍ਹਾਂਬੰਦੀ ਵਰਗੀਆਂ ਆਨਲਾਈਨ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਜਨਤਾ ਤੱਕ ਪਹੁੰਚੇ। ਉਨ੍ਹਾਂ ਅਧਿਕਾਰੀਆਂ ਨੂੰ ਸਾਰੇ ਕੰਮ ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਮੁਤਾਬਕ ਸਮੇਂ ਸਿਰ ਪੂਰੇ ਕਰਨ ਦੇ ਆਦੇਸ਼ ਦਿੱਤੇ। ਡਿਪਟੀ ਕਮਿਸ਼ਨਰ ਨੇ ਵਿਭਾਗੀ ਪੜਤਾਲਾਂ ਦੇ ਬਕਾਇਆ ਕੇਸਾਂ ਨੂੰ ਜਲਦੀ ਤੋਂ ਜਲਦੀ ਨੇਪਰੇ ਚੜ੍ਹਾਉਣ ਯਕੀਨੀ ਬਣਾਉਣ ਕਿਹਾ। ਉਨ੍ਹਾਂ ਮੀਟਿੰਗ ਵਿੱਚ ਅਧਿਕਾਰੀਆਂ ਨੂੰ ਪਾਰਦਰਸ਼ਿਤਾ, ਸਮਾਂਬੱਧ ਅਤੇ ਜਵਾਬਦੇਹੀ ਨਾਲ ਕੰਮ ਕਰਨ ਦਾ ਸੰਦੇਸ਼ ਦਿੰਦਿਆਂ ਕਿਹਾ ਕਿ ਮਾਲ ਪ੍ਰਣਾਲੀ ਆਮ ਲੋਕਾਂ ਨਾਲ ਜੁੜੀ ਹੁੰਦੀ ਹੈ, ਇਸ ਲਈ ਇਸ ਵਿੱਚ ਕਿਸੇ ਵੀ ਕਿਸਮ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸੁਖਪ੍ਰੀਤ ਸਿੰਘ ਸਿੱਧੂ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਿੰਪੀ ਗਰਗ, ਐਸ.ਡੀ.ਐਮ. ਮਾਲੇਰਕੋਟਲਾ ਗੁਰਮੀਤ ਕੁਮਾਰ ਬਾਂਸਲ, ਜ਼ਿਲ੍ਹਾ ਮਾਲ ਅਫ਼ਸਰ ਮਨਦੀਪ ਕੌਰ, ਤਹਿਸੀਲਦਾਰ ਮਾਲੇਰਕੋਟਲਾ ਰੀਤੂ ਗੁਪਤਾ, ਨਾਇਬ ਤਹਿਸੀਲਦਾਰ ਸੁਖਵਿੰਦਰ ਸਿੰਘ, ਸੁਪਰਡੈਂਟ ਧਰਮ ਸਿੰਘ, ਜ਼ਿਲ੍ਹਾ ਆਈ.ਟੀ ਮੈਨੇਜਰ ਮੋਨਿਕਾ ਸਿੰਗਲਾ, ਏ.ਐਸ.ਐਮ.ਵਿਕਾਸ ਹੰਸ, ਸਦਰ ਕਾਨੂੰਗੋ ਰਣਜੀਤ ਸਿੰਘ ਤੋਂ ਇਲਾਵਾ ਦਫਤਰ ਦੀਆਂ ਵੱਖ- ਵੱਖ ਸ਼ਾਖਾਵਾਂ ਦੇ ਕਰਮਚਾਰੀ ਹਾਜ਼ਰ ਸਨ।

## ਅੱਜ ਵੀ ਜਮ੍ਹਾਂ ਹੋਵੇਗਾ ਪ੍ਰਾਪਰਟੀ ਟੈਕਸ

ਮਲੇਰਕੋਟਲਾ, 30 ਅਗਸਤ (ਚ.ਨ.ਸ.) : ਵਧੀਕ ਡਿਪਟੀ ਕਮਿਸ਼ਨਰ ਸੁਖਪ੍ਰੀਤ ਸਿੰਘ ਸਿੱਧੂ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਸਥਾਨਕ ਸਰਕਾਰਾਂ ਵਿਭਾਗ ਪੰਜਾਬ ਵੱਲੋਂ ਚਲਾਈ ਜਾ ਰਹੀ ਇਕਮੁਸ਼ਤ (ਵਨ ਟਾਈਮ ਸੈਟਲਮੈਂਟ) ਸਕੀਮ ਤਹਿਤ ਸ਼ਹਿਰ ਵਾਸੀਆਂ ਨੂੰ ਪ੍ਰਾਪਰਟੀ ਟੈਕਸ ਜਮ੍ਹਾਂ ਨਾ ਕਰਵਾਉਣ 'ਤੇ ਲੱਗੇ ਜੁਰਮਾਨੇ ਅਤੇ ਵਿਆਜ 'ਤੇ 100 ਫੀਸਦੀ ਛੋਟ ਦਿੱਤੀ ਜਾ ਰਹੀ ਹੈ। ਇਹ ਸਕੀਮ 31 ਅਗਸਤ 2025 ਤੱਕ ਹੀ ਲਾਗੂ ਹੈ ਅਤੇ ਹੁਣ ਸਿਰਫ ਦੋ ਦਿਨ ਬਾਕੀ ਹਨ। ਉਨ੍ਹਾਂ ਅਪੀਲ ਕੀਤੀ ਕਿ ਨਗਰ ਕੌਂਸਲ ਮਾਲੇਰਕੋਟਲਾ, ਅਹਿਮਦਗੜ੍ਹ ਅਤੇ ਨਗਰ ਪੰਚਾਇਤ ਅਮਰਗੜ੍ਹ ਦੇ ਨਿਵਾਸੀ ਆਪਣੇ ਬਕਾਇਆ ਪ੍ਰਾਪਰਟੀ ਟੈਕਸ ਨੂੰ ਇਕਮੁਸ਼ਤ ਜਮ੍ਹਾ ਕਰਵਾ ਕੇ ਇਸ ਸੁਵਿਧਾ ਦਾ ਵੱਧ ਤੋਂ ਵੱਧ ਲਾਭ ਲੈਣ, ਜੋ ਕਿ 31 ਅਗਸਤ (ਐਤਵਾਰ) ਨੂੰ ਵੀ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਕਾਰਜਸ਼ੀਲ ਰਹਿਣਗੇ।

## ਰਾਸ਼ਟਰੀ ਖੇਡ ਦਿਵਸ ਮਨਾਇਆ



ਪਟਿਆਲਾ, 30 ਅਗਸਤ (ਚ.ਨ.ਸ.) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੀ ਸੰਸਥਾ ਮਾਤਾ ਸਾਹਿਬ ਕੌਰ ਖਾਲਸਾ ਗਰਲਜ਼ ਕਾਲਜ ਆਫ ਐਜੂਕੇਸ਼ਨ, ਪਟਿਆਲਾ ਦੇ ਐੱਨ.ਐੱਸ.ਐੱਸ.ਵਿਭਾਗ ਅਤੇ ਸਪੋਰਟਸ ਕਲੱਬ ਵੱਲੋਂ ਰਾਸ਼ਟਰੀ ਖੇਡ ਦਿਵਸ 2025 ਦੇ ਸੰਦਰਭ ਵਿੱਚ How to Stay Fit & Healthy ਵਿਸ਼ੇ ਤੇ ਸੈਮੀਨਾਰ ਦਾ ਆਯੋਜਨ ਕਰਵਾਇਆ ਗਿਆ। ਇਸ ਮੌਕੇ ਕਾਲਜ ਪ੍ਰਿੰਸੀਪਲ, ਡਾ. ਹਰਮੀਤ ਕੌਰ ਆਨੰਦ ਨੇ ਕਿਹਾ ਕਿ ਰਾਸ਼ਟਰੀ ਖੇਡ ਦਿਵਸ ਦੇ ਆਯੋਜਨ ਦਾ ਮੁੱਖ ਮਕਸਦ ਵਿਦਿਆਰਥਣਾਂ ਨੂੰ ਖੇਡਾਂ ਪ੍ਰਤੀ ਜਾਗਰੂਕ ਕਰਨਾ ਹੈ ਤਾਂ ਜੋ ਸਰੀਰ ਨੂੰ ਨਿਰੋਗ ਰੱਖਿਆ ਜਾ ਸਕੇ। ਉਨ੍ਹਾਂ ਨੇ ਕਿਹਾ ਕਿ ਸਾਨੂੰ ਚੰਗੀ ਸਿਹਤ ਲਈ ਸੰਤੁਲਿਤ ਭੋਜਨ ਦਾ ਸੇਵਨ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਆਪਣੇ ਸਰੀਰ ਦੀ ਰੋਗ ਨਿਰੋਧਕ ਸ਼ਕਤੀ ਨੂੰ ਵਧਾਉਣ ਲਈ ਅਤੇ ਬਿਮਾਰੀਆਂ ਤੋਂ ਬਚਣ ਲਈ ਵਿਦਿਆਰਥੀਆਂ ਨੂੰ ਜੰਕ ਫੂਡਜ਼ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਅਤੇ ਰੋਜ਼ਾਨਾ ਕਸਰਤ ਕਰਨੀ ਚਾਹੀਦੀ ਹੈ।ਉਨ੍ਹਾਂ ਨੇ ਬੜੇ ਹੀ ਸਰਲ ਤਰੀਕੇ ਨਾਲ ਵਿਦਿਆਰਥਣਾਂ ਨੂੰ ਤੰਦਰੁਸਤ ਅਤੇ ਸਿਹਤਮੰਦ ਰਹਿਣ ਦੇ ਸੁਝਾਵਾਂ ਬਾਰੇ ਪੀ.ਪੀ.ਟੀ ਰਾਹੀਂ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਪ੍ਰੋਗ੍ਰਾਮ ਦੇ ਅੰਤ ਵਿੱਚ ਪ੍ਰੋ. ਸੁਖਦੀਪ ਕੌਰ ਜੌਹਲ ਨੇ ਕਿਹਾ ਕਿ ਰਾਸ਼ਟਰੀ ਖੇਡ ਦਿਵਸ ਭਾਰਤ ਵਿੱਚ ਹਰ ਸਾਲ 29 ਅਗਸਤ ਨੂੰ ਸਦੀ ਦੇ ਮਹਾਨ ਖਿਡਾਰੀ ਮੇਜਰ ਧਿਆਨ ਚੰਦ ਦੇ ਜਨਮ ਦਿਵਸ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ।

## ਦੂਧਨਸਾਧਾਂ ਇਲਾਕਿਆਂ 'ਚ ਘੱਗਰ ਤੇ ਟਾਂਗਰੀ ਨਦੀਆਂ ਦਾ ਪਾਣੀ ਵਧਣ ਕਾਰਨ ਲੋਕਾਂ ਨੂੰ ਨਦੀਆਂ ਦੇ ਨੇੜੇ ਨਾ ਜਾਣ ਦੀ ਸਲਾਹ

➢ਲੋਕ ਪਾਣੀ ਆਉਣ ਦੀਆਂ ਕਿਸੇ ਕਿਸਮ ਦੀਆਂ ਅਫ਼ਵਾਹਾਂ 'ਤੇ ਯਕੀਨ ਨਾ ਕਰਨ : ਡੀ.ਸੀ.

ਦੇਵੀਗੜ੍ਹ, 30 ਅਗਸਤ (ਗੁਰਜੀਤ ਸਿੰਘ ਢੋਟ) : ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦੂਧਨਸਾਧਾਂ ਇਲਾਕਿਆਂ ਵਿੱਚ ਘੱਗਰ ਤੇ ਟਾਂਗਰੀ ਨਦੀਆਂ 'ਚ ਪਾਣੀ ਦਾ ਪੱਧਰ ਵਧਣ ਕਾਰਨ ਨੇੜਲੇ ਪਿੰਡਾਂ ਦੇ ਲੋਕਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਨਦੀਆਂ ਦੇ ਨੇੜੇ ਨਾ ਜਾਣ ਅਤੇ ਆਪਣੇ ਬੱਚਿਆਂ ਤੇ ਮਵੇਸ਼ੀਆਂ ਨੂੰ ਵੀ ਪਾਣੀ ਦੇ ਵਹਾਅ ਨੇੜੇ ਨਾ ਜਾਣ ਦੇਣ।ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਮਾੜੂ ਵਿਖੇ ਘੱਗਰ ਦੇ ਪਾਣੀ ਨਾਲ ਖੁਰਨ ਵਾਲੇ ਬੰਨ੍ਹ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਘੱਗਰ ਨੇੜੇ ਲੱਗਦੇ ਸਬ ਡਵੀਜ਼ਨ ਦੂਧਨਸਾਧਾਂ ਦੇ ਪਿੰਡ ਭਸਮੜਾ, ਜਲਾਹਖੇੜੀ, ਖੇੜੀ ਰਾਜੂ ਸਿੰਘ ਵਿਖੇ ਵੀ ਘੱਗਰ ਦਾ ਪਾਣੀ ਵਧਿਆ ਹੋਇਆ ਹੈ, ਉੱਥੇ ਵੀ ਲਗਾਤਾਰ ਨਿਗਰਾਨੀ ਰੱਖੀ ਜਾ ਰਹੀ ਹੈ। ਇਸ ਤੋਂ ਇਲਾਵਾ ਟਾਂਗਰੀ ਨਦੀ ਦੇ ਕੰਢੇ ਲੱਗਦੇ ਪਿੰਡਾਂ ਮਹਿਮਦਪੁਰ, ਉਲਟਪੁਰ, ਰੁੜਕੀ, ਦੇਵੀ ਨਗਰ, ਹਰੀਗੜ੍ਹ, ਰੋਹੜ ਜਗੀਰ, ਲੇਹਲ ਜਾਗੀਰ, ਦੂੱਧਨ ਗੁਜਰਾਂ, ਅਦਾਲਤੀਵਾਲਾ, ਮੱਘਰ ਸਾਹਿਬ, ਮੋਹਲਗੜ੍ਹ ਦੇ ਨੀਵੇਂ ਪਾਸੇ, ਖਾਂਸਾ, ਰੱਤਾਖੇੜਾ, ਔਜਾਂ, ਖਤੌਲੀ, ਗਣੇਸ਼ਪੁਰ, ਖਰਾਬਗੜ੍ਹ, ਬੀਬੀਪੁਰ, ਜੋਧਪੁਰ, ਬੁਧਮੋਰ, ਸਾਦਿਕ ਪੁਰ ਬੀੜਾਂ ਦੇ ਵਸਨੀਕਾਂ ਨੂੰ ਸਾਵਧਾਨੀ ਵਰਤਣ ਸਮੇਤ ਦਰਿਆਈ ਖੇਤਰ ਦੇ ਨੇੜੇ ਨਾ ਜਾਣ ਲਈ ਕਿਹਾ ਗਿਆ ਹੈ,ਜਦਕਿ ਪਟਿਆਲਾ ਸਬ ਡਵੀਜ਼ਨ ਦੇ ਪਿੰਡ ਹਡਾਣਾ, ਪੁਰ ਅਤੇ ਸਿਰਕੱਪੜਾ ਵਿਖੇ ਵੀ ਨਜ਼ਰ ਰੱਖੀ ਜਾ ਰਹੀ ਹੈ।ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਦੂਧਨਸਾਧਾਂ ਦੇ ਐਸ ਡੀ ਐਮ ਦੂਧਨਸਾਧਾਂ ਕਿਰਪਾਲਵੀਰ ਸਿੰਘ ਅਤੇ ਪਟਿਆਲਾ ਦੇ ਐਸ ਡੀ ਐਮ ਹਰਜੀਤ ਕੌਰ ਮਾਵੀ ਵੱਲੋਂ ਆਪਣੀਆਂ ਟੀਮਾਂ ਸਮੇਤ ਡਰੇਨੇਜ ਵਿਭਾਗ ਦੇ ਅਧਿਕਾਰੀਆਂ ਨੂੰ ਨਾਲ ਲੈ ਕੇ ਲਗਾਤਾਰ ਘੱਗਰ ਤੇ ਟਾਂਗਰੀ ਨਦੀਆਂ ਵਿੱਚ ਪਾਣੀ ਦੇ ਵਧੇ ਹੋਏ ਪੱਧਰ ਅਤੇ ਵਹਾਅ 'ਤੇ ਨਿਗਰਾਨੀ ਰੱਖੀ ਜਾ ਰਹੀ ਹੈ। ਇਸ ਤੋਂ ਇਲਾਵਾ ਡਰੇਨੇਜ ਵਿਭਾਗ ਦੇ ਨਿਗਰਾਨ ਇੰਜੀਨੀਅਰ ਰਜਿੰਦਰ ਘਈ ਤੇ ਕਾਰਜਕਾਰੀ ਇੰਜੀਨੀਅਰ ਪ੍ਰਥਮ ਗੰਭੀਰ ਵੱਲੋਂ ਨਦੀਆਂ ਦੇ ਕਮਜ਼ੋਰ ਕਿਨਾਰਿਆਂ ਨੂੰ ਮਜ਼ਬੂਤ ਕਰਨ ਸਮੇਤ ਜਿੱਥੇ ਕਿਤੇ ਲੋੜ ਜਾਪ ਰਹੀ ਹੈ, ਉਥੇ ਵੀ ਬੰਨ੍ਹਾਂ 'ਤੇ ਮਿੱਟੀ ਨਾਲ ਭਰੇ ਥੈਲਿਆਂ ਨਾਲ ਕਾਰਜ ਕੀਤੇ ਜਾ ਰਹੇ ਹਨ। ਲੋੜ ਮੁਤਾਬਕ ਜੰਬੋ ਬੈਗ ਤੇ ਹੋਰ ਸਮੱਗਰੀ ਵੀ ਤਿਆਰ ਕੀਤੀ ਗਈ ਹੈ।ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਹੜ੍ਹਾਂ ਬਾਬਤ ਕਿਸੇ ਵੀ ਕਿਸਮ ਦੀ ਕਿਸੇ ਅਫ਼ਵਾਹ 'ਤੇ ਯਕੀਨ ਨਾ ਕਰਨ ਸਗੋਂ ਸਰਕਾਰੀ ਪੱਧਰ 'ਤੇ ਅਧਿਕਾਰਤ ਸਰੋਤਾਂ ਰਾਹੀਂ ਦਿੱਤੀ ਜਾਣ ਵਾਲੀ ਸੂਚਨਾ ਉਪਰ ਹੀ ਧਿਆਨ ਦੇਣ ਜਾਂ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਦੇ ਹੜ੍ਹ ਕੰਟਰੋਲ ਰੂਮ ਨੰਬਰਾਂ 0175-2350550 ਤੇ 2358550 'ਤੇ ਸੰਪਰਕ ਕਰ ਸਕਦੇ ਹਨ।ਡਾ. ਪ੍ਰੀਤੀ ਯਾਦਵ ਨੇ ਹੋਰ ਕਿਹਾ ਕਿ ਪਟਿਆਲਾ ਨਦੀ ਵਿੱਚ ਪਾਣੀ ਆਉਣ ਦਾ ਕੋਈ ਖ਼ਦਸ਼ਾ ਨਹੀਂ ਹੈ, ਇਸ ਲਈ ਪਟਿਆਲਾ ਸ਼ਹਿਰ ਨਿਵਾਸੀਆਂ ਨੂੰ ਅਪੀਲ ਹੈ ਕਿ ਉਹ ਵੱਡੀ ਨਦੀ ਵਿੱਚ ਪਾਣੀ ਬਾਬਤ ਕਿਸੇ ਕਿਸਮ ਦੀ ਕਿਸੇ ਅਫ਼ਵਾਹ ਉਪਰ ਯਕੀਨ ਨਾ ਕਰਨ ਅਤੇ ਨਾ ਹੀ ਘਬਰਾਹਟ ਵਿੱਚ ਆਉਣ, ਕਿਉਂਕਿ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਚੌਕਸ ਹੈ ਅਤੇ ਆਪਣੇ ਨਾਗਰਿਕਾਂ ਦੀ ਹਰ ਤਰ੍ਹਾਂ ਨਾਲ ਜਾਨ ਮਾਲ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਵਚਨਬੱਧ ਹੈ।



## ਬਾਬਾ ਸ੍ਰੀ ਚੰਦ ਜੀ ਦੇ ਜਨਮ ਦਿਨ ਮੌਕੇ ਨਗਰ ਕੀਰਤਨ ਕੱਢਿਆ



ਪਟਿਆਲਾ, 30 ਅਗਸਤ (ਰੁਪਾਣਾ) : ਸਿੱਖ ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸ਼੍ਰੀ ਚੰਦ ਜੀ ਦੇ ਜਨਮ ਦਿਹਾੜੇ ਨੂੰ ਲੈ ਕੇ ਸਥਾਨਕ ਗੁਰਦੁਆਰਾ ਬਾਬਾ ਸ੍ਰੀਚੰਦ ਜੀ ਮਾਈ ਦੀ ਸਰਾਂ ਤੋਂ ਨਗਰ ਕੀਰਤਨ ਆਯੋਜਿਤ ਕੀਤਾ ਗਿਆ। ਇਹ ਨਗਰ ਕੀਰਤਨ ਬਾਬਾ ਕਰਮਜੀਤ ਸਿੰਘ ਬੇਦੀ ਦੀ ਅਗਵਾਈ ਹੇਠ ਕੱਢਿਆ ਗਿਆ। ਨਗਰ ਕੀਰਤਨ ਦਾ ਵਾਰਡ ਨੰਬਰ 41 'ਚ ਅੰਮ੍ਰਿਤਪਾਲ ਸਿੰਘ ਪਾਲੀ ਨੇ ਭਰਵਾਂ ਸਵਾਗਤ ਕੀਤਾ। ਪਾਲੀ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਾਬਾ ਸ੍ਰੀ ਚੰਦ ਜੀ ਦਾ ਜਨਮ ਦਿਹਾੜਾ ਸ਼ਰਧਾ ਭਾਵਨਾ ਦੇ ਨਾਲ ਮਨਾਇਆ ਜਾਵੇਗਾ।

## ਨਸ਼ੇ ਦੇ ਆਦੀ ਵਿਅਕਤੀ ਦਾ ਡੋਪ ਟੈਸਟ ਪਾਜ਼ੀਟਿਵ ਆਇਆ

ਦੇਵੀਗੜ੍ਹ, 30 ਅਗਸਤ (ਗੁਰਜੀਤ ਢੋਟ) : ਥਾਣਾ ਜੁਲਕਾ ਪੁਲਿਸ ਨੇ ਕਥਿਤ ਦੋਸ਼ੀ ਮਨਪ੍ਰੀਤ ਸਿੰਘ ਵਾਸੀ ਪਿੰਡ ਭੰਬੂਆ ਵਿਰੁੱਧ ਧਾਰਾ 27, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਗੁਰਵਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਰੋਹੜ ਜੰਗੀਰ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ ਦੋਸ਼ੀ ਦਾ ਨਸ਼ਾ ਕੀਤਾ ਜਾਪਦਾ ਪਾਇਆ ਗਿਆ, ਜੋ ਡੋਪ ਟੈਸਟ ਕਰਾਉਣ 'ਤੇ ਪਾਜ਼ੀਟਿਵ ਆਇਆ।

## ਬਾਬਾ ਈਸ਼ਰ ਸਿੰਘ ਤੇ ਬਾਬਾ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦਾ ਸਾਲਾਨਾ ਬਰਸੀ ਸਮਾਗਮ ਅੱਜ



ਨਾਭਾ, 30 ਅਗਸਤ (ਗੁਰਚਰਨ ਸਿੰਘ ਚੌਧਰੀਮਾਜਰਾ) : ਨਾਭਾ ਦੇ ਨਜ਼ਦੀਕ ਗੁਰਦੁਆਰਾ ਸਿੱਧਸਰ ਅਲੌਹਰਾਂ ਸਾਹਿਬ ਵਿਖੇ ਸਿੱਖ ਪ੍ਰਚਾਰਕ ਜਥੇਦਾਰ ਬਾਬਾ ਕਸ਼ਮੀਰਾ ਸਿੰਘ ਜੀ ਦੀ ਅਗਵਾਈ ਹੇਠ ਪਰਮ ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਪਰਮ ਸੰਤ ਬਾਬਾ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ 50 ਅਤੇ 35ਵੀਂ ਸਾਲਾਨਾ ਬਰਸੀ ਅੱਜ ਮਨਾਈ ਜਾ ਰਹੀ ਹੈ। ਇਸ ਮੌਕੇ 'ਤੇ ਮੌਜੂਦਾ ਮੁੱਖੀ ਸੰਤ ਬਾਬਾ ਕਸ਼ਮੀਰਾ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 30 ਅਗਸਤ ਤੋਂ ਧਾਰਮਿਕ ਸਮਾਗਮ ਸ਼ੁਰੂ ਹੋ ਗਏ ਸਨ ਅਤੇ ਅੱਜ ਸ਼ਾਮ ਨੂੰ ਸਮਾਪਤ ਹੋਣਗੇ ਜਿਨ੍ਹਾਂ ਦੇ ਵਿੱਚ ਧਾਰਮਿਕ ਦੀਵਾਨ ਸਜਣਗੇ ਅਤੇ ਸਵੇਰੇ 9 ਵਜੇ ਅੰਮ੍ਰਿਤ ਸੰਚਾਰ ਹੋਵੇਗਾ ਅਤੇ ਮੈਡੀਕਲ ਚੈੱਕ ਅੱਪ ਅਤੇ ਖ਼ੂਨਦਾਨ ਕੈਂਪ ਲਗਾਇਆ ਜਾਵੇਗਾ। ਸੰਗਤਾਂ ਦੇ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਇਸ ਮੌਕੇ ਤੇ ਬਾਬਾ ਹਰਦੇਵ ਸਿੰਘ ਹੈਡ ਗ੍ਰੰਥੀ ਬਾਬਾ ਤਰਲੋਚਨ ਪਾਲ ਸਿੰਘ ਲਾਡੀ, ਬਾਬਾ ਬਲਦੇਵ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਹਾਜ਼ਰ ਸਨ।

## ਕਿਸਾਨ ਕੇਵਲ ਸੁੱਕਾ ਝੋਨਾ ਹੀ ਮੰਡੀਆਂ 'ਚ ਲਿਆਉਣ, ਡੀ.ਐਫ.ਐਸ.ਸੀ. ਵੱਲੋਂ ਕਿਸਾਨਾਂ ਨੂੰ ਅਪੀਲ

ਪਟਿਆਲਾ, 30 ਅਗਸਤ (ਚ.ਨ.ਸ.) : ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਰੂਪਪ੍ਰੀਤ ਕੌਰ ਵੱਲੋਂ ਅੱਜ ਅਧਿਕਾਰੀਆਂ ਨਾਲ ਇਕ ਅਹਿਮ ਮੀਟਿੰਗ ਕਰਕੇ ਝੋਨੇ ਦੇ ਆਉਣ ਵਾਲੇ ਖ਼ਰੀਦ ਸੀਜ਼ਨ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ। ਇਸ ਮੀਟਿੰਗ ਦੌਰਾਨ ਉਹਨਾਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਝੋਨੇ ਦੀ ਨਿਰਵਿਘਨ ਅਤੇ ਸੁਚਾਰੂ ਖਰੀਦ ਲਈ ਕੀਤੇ ਜਾ ਰਹੇ ਪ੍ਰਬੰਧਾਂ 'ਤੇ ਵਿਚਾਰ ਚਰਚਾ ਕੀਤੀ। ਉਹਨਾਂ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤਾਂ ਦਾ ਸਾਹਮਣਾ ਨਾ ਕਰਨਾ ਪਵੇ। ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਜਿਣਸ ਦੀ ਸੁਚਾਰੂ ਤੇ ਤੁਰੰਤ ਖ਼ਰੀਦ ਲਈ ਮੰਡੀਆਂ ਵਿੱਚ ਸੁੱਕਾ ਝੋਨਾ ਹੀ ਲੈ ਕੇ ਆਉਣ। ਉਹਨਾਂ ਸੁੱਕਾ ਝੋਨਾ ਲਿਆਉਣ ਦੇ ਫਾਇਦੇ ਦਰਸਾਉਂਦੇ ਹੋਏ ਵਿਸ਼ੇਸ਼ ਤੌਰ 'ਤੇ ਕਿਹਾ ਕਿ ਸੁੱਕਾ ਝੋਨਾ ਮੰਡੀਆਂ ਵਿੱਚ ਲਿਆਉਣ ਨਾਲ ਕਿਸਾਨਾਂ ਦੀ ਫ਼ਸਲ ਦੀ ਖਰੀਦ ਜਲਦੀ ਹੋ ਜਾਂਦੀ ਹੈ ਅਤੇ ਇਸ ਉਪਰੰਤ ਅਦਾਇਗੀ ਵੀ ਤੁਰੰਤ ਹੋ ਜਾਂਦੀ ਹੈ। ਉਹਨਾਂ ਕਿਸਾਨ ਵੀਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸੁੱਕਾ ਝੋਨਾ ਲਿਆਉਣ ਨਾਲ ਮੰਡੀਆਂ ਵਿੱਚ ਝੋਨੇ ਦੀ ਖ਼ਰੀਦ ਅਤੇ ਲਿਫਟਿੰਗ ਨਿਰਵਿਘਨ ਹੁੰਦੀ ਹੈ, ਜਿਸ ਕਾਰਨ ਬਾਕੀ ਰਹਿੰਦੇ ਕਿਸਾਨ ਵੀਰਾਂ ਨੂੰ ਮੰਡੀ ਵਿੱਚ ਜਿਣਸ ਵੇਚਣ ਲਈ ਮੁਸ਼ਕਿਲਾਂ ਦਾ ਸਾਹਮਣਾ ਨਹੀ ਕਰਨਾ ਪੈਂਦਾ। ਡੀ.ਐਫ.ਐਸ.ਸੀ. ਨੇ ਇਹ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਝੋਨੇ ਦੀ ਖ਼ਰੀਦ ਲਈ ਸਾਰੇ ਲੋੜੀਂਦੇ ਪ੍ਰਬੰਧ ਪਹਿਲੇ ਹੀ ਮੁਕੰਮਲ ਕਰ ਲਏ ਗਏ ਹਨ ਅਤੇ ਕਿਸਾਨਾਂ ਦੀ ਜਿਣਸ ਦਾ ਇਕ ਇਕ ਦਾਣਾ ਸਮੇਂ ਸਿਰ ਖ਼ਰੀਦਿਆ ਜਾਵੇਗਾ। ਇਸ ਲਈ ਉਹਨਾਂ ਕਿਸਾਨ ਭਰਾਵਾਂ ਨੂੰ ਬੇਨਤੀ ਕੀਤੀ ਕਿ ਉਹ ਪ੍ਰਸ਼ਾਸਨ ਨਾਲ ਸਹਿਯੋਗ ਕਰਦੇ ਹੋਏ ਕੇਵਲ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਲਿਆਉਣੇ।

## ਖ਼ਾਲਸਾ ਕਾਲਜ ਵਿਖੇ ਨੈਸ਼ਨਲ ਸਪੋਰਟਸ ਡੇ ਮੌਕੇ ਪ੍ਰੋਗਰਾਮ



ਪਟਿਆਲਾ, 30 ਅਗਸਤ (ਰੁਪਾਣਾ) : ਖ਼ਾਲਸਾ ਕਾਲਜ ਪਟਿਆਲਾ ਦੇ ਸਰੀਰਕ ਸਿੱਖਿਆ ਵਿਭਾਗ ਅਤੇ ਐੱਨ.ਐੱਸ.ਐੱਸ. ਵਿੰਗ ਨੇ ਅੱਜ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਨਵੀਂ ਦਿੱਲੀ, ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ, ਪੰਜਾਬ ਸਰਕਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਭਾਰਤ ਸਰਕਾਰ ਵੱਲੋਂ ਜਾਰੀ ਹੋਏ ਨਿਰਦੇਸ਼ਾਂ ਅਨੁਸਾਰ ਅੱਜ ਨੈਸ਼ਨਲ ਸਪੋਰਟਸ ਡੇ ਮੌਕੇ ਇੱਕ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ। ਇਹ ਪ੍ਰੋਗਰਾਮ ਭਾਰਤੀ ਹਾਕੀ ਦੇ ਵਿਸ਼ਵ ਪ੍ਰਸਿੱਧ ਖਿਡਾਰੀ ਮੇਜਰ ਧਿਆਨ ਚੰਦ ਦੇ ਜਨਮ ਦਿਨ ਨੂੰ ਸਮਰਪਿਤ ਸੀ, ਜਿਨ੍ਹਾਂ ਨੂੰ 'ਹਾਕੀ ਦਾ ਜਾਦੂਗਰ' ਵਜੋਂ ਜਾਣਿਆ ਜਾਂਦਾ ਹੈ। ਇਸ ਮੌਕੇ ਕਾਲਜ ਵਿਚ ਵਿਦਿਆਰਥੀਆਂ ਨੂੰ ਖੇਡਾਂ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਗਿਆ ਅਤੇ ਉਨ੍ਹਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੇਡਾਂ ਨਾ ਸਿਰਫ਼ ਸਰੀਰ ਨੂੰ ਮਜ਼ਬੂਤ ਬਣਾਉਂਦੀਆਂ ਹਨ ਬਲਕਿ ਮਨ ਨੂੰ ਵੀ ਤੰਦਰੁਸਤ ਰੱਖਦੀਆਂ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਰੋਜ਼ਾਨਾ ਖੇਡਾਂ ਵਿਚ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ ਅਤੇ ਕਿਹਾ ਕਿ ਅੱਜ ਦੇ ਡਿਜੀਟਲ ਯੁੱਗ ਵਿਚ ਖੇਡਾਂ ਹੀ ਸਾਡੀ ਸਿਹਤ ਦੀ ਰੱਖਿਆ ਕਰ ਸਕਦੀਆਂ ਹਨ। ਡੀਨ ਸਪੋਰਟਸ ਡਾ. ਗੁਰਸ਼ਰਨ ਸਿੰਘ ਗਿੱਲ ਨੇ ਆਪਣੇ ਸੰਬੋਧਨ ਵਿਚ ਮੇਜਰ ਧਿਆਨ ਚੰਦ ਦੇ ਜੀਵਨ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਉਨ੍ਹਾਂ ਨੇ ਦੱਸਿਆ ਕਿ ਮੇਜਰ ਧਿਆਨ ਚੰਦ ਨੇ 1928, 1932 ਅਤੇ 1936 ਦੇ ਓਲੰਪਿਕ ਵਿਚ ਭਾਰਤ ਨੂੰ ਜਿੱਤ ਦਿਵਾਈ ਅਤੇ ਉਨ੍ਹਾਂ ਦੀ ਪ੍ਰੇਰਨਾ ਨੌਜਵਾਨਾਂ ਲਈ ਅੱਜ ਵੀ ਮਿਸਾਲ ਹੈ। ਡਾ. ਗਿੱਲ ਨੇ ਵਿਦਿਆਰਥੀਆਂ ਨੂੰ ਖੇਡਾਂ ਨੂੰ ਆਪਣੀ ਜੀਵਨ ਸ਼ੈਲੀ ਦਾ ਹਿੱਸਾ ਬਣਾਉਣ ਲਈ ਕਿਹਾ ਅਤੇ ਕਾਲਜ ਵੱਲੋਂ ਚੱਲ ਰਹੇ ਵੱਖ-ਵੱਖ ਖੇਡ ਪ੍ਰੋਗਰਾਮਾਂ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ। ਮੰਚ ਦਾ ਸੰਚਾਲਨ ਡਾ. ਦਵਿੰਦਰ ਸਿੰਘ ਨੇ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ, ਜਿਸ ਨੇ ਪ੍ਰੋਗਰਾਮ ਨੂੰ ਹੋਰ ਵੀ ਰੌਚਕ ਬਣਾਇਆ। ਇਸ ਪ੍ਰੋਗਰਾਮ ਵਿਚ ਫਿਜ਼ੀਕਲ ਐਜੂਕੇਸ਼ਨ ਵਿਭਾਗ ਦੇ ਵਿਦਿਆਰਥੀਆਂ ਅਤੇ ਐੱਨ.ਐੱਸ.ਐੱਸ. ਵਲੰਟੀਅਰਾਂ ਨੇ ਵੱਡੀ ਗਿਣਤੀ ਵਿਚ ਹਿੱਸਾ ਲਿਆ। ਇਸ ਮੌਕੇ ਐੱਨ.ਐੱਸ.ਐੱਸ. ਪ੍ਰੋਗਰਾਮ ਅਫਸਰ ਡਾ. ਸਪਨਾ ਅਤੇ ਡਾ. ਜਗਤਾਰ ਸਿੰਘ ਨੇ ਵੀ ਪ੍ਰੋਗਰਾਮ ਵਿਚ ਹਾਜ਼ਰੀ ਭਰੀ ਅਤੇ ਵਿਦਿਆਰਥੀਆਂ ਨੂੰ ਸਮਾਜ ਸੇਵਾ ਨਾਲ ਜੋੜ ਕੇ ਖੇਡਾਂ ਨੂੰ ਪ੍ਰੋਤਸਾਹਿਤ ਕਰਨ ਬਾਰੇ ਗੱਲ ਕੀਤੀ।

## ਵਾਰਿਸ ਪੰਜਾਬ ਜਥੇਬੰਦੀ ਦੇ ਆਗੂ ਤੇ ਐਨ.ਆਰ.ਆਈ. ਭਾਈਚਾਰੇ ਦੇ ਸਹਿਯੋਗ ਨਾਲ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਸਮੱਗਰੀ ਭੇਜੀ



ਪਟਿਆਲਾ, 30 ਅਗਸਤ (ਅਮਰਜੀਤ ਸਿੰਘ) : ਵਾਰਿਸ ਪੰਜਾਬ ਜਥੇਬੰਦੀ ਦੇ ਸੇਵਾਦਾਰ ਭੁਪਿੰਦਰ ਸਿੰਘ ਮਸੀਂਗਣ ਅਤੇ ਐਨਆਰਆਈ ਭਾਈਚਾਰਾ ਦੇ ਸਹਿਯੋਗ ਦੇ ਨਾਲ ਹੜ ਪ੍ਰਭਾਵਿਤ ਇਲਾਕਿਆਂ ਦੇ ਵਿੱਚ ਰਾਹਤ ਸਮੱਗਰੀ ਦੇ ਟਰੱਕ ਅਤੇ ਟਰਾਲੀਆਂ ਰਵਾਨਾ ਕੀਤੀਆਂ ਗਈਆਂ। ਇਹਨਾਂ ਟਰੱਕਾਂ ਵਿੱਚ 5000 ਤੋਂ ਵੱਧ ਰਾਸ਼ਨ ਕਿੱਟਾਂ, ਦਵਾਈਆਂ, ਚਾਰਾ ਅਤੇ ਹੋਰ ਸਮੱਗਰੀ ਸ਼ਾਮਲ ਸੀ। ਇਸ ਮੌਕੇ 'ਤੇ ਭੁਪਿੰਦਰ ਸਿੰਘ ਨੇ ਕਿਹਾ ਹੈ ਕਿ ਇਸ ਚੁਣੌਤੀਪੂਰਨ ਸਮੇਂ ਦੌਰਾਨ ਪਠਾਨਕੋਟ ਦੇ ਆਪਣੇ ਭੈਣਾਂ-ਭਰਾਵਾਂ ਨਾਲ ਇੱਕਜੁੱਟਤਾ ਨਾਲ ਖੜ੍ਹੇ ਹੋਣਾ ਸਾਡੀ ਸਮੂਹਿਕ ਜ਼ਿੰਮੇਵਾਰੀ ਹੈ।ਰਾਸ਼ਨ ਕਿੱਟਾਂ ਹੜ੍ਹਾਂ ਤੋਂ ਪ੍ਰਭਾਵਿਤ ਪਰਿਵਾਰਾਂ ਨੂੰ ਕੁਝ ਸਹਾਇਤਾ ਪ੍ਰਦਾਨ ਕਰਨਗੀਆਂ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਆਮ ਸਥਿਤੀ ਦੀ ਜਲਦੀ ਬਹਾਲੀ ਲਈ ਪ੍ਰਾਰਥਨਾ ਕੀਤੀ ਗੁਰੂ ਸਾਹਿਬ ਦਾ ਜੋ ਸੰਦੇਸ਼ ਹੈ ਕਿ ਲੋੜਵੰਦਾਂ ਦੀ ਮਦਦ ਕਰਨੀ ਅਤੇ ਜੇਕਰ ਕਿਸੇ ਨੂੰ ਕੋਈ ਤਕਲੀਫ ਆ ਜਾਵੇ ਤਾਂ ਉਸਦੇ ਸਹਿਯੋਗੀ ਬਣਨਾ। ਇਹ ਕਾਰਜ ਲਗਾਤਾਰ ਚੱਲ ਰਿਹਾ ਹੈ ਵਾਰਿਸ ਪੰਜਾਬ ਜਥੇਬੰਦੀ ਦੇ ਜੁਝਾਰੂ ਆਗੂ ਜੋ ਕਿ ਲਗਾਤਾਰ ਹਰ ਪ੍ਰਭਾਵਿਤ ਇਲਾਕਿਆਂ ਦੇ ਜਾ ਕੇ ਹਰ ਸੰਭਵ ਮਦਦ ਕਰ ਰਹੇ ਹਨ। ਉਹਨਾਂ ਇਹ ਅਪੀਲ ਕੀਤੀ ਹੈ ਕਿ ਲੋਕ ਵੱਧ ਤੋਂ ਵੱਧ ਸਮਾਨ ਲੈ ਕੇ ਆਉਣ ਤਾਂ ਜੋ ਉੱਥੇ ਵਰਤਾਇਆ ਜਾ ਸਕੇ। ਇਸ ਮੌਕੇ 'ਤੇ ਉਹਨਾਂ ਸਰਬੱਤ ਦੇ ਭਲੇ ਦੀ ਅਰਦਾਸ ਵੀ ਕੀਤੀ, ਤਾਂ ਜੋ ਕਿ ਪੰਜਾਬ ਦੀ ਸਥਿਤੀ ਕੰਟਰੋਲ ਹੋ ਸਕੇ।

ਬੇਲਰ ਯੂਨੀਅਨ ਦੀ ਮੀਟਿੰਗ

## ਜੇਕਰ ਬੇਲਰ ਮਾਲਕਾਂ ਨੂੰ ਸਹੀ ਰੇਟ ਨਾ ਮਿਲਿਆ ਤਾਂ ਲੋਕ ਪਰਾਲੀ ਨੂੰ ਸਾੜਨ ਲਈ ਹੋਣਗੇ ਮਜਬੂਰ : ਹਰਜੀਤ ਲੱਖੋਮਾਜਰਾ



ਭੁਨਰਹੇੜੀ 30 ਅਗਸਤ (ਗੁਰਜੀਤ ਸਿੰਘ ਢੋਟ) : ਬੇਲਰ ਯੂਨੀਅਨ ਦੇ ਬਲਾਕ ਪ੍ਰਧਾਨ ਗੁਰਮੀਤ ਸਿੰਘ ਦੁੜਦ ਦੀ ਸਰਪ੍ਰਸਤੀ ਹੇਠ ਗੁਰਦੁਆਰਾ ਸਾਹਿਬ ਭੁਨਰਹੇੜੀ ਵਿਖੇ ਬੇਲਰ ਯੂਨੀਅਨ ਦੀ ਬਲਾਕ ਪੱਧਰੀ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿੱਚ ਵਿਸ਼ੇਸ਼ ਤੌਰ ਤੇ ਬੇਲਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਲੱਖੋ ਮਾਜਰਾ ਤੇ ਹਰਮਿੰਦਰ ਸਿੰਘ ਜੋਗੀਪੁਰ ਗੁਰਭੇਜ ਸਿੰਘ ਜੋਗੀਪੁਰ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਇਸ ਮੀਟਿੰਗ ਵਿੱਚ ਅਗਾਮੀ ਪਰਾਲੀ ਦੇ ਸੀਜ਼ਨ ਵਿੱਚ ਪੂਰਾ ਰੇਟ ਨਾ ਮਿਲਣ ਤੇ ਆ ਰਹੀਆਂ ਮੁਸਕਲਾਂ ਸਬੰਧੀ ਵਿਸ਼ੇਸ਼ ਚਰਚਾ ਕੀਤੀ ਗਈ।ਇਸ ਮੌਕੇ ਬੇਲਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਲੱਖੋ ਮਾਜਰਾ ਨੇ ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਚੁੱਕਣ ਲਈ ਬੇਲਰ ਮਾਲਕਾਂ ਦਾ 1 ਸੌ 52 ਰੁਪਏ ਪ੍ਰਤੀ ਕੁਇੰਟਲ ਖ਼ਰਚਾ ਆਉਂਦਾ ਹੈ ਅਤੇ ਸਮੂਹ ਯੂਨੀਅਨ ਵੱਲੋਂ 1ਸੌ 98 ਰੁਪਏ ਪ੍ਰਤੀ ਕੁਇੰਟਲ ਸਰਕਾਰ ਅਤੇ ਫੈਕਟਰੀਆਂ ਦੇ ਮਾਲਕਾਂ ਤੋਂ ਮੰਗ ਕਰਦੇ ਹਾਂ ਉਨ੍ਹਾਂ ਕਿਹਾ ਕਿ ਸਾਡੀ ਇਸ ਨਾਲ ਭਰਪਾਈ ਹੋ ਸਕਦੀ ਹੈ। ਪ੍ਰਧਾਨ ਲੱਖੋ ਮਾਜਰਾ ਨੇ ਕਿਹਾ ਕਿ ਜੇਕਰ ਆਉਂਣ ਵਾਲੇ ਸੀਜ਼ਨ ਦੌਰਾਨ ਬੇਲਰ ਮਾਲਕਾਂ ਨੂੰ ਸਹੀ ਰੇਟ ਨਾ ਮਿਲਿਆ ਤਾਂ ਉਹ ਪੂਰੀ ਤਰ੍ਹਾਂ ਆਪਣੇ ਬੇਲਰ ਬੰਦ ਰੱਖਣ ਗੇ ਉਨ੍ਹਾਂ ਕਿਹਾ ਕਿ ਕਿਸਾਨ ਵੀ ਪਰਾਲੀ ਨੂੰ ਅੱਗ ਲਾਉਣ ਲਈ ਜ਼ਬੂਰ ਹੋਣਗੇ ਜਿਸ ਨਾਲ ਵੱਡੇ ਪੱਧਰ ਤੇ ਪ੍ਰਦੂਸ਼ਣ ਫੈਲੇਗਾ ਜੋ ਕਿ ਬਿਮਾਰੀਆਂ ਨੂੰ ਸੱਦਾ ਦਿੰਦਾ ਹੈ ਇਸ ਲਈ ਪ੍ਰਸ਼ਾਸਨੀਕ ਅਧਿਕਾਰੀਆਂ ਨੂੰ ਬੇਨਤੀ ਹੈ ਕਿ ਉਹ ਜਲਦ ਤੋਂ ਜਲਦ ਫੈਕਟਰੀਆਂ ਦੇ ਮਾਲਕਾਂ ਨਾਲ ਮੀਟਿੰਗ ਕਰਕੇ ਸਹੀ ਰੇਟ ਤੈਹ ਕਰਨ ਤਾਂ ਜੋ ਬੇਲਰ ਮਾਲਕਾਂ ਅਤੇ ਕਿਸਾਨ ਭਰਾਵਾਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਲ ਦਰਪੇਸ਼ ਨਾ ਆਵੇ। ਇਸ ਮੌਕੇ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਲੱਖੋ ਮਾਜਰਾ, ਹਰਮਿੰਦਰ ਸਿੰਘ ਜੋਗੀਪੁਰ, ਗੁਰਭੇਜ ਸਿੰਘ ਜੋਗੀਪੁਰ, ਗੁਰਮੀਤ ਸਿੰਘ ਦੁੜਦ ਬਲਾਕ ਪ੍ਰਧਾਨ, ਅਮਨ ਧਰਮੇੜੀ ਸੀਨੀਅਰ ਮੀਤ ਪ੍ਰਧਾਨ, ਪਲਵਿੰਦਰ ਸਿੰਘ ਘੜਾਮ ਮੀਤ ਪ੍ਰਧਾਨ, ਜਰਨਲ ਸਕੱਤਰ ਮਨਜੀਤ ਸਿੰਘ ਬਡਲਾ, ਖਜਾਨਚੀ ਅਮਨਦੀਪ ਸਿੰਘ ਸਵਾਈ ਸਿੰਘ ਵਾਲਾ, ਮੈਂਬਰ ਗੁਰਭੇਜ ਸਿੰਘ ਨੌਗਾਵਾਂ, ਨਿਸ਼ਾਨ ਸਿੰਘ ਠਾਕੁਰਗੜ੍ਹ , ਗੁਰਮੀਤ ਸਿੰਘ ਨੈਣਾਂ ,ਬਲਕਾਰ ਸਿੰਘ ਦੇਵੀਗੜ੍ਹ ਛੰਨਾ, ਗੁਰਸੇਵਕ ਸਿੰਘ ਕਰਹਾਲੀ, ਸੋਹਨ ਸ਼ਰਮਾ ਬਡਲਾ ਮੌਜੂਦ ਸਨ।

## ਪੁਲਿਸ ਵੱਲੋਂ 6 ਗ੍ਰਾਮ ਹੈਰੋਇਨ ਬ੍ਰਾਮਦ

ਪਟਿਆਲਾ, 30 ਅਗਸਤ (ਚੌਧਰੀਮਾਜਰਾ) : ਥਾਣਾ ਸਦਰ ਨਾਭਾ ਪੁਲਿਸ ਨੇ ਕਥਿਤ ਦੋਸ਼ੀ ਰਾਜ ਕੁਮਾਰ ਵਾਸੀ ਪਿੰਡ ਰੋਹਟੀ ਛੰਨਾ ਵਿਰੁੱਧ ਮਾਮਲਾ ਦਰਜ ਕੀਤਾ ਹੈ।ਐਸ.ਆਈ. ਰਾਮ ਕਰਨ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਗੋਲ ਚੌਂਕ ਰੋਹਟੀ ਪੁਲ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਦੋਸ਼ੀ ਰੋਹਟਾ ਸਾਹਿਬ ਨੂੰ ਜਾਂਦੀ ਪਟੜੀ ਪਰ ਚਿੱਟਾ-ਹੈਰੋਇਨ ਵੇਚਣ ਲਈ ਖੜ੍ਹਾ ਹੈ, ਜੋ ਰੇਡ ਕਰਨ 'ਤੇ 6 ਗ੍ਰਾਮ ਚਿੱਟਾ-ਹੈਰੋਇਨ ਬ੍ਰਾਮਦ ਹੋਈ।

## ਰਾਸ਼ਟਰੀ ਖੇਡ ਦਿਵਸ ਮੌਕੇ ਧਿਆਨ ਚੰਦ ਤੇ ਦੂਜੇ ਖਿਡਾਰੀਆਂ ਨੂੰ ਯਾਦ ਕਰਨਾ ਜ਼ਰੂਰੀ : ਮੰਜੂ ਗਰਗ

ਪਟਿਆਲਾ, 30 ਅਗਸਤ (ਚ.ਨ.ਸ.) : ਰਾਸ਼ਟਰੀ ਖੇਡ ਦਿਵਸ ਮੌਕੇ, ਮਹਾਨ ਪ੍ਰਾਪਤੀਆਂ ਕਰਨ ਵਾਲੇ ਖਿਡਾਰੀਆਂ ਅਤੇ ਉਨ੍ਹਾਂ ਦੇ ਕੋਚ ਸਾਹਿਬਾਨਾਂ ਬਾਰੇ ਵਿਦਿਆਰਥੀਆਂ ਨੂੰ ਦਸਣਾਂ ਅਤੇ ਉਨ੍ਹਾਂ ਨੂੰ ਖੇਡਾਂ ਨਾਲ ਜੋੜਨ ਲਈ, ਉਨ੍ਹਾਂ ਦੇ ਦਿਲ, ਦਿਮਾਗ, ਭਾਵਨਾਵਾਂ, ਵਿਚਾਰਾਂ ਅਤੇ ਆਦਤਾਂ ਵਿੱਚ ਆਪਣੇ ਹੁਨਰ ਦਿਖਾਉਣ ਅਤੇ ਜਿੱਤਣ ਦੀ ਖੁਸ਼ੀਆਂ ਅਤੇ ਹਾਰ ਲੈਕੇ ਹੋਰ ਵਧ ਯਤਨ ਕਰਨ ਲਈ ਉਤਸਾਹ, ਜੋਸ਼, ਹਿੰਮਤ ਜ਼ਿੰਦਾਦਿਲੀ, ਆਤਮ ਵਿਸ਼ਵਾਸ ਭਰਨੇ ਜ਼ਰੂਰੀ ਹਨ, ਤਾਂ ਜੋ ਵਿਦਿਆਰਥੀ ਨਸ਼ਿਆਂ, ਅਪਰਾਧਾਂ, ਆਰਾਮ ਪ੍ਰਸਤੀਆਂ, ਅਤੇ ਸੰਵਾਦਾਂ ਬਿਮਾਰੀਆਂ ਤੋਂ ਬਚ ਸਕਣ। ਇਹ ਵਿਚਾਰ ਗ੍ਰੀਨ ਲੈਂਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਦੇ ਪ੍ਰਿੰਸੀਪਲ ਮੰਜੂ ਗਰਗ ਨੇ ਰਾਸ਼ਟਰੀ ਖੇਡ ਦਿਵਸ ਮੌਕੇ ਵੱਖ ਵੱਖ ਪ੍ਰਕਾਰ ਦੀਆਂ ਖੇਡਾਂ ਵਿੱਚ ਜੈਤੂ ਵਿਦਿਆਰਥੀਆਂ ਨੂੰ ਮੈਡਲ ਅਤੇ ਫ਼ਲਦਾਰ ਬੂਟੇ ਪ੍ਰਦਾਨ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਨੇ ਸ਼੍ਰੀ ਕਾਕਾ ਰਾਮ ਵਰਮਾ, ਸੇਵਾ ਮੁਕਤ ਟ੍ਰੇਨਿੰਗ ਸੁਪਰਵਾਈਜ਼ਰ, ਰੈੱਡ ਕਰਾਸ ਸੁਸਾਇਟੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਵਲੋਂ ਸਾਰੇ ਸਕੂਲਾਂ ਦੇ ਵਿਦਿਆਰਥੀਆਂ ਨੂੰ ਆਫ਼ਤ ਪ੍ਰਬੰਧਨ, ਫਸਟ ਏਡ, ਸੀ ਪੀ ਆਰ, ਫਾਇਰ ਸੇਫਟੀ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ। ਕਾਕਾ ਰਾਮ ਵਰਮਾ ਨੇ ਵਿਦਿਆਰਥੀਆਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸ਼ਖ਼ਸੀਅਤਾਂ, ਖਿਡਾਰੀਆਂ ਅਤੇ ਮਿਲਣ ਵਾਲੇ ਦਰੋਣਾਚਾਰੀਆ ਅਰਜਨ ਅਤੇ ਦੂਜੇ ਐਵਾਰਡਾਂ, ਧੰਨ ਰਾਸ਼ੀਆਂ ਅਤੇ ਸਨਮਾਨਾਂ ਬਾਰੇ ਜਾਣਕਾਰੀ ਦਿੱਤੀ ਗਈ।ਕਾਕਾ ਰਾਮ ਵਰਮਾ ਨੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਦੇ ਹੋਏ ਕਿਹਾ ਕਿ ਜ਼ਿੰਦਗੀ ਵਿੱਚ ਖੁਸ਼ੀਆਂ, ਖੁਸ਼ਹਾਲੀ, ਉਨਤੀ, ਸਨਮਾਨ ਪ੍ਰਾਪਤ ਕਰਨ ਲਈ ਅਜਿਹੇ ਮਹਾਨ ਕਾਰਜ ਕਰਦੇ ਰਹੋ, ਜਿਸ ਨਾਲ ਮਾਪਿਆਂ, ਦੇਸ਼ ਅਤੇ ਗੁਰੂ ਅਧਿਆਪਕਾਂ ਦਾ ਸਨਮਾਨ, ਖੁਸ਼ੀਆਂ ਵੱਧਦੇ ਰਹਿਣ। ਪਰ ਮਾਪਿਆਂ ਨੂੰ ਕਦੇ ਵੀ ਉਦਾਸ ਪ੍ਰੇਸ਼ਾਨ ਜਾਂ ਬਦਨਾਮ ਨਾ ਕਰੋ।

## ਨਵਜੋਤ ਸਿੰਘ ਧਾਲੀਵਾਲ ਦਾ ਜ਼ਿਲ੍ਹਾ ਸਪੋਰਟਸ ਅਫਸਰ ਬਣਨ 'ਤੇ ਸਵਾਗਤ



ਪਟਿਆਲਾ, 30 ਅਗਸਤ (ਚ.ਨ.ਸ.) : ਨਵਜੋਤ ਸਿੰਘ ਧਾਲੀਵਾਲ ਨੇ ਪਟਿਆਲਾ ਦੇ ਜ਼ਿਲ੍ਹਾ ਸਪੋਰਟਸ ਅਫਸਰ ਵਜੋਂ ਅਹੁਦਾ ਸੰਭਾਲਿਆ। ਇਸ ਮੌਕੇ ਪਟਿਆਲਾ ਜ਼ਿਲ੍ਹੇ ਦੇ ਸਰੀਰਿਕ ਸਿੱਖਿਆ ਅਧਿਆਪਕਾਂ ਵੱਲੋਂ ਸ੍ਰੀ ਨਵਜੋਤ ਸਿੰਘ ਧਾਲੀਵਾਲ ਦਾ ਪਟਿਆਲਾ ਦੇ ਜ਼ਿਲ੍ਹਾ ਸਪੋਰਟਸ ਅਫਸਰ ਬਣਨ ਤੇ ਨਿੱਘਾ ਸਵਾਗਤ ਕੀਤਾ ਗਿਆ। ਸ੍ਰੀਮਤੀ ਮਮਤਾ ਰਾਣੀ (ਪੀ.ਟੀ.ਆਈ., ਸਰਕਾਰੀ ਮਿਡਲ ਸਕੂਲ ਖੇੜੀ ਗੁੱਜਰਾਂ, ਪਟਿਆਲਾ) ਨੇ ਕਿਹਾ ਕਿ ਨਵਜੋਤ ਸਿੰਘ ਧਾਲੀਵਾਲ ਦੇ ਜ਼ਿਲ੍ਹਾ ਸਪੋਰਟਸ ਅਫਸਰ ਬਣਨ ਨਾਲ ਪਟਿਆਲੇ ਜ਼ਿਲ੍ਹਾ ਵਿੱਚ ਖੇਡਾਂ ਦਾ ਪੱਧਰ ਹੋਰ ਵੀ ਉੱਚਾ ਹੋਵੇਗਾ। ਇਸ ਮੌਕੇ ਹਰੀਸ਼ ਸਿੰਘ ਰਾਵਤ, ਸ਼ਸ਼ੀ ਮਾਨ, ਮਨਪ੍ਰੀਤ ਸਿੰਘ, ਹਰਦੀਪ ਕੌਰ, ਗੁਰਪ੍ਰੀਤ ਸਿੰਘ, ਮੌਂਟੀ ਮੌਜੂਦ ਸਨ।

## ਬਾਰਿਸ਼ ਤੋਂ ਬਾਅਦ ਲਾਰਵੇ ਦੀਆਂ ਸੰਭਾਵਨਾਵਾਂ ਬਾਰੇ ਲੋਕਾਂ ਨੂੰ ਕੀਤਾ ਜਾਗਰੂਕ: ਸਿਵਲ ਸਰਜਨ

➢22 ਥਾਵਾਂ 'ਤੇ ਮਿਲਿਆ ਲਾਰਵਾ, ਚਿਤਾਵਨੀ ਨੋਟਿਸ ਕੀਤੇ ਜਾਰੀ



ਮਲੇਰਕੋਟਲਾ, 30 ਅਗਸਤ (ਚ.ਨ.ਸ.) ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਵੀਰ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਮਾਲੇਰਕੋਟਲਾ ਦਾ ਸਿਹਤ ਪ੍ਰਸ਼ਾਸ਼ਨ ਡੇਂਗੂ ਤੋਂ ਬਚਾਅ ਦੇ ਲਈ ਪੂਰੀ ਤਰ੍ਹਾਂ ਸਰਗਰਮ ਹੈ। ਸਿਵਲ ਸਰਜਨ ਡਾ. ਸੰਜੇ ਗੋਇਲ ਦੀ ਅਗਵਾਈ ਅਤੇ ਜ਼ਿਲ੍ਹਾ ਐਪੀਡੀਮਾਲੋਜਿਸਟ ਡਾ. ਮੁਨੀਰ ਮੁਹੰਮਦ ਦੀ ਨਿਗਰਾਨੀ ਹੇਠ ਚੱਲ ਰਹੇ ਹੇਠ ਐਨ.ਵੀ.ਬੀ.ਡੀ.ਸੀ.ਪੀ ਪ੍ਰੋਗਰਾਮ ਅਧੀਨ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਜਿਲ੍ਹੇ ਭਰ ਵਿੱਚ ਡਰਾਈ ਡੇਅ ਫਰਾਈ ਡੇਅ ਮੁਹਿੰਮ ਤਹਿਤ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ। ਸਿਵਲ ਸਰਜਨ ਡਾ. ਸੰਜੇ ਗੋਇਲ ਨੇ ਦੱਸਿਆ ਕਿ ਸਬ ਸੈਂਟਰ ਪੱਧਰ ਤੇ ਡੇਂਗੂ ਤੋਂ ਬਚਾਅ ਲਈ ਮਲਟੀਪਰਪਜ ਹੈਲਥ ਵਰਕਰਾਂ ਸਮੇਤ ਸਾਰੀਆਂ ਟੀਮਾਂ ਵੱਲੋਂ ਗਤੀਵਿਧੀਆਂ ਤੇਜ ਕਰ ਦਿੱਤੀਆਂ ਗਈਆ ਹਨ। ਉਹਨਾਂ ਦੱਸਿਆ ਕਿ ਬਾਰਿਸ਼ ਤੋਂ ਬਾਅਦ ਲਾਰਵਾ ਪੈਦਾ ਹੋਣ ਦੀਆਂ ਸੰਭਾਵਨਾਵਾਂ ਵੱਧ ਜਾਂਦੀਆਂ ਹਨ ਅਤੇ ਬਾਰਿਸ਼ ਵਿੱਚ ਡੇਂਗੂ ਦੇ ਕੇਸ ਵਧਣ ਦੇ ਅਸਾਰ ਜਿਆਦਾ ਹੋ ਜਾਂਦੇ ਹਨ, ਇਸ ਲਈ ਸਮੂਹ ਸਿਹਤ ਕਾਮਿਆਂ ਵੱਲੋਂ ਡੇਂਗੂ ਤੋਂ ਬਚਾਅ ਲਈ ਕੰਮ ਹੋਰ ਤੇਜ ਕੀਤਾ ਗਿਆ ਹੈ।ਉਹਨਾਂ ਕਿਹਾ ਕਿ ਘਰਾਂ, ਦਫਤਰਾਂ ਵਿੱਚ ਕਿਸੇ ਵੀ ਥਾਂ ਵਾਧੂ ਪਾਣੀ ਨਾ ਖੜਨ ਦਿੱਤਾ ਜਾਵੇ ਅਤੇ ਮੱਛਰ ਤੇ ਕੱਟਣ ਤੋਂ ਬਚਾਅ ਕੀਤਾ ਜਾਵੇ। ਲੋਕ ਡੇਂਗੂ ਤੋਂ ਬਚਾਅ ਲਈ ਸਿਹਤ ਕਰਮਚਾਰੀਆਂ ਵੱਲੋਂ ਦੱਸੀਆਂ ਜਾਂਦੀਆਂ ਸਾਵਧਾਨੀਆਂ ਤੇ ਅਮਲ ਕਰਨ ਤਾਂ ਜੋ ਜਿਲ੍ਹੇ ਵਿੱਚ ਪੂਰੀ ਤਰ੍ਹਾਂ ਡੇਂਗੂ ਤੋਂ ਬਚਾਅ ਕੀਤਾ ਜਾ ਸਕੇ। ਉਹਨਾਂ ਦੱਸਿਆ ਕਿ ਅੱਜ ਟੀਮਾਂ ਵੱਲੋਂ 3938 ਥਾਵਾਂ ਤੇ ਨਿਰੀਖਣ ਕੀਤਾ ਅਤੇ ਇਸ ਮੌਕੇ 7261 ਕੰਟੇਨਰ ਚੈੱਕ ਕੀਤੇ ਗਏ ਜਿਹਨਾਂ ਵਿੱਚੋਂ 22 ਥਾਵਾਂ ਤੇ ਲਾਰਵਾ ਮਿਲਿਆ ਅਤੇ 22 ਚਿਤਾਵਨੀ ਨੋਟਿਸ ਜਾਰੀ ਕੀਤੇ ਗਏ ਹਨ।ਇਸ ਮੌਕੇ ਜਿਲ੍ਹਾ ਸਿਹਤ ਅਫ਼ਸਰ ਡਾ.ਪੁਨੀਤ ਸਿੱਧੂ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਰਿਸ਼ਮਾ ਭੌਰਾ, ਜਿਲ੍ਹਾ ਐਪੀਡੀਮਾਲੋਜਿਸਟ ਡਾ. ਮੁਨੀਰ ਮੁਹੰਮਦ, ਮਾਸ ਮੀਡੀਆ ਵਿੰਗ ਤੋਂ ਰਣਵੀਰ ਢੰਡੇ, ਐਨ.ਵੀ.ਬੀ.ਡੀ.ਸੀ.ਪੀ ਵਿੰਗ ਤੋਂ ਮੁਹੰਮਦ ਰਾਸ਼ਿਦ, ਰਾਜੇਸ਼ ਰਿਖੀ, ਵਿਕਰਮ ਸਿੰਘ, ਮੁਹੰਮਦ ਨਜ਼ੀਰ, ਸੁਖਵਿੰਦਰ ਸਿੰਘ, ਮੁਹੰਮਦ ਹਲੀਮ ਤੋਂ ਇਲਾਵਾ ਹੋਰ ਸਿਹਤ ਕਰਮਚਾਰੀ ਹਾਜ਼ਰ ਸਨ।

## ਅੱਤਵਾਦ ਪੀੜਤਾਂ ਦੇ ਬੱਚਿਆਂ ਲਈ ਮੈਡੀਕਲ ਕਾਲਜਾਂ 'ਚ ਸੀਟਾਂ ਲਈ ਆਖਰੀ ਮਿਤੀ ਅੱਜ

ਪਟਿਆਲਾ, 30 ਅਗਸਤ (ਚ.ਨ.ਸ.) : ਵਧੀਕ ਡਿਪਟੀ ਕਮਿਸ਼ਨਰ ਸਿਮਰਪ੍ਰੀਤ ਕੌਰ ਨੇ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਦੀਆਂ ਹਦਾਇਤਾਂ ਤੇ ਮੱਦੇ ਨਜ਼ਰ ਦੱਸਿਆ ਹੈ ਕਿ ਗ੍ਰਹਿ ਮੰਤਰਾਲੇ ਵੱਲੋਂ ਅਕਾਦਮਿਕ ਸਾਲ 2025-26 ਦੌਰਾਨ ਕੇਂਦਰੀ ਪੂਲ ਤੋਂ ਮੈਡੀਕਲ ਕਾਲਜਾਂ ਵਿੱਚ ਐਮਬੀਬੀਐਸ ਦੀਆਂ ਨਿਰਧਾਰਤ ਸੀਟਾਂ ਸਾਰੇ ਰਾਜਾਂ ਦੇ ਅੱਤਵਾਦ ਪ੍ਰਭਾਵਿਤ ਆਮ ਨਾਗਰਿਕਾਂ ਦੀ ਸ਼੍ਰੇਣੀ ਵਿੱਚੋਂ ਭਰੀਆਂ ਜਾਣੀਆਂ ਹਨ। ਇਸ ਤਹਿਤ ਅੱਤਵਾਦ ਤੋਂ ਪ੍ਰਭਾਵਿਤ ਪਰਿਵਾਰਾਂ ਦੇ ਬੱਚੇ ਜੋ ਐਮਬੀਬੀਐਸ ਲਈ ਲੋੜੀਂਦੀਆਂ ਯੋਗਤਾਵਾਂ ਰੱਖਦੇ ਹਨ ਉਹ ਅਪਲਾਈ ਕਰ ਸਕਦੇ ਹਨ। ਇਸ ਲਈ ਯੋਗ ਉਮੀਦਵਾਰ 31 ਅਗਸਤ ਤੱਕ ਆਪਣੀ ਅਰਜੀ ਸ੍ਰੀ ਰਾਜੀਵ ਕੁਮਾਰ, ਅਧੀਨ ਸਕੱਤਰ, ਭਾਰਤ ਸਰਕਾਰ (ਸੀ.ਟੀ-99), ਕਮਰਾ ਨੰਬਰ 81, ਸੀ.ਟੀ.ਸੀ.ਆਰ ਡਵੀਜ਼ਨ, ਨਾਰਥ ਬਲਾਕ, ਨਵੀਂ ਦਿੱਲੀ-110001 ਨੂੰ ਦੇ ਸਕਦੇ ਹਨ।

ਖ਼ਾਲਸਾ ਪ੍ਰਚਾਰ ਮਿਸ਼ਨ ਪਟਿਆਲਾ ਵੱਲੋਂ ਚੌਥਾ ਮਹਾਨ
21 ਰੋਜ਼ਾ ਗੁਰੂ ਮਾਨਿਓ ਗ੍ਰੰਥ ਚੇਤਨਾ ਸਮਾਗਮ
31 ਅਗਸਤ 2025 ਦਿਨ ਐਤਵਾਰ
ਗੁਰਦੁਆਰਾ ਸਾਹਿਬ ਪ੍ਰੀਤ ਨਗਰ,
ਤ੍ਰਿਪੜੀ ਟਾਊਨ, ਪਟਿਆਲਾ
ਵਿਖੇ ਸ਼ਾਮ 7 ਤੋਂ 9 ਵਜੇ ਤੱਕ ਹੋਵੇਗਾ।